PANJAB TIMES

# ਪੰਜਾਬ ਟਾਈਮਜ਼

£2

ਪੰਜਾਬੀਆਂ ਦੇ ਹੱਕਾਂ ਦਾ ਪਹਿਰੇਦਾਰ

7th - 15th March 2024 • Issue No. 3020

Europe's Leading Panjabi Weekly Since 1965

Panjab Times, Bridle Gate Lane, Derby, DE24 0QW (UK) • Tel: 01332 372851 or 07966 388388 • www.panjabtimes.uk • Email: panjabtimes@aol.com

IMMIGRATION ADVICE BUREAU
SPECIALISTS ESTD 1989
FOR FREE INITIAL ADVICE
Contact:
S.S.RAI
ਇਮੀਗ੍ਰੇਸ਼ਨ ਸਬੰਧੀ ਸਲਾਹ ਲਈ ਅੱਜ ਹੀ ਸੁਖਜਿੰਦਰ ਸਿੰਘ ਰਾਏ ਨੂੰ ਫੋਨ ਕਰੋ!



Tel: 020 8571 6680
India:+91-181 5086389

## ਸੁਖਦੇਵ ਸਿੰਘ ਢੀਂਡਸਾ ਨੇ ਕੀਤੀ ਸ਼੍ਰੋਮਣੀ ਅਕਾਲੀ ਦਲ ਵਿਚ ਘਰ ਵਾਪਸੀ

ਪੰਜਾਬ ਵਿਚ ਸੁਖਦੇਵ ਸਿੰਘ ਢੀਂਡਸਾ ਦੀ ਅਗਵਾਈ ਵਾਲੀ ਸ਼੍ਰੋਮਣੀ ਅਕਾਲੀ ਦਲ (ਸੰਯੁਕਤ) ਤੇ ਸ਼੍ਰੋਮਣੀ ਅਕਾਲੀ ਦਲ ਦਾ ਅੱਜ ਰਲੇਵਾਂ ਹੋ ਗਿਆ ਹੈ। ਸੁਖਦੇਵ ਸਿੰਘ ਢੀਂਡਸਾ ਚੰਡੀਗੜ੍ਹ ਸਥਿਤ ਰਿਹਾਇਸ਼ 'ਤੇ ਸ਼੍ਰੋਮਣੀ ਅਕਾਲੀ ਦਲ ਪ੍ਰਧਾਨ ਸੁਖਬੀਰ ਬਾਦਲ ਨਾਲ ਪ੍ਰੈੱਸ ਕਾਨਫਰੰਸ ਕਰ ਰਹੇ ਹਨ।



ਇਸ ਮੌਕੇ ਬੋਲਦਿਆਂ ਸ. ਬਾਦਲ ਨੇ ਕਿਹਾ ਕਿ ਅੱਜ ਦਾ ਦਿਨ ਬਹੁਤ ਹੀ ਇਤਿਹਾਸਕ ਦਿਨ ਹੈ। ਉਨ੍ਹਾਂ ਕਿਹਾ ਕਿ ਅਕਾਲੀ ਦਲ 103 ਸਾਲ ਪੁਰਾਣੀ ਪਾਰਟੀ ਹੈ। ਇਕੱਲੀ ਖਾਲਸਾ ਪੰਥ ਦੀ ਆਵਾਜ਼ ਨਹੀਂ ਸਮੁੱਚੀ ਪੰਜਾਬੀਆਂ ਦੀ ਆਵਾਜ਼ ਹੈ। ਅਕਾਲੀ ਦਲ ਹੀ ਅਜਿਹੀ ਪਾਰਟੀ ਹੈ ਜਿਹੜੇ ਸੂਬੇ ਵਿਚ ਲੜਾਈ ਲੜਦੀ ਹੈ ਆਪਣੇ ਖੇਤਰ ਦੀ ਲੜਾਈ ਲੜਦੀ ਹੈ। ਉਨ੍ਹਾਂ ਕਿਹਾ ਕਿ ਸ. ਪ੍ਰਕਾਸ਼ ਸਿੰਘ ਬਾਦਲ ਨੇ 70 ਸਾਲ ਅਕਾਲੀ ਦਲ ਦੀ ਸੇਵਾ ਕੀਤੀ। ਉਸ ਸਮੇਂ ਸ. ਸੁਖਦੇਵ ਸਿੰਘ ਢੀਂਡਸਾ ਅਕਾਲੀ ਦਲ ਪਾਰਟੀ ਦਾ ਮੁੱਖ ਹਿੱਸਾ ਰਹੇ ਹਨ ਪਰ ਫਿਰ ਕੁਝ ਕਾਰਨਾਂ ਕਰਕੇ ਦੋਵਾਂ ਪਾਰਟੀਆਂ ਵਿਚ ਮਤਭੇਦ ਹੋ ਗਏ ਪਰ ਹੁਣ ਅੱਜ ਫਿਰ ਤੋਂ ਜਦੋਂ ਸ. ਢੀਂਡਸਾ ਜੀ ਅਕਾਲੀ ਦਲ ਵਿਚ ਸ਼ਾਮਲ ਹੋਏ ਹਨ ਤਾਂ ਹਰ ਇਕ ਦੇ ਚਿਹਰੇ 'ਤੇ ਖੁਸ਼ੀ ਹੈ।

## ਮੁੱਖ ਮੰਤਰੀ ਭਗਵੰਤ ਮਾਨ ਕੇਂਦਰ ਸਰਕਾਰ ਦੀ ਕਠਪੁਤਲੀ: ਸਿੱਧੂ

ਪੰਜਾਬ ਕਾਂਗਰਸ ਦੇ ਸਾਬਕਾ ਪ੍ਰਧਾਨ ਨਵਜੋਤ ਸਿੱਧੂ ਨੇ ਇਕ ਪ੍ਰੈੱਸ ਕਾਨਫਰੰਸ ਦੌਰਾਨ ਮੁੱਖ ਮੰਤਰੀ ਭਗਵੰਤ ਮਾਨ 'ਤੇ ਕੇਂਦਰ ਸਰਕਾਰ ਦੀ ਕਠਪੁਤਲੀ ਬਣਨ ਦੇ ਦੋਸ਼ ਲਗਾਏ ਹਨ। ਇਸ ਦੌਰਾਨ ਪੰਜਾਬ ਦੀ ਵਿੱਤੀ ਹਾਲਤ ਬਾਰੇ ਨਵਜੋਤ ਸਿੱਧੂ ਨੇ ਕਿਹਾ ਕਿ ਜੇਕਰ ਕਰਜ਼ਾ ਲੈਣ ਦੀ ਰਫ਼ਤਾਰ ਇਸੇ ਤਰ੍ਹਾਂ ਜਾਰੀ ਰਹੀ ਤਾਂ ਪੰਜਾਬ ਆਉਂਦੇ ਸਾਲਾਂ ਵਿੱਚ ਦੀਵਾਲੀਆ ਹੋ ਜਾਵੇਗਾ। ਇਸ ਦੌਰਾਨ ਕਾਂਗਰਸੀ ਆਗੂ ਨੇ ਆਪਣਾ ਦੁੱਖ ਵੀ ਜ਼ਾਹਿਰ ਕੀਤਾ ਕਿ ਅਜੇ ਤੱਕ ਉਨ੍ਹਾਂ ਕੋਲ ਪ੍ਰਸ਼ਾਸਨਿਕ ਤਾਕਤ ਨਹੀਂ ਆਈ ਹੈ ਇਸੇ ਕਰਕੇ ਉਹ ਨੀਤੀਆਂ ਬਾਰੇ ਸੋਚ ਸਕਦੇ ਹਨ ਪਰ ਨੀਤੀਆਂ ਲਾਗੂ ਨਹੀਂ ਕਰ ਸਕਦੇ। ਸਿੱਧੂ ਨੇ ਕਿਹਾ ਕਿ ਪੰਜਾਬ ਵਿੱਚ ਆ ਕੇ ਕਿਸਾਨਾਂ 'ਤੇ ਗੋਲੀਆਂ ਚਲਾਉਣ ਵਾਲੇ ਹਰਿਆਣਾ ਦੇ ਸੁਰੱਖਿਆ ਬਲਾਂ ਜਾਂ



ਫਿਰ ਹਰਿਆਣਾ ਦੇ ਗ੍ਰਹਿ ਮੰਤਰੀ ਖ਼ਿਲਾਫ਼ ਅਜੇ ਤੱਕ ਮੁੱਖ ਮੰਤਰੀ ਭਗਵੰਤ ਮਾਨ ਵੱਲੋਂ ਕੇਸ ਤੱਕ ਦਰਜ ਨਹੀਂ ਕੀਤਾ ਗਿਆ ਹੈ। ਸ੍ਰੀ ਸਿੱਧੂ ਨੇ ਕਿਹਾ ਕਿ ਪੰਜਾਬ ਸਰਕਾਰ ਨੇ ਦੋ ਸਾਲਾਂ ਵਿੱਚ 67 ਹਜ਼ਾਰ ਕਰੋੜ ਰੁਪਏ ਦਾ ਕਰਜ਼ਾ ਲਿਆ ਹੈ। ਜੇਕਰ ਕਰਜ਼ਾ ਲੈਣ ਦੀ ਚਾਲ ਇਸੇ ਤਰ੍ਹਾਂ ਚੱਲਦੀ ਰਹੀ ਤਾਂ ਅਗਲੇ ਤਿੰਨ ਸਾਲਾਂ ਵਿੱਚ ਪੰਜਾਬ 1.07 ਲੱਖ ਕਰੋੜ ਦਾ ਕਰਜ਼ਈ ਹੋ ਜਾਵੇਗਾ ਤੇ ਫਿਰ ਪੰਜਾਬ ਨੂੰ ਦੀਵਾਲੀਆ ਹੋਣ ਤੋਂ ਕੋਈ ਨਹੀਂ ਬਚਾਅ ਸਕਦਾ। ਉਨ੍ਹਾਂ ਕਿਹਾ ਕਿ ਇਸ ਵੇਲੇ 26 ਹਜ਼ਾਰ ਕਰੋੜ ਕਮਾਈ ਤੋਂ ਵੱਧ ਖ਼ਰਚੇ ਹਨ। ਕਰਐ ਦਾ ਪੰਜਾਬ ਸਰਕਾਰ ਕੁੱਲ ਆਮਦਨ 'ਚੋਂ 37 ਹਜ਼ਾਰ ਕਰੋੜ ਰੁਪਏ ਸਾਲਾਨਾ ਵਿਆਜ ਭਰ ਰਹੀ ਹੈ। ਕੁੱਲ ਖਰਚਿਆਂ ਵਿੱਚ 77 ਫ਼ੀਸਦੀ ਤਨਖਾਹਾਂ ਅਤੇ ਪੈਨਸ਼ਨਾਂ 'ਤੇ ਖ਼ਰਚ ਹੋ ਰਿਹਾ ਹੈ।

## ਤਿੰਨ ਹਫ਼ਤਿਆਂ ਬਾਅਦ ਅੰਬਾਲਾ-ਚੰਡੀਗੜ੍ਹ ਕੌਮੀ ਮਾਰਚ ਆਵਾਜਾਈ ਲਈ ਖੋਲ੍ਹਿਆ

ਦਿੱਲੀ ਵੱਲ ਮਾਰਚ ਕਰਨ ਵਾਲੇ ਪੰਜਾਬ ਦੇ ਪ੍ਰਦਰਸ਼ਨਕਾਰੀ ਕਿਸਾਨਾਂ ਦੇ ਦਾਖਲੇ ਨੂੰ ਰੋਕਣ ਲਈ ਤਿੰਨ ਹਫ਼ਤਿਆਂ ਤੋਂ ਬੰਦ ਅੰਬਾਲਾ-ਚੰਡੀਗੜ੍ਹ ਕੌਮੀ ਮਾਰਗ ਨੂੰ ਅਧਿਕਾਰੀਆਂ ਨੇ ਮੁੜ ਖੋਲ੍ਹ ਦਿੱਤਾ ਹੈ। ਹਾਲਾਂਕਿ ਅੰਬਾਲਾ ਨੇੜੇ ਸ਼ੰਭੂ ਵਿੱਚ ਹਰਿਆਣਾ-ਪੰਜਾਬ ਸਰਹੱਦ 'ਤੇ ਬੈਰੀਕੇਡ ਜਾਰੀ ਹੈ। ਅਧਿਕਾਰੀਆਂ ਨੇ ਦੱਸਿਆ ਕਿ ਅੰਬਾਲਾ ਪ੍ਰਸ਼ਾਸਨ ਨੇ ਸੋਮਵਾਰ ਦੇਰ ਰਾਤ ਸਾਦੋਪੁਰ ਨੇੜੇ ਅੰਬਾਲਾ-ਚੰਡੀਗੜ੍ਹ ਹਾਈਵੇਅ ਦੀ ਸਿੰਗਲ ਲੇਨ ਖੋਲ੍ਹ ਦਿੱਤੀ, ਜਿਸ ਨਾਲ ਆਵਾਜਾਈ ਨੂੰ ਚਾਲੂ ਕਰਨ ਲਈ ਬੈਰੀਕੇਡਾਂ ਨੂੰ ਹਟਾ ਦਿੱਤਾ ਗਿਆ। ਇਸ ਤੋਂ ਪਹਿਲਾਂ ਮੁਸਾਫਰਾਂ ਨੂੰ ਆਪਣੀ ਮੰਜ਼ਿਲ 'ਤੇ ਪਹੁੰਚਣ ਲਈ ਕਈ ਚੱਕਰ ਕੱਟਣੇ ਪੈਂਦੇ ਸਨ।




ਪ੍ਰਦਰਸ਼ਨਕਾਰੀ ਕਿਸਾਨਾਂ ਨੇ ਉਨ੍ਹਾਂ ਦੇ 'ਦਿੱਲੀ ਚਲੋ' ਮਾਰਚ ਨੂੰ ਸੁਰੱਖਿਆ ਕਰਮਚਾਰੀਆਂ ਦੁਆਰਾ ਰੋਕੇ ਜਾਣ ਤੋਂ ਬਾਅਦ ਸ਼ੰਭੂ ਅਤੇ ਖਨੌਰੀ ਸਰਹੱਦੀ ਪੁਆਇੰਟਾਂ 'ਤੇ ਡੇਰੇ ਲਾਏ ਹੋਏ ਹਨ।


## ਕਾਂਗਰਸੀ ਸਾਂਸਦ ਰਵਨੀਤ ਸਿੰਘ ਬਿੱਟੂ ਨੂੰ ਭੇਜਿਆ ਜੇਲ੍ਹ

ਲੁਧਿਆਣਾ : ਕਾਂਗਰਸੀ ਸੰਸਦ ਮੈਂਬਰ ਰਵਨੀਤ ਸਿੰਘ ਬਿੱਟੂ ਨੂੰ 14 ਦਿਨਾਂ ਲਈ ਜੇਲ੍ਹ ਭੇਜ ਦਿੱਤਾ ਗਿਆ ਹੈ। ਉਨ੍ਹਾਂ ਦੇ ਨਾਲ ਸਾਬਕਾ ਮੰਤਰੀ ਭਾਰਤ ਭੂਸ਼ਣ ਆਸ਼ੂ, ਸਾਬਕਾ ਸੀਨੀਅਰ ਡਿਪਟੀ ਮੇਅਰ ਸ਼ਿਆਮ ਸੁੰਦਰ ਮਲਹੋਤਰਾ, ਜ਼ਿਲ੍ਹਾ ਕਾਂਗਰਸ ਪ੍ਰਧਾਨ ਸੰਜੇ ਤਲਵਾਰ ਨੂੰ ਵੀ ਨਿਆਂਇਕ ਹਿਰਾਸਤ ਵਿੱਚ ਭੇਜ ਦਿੱਤਾ ਗਿਆ ਹੈ।ਇਨ੍ਹਾਂ ਆਗੂਆਂ ਨੇ ਕੁਝ ਦਿਨ ਪਹਿਲਾਂ ਨਗਰ ਨਿਗਮ ਦਫ਼ਤਰ ਨੂੰ ਤਾਲਾ ਲਾ ਦਿੱਤਾ ਸੀ। ਇਸ 'ਤੇ ਫੋਲਿਚਏ ਨੇ ਉਸ ਖਿਲਾਫ ਐੱਫ.ਆਈ.ਆਰ. ਇਸ ਤੋਂ ਬਾਅਦ ਆਗੂਆਂ ਨੇ ਇਸ ਮਾਮਲੇ ਵਿੱਚ ਗ੍ਰਿਫ਼ਤਾਰੀ ਦਾ ਐਲਾਨ ਕੀਤਾ ਸੀ



## ਅੰਬਾਨੀ ਦੇ ਬੇਟੇ ਦੇ ਵਿਆਹ ਫੰਕਸ਼ਨ ਮੌਕੇ ਭਾਰਤ ਨੇ ਜਾਮਨਗਰ ਏਅਰਪੋਰਟ ਨੂੰ 10 ਦਿਨਾਂ ਲਈ ਅੰਤਰਾਸ਼ਟਰੀ ਏਅਰਪੋਰਟ ਐਲਾਨਿਆ

ਜਾਮਨਗਰ ਹਵਾਈ ਅੱਡੇ ਨੂੰ 10 ਦਿਨਾਂ ਲਈ ਅੰਤਰਰਾਸ਼ਟਰੀ ਹਵਾਈ ਅੱਡਾ ਘੋਸ਼ਿਤ ਕੀਤਾ ਗਿਆ ਹੈ ਤਾਂ ਜੋ ਇਹ ਬਿਲ ਗੇਟਸ, ਮਾਰਕ ਜ਼ਕਰਬਰਗ, ਰਿਹਾਨਾ, ਇਵਾਂਕਾ ਟਰੰਪ ਅਤੇ ਕਈ ਸਾਬਕਾ ਪ੍ਰਧਾਨ ਮੰਤਰੀਆਂ ਦਾ ਸਵਾਗਤ ਕਰ ਸਕੇ। ਦਰਅਸਲ ਅੰਬਾਨੀ ਪਰਿਵਾਰ ਦੇ ਅਨੰਤ ਅੰਬਾਨੀ ਅਤੇ ਰਾਧਿਕਾ ਮਰਚੈਂਟ ਦੇ ਵਿਆਹ ਦੀ ਪਾਰਟੀ ਸ਼ੁੱਕਰਵਾਰ ਨੂੰ ਇੱਥੇ ਸ਼ੁਰੂ ਹੋ ਗਈ ਹੈ। ਇਹ ਛੋਟ ਇੱਥੋਂ ਦੇ ਡਿਫੈਂਸ ਏਅਰਪੋਰਟ ਨੂੰ ਹਾਈ ਪ੍ਰੋਫਾਈਲ ਮਹਿਮਾਨਾਂ ਨੂੰ ਜਾਮਨਗਰ ਵਿੱਚ ਉਤਾਰਨ ਲਈ ਦਿੱਤੀ ਗਈ ਹੈ। 'ਦਿ ਹਿੰਦੂ' ਅਖ਼ਬਾਰ ਦੀ ਰਿਪੋਰਟ ਦੇ ਮੁਤਾਬਕ, ਇਕ ਅਧਿਕਾਰੀ ਨੇ ਕਿਹਾ, ਜਾਮਨਗਰ ਹਵਾਈ ਅੱਡੇ ਨੂੰ 25 ਫਰਵਰੀ ਤੋਂ ਅੰਤਰਰਾਸ਼ਟਰੀ ਐਲਾਨ ਕੀਤਾ ਗਿਆ ਹੈ ਅਤੇ ਅੰਤਰਰਾਸ਼ਟਰੀ ਉਡਾਣਾਂ 5 ਮਾਰਚ ਤੱਕ ਇੱਥੇ ਉਤਰ ਸਕਦੀਆਂ ਹਨ।



# ਸਿਆਸਤ ਵਿਚ ਆਵੇਗੀ ਕੰਗਨਾ ਰਣੌਤ



ਮੁੰਬਈ-ਬਾਲੀਵੁੱਡ ਅਦਾਕਾਰਾ ਕੰਗਨਾ ਰਣੌਤ ਦੇ ਰਾਜਨੀਤੀ 'ਚ ਆਉਣ ਦੀਆਂ ਕਿਆਸ ਅਰਾਈਆਂ ਲਾਈਆਂ ਜਾਂਦੀਆਂ ਰਹੀਆਂ ਹਨ ਪਰ ਅਦਾਕਾਰਾ ਨੇ ਹਮੇਸ਼ਾ ਅਜਿਹਾ ਕਰਨ ਤੋਂ ਇਨਕਾਰ ਕੀਤਾ ਹੈ ਪਰ ਹੁਣ ਕੰਗਨਾ ਨੇ ਇਕ ਇੰਟਰਵਿਊ 'ਚ ਕਿਹਾ ਹੈ ਕਿ ਰਾਜਨੀਤੀ ਵਿਚ ਆਉਣ ਦਾ ਇਹ ਸਹੀ ਸਮਾਂ ਹੈ। ਟੀਵੀ 9 ਭਾਰਤਵਰਸ਼ ਨੂੰ ਦਿੱਤੇ ਇੰਟਰਵਿਊ ਵਿਚ ਕੰਗਨਾ ਨੇ ਕਿਹਾ, "ਮੈਂ ਕਈ ਫ਼ਿਲਮਾਂ ਦੇ ਸੈੱਟ ਲਈ ਸਿਆਸੀ ਪਾਰਟੀਆਂ ਨਾਲ ਲੜ ਚੁੱਕੀ ਹਾਂ। ਇਹ ਮੈਨੂੰ ਦੂਰ ਨਹੀਂ ਰੱਖਦਾ, ਇਹ ਮੈਨੂੰ ਉਹ ਕਰਨ ਲਈ ਜਗ੍ਹਾ ਨਹੀਂ ਦਿੰਦਾ, ਜੋ ਮੈਂ ਆਪਣੇ ਦੇਸ਼ ਲਈ ਕਰਨਾ ਚਾਹੁੰਦੀ ਹਾਂ ਪਰ ਜੇਕਰ ਮੈਂ ਰਾਜਨੀਤੀ ਵਿਚ ਆਉਣਾ ਚਾਹੁੰਦੀ ਹਾਂ ਤਾਂ ਸ਼ਾਇਦ ਮੈਨੂੰ ਲੱਗਦਾ ਹੈ ਕਿ ਇਹ ਸਹੀ ਸਮਾਂ ਹੈ।" ਕੰਗਨਾ ਨੇ ਅੱਗੇ ਕਿਹਾ, "ਇਸ ਦੇਸ਼ ਨੇ ਮੈਨੂੰ ਬਹੁਤ ਕੁਝ ਦਿੱਤਾ ਹੈ, ਜਿਸ ਨੂੰ ਵਾਪਸ ਦੇਣ ਦੀ ਮੈਂ ਡੂੰਘੀ ਜ਼ਿੰਮੇਵਾਰੀ ਮਹਿਸੂਸ ਕਰਦੀ ਹਾਂ। ਮੈਂ ਹਮੇਸ਼ਾ ਇਕ ਰਾਸ਼ਟਰਵਾਦੀ ਰਹੀ ਹਾਂ। ਵਰਕ ਫਰੰਟ ਦੀ ਗੱਲ ਕਰੀਏ ਤਾਂ ਕੰਗਨਾ ਰਣੌਤ ਜਲਦ ਹੀ ਫ਼ਿਲਮ 'ਐਮਰਜੈਂਸੀ' ਵਿਚ ਨਜ਼ਰ ਆਵੇਗੀ। ਇਸ ਫ਼ਿਲਮ ਨੂੰ ਕੰਗਨਾ ਰਣੌਤ ਨੇ ਡਾਇਰੈਕਟ ਕੀਤਾ ਹੈ। ਕੰਗਨਾ ਨੇ 'ਐਮਰਜੈਂਸੀ' ਵਿਚ ਭਾਰਤ ਦੀ ਸਾਬਕਾ ਪ੍ਰਧਾਨ ਮੰਤਰੀ ਇੰਦਰਾ ਗਾਂਧੀ ਦੀ ਭੂਮਿਕਾ ਨਿਭਾਈ ਹੈ।




Cannot be used with any other offers. Second pair from the same price range or below. Both pairs include standard 1.5 single-vision lenses (or 1.6 for £169 Rimless ranges). Varifocal/bifocal: pay for lenses in first pair only. Excludes SuperDigital, SuperDrive varifocals, SuperReaders 1-2-3 occupational lenses and safety eyewear. Additional charge for extra lens options.

# ਸੁਖਦੇਵ ਸਿੰਘ ਢੀਂਡਸਾ ਦੀ ਛੇ ਸਾਲਾਂ ਬਾਅਦ ਬਾਦਲ ਦਲ ਵਿੱਚ ਵਾਪਸੀ

**ਸੁਖਬੀਰ ਬਾਦਲ ਵੱਲੋਂ ਢੀਂਡਸਾ ਨੂੰ ਅਪੀਲ ਅਕਾਲੀ ਦਲ ਦੇ ਸਰਪ੍ਰਸਤ ਦੀ ਜ਼ਿੰਮੇਵਾਰੀ ਸੰਭਾਲੋ ● ਪੰਥ ਤੇ ਪੰਜਾਬ ਦੇ ਵਿਕਾਸ ਲਈ ਪੰਥਕ ਏਕਾ ਜ਼ਰੂਰੀ: ਢੀਂਡਸਾ**

ਚੰਡੀਗੜ੍ਹ-ਲੋਕ ਸਭਾ ਚੋਣਾਂ ਤੋਂ ਪਹਿਲਾਂ ਪੰਜਾਬ ਦੀ ਰਾਜਨੀਤੀ ਵਿਚ ਵੱਡਾ ਫੇਰ-ਬਦਲ ਹੋਇਆ ਜਦੋਂ ਅਕਾਲੀ ਦਲ (ਸੰਯੁਕਤ) ਦਾ ਸ਼੍ਰੋਮਣੀ ਅਕਾਲੀ ਦਲ ਵਿੱਚ ਰਲੇਵਾਂ ਹੋ ਗਿਆ। ਇਸ ਦੇ ਨਾਲ ਹੀ ਅਕਾਲੀ ਦਲ (ਸੰਯੁਕਤ) ਦੇ ਪ੍ਰਧਾਨ ਸੁਖਦੇਵ ਸਿੰਘ ਢੀਂਡਸਾ ਦੀ 6 ਸਾਲਾਂ ਬਾਅਦ ਘਰ ਵਾਪਸੀ ਹੋਈ ਹੈ। ਸ਼੍ਰੋਮਣੀ ਅਕਾਲੀ ਦਲ ਦੇ ਪ੍ਰਧਾਨ ਸੁਖਬੀਰ ਸਿੰਘ ਬਾਦਲ ਨੇ ਚੰਡੀਗੜ੍ਹ ਵਿੱਚ ਸੁਖਦੇਵ ਸਿੰਘ ਢੀਂਡਸਾ ਦੀ ਰਿਹਾਇਸ਼ 'ਤੇ ਪਹੁੰਚ ਕੇ ਢੀਂਡਸਾ ਤੇ ਹੋਰਨਾਂ ਆਗੂਆਂ ਦੀ ਘਰ ਵਾਪਸੀ ਕਰਵਾਈ। ਅਕਾਲੀ ਦਲ ਦੇ ਪ੍ਰਧਾਨ ਸੁਖਬੀਰ ਸਿੰਘ ਬਾਦਲ ਨੇ ਸੁਖਦੇਵ ਸਿੰਘ ਢੀਂਡਸਾ ਨੂੰ ਪਾਰਟੀ ਦੇ ਸਰਪ੍ਰਸਤ ਦੀ ਜ਼ਿੰਮੇਵਾਰੀ ਸੰਭਾਲਣ ਦੀ ਅਪੀਲ ਕੀਤੀ ਹੈ। ਉਨ੍ਹਾਂ ਕਿਹਾ ਕਿ ਪ੍ਰਕਾਸ਼ ਸਿੰਘ ਬਾਦਲ ਦੇ ਚਲਾਣੇ ਤੋਂ ਬਾਅਦ ਢੀਂਡਸਾ ਪਾਰਟੀ ਦੇ ਸਭ ਤੋਂ ਸੀਨੀਅਰ ਆਗੂ ਹਨ ਤੇ ਪਾਰਟੀ ਨੂੰ ਸੰਭਾਲ ਸਕਦੇ ਹਨ। ਢੀਂਡਸਾ ਦੀ ਘਰ ਵਾਪਸੀ ਦੇ ਨਾਲ ਹੀ ਸ਼੍ਰੋਮਣੀ ਅਕਾਲੀ ਦਲ ਦਾ ਲੋਕ ਸਭਾ ਚੋਣਾਂ ਵਿਚ ਰਾਹ ਸੁਖਾਲਾ ਹੋ ਗਿਆ ਹੈ। ਦੋਵਾਂ ਪਾਰਟੀਆਂ ਦੇ ਇੱਕ ਹੋਣ ਮਗਰੋਂ ਸੁਖਦੇਵ ਸਿੰਘ ਢੀਂਡਸਾ ਨੇ ਕਿਹਾ ਕਿ ਅੱਜ ਪੰਜਾਬ ਦੇ ਹਾਲਾਤ ਵਿਗੜਦੇ ਜਾ ਰਹੇ ਹਨ ਜੋ ਕਿ ਪੰਥ ਲਈ ਘਾਤਕ ਸਾਬਤ ਹੋ ਸਕਦੇ ਹਨ। ਇਸ ਲਈ ਪੰਥ ਤੇ ਪੰਜਾਬ ਦੀ ਮਜ਼ਬੂਤੀ ਲਈ ਉਨ੍ਹਾਂ ਦੀ ਪਾਰਟੀ ਦਾ ਸ਼੍ਰੋਮਣੀ ਅਕਾਲੀ ਦਲ ਨਾਲ ਰਲੇਵਾਂ ਜ਼ਰੂਰੀ ਸੀ। ਉਨ੍ਹਾਂ ਕਿਹਾ ਕਿ ਸੁਖਬੀਰ ਸਿੰਘ ਬਾਦਲ ਨੇ ਸਾਲ 2015 ਵਿਚ ਵਾਪਰੀ ਬੇਅਦਬੀ ਦੀ ਘਟਨਾ ਦੀ ਮੁਆਫ਼ੀ ਮੰਗ ਲਈ ਹੈ। ਇਸ ਲਈ ਹੁਣ ਸ਼੍ਰੋਮਣੀ ਅਕਾਲੀ ਦਲ ਦੇ ਪੁਰਾਣੇ ਆਗੂਆਂ ਵੱਲੋਂ ਪੰਜਾਬ ਤੇ ਪੰਥ ਦੀ ਰਾਖੀ ਲਈ ਮੁੜ ਸਰਗਰਮ ਭੂਮਿਕਾ ਨਿਭਾਈ ਜਾਵੇਗੀ।

ਸੁਖਬੀਰ ਸਿੰਘ ਬਾਦਲ ਨੇ ਦੋਵਾਂ ਪਾਰਟੀਆਂ ਦੇ ਇੱਕ ਹੋਣ ਨੂੰ 'ਦੋ ਪਰਿਵਾਰਾਂ ਦਾ ਰਲੇਵਾਂ' ਕਰਾਰ ਦਿੱਤਾ। ਉਨ੍ਹਾਂ ਕਿਹਾ ਕਿ ਢੀਂਡਸਾ ਦੇ ਨਾਲ ਬਲਵਿੰਦਰ ਸਿੰਘ ਭੂੰਦੜ ਵਰਗੇ ਸੀਨੀਅਰ ਆਗੂਆਂ ਨੇ ਆਪਣੀਆਂ ਕੁਰਬਾਨੀਆਂ ਦੇ ਕੇ ਪ੍ਰਕਾਸ਼ ਸਿੰਘ ਬਾਦਲ (ਮਰਹੂਮ) ਨਾਲ ਰਲ ਕੇ ਪਾਰਟੀ ਦਾ ਨਿਰਮਾਣ ਕੀਤਾ। ਸੁਖਬੀਰ ਨੇ ਅਕਾਲੀ ਦਲ (ਸੰਯੁਕਤ) ਦੇ ਸਾਰੇ ਮੈਂਬਰਾਂ ਨੂੰ ਭਰੋਸਾ ਦਿਵਾਇਆ ਕਿ ਉਨ੍ਹਾਂ ਨੂੰ ਪਾਰਟੀ 'ਚ ਪੂਰਾ ਮਾਣ-ਸਤਿਕਾਰ ਦਿੱਤਾ ਜਾਵੇਗਾ। ਯਾਦ ਰਹੇ ਕਿ ਪਹਿਲਾਂ ਢੀਂਡਸਾ ਨੇ ਸੁਖਬੀਰ ਸਿੰਘ ਬਾਦਲ ਨੂੰ ਪ੍ਰਧਾਨ ਦੇ ਅਹੁਦੇ ਤੋਂ ਹਟਾਉਣ ਦੇ ਲਈ ਪਾਰਟੀ ਛੱਡੀ ਸੀ । ਹੁਣ ਸੁਖਬੀਰ ਸਿੰਘ ਬਾਦਲ ਨੂੰ ਆਪਣਾ ਪੁੱਤਰ ਦੱਸਿਆ, ਕਿਹਾ ਉਨ੍ਹਾਂ ਨੇ ਵੀ ਸਭ ਤੋਂ ਪਹਿਲਾਂ ਪ੍ਰਧਾਨਗੀ ਅਹੁਦੇ ਲਈ ਸੁਖਬੀਰ ਸਿੰਘ ਬਾਦਲ ਦਾ ਨਾਂ ਅੱਗੇ ਕੀਤਾ ਸੀ । ਢੀਂਡਸਾ ਨੇ ਕਿਹਾ ਪਰਿਵਾਰ ਵਿੱਚ ਕਦੇ ਵੀ ਸਿਆਸੀ ਰੰਜਿਸ਼ ਨਹੀਂ ਰਹੀ ਹੈ, ਜਿਹੜੀ ਮਤਭੇਦ ਹਨ ਅਸੀਂ ਮਿਲ ਕੇ ਦੂਰ ਕਰਾਂਗੇ । ਇਸ ਮੌਕੇ ਸਾਬਕਾ ਵਿੱਤ ਮੰਤਰੀ ਪਰਮਿੰਦਰ ਸਿੰਘ ਢੀਂਡਸਾ, ਸੀਨੀਅਰ ਆਗੂ ਬਲਵਿੰਦਰ ਸਿੰਘ ਭੂੰਦੜ, ਪ੍ਰੇਮ ਸਿੰਘ ਚੰਦੂਮਾਜਰਾ, ਬਿਕਰਮ ਸਿੰਘ ਮਜੀਠੀਆ, ਡਾ. ਦਲਜੀਤ ਸਿੰਘ ਚੀਮਾ, ਗੋਬਿੰਦ ਸਿੰਘ ਲੌਂਗੋਵਾਲ, ਸੁਰਜੀਤ ਸਿੰਘ ਰੱਖੜਾ, ਇਕਬਾਲ ਸਿੰਘ ਝੂੰਦਾ, ਅਨਿਲ ਜੋਸ਼ੀ, ਆਦਿ ਮੌਜੂਦ ਸਨ।



## ਬੀਬੀ ਜਗੀਰ ਕੌਰ ਨੇ ਰੱਖੀ ਸ਼ਰਤ



ਸੁਖਬੀਰ ਸਿੰਘ ਬਾਦਲ ਨੇ ਬੀਬੀ ਜਗੀਰ ਕੌਰ ਅਤੇ ਹੋਰ ਬਾਗੀ ਆਗੂਆਂ ਨੂੰ ਮੁੜ ਇਕੱਠੇ ਹੋਣ ਦੀ ਅਪੀਲ ਕਰਦੇ ਹੋਏ ਕਿਹਾ ਪੰਜਾਬ ਨੂੰ ਤਗੜਾ ਕਰਨਾ ਹੈ ਤਾਂ ਸਾਨੂੰ ਇਕਜੁੱਟ ਹੋਣ ਦੀ ਜ਼ਰੂਰਤ ਹੈ। ਸੁਖਬੀਰ ਸਿੰਘ ਬਾਦਲ ਨੇ ਇੱਕ ਵਾਰ ਮੁੜ ਤੋਂ ਮਾਫੀ ਦੀ ਪੇਸ਼ਕਸ਼ ਕੀਤੀ ।ਉਧਰ ਬੀਬੀ ਜਗੀਰ ਕੌਰ ਨੇ ਕਿਹਾ ਆਪ ਕਦੇ ਅਕਾਲੀ ਦਲ ਨਹੀਂ ਛੱਡਿਆ ਹੈ। ਮੈਂ ਪਾਰਟੀ ਨੂੰ ਮਜ਼ਬੂਤ ਕਰਨਾ ਚਾਹੁੰਦੀ ਹਾਂ ਪਰ ਜਦੋਂ ਸ਼੍ਰੋਮਣੀ ਕਮੇਟੀ ਦੇ ਕੰਮ-ਕਾਜ ਅਤੇ ਪ੍ਰਧਾਨ ਦੀ ਚੋਣ ਵਿੱਚ ਦਖਲ ਅੰਦਾਜ਼ੀ ਬੰਦ ਨਹੀਂ ਹੋਵੇਗੀ ਲੋਕਾਂ ਵਿੱਚ ਗਲਤ ਸਨੇਹਾ ਜਾਵੇਗਾ। ਬੀਬੀ ਜਗੀਰ ਕੌਰ ਨੇ ਬੀਜੇਪੀ ਨਾਲ ਅਕਾਲੀ ਦਲ ਦੀ ਗਠਜੋੜ ਨੂੰ ਲੈਕੇ ਵੀ ਸਵਾਲ ਚੁੱਕੇ। ਉਨ੍ਹਾਂ ਨੇ ਕਿਹਾ ਪੰਜਾਬ ਦੇ ਮੁੱਦਿਆਂ ਨੂੰ ਨਜ਼ਰ ਅੰਦਾਜ ਕਰਕੇ ਸਮਝੌਤਾ ਨਹੀਂ ਹੋਣਾ ਚਾਹੀਦਾ ਹੈ। 30 ਸਾਲ ਬੀਜੇਪੀ ਨਾਲ ਰਹਿਕੇ ਸਾਨੂੰ ਕੁਝ ਨਹੀਂ ਮਿਲਿਆ। ਸਾਫ ਹੈ ਕਿ ਬੀਬੀ ਜਗੀਰ ਕੌਰ ਸ਼ਰਤਾਂ ਦੇ ਬਿਨਾਂ ਅਕਾਲੀ ਦਲ ਵਿੱਚ ਵਾਪਸੀ ਨਹੀਂ ਕਰਨਾ ਚਾਹੁੰਦੀ ਹੈ।

## ਅਕਾਲੀ ਦਲ ਦਾ ਭਾਜਪਾ ਨਾਲ ਹੋ ਸਕਦੈ ਗਠਜੋੜ

ਢੀਂਡਸਾ ਦੀ ਅਕਾਲੀ ਦਲ ਵਿੱਚ ਵਾਪਸੀ ਤੋਂ ਬਾਅਦ ਹੁਣ ਬੀਜੇਪੀ ਨਾਲ ਗਠਜੋੜ ਦੀ ਖਬਰ ਵੀ ਕਿਸੇ ਵੇਲੇ ਵੀ ਆ ਸਕਦੀ ਹੈ। ਸਿਆਸੀ ਮਾਹਿਰਾ ਦਾ ਕਹਿਣਾ ਹੈ ਸਭ ਕੁਝ ਤੈਅ ਹੋ ਗਿਆ ਹੈ, ਕਿਸਾਨ ਅੰਦੋਲਨ ਦੀ ਵਜ੍ਹਾ ਕਰਕੇ ਸਮਝੌਤੇ ਵਿੱਚ ਦੇਰੀ ਹੋ ਰਹੀ ਹੈ । ਬੀਜੇਪੀ ਵੀ ਇਸੇ ਲਈ ਪੰਜਾਬ ਦੀਆਂ 13 ਸੀਟਾਂ 'ਤੇ ਉਮੀਦਵਾਰਾਂ ਦੇ ਨਾਂ ਤੇ ਚਰਚਾ ਨਹੀਂ ਕਰ ਰਹੀ ਹੈ । ਅਮਿਤ ਸ਼ਾਹ, ਕੈਪਟਨ ਅਮਰਿੰਦਰ ਅਤੇ ਸੂਬਾ ਬੀਜੇਪੀ ਪ੍ਰਧਾਨ ਸੁਨੀਲ ਜਾਖੜ ਵੀ ਅਕਾਲੀ ਦਲ ਗਠਜੋੜ ਨੂੰ ਪਾਰਟੀ ਦੇ ਵਰਕਰਾਂ ਦੀ ਮੰਗ ਕਰਾਰ ਦੇ ਚੁੱਕੇ ਹਨ।

## ਸੁਖਬੀਰ ਵੱਲੋਂ ਅਕਾਲੀ ਦਲ ਛੱਡ ਕੇ ਗਏ ਆਗੂਆਂ ਨੂੰ ਘਰ ਵਾਪਸੀ ਦਾ ਸੱਦਾ

ਸ਼੍ਰੋਮਣੀ ਅਕਾਲੀ ਦਲ ਦੇ ਪ੍ਰਧਾਨ ਸੁਖਬੀਰ ਸਿੰਘ ਬਾਦਲ ਨੇ ਅਕਾਲੀ ਦਲ ਛੱਡ ਕੇ ਗਏ ਸਾਰੇ ਆਗੂਆਂ ਨੂੰ ਮੁੜ ਪਾਰਟੀ 'ਚ ਸ਼ਾਮਲ ਹੋਣ ਦੀ ਅਪੀਲ ਕੀਤੀ। ਉਨ੍ਹਾਂ ਕਿਹਾ ਕਿ ਸ਼੍ਰੋਮਣੀ ਅਕਾਲੀ ਦਲ ਹੀ ਪੰਜਾਬੀਆਂ ਦੀਆਂ ਭਾਵਨਾਵਾਂ ਦੀ ਰਾਖੀ ਕਰਨ ਦੇ ਸਮਰੱਥ ਹੈ ਜਿਸ ਕਰ ਕੇ ਅੱਜ ਅਕਾਲੀ ਦਲ ਨੂੰ ਇਕੱਠੇ ਹੋ ਕੇ ਪੰਜਾਬ ਦੇ ਮੁੱਦੇ ਉਠਾਉਣੇ ਚਾਹੀਦੇ ਹਨ।

# ਅਕਾਲੀ ਦਲ ਦੇ ਰਲੇਵੇਂ ਨੇ ਪਾਰਟੀ ਵਰਕਰਾਂ ਵਿਚ ਉਤਸ਼ਾਹ ਭਰਿਆ



ਜਲੰਧਰ-ਸ਼੍ਰੋਮਣੀ ਅਕਾਲੀ ਦਲ (ਬ) ਦੇ ਪ੍ਰਧਾਨ ਸੁਖਬੀਰ ਸਿੰਘ ਬਾਦਲ ਨੇ ਬੇਅਦਬੀ ਬਾਰੇ ਸਿੱਖ ਪੰਥ ਤੋਂ ਮੁਆਫ਼ੀ ਮੰਗ ਕੇ ਸਮੂਹ ਅਕਾਲੀ ਧੜਿਆਂ ਨੂੰ ਏਕਤਾ ਦੀ ਅਪੀਲ ਕਰਦਿਆਂ ਸ਼੍ਰੋਮਣੀ ਅਕਾਲੀ ਦਲ ਅੰਦਰ ਵਾਪਸ ਪਰਤ ਆਉਣ ਦੀ ਗੱਲ ਕਹੀ ਸੀ, ਜਿਸ ਤੋਂ ਬਾਅਦ ਸ਼੍ਰੋਮਣੀ ਅਕਾਲੀ ਦਲ (ਬ) ਅਤੇ ਸ਼੍ਰੋਮਣੀ ਅਕਾਲੀ ਦਲ (ਸ) ਦੇ ਵਿਚ ਏਕਤਾ ਕਰਵਾਉਣ ਦੇ ਲਈ ਕਈ ਸੀਨੀਅਰ ਆਗੂ ਆਪਣਾ ਰੋਲ ਨਿਭਾਅ ਰਹੇ ਸਨ । ਬੀਤੇ ਦਿਨੀਂ ਹੋਈ ਇਕ ਅਹਿਮ ਮੀਟਿੰਗ ਦੌਰਾਨ ਅਕਾਲੀ ਦਲਾਂ ਦੇ ਰਲੇਵੇਂ ਦੀ ਰੂਪ ਰੇਖਾ ਨੂੰ 'ਅੰਤਿਮ ਛੋਹ' ਦੇ ਕੇ ਇਸ ਨੂੰ ਨੇਪਰੇ ਚਾੜ੍ਹ ਲਿਆ ਗਿਆ। ਅਰਸੇ ਬਾਅਦ ਪਾਰਟੀ ਦੀ ਸੀਨੀਅਰ ਲੀਡਰਸ਼ਿਪ ਇਕ ਮੰਚ 'ਤੇ ਇਕੱਠੀ ਵੇਖੀ ਗਈ ।ਕਦੇ ਵੇਲਾ ਸੀ ਕਿ ਸ਼੍ਰੋਮਣੀ ਅਕਾਲੀ ਦਲ ਦੀ ਕਿਸੇ ਵੀ ਸਿਆਸੀ ਸਟੇਜ 'ਤੇ ਸਵਰਗੀ ਸਾਬਕਾ ਮੁੱਖ ਮੰਤਰੀ ਪ੍ਰਕਾਸ਼ ਸਿੰਘ ਬਾਦਲ ਦੇ ਨਾਲ ਪੰਥ ਰਤਨ ਜਥੇਦਾਰ ਗੁਰਚਰਨ ਸਿੰਘ ਟੌਹੜਾ, ਸਾਬਕਾ ਕੇਂਦਰੀ ਮੰਤਰੀ ਸੁਖਦੇਵ ਸਿੰਘ ਢੀਂਡਸਾ, ਜਥੇਦਾਰ ਰਣਜੀਤ ਸਿੰਘ ਬ੍ਰਹਮਪੁਰਾ, ਬਲਵਿੰਦਰ ਸਿੰਘ ਭੂੰਦੜ, ਤਰਲੋਚਨ ਸਿੰਘ ਤੁੜ, ਜਥੇਦਾਰ ਸੇਵਾ ਸਿੰਘ ਸੇਖਵਾਂ ਤੇ ਡਾ. ਰਤਨ ਸਿੰਘ ਅਜਨਾਲਾ ਵਰਗੀ ਸੀਨੀਅਰ ਲੀਡਰਸ਼ਿਪ ਮੌਜੂਦ ਹੁੰਦੀ ਸੀ ਪਰ ਪਿਛਲੇ ਸਮਿਆਂ ਤੋਂ ਸ਼੍ਰੋਮਣੀ ਅਕਾਲੀ ਦਲ ਦੀਆਂ ਸਟੇਜਾਂ ਇਕ 'ਵਾਹਦ' ਲੀਡਰਸ਼ਿਪ ਤੋਂ ਸੱਖਣੀਆਂ ਜਾਪਦੀਆਂ ਸਨ। ਦੋਵਾਂ ਸ਼੍ਰੋਮਣੀ ਅਕਾਲੀ ਦਲਾਂ ਦੇ ਹੋਏ ਰਲੇਵੇਂ ਤੋਂ ਬਾਅਦ ਪਾਰਟੀ ਦੇ ਸੀਨੀਅਰ ਆਗੂਆਂ ਤੋਂ ਲੈ ਕੇ ਵਰਕਰਾਂ ਤੱਕ ਦੇ ਚਿਹਰਿਆਂ ਤੇ ਇਕ ਵੱਖਰੀ ਤਰ੍ਹਾਂ ਦਾ 'ਖੁਸ਼ੀ ਭਰਿਆ ਨੂਰ' ਉਮੜਿਆ ਜਾਪਦਾ ਸੀ। ਇਹ ਵੱਖਰਾ ਵਿਸ਼ਾ ਹੈ ਕਿ ਜਿਹੜੇ ਕੁਝ ਆਗੂ ਇਸ ਸਮਝੌਤੇ ਤੋਂ ਖਫ਼ਾ ਸਨ ਉਨ੍ਹਾਂ ਨੇ ਭਾਵੇਂ ਇਸ ਸਾਰੇ ਪ੍ਰੋਗਰਾਮ ਤੋਂ ਦੂਰੀ ਬਣਾਈ ਰੱਖੀ ਪਰ ਆਮ-ਏ-ਹਾਲਾਤ ਵੱਖ-ਵੱਖ ਹਲਕਿਆਂ ਦੇ ਟਕਸਾਲੀ ਅਕਾਲੀ ਵਰਕਰਾਂ ਦੇ ਚਿਹਰੇ ਖੁਸ਼ੀ ਵਿਚ ਖੀਵੇ ਹੋ ਕੇ ਦੋਵਾਂ ਧੜਿਆਂ ਦੇ ਅਕਾਲੀ ਲੀਡਰਾਂ ਨੂੰ ਸ਼ਾਬਾਸ਼ ਦੇ ਰਹੇ ਸਨ। ਸ਼੍ਰੋਮਣੀ ਅਕਾਲੀ ਦਲ ਦੀ ਇਸ ਏਕਤਾ 'ਤੇ ਆਪਣਾ ਪ੍ਰਤੀਕਰਮ ਦਿੰਦਿਆਂ ਤੇ ਪਾਰਟੀ ਲੀਡਰਸ਼ਿਪ ਦਾ ਧੰਨਵਾਦ ਕਰਦਿਆਂ ਸ਼੍ਰੋਮਣੀ ਅਕਾਲੀ ਦਲ ਦੇ ਸਾਬਕਾ ਜ਼ਿਲ੍ਹਾ ਪ੍ਰਧਾਨ ਅਤੇ ਕੋਰ ਕਮੇਟੀ ਮੈਂਬਰ ਜਥੇਦਾਰ ਗੁਰਜੀਵਨ ਸਿੰਘ ਸਰੌਦ, ਸਾਬਕਾ ਸੂਚਨਾ ਕਮਿਸ਼ਨਰ ਅਤੇ ਸੀਨੀਅਰ ਅਕਾਲੀ ਆਗੂ ਅਜੀਤ ਸਿੰਘ ਚੰਦੂਰਾਈਆਂ, ਨੇ ਆਖਿਆ ਕਿ ਮੌਜੂਦਾ ਸਮੇਂ ਸ਼੍ਰੋਮਣੀ ਅਕਾਲੀ ਦਲ ਵਿਚ ਏਕਤਾ ਪੰਜਾਬ ਤੇ ਪੰਥ ਲਈ ਬੇਹੱਦ ਜ਼ਰੂਰੀ ਸੀ । ਇਸ ਲਈ ਉਨ੍ਹਾਂ ਵਲੋਂ ਪਹਿਲਾਂ ਹੀ ਪਾਰਟੀ ਪ੍ਰਧਾਨ ਸੁਖਦੇਵ ਸਿੰਘ ਢੀਂਡਸਾ ਨਾਲ ਸਲਾਹ ਮਸ਼ਵਰੇ ਉਪਰੰਤ ਇਸ ਸੰਬੰਧੀ ਸਪਸ਼ਟ ਤੌਰ 'ਤੇ ਹਾਮੀ ਭਰ ਦਿੱਤੀ ਸੀ ਕਿ ਪੰਥ ਦੇ ਹਿੱਤਾਂ ਲਈ ਦੋਵਾਂ ਅਕਾਲੀ ਧੜਿਆਂ ਅੰਦਰ ਏਕਤਾ ਬੇਹੱਦ ਜ਼ਰੂਰੀ ਹੈ। ਸਿਆਸੀ ਮਾਹਿਰਾਂ ਅਨੁਸਾਰ ਦੋਵਾਂ ਅਕਾਲੀ ਧੜਿਆਂ ਦੀ ਏਕਤਾ ਦਾ ਆ ਰਹੀਆਂ ਲੋਕ ਸਭਾ ਚੋਣਾਂ ਅੰਦਰ ਵੀ ਅਸਰ ਵੇਖਿਆ ਜਾਵੇਗਾ।

# ਪੰਜਾਬ ਸਰਕਾਰ ਦੇ ਪੁਠੇ ਕੰਮ, ਚਾੜਿਆ ਹਿਟਲਰਸ਼ਾਹੀ ਹੁਕਮ

## ✪ ਪੰਜਾਬ ਦੇ ਅਧਿਆਪਕ ਹੁਣ ਐਨ. ਆਈ. ਏ ਦੀ ਛਾਪੇਮਾਰੀ ਦੇ ਬਣਨਗੇ 'ਸਰਕਾਰੀ ਗਵਾਹ'

ਬਠਿੰਡਾ-ਸੂਬੇ ਦੀ ਸੱਤਾ ਸੰਭਾਲਦਿਆਂ ਹੀ 'ਆਪ' ਸਰਕਾਰ ਵਲੋਂ ਸਰਕਾਰੀ ਸਿੱਖਿਆ ਦਾ ਮਿਆਰ ਹੋਰ ਉੱਚਾ-ਚੁੱਕਣ ਲਈ ਅਧਿਆਪਕਾਂ ਨੂੰ ਗੈਰ-ਵਿੱਦਿਅਕ ਕੰਮਾਂ ਤੋਂ ਮੁਕਤ ਕਰਨ ਦੇ ਵੱਡੇ-ਵੱਡੇ ਦਾਅਵੇ ਕੀਤੇ ਗਏ ਸਨ, ਪਰ ਹੋ ਸਭ ਕੁੱਝ ਇਸ ਦੇ ਉੱਲਟ ਰਿਹਾ ਹੈ। ਪਹਿਲਾਂ ਹੀ ਵਾਧੂ ਕੰਮਾਂ ਦੇ ਬੋਝ ਥੱਲੇ ਦੱਬੇ ਮਾਸਟਰਾਂ ਨੂੰ ਹੁਣ ਪੰਜਾਬ ਸਰਕਾਰ ਨੇ ਅਪਰਾਧ ਦੀ ਦੁਨੀਆ ਨਾਲ ਜੁੜੇ ਲੋਕਾਂ ਦੇ ਮਾਮਲਿਆਂ ਵਿਚ ਸਰਕਾਰੀ ਤੌਰ 'ਤੇ ਗਵਾਹੀਆਂ ਭਰਨ ਦੇ ਹਿਟਲਰਸ਼ਾਹੀ ਹੁਕਮ ਚਾੜ੍ਹ ਦਿੱਤੇ ਹਨ, ਜਿਸ ਤਹਿਤ ਅਧਿਆਪਕਾਂ ਦੀਆਂ ਕੇਂਦਰੀ ਜਾਂਚ ਏਜੰਸੀ (ਐਨ. ਆਈ. ਏ.) ਨਾਲ ਡਿਊਟੀਆਂ ਲਗਾਈਆਂ ਜਾ ਰਹੀਆਂ ਹਨ, ਜੋ ਐਨ. ਆਈ. ਏ. ਦੀ ਛਾਪੇਮਾਰੀ ਦੌਰਾਨ ਸਰਕਾਰੀ ਤੌਰ 'ਤੇ ਗਵਾਹੀ ਭਰਨਗੇ।

ਇਸ ਦਾ ਖੁਲਾਸਾ ਉਸ ਸਮੇਂ ਹੋਇਆ ਜਦੋਂ ਬੀਤੇ ਦਿਨੀਂ ਐਨ. ਆਈ. ਏ. ਵਲੋਂ ਬਠਿੰਡਾ ਜ਼ਿਲ੍ਹੇ ਦੇ ਵੱਖ-ਵੱਖ ਹਿੱਸਿਆਂ ਵਿਚ ਛਾਪੇਮਾਰੀ ਕੀਤੀ ਗਈ ਤੇ ਉਸ ਤੋਂ ਕੁੱਝ ਘੰਟੇ ਪਹਿਲਾਂ ਹੀ ਜ਼ਿਲ੍ਹੇ ਦੇ ਇਕ ਦਰਜਨ ਅਧਿਆਪਕਾਂ ਨੂੰ ਡਿਪਟੀ ਕਮਿਸ਼ਨਰ ਬਠਿੰਡਾ ਦੇ ਹੁਕਮਾਂ ਤਹਿਤ ਜ਼ਿਲ੍ਹਾ ਸਿੱਖਿਆ ਵਿਭਾਗ ਵਲੋਂ ਪੱਤਰ ਜਾਰੀ ਕਰ ਦਿੱਤੇ ਗਏ ਕਿ ਉਹ ਉਕਤ ਛਾਪੇਮਾਰੀ ਵਿਚ ਸਰਕਾਰੀ ਤੌਰ 'ਤੇ ਗਵਾਹੀਆਂ ਭਰਨਗੇ। ਮਾਮਲਾ ਕੌਮੀ ਜਾਂਚ




ਏਜੰਸੀ ਨਾਲ ਜੁੜਿਆ ਹੋਣ ਕਰਕੇ ਤੇ ਸਰਕਾਰੀ ਦਬਾਓ ਹੇਠ ਬੇਸ਼ੱਕ ਉਸ ਸਮੇਂ ਸਬੰਧਿਤ ਅਧਿਆਪਕਾਂ ਨੇ ਡਿਊਟੀ ਨਿਭਾਉਂਦਿਆਂ ਗਵਾਹੀਆਂ ਭਰਨਾ ਹੀ ਉਚਿਤ ਸਮਝਿਆ, ਪਰ ਹੁਣ ਉਨ੍ਹਾਂ ਇਕਜੁਟ ਹੁੰਦਿਆਂ ਅਧਿਆਪਕ ਜਥੇਬੰਦੀ ਡੈਮੋਕ੍ਰੇਟਿਕ ਟੀਚਰਜ਼ ਫਰੰਟ ਪੰਜਾਬ ਦੇ ਝੰਡੇ ਹੇਠ ਇਨ੍ਹਾਂ ਡਿਊਟੀਆਂ ਤੇ ਗਵਾਹੀਆਂ ਦਾ ਵਿਰੋਧ ਕਰਨਾ ਸ਼ੁਰੂ ਕਰ ਦਿੱਤਾ ਹੈ। ਇਸ ਸੰਬੰਧੀ ਡੈਮੋਕ੍ਰੇਟਿਕ ਟੀਚਰਜ਼ ਫਰੰਟ ਬਠਿੰਡਾ ਦੇ ਜ਼ਿਲ੍ਹਾ ਪ੍ਰਧਾਨ ਜਗਪਾਲ ਸਿੰਘ ਬੰਗੀ, ਗੁਰਪਾਲ ਸਿੰਘ, ਨਰਿੰਦਰ ਬੱਲੂਆਣਾ, ਸੁਨੀਲ ਕੁਮਾਰ, ਅੰਮਿਥਪਾਲ ਸੈਣੇਵਾਲਾ, ਦਲਜੀਤ ਸਿੰਘ, ਦਾ ਕਹਿਣਾ ਸੀ ਕਿ ਅਧਿਆਪਕ ਹੁਣ ਤੱਕ ਪੰਜਾਬ ਸਰਕਾਰ ਵਲੋਂ ਗੈਰ-ਵਿੱਦਿਅਕ ਕੰਮਾਂ 'ਚ ਲਗਾਈ ਜਾਂਦੀ ਹਰ ਡਿਊਟੀ ਨੂੰ ਤਨਦੇਹੀ ਨਾਲ ਨਿਭਾਉਂਦੇ ਆ ਰਹੇ ਹਨ, ਪਰ ਇਹ ਪੰਜਾਬ ਵਿਚ ਪਹਿਲੀ ਵਾਰ ਹੋਇਆ ਕਿ ਅਧਿਆਪਕਾਂ ਨੂੰ ਹੁਣ ਅਪਰਾਧੀ ਕਿਸਮ ਦੇ ਲੋਕਾਂ ਨਾਲ ਸਬੰਧਿਤ ਮਾਮਲਿਆਂ 'ਚ ਬਤੌਰ ਸਰਕਾਰੀ ਗਵਾਹ ਬਣਾਉਣਾ ਸ਼ੁਰੂ ਕਰ ਦਿੱਤਾ ਹੈ, ਉਹ ਵੀ ਗੈਂਗਸਟਰਾਂ ਵਗੈਰਾ ਦੇ ਮਾਮਲਿਆਂ ਨਾਲ ਨਜਿੱਠਣ ਵਾਲੀ ਕੌਮੀ ਜਾਂਚ ਏਜੰਸੀ ਦੀ ਗੈਂਗਟਸਰਾਂ ਤੇ ਹੋਰ ਸ਼ੱਕੀ ਵਿਅਕਤੀ ਦੇ ਘਰਾਂ 'ਚ ਕੀਤੀ ਜਾਣ ਵਾਲੀ ਛਾਪੇਮਾਰੀ ਦੇ ਦੌਰਾਨ। ਇਸੇ ਤਹਿਤ ਬੀਤੀ 27 ਫਰਵਰੀ ਨੂੰ ਐਨ. ਆਈ. ਏ. ਵਲੋਂ ਬਠਿੰਡਾ ਜ਼ਿਲ੍ਹੇ ਦੇ ਵੱਖ-ਵੱਖ ਥਾਵਾਂ 'ਤੇ ਕੀਤੀ ਗਈ ਛਾਪੇਮਾਰੀ ਵਿਚ ਜ਼ਿਲ੍ਹੇ ਦੇ ਕਰੀਬ 12 ਹੈਡ ਟੀਚਰਾਂ, ਸੈਂਟਰ ਹੈੱਡ ਟੀਚਰਾਂ ਤੇ ਲੈਕਚਰਾਰਾਂ ਦੀ ਡਿਪਟੀ ਕਮਿਸ਼ਨਰ ਦੇ ਹੁਕਮਾਂ 'ਤੇ ਜ਼ਿਲ੍ਹਾ ਸਿੱਖਿਆ ਅਧਿਕਾਰੀ ਬਠਿੰਡਾ ਵਲੋਂ ਬਤੌਰ ਸਰਕਾਰੀ ਗਵਾਹ ਡਿਊਟੀ ਲਗਾਈ ਗਈ, ਜੋ ਉਨ੍ਹਾਂ ਇਕ ਵਾਰ ਤਾਂ ਭੁਗਤਾ ਦਿੱਤੀ ਹੈ, ਪਰ ਭਵਿੱਖ ਵਿਚ ਉਹ ਅਜਿਹੀ ਕੋਈ ਡਿਊਟੀ ਜਾਂ ਗਵਾਹੀ ਨਹੀਂ ਦੇਣਗੇ। ਉਨ੍ਹਾਂ ਖਦਸ਼ਾ ਪ੍ਰਗਟ ਕੀਤਾ ਕਿ ਇਹ ਟਕਰਾਵਾਂ ਤੇ ਜੋਖ਼ਮ ਭਰੀ ਡਿਊਟੀ ਨਿਭਾਉਣ ਕਾਰਨ ਉਹ ਸਿੱਧੇ ਤੌਰ 'ਤੇ ਅਪਰਾਧੀ ਕਿਸਮ ਦੇ ਲੋਕਾਂ ਦੇ ਨਿਸ਼ਾਨੇ 'ਤੇ ਆ ਜਾਣਗੇ, ਜਿਸ ਤੋਂ ਉਨ੍ਹਾਂ ਦੇ ਪਰਿਵਾਰ ਵੀ ਚਿੰਤਤ ਹਨ। ਉਨ੍ਹਾਂ ਉਪ-ਜ਼ਿਲ੍ਹਾ ਸਿੱਖਿਆ ਅਧਿਕਾਰੀ ਬਠਿੰਡਾ ਰਾਹੀਂ ਪੰਜਾਬ ਸਰਕਾਰ ਦੇ ਨਾਂਅ ਪੱਤਰ ਭੇਜ ਕੇ ਮੰਗ ਕੀਤੀ ਹੈ ਕਿ ਅਧਿਆਪਕਾਂ ਦੀ ਕੌਮੀ ਜਾਂਚ ਏਜੰਸੀ ਨਾਲ ਸਰਕਾਰੀ ਤੌਰ 'ਤੇ ਗਵਾਹੀਆਂ ਪਾਉਣ ਦੀ ਲਗਾਈ ਡਿਊਟੀ ਤੁਰੰਤ ਰੱਦ ਕੀਤੀ ਜਾਵੇ।

## ਮੁਹਾਲੀ ਦੀ ਏਅਰਪੋਰਟ ਰੋਡ 'ਤੇ ਅਣਪਛਾਤੇ ਵਿਅਕਤੀਆਂ ਵਲੋਂ ਗੈਂਗਸਟਰ ਦੀ ਹੱਤਿਆ

ਮੁਹਾਲੀ-ਇਥੋਂ ਦੇ ਸੈਕਟਰ 67 ਵਿੱਚ ਸ਼ਾਪਿੰਗ ਮਾਲ ਦੇ ਬਾਹਰ ਚਾਰ ਅਣਪਛਾਤੇ ਵਿਅਕਤੀਆਂ ਨੇ ਜੰਮੂ ਦੇ ਰਹਿਣ ਵਾਲੇ 45 ਸਾਲਾ ਗੈਂਗਸਟਰ ਰਾਜੇਸ਼ ਡੋਗਰਾ ਉਰਫ਼ ਮੋਹਨ ਚਿਰ ਦੀ ਗੋਲੀਆਂ ਮਾਰ ਕੇ ਹੱਤਿਆ ਕਰ ਦਿੱਤੀ। ਪੁਲੀਸ ਮੁਤਾਬਕ ਇਹ ਕਤਲ ਗੈਂਗ ਵਾਰ ਦਾ ਨਤੀਜਾ ਹੈ। ਮ੍ਰਿਤਕ ਦੇ ਖ਼ਿਲਾਫ਼ ਅੱਠ ਐੱਫਆਈਆਰ ਦਰਜ ਸਨ ਤੇ ਉਹ ਹਾਲ ਹੀ ਵਿੱਚ ਜੇਲ੍ਹ ਤੋਂ ਬਾਹਰ ਆਇਆ ਸੀ। ਰੂਪਨਗਰ ਰੇਂਜ ਦੇ ਆਈਜੀ ਜਸਕਰਨ ਸਿੰਘ ਨੇ ਦੱਸਿਆ ਕਿ ਜੰਮੂ ਨਾਲ ਸਬੰਧਤ ਚਾਰ ਵਿਅਕਤੀ ਇਸ ਕਤਲ ਵਿੱਚ ਸ਼ਾਮਲ ਹਨ, ਜਿਨ੍ਹਾਂ ਵਿੱਚੋਂ ਇੱਕ ਨੂੰ ਹਿਰਾਸਤ ਵਿੱਚ ਲਿਆ ਗਿਆ ਹੈ।

# ਮੁੱਖ ਮੰਤਰੀ ਨੇ 'ਸੁਖ ਵਿਲਾਸ' ਨੂੰ ਲੈ ਕੇ ਬਾਦਲ ਪਰਿਵਾਰ 'ਤੇ ਫਿਰ ਲਗਾਏ ਦੋਸ਼

## ✪ ਬਾਦਲ ਦਲ ਨੇ ਕਿਹਾ ਮੁਖ ਮੰਤਰੀ ਮਾਨ ਤੇ ਹੱਥ ਖ਼ੂਨ ਨਾਲ ਰੰਗੇ

ਚੰਡੀਗੜ੍ਹ-ਬਾਦਲ ਪਰਿਵਾਰ ਦੇ ਵਪਾਰਕ ਅਦਾਰੇ 'ਸੁਖ ਵਿਲਾਸ' ਨੂੰ ਲੈ ਕੇ ਮੁੱਖ ਮੰਤਰੀ ਵਲੋਂ ਸੱਦੀ ਗਈ ਵਿਸ਼ੇਸ਼ ਪ੍ਰੈੱਸ ਕਾਨਫ਼ਰੰਸ ਵਿਚ ਸੱਤਾ ਦੀ ਦੁਰਵਰਤੋਂ ਵਰਗੇ ਦੋਸ਼ ਦੁਹਰਾਉਂਦਿਆਂ ਕਿਹਾ ਗਿਆ ਕਿ ਉਕਤ ਪ੍ਰਾਜੈਕਟ ਲਈ ਜੀ.ਐਸ.ਟੀ, ਵੈਟ ਤੇ ਬਿਜਲੀ ਡਿਊਟੀ ਦੀ 10 ਸਾਲ ਲਈ ਮੁਆਫ਼ੀ ਰਾਹੀਂ 108 ਕਰੋੜ ਦੀਆਂ ਛੋਟਾਂ ਵੀ ਦਿੱਤੀਆਂ ਗਈਆਂ। ਚੋਣਾਂ ਤੋਂ ਪਹਿਲਾਂ ਅਕਾਲੀ ਦਲ 'ਤੇ ਬੋਲੇ ਗਏ ਸਿਆਸੀ ਹੱਲੇ 'ਚ ਉਨ੍ਹਾਂ ਜ਼ਮੀਨ ਦੀ ਵਰਤੋਂ ਬਦਲਣ ਵਰਗੇ ਦੋਸ਼ ਵੀ ਲਗਾਏ ਪਰ ਅਕਾਲੀ ਦਲ ਦੇ ਬੁਲਾਰੇ ਅਰਸ਼ਦੀਪ ਸਿੰਘ ਕਲੇਰ ਨੇ ਕਿਹਾ ਕਿ ਮੁੱਖ ਮੰਤਰੀ ਦੋ ਸਾਲ ਤੋਂ ਅਹੁਦੇ 'ਤੇ ਹਨ ਤੇ ਜੇ ਉਨ੍ਹਾਂ ਦੇ ਦੋਸ਼ ਠੀਕ ਹਨ ਤਾਂ ਉਨ੍ਹਾਂ ਕੇਸ ਦਰਜ ਕਰ ਕੇ ਹੁਣ ਤੱਕ ਕਾਰਵਾਈ ਕਿਉਂ ਨਹੀਂ ਕੀਤੀ।

ਉਨ੍ਹਾਂ ਕਿਹਾ ਕਿ ਕਿਸਾਨ ਅੰਦੋਲਨ ਵਿਚ ਹੋਏ ਅਣਮਨੁੱਖੀ ਤਸ਼ੱਦਦ ਅਤੇ ਸ਼ੁਭਕਰਨ ਦੀ ਮੌਤ ਕਾਰਨ ਕੁੜਿੱਕੀ ਵਿਚ ਫਸੇ ਮੁੱਖ ਮੰਤਰੀ ਭਗਵੰਤ ਮਾਨ ਵਲੋਂ ਲੋਕਾਂ ਦਾ ਧਿਆਨ ਅਸਲ ਮੁੱਦਿਆਂ ਤੋਂ ਭਟਕਾਉਣ ਲਈ ਇਹ ਸ਼ਗੂਫ਼ਾ ਛੱਡਿਆ ਗਿਆ ਹੈ, ਜਿਸ ਦਾ ਕੋਈ ਆਧਾਰ ਨਹੀਂ, ਉਨ੍ਹਾਂ ਮੁੱਖ ਮੰਤਰੀ ਨੂੰ ਕੀਤੀ ਗਈ ਇਸ ਦੂਸ਼ਣਬਾਜ਼ੀ ਲਈ ਮੁਆਫ਼ੀ ਮੰਗਣ ਲਈ



ਕਿਹਾ, ਨਹੀਂ ਤਾਂ ਇਕ ਹੋਰ ਮਾਨਹਾਨੀ ਦੇ ਕੇਸ ਦਾ ਸਾਹਮਣਾ ਕਰਨ ਲਈ ਤਿਆਰ ਰਹਿਣ ਦੀ ਵੀ ਚੁਣੌਤੀ ਦਿੱਤੀ।

ਵਰਨਣਯੋਗ ਹੈ ਕਿ ਸਾਬਕਾ ਮੁੱਖ ਮੰਤਰੀ ਕੈਪਟਨ ਅਮਰਿੰਦਰ ਸਿੰਘ ਵਲੋਂ ਵੀ ਮੁੱਖ ਮੰਤਰੀ ਹੁੰਦਿਆਂ ਸੁਖ ਵਿਲਾਸ ਸੰਬੰਧੀ ਅਜਿਹੇ ਦੋਸ਼ ਹੀ ਲਗਾਏ ਗਏ ਸਨ, ਪਰ ਮੰਨਿਆ ਸੀ ਕਿ ਰਿਆਇਤਾਂ ਸੰਬੰਧੀ ਫ਼ੈਸਲੇ ਮੰਤਰੀ ਮੰਡਲ ਵਲੋਂ ਹੋਣ ਕਾਰਨ ਇਸ 'ਤੇ ਕਾਰਵਾਈ ਨਹੀਂ ਹੋ ਸਕਦੀ ਪਰ ਉਨ੍ਹਾਂ ਵਲੋਂ ਸੱਤਾ ਵਿਚਲੇ ਲੋਕਾਂ ਲਈ ਆਪਣੇ ਹੀ ਵਪਾਰ ਆਦਿ ਲਈ ਕੋਈ ਰਿਆਇਤਾਂ ਲੈਣ ਨੂੰ ਖ਼ਤਮ ਕਰਨ ਲਈ 'ਹਿਤਾਂ ਦੇ ਟਕਰਾਅ' ਸੰਬੰਧੀ ਵਿਧਾਨ ਸਭਾ 'ਚ ਬਿੱਲ ਲਿਆਉਣ ਦਾ ਫ਼ੈਸਲਾ ਲਿਆ ਗਿਆ ਸੀ ਪਰ ਉਨ੍ਹਾਂ ਦੀ ਪਾਰਟੀ ਦੇ ਅੰਦਰਲੇ ਦਬਾਅ ਕਾਰਨ ਉਹ ਅਜਿਹਾ ਕਾਨੂੰਨ ਵੀ ਪਾਸ ਨਹੀਂ ਕਰਵਾ ਸਕੇ ਸਨ। ਮੁੱਖ ਮੰਤਰੀ ਵਲੋਂ ਵੀ ਅੱਜ ਜੋ ਦੋਸ਼ ਲਗਾਏ ਗਏ ਹਨ ਉਹ ਦੋਸ਼ਾਂ ਤੋਂ ਵੱਧ ਕੁਝ ਨਹੀਂ ਕਿਉਂਕਿ ਇਨ੍ਹਾਂ ਦੋਸ਼ਾਂ ਸੰਬੰਧੀ ਵੀ ਸਰਕਾਰ ਵਲੋਂ ਅਜੇ ਤੱਕ ਨਾ ਕੋਈ ਮਾਮਲਾ ਦਰਜ ਹੋਇਆ ਹੈ ਅਤੇ ਨਾ ਹੀ ਕਾਰਵਾਈ ਸੰਬੰਧੀ ਹੀ ਕੋਈ ਆਦੇਸ਼ ਹਨ।

ਸ਼੍ਰੋਮਣੀ ਅਕਾਲੀ ਦਲ ਦੇ ਪਰਮਬੰਸ ਸਿੰਘ ਰੋਮਾਣਾ ਨੇ ਜ਼ੋਰ ਦੇ ਕੇ ਕਿਹਾ ਕਿ ਮੁੱਖ ਮੰਤਰੀ ਵੱਲੋਂ ਲਗਾਇਆ ਹਰ ਦੋਸ਼ ਝੂਠਾ ਹੈ ਅਤੇ ਜੇਕਰ ਉਹਨਾਂ ਨੇ ਮਾਮਲੇ ਵਿਚ ਮੁਆਫੀ ਨਾ ਮੰਗੀ ਤਾਂ ਫਿਰ ਉਹਨਾਂ ਨੂੰ ਮਾਣਹਾਨੀ ਦੇ ਮੁਕੱਦਮੇ ਦਾ ਸਾਹਮਣਾ ਕਰਨਾ ਪਵੇਗਾ। ਉਹਨਾਂ ਕਿਹਾ ਕਿ ਸੱਚਾਈ ਇਹ ਹੈ ਕਿ ਜਿਹੜੀ ਨੀਤੀ 'ਤੇ ਮੁੱਖ ਮੰਤਰੀ ਨੇ ਸਵਾਲ ਚੁੱਕੇ ਹਨ, ਉਹ ਅੱਜ ਵੀ ਲਾਗੂ ਹੈ। ਉਹਨਾਂ ਜ਼ੋਰ ਦੇ ਕੇ ਕਿਹਾ ਕਿ ਅਸਲੀਅਤ ਇਹ ਹੈ ਕਿ ਪੰਜਾਬ ਸਰਕਾਰ ਨੇ ਨਿਸ਼ਚਿਤ ਨੀਤੀ ਅਧੀਨ ਛੋਟਾਂ ਦਿੱਤੀਆਂ ਹਨ। ਉਹਨਾਂ ਕਿਹਾ ਕਿ ਮੌਜੂਦਾ ਸਮੇਂ ਵਿਚ ਸੁੱਖ ਵਿਲਾਸ ਨਾਲੋਂ ਵੱਧ ਛੋਟਾਂ ਦਿੱਤੀਆਂ ਜਾ ਰਹੀਆਂ ਹਨ ਉਹਨਾਂ ਇਹ ਵੀ ਸਪਸ਼ਟ ਕੀਤਾ ਕਿ 8 ਹੋਟਲ ਤੇ 56 ਉਦਯੋਗਾਂ ਨੂੰ ਸਕੀਮ ਅਧੀਨ ਲਾਭ ਮਿਲਿਆ ਹੈ। ਉਹਨਾਂ ਇਹ ਵੀ ਸਪਸ਼ਟ ਕੀਤਾ ਕਿ ਹੁਣ ਤੱਕ ਛੋਟਾਂ ਅਮਲ ਵਿਚ ਹਨ।

ਉਹਨਾਂ ਇਹ ਵੀ ਸਪਸ਼ਟ ਕੀਤਾ ਕਿ ਆਪ ਸਰਕਾਰ ਵੱਲੋਂ ਉਲੀਕੀ ਨਵੀਂ ਪੰਜਾਬ ਰਾਜ ਉਦਯੋਗਿਕ ਤੇ ਵਪਾਰ ਵਿਕਾਸ ਨੀਤੀ ਲਈ ਅਗਲੇ 10 ਤੋਂ 15 ਸਾਲ ਤੱਕ ਛੋਟ ਦਿੱਤੀ ਗਈ ਹੈ। ਉਹਨਾਂ ਕਿਹਾ ਕਿ ਇਸ ਤੋਂ ਸਪਸ਼ਟ ਸਾਬਤ ਹੈ ਕਿ ਮੁੱਖ ਮੰਤਰੀ ਜਾਂ ਤਾਂ ਸੂਬੇ ਦੀ ਉਦਯੋਗਿਕ ਨੀਤੀ ਲਈ ਦਿੱਤੀਆਂ ਜਾਂਦੀਆਂ ਛੋਟਾਂ ਪ੍ਰਤੀ ਅਣਜਾਣ ਹੈ ਜਾਂ ਫਿਰ ਜਾਣ ਬੁੱਝ ਕੇ ਡਰਾਮੇ ਕਰ ਰਿਹਾ ਹੈ।

# ਭਗਵੰਤ ਮਾਨ ਦਾ 2,04,918 ਕਰੋੜ ਦਾ ਬਜਟ ਫਲਾਪ ਸ਼ੋਅ

**✪ ਨਾ ਕੋਈ ਨਵੀਂ ਯੋਜਨਾ, ਨਾ ਕੋਈ ਨਵਾਂ ਐਲਾਨ ✪ ਔਰਤਾਂ ਨੂੰ 1 ਹਜ਼ਾਰ ਮਹੀਨਾ ਤੇ ਮੁਲਾਜ਼ਮਾਂ ਨੂੰ ਬਕਾਇਆ ਡੀ.ਏ. ਬਾਰੇ ਚੁਪ ਧਾਰੀ ✪ 22,244 ਕਰੋੜ ਦਾ ਮਾਲੀ ਘਾਟਾ ਦਰਸਾਇਆ ✪ ਆਉਂਦੇ ਵਿੱਤੀ ਸਾਲ ਵਿਚ ਰਾਜ ਸਿਰ ਕਰਜ਼ੇ ਦੀ ਪੰਡ ਵਧ ਕੇ 3 ਲੱਖ 53 ਹਜ਼ਾਰ 600 ਕਰੋੜ 'ਤੇ ਪੁੱਜ ਜਾਵੇਗੀ**



ਪੰਜਾਬ ਟਾਈਮਜ਼ ਅਨੁਸਾਰ ਕੁੱਲ ਮਿਲਾ ਕੇ ਬਜਟ 'ਤੇ ਪਹਿਲੀ ਨਜ਼ਰ ਮਾਰਨ ਨਾਲ ਇਹ ਬਜਟ ਬਹੁਤ ਹੀ ਉੱਚੀਆਂ ਉਮੀਦਾਂ ਵਾਲਾ ਲਗਦਾ ਹੈ ਪਰ ਇਸ ਬਜਟ ਵਿਚ ਇਹ ਨਹੀਂ ਦੱਸਿਆ ਗਿਆ ਕਿ ਪੈਸਾ ਕਿਸ-ਕਿਸ ਮਦ ਤੋਂ ਆਵੇਗਾ ਨਾ ਹੀ ਇਸ ਬਜਟ ਵਿਚ 3 ਲੱਖ ਕਰੋੜ ਰੁਪਏ ਤੋਂ ਉੱਪਰ ਪ੍ਰਾਂਤ ਸਿਰ ਚੜ੍ਹ ਚੁੱਕੇ ਕਰਜ਼ੇ ਅਤੇ ਉਸ ਦੇ ਵਿਆਜ ਦੀ ਸਮੱਸਿਆ ਨਾਲ ਕਿਵੇਂ ਨਿਪਟਿਆ ਜਾਏਗਾ, ਬਾਰੇ ਦੱਸਿਆ ਗਿਆ ਹੈ। ਭਾਵੇਂ ਕਿ ਸਿਹਤ ਸੇਵਾਵਾਂ ਲਈ 5264 ਕਰੋੜ ਰੁਪਏ ਰੱਖੇ ਗਏ ਹਨ ਪਰ ਇਸ ਤੋਂ ਕਿਤੇ ਵੱਧ 9300 ਕਰੋੜ ਰੁਪਏ ਬਿਜਲੀ ਦੀ ਸਬਸਿਡੀ ਵਾਸਤੇ ਰੱਖੇ ਗਏ ਹਨ ਅਤੇ 550 ਕਰੋੜ ਰੁਪਏ ਇਸਤਰੀਆਂ ਦੇ ਮੁਫ਼ਤ ਸਫ਼ਰ ਲਈ ਰੱਖੇ ਗਏ ਹਨ ਪਰ ਕਦੀ ਇਹ ਵਿਚਾਰ ਨਹੀਂ ਕੀਤੀ ਗਈ ਕਿ ਇਹ ਸਬਸਿਡੀ ਭਾਵੇਂ 90 ਫ਼ੀਸਦੀ ਬਿਜਲੀ ਦੇ ਜ਼ੀਰੋ ਬਿੱਲਾਂ ਦੀ ਹੈ ਜਾਂ ਇਸਤਰੀਆਂ ਦੇ ਮੁਫ਼ਤ ਸਫ਼ਰ ਦੀ ਹੈ, ਇਹ ਖਰਚ ਫਿਰ ਪ੍ਰਾਂਤ ਦੇ ਲੋਕਾਂ ਨੂੰ ਹੀ ਦੇਣਾ ਪੈਂਦਾ ਹੈ, ਇਸ ਨੂੰ ਬੰਦ ਕਰਨ ਦੀ ਬਜਾਏ ਵਧਾਉਣਾ ਕਿਸੇ ਯੋਗ ਪ੍ਰਬੰਧ ਦੀ ਨਿਸ਼ਾਨੀ ਨਹੀਂ।


ਚੰਡੀਗੜ੍ਹ-ਪੰਜਾਬ ਵਿਧਾਨ ਸਭਾ ਵਿਚ ਆਉਂਦੇ ਵਿੱਤੀ ਸਾਲ ਲਈ ਵਿੱਤ ਮੰਤਰੀ ਹਰਪਾਲ ਸਿੰਘ ਚੀਮਾ ਵਲੋਂ 2,04,918 ਕਰੋੜ ਦੀਆਂ ਬਜਟ ਤਜਵੀਜ਼ਾਂ ਪੇਸ਼ ਕੀਤੀਆਂ ਗਈਆਂ, ਜਿਸ ਵਿਚ 22,244 ਕਰੋੜ ਦਾ ਮਾਲੀ ਘਾਟਾ ਦਰਸਾਇਆ ਗਿਆ, ਪਰ ਬਜਟ ਵਿਚ ਕੋਈ ਨਵਾਂ ਐਲਾਨ, ਨਵੀਂ ਯੋਜਨਾ ਜਾਂ ਮਾਲੀ ਘਾਟਾ ਪੂਰਾ ਕਰਨ ਲਈ ਨਵੇਂ ਟੈਕਸ ਲਈ ਤਜਵੀਜ਼ ਪੇਸ਼ ਨਹੀਂ ਕੀਤੀ ਗਈ। ਵਿੱਤ ਮੰਤਰੀ ਨੇ ਦਾਅਵਾ ਕੀਤਾ ਕਿ ਉਨ੍ਹਾਂ ਵਲੋਂ ਆਪਣਾ ਤੀਜਾ ਬਜਟ ਵੀ ਟੈਕਸ ਮੁਕਤ ਰੱਖਿਆ ਗਿਆ ਹੈ ਲੇਕਿਨ ਲੋਕ ਸਭਾ ਚੋਣਾਂ ਕਾਰਨ ਪਾਰਟੀ ਦੀ ਚੋਣ ਗਾਰੰਟੀ ਅਨੁਸਾਰ 18 ਸਾਲ ਤੋਂ ਵੱਧ ਉਮਰ ਦੀਆਂ ਔਰਤਾਂ ਨੂੰ ਇਕ ਹਜ਼ਾਰ ਰੁਪਈਆ ਮਹੀਨਾ ਦੇਣ ਦੀ ਵੱਡੀ ਸੰਭਾਵਨਾ ਸੰਬੰਧੀ ਬਜਟ ਵਿਚ ਕੋਈ ਜ਼ਿਕਰ ਨਹੀਂ ਹੋਇਆ ਅਤੇ ਮੁਲਾਜ਼ਮਾਂ ਨੂੰ ਵੀ ਕੇਂਦਰ ਤੇ ਹਰਿਆਣਾ ਵਲੋਂ ਜਾਰੀ ਡੀ.ਏ ਦੀਆਂ ਕਿਸ਼ਤਾਂ ਨਾ ਮਿਲਣ ਕਾਰਨ ਨਿਰਾਸ਼ਾ ਹੋਈ। ਵਿੱਤ ਮੰਤਰੀ ਨੇ ਦੱਸਿਆ ਕਿ ਆਉਂਦੇ ਵਿੱਤੀ ਸਾਲ ਵਿਚ ਰਾਜ ਸਿਰ ਕਰਜ਼ੇ ਦੀ ਪੰਡ ਵਧ ਕੇ 3 ਲੱਖ 53 ਹਜ਼ਾਰ 600 ਕਰੋੜ 'ਤੇ ਪੁੱਜ ਜਾਵੇਗੀ, ਜੋ ਰਾਜ ਦੇ ਕੁਲ ਘਰੇਲੂ ਉਤਪਾਦ ਦਾ 44 ਪ੍ਰਤੀਸ਼ਤ ਹੋਵੇਗੀ। ਅਗਲੇ ਸਾਲ ਦੌਰਾਨ ਰਾਜ ਨੂੰ 41831.48 ਕਰੋੜ ਰੁਪਏ ਕਰਜ਼ੇ 'ਤੇ ਵਿਆਜ ਦੇ ਰੂਪ ਵਿਚ ਮੋੜਨੇ ਪੈਣਗੇ। ਕੁਲ ਮਿਲਾ ਕੇ ਬਜਟ ਤਜਵੀਜ਼ਾਂ ਸੂਬੇ ਦੀ ਆਰਥਿਕਤਾ ਨੂੰ ਕੋਈ ਨਵੀਂ ਦਿਸ਼ਾ ਜਾਂ ਹੁਲਾਰਾ ਦੇਣ ਦੀ ਥਾਂ ਕੇਵਲ ਵਿੱਤ ਵਿਭਾਗ ਦੇ ਲੇਖਿਆਂ ਦਾ ਲੇਖਾ-ਜੋਖਾ ਹੀ ਕਿਹਾ ਜਾ ਸਕਦਾ ਹੈ। ਵਿੱਤ ਮੰਤਰੀ ਵਲੋਂ ਦਾਅਵਾ ਕੀਤਾ ਗਿਆ ਕਿ ਮੌਜੂਦਾ ਸਰਕਾਰ ਦੇ ਕਾਰਜਕਾਲ ਦੌਰਾਨ ਟੈਕਸਾਂ ਦੀ ਵਾਧਾ ਦਰ 13 ਪ੍ਰਤੀਸ਼ਤ 'ਤੇ ਪੁੱਜ ਗਈ ਹੈ, ਜੋ ਸਾਲ 2012-17 ਦੌਰਾਨ 8 ਪ੍ਰਤੀਸ਼ਤ ਅਤੇ 2017 ਤੋਂ 2022 ਦੌਰਾਨ 6 ਪ੍ਰਤੀਸ਼ਤ ਸੀ।

ਬਜਟ ਵਿਚ ਆਉਂਦੇ ਵਿੱਤੀ ਸਾਲ ਲਈ ਸੂਬੇ ਦੀ ਵਾਧਾ ਦਰ 9.41 ਪ੍ਰਤੀਸ਼ਤ ਦਰਸਾਈ ਗਈ ਹੈ ਅਤੇ ਸਾਲ 2024-25 ਦੌਰਾਨ ਰਾਜ ਦਾ ਕੁਲ ਘਰੇਲੂ ਉਤਪਾਦ 8,02,701 ਕਰੋੜ 'ਤੇ ਪੁੱਜ ਜਾਵੇਗਾ। ਬਜਟ ਤਜਵੀਜ਼ਾਂ ਅਨੁਸਾਰ ਸੂਬੇ ਦੇ ਆਪਣੇ ਟੈਕਸਾਂ ਦੀ ਆਮਦਨ ਵਿਚੋਂ 44 ਪ੍ਰਤੀਸ਼ਤ ਜੀ.ਐਸ.ਟੀ., 14 ਪ੍ਰਤੀਸ਼ਤ ਵੈਟ, 10 ਪ੍ਰਤੀਸ਼ਤ ਅਸ਼ਟਾਮ ਡਿਊਟੀ ਤੇ ਰਜਿਸਟ੍ਰੇਸ਼ਨ, 18 ਪ੍ਰਤੀਸ਼ਤ ਆਬਕਾਰੀ, 7 ਪ੍ਰਤੀਸ਼ਤ ਵਾਹਨਾਂ 'ਤੇ ਟੈਕਸਾਂ ਅਤੇ 6 ਪ੍ਰਤੀਸ਼ਤ ਬਿਜਲੀ ਡਿਊਟੀ ਤੋਂ ਪ੍ਰਾਪਤ ਹੋਵੇਗਾ ਜਦੋਂ ਕਿ ਸੂਬੇ ਨੂੰ ਗੈਰ ਕਰਾਂ ਤੋਂ ਆਮਦਨ 11,246 ਕਰੋੜ ਹੋਵੇਗੀ ਅਤੇ ਇਸ ਵਿਚ 11 ਪ੍ਰਤੀਸ਼ਤ ਦਾ ਵਾਧਾ ਦਰਸਾਇਆ ਗਿਆ ਹੈ।ਬਜਟ ਤਜਵੀਜ਼ਾਂ ਅਨੁਸਾਰ ਰਾਜ ਦੀ ਕੁੱਲ ਆਮਦਨ 'ਚੋਂ ਆਪਣੇ ਕਰਾਂ ਤੇ ਆਮਦਨ ਤੋਂ 40.23 ਪ੍ਰਤੀਸ਼ਤ, ਜਨਤਕ ਤੇ ਸਰਕਾਰੀ ਕਰਜ਼ੇ ਰਾਹੀਂ 28.57 ਪ੍ਰਤੀਸ਼ਤ ਕੇਂਦਰੀ ਕਰਾਂ 'ਚੋਂ ਹਿੱਸੇ ਰਾਹੀਂ 15.05 ਪ੍ਰਤੀਸ਼ਤ, ਕੇਂਦਰੀ ਗਰਾਂਟਾਂ ਰਾਹੀਂ 8.02 ਪ੍ਰਤੀਸ਼ਤ ਅਤੇ ਸੂਬੇ ਦੀ ਆਪਣੀ ਗੈਰ ਕਰਾਂ ਰਾਹੀਂ ਆਮਦਨ ਤੋਂ 7.68 ਪ੍ਰਤੀਸ਼ਤ ਪ੍ਰਾਪਤ ਹੋਵੇਗਾ।

ਸੂਬੇ ਦੀ ਕੁੱਲ ਆਮਦਨ ਦਾ 23.78 ਪ੍ਰਤੀਸ਼ਤ ਤਨਖ਼ਾਹਾਂ ਤੇ ਉਜਰਤਾਂ ਅਤੇ 13.39 ਪ੍ਰਤੀਸ਼ਤ ਪੈਨਸ਼ਨਾਂ ਅਤੇ ਸੇਵਾ ਮੁਕਤੀ ਲਾਭਾਂ ਦੇ ਰੂਪ ਵਿਚ ਜਾਵੇਗਾ ਜਦੋਂ ਕਿ ਸੂਬੇ ਦੇ ਕਰਜ਼ੇ ਦੇ ਵਿਆਜ ਦੀ ਅਦਾਇਗੀ ਵਿਚ ਕੁੱਲ ਆਮਦਨ ਦਾ 16.16 ਪ੍ਰਤੀਸ਼ਤ ਅਤੇ ਪੂੰਜੀਗਤ ਖ਼ਰਚਿਆਂ ਸਮੇਤ ਸਰਕਾਰੀ ਕਰਜ਼ਿਆਂ ਦੀ ਅਦਾਇਗੀ ਵਿਚ 13.73 ਪ੍ਰਤੀਸ਼ਤ ਆਮਦਨ ਜਾਵੇਗੀ।ਕੁੱਲ ਮਿਲਾ ਕੇ ਰਾਜ ਦੀ ਕੁੱਲ ਆਮਦਨ 'ਚੋਂ ਆਪਣੇ ਟੈਕਸਾਂ ਤੇ ਗੈਰ ਟੈਕਸਾਂ ਤੋਂ ਆਮਦਨ ਦਾ ਹਿੱਸਾ 68 ਪ੍ਰਤੀਸ਼ਤ ਹੋਵੇਗੀ, ਜਿਸ ਵਿਚ ਕਰਜ਼ਾ ਵੀ ਸ਼ਾਮਿਲ ਹੋਵੇਗਾ ਅਤੇ ਕੇਂਦਰ ਤੋਂ ਗਰਾਂਟਾਂ ਤੇ ਕਰਾਂ ਵਿਚਲਾ ਹਿੱਸਾ 32 ਪ੍ਰਤੀਸ਼ਤ ਹੋਵੇਗਾ। ਬਜਟ ਅਨੁਸਾਰ ਰਾਜ ਦੀ ਸੈਕਟਰ ਵਾਰ ਸਾਲਾਨਾ ਯੋਜਨਾ 'ਚੋਂ ਸਮਾਜਿਕ ਸੇਵਾਵਾਂ 'ਤੇ 70 ਪ੍ਰਤੀਸ਼ਤ ਖਰਚਾ ਹੋਵੇਗਾ ਜਦੋਂ ਕਿ ਖੇਤੀ ਤੇ ਪੇਂਡੂ ਵਿਕਾਸ ਨੂੰ ਕ੍ਰਮਵਾਰ 7-7 ਪ੍ਰਤੀਸ਼ਤ, ਸਿੰਜਾਈ ਤੇ ਆਮ ਸੇਵਾਵਾਂ ਨੂੰ 3-3 ਪ੍ਰਤੀਸ਼ਤ, ਟਰਾਂਸਪੋਰਟ ਨੂੰ 6 ਪ੍ਰਤੀਸ਼ਤ, ਜਨਰਲ ਵਿੱਤੀ ਸੇਵਾਵਾਂ ਨੂੰ 2 ਪ੍ਰਤੀਸ਼ਤ ਅਤੇ ਸਨਅਤ ਤੇ ਊਰਜਾ ਅਤੇ ਸਾਇੰਸ ਤੇ ਤਕਨਾਲੋਜੀ ਨੂੰ ਕ੍ਰਮਵਾਰ ਪਲਾਨ ਦਾ 1-1 ਪ੍ਰਤੀਸ਼ਤ ਮਿਲੇਗਾ। ਵਿੱਤ ਮੰਤਰੀ ਵਲੋਂ ਪੁਲਿਸ, ਜੇਲ੍ਹਾਂ ਤੇ ਨਿਆਂ ਲਈ 10,635 ਕਰੋੜ, ਸਮਾਰਕਾਂ ਦੀ ਸੰਭਾਲ ਲਈ 30 ਕਰੋੜ, ਜ਼ਿਲ੍ਹਾ ਪ੍ਰਬੰਧਕੀ ਕੰਪਲੈਕਸਾਂ, ਤਹਿਸੀਲ ਤੇ ਸਬ ਤਹਿਸੀਲ

ਬਾਕੀ ਹਿਸਾ ਸਫਾ 6 ਤੇ ਪੜ੍ਹੋ

## ਬਜਟ ਵਿਚ ਕਿਸਾਨਾਂ, ਫਸਲੀ ਵਿਭਿੰਨਤਾ ਤੇ ਉਦਯੋਗਾਂ ਦੀ ਪੁਨਰ ਸੁਰਜੀਤੀ ਲਈ ਕੋਈ ਰੋਡਮੈਪ ਨਹੀਂ : ਜਾਖੜ



ਚੰਡੀਗੜ੍ਹ-ਪੇਸ਼ ਕੀਤੇ ਗਏ ਪੰਜਾਬ ਦੇ ਬਜਟ ਨੂੰ ਸਾਡੇ ਕਿਸਾਨ ਭਾਈਚਾਰੇ ਦੀ ਪਿੱਠ ਵਿੱਚ ਇੱਕ ਹੋਰ ਛੁਰਾ ਮਾਰਨ ਵਾਲਾ ਕਰਾਰ ਦਿੰਦਿਆਂ ਇਸ ਦੀ ਆਲੋਚਨਾ ਕੀਤੀ ਗਈ ਹੈ। ਪੰਜਾਬ ਭਾਜਪਾ ਦੇ ਪ੍ਰਧਾਨ ਸੁਨੀਲ ਜਾਖੜ ਨੇ ਕਿਹਾ ਕਿ ਇਹ ਸਰਕਾਰ ਫਸਲੀ ਵਿਭਿੰਨਤਾ, ਧਰਤੀ ਹੇਠਲੇ ਪਾਣੀ ਦੀ ਸੰਭਾਲ ਅਤੇ ਆਮਦਨ ਸਹਾਇਤਾ ਵਰਗੇ ਬੇਹੱਦ ਅਹਿਮ ਮੁੱਦਿਆਂ 'ਤੇ ਕਿਸਾਨਾਂ ਦੀਆਂ ਚਿੰਤਾਵਾਂ ਨੂੰ ਦੂਰ ਕਰਨ 'ਚ ਇਕ ਵਾਰ ਫਿਰ ਅਸਫਲ ਰਹੀ ਹੈ। ਜਾਖੜ ਨੇ ਕਿਹਾ ਕਿ ਇਹ ਤੀਸਰਾ ਸਾਲ ਹੈ ਅਤੇ ਇਸ ਤੋਂ ਸਾਫ ਹੈ ਕਿ ਇਸ ਸਰਕਾਰ ਕੋਲ ਕਿਸਾਨਾਂ ਦਾ ਕੋਈ ਹੱਲ ਨਹੀਂ ਹੈ ਅਤੇ ਨਾ ਹੀ ਇਸ ਸਰਕਾਰ ਵਿੱਚ ਉਹ ਵਾਅਦਾ ਪੂਰਾ ਕਰਨ ਦੀ ਹਿੰਮਤ ਹੈ ਜੋ ਭਗਵੰਤ ਮਾਨ ਨੇ ਵੋਟਾਂ ਮੰਗਣ ਸਮੇਂ ਕਿਸਾਨਾਂ ਨਾਲ ਕੀਤਾ ਸੀ। ਸੂਬਾ ਭਾਜਪਾ ਪ੍ਰਧਾਨ ਨੇ ਕਿਹਾ ਕਿ ਇਸ ਸਰਕਾਰ ਨੇ ਫਸਲੀ ਵਿਭਿੰਨਤਾ ਲਈ ਕੁਝ ਨਹੀਂ ਕੀਤਾ ਅਤੇ ਪੇਸ਼ ਕੀਤਾ ਬਜਟ ਇਕ ਵਾਰ ਫਿਰ ਨਿਰਾਸ਼ਾਜਨਕ ਹੈ। ਉਨ੍ਹਾਂ ਕਿਹਾ ਕਿ ਉਦਯੋਗ ਖੇਤਰ ਸਮੇਤ ਕਿਸੇ ਵੀ ਖੇਤਰ ਲਈ ਕੋਈ ਰੋਡਮੈਪ ਨਹੀਂ ਹੈ ਅਤੇ ਇਹ 'ਇਤਿਹਾਸਕ' ਵਿਕਾਸ ਦੇ ਨਾਮ 'ਤੇ ਝੂਠ, ਖਾਲੀ ਵਾਅਦਿਆਂ ਅਤੇ ਪ੍ਰਚਾਰ ਦਾ ਇੱਕ ਮਿਸ਼ਰਣ ਹੈ, ਜੋ ਇਸ ਸ਼ਾਸਨ ਦਾ ਇੱਕ ਪਸੰਦੀਦਾ ਸ਼ਬਦ ਹੈ, ਜਿਸ ਨੇ ਇਸ ਵਿੱਚ ਆਪਣੀਆਂ ਵੱਡੀਆਂ ਅਸਫਲਤਾਵਾਂ ਲੁਕਾਉਣ ਲਈ ਇਸ ਨਾਮ ਤੇ ਕੀਤੀਆਂ ਹਨ।

## ਬਜਟ 'ਚ ਪੰਜਾਬੀਆਂ ਨਾਲ ਧੋਖਾ ਕੀਤਾ: ਸੁਖਬੀਰ



ਚੰਡੀਗੜ੍ਹ-ਸ਼੍ਰੋਮਣੀ ਅਕਾਲੀ ਦਲ ਦੇ ਪ੍ਰਧਾਨ ਸੁਖਬੀਰ ਸਿੰਘ ਬਾਦਲ ਨੇ ਕਿਹਾ ਕਿ ਭਗਵੰਤ ਮਾਨ ਦੀ ਅਗਵਾਈ ਵਾਲੀ 'ਆਪ' ਸਰਕਾਰ ਨੇ ਸਾਲ 2024-25 ਦੇ ਬਜਟ ਵਿੱਚ ਪੰਜਾਬੀਆਂ ਨਾਲ ਵੱਡਾ ਧੋਖਾ ਕੀਤਾ ਹੈ। ਉਨ੍ਹਾਂ ਦੋਸ਼ ਲਾਇਆ ਕਿ ਇਸ ਬਜਟ ਵਿੱਚ ਹਰ ਵਰਗ ਨੂੰ ਹੀ ਨਾਰਾਜ਼ ਕੀਤਾ ਗਿਆ ਹੈ। ਬਜਟ ਵਿੱਚ ਦੋ ਸਾਲ ਪਹਿਲਾਂ 'ਆਪ' ਸਰਕਾਰ ਵੱਲੋਂ ਔਰਤਾਂ ਨੂੰ ਇੱਕ ਹਜ਼ਾਰ ਰੁਪਏ ਪ੍ਰਤੀ ਮਹੀਨਾ ਦੇਣ ਦੇ ਕੀਤੇ ਵਾਅਦੇ ਵਾਸਤੇ ਕੋਈ ਪੈਸਾ ਨਹੀਂ ਰੱਖਿਆ ਗਿਆ। ਇਸ ਦੇ ਨਾਲ ਹੀ ਸਰਕਾਰ ਨੇ ਪੁਰਾਣੀ ਪੈਨਸ਼ਨ ਸਕੀਮ ਲਾਗੂ ਕਰਨ ਵਾਸਤੇ ਵੀ ਕੋਈ ਪੈਸਾ ਨਹੀਂ ਰੱਖਿਆ, ਜਦਕਿ ਇਸ ਦਾ ਨੋਟੀਫਿਕੇਸ਼ਨ ਇੱਕ ਸਾਲ ਪਹਿਲਾਂ ਜਾਰੀ ਕਰ ਦਿੱਤਾ ਗਿਆ ਸੀ। ਉਨ੍ਹਾਂ ਕਿਹਾ ਕਿ 'ਆਪ' ਸਰਕਾਰ ਨੇ ਨੌਜਵਾਨਾਂ ਤੇ ਉਦਯੋਗਿਕ ਖੇਤਰ ਨਾਲ ਮਜ਼ਾਕ ਕੀਤਾ ਹੈ। ਪੰਜਾਬ ਉੱਦਮਤਾ ਸਕੀਮ ਵਾਸਤੇ ਸਿਰਫ 15 ਕਰੋੜ ਰੁਪਏ ਰੱਖੇ ਗਏ ਹਨ। ਪੰਜਾਬ ਹੁਨਰ ਵਿਕਾਸ ਤੇ ਸੀ ਪਾਈਟ ਸਕੀਮ ਵਾਸਤੇ ਸਿਰਫ਼ 46 ਕਰੋੜ ਰੁਪਏ ਰੱਖੇ ਗਏ ਹਨ। ਉਨ੍ਹਾਂ ਨੇ ਕਿਹਾ ਕਿ ਕੁਦਰਤੀ ਆਫ਼ਤਾਂ ਵਾਸਤੇ ਸਰਕਾਰ ਨੇ ਸਿਰਫ 130 ਕਰੋੜ ਰੁਪਏ ਰੱਖੇ ਹਨ, ਜਦਕਿ ਪਿਛਲੀ ਅਕਾਲੀ ਦਲ ਦੀ ਸਰਕਾਰ ਨੇ ਸਿਰਫ਼ ਇਕ ਸਾਲ ਵਿੱਚ ਹੀ ਹੜ੍ਹਾਂ ਨਾਲ ਹੋਏ ਨੁਕਸਾਨ ਬਦਲੇ 650 ਕਰੋੜ ਰੁਪਏ ਦੀ ਰਾਹਤ ਦਿੱਤੀ ਸੀ। ਨਵੇਂ ਉਦਯੋਗਾਂ ਨੂੰ ਹੱਲਾਸ਼ੇਰੀ ਦੇਣ ਵਾਸਤੇ ਸਿਰਫ 50 ਕਰੋੜ ਰੁਪਏ ਰੱਖ ਕੇ ਸਨਅਤ ਨਾਲ ਵੀ ਮਜ਼ਾਕ ਕੀਤਾ ਹੈ।

# ਰਮੇਸ਼ ਸਿੰਘ ਅਰੋੜਾ ਬਣੇ ਪਾਕਿਸਤਾਨ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਪ੍ਰਧਾਨ, ਸਤਵੰਤ ਕੌਰ ਜਨਰਲ ਸਕੱਤਰ ਬਣੇ

ਅੰਮ੍ਰਿਤਸਰ-ਪਾਕਿਸਤਾਨ ਸਿੱਖ ਗੁਰਦੁਆਰਾ ਪ੍ਰਬੰਧਕ ਕਮੇਟੀ (ਪੀ. ਐੱਸ. ਜੀ. ਪੀ. ਸੀ.) ਦੇ ਨਵੇਂ ਚੁਣੇ ਗਏ ਮੈਂਬਰਾਂ ਦੀ ਪਲੇਠੀ ਮੀਟਿੰਗ ਇਵੈਕੁਈ ਟਰੱਸਟ ਪ੍ਰਾਪਰਟੀ ਬੋਰਡ ਦੇ ਚੇਅਰਮੈਨ ਅਰਸ਼ਦ ਫ਼ਰੀਦ ਖ਼ਾਨ ਦੀ ਪ੍ਰਧਾਨਗੀ ਹੇਠ ਇਸਲਾਮਾਬਾਦ ਵਿਖੇ ਹੋਈ ਮੀਟਿੰਗ ਵਿਚ ਵਧੀਕ ਸਕੱਤਰ (ਸ਼ਰਾਈਨਜ਼) ਰਾਣਾ ਸ਼ਾਹਿਦ ਸਲੀਮ ਨੇ ਵੀ ਸ਼ਮੂਲੀਅਤ ਕੀਤੀ।





ਮੈਂਬਰਾਂ ਨੇ ਸਰਬਸੰਮਤੀ ਨਾਲ ਰਮੇਸ਼ ਸਿੰਘ ਅਰੋੜਾ ਨੂੰ ਕਮੇਟੀ ਦਾ ਪ੍ਰਧਾਨ ਚੁਣ ਲਿਆ। ਜਦਕਿ ਪਹਿਲੀ ਵਾਰ ਪੀ. ਐੱਸ. ਜੀ. ਪੀ. ਸੀ. ਵਿਚ ਸ਼ਾਮਿਲ ਕੀਤੀ ਗਈ ਇਸਤਰੀ ਮੈਂਬਰ ਬੀਬੀ ਸਤਵੰਤ ਕੌਰ ਪਤਨੀ ਰਣਜੀਤ ਸਿੰਘ ਰਾਜਸਥਾਨੀ ਨੂੰ ਜਨਰਲ ਸਕੱਤਰ ਚੁਣਿਆ ਗਿਆ ਦੱਸਿਆ ਜਾ ਰਿਹਾ ਹੈ ਕਿ ਇਵੈਕੁਈ ਟਰੱਸਟ ਪ੍ਰਾਪਰਟੀ ਬੋਰਡ ਈ. ਟੀ. ਪੀ. ਬੀ. ਵਲੋਂ ਪੀ. ਐਸ. ਜੀ. ਪੀ. ਸੀ. 'ਚ ਕੀਤੀ ਗਈ ਤਬਦੀਲੀ ਦੇ ਚੱਲਦਿਆਂ ਅਗਾਂਹ ਈ. ਟੀ. ਪੀ. ਬੀ. ਦੇ ਚੇਅਰਮੈਨ ਗੁਰਦੁਆਰਾ ਕਮੇਟੀ ਦੇ ਕਨਵੀਨਰ, ਧਾਰਮਿਕ ਮਾਮਲਿਆਂ ਅਤੇ ਆਪਸੀ ਸਦਭਾਵਨਾ ਮੰਤਰਾਲੇ ਦੇ ਸੰਯੁਕਤ ਸਕੱਤਰ ਕਮੇਟੀ ਦੇ ਸਰਕਾਰੀ ਮੈਂਬਰ ਅਤੇ ਬੋਰਡ ਦੇ ਵਧੀਕ ਸਕੱਤਰ (ਸ਼ਰਾਈਨਜ਼) ਕਮੇਟੀ ਦੇ ਸਕੱਤਰ ਰਹਿਣਗੇ। ਜਦਕਿ ਰਮੇਸ਼ ਸਿੰਘ ਅਰੋੜਾ ਅਤੇ ਸਤਵੰਤ ਕੌਰ ਸਮੇਤ ਗੁਰਦੁਆਰਾ ਕਮੇਟੀ ਦੇ ਸਿੱਖ ਮੈਂਬਰਾਂ ਤਾਰਾ ਸਿੰਘ, ਸਤਵੰਤ ਸਿੰਘ, ਹਰਮੀਤ ਸਿੰਘ , ਮਹੇਸ਼ ਸਿੰਘ, ਭਗਤ ਸਿੰਘ, ਸਾਹਿਬ ਸਿੰਘ , ਡਾ. ਮਿਮਪਾਲ ਸਿੰਘ ਅਤੇ ਸਾਬਕਾ ਜਨਰਲ ਸਕੱਤਰ ਗੋਪਾਲ ਸਿੰਘ ਚਾਵਲਾ ਦੇ ਭਰਾ ਗਿਆਨ ਸਿੰਘ ਨੂੰ ਕਮੇਟੀ ਵਿਚ ਗ਼ੈਰ ਸਰਕਾਰੀ ਮੈਂਬਰ ਵਜੋਂ ਨਿਯੁਕਤ ਕੀਤਾ ਗਿਆ ਹੈ।

ਇਨ੍ਹਾਂ ਸਭ ਦੀ ਨਿਯੁਕਤੀ ਅਗਲੇ ਤਿੰਨ ਸਾਲ ਲਈ ਕੀਤੀ ਗਈ ਹੈ।

# ਸ਼ਾਹਬਾਜ਼ ਸ਼ਰੀਫ਼ ਪਾਕਿਸਤਾਨ ਦੇ ਪ੍ਰਧਾਨ ਮੰਤਰੀ ਬਣੇ

## ○ ਮੋਦੀ ਨੇ ਸ਼ਾਹਬਾਜ਼ ਨੂੰ ਪਾਕਿਸਤਾਨ ਦਾ ਪ੍ਰਧਾਨ ਮੰਤਰੀ ਬਣਨ 'ਤੇ ਦਿੱਤੀ ਵਧਾਈ

ਇਸਲਾਮਾਬਾਦ-ਪੀਐੱਮਐੱਲ-ਐੱਨ ਆਗੂ ਸ਼ਾਹਬਾਜ਼ ਸ਼ਰੀਫ਼ (72) ਨੇ ਪਾਕਿਸਤਾਨ ਦੇ ਪ੍ਰਧਾਨ ਮੰਤਰੀ ਵਜੋਂ ਬੀਤੇ ਦਿਨੀਂ ਹਲਫ਼ ਲਿਆ। ਦੇਸ਼ ਨੂੰ ਦਰਪੇਸ਼ ਆਰਥਿਕ ਅਤੇ ਸੁਰੱਖਿਆ ਚੁਣੌਤੀਆਂ ਦਰਮਿਆਨ ਉਨ੍ਹਾਂ ਲਗਾਤਾਰ ਦੂਜੀ ਵਾਰ ਦੇਸ਼ ਦੀ ਵਾਗਡੋਰ ਸੰਭਾਲੀ ਹੈ। ਰਾਸ਼ਟਰਪਤੀ ਆਰਿਫ਼ ਅਲਵੀ ਨੇ 'ਐਵਾਨ-ਏ-ਸਦਰ' ਵਿੱਚ ਹੋਏ ਸਮਾਗਮ ਦੌਰਾਨ ਸ਼ਾਹਬਾਜ਼ ਨੂੰ ਹਲਫ਼ ਦਿਵਾਇਆ। ਹਲਫ਼ਦਾਰੀ ਸਮਾਗਮ ਦੌਰਾਨ ਤਿੰਨੋਂ ਸੈਨਾਵਾਂ ਦੇ ਮੁਖੀ, ਸੀਨੀਅਰ ਅਧਿਕਾਰੀ, ਡਿਪਲੋਮੈਟ, ਉੱਘੇ ਕਾਰੋਬਾਰੀ ਅਤੇ ਹੋਰ ਪਤਵੰਤੇ ਹਾਜ਼ਰ ਸਨ। ਇਸ ਮੌਕੇ ਕਾਰਜਕਾਰੀ ਪ੍ਰਧਾਨ ਮੰਤਰੀ ਅਨਵਰਉੱਲ ਹੱਕ ਕਾਕਰ ਦੇ ਨਾਲ ਸਾਬਕਾ ਪ੍ਰਧਾਨ ਮੰਤਰੀ ਤੇ ਸ਼ਾਹਬਾਜ਼ ਦੇ ਭਰਾ ਨਵਾਜ਼ ਸ਼ਰੀਫ਼, ਪੰਜਾਬ ਦੀ ਮੁੱਖ ਮੰਤਰੀ ਮਰੀਅਮ ਨਵਾਜ਼ ਅਤੇ ਸਿੰਧ ਦੇ ਮੁੱਖ ਮੰਤਰੀ ਮੁਰਾਦ ਅਲੀ ਸ਼ਾਹ ਵੀ ਮੌਜੂਦ ਸਨ। ਇਸ ਤੋਂ ਪਹਿਲਾਂ ਸ਼ਾਹਬਾਜ਼ ਅਪਰੈਲ 2022 ਤੋਂ ਅਗਸਤ 2023 ਤੱਕ ਗੱਠਜੋੜ ਸਰਕਾਰ ਦੇ ਪ੍ਰਧਾਨ ਮੰਤਰੀ ਰਹੇ ਸਨ। ਬੇਭਰੋਸਗੀ ਦੇ ਮਤੇ ਰਾਹੀਂ ਇਮਰਾਨ ਨੂੰ ਸੱਤਾ ਤੋਂ ਲਾਂਭੇ ਕਰਨ ਮਗਰੋਂ ਜਦੋਂ ਸ਼ਾਹਬਾਜ਼ ਪ੍ਰਧਾਨ ਮੰਤਰੀ ਅਹੁਦੇ ਲਈ ਚੁਣੇ ਗਏ ਸਨ ਤਾਂ ਅਲਵੀ ਨੇ ਸਿਹਤ ਨਾਸਾਜ਼ ਹੋਣ ਦਾ ਬਹਾਨਾ ਬਣਾ ਕੇ ਉਨ੍ਹਾਂ ਨੂੰ ਹਲਫ਼ ਦਿਵਾਉਣ ਤੋਂ ਇਨਕਾਰ ਕਰ ਦਿੱਤਾ ਸੀ। ਉਸ ਸਮੇਂ ਸੈਨੇਟ ਚੇਅਰਮੈਨ ਸਾਦਿਕ ਸੰਜਰਾਨੀ ਨੇ ਸ਼ਾਹਬਾਜ਼ ਨੂੰ ਹਲਫ਼ ਦਿਵਾਇਆ ਸੀ। ਹੁਣ ਵੀ ਮੰਨਿਆ ਜਾ ਰਿਹਾ ਸੀ ਕਿ ਅਲਵੀ ਸਮਾਗਮ ਤੋਂ



ਦੂਰ ਰਹਿ ਸਕਦੇ ਹਨ ਪਰ ਉਹ ਹਲਫ਼ ਦਿਵਾਉਣ ਲਈ ਰਾਜ਼ੀ ਹੋ ਗਏ ਸਨ। ਸ਼ਾਹਬਾਜ਼ ਨੇ ਨਵੀਂ ਚੁਣੀ ਗਈ ਸੰਸਦ 'ਚ ਬੀਤੇ ਐਤਵਾਰ ਨੂੰ ਵਿਰੋਧੀ ਧਿਰ ਦੀ ਨਾਅਰੇਬਾਜ਼ੀ ਦਰਮਿਆਨ ਬਹੁਮਤ ਸਾਬਿਤ ਕੀਤਾ ਸੀ। ਪੀਐੱਮਐੱਲ-ਐੱਨ ਅਤੇ ਪੀਪੀਪੀ ਦੇ ਸਾਂਝੇ ਉਮੀਦਵਾਰ ਸ਼ਾਹਬਾਜ਼ ਨੂੰ 336 ਮੈਂਬਰੀ ਸੰਸਦ 'ਚ 201 ਵੋਟਾਂ ਮਿਲੀਆਂ ਸਨ ਜਦਕਿ ਵਿਰੋਧੀ ਉਮਰ ਅਯੂਬ ਖ਼ਾਨ ਨੇ 92 ਵੋਟਾਂ ਹਾਸਲ ਕੀਤੀਆਂ।

ਪ੍ਰਧਾਨ ਮੰਤਰੀ ਨਰਿੰਦਰ ਮੋਦੀ ਨੇ ਪਾਕਿਸਤਾਨ ਦੇ ਪ੍ਰਧਾਨ ਮੰਤਰੀ ਵਜੋਂ ਸਹੁੰ ਚੁੱਕਣ ਵਾਲੇ ਪਾਕਿਸਤਾਨ ਮੁਸਲਿਮ ਲੀਗ-ਨਵਾਜ਼ ਪਾਰਟੀ ਦੇ ਨੇਤਾ ਸ਼ਾਹਬਾਜ਼ ਸ਼ਰੀਫ ਨੂੰ ਵਧਾਈ ਦਿੱਤੀ।

# ਮਰਹੂਮ ਚਿਤਰਕਾਰ ਦੀ ਯਾਦ 'ਚ ਗੋਲਡ ਮੈਡਲ ਪੰਜਾਬੀ ਯੂਨੀਵਰਸਿਟੀ ਸਥਾਪਤ



*ਚਿਤਰਕਾਰ ਦਾ ਸਪੁੱਤਰ ਜੋਤਿੰਦਰ ਸਿੰਘ ਸੇਵਾ ਮੁਕਤ ਇੰਜਿਨੀਅਰ-ਇਨ-ਚੀਫ਼ ਤੇ ਚਿਤਰਕਾਰ ਦੀ ਨੂੰਹ ਹਰਪਾਲ ਕੌਰ ਵਿਦਿਆਰਥੀ ਮਿਸ. ਮੁਸਕਾਨ ਬਿਸ਼ਨੋਈ ਨੂੰ ਆਸ਼ੀਰਵਾਦ ਦਿੰਦੇ ਹੋਏ।*

ਪਟਿਆਲਾ-ਪੰਜਾਬੀ ਸਭਿਅਚਾਰ ਖਾਸ ਤੌਰ 'ਤੇ ਸਿੱਖ ਇਤਿਹਾਸ ਨੂੰ ਚਿਤਾਂ ਨਾਲ ਦ੍ਰਿਸ਼ਟਾਂਤ ਕਰਨ ਵਾਲੇ ਸੁਪ੍ਰਸਿੱਧ ਮਰਹੂਮ ਚਿਤਰਕਾਰ ਤ੍ਰਿਲੋਕ ਸਿੰਘ ਦੀ ਯਾਦ ਨੂੰ ਤਾਜਾ ਰੱਖਣ ਲਈ ਉਨ੍ਹਾਂ ਦੇ ਸਪੁੱਤਰ ਇੰਜਿਨੀਅਰ ਜੋਤਿੰਦਰ ਸਿੰਘ ਦੀਆਂ ਕੋਸ਼ਿਸ਼ਾਂ ਨਾਲ ਉਨ੍ਹਾਂ ਦੇ ਨਾਮ 'ਤੇ ਇੱਕ ਗੋਲਡ ਮੈਡਲ ਪੰਜਾਬੀ ਯੂਨੀਵਰਸਿਟੀ ਨੇ ਸਥਾਪਤ ਕੀਤਾ ਸੀ। ਇਹ ਗੋਲਡ ਮੈਡਲ ਐਮ.ਏ.ਫ਼ਈਨ ਆਰਟਸ ਵਿੱਚੋਂ ਪਹਿਲੇ ਨੰਬਰ 'ਤੇ ਆਉਣ ਵਾਲੇ ਵਿਦਿਆਰਥੀ ਨੂੰ ਦੇਣ ਲਈ 2005 ਵਿੱਚ ਸਥਾਪਤ ਕੀਤਾ ਸੀ। ਪੰਜਾਬੀ ਯੂਨੀਵਰਸਿਟੀ ਦੀ 40ਵੀਂ ਕਨਵੋਕੇਸ਼ਨ 28 ਫ਼ਰਵਰੀ 2024 ਨੂੰ ਵਿਧੀ ਪੂਰਵਕ ਹੋਈ। ਇਸ ਕਨਵੈਨਸ਼ਨ ਦੀ ਪ੍ਰਧਾਨਗੀ ਪੰਜਾਬੀ ਯੂਨੀਵਰਸਿਟੀ ਪਟਿਆਲਾ ਦੇ ਚਾਂਸਲਰ ਪੰਜਾਬ ਦੇ ਰਾਜਪਾਲ ਸ੍ਰੀ ਬਨਵਾਰੀ ਲਾਲ ਪਰੋਹਿਤ ਨੇ ਕੀਤੀ ਸੀ। ਇਸ ਮੌਕੇ 'ਤੇ 'ਸ੍ਰ.ਤ੍ਰਿਲੋਕ ਸਿੰਘ ਗੋਲਡ ਮੈਡਲ' ਐਮ.ਏ.ਫ਼ਾਈਨ ਆਰਟਸ ਦੇ ਪਹਿਲੇ ਨੰਬਰ 'ਤੇ ਆਉਣ ਵਾਲੀ ਵਿਦਿਆਰਥਣ ਮਿਸ.ਮੁਸਕਾਨ ਬਿਸ਼ਨੋਈ ਨੂੰ ਦਿੱਤਾ ਗਿਆ।

# ਸਰਕਾਰ ਨੇ ਮੁੜ ਸਾਰੇ ਵਰਗਾਂ ਨੂੰ ਨਿਰਾਸ਼ ਕੀਤਾ: ਬਾਜਵਾ

ਚੰਡੀਗੜ੍ਹ-ਪੰਜਾਬ ਵਿਧਾਨ ਸਭਾ ਵਿੱਚ ਵਿਰੋਧੀ ਧਿਰ ਦੇ ਆਗੂ ਪ੍ਰਤਾਪ ਸਿੰਘ ਬਾਜਵਾ ਨੇ ਪੰਜਾਬ ਸਰਕਾਰ ਦੇ ਵਿੱਤੀ ਵਰ੍ਹੇ 2024-25 ਦੇ ਤੀਜੇ ਬਜਟ ਨੂੰ ਪੂਰੀ ਤਰ੍ਹਾਂ ਅਸਫ਼ਲ ਕਰਾਰ ਦਿੱਤਾ ਤੇ ਕਿਹਾ ਕਿ ਸਰਕਾਰ ਨੇ ਮੁੜ ਸਾਰੇ ਵਰਗਾਂ ਨੂੰ ਨਿਰਾਸ਼ ਕੀਤਾ ਹੈ। ਬਾਜਵਾ ਨੇ ਕਿਹਾ ਕਿ ਸੂਬਾ ਸਰਕਾਰ ਦੋ ਸਾਲ ਬਾਅਦ ਵੀ 18 ਸਾਲ ਤੋਂ ਵੱਧ ਉਮਰ ਦੀਆਂ ਔਰਤਾਂ ਨੂੰ 1000 ਰੁਪਏ ਪ੍ਰਤੀ ਮਹੀਨਾ ਦੇਣ ਵਿੱਚ ਨਾਕਾਮ ਰਹੀ ਹੈ। ਉਨ੍ਹਾਂ ਕਿਹਾ ਕਿ 'ਆਪ' ਸਰਕਾਰ ਕਰਜ਼ਾ ਘਟਾਉਣ ਦਾ ਦਾਅਵਾ ਕਰਦੀ ਸੀ, ਪਰ ਪੰਜਾਬ ਸਿਰ ਕਰਜ਼ਾ ਲਗਾਤਾਰ ਵਧਦਾ ਜਾ ਰਿਹਾ ਹੈ। 'ਆਪ' ਸਰਕਾਰ ਨੇ ਜਨਵਰੀ 2024 ਦੇ ਅੰਤ ਤੱਕ 60,000 ਕਰੋੜ ਰੁਪਏ ਦਾ ਨਵਾਂ ਕਰਜ਼ਾ ਲਿਆ ਸੀ। ਇਸ ਤੋਂ ਇਲਾਵਾ ਫਰਵਰੀ ਤੇ ਮਾਰਚ ਵਿੱਚ 'ਆਪ' ਨੇ 7000 ਕਰੋੜ ਰੁਪਏ ਦਾ ਕਰਜ਼ਾ ਲਿਆ ਸੀ। ਉਨ੍ਹਾਂ ਕਿਹਾ ਕਿ ਸਰਕਾਰ ਨੇ ਫਸਲੀ ਵਿਭਿੰਨਤਾ ਲਈ ਸਿਰਫ 575 ਕਰੋੜ ਰੁਪਏ ਰੱਖੇ ਹਨ, ਜੋ ਉਮੀਦ ਤੋਂ ਕਿਤੇ ਘੱਟ ਹੈ।



### 5 ਸਫ਼ੇ ਦੀ ਬਾਕੀ

ਕੰਪਲੈਕਸਾਂ ਦੇ ਨਿਰਮਾਣ ਤੇ ਮੁਰੰਮਤ ਲਈ 150 ਕਰੋੜ, ਰਾਜ ਦੀਆਂ ਯੂਨੀਵਰਸਿਟੀਆਂ ਦੀ ਸਹਾਇਤਾ ਲਈ 1425 ਕਰੋੜ ਰੁਪਏ, ਪੰਜਾਬ ਯੂਨੀਵਰਸਿਟੀ ਵਿਚ ਹੋਸਟਲ ਦੀ ਉਸਾਰੀ ਲਈ 40 ਕਰੋੜ ਰੁਪਏ, ਸਨਅਤੀ ਖੇਤਰ ਨੂੰ ਸਬਸਿਡੀ ਵਾਲੀ ਬਿਜਲੀ ਲਈ 3,367 ਕਰੋੜ ਰੁਪਏ, ਕਿਸਾਨਾਂ ਨੂੰ ਮੁਫ਼ਤ ਬਿਜਲੀ ਦੇਣ ਲਈ 9330 ਕਰੋੜ ਰੁਪਏ, ਖੇਤੀਬਾੜੀ ਲਈ 13,784 ਕਰੋੜ ਤੇ ਫ਼ਸਲੀ ਵਿਭਿੰਨਤਾ ਲਈ 575 ਕਰੋੜ ਰੁਪਏ, 118 ਸਰਕਾਰੀ ਸਕੂਲ ਆਫ਼ ਐਮੀਨੈਂਸ ਲਈ 100 ਕਰੋੜ ਰੁਪਏ, ਸਰਕਾਰੀ ਮੈਡੀਕਲ ਕਾਲਜ ਅੰਮ੍ਰਿਤਸਰ ਵਿਖੇ ਸੂਬਾ ਕੈਂਸਰ ਇੰਸਟੀਚਿਊਟ ਦੀ ਸਥਾਪਤੀ ਲਈ 114 ਕਰੋੜ ਅਤੇ ਫ਼ਾਜ਼ਿਲਕਾ ਵਿਖੇ ਕੈਂਸਰ ਸੈਂਟਰ ਸਥਾਪਤ ਕਰਨ ਲਈ 45 ਕਰੋੜ ਦੀ ਰਾਸ਼ੀ ਰੱਖਣ ਦਾ ਐਲਾਨ ਵੀ ਕੀਤਾ।

ਵਿੱਤ ਮੰਤਰੀ ਨੇ ਕਿਹਾ ਕਿ ਉਨ੍ਹਾਂ ਦੀ ਸਰਕਾਰ ਨਵੇਂ ਟੈਕਸ ਲਗਾਉਣ ਦੀ ਥਾਂ ਮੌਜੂਦਾ ਟੈਕਸਾਂ ਦੀ ਉਗਰਾਹੀ ਬਿਹਤਰ ਬਣਾਉਣ ਅਤੇ ਚੋਰੀ ਨੂੰ ਖ਼ਤਮ ਕਰਨ ਦੀਆਂ ਕੋਸ਼ਿਸ਼ਾਂ ਜਾਰੀ ਰੱਖੇਗੀ।

# ਮਾਰਚ ਮਹੀਨੇ ਦੌਰਾਨ 3800 ਕਰੋੜ ਦਾ ਹੋਰ ਕਰਜ਼ਾ ਚੁੱਕਣ ਦੀ ਤਿਆਰੀ ਵਿਚ ਪੰਜਾਬ ਸਰਕਾਰ

## ✪ ਆਪ ਸਰਕਾਰ ਨੇ ਪਿਛਲੀਆਂ ਸਰਕਾਰਾਂ ਨਾਲੋਂ ਵੱਧ ਕਰਜ਼ਾ ਚੁੱਕਣ ਦਾ ਰਿਕਾਰਡ ਬਣਾਇਆ



ਚੰਡੀਗੜ੍ਹ-ਸੂਬੇ 'ਚ ਬਦਲਾਅ ਦੇ ਨਾਂਅ 'ਤੇ ਸੱਤਾ ਵਿਚ ਆਉਣ ਵਾਲੀ ਆਮ ਆਦਮੀ ਪਾਰਟੀ ਦੀ ਸਰਕਾਰ ਵਲੋਂ ਕਰਜ਼ੇ ਚੁੱਕ-ਚੁੱਕ ਕੇ ਬਦਲਾਅ ਲਿਆਂਦਾ ਜਾ ਰਿਹਾ ਹੈ। ਸੱਤਾ ਵਿਚ ਆਉਣ ਤੋਂ ਪਹਿਲਾਂ ਪੰਜਾਬ ਸਿਰ ਚੜ੍ਹੇ ਕਰਜ਼ਿਆਂ ਦੀ ਪੰਡ ਉਤਾਰਨ ਅਤੇ ਹੋਰ ਕਰਜ਼ੇ ਨਾ ਲੈਣ ਦੇ ਦਾਅਵੇ ਕਰਨ ਵਾਲੀ ਆਪ ਪਾਰਟੀ ਸੱਤਾ ਵਿਚ ਆਉਣ ਮਗਰੋਂ ਕਰਜ਼ੇ ਚੁੱਕ-ਚੁੱਕ ਕੇ ਕੰਮ ਚਲਾ ਰਹੀ ਹੈ। ਭਾਰਤੀ ਰਿਜ਼ਰਵ ਬੈਂਕ ਤੋਂ ਮਿਲੀ ਜਾਣਕਾਰੀ ਅਨੁਸਾਰ ਲੰਘੇ ਸਾਲ 29 ਦਸੰਬਰ 2023 ਨੂੰ ਪੰਜਾਬ ਸਰਕਾਰ ਨੇ ਆਰ.ਬੀ.ਆਈ. ਨੂੰ ਲਿਖ ਕੇ ਦੇ ਦਿੱਤਾ ਸੀ ਕਿ ਸਰਕਾਰ ਵਲੋਂ ਜਨਵਰੀ, ਫਰਵਰੀ ਅਤੇ ਮਾਰਚ ਮਹੀਨੇ ਕਿੰਨਾ ਕਰਜ਼ਾ ਚੁੱਕਿਆ ਜਾਵੇਗਾ, ਜਿਸ ਤਹਿਤ ਸਰਕਾਰ ਵਲੋਂ ਜਨਵਰੀ ਅਤੇ ਫਰਵਰੀ ਮਹੀਨੇ ਵਿਚ 3899 ਕਰੋੜ ਰੁਪਏ ਕਰਜ਼ਾ ਚੁੱਕ ਲਿਆ ਗਿਆ ਹੈ ਅਤੇ ਹੁਣ ਮਾਰਚ ਮਹੀਨੇ ਵਿਚ 3800 ਕਰੋੜ ਰੁਪਏ ਦਾ ਹੋਰ ਕਰਜ਼ਾ ਚੁੱਕਣ ਦੀ ਤਿਆਰੀ ਕੀਤੀ ਜਾ ਰਹੀ ਹੈ। ਇਹ ਕਰਜ਼ਾ ਪੰਜਾਬ ਸਰਕਾਰ ਵਲੋਂ 'ਰਿਣ ਪੱਤਰਾਂ' ਦੀ ਨਿਲਾਮੀ ਦੁਆਰਾ ਚੁੱਕਿਆ ਗਿਆ ਹੈ। ਜਾਣਕਾਰੀ ਅਨੁਸਾਰ ਪੰਜਾਬ ਸਰਕਾਰ ਵਲੋਂ 30 ਜਨਵਰੀ ਨੂੰ 2000 ਕਰੋੜ ਰੁਪਏ, 6 ਫਰਵਰੀ ਨੂੰ 500 ਕਰੋੜ ਰੁਪਏ ਅਤੇ 27 ਫਰਵਰੀ ਨੂੰ 1399 ਕਰੋੜ ਰੁਪਏ ਦਾ ਕਰਜ਼ਾ ਚੁੱਕਿਆ ਗਿਆ ਹੈ, ਜੋ ਕਿ ਕੁੱਲ ਰਕਮ 3899 ਕਰੋੜ ਰੁਪਏ ਬਣਦੀ ਹੈ । ਇਸੇ ਤਰ੍ਹਾਂ ਮਾਰਚ ਮਹੀਨੇ ਜੋ ਸਰਕਾਰ ਵਲੋਂ ਕਰਜ਼ਾ ਚੁੱਕਿਆ ਜਾਣਾ ਹੈ, ਉਸ ਦੀ ਕੁੱਲ ਰਕਮ 3800 ਕਰੋੜ ਰੁਪਏ ਹੈ। ਉਸ ਅਨੁਸਾਰ 12 ਮਾਰਚ ਨੂੰ 1000 ਕਰੋੜ, 19 ਮਾਰਚ ਨੂੰ ਫਿਰ ਇਕ ਹਜ਼ਾਰ ਕਰੋੜ ਅਤੇ 26 ਮਾਰਚ ਨੂੰ 1800 ਕਰੋੜ ਰੁਪਏ ਦਾ ਕਰਜ਼ਾ ਸਰਕਾਰ ਚੁੱਕਣ ਜਾ ਰਹੀ ਹੈ। ਜ਼ਿਕਰਯੋਗ ਹੈ ਕਿ ਸੱਤਾ ਵਿਚ ਆਉਣ ਮਗਰੋਂ ਆਮ ਆਦਮੀ ਪਾਰਟੀ ਦੀ ਪੰਜਾਬ ਵਿਚਲੀ ਸਰਕਾਰ ਲਗਾਤਾਰ ਭਾਰੀ ਕਰਜ਼ੇ ਚੁੱਕ ਰਹੀ ਹੈ, ਜਿਸ ਦੇ ਚਲਦਿਆਂ ਪੰਜਾਬ ਸਿਰ ਕਰਜ਼ੇ ਦੀ ਪੰਡ ਦਿਨੋਂ-ਦਿਨ ਹੋਰ ਭਾਰੀ ਹੁੰਦੀ ਜਾ ਰਹੀ ਹੈ। ਪੰਜਾਬ ਸਰਕਾਰ ਵਲੋਂ ਲਗਾਤਾਰ ਕਰਜ਼ੇ ਚੁੱਕਣ ਦੇ ਮਸਲੇ 'ਤੇ ਵਿਰੋਧੀ ਸਿਆਸੀ ਪਾਰਟੀਆਂ ਕਾਂਗਰਸ, ਅਕਾਲੀ ਦਲ ਅਤੇ ਭਾਜਪਾ ਵਲੋਂ ਲਗਾਤਾਰ ਸਰਕਾਰ ਨੂੰ ਘੇਰਿਆ ਵੀ ਜਾਂਦਾ ਰਿਹਾ ਹੈ ਅਤੇ ਇਸ ਦੇ ਨਾਲ ਹੀ ਪੰਜਾਬ ਦੇ ਰਾਜਪਾਲ ਬਨਵਾਰੀ ਲਾਲ ਪੁਰੋਹਿਤ ਵੀ ਸਰਕਾਰ ਤੋਂ ਇਸ ਦਾ ਹਿਸਾਬ ਮੰਗ ਚੁੱਕੇ ਹਨ। ਇਥੇ ਇਹ ਗੱਲ ਵੀ ਦੱਸਣਯੋਗ ਹੈ ਕਿ ਇਹ ਸਰਕਾਰ ਆਪਣੇ ਥੋੜੇ ਸਮੇਂ ਵਿਚ ਹੀ ਪਿਛਲੀਆਂ ਸਰਕਾਰਾਂ ਨਾਲੋਂ ਵੱਧ ਕਰਜ਼ਾ ਚੁੱਕਣ ਦਾ ਰਿਕਾਰਡ ਬਣਾਉਂਦੀ ਜਾ ਰਹੀ ਹੈ।

## 'ਆਪ' ਸਰਕਾਰ ਦੀ ਹੋਰ ਕੋਈ ਉਪਲਬਧੀ ਨਹੀਂ-ਲਾਲਪੁਰਾ



ਭਾਜਪਾ ਆਗੂ ਇਕਬਾਲ ਸਿੰਘ ਲਾਲਪੁਰਾ ਨੇ ਕਿਹਾ ਕਿ ਕਰਜ਼ੇ ਚੁੱਕਣ ਤੋਂ ਸਿਵਾਏ ਆਮ ਆਦਮੀ ਪਾਰਟੀ ਦੀ ਪੰਜਾਬ ਵਿਚਲੀ ਸਰਕਾਰ ਦੀ ਕੋਈ ਹੋਰ ਉਪਲੱਬਧੀ ਨਹੀਂ ਹੈ । ਇਹ ਸਰਕਾਰ ਸਿਰਫ਼ ਇਸ਼ਤਿਹਾਰਾਂ ਰਾਹੀਂ ਪੰਜਾਬ ਦੇ ਲੋਕਾਂ ਨੂੰ ਗੁਮਰਾਹ ਦੀ ਕਰ ਰਹੀ ਹੈ ਕਿ ਪੰਜਾਬ ਵਿਕਾਸ ਦੇ ਰਾਹਾਂ ਉਪਰ ਹੈ। ਉਨ੍ਹਾਂ ਕਿਹਾ ਕਿ ਆਮ ਆਦਮੀ ਪਾਰਟੀ ਨੇ ਕਿਹਾ ਸੀ ਕਿ ਰੇਤੇ ਵਿੱਚੋਂ 20 ਹਜ਼ਾਰ ਕਰੋੜ ਅਤੇ ਬਜਟ ਵਿਚਲੀ ਚੋਰੀ ਵਿੱਚੋਂ 35 ਹਜ਼ਾਰ ਕਰੋੜ ਰੁਪਏ ਕੱਢ ਕੇ ਲੋਕ ਭਲਾਈ ਲਈ ਵਰਤਣਗੇ, ਪਰ ਉਲਟਾ ਹਰ ਰੋਜ਼ ਪੰਜਾਬ ਸਿਰ ਕਰਜ਼ਾ ਚੜ੍ਹਾਇਆ ਜਾ ਰਿਹਾ ਹੈ। ਹੁਣ ਵੀ ਪਹਿਲਾਂ ਦੀ ਤਰ੍ਹਾਂ ਕੇਵਲ ਮਾਫ਼ੀਆ, ਰੇਤਾ ਮਾਫ਼ੀਆ, ਸ਼ਰਾਬ ਮਾਫ਼ੀਆ ਸੂਬੇ ਵਿਚ ਕਾਰੋਬਾਰ ਕਰ ਰਿਹਾ ਹੈ।

### ਕੀ ਕਰੇ ਆਪ ਸਰਕਾਰ

ਹੁਣ ਜੇ 'ਆਪ' ਸਰਕਾਰ ਪੰਜਾਬ ਨੂੰ ਲੀਹ 'ਤੇ ਲਿਆ ਕੇ ਖੁਸ਼ਹਾਲ ਬਣਾਉਣਾ ਚਾਹੁੰਦੀ ਹੈ ਤਾਂ ਚਾਹੀਦਾ ਹੈ ਕਿ ਟੈਕਸਾਂ ਦੀ ਚੋਰੀ ਰੋਕ ਕੇ ਅਤੇ ਹੋਰ ਸਾਧਨ ਲਗਾ ਕੇ ਆਪਣੇ ਟੈਕਸਾਂ ਤੋਂ ਮਾਲੀਆ ਵਧਾਵੇ। ਨਾਲ ਹੀ ਗੈਰ-ਕਰਾਂ ਤੋਂ ਮਾਲੀਆ ਵੀ ਵਧਾਉਣਾ ਚਾਹੀਦਾ ਹੈ। ਸੂਬੇ ਵਿਚ ਪੂੰਜੀ ਖ਼ਰਚ ਵਧਾਉਣ ਲਈ ਉਪਰਾਲੇ ਕਰਨੇ ਚਾਹੀਦੇ ਹਨ ਤਾਂ ਜੋ ਪੂੰਜੀ ਨਿਵੇਸ਼ ਵਧ ਸਕੇ। ਇਸ ਨਾਲ ਸੂਬੇ ਵਿਚ ਰੁਜ਼ਗਾਰ ਦੇ ਮੌਕੇ ਵਧਣਗੇ ਅਤੇ ਆਮਦਨ ਵੀ ਵਧੇਗੀ। ਸੂਬੇ ਵਿਚ ਸਬਸਿਡੀਆਂ ਨੂੰ ਤਰਕਸੰਗਤ ਬਣਾਉਣ ਦੇ ਨਾਲ ਨਾਲ ਲੋੜਵੰਦਾਂ ਤੱਕ ਪੁੱਜਦਾ ਵੀ ਕਰਨਾ ਚਾਹੀਦਾ ਹੈ। ਭਵਿੱਖ ਵਿਚ ਲਏ ਜਾਣ ਵਾਲੇ ਕਰਜ਼ਾ ਉਪਜਾਊ ਧੰਦਿਆਂ ਵਿਚ ਲਗਾ ਕੇ ਸੂਬੇ ਦੀ ਆਮਦਨ ਅਤੇ ਰੁਜ਼ਗਾਰ ਵਧਾਉਣਾ ਚਾਹੀਦਾ ਹੈ; ਨਾਲ ਹੀ ਲਿਆ ਕਰਜ਼ਾ ਵਿਆਜ ਸਮੇਤ ਸਮੇਂ ਸਿਰ ਵਾਪਸ ਕੀਤਾ ਜਾਣਾ ਚਾਹੀਦਾ ਹੈ। ਇਸੇ ਤਰ੍ਹਾਂ ਪਿਛਲਾ ਖੜ੍ਹਾ ਕਰਜ਼ਾ ਵੀ ਹੌਲੀ ਹੌਲੀ ਵਾਪਸ ਕਰਨਾ ਚਾਹੀਦਾ ਹੈ। ਇਸ ਦੇ ਨਾਲ ਹੀ ਪੰਜਾਬ ਸਰਕਾਰ ਨੂੰ ਸੂਬੇ ਵੱਲੋਂ ਖੁਰਾਕ ਸੁਰੱਖਿਆ ਮੁਹੱਈਆ ਕਰਵਾਉਣ ਵਿਚ ਪਾਏ ਯੋਗਦਾਨ ਦੇ ਇਵਜ ਵਿਚ, ਸੂਬਾ ਸਰਹੱਦੀ ਖੇਤਰ ਹੋਣ ਕਾਰਨ ਝੱਲੀਆਂ ਜਾ ਰਹੀਆਂ ਮੁਸ਼ਕਿਲਾਂ ਖ਼ਾਸਕਰ ਨਿਵੇਸ਼ ਦੀ ਘਾਟ ਅਤੇ ਜੀਐੱਸਟੀ ਤੋਂ ਮਾਲੀਏ ਦੀ ਘਾਟ ਪੂਰੀ ਕਰਨ ਲਈ ਪੂੰਜੀ ਨਿਵੇਸ਼ ਲਈ ਕੇਂਦਰ ਸਰਕਾਰ ਤੋਂ ਵਿਸ਼ੇਸ਼ ਤੇ ਵੱਡੇ ਆਰਥਿਕ ਪੈਕੇਜ ਦੀ ਮੰਗ ਕਰਨੀ ਚਾਹੀਦੀ ਹੈ।

ਡਾ. ਕੇਸਰ ਸਿੰਘ ਭੰਗੂ
ਪ੍ਰੋਫੈਸਰ (ਰਿਟਾ.), ਪੰਜਾਬੀ ਯੂਨੀਵਰਸਿਟੀ, ਪਟਿਆਲਾ

## ਸਰਕਾਰ ਪੰਜਾਬ ਨੂੰ ਦਿਵਾਲੀਆ ਕਰਨ 'ਤੇ ਤੁਲੀ-ਮਜੀਠੀਆ

ਸ਼੍ਰੋਮਣੀ ਅਕਾਲੀ ਦਲ ਦੇ ਸੀਨੀਅਰ ਆਗੂ ਅਤੇ ਸਾਬਕਾ ਮੰਤਰੀ ਬਿਕਰਮ ਸਿੰਘ ਮਜੀਠੀਆ ਨੇ ਕਿਹਾ ਕਿ ਇਸ ਸਰਕਾਰ ਤੋਂ ਹੋਰ ਉਮੀਦ ਹੀ ਕੀ ਕੀਤੀ ਜਾ ਸਕਦੀ ਹੈ, ਜਿਸ ਨੇ ਝੂਠ ਬੋਲ ਕੇ ਪੰਜਾਬ ਦੇ ਲੋਕਾਂ ਨੂੰ ਗੁਮਰਾਹ ਕਰਨ ਤੋਂ ਇਲਾਵਾ ਹੁਣ ਤੱਕ ਕੋਈ ਕੰਮ ਹੀ ਨਹੀਂ ਕੀਤਾ। ਉਨ੍ਹਾਂ ਕਿਹਾ ਕਿ ਆਪਣੇ ਦੋ ਸਾਲ ਤੋਂ ਜ਼ਿਆਦਾ ਦੇ ਕਾਰਜਕਾਲ ਵਿਚ ਸਰਕਾਰ ਲੋਕਾਂ ਸਾਹਮਣੇ ਇਸ਼ਤਿਹਾਰਾਂ ਰਾਹੀਂ ਝੂਠ ਦਾ ਪੁਲੰਦਾ ਪੇਸ਼ ਕਰਦੀ ਆ ਰਹੀ ਹੈ ਅਤੇ ਇਹ ਸਰਕਾਰ ਪੰਜਾਬ ਨੂੰ ਦਿਵਾਲੀਆ ਕਰਨ 'ਤੇ ਤੁਲੀ ਹੋਈ ਹੈ, ਜਿਸ ਲਈ ਪੰਜਾਬੀ ਇਨ੍ਹਾਂ ਨੂੰ ਮੁਆਫ਼ ਨਹੀਂ ਕਰਨਗੇ।

## ਮੋਦੀ ਸਰਕਾਰ ਪੰਜਾਬ ਦੇ ਵਿਕਾਸ ਕਾਰਜਾਂ ਵਿਚ ਅੜਿਕਾ ਬਣੀ

### ✪ ਪੰਜਾਬ ਨੂੰ ਦਿੱਤੇ ਜਾਣ ਵਾਲੇ 12000 ਕਰੋੜ ਦੇ ਫੰਡਾਂ 'ਤੇ ਬ੍ਰੇਕ ਲਗਾਈ

ਜਲੰਧਰ-ਲੋਕ ਸਭਾ ਚੋਣਾਂ ਤੋਂ ਪਹਿਲਾਂ ਕੇਂਦਰ ਸਰਕਾਰ ਨੇ ਪੰਜਾਬ ਨੂੰ ਵੱਡਾ ਝਟਕਾ ਦਿੱਤਾ ਹੈ। ਕੇਂਦਰ ਨੇ ਪੰਜਾਬ ਨੂੰ ਦਿੱਤੇ ਜਾਣ ਵਾਲੇ 12000 ਕਰੋੜ ਦੇ ਫੰਡਾਂ 'ਤੇ ਬ੍ਰੇਕ ਲਾ ਦਿੱਤੀ ਹੈ। ਇਹ ਫੰਡ ਕਈ ਤਕਨੀਕੀ ਖਾਮੀਆਂ ਦਾ ਹਵਾਲਾ ਦੇ ਕੇ ਲਾਈ ਗਈ ਹੈ। ਬੇਸ਼ੱਕ ਕੇਂਦਰ ਦਾ ਕੁਝ ਵੀ ਤਰਕ ਹੋਵੇ, ਇਸ ਨਾਲ ਪੰਜਾਬ ਦੇ ਵਿਕਾਸ ਕਾਰਜਾਂ ਨੂੰ ਵੀ ਬ੍ਰੇਕ ਲੱਗੀ ਹੈ। ਜਾਣਕਾਰੀ ਮੁਤਾਬਕ ਕੇਂਦਰ ਸਰਕਾਰ ਨੇ ਚਲੰਤ ਮਾਲੀ ਵਰ੍ਹੇ 2023-24 ਦੌਰਾਨ ਪੰਜਾਬ ਦੇ ਕਰੀਬ 12,300 ਕਰੋੜ ਰੁਪਏ ਦੇ ਫ਼ੰਡ ਰੋਕ ਲਏ ਹਨ। ਪੰਜਾਬ ਸਰਕਾਰ ਦੇ ਸੂਤਰਾਂ ਦਾ ਮੰਨਆ ਹੈ ਕਿ ਇਸ ਕਾਰਨ ਪੰਜਾਬ 'ਚ ਵਿਕਾਸ ਕਾਰਜ ਬੁਰੀ ਤਰ੍ਹਾਂ ਪ੍ਰਭਾਵਿਤ ਹੋਏ ਹਨ। ਪੇਂਡੂ ਲਿੰਕ ਸੜਕਾਂ ਦੀ ਉਸਾਰੀ ਤੇ ਮੁਰੰਮਤ ਵਿੱਚ ਵੱਡੀ ਖੜੋਤ ਆ ਗਈ ਹੈ। ਪੰਜਾਬ ਸਰਕਾਰ ਦੇ ਸੂਤਰਾਂ ਮੁਤਾਬਕ ਕੇਂਦਰ ਸਰਕਾਰ ਨੇ 5500 ਕਰੋੜ ਦੇ ਪੇਂਡੂ ਵਿਕਾਸ ਫ਼ੰਡ ਰੋਕੇ ਹਨ। ਇਸ ਤੋਂ ਇਲਾਵਾ ਕੌਮੀ ਸਿਹਤ ਮਿਸ਼ਨ ਦੇ 800 ਕਰੋੜ ਤੇ ਵਿਸ਼ੇਸ਼ ਸਹਾਇਤਾ ਗਰਾਂਟ ਵਿੱਚ 1807 ਕਰੋੜ ਦੀ ਕਟੌਤੀ ਕੀਤੀ ਗਈ ਹੈ। ਪੰਜਾਬ ਦੀ ਕਰਜ਼ਾ ਸੀਮਾ 'ਤੇ 1800 ਕਰੋੜ ਦਾ ਕੱਟ ਲਾਇਆ ਹੈ। ਪਾਵਰਕੌਮ ਦੇ ਘਾਟੇ 'ਚੋਂ 2400 ਕਰੋੜ ਦਾ ਭਾਰ ਸੂਬਾ ਸਰਕਾਰ ਚੁੱਕੇਗੀ। ਦਰਅਸਲ ਪੰਜਾਬ ਦੇ ਵਿੱਤ ਵਿਭਾਗ ਵੱਲੋਂ ਬਜਟ ਪ੍ਰਸਤਾਵਾਂ ਨੂੰ ਅੰਤਿਮ ਛੋਹਾਂ ਦੇਣ ਸਮੇਂ ਕੇਂਦਰੀ ਫ਼ੰਡਾਂ ਨੂੰ ਰੋਕੇ ਜਾਣ ਦਾ ਇਹ ਅੰਕੜਾ ਸਾਹਮਣੇ ਆਇਆ ਹੈ। ਪੰਜਾਬ ਦਾ ਬਜਟ 5 ਮਾਰਚ ਨੂੰ ਪੇਸ਼ ਕੀਤਾ ਜਾਣਾ ਹੈ। ਉਧਰ, ਲੋਕ ਸਭਾ ਚੋਣਾਂ ਕਰਕੇ ਚੋਣ ਜ਼ਾਬਤਾ ਲੱਗਣ ਵਾਲਾ ਹੈ ਜਿਸ ਕਰਕੇ ਪੰਜਾਬ ਸਰਕਾਰ ਨੂੰ ਕੇਂਦਰ ਵੱਲੋਂ ਰੋਕੇ ਫ਼ੰਡ ਰਿਲੀਜ਼ ਹੋਣ ਦੀ ਉਮੀਦ ਨਹੀਂ। ਸਰਕਾਰੀ ਸੂਤਰਾਂ ਮੁਤਾਬਕ ਪੇਂਡੂ ਵਿਕਾਸ ਫ਼ੰਡਾਂ ਦਾ ਕੇਂਦਰ ਵੱਲ ਕਰੀਬ 5500 ਕਰੋੜ ਦਾ ਬਕਾਇਆ ਖੜ੍ਹਾ ਹੈ। ਇਨ੍ਹਾਂ ਫ਼ੰਡਾਂ ਦੇ ਰੁਕਣ ਨਾਲ ਖਸਤਾ ਹਾਲ ਲਿੰਕ ਸੜਕਾਂ ਦੀ ਮੁਰੰਮਤ ਰੁਕੀ ਹੋਈ ਹੈ। ਕੇਂਦਰ ਨੇ ਕੌਮੀ ਸਿਹਤ ਮਿਸ਼ਨ ਦੇ ਫ਼ੰਡਾਂ ਵਿੱਚ 800 ਕਰੋੜ ਰੁਪਏ ਦੀ ਕਟੌਤੀ ਕੀਤੀ ਹੈ ਤੇ 1807 ਕਰੋੜ ਰੁਪਏ ਦੀ ਵਿਸ਼ੇਸ਼ ਸਹਾਇਤਾ ਗਰਾਂਟ ਵੀ ਰੋਕ ਲਈ ਹੈ। ਥੋੜ੍ਹਾ ਸਮਾਂ ਪਹਿਲਾਂ ਹੀ ਕੇਂਦਰ ਵੱਲੋਂ ਪੰਜਾਬ ਦੀ ਕਰਜ਼ਾ ਹੱਦ ਵਿੱਚ ਵੀ 1800 ਕਰੋੜ ਰੁਪਏ ਦੀ ਕਟੌਤੀ ਕੀਤੀ ਗਈ ਹੈ। ਇਵੇਂ ਹੀ ਕੇਂਦਰ ਨੇ ਉਦੈ ਸਕੀਮ ਨੂੰ ਲਾਗੂ ਕਰਨ ਮਗਰੋਂ ਪਾਵਰਕੌਮ ਨੂੰ ਪਏ 4700 ਕਰੋੜ ਦੇ ਘਾਟੇ 'ਚੋਂ 2400 ਕਰੋੜ ਰੁਪਏ ਪੰਜਾਬ ਸਰਕਾਰ ਨੂੰ ਝੱਲਣ ਲਈ ਕਿਹਾ ਹੈ। ਇਹ ਰਾਸ਼ੀ ਸੂਬੇ ਦੀ ਕਰਜ਼ਾ ਹੱਦ ਵਿਰੁੱਧ ਐਡਜਸਟ ਕੀਤੀ ਜਾਣੀ ਹੈ। ਕੇਂਦਰ ਸਰਕਾਰ ਨੇ ਕੈਸ਼ ਕ੍ਰੈਡਿਟ ਲਿਮਟ ਦੇ 31000 ਕਰੋੜ ਰੁਪਏ ਦੇ ਫ਼ਰਕ ਦੀ ਰਕਮ 'ਤੇ 6100 ਕਰੋੜ ਰੁਪਏ ਦੀ ਰਾਹਤ ਵੀ ਨਹੀਂ ਦਿੱਤੀ।

## ਪੰਜਾਬ ਸਰਕਾਰ ਖੇਤੀ ਨੀਤੀ ਬਣਾਵੇ, ਖੇਤੀ ਸਨਅਤ ਉਸਾਰੇ

ਖੇਤੀ ਪ੍ਰਧਾਨ ਦੇਸ਼ ਹੋਣ ਕਰ ਕੇ ਪੰਜਾਬ ਦੀ ਆਰਥਿਕ ਨੀਤੀ ਵਿਚ ਖੇਤੀ ਮੁੱਖ ਨੀਤੀ ਬਣਨੀ ਚਾਹੀਦੀ ਹੈ ਜਿਸ ਲਈ ਢੁਕਵੀਂ ਨੀਤੀ ਨੂੰ ਅਮਲ ਵਿਚ ਲਿਆਉਣਾ ਚਾਹੀਦਾ ਹੈ। ਕਣਕ ਅਤੇ ਝੋਨੇ ਤੋਂ ਇਲਾਵਾ ਉਹ ਵਸਤੂਆਂ ਜਿਨ੍ਹਾਂ ਦੀ ਦੇਸ਼ ਅਤੇ ਵਿਦੇਸ਼ ਵਿਚ ਵੱਡੀ ਮੰਗ ਹੈ (ਜਿਵੇਂ ਦਾਲਾਂ ਹਰ ਸਾਲ ਹਜ਼ਾਰਾਂ ਕਰੋੜ ਰੁਪਏ ਦੀਆਂ ਦਰਾਮਦ ਕੀਤੀਆਂ ਜਾਂਦੀਆਂ ਹਨ), ਦੀ ਪੈਦਾਵਾਰ ਤੇ ਜ਼ੋਰ ਦੇਣਾ ਚਾਹੀਦਾ ਹੈ। ਇਸੇ ਤਰ੍ਹਾਂ ਹੀ ਤੇਲਾਂ ਦੇ ਬੀਜਾਂ ਦੀ ਵੱਡੀ ਮੰਡੀ ਦੇਸ਼ ਅਤੇ ਵਿਦੇਸ਼ ਵਿਚ ਹੈ ਪਰ ਇਹ ਫ਼ਸਲਾਂ ਯਕੀਨੀ ਮੰਡੀਕਰਨ ਦੀ ਅਣਹੋਂਦ ਕਰ ਕੇ ਬੀਜੀਆਂ ਨਹੀਂ ਜਾਂਦੀਆਂ, ਜਦੋਂਕਿ ਕਣਕ ਅਤੇ ਝੋਨੇ ਦੀਆਂ ਫ਼ਸਲਾਂ ਅਧੀਨ ਵਧਦਾ ਹੋਇਆ ਖੇਤਰ ਪਾਣੀ ਦੀ ਥੁੜ ਅਤੇ ਹੋਰ ਸਮੱਸਿਆਵਾਂ ਦੇ ਬਾਵਜੂਦ ਨਹੀਂ ਘਟ ਰਿਹਾ। ਖੇਤੀ ਆਰਥਿਕਤਾ ਤੇ ਆਧਾਰਿਤ ਉਹ ਖੇਤੀ ਆਧਾਰਿਤ ਉਦਯੋਗ ਜਿਨ੍ਹਾਂ ਦੀ ਵੱਡੀ ਸਮਰੱਥਾ ਹੈ, ਉਸ ਸਬੰਧੀ ਬਹੁਤ ਨਿਗੂਣੀ ਪ੍ਰਾਪਤੀ ਹੋਈ ਹੈ। ਸਿਵਾਏ ਖੰਡ ਮਿੱਲਾਂ ਤੋਂ ਹੋਰ ਕਿਸੇ ਵੀ ਖੇਤੀ ਆਧਾਰਿਤ ਉਦਯੋਗ ਨੂੰ ਉਤਸ਼ਾਹਿਤ ਨਹੀਂ ਕੀਤਾ ਗਿਆ। ਪ੍ਰਾਈਵੇਟ ਉੱਦਮੀਆਂ ਨੇ ਇਸ ਵਿਚ ਦਿਲਚਸਪੀ ਨਹੀਂ ਦਿਖਾਈ ਕਿਉਂ ਜੋ ਸਭ ਤੋਂ ਵੱਡੀ ਰੁਕਾਵਟ ਕੱਚੇ ਮਾਲ ਦੀ ਅਨਿਸ਼ਚਿਤਤਾ ਰਹੀ ਹੈ। ਇਨ੍ਹਾਂ ਉਦਯੋਗਿਕ ਇਕਾਈਆਂ ਵਿਚ ਨਾ ਸਿਰਫ਼ ਰੁਜ਼ਗਾਰ ਸਗੋਂ ਵਿਦੇਸ਼ੀ ਮੁਦਰਾ ਦੀ ਕਮਾਈ ਦੇ ਵੱਡੇ ਮੌਕੇ ਹਨ। ਇਹ ਉਹ ਪੱਖ ਹੈ ਜਿਸ ਲਈ ਸਰਕਾਰ ਦੀ ਢੁਕਵੀਂ ਨੀਤੀ ਨੂੰ ਅਮਲ ਵਿਚ ਲਿਆਉਣਾ ਲੋੜੀਂਦਾ ਹੈ। ਆਰਥਿਕਤਾ ਵਿਚ ਉਭਾਰ ਆਉਣ ਤੋਂ ਬਗੈਰ ਨਾ ਕਰਜ਼ਾ ਘਟ ਸਕਦਾ ਹੈ ਅਤੇ ਨਾ ਪ੍ਰਤੀ ਵਿਅਕਤੀ ਆਮਦਨ ਜਾਂ ਰੁਜ਼ਗਾਰ ਵਧ ਸਕਦਾ ਹੈ।

ਸ ਸ ਛੀਨਾ ਅਰਥਸ਼ਾਸਤਰੀ

## ਦੋਹਰਾ ਚਿਹਰਾ ਸਾਰਾ ਪੰਜਾਬ ਦੇਖ ਰਿਹਾ-ਭੱਠਲ

ਸੀਨੀਅਰ ਕਾਂਗਰਸੀ ਆਗੂ ਤੇ ਸਾਬਕਾ ਮੁੱਖ ਮੰਤਰੀ ਰਜਿੰਦਰ ਕੌਰ ਭੱਠਲ ਨੇ ਗੱਲਬਾਤ ਕਰਦਿਆਂ ਕਿਹਾ ਕਿ ਸੱਤਾ 'ਚ ਆਉਣ ਤੋਂ ਪਹਿਲਾਂ ਕੁਝ ਹੋਰ ਗੱਲਾਂ ਅਤੇ ਹੁਣ ਸੱਤਾ ਦਾ ਸੁੱਖ ਭੋਗਦੇ ਹੋਏ ਜੋ ਚਿਹਰਾ ਆਮ ਆਦਮੀ ਪਾਰਟੀ ਦਾ ਸਾਹਮਣੇ ਆਇਆ ਹੈ, ਉਸ ਨੂੰ ਸਾਰਾ ਪੰਜਾਬ ਦੇਖ ਰਿਹਾ ਹੈ । ਉਨ੍ਹਾਂ ਕਿਹਾ ਕਿ ਜਿਸ ਤਰ੍ਹਾਂ ਇਹ ਸਰਕਾਰ ਲਗਾਤਾਰ ਕਰਜ਼ੇ ਚੁੱਕ ਰਹੀ ਹੈ, ਪੰਜਾਬ ਵਿਚ ਵਿੱਤੀ ਐਮਰਜੈਂਸੀ ਲੱਗਣ ਦੀ ਸੰਭਾਵਨਾ ਹੈ, ਜਿਸ ਦਾ ਅਸਰ ਸੂਬਾ ਵਾਸੀਆਂ 'ਤੇ ਪਵੇਗਾ।

ਵਿਚਾਰ :– ਸੱਚ ਜਾਨਣਾ ਹੈ ਤਾਂ ਬੇਵਕੂਫ ਬਣੇ ਰਹੋ–ਜਨਮੇਜਾ ਸਿੰਘ ਜੌਹਲ


ਰਜਿੰਦਰ ਸਿੰਘ ਪੁਰੇਵਾਲ

## ਝਾਰਖੰਡ ਵਿਚ ਸਪੇਨ ਦੀ ਔਰਤ ਨਾਲ ਗੈਂਗਰੇਪ, ਭਾਰਤੀ ਲੋਕਤੰਤਰ ਉਤੇ ਕਾਲਾ ਧੱਬਾ

ਬੀਤੇ ਦਿਨੀਂ ਝਾਰਖੰਡ ਦੇ ਦੁਮਕਾ ਜ਼ਿਲ੍ਹੇ ਵਿਚ ਸਪੇਨ ਦੀ ਇਕ ਔਰਤ ਨਾਲ ਸਮੂਹਿਕ ਬਲਾਤਕਾਰ ਕਰਨ ਦਾ ਮਾਮਲਾ ਸਾਹਮਣੇ ਆਇਆ ਹੈ। ਪੁਲਸ ਨੇ ਇਸ ਘਟਨਾ ਦੇ ਸੰਬੰਧ ਵਿਚ ਤਿੰਨ ਲੋਕਾਂ ਨੂੰ ਗ੍ਰਿਫ਼ਤਾਰ ਕਰ ਚੁਕੀ ਹੈ ਅਤੇ ਬਾਕੀ ਦੋਸ਼ੀਆਂ ਦੀ ਭਾਲ ਕੀਤੀ ਜਾ ਰਹੀ ਹੈ। ਇਸ ਘਟਨਾ ਵਿਚ 7 ਤੋਂ 8 ਸਥਾਨਕ ਨੌਜਵਾਨ ਸ਼ਾਮਲ ਸਨ। ਪੀੜਤਾ ਨੂੰ ਇਕ ਹਸਪਤਾਲ 'ਚ ਦਾਖ਼ਲ ਕਰਵਾਇਆ ਗਿਆ ਹੈ। ਪੀੜਤਾ ਅਨੁਸਾਰ ਸੱਤ ਲੋਕਾਂ ਨੇ ਉਸ ਨਾਲ ਰੇਪ ਕੀਤਾ। ਉਨ੍ਹਾਂ ਗੁੰਡਿਆਂ ਨੇ ਉਸਨੂੰ ਤੇ ਉਸਦੇ ਪਤੀ ਨੂੰ ਕੁੱਟਿਆ ਅਤੇ ਲੁੱਟਮਾਰ ਵੀ ਕੀਤੀ।

ਪੀੜਤਾ ਦੇ ਪਤੀ ਜੋਹਨ ਦਾ ਚਿਹਰਾ ਕੁਟਮਾਰ ਨਾਲ ਕਾਫੀ ਖ਼ਰਾਬ ਹੋ ਚੁੱਕਾ ਹੈ, ਪਰ ਪੀੜਤਾ ਹਿਆਨਾ ਦੀ ਹਾਲਤ ਜ਼ਿਆਦਾ ਖ਼ਰਾਬ ਹੈ। ਇਸ ਮਾਮਲੇ ਦੀ ਸੰਵੇਦਨਸ਼ੀਲਤਾ ਨੂੰ ਦੇਖਦੇ ਹੋਏ ਸੂਬੇ ਦੇ ਮੁੱਖ ਮੰਤਰੀ ਚੰਪਾਈ ਸੋਰੇਨ ਨੇ ਪੂਰੇ ਮਾਮਲੇ ਵਿੱਚ ਰਿਪੋਰਟ ਤਲਬ ਕੀਤੀ ਹੈ। ਇਹ ਘਟਨਾ ਰਾਜ ਦੀ ਰਾਜਧਾਨੀ ਰਾਂਚੀ ਤੋਂ ਕਰੀਬ 300 ਕਿਲੋਮੀਟਰ ਦੂਰ ਹੰਸਡੀਹਾ ਥਾਣਾ ਖੇਤਰ ਦੇ ਕੁਰੂਮਾਹਾਟ ਵਿਚ ਬੀਤੇ ਸ਼ੁੱਕਰਵਾਰ ਰਾਤ ਉਦੋਂ ਵਾਪਰੀ ਜਦੋਂ ਸਪੇਨ ਦਾ ਇਕ ਸੈਲਾਨੀ ਜੋੜਾ ਇਕ ਅਸਥਾਈ ਟੈਂਟ ਵਿਚ ਰਾਤ ਨੂੰ ਆਰਾਮ ਕਰ ਰਿਹਾ ਸੀ। ਇਹ ਜੋੜਾ ਦੋਪਹੀਆ ਵਾਹਨ ਰਾਹੀਂ ਬੰਗਲਾਦੇਸ਼ ਤੋਂ ਦੁਮਕਾ ਪਹੁੰਚਿਆ ਅਤੇ ਉਹ ਬਿਹਾਰ ਤੋਂ ਹੁੰਦੇ ਹੋਏ ਨੇਪਾਲ ਜਾਣਾ ਚਾਹੁੰਦਾ ਸੀ। ਇਸ ਸੰਬੰਧ ਵਿਚ ਪੁਲਸ ਸੁਪਰਡੈਂਟ ਪੀਤਾਂਬਰ ਸਿੰਘ ਖੇਰਵਾਰ ਦੀ ਅਗਵਾਈ ਵਿਚ ਜਾਂਚ ਕੀਤੀ ਜਾ ਰਹੀ ਹੈ। ਮੀਡੀਆ ਰਿਪੋਰਟ ਦੇ ਮੁਤਾਬਕ ਦੂਤਘਰ ਦੇ ਇੱਕ ਅਧਿਕਾਰੀ ਨੇ ਦੁਮਕਾ ਜਾ ਕੇ ਪੀੜਤਾ ਨਾਲ ਗੱਲ ਕਰਨਗੇ ਅਤੇ ਪੂਰੇ ਮਾਮਲੇ ਦੀ ਜਾਣਕਾਰੀ ਲੈਣਗੇ।

ਝਾਰਖੰਡ ਵਿੱਚ ਔਰਤਾਂ ਦੇ ਖ਼ਿਲਾਫ਼ ਹਿੰਸਾ ਦੀਆਂ ਘਟਨਾਵਾਂ ਲਗਾਤਾਰ ਵੱਧ ਰਹੀਆਂ ਹਨ। ਪੁਲਿਸ ਦੀ ਵੈੱਬਸਾਈਟ ਦੇ ਮੁਤਾਬਕ ਸੂਬੇ ਵਿੱਚ ਹਰ ਦਿਨ ਔਸਤਨ ਚਾਰ ਤੋਂ ਵੱਧ ਔਰਤਾਂ ਨਾਲ ਬਲਾਤਾਕਾਰ ਦੀਆਂ ਘਟਨਾਵਾਂ ਹੁੰਦੀਆਂ ਹਨ। ਪਿਛਲੇ 9 ਸਾਲ ਦੇ ਦੌਰਾਨ ਝਾਰਖੰਡ ਵਿੱਚ ਬਲਾਤਕਾਰ ਦੀਆਂ ਕੁੱਲ 13,533 ਘਟਨਾਵਾਂ ਦਰਜ ਕਰਵਾਈਆਂ ਗਈਆਂ ਹਨ। ਇਨ੍ਹਾਂ ਮਾਮਲਿਆਂ ਵਿੱਚ ਮੁਲਜ਼ਮਾਂ ਨੂੰ ਸਜ਼ਾ ਮਿਲਣ ਦੇ ਮਾਮਲੇ ਵੀ ਇੰਨੇ ਨਹੀਂ ਹਨ। ਝਾਰਖੰਡ ਪੁਲਿਸ ਦੇ ਅੰਕੜਿਆਂ ਦੇ ਮੁਤਾਬਕ ਸਾਲ 2015 ਤੋਂ 2023 ਦੇ ਵਿੱਚ ਸੂਬਾ ਸਰਕਾਰ ਵਿੱਚ ਬਲਾਤਕਾਰ ਅਤੇ ਸਮੂਹਿਕ ਬਲਾਤਕਾਰ ਦੀਆਂ ਕੁੱਲ 13,533 ਘਟਨਾਵਾਂ ਦਰਜ ਕਰਵਾਈਆਂ ਗਈਆਂ ਸਨ। ਸਰਕਾਰ ਨੂੰ ਚਾਹੀਦਾ ਹੈ ਕਿ ਇਸ ਸਬੰਧ ਵਿਚ ਸੈਰ ਸਪਾਟੇ ਵਾਲੇ ਖੇਤਰਾਂ ਵਿਚ ਨਿਗਰਾਨੀ ਵਧਾਏ ਅਤੇ ਸੈਲਾਨੀਆਂ ਖਿਲਾਫ਼ ਅਪਰਾਧਾਂ ਵਿਚ ਸ਼ਾਮਲ ਲੋਕਾਂ ਖਿਲਾਫ਼ ਸਖ਼ਤ ਸਜ਼ਾਵਾਂ ਦਾ ਪ੍ਰਾਬੰਧ ਕਰੇ ਅਤੇ ਛੇਤੀ ਇਨਸਾਫ਼ ਮੁਹੱਈਆ ਕਰਵਾਉਣ ਨਾਲ ਸਥਿਤੀ ਵਿਚ ਸੁਧਾਰ ਲਿਆਵੇ। ਤਦ ਹੀ ਵਿਦੇਸ਼ੀ ਤੇ ਘਰੇਗੀ ਹਰ ਤਰ੍ਹਾਂ ਦੇ ਸੈਲਾਨੀਆਂ ਲਈ ਸੁਰੱਖਿਅਤ ਮਾਹੌਲ ਪੈਦਾ ਕਰਨ ਵੱਲ ਵਧਿਆ ਜਾ ਸਕੇਗਾ। ਇਸ ਘਟਨਾ ਨੇ ਭਾਰਤੀ ਲੋਕਤੰਤਰ ਉਪਰ ਕਾਲਾ ਧਬਾ ਲਗਾਇਆ ਹੈ। ਪ੍ਰਸ਼ਾਸਨ ਨੂੰ ਇਹੋ ਜਿਹੀਆਂ ਘਟਨਾਵਾਂ ਨਾਲ ਸਖਤੀ ਨਾਲ ਨਿਬੜਨ ਦੀ ਲੋੜ ਹੈ।

-ਰਜਿੰਦਰ ਸਿੰਘ ਪੁਰੇਵਾਲ

## ਅੰਮ੍ਰਿਤਪਾਲ ਸਿੰਘ ਦੇ 2 ਸਾਥੀ ਜੇਲ੍ਹ ਵਿਚ ਹਾਲਤ ਵਿਗੜਨ ਕਾਰਣ ਹਸਪਤਾਲ ਵਿਚ ਭਰਤੀ

### ✪ ਵਕੀਲ ਇਮਾਨ ਸਿੰਘ ਖਾਰਾ ਨੇ ਦਿੱਤੀ ਜਾਣਕਾਰੀ

ਅੰਮ੍ਰਿਤਸਰ-ਅਸਾਮ ਦੀ ਕੇਂਦਰੀ ਜੇਲ੍ਹ ਡਿਬਰੂਗੜ੍ਹ ਵਿਖੇ ਭੁੱਖ-ਹੜਤਾਲ ਕਾਰਨ 'ਵਾਰਿਸ ਪੰਜਾਬ ਦੇ' ਜਥੇਬੰਦੀ ਦੇ ਆਗੂਆਂ ਦੀ ਸਿਹਤ ਬਹੁਤ ਨਾਜ਼ੁਕ ਹੋਈ ਹੈ ਅਤੇ ਉਹਨਾ ਨੂੰ ਹਸਪਤਾਲ ਵਿੱਚ ਦਾਖ਼ਲ ਕਰਾਇਆ ਗਿਆ। ਇਸ ਦੀ ਜਾਣਕਾਰੀ 'ਵਾਰਿਸ ਪੰਜਾਬ ਦੇ' ਜਥੇਬੰਦੀ ਦੇ ਵਕੀਲ ਇਮਾਨ ਸਿੰਘ ਖਾਰਾ ਨੇ ਦਿੱਤੀ ਹੈ। ਡਿਬਰੂਗੜ੍ਹ ਜੇਲ੍ਹ ਵਿੱਚ ਬੰਦ ਅੰਮ੍ਰਿਤਪਾਲ ਸਿੰਘ ਤੇ ਉਸ ਦੇ ਸਾਥੀ ਪਿਛਲੇ 18 ਦਿਨਾਂ ਤੋਂ ਭੁੱਖ ਹੜਤਾਲ 'ਤੇ ਬੈਠੇ ਹਨ। ਜਿਸ ਦੌਰਾਨ ਗੁਰਮੀਤ ਸਿੰਘ ਬੁੱਕਣਵਾਲਾ, ਕੁਲਵੰਤ ਸਿੰਘ ਰਾਉਕੇ ਦੀ ਹਾਲਤ ਵਿਗੜ ਗਈ ਹੈ। ਇਮਾਨ ਸਿੰਘ ਖਾਰਾ ਨੇ ਕਿਹਾ ਕਿ ਵਾਰਿਸ ਪੰਜਾਬ ਦੇ' ਜਥੇਬੰਦੀ ਦੇ ਆਗੂਆਂ ਨੇ ਕਿਹਾ ਹੈ ਕਿ ਅਸੀਂ ਹੁਣ ਭੋਜਨ ਪੰਜਾਬ ਦੀ ਧਰਤੀ 'ਤੇ ਹੀ ਜਾ ਕੇ ਕਰਾਂਗੇ। ਪਰ ਪੰਜਾਬ ਸਰਕਾਰ ਉਹਨਾਂ ਦੀ ਇਸ ਮੰਗ 'ਤੇ ਗੰਭੀਰ ਨਹੀਂ ਹੈ। ਇਮਾਨ ਸਿੰਘ ਖਾਰਾ ਨੇ ਕਿਹਾ ਕਿ ਪੰਜਾਬ ਸਰਕਾਰ ਨੂੰ ਚਾਹੀਦਾ ਹੈ ਕਿ ਇਸ ਮਾਮਲੇ ਵਿੱਚ ਦਖਲ ਦੇਣ ਅਤੇ ਇਹਨਾਂ ਨੌਜਵਾਨਾਂ ਦੀ ਮੰਗ ਪੂਰੀ ਕੀਤੀ ਜਾਵੇ।

ਇਮਾਨ ਖਹਿਰਾ ਨੇ ਇਸ ਮੁੱਦੇ 'ਤੇ ਪੰਜਾਬ ਸਰਕਾਰ ਨਾਲ ਗੱਲ ਕਰਨ ਲਈ ਸ੍ਰੀ ਅਕਾਲ ਤਖ਼ਤ ਸਾਹਿਬ ਤੋਂ ਵੀ ਮਦਦ ਮੰਗੀ ਹੈ। ਅੰਮ੍ਰਿਤਪਾਲ ਅਤੇ ਉਸ ਦੇ ਸਾਥੀਆਂ ਨਾਲ ਹੋ ਰਹੀ ਬੇਇਨਸਾਫ਼ੀ ਵਿਰੁੱਧ ਆਵਾਜ਼ ਬੁਲੰਦ ਕਰਨੀ ਚਾਹੀਦੀ ਹੈ। ਉਸ ਦੀ ਇੱਕੋ ਮੰਗ ਹੈ ਕਿ ਉਸ ਨੂੰ ਪੰਜਾਬ ਤਬਦੀਲ ਕੀਤਾ ਜਾਵੇ। ਡਿਬਰੂਗੜ੍ਹ ਜੇਲ੍ਹ ਪ੍ਰਸ਼ਾਸਨ ਵੱਲੋਂ ਉਸ ਨੂੰ ਮਾਨਸਿਕ ਤੌਰ 'ਤੇ ਪ੍ਰੇਸ਼ਾਨ ਕੀਤਾ ਜਾ ਰਿਹਾ ਹੈ। ਬੈਰਕਾਂ ਅਤੇ ਪਖਾਨਿਆਂ ਵਿੱਚ ਸੀਸੀਟੀਵੀ ਕੈਮਰੇ ਵੀ ਲਗਾਏ ਗਏ ਹਨ।

ਡਿਬਰੂਗੜ੍ਹ ਜੇਲ੍ਹ ਵਿੱਚ ਬੰਦ ਵਾਰਿਸ ਪੰਜਾਬ ਦੇ' ਜਥੇਬੰਦੀ ਦੇ ਆਗੂਆਂ ਵੱਲੋਂ ਰੱਖੀ ਭੁੱਖ ਹੜਤਾਲ ਕਾਰਨ ਉਹਨਾਂ ਦੇ ਪਰਿਵਾਰਾਂ ਨੇ ਵੀ ਅੰਮ੍ਰਿਤਸਰ ਵਿੱਚ ਭੁੱਖ ਹੜਤਾਲ ਰੱਖੀ ਹੈ। ਇਹ ਪਿਰਿਵਾਰ ਪਿਛਲੇ ਦੋ ਹਫਤਿਆਂ ਤੋਂ ਭੁੱਖ ਹੜਤਾਲ 'ਤੇ ਹਨ। ਇਹਨਾਂ ਦੀ ਮੰਗ ਹੈ ਕਿ ਜਦੋਂ ਤੱਕ ਉਹਨਾਂ ਦੇ ਪੁੱਤਰ ਭੁੱਖੇ ਹਨ ਅਸੀਂ ਵੀ ਭੁੱਖ ਹੜਤਾਲ 'ਤੇ ਰਹਾਂਗੇ।

## NEWS & VIEWS

# EXPANDING GLOBAL SIKH NATION


Gurmukh Singh
OBE

An invitation to write a guest editorial about the enlarged Sikh diaspora for a Sikh journal, prompted some thoughts about the growth of the global Sikh nation in the last few decades. One proof of increasing Sikh influence abroad is the regular coverage given to diaspora Sikh issues by the Indian media. Generally, Sikh successes are readily claimed as *Indian* while activism relating to Sikh assertion of own identity and rights is reported negatively as *separatism!*

Over the decades, full identity Sikhs have achieved the highest positions in diaspora countries. Of these, Ajaypal Singh Banga, President of the World Bank Group, is the latest example.

When I came to the industrial town of Slough in 1960, there were 5 turban wearing Sikhs in the town. There were less than 200 clean shaven Sikhs, mostly from Panjab, working in factories in and around the town. Turban wearing Sikhs were turned away at factory gates.

Today, there are nearly 20,000 Sikhs representing over 11% of Slough population. Britain's first turban wearing Sikh MP, Tanmanjeet Singh Dhesi was elected from this constituency in the 2017 general election.

In 1960, after about a month, I was relieved to get my first job as a lab assistant in an optical products factory at Slough. Twenty-six years later in 1986, it was a humbling experience to start UK departmental representation in Europe. During my working life, Guru-given Sikh identity has always been the spur to do better.

That is the Sikh diaspora story repeated at community and individual levels in the main countries with sizeable Sikh populations outside India. Sikh populations and gurdwaras are increasing in many countries. Last week, some Gursikhs were raising funds at our local Sri Guru Singh Sabha Gurdwara in Southall, UK, for Gurdwara Guru Nanak Parkash at a small town, Klagenfurt in Austria.

Large scale displacement of Sikh populations in 1947 and the events following 1984 increased Sikh migration to countries far and wide. There are about 26–30 million Sikhs worldwide, of whom probably over 4 million live in the expanding Diaspora. There is hardly a country in the world where there are no Sikhs. One source, *Sikhism by Country 2024 - World Population Review,* gives Sikh populations in the main diaspora countries as: Canada 771,790, UK 524,140, US 500,000, Australia 210,400, Italy 150,000, Malaysia 100,000, UAE 52,000, Philippines 50,000 and New Zealand 40,908. UK Sikh experience is that most of these figures understate Sikh populations by hundreds of thousands due to the unreliability of statistical classification and monitoring systems under categories like ethnicity, ancestry, religion etc. The politics of *opt-in* to tick *Sikh* against some default option like *Indian*, or *Other*, works against Sikh interests by undercounting Sikh populations. Yet, numbers do *count* to secure a level playing field for a distinct theo-political community like the Sikhs.

Sikhs are not a geographical nation but, traditionally, they have always insisted on being treated as a nation, the Khalsa Panth. In recognition, the House of Lords allowed protection to Sikhs under the Race Relations law as afforded to other *ethnic groups and nationalities.*

Today, there is Sikh political engagement in diaspora countries and at international forums like the United Nations. There is global recognition of Sikh identity, ideals and institutions.

It is for next generations to continue with such positive activism in different fields to promote Sikh recognition while playing their role as model hard-working citizens.

**Gurmukh Singh OBE,** Ret'd Principal Civil Servant (UK) sewauk2005@yahoo.co.uk

# ਕੀ ਮਿਲ ਸਕੇਗਾ ਸ਼ੁਭਕਰਨ ਨੂੰ ਇਨਸਾਫ ?

## ✪ ਸ਼ੁਭਕਰਨ ਸਿੰਘ ਦੇ ਕਾਤਲ ਦੋਸ਼ੀਆਂ ਖ਼ਿਲਾਫ਼ ਕਮਜ਼ੋਰ ਐੱਫਆਰਆਈ ਦਰਜ ✪ ਮੌਤ ਸਿਰਫ਼ ਸਿਰ ਵਿੱਚ ਲੱਗੀ ਇੱਕ ਗੋਲੀ ਕਰਕੇ ਨਹੀਂ ਹੋਈ ਬਲਕਿ ਸਿਰ ਵਿੱਚ ਪੈਲੇਟ ਗੰਨ ਦੇ ਕਈ ਮੈਟਲ ਮਿਲੇ ✪ ਹਰਿਆਣਾ ਪੁਲਿਸ ਨੂੰ ਸੌਂਪੀ ਪੋਸਟ ਮਾਰਟਮ ਰਿਪੋਰਟ

ਪਟਿਆਲਾ-21 ਫਰਵਰੀ ਨੂੰ ਦਿੱਲੀ ਕੂਚ ਕਰੋ ਅੰਦੋਲਨ ਦੌਰਾਨ ਖਨੌਰੀ ਬਾਰਡਰ 'ਤੇ ਸ਼ਹੀਦ ਹੋਏ ਨੌਜਵਾਨ ਸ਼ੁਭਕਰਨ ਸਿੰਘ ਦਾ 8ਵੇਂ ਦਿਨ ਬੀਤੇ ਹਫਤੇ ਦੌਰਾਨ ਪੋਸਟਮਾਰਟਮ ਕਰ ਦਿਤਾ ਗਿਆ ਸੀ। ਇਸ ਮੌਕੇ ਜਾਣਕਾਰੀ ਦਿੰਦਿਆਂ ਕਿਸਾਨ ਆਗੂ ਜਗਜੀਤ ਸਿੰਘ ਡੱਲੇਵਾਲ ਨੇ ਦੱਸਿਆ ਕਿ ਪੁਲਿਸ ਵੱਲੋਂ ਅਣਪਛਾਤੇ ਵਿਅਕਤੀਆਂ ਖਿਲਾਫ਼ ਐੱਫਆਰਆਈ ਦਰਜ ਕਰ ਲਈ ਗਈ ਹੈ।

### ਕਿੰਨੀ ਕਮਜ਼ੋਰ ਹੈ ਜ਼ੀਰੋ ਐਫ ਆਈ ਆਰ ?

ਪੋਸਟਮਾਰਟਮ ਤੋਂ ਬਾਅਦ ਸ਼ੁਭਕਰਨ ਦੀ ਮੌਤ ਨੂੰ ਲੈਕੇ ਵੱਡਾ ਖੁਲਾਸਾ ਹੋਇਆ ਹੈ। ਉਸ ਦੀ ਮੌਤ ਸਿਰਫ਼ ਸਿਰ ਵਿੱਚ ਲੱਗੀ ਇੱਕ ਗੋਲੀ ਕਰਕੇ ਨਹੀਂ ਹੋਈ ਬਲਕਿ ਉਸ ਦੇ ਸਿਰ ਵਿੱਚ ਪੈਲੇਟ ਗੰਨ ਦੇ ਕਈ ਮੈਟਲ ਮਿਲੇ ਹਨ। ਹਿੰਦੁਸਤਾਨ ਟਾਈਮਜ਼ ਦੀ ਰਿਪੋਰਟ ਦੇ ਮੁਤਾਬਿਕ ਸ਼ੁਭਕਰਨ ਦੇ ਸਿਰ ਦਾ ਜਦੋਂ ਸੀਟੀ ਸਕੈਨ ਹੋਇਆ ਤਾਂ ਉਸ ਦੇ ਸਿਰ ਵਿੱਚ ਕਈ ਪੈਲੇਟ ਮਿਲੇ ਸਨ। ਇਹ ਉਹ ਹੀ ਪੈਲੇਟ ਗੰਨ ਦੇ ਛਰੇ ਸਨ ਜੋ ਕਈ ਕਿਸਾਨਾਂ ਦੇ ਸਰੀਰ ਤੋਂ ਮਿਲੇ ਸਨ, ਜਿਸ ਨਾਲ ਕਈ ਕਿਸਾਨ ਜ਼ਖਮੀ ਹੋਏ ਸਨ। ਪੋਸਟਮਾਰਟਮ ਰਿਪੋਰਟ ਵਿੱਚ ਇਹ ਵੀ ਸਾਹਮਣੇ ਆਇਆ ਹੈ ਸ਼ੁਭਕਰਨ ਦੀ ਖੋਪੜੀ ਦੇ ਸਭ ਤੋਂ ਪਿਛਲੇ ਹਿੱਸੇ ਵਿੱਚ ਸ਼ੱਟ ਦੇ ਨਿਸ਼ਾਨ ਹਨ, ਜਦਕਿ ਸਰੀਰ ਦੇ ਕਿਸੇ ਹੋਰ ਹਿੱਸੇ ਵਿੱਚ ਸੱਟ ਦਾ ਕੋਈ ਨਿਸ਼ਾਨ ਨਹੀਂ ਸੀ। ਜਾਂਚ ਜਾਣਕਾਰੀ ਅਨੁਸਾਰ ਸ਼ੁਭਕਰਨ ਸਿੰਘ ਦੇ ਸਿਰ 'ਤੇ ਧਾਤ ਦੀਆਂ ਕੁਝ ਗੋਲੀਆਂ ਲੱਗੀਆਂ, ਜਿਸ ਕਾਰਨ ਸਿਰ 'ਤੇ ਸੱਟ ਲੱਗਣ ਕਾਰਨ ਉਸ ਦੀ ਮੌਤ ਹੋ ਗਈ। ਧਾਤੂ ਦੀ ਜਾਂਚ ਲਈ ਮਾਹਿਰਾਂ ਦੀ ਰਾਏ ਲਈ ਜਾ ਰਹੀ ਹੈ ਤਾਂ ਜੋ ਜਲਦੀ ਤੋਂ ਜਲਦੀ ਇਹ ਸਪੱਸ਼ਟ ਹੋ ਸਕੇ ਕਿ ਸ਼ੁਭਕਰਨ ਦੇ ਸਿਰ 'ਤੇ ਵਾਰ ਕਰਨ ਲਈ ਕਿਹੜੇ ਹਥਿਆਰ ਦੀ ਵਰਤੋਂ ਕੀਤੀ ਗਈ ਸੀ।

ਪੰਜਾਬ ਪੁਲਿਸ ਨੇ ਸ਼ੁਭਕਰਨ ਸਿੰਘ ਦੀ ਪੋਸਟਮਾਰਟਮ ਰਿਪੋਰਟ ਹਰਿਆਣਾ ਨੂੰ ਸੌਂਪ ਦਿੱਤੀ ਹੈ ਬੇਸ਼ੱਕ ਪੁਲਿਸ ਨੂੰ ਸ਼ੁਭਕਰਨ ਦੀ ਪੋਸਟਮਾਰਟਮ ਰਿਪੋਰਟ ਦੀ ਕਾਪੀ ਮਿਲ ਗਈ ਹੈ ਪਰ ਫਿਲਹਾਲ ਪੁਲਿਸ ਅਧਿਕਾਰੀ ਉਸ ਦੇ ਸਿਰ ਦੀ ਸਕੈਨਿੰਗ ਰਿਪੋਰਟ ਮਿਲਣ ਦੀ ਉਡੀਕ ਕਰ ਰਹੇ ਹਨ। ਹੁਣ ਪੰਜ ਡਾਕਟਰਾਂ ਦੇ ਬੋਰਡ ਵੱਲੋਂ ਕੀਤੇ ਪੋਸਟਮਾਰਟਮ ਦੀ ਸਕੈਨਿੰਗ ਰਿਪੋਰਟ ਸੀਨੀਅਰ ਡਾਕਟਰ ਦੀ ਦੇਖ-ਰੇਖ ਹੇਠ ਤਿਆਰ ਕੀਤੀ ਜਾ ਰਹੀ ਹੈ, ਜਿਸ ਨੂੰ ਮਿਲਣ ਤੋਂ ਬਾਅਦ ਪੁਲਿਸ ਅੱਗੇ ਦੀ ਕਾਰਵਾਈ ਕਰੇਗੀ।

### ਰਾਜਨੀਤਕ ਆਗੂਆਂ ਵਲੋਂ ਮੁਖ ਮੰਤਰੀ ਦਾ ਵਿਰੋਧ

ਅਕਾਲੀ ਆਗੂ ਬਿਕਰਮ ਸਿੰਘ ਮਜੀਠੀਆ ਨੇ ਐਫ ਆਈ ਆਰ ਉਪਰ ਇਤਰਾਜ਼ ਕਰਦਿਆਂ ਕਿਹਾ ਕਿ ਭਗਵੰਤ ਮਾਨ ਨੇ ਨੌਜਵਾਨ ਕਿਸਾਨ ਸ਼ੁਭਕਰਨ ਸਿੰਘ ਦੇ ਕਤਲ ਦੇ ਮਾਮਲੇ ਵਿਚ ਜੋ ਐਫ ਆਈ ਆਰ ਦਰਜ ਕੀਤੀ ਹੈ, ਉਹ ਕਿਸੇ ਵੀ ਅਦਾਲਤੀ ਪਰਖ ਦੀ ਕਸਵੱਟੀ 'ਤੇ ਖਰੀ ਨਹੀਂ ਉਤਰਣ ਵਾਲੀ। ਅਣਪਛਾਤਿਆਂ ਖਿਲਾਫ਼ ਐਫ ਆਈ ਆਰ ਦਰਜ ਕਰਕੇ ਹਰਿਆਣਾ ਪੁਲਿਸ ਨੂੰ ਕਲੀਨ ਚਿੱਟ ਦੇ ਦਿੱਤੀ ਹੈ ਅਤੇ ਸ਼ੁੱਭਕਰਨ ਸਿੰਘ ਨੂੰ ਕਦੇ ਵੀ ਇਨਸਾਫ ਨਾ ਮਿਲਣਾ ਵੀ ਯਕੀਨੀ ਬਣਾ ਦਿੱਤਾ।

ਵਿਰੋਧੀ ਧਿਰ ਦੇ ਆਗੂ ਪ੍ਰਤਾਪ ਸਿੰਘ ਬਾਜਵਾ ਨੇ ਕਿਹਾ ਕਿ 'ਆਪ' ਸਰਕਾਰ ਨੇ ਇਹ ਐਫਆਈਆਰ ਗਲਤ ਇਰਾਦੇ ਨਾਲ ਦਰਜ ਕੀਤੀ ਹੈ ਤਾਂ ਜੋ ਦੋਸ਼ੀਆਂ ਨੂੰ ਬਚਾਇਆ ਜਾ ਸਕੇ।

ਭੁਲੱਥ ਤੋਂ ਕਾਂਗਰਸੀ ਵਿਧਾਇਕ ਸੁਖਪਾਲ ਸਿੰਘ ਖਹਿਰਾ ਨੇ ਪੰਜਾਬ ਸਰਕਾਰ ਨੂੰ ਘੇਰਦਿਆਂ ਟਵੀਟ ਕੀਤਾ ਕਿ ਕਿਸਾਨ ਸ਼ੁਭਕਰਨ ਦੀ ਹੱਤਿਆ ਮਾਮਲੇ 'ਚ ਦੇਰੀ ਨਾਲ ਦਰਜ ਹੋਈ ਐਫ.ਆਈ.ਆਰ. ਬਹਿਬਲ ਕਲਾਂ ਕਾਂਡ ਦੀ ਇਕ ਦੁਹਰਾਈ ਕਹਾਣੀ ਹੈ, ਜਿਥੇ 2015 'ਚ 2 ਸਿੱਖਾਂ ਨੂੰ ਗੋਲੀਆਂ ਮਾਰਨ ਵਾਲੀ ਵਰਦੀ ਵਿਚ ਪੁਲਿਸ ਵੀ ਅਣਜਾਣ ਸੀ ਤੇ ਇਥੇ ਵੀ ਦੋਸ਼ੀ ਪੁਲਿਸ ਅਣਜਾਣ ਹੈ। ਉਨ੍ਹਾਂ ਆਖਿਆ ਕਿ ਭਗਵੰਤ ਮਾਨ ਨੂੰ ਐਫ.ਆਈ.ਆਰ. ਵਿਚ ਲਗਭਗ 10 ਦਿਨਾਂ ਦੀ ਹੋਈ ਦੇਰੀ ਅਤੇ ਉਹ ਵੀ ਅਣਪਛਾਤੇ ਵਿਰੁੱਧ ਕਿਉਂ ਕੀਤੀ ਗਈ ਅਤੇ ਹਰਿਆਣਾ ਪੁਲਿਸ ਵਲੋਂ ਜੋ ਪੰਜਾਬ ਵਿਚ 250 ਤੋਂ ਵੱਧ ਕਿਸਾਨਾਂ ਦੇ ਟਰੈਕਟਰਾਂ ਨੂੰ ਨੁਕਸਾਨ ਪਹੁੰਚਾਉਣ ਤੇ ਹਿੰਸਾ ਲਈ ਕੌਣ ਜ਼ਿੰਮੇਵਾਰ ਹੋਵੇਗਾ, ਬਾਰੇ ਦੱਸਣਾ ਚਾਹੀਦਾ ਹੈ।

## ਹਾਈਕੋਰਟ ਵਲੋਂ ਕਿਸਾਨਾਂ ਦੇ ਤਸ਼ੱਦਦ ਬਾਰੇ ਸਖਤ ਨੋਟਿਸ

### ✪ ਕਿਹਾ ਕਿ ਕਿਸਾਨਾਂ ਉਪਰ ਅੱਤਵਾਦੀਆਂ ਵਾਂਗ ਗੋਲੀਆਂ ਕਿਉਂ ਚਲਾਈਆਂ



ਚੰਡੀਗੜ੍ਹ-ਬੀਤੇ ਦਿਨ ਪੰਜਾਬ ਹਰਿਆਣਾ ਹਾਈਕੋਰਟ ਨੇ ਪੈਲੇਟ ਗੰਨ ਨਾਲ ਕਿਸਾਨਾਂ ਨੂੰ ਨਿਸ਼ਾਨਾ ਬਣਾਉਣ ਅਤੇ ਸ਼ੁਭਕਰਨ ਦੇ ਪੋਸਟਮਾਰਟਮ ਵਿੱਚ ਹੋਈ ਦੇਰੀ ਨੂੰ ਲੈਕੇ ਪੰਜਾਬ ਅਤੇ ਹਰਿਆਣਾ ਸਰਕਾਰ ਨੂੰ ਤਕੜੀ ਝਾੜ ਲਗਾਈ ਸੀ ਹਾਈਕੋਰਟ ਦੇ ਚੀਫ ਜਸਟਿਸ ਗੁਰਮੀਤ ਸਿੰਘ ਸੰਧਾਵਾਲੀਆ ਦੀ ਡਬਲ ਬੈਂਚ ਨੇ ਹਰਿਆਣਾ ਨੂੰ ਕਿਹਾ ਤੁਸੀਂ ਸਰਕਾਰ ਹੋ ਨਾ ਕਿ ਅਤਿਵਾਦੀ ਜੋ ਇਸ ਤਰ੍ਹਾਂ ਕਿਸਾਨਾਂ 'ਤੇ ਗੋਲੀਆਂ ਚੱਲਾਈਆਂ। ਅਦਾਲਤ ਨੇ ਕਿਹਾ ਸ਼ੁਭਕਰਨ ਦੀ ਮੌਤ ਨੂੰ ਲੈਕੇ ਜਿਹੜੀ ਨਿਆਂਇਕ ਜਾਂਚ ਦੀ ਮੰਗ ਕੀਤੀ ਗਈ ਹੈ ਤੁਸੀਂ ਉਸ 'ਤੇ ਜਵਾਬ ਦਿਉ। ਇਸ ਦੇ ਨਾਲ ਅਦਾਲਤ ਨੇ ਪੰਜਾਬ ਸਰਕਾਰ ਨੂੰ ਪੁੱਛਿਆ ਕਿ ਸ਼ੁਭਕਰਨ ਦੀ ਲਾਸ਼ ਨੂੰ ਇੱਕ ਹਫਤੇ ਤੱਕ ਰੱਖਿਆ ਹੋਇਆ ਸੀ ਤੁਸੀਂ ਜਾਂਚ ਸ਼ੁਰੂ ਕਿਉਂ ਨਹੀਂ ਕੀਤੀ ? ਜੇ ਮੌਤ ਕੁਦਰਤੀ ਨਹੀਂ ਸੀ ਤਾਂ ਪੋਸਟਮਾਰਟਮ ਅਤੇ ਐਫਆਈਆਰ ਦਰਜ ਕਰਨ ਵਿੱਚ ਇੰਨੀ ਦੇਰੀ ਕਿਉਂ ਹੋਈ ? ਇਸ 'ਤੇ ਪੰਜਾਬ ਸਰਕਾਰ ਦੇ ਵਕੀਲ ਨੇ ਕਿਹਾ ਬੀਤੇ ਦਿਨੀਂ ਐਫਆਈਆਰ ਦਰਜ ਕੀਤੀ ਗਈ, ਪੋਸਟਮਾਰਟਮ ਕੀਤਾ ਗਿਆ ਹੈ। ਅਦਾਲਤ ਨੇ ਮੁੜ ਤੋਂ ਸਖਤੀ ਨਾਲ ਕਿਹਾ ਰਿਪੋਰਟ ਆਉਣ ਤੋਂ ਬਾਅਦ ਅਸੀਂ ਇਸ ਮਾਮਲੇ ਵਿੱਚ ਜ਼ਰੂਰੀ ਹੁਕਮ ਜਾਰੀ ਕਰਾਂਗੇ।

ਕਿਸਾਨ ਅੰਦੋਲਨ ਨਾਲ ਜੁੜੀਆਂ ਵੱਖ-ਵੱਖ ਪਟੀਸ਼ਨਾਂ 'ਤੇ ਸੁਣਵਾਈ ਦੌਰਾਨ ਕਾਰਜਕਾਰੀ ਚੀਫ ਜਸਟਿਸ ਗੁਰਮੀਤ ਸਿੰਘ ਸੰਧਾਵਾਲੀਆ ਅਤੇ ਜਸਟਿਸ ਲਪਿਤਾ ਬੈਨਰਜੀ ਨੇ ਦੋਵਾਂ ਸੂਬਿਆਂ ਵਿੱਚ ਇੰਟਰਨੈੱਟ ਅਤੇ ਫੋਨ ਸੇਵਾ ਬੰਦ ਕਰਨ 'ਤੇ ਜਵਾਬ ਮੰਗਿਆ। ਅਦਾਲਤ ਨੇ ਕਿਹਾ ਇੰਟਰਨੈੱਟ ਲੋਕਾਂ ਦਾ ਅਧਿਕਾਰ ਹੈ। ਹਾਈ ਕੋਰਟ ਨੇ ਹਰਿਆਣਾ, ਪੰਜਾਬ ਅਤੇ ਕੇਂਦਰ ਨੂੰ ਨੋਟਿਸ ਜਾਰੀ ਕਰਕੇ ਇਸ ਮਾਮਲੇ ਦੀ ਜਾਂਚ ਦੀ ਮੰਗ ਕੀਤੀ ਹੈ।

ਅਦਾਲਤ ਨੇ ਸੁਣਵਾਈ ਦੌਰਾਨ ਕਿਸਾਨਾਂ ਨੂੰ ਝਾੜ ਪਾਈ ਹੈ ਕਿ ਤੁਸੀਂ ਮੰਗਾਂ ਨੂੰ ਲੈਕੇ ਹਾਈਵੇ 'ਤੇ ਬੈਠੇ ਹੋ, ਕਿਸਾਨ ਅਦਾਲਤ ਵਿੱਚ ਆਕੇ ਆਪਣਾ ਪੱਖ ਕਿਉਂ ਨਹੀਂ ਰੱਖਦੇ ਹਨ। ਜੇਸੀਬੀ ਅਤੇ ਸਪੈਸ਼ਲ ਤਿਆਰ ਕੀਤੇ ਟਰੈਕਟਰਾਂ ਦੇ ਨਾਲ ਅੰਦੋਲਨ ਨੂੰ ਕਿਵੇਂ ਜਾਇਜ਼ ਠਹਿਰਾਇਆ ਜਾ ਸਕਦਾ ਹੈ। ਕੇਂਦਰ ਸਰਕਾਰ ਨੇ ਆਪਣਾ ਪੱਖ ਰੱਖਦੇ ਹੋਏ ਦੱਸਿਆ ਕਿ ਅਸੀਂ ਕਿਸਾਨਾਂ ਦੇ ਲਈ ਵੱਖ-ਵੱਖ ਭਲਾਈ ਦੀਆਂ ਸਕੀਮਾਂ ਸ਼ੁਰੂ ਕੀਤੀਆਂ ਹਨ, ਅਸੀਂ ਵਿਵਾਦ ਨੂੰ ਲੈਕੇ ਮੀਟਿੰਗਾਂ ਵੀ ਕੀਤੀਆਂ ਹਨ। ਅਸੀਂ ਅਦਾਲਤ ਨੂੰ ਅਪੀਲ ਕਰਦੇ ਹਾਂ ਕਿ ਉਹ ਦੇਸ਼ ਦੇ ਹਿੱਤ ਵਿੱਚ ਹੁਕਮ ਜਾਰੀ ਕਰਨ।

## ਹਰਿਆਣਾ ਪੁਲੀਸ ਕਿਸਾਨਾਂ ਨਾਲ ਅੱਤਵਾਦੀਆਂ ਵਰਗਾ ਵਿਹਾਰ ਕਰਨ ਲੱਗੀ

### ✪ ਦਿੱਲੀ ਚੱਲੋ ਅੰਦੋਲਨ ਦੇ ਪ੍ਰਦਰਸ਼ਨਕਾਰੀਆਂ ਦੀ ਪਛਾਣ ਕੀਤੀ, ਪਾਸਪੋਰਟ ਤੇ ਵੀਜ਼ੇ ਰੱਦ ਕਰਾਉਣ ਦਾ ਫ਼ੈਸਲਾ

ਚੰਡੀਗੜ੍ਹ-ਹਰਿਆਣਾ ਪੁਲੀਸ ਨੇ ਕਿਸਾਨਾਂ ਦੇ ਦਿੱਲੀ ਚੱਲੋ ਅੰਦੋਲਨ ਦੌਰਾਨ ਕਥਿਤ ਹਿੰਸਾ ਵਿੱਚ ਸ਼ਾਮਲ ਪ੍ਰਦਰਸ਼ਨਕਾਰੀਆਂ ਅਤੇ ਪੰਜਾਬ-ਹਰਿਆਣਾ ਸਰਹੱਦ 'ਤੇ ਜਨਤਕ ਜਾਇਦਾਦਾਂ ਨੂੰ ਨੁਕਸਾਨ ਪਹੁੰਚਾਉਣ ਵਾਲਿਆਂ ਦੇ ਪਾਸਪੋਰਟ ਅਤੇ ਵੀਜ਼ੇ ਰੱਦ ਕਰਨ ਦਾ ਫੈਸਲਾ ਕੀਤਾ ਹੈ। ਇਥੋਂ ਤਕ ਕਿਸਾਨਾਂ ਦੇ ਘਰ ਸਰਕਾਰੀ ਨੋਟਿਸ ਲਗਾਕੇ ਇੰਝ ਛਾਪੇ ਮਾਰਨੇ ਸ਼ੁਰੂ ਕੀਤੇ ਹਨ ਜਿਵੇਂ ਕਿ ਉਹ ਅੱਤਵਾਦੀ ਹੋਣ। ਇਹ ਕਿਸਾਨ ਘਰਾਂ ਤੋਂ ਗਾਇਬ ਹਨ। ਡੀਐੱਸਪੀ ਅੰਬਾਲਾ ਜੋਗਿੰਦਰ ਸ਼ਰਮਾ ਨੇ ਕਿਹਾ, 'ਅਸੀਂ ਮੰਤਰਾਲੇ ਅਤੇ ਸਫ਼ਾਰਤਖਾਨੇ ਨੂੰ ਉਨ੍ਹਾਂ ਦੇ ਵੀਜ਼ੇ ਅਤੇ ਪਾਸਪੋਰਟ ਰੱਦ ਕਰਨ ਦੀ ਬੇਨਤੀ ਕਰਾਂਗੇ। ਉਨ੍ਹਾਂ ਦੀ ਫੋਟੋ, ਨਾਮ ਅਤੇ ਪਤਾ ਪਾਸਪੋਰਟ ਦਫਤਰ ਨੂੰ ਦਿੱਤਾ ਜਾਵੇਗਾ। ਅਸੀਂ ਉਨ੍ਹਾਂ ਦੇ ਪਾਸਪੋਰਟ ਰੱਦ ਕਰਨ 'ਤੇ ਕੰਮ ਕਰ ਰਹੇ ਹਾਂ।' ਅਸੀਂ ਕਿਸਾਨਾਂ ਦੇ ਵਿਰੋਧ ਦੇ ਨਾਂ 'ਤੇ ਹਿੰਸਾ 'ਚ ਸ਼ਾਮਲ ਪੰਜਾਬ ਤੋਂ ਹਰਿਆਣਾ 'ਚ ਆਉਣ ਵਾਲਿਆਂ ਦੀ ਪਛਾਣ ਕੀਤੀ ਹੈ। ਅਸੀਂ ਉਨ੍ਹਾਂ ਦੀ ਪਛਾਣ ਸੀਸੀਟੀਵੀ ਕੈਮਰਿਆਂ ਅਤੇ ਡਰੋਨ ਕੈਮਰਿਆਂ ਨਾਲ ਕੀਤੀ ਹੈ।

## ਰਿਵਾਲਵਰ ਸਾਫ ਕਰਦੇ ਬਰਗਾੜੀ ਇਨਸਾਫ਼ ਮੋਰਚੇ ਦੇ ਆਗੂ ਸੁਖਰਾਜ ਸਿੰਘ ਨੂੰ ਲੱਗੀ ਗੋਲ਼ੀ

### ✪ ਮੈਡੀਕਲ ਕਾਲਜ ਹਸਪਤਾਲ ਦਾਖ਼ਲ, ਪੁਲਿਸ ਜਾਂਚ ਕਰਨ ਲਗੀ



ਫ਼ਰੀਦਕੋਟ-ਨੌਂ ਸਾਲ ਪਹਿਲਾਂ ਵਾਪਰੇ ਬਰਗਾੜੀ ਬੇਅਦਬੀ ਕਾਂਡ ਤੇ ਇਸ ਨਾਲ ਜੁੜੇ ਕੋਟਕਪੂਰਾ ਤੇ ਬਹਿਬਲ ਕਲਾਂ ਗੋਲ਼ੀ ਕਾਂਡ ਵਿਚ ਸਿੱਖ ਪੰਥ ਤੇ ਪੀੜਤ ਪਰਿਵਾਰਾਂ ਨੂੰ ਇਨਸਾਫ਼ ਦਿਵਾਉਣ ਲਈ ਬਹਿਬਲ ਕਲਾਂ ਇਨਸਾਫ਼ ਮੋਰਚਾ ਦੇ ਆਗੂ ਸੁਖਰਾਜ ਸਿੰਘ ਨੂੰ ਆਪਣਾ ਰਿਵਾਲਵਰ ਸਾਫ ਕਰਦਿਆਂ ਗੋਲ਼ੀ ਲੱਗੀ ਹੈ। ਮੈਡੀਕਲ ਕਾਲਜ ਹਸਪਤਾਲ ਵਿਚ ਜ਼ੇਰੇ ਇਲਾਜ ਸੁਖਰਾਜ ਸਿੰਘ ਨੇ ਦੱਸਿਆ ਕਿ ਗੋਲ਼ੀ ਉਨ੍ਹਾਂ ਦੀ ਬਾਂਹ ਨੂੰ ਛੂਹ ਕੇ ਨਿਕਲ ਗਈ। ਬਹਿਬਲ ਕਲਾਂ ਗੋਲ਼ੀ ਕਾਂਡ ਵਿਚ ਮਾਰੇ ਗਏ ਦੋ ਨੌਜਵਾਨਾਂ 'ਵਿਚੋਂ ਇਕ ਭਗਵਾਨ ਕਿਸ਼ਨ ਸਿੰਘ ਦਾ ਬੇਟਾ ਸੁਖਰਾਜ ਸਿੰਘ ਹੈ। ੦ਸੁਖਰਾਜ ਸਿੰਘ ਬਹਿਬਲ ਕਲਾਂ ਗੋਲ਼ੀ ਕਾਂਡ ਦੇ ਮੁੱਖ ਪੈਰਵੀਕਾਰ ਹੋਣ ਦੇ ਨਾਲ ਹੀ ਹੁਣ ਤੱਕ ਹੋਈ ਸੀਬੀਆਈ, ਐੱਸਆਈਟੀ, ਜਸਟਿਸ ਕਮਿਸ਼ਨਾਂ ਦੇ ਕੇਂਦਰ 'ਚ ਰਹੇ ਹਨ। ਪੁਲਿਸ ਇਸ ਮਾਮਲੇ ਵਿਚ ਬਾਰੀਕੀ ਨਾਲ ਜਾਂਚ ਕਰ ਰਹੀ ਹੈ।

# ਅੰਮ੍ਰਿਤਪਾਲ ਨੂੰ ਪੰਜਾਬ ਲਿਆਉਣ ਲਈ ਅਕਾਲੀ ਦਲ (ਅ) ਨੇ ਰੋਕੀਆਂ ਰੇਲਾਂ, ਪੁਲਿਸ ਨੇ ਹਿਰਾਸਤ ਵਿੱਚ ਲਏ ਆਗੂ



ਬਰਨਾਲਾ-ਬੀਤੇ ਦਿਨੀਂ ਸੰਗਰੂਰ ਤੋਂ ਸੰਸਦ ਮੈਂਬਰ ਅਤੇ ਪਾਰਟੀ ਪ੍ਰਧਾਨ ਸਿਮਰਨਜੀਤ ਸਿੰਘ ਮਾਨ ਨੇ ਅੰਮ੍ਰਿਤਪਾਲ ਸਿੰਘ ਨੂੰ ਪੰਜਾਬ ਲਿਆਉਣ ਲਈ ਪੂਰੇ ਪੰਜਾਬ ਵਿੱਚ ਰੇਲਾਂ ਰੋਕਣ ਦਾ ਐਲਾਨ ਕੀਤਾ ਸੀ, ਜਿਸ ਤਹਿਤ ਪਾਰਟੀ ਵਰਕਰਾਂ ਨੇ ਬਰਨਾਲਾ ਵਿੱਚ ਰੇਲਵੇ ਲਾਈਨ ਜਾਮ ਕਰ ਦਿੱਤੀ ਪੁਲਿਸ ਹਿਰਾਸਤ ਵਿੱਚ ਲਏ ਗਏ ਸ਼੍ਰੋਮਣੀ ਅਕਾਲੀ ਦਲ ਅੰਮ੍ਰਿਤਸਰ ਦੇ ਆਗੂਆਂ ਨੇ ਕਿਹਾ ਕਿ ਸਰਕਾਰ ਸਿੱਖਾਂ ਨੂੰ ਤੰਗ ਪ੍ਰੇਸ਼ਾਨ ਕਰ ਰਹੀ ਹੈ, ਜਿਸ ਦੇ ਵਿਰੋਧ ਵਿੱਚ ਉਹ ਰੋਸ ਪ੍ਰਦਰਸ਼ਨ ਕਰ ਰਹੇ ਹਨ। ਜੇਕਰ ਸਰਕਾਰ ਨੇ ਸਾਡੀ ਗੱਲ ਨਾ ਸੁਣੀ ਤਾਂ ਉਹ ਇਸ ਵਿਰੁੱਧ ਸੰਘਰਸ਼ ਜਾਰੀ ਰੱਖਣਗੇ

ਇਸ ਮੌਕੇ ਬੋਲਦਿਆਂ ਸ਼੍ਰੋਮਣੀ ਅਕਾਲੀ ਦਲ ਅੰਮ੍ਰਿਤਸਰ ਦੇ ਲੀਡਰਾਂ ਨੇ ਕਿਹਾ ਕਿ ਭਾਈ ਅੰਮ੍ਰਿਤਪਾਲ ਸਿੰਘ ਅਤੇ ਉਨ੍ਹਾਂ ਦੇ ਸਾਥੀ ਐਨ ਐਸਏ ਐਕਟ ਤਹਿਤ ਇੱਕ ਸਾਲ ਲਈ ਡਿਬਰੂਗੜ੍ਹ ਜੇਲ੍ਹ ਵਿੱਚ ਬੰਦ ਹਨ। ਡਿਬਰੂਗੜ੍ਹ ਜੇਲ੍ਹ ਵਿੱਚ ਉਸ ਨਾਲ ਬਦਸਲੂਕੀ ਕੀਤੀ ਜਾ ਰਹੀ ਹੈ। ਜਿਸ ਕਾਰਨ ਉਹ ਕਈ ਦਿਨਾਂ ਤੋਂ ਭੁੱਖ ਹੜਤਾਲ 'ਤੇ ਹਨ ਅਤੇ ਉੱਥੇ ਉਨ੍ਹਾਂ ਦੀ ਹਾਲਤ ਵੀ ਵਿਗੜ ਗਈ ਹੈ ਜਿਸ ਕਾਰਨ ਸੰਸਦ ਮੈਂਬਰ ਅਤੇ ਪਾਰਟੀ ਪ੍ਰਧਾਨ ਸਿਮਰਨਜੀਤ ਸਿੰਘ ਮਾਨ ਨੇ ਉਨ੍ਹਾਂ ਦੇ ਹੱਕ ਵਿੱਚ ਰੇਲ ਰੋਕੋ ਸੰਘਰਸ਼ ਦਾ ਸੱਦਾ ਦਿੱਤਾ ਸੀ।

ਲੀਡਰਾਂ ਨੇ ਕਿਹਾ ਕਿ ਇਸ ਤੋਂ ਇਲਾਵਾ ਪੰਜਾਬ ਦੇ ਕਿਸਾਨ ਆਪਣੀਆਂ ਮੰਗਾਂ ਨੂੰ ਲੈ ਕੇ ਦਿੱਲੀ ਜਾ ਰਹੇ ਸਨ ਪਰ ਸ਼ਾਂਤਮਈ ਢੰਗ ਨਾਲ ਪ੍ਰਦਰਸ਼ਨ ਕਰ ਰਹੇ ਕਿਸਾਨਾਂ 'ਤੇ ਸੰਭੂ ਬਾਰਡਰ ਹਰਿਆਣਾ ਪੁਲਿਸ ਵੱਲੋਂ ਗੋਲੀਆਂ ਅਤੇ ਅੱਥਰੂ ਗੈਸ ਸੁੱਟ ਕੇ ਤਸ਼ੱਦਦ ਕੀਤਾ ਗਿਆ। ਇਸ ਤੋਂ ਇਲਾਵਾ ਬੰਦੀ ਸਿੱਖਾਂ ਨੂੰ ਕਈ ਸਾਲਾਂ ਤੋਂ ਸਜ਼ਾ ਪੂਰੀ ਕਰਨ ਦੇ ਬਾਵਜੂਦ ਰਿਹਾਅ ਨਹੀਂ ਕੀਤਾ ਜਾ ਰਿਹਾ। ਇਨ੍ਹਾਂ ਸਾਰੀਆਂ ਮੰਗਾਂ ਨੂੰ ਲੈ ਕੇ ਪੰਜਾਬ ਵਿਚ ਰੇਲਾਂ ਰੋਕੀਆਂ ਗਈਆਂ ਹਨ। ਉਨ੍ਹਾਂ ਬਰਨਾਲਾ ਦੇ ਸੇਖਾ ਰੇਲਵੇ ਸਟੇਸ਼ਨ 'ਤੇ ਰੇਲਵੇ ਸਟੇਸ਼ਨ 'ਤੇ ਧਰਨਾ ਦਿੱਤਾ ਸੀ, ਜਿੱਥੋਂ ਪੁਲਿਸ ਨੇ ਸੰਘਰਸ਼ ਕਰਦਿਆਂ ਉਨ੍ਹਾਂ ਨੂੰ ਹਿਰਾਸਤ ਵਿੱਚ ਲੈ ਲਿਆ। ਉਹ ਇਨ੍ਹਾਂ ਮੰਗਾਂ ਦੀ ਪੂਰਤੀ ਲਈ ਸੰਘਰਸ਼ ਜਾਰੀ ਰੱਖਣਗੇ।

ਇਸ ਸਬੰਧੀ ਅੰਮ੍ਰਿਤਸਰ ਦਿਹਾਤੀ ਪੁਲੀਸ ਨੇ ਰੇਲ ਰੋਕਣ ਦਾ ਯਤਨ ਕਰ ਰਹੇ ਕੁਝ ਆਗੂਆਂ ਨੂੰ ਪਿੰਡ ਦੇਵੀਦਾਸਪੁਰਾ ਤੋਂ ਹਿਰਾਸਤ ਵਿੱਚ ਵੀ ਲਿਆ ਗਿਆ। ਹਿਰਾਸਤ ਵਿੱਚ ਲਏ ਗਏ ਲੋਕਾਂ ਵਿੱਚ ਭਾਈ ਜਸਬੀਰ ਸਿੰਘ ਬਚੜੇ, ਉਪਕਾਰ ਸਿੰਘ ਸੰਧੂ ਅਤੇ ਸੱਤ ਅੱਠ ਹੋਰ ਆਗੂ ਸ਼ਾਮਲ ਹਨ। ਇਸ ਸਬੰਧੀ ਐਸਐਸਪੀ ਦਿਹਾਤੀ ਸਤਿੰਦਰ ਸਿੰਘ ਨੇ ਦੱਸਿਆ ਕਿ ਮਾਹੌਲ ਸ਼ਾਂਤੀਪੂਰਨ ਹੈ ਅਤੇ ਸਾਰੀਆਂ ਟ੍ਰੇਨਾਂ ਚੱਲ ਰਹੀਆਂ ਹਨ।

## ਆਸਟ੍ਰੇਲੀਆ ਤੋਂ ਛੁੱਟੀ ਆਏ ਗਭਰੂ ਦਾ ਗੋਲ਼ੀਆਂ ਮਾਰ ਕੇ ਕਤਲ

### ✪ ਸਾਲੇ ਨਾਲ ਵਿਆਹ ਦੇਖਣ ਗਿਆ ਸੀ ਅੰਮ੍ਰਿਤਸਰ



ਪਠਾਨਕੋਟ-ਅੰਮ੍ਰਿਤਸਰ ਨੈਸ਼ਨਲ ਹਾਈਵੇ 'ਤੇ ਪੈਂਦੇ ਪਿੰਡ ਪਰਮਾਨੰਦ ਦੇ ਸਰਕਾਰੀ ਸੀਨੀਅਰ ਸੈਕੰਡਰੀ ਸਮਾਰਟ ਸਕੂਲ ਅੱਗੇ ਆਸਟ੍ਰੇਲੀਆ ਤੋਂ ਛੁੱਟੀ ਆਏ ਨੌਜਵਾਨ ਦੀ ਗੋਲ਼ੀਆਂ ਮਾਰ ਕੇ ਹੱਤਿਆ ਕਰ ਦਿੱਤੀ ਗਈ। ਮ੍ਰਿਤਕ ਦੇ ਤਾਏ ਦੇ ਬੇਟੇ ਦਵਿੰਦਰ ਸਿੰਘ ਨੇ ਦੱਸਿਆ ਕਿ ਉਹ ਚਾਰ ਮਹੀਨੇ ਪਹਿਲਾਂ ਛੁੱਟੀ ਆਇਆ ਸੀ। ਉਹ ਆਸਟ੍ਰੇਲੀਆ ਵਿਚ ਟਰਾਂਸਪੋਰਟ ਦਾ ਕੰਮ ਕਰਦਾ ਸੀ। ਬੀਤੇ ਦਿਨੀਂ ਉਹ ਅੰਮ੍ਰਿਤਸਰ ਆਪਣੇ ਸਾਲੇ ਨਾਲ ਵਿਆਹ ਵੇਖਣ ਗਿਆ ਹੋਇਆ ਸੀ। ਰਾਤ ਨੂੰ ਉਹ ਆਪਣੇ ਸਾਲੇ ਨੂੰ ਮਲਕਪੁਰ ਛੱਡ ਕੇ ਵਾਪਸ ਆ ਰਿਹਾ ਸੀ ਪਰ ਉਹ ਰਾਤ ਘਰ ਨਹੀਂ ਪੁੱਜਾ। ਉਨ੍ਹਾਂ ਨੂੰ ਸਵੇਰੇ ਕਿਸੇ ਦਾ ਫ਼ੋਨ ਆਇਆ ਕਿ ਹਰਦੇਵ ਸਿੰਘ ਉਮਰ 30 ਸਾਲ ਪਿੰਡ ਮੀਰਾਚੱਕ ਬਮਿਆਲ ਦੀ ਮ੍ਰਿਤਕ ਦੇਹ ਪਰਮਾਨੰਦ ਸਕੂਲ ਦੇ ਅੱਗੇ ਪਈ ਹੋਈ ਹੈ। ਜਦੋਂ ਉਹ ਉੱਥੇ ਪੁੱਜੇ ਤਾਂ ਉਨ੍ਹਾਂ ਦੇਖਿਆ ਕਿ ਉਹਦੇ ਪੇਟ 'ਚ ਗੋਲ਼ੀ ਲੱਗਣ ਕਾਰਨ ਉਸ ਦੀ ਮੌਤ ਹੋ ਗਈ ਹੈ। ਪੁਲਿਸ ਨੇ ਮਾਮਲਾ ਦਰਜ ਕਰ ਕੇ ਮ੍ਰਿਤਕ ਦੀ ਦੇਹ ਕਬਜ਼ੇ 'ਚ ਲੈ ਕੇ ਉਸਨੂੰ ਪੋਸਟਮਾਟਮ ਵਾਸਤੇ ਸਿਵਲ ਹਸਪਤਾਲ ਪਠਾਨਕੋਟ ਭੇਜ ਦਿੱਤਾ ਹੈ। ਸੀਸੀਟੀਵੀ ਕੈਮਰਿਆਂ ਦੀ ਫੁਟੇਜ ਚੈੱਕ ਕਰ ਕੇ ਦੋਸ਼ੀ ਦੀ ਭਾਲ ਕੀਤੀ ਜਾ ਰਹੀ ਹੈ।




# ਮੋਦੀ ਸਰਕਾਰ ਨੇ 'ਪੰਥਕ ਮਾਮਲਿਆਂ' ਬਾਰੇ 'ਬੇਰੁਖੀ' ਅਪਨਾਈ

## ✪ ਬੰਦੀ ਸਿਖਾਂ ਨੂੰ ਰਿਹਾਅ ਕਰਨ ਲਈ ਤਿਆਰ ਨਹੀਂ ✪ ਸ਼੍ਰੋਮਣੀ ਕਮੇਟੀ ਨੂੰ ਗਲਬਾਤ ਲਈ ਸਮਾਂ ਨਹੀਂ ਦਿੱਤਾ

ਅੰਮ੍ਰਿਤਸਰ-ਲੋਕ ਸਭਾ ਚੋਣਾਂ ਐਨ ਸਿਰ 'ਤੇ ਹੋਣ ਦੇ ਬਾਵਜੂਦ ਕੇਂਦਰ ਵਿਚ ਮੋਦੀ ਸਰਕਾਰ ਵਲੋਂ ਲੰਬੇ ਅਰਸੇ ਤੋਂ 'ਸਿੱਖ ਮਸਲਿਆਂ' ਪ੍ਰਤੀ ਦਿਖਾਈ ਜਾ ਰਹੀ 'ਬੇਰੁਖੀ' ਅਜੇ ਤੱਕ ਵੀ ਬਰਕਰਾਰ ਰਹਿਣ ਕਾਰਨ ਇਨ੍ਹਾਂ ਸਿੱਖ ਮਸਲਿਆਂ ਸੰਬੰਧੀ ਗੱਲਬਾਤ ਜਾਂ ਕੋਈ ਹੱਲ ਚੋਣਾਂ ਤੋਂ ਬਾਅਦ ਅਗਲੀ ਸਰਕਾਰ ਦੇ ਗਠਨ ਉਪਰੰਤ ਹੀ ਨਿਕਲਣ ਦੀ ਸੰਭਾਵਨਾ ਹੈ।

ਜ਼ਿਕਰਯੋਗ ਹੈ ਕਿ ਸ਼੍ਰੋਮਣੀ ਕਮੇਟੀ ਵਲੋਂ ਲੰਬੇ ਅਰਸੇ ਤੋਂ ਕੇਂਦਰ ਕੋਲ ਸਿੱਖ ਜਗਤ ਨੂੰ ਦਰਪੇਸ਼ ਮਸਲਿਆਂ ਨੂੰ ਹੱਲ ਕਰਨ ਦੀ ਚਾਰਾਜੋਈ ਕੀਤੀ ਜਾ ਰਹੀ ਹੈ, ਪਰ ਕੇਂਦਰ ਸਰਕਾਰ ਸਿੱਖ ਮਸਲਿਆਂ ਪ੍ਰਤੀ ਪੂਰੀ ਤਰ੍ਹਾਂ ਅੱਖਾਂ ਮੀਟੀ ਬੈਠੀ ਹੈ। ਸਿਆਸੀ ਹਲਕਿਆਂ ਵਿਚ ਚਰਚਾ ਹੈ ਕਿ ਕੇਂਦਰ ਦੀ ਭਾਜਪਾ ਸਰਕਾਰ ਚੋਣਾਂ ਤੋਂ ਪਹਿਲਾਂ ਦੇਸ਼ ਦੇ ਹਰ ਵਰਗ ਨੂੰ ਖੁਸ਼ ਕਰਨ ਦੀਆਂ ਕੋਸ਼ਿਸ਼ਾਂ ਵਿਚ ਹੈ, ਪਰ ਸ੍ਰੀ ਗੁਰੂ ਨਾਨਕ ਦੇਵ ਜੀ ਦੇ 550 ਸਾਲਾ ਪ੍ਰਕਾਸ਼ ਪੁਰਬ ਮੌਕੇ ਸਜ਼ਾਵਾਂ ਪੂਰੀਆਂ ਕਰ ਚੁਕੇ ਤੇ ਕਈ ਕਈ ਦਹਾਕਿਆਂ ਤੋਂ ਜੇਲ੍ਹਾਂ ਵਿਚ ਨਜ਼ਰਬੰਦ ਬੰਦੀ ਸਿੱਖਾਂ ਨੂੰ ਰਿਹਾਅ ਕਰਨ ਤੇ ਭਾਈ ਬਲਵੰਤ ਸਿੰਘ ਰਾਜੋਆਣਾ ਦੀ ਫਾਂਸੀ ਦੀ ਸਜ਼ਾ ਨੂੰ ਉਮਰ ਕੈਦ 'ਚ ਤਬਦੀਲ ਕਰਨ ਦੇ ਆਪਣੇ ਵਲੋਂ ਹੀ ਜਾਰੀ ਨੋਟੀਫਿਕੇਸ਼ਨ ਨੂੰ ਲਾਗੂ ਨਹੀਂ ਕਰ ਸਕੀ। ਇਸ ਨੋਟੀਫਿਕੇਸ਼ਨ ਦੇ ਜਾਰੀ ਨਾ ਹੋਣ ਕਾਰਨ ਹੀ ਪ੍ਰੋ: ਦਵਿੰਦਰਪਾਲ ਸਿੰਘ ਭੁੱਲਰ ਤੇ ਭਾਈ ਬਲਵੰਤ ਸਿੰਘ ਖੇੜਾ ਕਰੀਬ ਤਿੰਨ-ਤਿੰਨ ਦਹਾਕਿਆਂ ਦੀਆਂ ਸਜ਼ਾਵਾਂ ਪੂਰੀਆਂ ਕਰਨ ਦੇ ਬਾਵਜੂਦ ਅਜੇ ਤੱਕ ਜੇਲ੍ਹਾਂ ਦੀਆਂ ਕਾਲ ਕੋਠੜੀਆਂ ਵਿਚ ਕੈਦ ਹਨ। ਹਾਲਾਂਕਿ ਪ੍ਰੋ: ਭੁੱਲਰ ਦੀ ਰਿਹਾਈ ਵਿਚ 'ਆਪ' ਦੀ ਦਿੱਲੀ ਸਰਕਾਰ ਵਲੋਂ ਵੀ ਹਰੀ ਝੰਡੀ ਨਾ ਦੇਣ ਦੇ ਚਰਚੇ ਹਨ।

ਇਸੇ ਦੌਰਾਨ ਵਾਰਿਸ ਪੰਜਾਬ ਦੇ ਜਥੇਬੰਦੀ ਦੇ ਮੁਖੀ ਅੰਮ੍ਰਿਤਪਾਲ ਸਿੰਘ ਸਮੇਤ ਸਿੱਖ ਨੌਜਵਾਨਾਂ ਨੂੰ ਪੰਜਾਬ ਦੀ ਜੇਲ੍ਹ 'ਚ ਤਬਦੀਲ ਕਰਨ, ਭਾਈ ਰਾਜੋਆਣਾ ਦੀ ਫਾਂਸੀ ਦੀ ਸਜ਼ਾ ਉਮਰ ਕੈਦ 'ਚ ਤਬਦੀਲ ਕਰਾਉਣ, ਬੰਦੀ ਸਿੰਘਾਂ ਦੀ ਰਿਹਾਈ ਦੀ ਮੰਗ ਆਦਿ ਪ੍ਰਤੀ ਕੇਂਦਰ ਸਰਕਾਰ ਵਲੋਂ ਅਜੇ ਤੱਕ ਟਾਲ ਮਟੋਲ ਵਾਲੀ ਨੀਤੀ ਅਪਣਾਈ ਹੋਈ ਹੈ। ਵੱਖਰੀ ਹਰਿਆਣਾ ਸਿੱਖ ਗੁ: ਪ੍ਰ: ਕਮੇਟੀ ਦੇ ਗਠਨ ਨੂੰ ਰੱਦ ਕਰਾਉਣ ਅਤੇ ਸ੍ਰੀ ਦਰਬਾਰ ਸਾਹਿਬ ਤੋਂ ਸਿੱਧੇ ਗੁਰਬਾਣੀ ਕੀਰਤਨ ਪ੍ਰਸਾਰਨ ਲਈ ਸੈਟੇਲਾਈਟ ਚੈਨਲ ਸ਼ੁਰੂ ਕਰਨ ਵਰਗੀਆਂ ਅਹਿਮ ਮੰਗਾਂ ਨੂੰ ਲੈ ਕੇ ਵੀ ਸ਼੍ਰੋਮਣੀ ਕਮੇਟੀ ਨੂੰ ਗ੍ਰਹਿ ਅਤੇ ਸੂਚਨਾ ਤੇ ਪ੍ਰਸਾਰਨ ਮੰਤਰਾਲਿਆਂ ਵਲੋਂ ਗੱਲਬਾਤ ਲਈ ਸਮਾਂ ਨਹੀਂ ਦਿੱਤਾ ਜਾ ਰਿਹਾ। ਇਸੇ ਤਰ੍ਹਾਂ ਸਿੱਖ ਜਗਤ ਦੀਆਂ ਦੋ ਵੱਡੀਆਂ ਧਾਰਮਿਕ ਸੰਸਥਾਵਾਂ ਵਿਚੋਂ ਸ਼੍ਰੋਮਣੀ ਕਮੇਟੀ ਦੇ ਪੰਜਾਬ ਦੀ ਸਿਆਸੀ ਪਾਰਟੀ ਅਕਾਲੀ ਦਲ ਦੇ ਪ੍ਰਭਾਵ ਵਿਚ ਅਤੇ ਦਿੱਲੀ ਸਿੱਖ ਗੁ: ਕਮੇਟੀ ਦੇ ਭਾਜਪਾ ਦੀ ਅਗਵਾਈ ਵਾਲੀ ਕੇਂਦਰ ਸਰਕਾਰ ਦੇ ਪ੍ਰਭਾਵ 'ਚ ਹੋਣ ਕਾਰਨ ਸਿੱਖ ਮਸਲਿਆਂ ਪ੍ਰਤੀ ਇਕਜੁੱਟ ਹੋ ਕੇ ਆਵਾਜ਼ ਬੁਲੰਦ ਨਾ ਕਰਨਾ ਵੀ ਸਮਝਿਆ ਜਾ ਰਿਹਾ ਹੈ।

ਸਿੱਖ ਮਸਲਿਆਂ ਪ੍ਰਤੀ ਭਾਜਪਾ ਦੀ ਬੇਰੁਖੀ ਕਾਰਨ ਪਾਰਟੀ ਨੂੰ ਲੋਕ ਸਭਾ ਚੋਣਾਂ ਦੌਰਾਨ ਸਿੱਖ ਜਗਤ ਦੀ ਨਾਰਾਜ਼ਗੀ ਦਾ ਵੀ ਸਾਹਮਣਾ ਕਰਨਾ ਪੈ ਸਕਦਾ ਹੈ।

# ਐਡਵੋਕੇਟ ਧਾਮੀ ਨੇ ਗਵਰਨਰ ਨਾਲ ਕੀਤੀ ਮੁਲਾਕਾਤ

## ✪ ਗੁਰੂ ਘਰ 'ਤੇ ਪੁਲਿਸ ਹਮਲੇ, ਤੇ ਬੰਦੀ ਸਿੰਘਾਂ ਦੀ ਰਿਹਾਈ ਦੇ ਮਾਮਲੇ ਹੱਲ ਕਰਵਾਉਣ ਨੂੰ ਕਿਹਾ



ਚੰਡੀਗੜ੍ਹ-ਸ਼੍ਰੋਮਣੀ ਕਮੇਟੀ ਦੇ ਉੱਚ ਪੱਧਰੀ ਵਫ਼ਦ ਵਲੋਂ ਪ੍ਰਧਾਨ ਐਡਵੋਕੇਟ ਹਰਜਿੰਦਰ ਸਿੰਘ ਧਾਮੀ ਦੀ ਅਗਵਾਈ ਹੇਠ ਪੰਜਾਬ ਦੇ ਰਾਜਪਾਲ ਬਨਵਾਰੀ ਲਾਲ ਪੁਰੋਹਿਤ ਨਾਲ ਮੁਲਾਕਾਤ ਕਰਕੇ ਸੁਲਤਾਨਪੁਰ ਲੋਧੀ ਦੇ ਗੁਰਦੁਆਰਾ ਸਾਹਿਬ ਵਿਖੇ ਪੰਜਾਬ ਪੁਲਿਸ ਵਲੋਂ ਕੀਤੀ ਗਈ ਗੋਲੀਬਾਰੀ, ਅਸਾਮ ਦੇ ਡਿਬਰੂਗੜ੍ਹ ਜੇਲ੍ਹ 'ਚ ਨਜ਼ਰਬੰਦ ਸਿੱਖ ਨੌਜਵਾਨਾਂ ਵਲੋਂ ਭੁੱਖ ਹੜਤਾਲ 'ਤੇ ਬੈਠਣ ਅਤੇ ਬੰਦੀ ਸਿੰਘਾਂ ਦੀ ਰਿਹਾਈ ਦੇ ਮਾਮਲੇ ਉਠਾਏ ਗਏ। ਇਸ ਵਫ਼ਦ ਵਿਚ ਐਡਵੋਕੇਟ ਧਾਮੀ ਸਮੇਤ ਸ਼੍ਰੋਮਣੀ ਕਮੇਟੀ ਦੇ ਜੂਨੀਅਰ ਮੀਤ ਪ੍ਰਧਾਨ ਗੁਰਬਖਸ਼ ਸਿੰਘ ਖ਼ਾਲਸਾ, ਜਨਰਲ ਸਕੱਤਰ ਭਾਈ ਰਜਿੰਦਰ ਸਿੰਘ ਮਹਿਤਾ ਅਤੇ ਮੈਂਬਰ ਐਡਵੋਕੇਟ ਭਗਵੰਤ ਸਿੰਘ ਸਿਆਲਕਾ ਆਦਿ ਵੀ ਸ਼ਾਮਿਲ ਸਨ। ਇਸ ਮੌਕੇ ਵਫ਼ਦ ਵਲੋਂ ਰਾਜਪਾਲ ਨੂੰ ਤਿੰਨ ਵੱਖ-ਵੱਖ ਮੰਗ ਪੱਤਰ ਸੌਂਪੇ ਗਏ ਅਤੇ ਉਕਤ ਮਾਮਲਿਆਂ ਸੰਬੰਧੀ ਕਾਰਵਾਈ ਕਰਨ ਲਈ ਆਖਿਆ ਗਿਆ। ਸ਼੍ਰੋਮਣੀ ਕਮੇਟੀ ਦੇ ਪ੍ਰਧਾਨ ਐਡਵੋਕੇਟ ਧਾਮੀ ਨੇ ਕਿਹਾ ਕਿ ਉਨ੍ਹਾਂ ਵਲੋਂ ਸੌਂਪੇ ਗਏ ਮੰਗ ਪੱਤਰ ਵਿਚ ਕਿਹਾ ਗਿਆ ਹੈ ਕਿ ਪੰਜਾਬ ਦੇ ਮੁੱਖ ਮੰਤਰੀ ਤੇ ਗ੍ਰਹਿ ਮੰਤਰੀ ਭਗਵੰਤ ਮਾਨ ਦੀ ਅਗਵਾਈ ਵਾਲੀ ਸਰਕਾਰ ਨੇ ਗੁਰਦੁਆਰਾ ਸ੍ਰੀ ਅਕਾਲ ਬੁੰਗਾ ਸਾਹਿਬ ਸੁਲਤਾਨਪੁਰ ਲੋਧੀ ਵਿਖੇ ਮਰਿਆਦਾ ਦਾ ਉਲੰਘਣ ਕਰਦਿਆਂ ਸਿੱਖ ਭਾਵਨਾਵਾਂ ਨੂੰ ਠੇਸ ਪਹੁੰਚਾਈ ਹੈ। ਉਨ੍ਹਾਂ ਕਿਹਾ ਕਿ ਲੰਮਾ ਸਮਾਂ ਬੀਤ ਜਾਣ ਤੋਂ ਬਾਅਦ ਵੀ ਪੰਜਾਬ ਸਰਕਾਰ ਦੀ ਚੁੱਪੀ ਇਹ ਸਿੱਧ ਕਰਦੀ ਹੈ ਕਿ ਗੁਰੂ ਘਰ 'ਤੇ ਪੁਲਿਸ ਨੇ ਹਮਲਾ ਮਿੱਥ ਕੇ ਕੀਤਾ ਸੀ।ਉਨ੍ਹਾਂ ਕਿਹਾ ਕਿ ਉਨ੍ਹਾਂ ਰਾਜਪਾਲ ਤੋਂ ਮੰਗ ਕੀਤੀ ਹੈ ਕਿ ਉਹ ਸੂਬੇ ਦੇ ਸੰਵਿਧਾਨਕ ਮੁਖੀ ਹੋਣ ਦੇ ਨਾਤੇ ਇਸ ਮਾਮਲੇ 'ਚ ਦਖਲ ਦੇ ਕੇ ਸੂਬਾ ਸਰਕਾਰ ਪਾਸੋਂ ਜਵਾਬ ਤਲਬੀ ਕਰਨ। ਡਿਬਰੂਗੜ੍ਹ ਜੇਲ੍ਹ 'ਚ ਨਜ਼ਰਬੰਦ ਪੰਜਾਬ ਦੇ ਸਿੱਖ ਨੌਜਵਾਨਾਂ ਦੇ ਮਾਮਲੇ ਸੰਬੰਧੀ ਐਡਵੋਕਟ ਧਾਮੀ ਨੇ ਦੱਸਿਆ ਕਿ ਉਨ੍ਹਾਂ ਰਾਜਪਾਲ ਪੰਜਾਬ ਤੋਂ ਮੰਗ ਕੀਤੀ ਹੈ ਕਿ ਮਨੁੱਖੀ ਅਧਿਕਾਰਾਂ ਦੀ ਉਲੰਘਣਾ ਦੇ ਇਸ ਮਾਮਲੇ ਵਿਚ ਪੰਜਾਬ ਸਰਕਾਰ ਨੂੰ ਹਦਾਇਤ ਕੀਤੀ ਜਾਵੇ ਕਿ ਉਹ ਇਹ ਮੁੱਦਾ ਤੁਰੰਤ ਭਾਰਤ ਸਰਕਾਰ ਦੇ ਗ੍ਰਹਿ ਮੰਤਰਾਲੇ ਕੋਲ ਉਠਾ ਕੇ ਡਿਬਰੂਗੜ੍ਹ ਜੇਲ੍ਹ ਵਿਚ ਨਜ਼ਰਬੰਦ ਸਿੱਖ ਨੌਜਵਾਨਾਂ ਨੂੰ ਪੰਜਾਬ ਦੀ ਜੇਲ੍ਹ 'ਚ ਤਬਦੀਲ ਕਰੇ। ਬੰਦੀ ਸਿੰਘਾਂ ਦੀ ਰਿਹਾਈ ਦੇ ਮਾਮਲੇ ਸੰਬੰਧੀ ਰਾਜਪਾਲ ਪਾਸੋਂ ਮੰਗ ਕੀਤੀ ਹੈ ਕਿ ਉਹ ਕੇਂਦਰ ਸਰਕਾਰ ਵਲੋਂ ਸਾਲ 2019 'ਚ ਜਾਰੀ ਕੀਤੀ ਗਈ ਨੋਟੀਫਿਕੇਸ਼ਨ ਨੂੰ ਪੂਰੀ ਤਰ੍ਹਾਂ ਲਾਗੂ ਕਰਵਾਉਣ। ਉਨ੍ਹਾਂ ਕਿਹਾ ਕਿ ਕੇਂਦਰ ਸਰਕਾਰ ਦੀ ਨੋਟੀਫਿਕੇਸ਼ਨ ਅਨੁਸਾਰ ਭਾਈ ਬਲਵੰਤ ਸਿੰਘ ਰਾਜੋਆਣਾ ਦੀ ਫਾਂਸੀ ਤੋਂ ਉਮਰ ਕੈਦ 'ਚ ਸਜ਼ਾ ਤਬਦੀਲੀ, ਭਾਈ ਗੁਰਦੀਪ ਸਿੰਘ ਖੇੜਾ ਤੇ ਪ੍ਰੋ. ਦੇਵਿੰਦਰਪਾਲ ਸਿੰਘ ਭੁੱਲਰ ਦੀ ਰਿਹਾਈ ਦੇ ਮਾਮਲੇ ਹਾਲੇ ਵੀ ਹੱਲ ਹੋਣ ਵਾਲੇ ਹਨ।

# ਹਾਈ ਕੋਰਟ ਸਿਆਸੀ ਰੈਲੀਆਂ ਵਿਚ ਸਰਕਾਰੀ ਬੱਸਾਂ ਦੀ ਵਰਤੋਂ ਬਾਰੇ ਪੰਜਾਬ ਸਰਕਾਰ ਤੋਂ ਮੰਗਿਆ ਜਵਾਬ



ਚੰਡੀਗੜ੍ਹ-ਪੰਜਾਬ ਵਿਚ ਸਿਆਸੀ ਰੈਲੀਆਂ 'ਚ ਸਰਕਾਰੀ ਬੱਸਾਂ ਅਤੇ ਸਾਧਨਾਂ ਦੀ ਵਰਤੋਂ ਕਰਨ ਦੇ ਦੋਸ਼ ਵਿਚ ਦਾਇਰ ਇਕ ਜਨਹਿਤ ਪਟੀਸ਼ਨ 'ਤੇ ਪੰਜਾਬ ਅਤੇ ਹਰਿਆਣਾ ਹਾਈ ਕੋਰਟ ਨੇ ਪੰਜਾਬ ਸਰਕਾਰ ਅਤੇ ਹੋਰ ਜ਼ਿੰਮੇਵਾਰ ਅਧਿਕਾਰੀਆਂ ਨੂੰ ਨੋਟਿਸ ਜਾਰੀ ਕਰਕੇ ਜਵਾਬ ਮੰਗਿਆ ਹੈ। ਪਟੀਸ਼ਨਕਰਤਾ ਮਾਣਿਕ ਗੋਇਲ ਨੇ ਹਾਈ ਕੋਰਟ ਨੂੰ ਦੱਸਿਆ ਕਿ ਇਕ ਪਾਸੇ ਸਰਕਾਰੀ ਬੱਸਾਂ ਦੀ ਘਾਟ ਕਾਰਨ ਲੋਕਾਂ ਨੂੰ ਮੁਸ਼ਕਿਲਾਂ ਦਾ ਸਾਹਮਣਾ ਕਰਨਾ ਪੈ ਰਿਹਾ ਹੈ, ਦੂਜੇ ਪਾਸੇ ਸੈਂਕੜੇ ਬੱਸਾਂ ਨੂੰ ਸਿਆਸੀ ਰੈਲੀਆਂ ਦੌਰਾਨ ਵਰਤਿਆ ਜਾ ਰਿਹਾ ਹੈ।ਪੰਜਾਬ ਸਰਕਾਰ ਵਲੋਂ ਸਿਆਸੀ ਰੈਲੀਆਂ ਨੂੰ ਸਫ਼ਲ ਬਣਾਉਣ ਲਈ ਸਰਕਾਰੀ ਅਧਿਕਾਰੀਆਂ, ਨੋਡਲ ਅਫ਼ਸਰਾਂ ਅਤੇ ਅਧਿਆਪਕਾਂ ਨੂੰ ਜ਼ਿੰਮੇਵਾਰੀਆਂ ਦਿੱਤੀਆਂ ਜਾਂਦੀਆਂ ਹਨ, ਜਦਕਿ ਰੈਲੀ ਕੋਈ ਸਰਕਾਰੀ ਪ੍ਰੋਗਰਾਮ ਨਹੀਂ ਹੈ। ਪਟੀਸ਼ਨਕਰਤਾ ਨੇ ਪੰਜਾਬ ਵਿਚ ਹਾਲ ਹੀ ਵਿਚ ਹੋਈਆਂ ਰੈਲੀਆਂ ਜਿਨ੍ਹਾਂ ਵਿਚ ਸਰਕਾਰੀ ਬੱਸਾਂ ਦੀ ਵਰਤੋਂ ਕੀਤੀ ਗਈ, ਦੀਆਂ ਵੀਡੀਓਜ਼ ਵੀ ਹਾਈ ਕੋਰਟ ਨੂੰ ਸੌਂਪੀਆਂ ਹਨ। ਉਨ੍ਹਾਂ ਕਿਹਾ ਕਿ ਜਿਵੇਂ-ਜਿਵੇਂ ਲੋਕ ਸਭਾ ਚੋਣਾਂ ਨੇੜੇ ਆ ਰਹੀਆਂ ਹਨ, ਰਾਜ ਵਿਚ ਸੱਤਾਧਾਰੀ ਧਿਰ ਦੀਆਂ ਸਿਆਸੀ ਰੈਲੀਆਂ ਵਿਚ ਵਾਧਾ ਹੋਇਆ ਹੈ ਅਤੇ ਇਨ੍ਹਾਂ ਵਿਚ ਸਰਕਾਰੀ ਮਸ਼ੀਨਰੀ ਦੀ ਬੇਹੱਦ ਵਰਤੋਂ ਕੀਤੀ ਜਾ ਰਹੀ ਹੈ। ਪਟੀਸ਼ਨਕਰਤਾ ਨੇ ਹਾਈ ਕੋਰਟ ਨੂੰ ਅਪੀਲ ਕੀਤੀ ਸੀ ਕਿ ਸਿਆਸੀ ਪ੍ਰੋਗਰਾਮਾਂ ਵਿਚ ਸਰਕਾਰੀ ਸਾਧਨਾਂ ਦੀ ਵਰਤੋਂ 'ਤੇ ਤੁਰੰਤ ਪਾਬੰਦੀ ਲਗਾਈ ਜਾਵੇ। ਹਾਈ ਕੋਰਟ ਨੇ ਹੁਣ ਪੰਜਾਬ ਸਰਕਾਰ ਨੂੰ ਪਟੀਸ਼ਨ ਵਿਚ ਲਾਏ ਦੋਸ਼ਾਂ ਬਾਰੇ ਜਵਾਬ ਦਾਖ਼ਲ ਕਰਨ ਦੇ ਹੁਕਮ ਦਿੱਤੇ ਹਨ।




# ਬਰਤਾਨੀਆ ਦੇ ਕਿਸਾਨਾਂ ਨੇ ਆਪਣੀਆਂ ਮੰਗਾਂ ਨੂੰ ਲੈਣ ਕੇ ਸੜਕਾਂ ਤੇ ਕੱਢਿਆ ਟਰੈਕਟਰ ਮਾਰਚ ਅਤੇ ਸਰਕਾਰ ਵਿਰੁੱਧ ਕੀਤਾ ਗਿਆ ਰੋਸ ਪ੍ਰਦਰਸ਼ਨ

**ਲੈਸਟਰ-(ਸੁਖਜਿੰਦਰ ਸਿੰਘ ਢੱਡੇ)- ਬਰਤਾਨੀਆ ਦੇ ਵੇਲਜ਼ ਇਲਾਕੇ ਦੇ ਸ਼ਹਿਰ ਕਾਰਡਿਫ ਚ ਬਰਤਾਨੀਆ ਦੇ ਕਿਸਾਨਾਂ ਵੱਲੋਂ ਆਪਣੀਆਂ ਮੰਗਾਂ ਦੇ ਸਬੰਧ ਵਿੱਚ ਭਾਰੀ ਰੋਸ ਪ੍ਰਦਰਸ਼ਨ ਕੀਤਾ ਗਿਆ।ਇਸ ਰੋਸ ਪ੍ਰਦਰਸ਼ਨ ਦੌਰਾਨ ਹਜ਼ਾਰਾਂ ਦੀ ਗਿਣਤੀ ਚ ਕਿਸਾਨਾਂ ਨੇ ਆਪਣੇ ਟਰੈਕਟਰ ਸੜਕਾਂ ਤੇ ਲਿਆ ਕੇ ਰੋਸ ਮਾਰਚ ਦੇ ਰੂਪ ਵਿੱਚ ਕਿਸਾਨਾਂ ਨੇ ਸਰਕਾਰ ਵੱਲੋਂ ਕਿਸਾਨੀ ਲਈ ਲਿਆਂਦੇ ਜਾ ਰਹੇ ਨਵੇਂ ਕਾਨੂੰਨਾਂ ਦੀ ਵਿਰੋਧਤਾ ਕੀਤੀ।**

ਇਸ ਰੋਸ ਪ੍ਰਦਰਸ਼ਨ ਦੌਰਾਨ ਕਿਸਾਨ ਆਪਣੇ ਟਰੈਕਟਰਾਂ ਤੇ ਸਵਾਰ ਹੋ ਕੇ ਕਾਰਡਿਫ ਦੀਆਂ ਵੱਖ ਵੱਖ ਸੜਕਾਂ ਤੋਂ ਹੁੰਦੇ ਹੋਏ ਪਾਰਲੀਮੈਂਟ ਦੇ ਸਾਹਮਣੇ ਇਕੱਤਰ ਹੋਏ।ਇਸ ਰੋਸ ਪ੍ਰਦਰਸ਼ਨ ਤੋਂ ਪਹਿਲਾਂ ਸਥਿਤੀ ਨੂੰ ਭਾਂਪਦਿਆਂ ਸਥਾਨਕ ਪੁਲਿਸ ਵੱਲੋਂ ਕਿਸਾਨਾਂ ਨੂੰ ਇਹ ਰੋਸ ਪ੍ਰਦਰਸ਼ਨ ਨਾ ਕੀਤੇ ਜਾਣ ਦੀ ਅਪੀਲ ਵੀ ਕੀਤੀ ਗਈ ਸੀ, ਪ੍ਰੰਤੂ ਪੁਲੀਸ ਦੀਆਂ ਰੋਕਾਂ ਦੇ ਬਾਵਜੂਦ ਕਿਸਾਨ ਵੱਡੀ ਗਿਣਤੀ ਚ ਇਸ ਰੋਸ ਪ੍ਰਦਰਸ਼ਨ ਚ ਸ਼ਾਮਿਲ ਹੋਏ। ਕਿਸਾਨ ਲੀਡਰਾਂ ਦਾ ਕਹਿਣਾ ਹੈ ਕਿ ਜੋ ਖੇਤੀ ਪ੍ਰਤੀ ਸਰਕਾਰ ਕਾਨੂੰਨ ਲਿਆਉਂਣਾ ਚਾਹੁੰਦੀ ਹੈ ਉਸ ਨਾਲ 5 ਹਜ਼ਾਰ 500 ਦੇ ਕਰੀਬ ਕਿਸਾਨ ਬੇਰੋਜ਼ਗਾਰ ਹੋ ਜਾਣਗੇ,ਜੋ ਖੇਤੀ ਕਰਨ ਦੇ ਯੋਗ ਨਹੀਂ ਰਹਿਣਗੇ। ਬੀਤੇ ਦਿਨ ਯੂਰਪ ਦੇ ਕਿਸਾਨਾਂ ਵੱਲੋਂ ਫਰਾਂਸ, ਬੈਲਜੀਅਮ ਅਤੇ ਜਰਮਨੀ ਵਿਚ ਵੀ ਰੋਸ ਪ੍ਰਦਰਸ਼ਨ ਕੀਤਾ ਗਿਆ। ਬਰਤਾਨੀਆ ਦੇ ਕਿਸਾਨਾਂ ਦੇ ਹੱਕ ਚ ਆਵਾਜ਼ ਬੁਲੰਦ ਕਰਦਿਆਂ ਇੰਡੀਅਨ ਵਰਕਰਜ ਐਸੋਸੀਏਸ਼ਨ ਗ੍ਰੇਟ ਬ੍ਰਿਟੇਨ ਦੇ ਸਪੋਕਸ ਪਰਸਨ ਸ ਸ਼ੀਤਲ ਸਿੰਘ ਗਿੱਲ ਨੇ ਦੱਸਿਆ ਕਿ ਸਰਕਾਰ ਨੂੰ ਬਿਨਾਂ ਦੇਰੀ ਕਿਸਾਨਾਂ ਦੀਆਂ ਮੰਗਾਂ ਮੰਨ ਲੈਣੀਆਂ ਚਾਹੀਦੀਆਂ ਹਨ, ਸ ਗਿੱਲ ਨੇ ਕਿਹਾ ਕਿ ਭਾਰਤ ਸਰਕਾਰ ਵਾਂਗ ਇਥੋਂ ਦੀਆਂ ਸਰਕਾਰਾਂ ਵੀ ਅੰਨਦਾਤੇ ਕਿਸਾਨਾ ਨਾਲ਼ ਧੱਕਾ ਕਰ ਰਹੀਆਂ ਹਨ ਜੋਂ ਕਦੇ ਵੀ ਬਰਦਾਸ਼ਤ ਨਹੀਂ ਕੀਤਾ ਜਾ ਸਕਦਾ, ਉਨ੍ਹਾਂ ਕਿਹਾ ਕਿ ਜੇਕਰ ਇਥੋਂ ਦੀਆਂ ਸਰਕਾਰਾਂ ਅਤੇ ਭਾਰਤ ਦੀ ਸਰਕਾਰ ਨੇ ਕਿਸਾਨਾਂ ਦੀਆਂ ਮੰਗਾਂ ਨਾ ਮੰਨੀਆਂ ਤਾਂ ਇੰਡੀਅਨ ਵਰਕਰਜ ਐਸੋਸੀਏਸ਼ਨ ਗ੍ਰੇਟ ਬ੍ਰਿਟੇਨ ਦੇ ਬੈਨਰ ਹੇਠ ਕਿਸਾਨਾਂ ਦੇ ਹੱਕ ਚ ਸਰਕਾਰ ਵਿਰੁੱਧ ਲਾਮਬੰਦ ਹੋ ਕੇ ਆਵਾਜ਼ ਬੁਲੰਦ ਕੀਤੀ ਜਾਵੇਗੀ। ਜ਼ਿਕਰਯੋਗ ਹੈ ਕਿ ਕਿਸਾਨਾਂ ਵੱਲੋਂ ਬਹੁਤ ਹੀ ਸ਼ਾਂਤਮਈ ਤਰੀਕੇ ਨਾਲ ਸਰਕਾਰ ਪ੍ਰਤੀ ਆਪਣੇ ਰੋਸ਼ ਦਾ ਪ੍ਰਗਟਾਵਾ ਕੀਤਾ, ਕਿਸੇ ਰੋਸ ਪ੍ਰਦਰਸ਼ਨ ਦੌਰਾਨ ਕਿਸੇ ਵੀ ਤਰ੍ਹਾਂ ਦੀ ਕੋਈ ਅਣਸੁਖਾਵੀਂ ਘਟਨਾ ਨਹੀਂ ਵਾਪਰੀ। ਕਿਸਾਨਾਂ ਦੇ ਇਸ ਰੋਸ ਦਾ ਅਸਰ ਲੰਡਨ ਦੀ ਪਾਰਲੀਮੈਂਟ ਤੱਕ ਵੀ ਪੁੱਜਿਆ, ਪਾਰਲੀਮੈਂਟ ਚ ਕਿਸਾਨਾਂ ਦੇ ਇਸ ਰੋਸ ਪ੍ਰਦਰਸ਼ਨ ਦੀ ਚਰਚਾ ਵੀ ਹੋਈ।






ਕਾਰਡਿਫ ਦੀਆਂ ਸੜਕਾਂ ਤੇ ਟਰੈਕਟਰ ਮਾਰਚ ਕੱਢਦੇ ਹੋਏ ਬਰਤਾਨੀਆ ਦੇ ਕਿਸਾਨ। ਅਤੇ ਕਿਸਾਨਾਂ ਵੱਲੋਂ ਕੀਤਾ ਗਿਆ ਰੋਸ ਪ੍ਰਦਰਸ਼ਨ।




# ਲੇਬਰ ਪਾਰਟੀ ਵੱਲੋਂ ਬ੍ਰਿਟਿਸ਼ ਭਾਰਤੀਆਂ ਨੂੰ ਆਪਣੇ ਨਾਲ ਜੋੜ੍ਹਨ "ਲੇਬਰ ਇੰਡੀਅਨਜ਼" ਦੀ ਸ਼ੁਰੂਆਤ

ਲੰਡਨ (ਮਨਪ੍ਰੀਤ ਸਿੰਘ ਬੱਧਨੀ ਕਲਾਂ) ਬਰਤਾਨੀਆਂ ਦੀ ਵਿਰੋਧੀ ਲੇਬਰ ਪਾਰਟੀ ਨੇ ਬਰਤਾਨਵੀ ਭਾਰਤੀਆਂ ਨੂੰ ਆਪਣੇ ਨਾਲ ਜੋੜ੍ਹਨ ਅਤੇ ਭਾਰਤ ਨਾਲ ਸੰਪਰਕ ਵਧਾਉਣ ਲਈ ਇਕ ਨਵੀਂ ਭਾਈਚਾਰਕ ਸੰਪਰਕ ਸੰਸਥਾ ਦੀ ਬੀਤੇ ਕੱਲ ਬਰਤਾਨਵੀ ਸੰਸਦ ਵਿੱਚ ਸ਼ੁਰੂਆਤ ਕੀਤੀ ਹੈ।

ਪਾਰਟੀ ਦੇ ਸ਼ੈਡੋ ਵਿਦੇਸ਼ ਮੰਤਰੀ ਡੇਵਿਡ ਲੈਮੀ ਨੇ "ਲੇਬਰ ਇੰਡੀਅਨਜ਼" ਦੀ ਸ਼ੁਰੂਆਤ ਕਰਦਿਆਂ ਆਪਣੀ ਭਾਰਤ ਫੇਰੀ ਬਾਰੇ ਗੱਲ ਕਰਦਿਆਂ ਅਗਲੀਆਂ ਚੋਣਾਂ ਜਿੱਤਣ 'ਤੇ ਯੂ ਕੇ-ਭਾਰਤ ਸਾਂਝੇਦਾਰੀ ਲਈ ਆਪਣੀਆਂ ਇੱਛਾਵਾਂ ਦਾ ਪ੍ਰਗਟਾਵਾ ਕੀਤਾ। ਲੇਬਰ ਪਾਰਟੀ ਦੇ ਆਗੂ ਲੈਮੀ ਨੇ ਭਾਰਤ ਨੂੰ 'ਸੁਪਰ ਪਾਵਰ' ਆਖਦਿਆਂ ਕਿਹਾ ਕਿ ਭਾਰਤ ਉੱਦਮਤਾ, ਨਵੀਨਤਾ, ਵਿਗਿਆਨ, ਉਦਯੋਗ ਅਤੇ ਆਬਾਦੀ 'ਤੇ ਅਧਾਰਤ ਇੱਕ ਮਹਾਂਸ਼ਕਤੀ ਹੈ।

ਉਨ੍ਹਾਂ ਕਿਹਾ ਕਿ ਬੇਸ਼ੱਕ ਭਾਰਤ ਨੂੰ ਅਜੇ ਵੀ ਚੁਣੌਤੀਆਂ ਦਾ ਸਾਹਮਣਾ ਕਰਨਾ ਪੈ ਰਿਹਾ ਹੈ। ਪਰ ਇਸ ਨਾਜ਼ੁਕ ਸਮੇਂ ਵਿੱਚ ਇਹ ਬਹੁਤ ਮਹੱਤਵਪੂਰਨ ਹੈ ਕਿ ਬਰਤਾਨੀਆਂ ਭਾਰਤ ਨੂੰ ਇੱਕ ਵਿਸ਼ਵ ਮਹਾਂਸ਼ਕਤੀ ਦੇ ਤੌਰ 'ਤੇ ਮੰਨੇ। ਕਿਉਂਕਿ ਵੱਖ-ਵੱਖ ਸਿਆਸੀ ਅਹੁਦਿਆਂ ਦੇ ਬਾਵਜੂਦ ਸਾਡੇ ਭਾਰਤ ਨਾਲ ਬਹੁਤ ਮਜ਼ਬੂਤ ਸਬੰਧ ਹਨ। ਇਸ ਨਾਲ ਕੋਈ ਫਰਕ ਨਹੀਂ ਪੈਂਦਾ ਕਿ ਭਾਰਤ ਦਾ ਪ੍ਰਧਾਨ ਮੰਤਰੀ ਕੌਣ ਹੈ। ਪਾਰਟੀ ਦੇ ਸਾਬਕਾ ਨੇਤਾ ਜੇਰੇਮੀ ਕੋਰਬਿਨ ਦੀ ਅਗਵਾਈ ਵਿੱਚ ਲੇਬਰ ਨਾਲ ਜੁੜੇ ਕੁਝ ਭਾਰਤ ਵਿਰੋਧੀ ਬਿਆਨਬਾਜ਼ੀ ਬਾਰੇ ਪੁੱਛੇ ਜਾਣ 'ਤੇ, ਲੈਮੀ ਨੇ ਕਿਹਾ ਕਿ ਕੀਰ ਸਟਾਰਮਰ ਦੀ ਅਗਵਾਈ ਵਿੱਚ ਲੇਬਰ ਨੇ ਆਪਣੇ ਆਪ ਨੂੰ ਬਦਲਿਆ ਹੈ।



ਉੱਘੇ ਧਾਰਮਿਕ ਅਸਥਾਨ ਗੁਰਦੁਆਰਾ ਦੁਖ ਨਿਵਾਰਨ ਸਾਹਿਬ, ਗੁਰੂ ਤੇਗ ਬਹਾਦਰ ਨਗਰ ਵਿਖੇ ਸਿੱਖ ਪੰਥ ਦੀ ਉੱਘੀ ਧਾਰਮਿਕ ਹਸਤੀ ਸੰਤ ਬਾਬਾ ਅਤਰ ਸਿੰਘ ਮਸਤੂਆਣਾ ਅਤੇ ਵਿਦਿਆ ਮਾਰਤੰਡ ਤੇ ਪਦਮ ਸ਼੍ਰੀ ਬਾਬਾ ਇਕਬਾਲ ਸਿੰਘ ਬੜੂ ਸਾਹਿਬ ਵਾਲਿਆਂ ਦੀ ਪਵਿੱਤਰ ਯਾਦ ਵਿੱਚ ਹੋਏ ਦੋ ਦਿਨਾਂ ਮਹਾਨ ਗੁਰਮਤਿ ਸਮਾਗਮ ਦੇ ਆਖਰੀ ਦਿਨ ਰਾਤ ਦੇ ਦਿਵਾਨ ਵਿੱਚ ਅਨਹਦ ਬਾਣੀ ਤੰਤੀ ਸਾਜ ਜੱਥਾ ਬੜੂ ਸਾਹਿਬ, ਭਾਈ ਜਸਪਾਲ ਸਿੰਘ, ਉੱਘੇ ਸਿੱਖ ਚਿੰਤਕ ਤੇ ਪੰਥਕ ਬੁਲਾਰੇ ਭਗਵਾਨ ਸਿੰਘ ਜੌਹਲ, ਗੁਰਦੁਆਰਾ ਸਾਹਿਬ ਦੇ ਪ੍ਰਧਾਨ ਜਗਜੀਤ ਸਿੰਘ ਗਾਬਾ, ਕਲਗੀਧਰ ਟਰੱਸਟ ਬੜੂ ਸਾਹਿਬ ਦੇ ਚੇਅਰਮੈਨ ਡਾ. ਦਵਿੰਦਰ ਸਿੰਘ ਤੋਂ ਇਲਾਵਾ ਸਚਖੰਡ ਸ਼੍ਰੀ ਹਰਿਮੰਦਰ ਸਾਹਿਬ ਦੇ ਹਜ਼ੂਰੀ ਰਾਗੀ ਭਾਈ ਜਗਤਾਰ ਸਿੰਘ ਨੇ ਹਾਜ਼ਰੀ ਲਗਵਾਈ । ਇਸ ਦੌਰਾਨ ਕਲਗੀਧਰ ਟਰੱਸਟ ਬੜੂ ਸਾਹਿਬ ਵੱਲੋਂ ਸਿੱਖ ਵਿਦਵਾਨ ਭਗਵਾਨ ਸਿੰਘ ਜੌਹਲ ਦਾ ਵਿਸ਼ੇਸ਼ ਸਨਮਾਨ ਕੀਤਾ ਗਿਆ ।

# ਭਾਰਤ ਸਰਕਾਰ ਦੁਆਰਾ ਕਿਸਾਨਾਂ ਉਤੇ ਗੋਲੀਬਾਰੀ ਕਰਨ ਅਤੇ ਅੰਮ੍ਰਿਤਪਾਲ ਸਿੰਘ ਤੇ ਸਾਥੀਆਂ ਨਾਲ ਅਪਣਾਏ ਵਤੀਰੇ ਦੀ ਖਾਲਿਸਤਾਨ ਜਲਾਵਤਨ ਸਰਕਾਰ ਵੱਲੋਂ ਨਿਖੇਧੀ


ਜਥੇਦਾਰ ਬਲਬੀਰ ਸਿੰਘ, ਜਥੇਦਾਰ ਗੁਰਮੇਜ ਸਿੰਘ ਗਿੱਲ, ਜਥੇਦਾਰ ਸਤਨਾਮ ਸਿੰਘ ਬੱਬਰ, ਭਾਈ ਸੁਬੇਗ ਸਿੰਘ ਅਤੇ ਭਾਈ ਰੇਸ਼ਮ ਸਿੰਘ ਬੱਬਰ

ਡਰਬੀ (ਪੰਜਾਬ ਟਾਈਮਜ਼) – ਖਾਲਿਸਤਾਨ ਜਲਾਵਤਨ ਸਰਕਾਰ ਨੇ ਭਾਰਤ ਵਿੱਚ ਚੱਲ ਰਹੇ ਕਿਸਾਨੀ ਸੰਘਰਸ਼ ਅਤੇ ਅੰਮ੍ਰਿਤ-ਪਾਲ ਸਿੰਘ ਤੇ ਸਾਥੀਆਂ ਦੀ ਪੰਜਾਬ ਤੋਂ ਹਜ਼ਾਰਾਂ ਮੀਲ ਦੂਰ ਕੀਤੀ ਨਜ਼ਰਬੰਦੀ ਦੇ ਮਾਮਲੇ ਬਾਰੇ ਗੱਲਬਾਤ ਕਰਦਿਆਂ ਕਿਹਾ ਕਿ ਭਾਰਤ ਦੀ ਭਾਜਪਾ ਸਰਕਾਰ ਵੱਲੋਂ ਗੈਰ ਮਨੁੱਖੀ ਵਤੀਰਾ ਅਪਣਾਇਆ ਜਾ ਰਿਹਾ ਹੈ। ਆਪਣੇ ਆਪ ਨੂੰ ਧਰਮ ਨਿਰਪੱਖ ਕਹਿਣ ਵਾਲਾ ਦੇਸ਼ ਹੁਣ ਆਪਣੇ ਸੰਵਿਧਾਨਕ ਫ਼ਰਜ਼ਾਂ ਤੋਂ ਬਹੁਤ ਪਿੱਛੇ ਹਟ ਗਿਆ ਹੈ।

ਜਲਾਵਤਨ ਸਰਕਾਰ ਦੇ ਪ੍ਰਧਾਨ ਮੰਤਰੀ ਸ: ਗੁਰਮੇਜ ਸਿੰਘ ਗਿੱਲ ਅਤੇ ਉਹਨਾਂ ਦੇ ਸਹਿਯੋਗੀਆਂ, ਜਥੇਦਾਰ ਬਲਬੀਰ ਸਿੰਘ ਯੂ ਕੇ, ਭਾਈ ਸੁਬੇਗ ਸਿੰਘ ਡੈਨਮਾਰਕ, ਭਾਈ ਸਤਨਾਮ ਸਿੰਘ ਅਤੇ ਭਾਈ ਰੇਸ਼ਮ ਸਿੰਘ ਬੱਬਰ ਜਰਮਨੀ ਨੇ ਇੱਕ ਸਾਂਝੇ ਬਿਆਨ ਰਾਹੀਂ ਉਕਤ ਮਾਮਲਿਆਂ ਵਿੱਚ ਭਾਰਤ ਸਰਕਾਰ ਵੱਲੋਂ ਅਪਣਾਏ ਜਾ ਰਹੇ ਵਤੀਰੇ ਦੀ ਨਿਖੇਧੀ ਕਰਦਿਆਂ ਕਿਹਾ ਕਿ ਜਿਹੜਾ ਕਿਸਾਨ ਹੱਡ ਭੰਨਵੀਂ ਮਿਹਨਤ ਕਰਕੇ ਸਾਰੀ ਦੁਨੀਆ ਲਈ ਅਨਾਜ ਪੈਦਾ ਕਰਦਾ ਹੈ, ਉਸ ਦੀ ਆਰਥਿਕ ਲੁੱਟ ਕੀਤੀ ਜਾ ਰਹੀ ਹੈ, ਜਿਸ ਕਰਕੇ ਹਰ ਸਾਲ ਵੱਡੀ ਗਿਣਤੀ ਵਿੱਚ ਕਿਸਾਨ ਖੁਦਕੁਸ਼ੀਆਂ ਕਰ ਰਹੇ ਹਨ। ਉਹਨਾਂ ਦੀ ਪੈਦਾਵਾਰ ਦਾ ਸਹੀ ਮੁੱਲ ਨਾ ਦੇ ਕੇ ਸਰਕਾਰ ਵੱਲੋਂ ਪ੍ਰਦਰਸ਼ਨਕਾਰੀ ਕਿਸਾਨਾਂ ਉਤੇ ਅੰਨ੍ਹੇਵਾਹ ਗੋਲੀਆਂ ਚਲਾ ਕੇ ਉਹਨਾਂ ਨੂੰ ਕਤਲ ਕਰਨਾ ਬਹੁਤ ਹੀ ਮੰਦਭਾਗਾ ਹੈ। ਖਾਲਿਸਤਾਨ ਜਲਾਵਤਨ ਸਰਕਾਰ ਨੇ ਕਿਹਾ ਕਿ ਪੰਜਾਬ ਖਾਸ ਕਰਕੇ ਉਤਰੀ ਭਾਰਤ ਦੇ ਵਾਹੀਕਾਰ ਕਿਸਾਨਾਂ ਨੂੰ ਕਿਸੇ ਸਮੇਂ ਬਾਬਾ ਬੰਦਾ ਸਿੰਘ ਬਹਾਦਰ ਨੇ ਪਹਿਲੇ ਖਾਲਸਾ ਰਾਜ ਦੀ ਸਥਾਪਤੀ ਸਮੇਂ ਪਟੇ ਲਿਖ ਕੇ ਜ਼ਮੀਨਾਂ ਦੇ ਮਾਲਕ ਬਣਾਇਆ ਸੀ। ਪਰ ਇਹ ਸਰਕਾਰ ਕਿਸਾਨਾਂ ਦੀਆਂ ਜਾਇਦਾਦਾਂ ਖੋਹ ਕੇ ਅਮੀਰ ਕਾਰਪੋਰੇਟ ਅਦਾਰਿਆਂ ਨੂੰ ਦੇਣਾ ਚਾਹੁੰਦੀਆਂ ਹਨ, ਜਿਸ ਦਾ ਖਾਲਿਸਤਾਨ ਸਰਕਾਰ ਸਖਤ ਵਿਰੋਧ ਕਰਦੀ ਹੈ। ਅਸੀਂ ਸਦਾ ਕਿਰਤੀ ਲੋਕਾਂ ਦੇ ਨਾਲ ਖੜ੍ਹੇ ਹਾਂ। ਉਨ੍ਹਾਂ ਕਿਹਾ ਭਾਈ ਅੰਮ੍ਰਿਤਪਾਲ ਸਿੰਘ ਤੇ ਸਾਥੀਆਂ ਨੂੰ ਰਿਹਾਅ ਕੀਤਾ ਜਾਵੇ, ਜਾਂ ਪੰਜਾਬ ਵਿੱਚ ਤਬਦੀਲ ਕੀਤਾ ਜਾਵੇ।

ਭਾਰਤੀ ਮੀਡੀਏ ਮੀਡੀਏ ਵੱਲੋਂ ਉਥੋਂ ਦੇ ਆਈ ਪੀ ਐਸ ਸਿੱਖ ਅਫ਼ਸਰਾਂ ਨੂੰ ਖਾਲਿਸਤਾਨੀ ਕਹਿਣ ਦੇ ਮੁੱਦੇ ਬਾਰੇ ਸਰਕਾਰ ਨੇ ਕਿਹਾ ਕਿ ਸਿੱਖ ਅਫ਼ਸਰਾਂ ਨੂੰ ਸਗੋਂ ਇਸ ਦਾ ਵਿਰੋਧ ਕਰਨ ਦੀ ਬਜਾਏ ਇਹ ਸਵੀਕਾਰ ਕਰ ਲੈਣਾ ਚਾਹੀਦਾ ਹੈ। ਸਰਕਾਰ ਨੇ ਕਿਹਾ ਕਿ ਖਾਲਿਸਤਾਨੀ ਹੋਣਾ ਕੋਈ ਮਾੜੀ ਗੱਲ ਨਹੀਂ ਹੈ। ਜਿਵੇਂ ਲੋਕ ਭਾਰਤੀ, ਪਾਕਿਸਤਾਨੀ, ਬਰਤਾਨਵੀ ਜਾਂ ਅਮਰੀਕਨ ਹੋਣ ਤੇ ਮਾਣ ਮਹਿਸੂਸ ਕਰਦੇ ਹਨ, ਇਵੇਂ ਹੀ ਜਿਹੜਾ ਖਾਲਸਾ ਰਾਜ ਦਾ ਬਸ਼ਿੰਦਾ ਹੋਵੇਗਾ, ਉਸ ਨੂੰ ਵੀ ਖਾਲਿਸਤਾਨੀ ਹੋਣ ਤੇ ਮਾਣ ਹੋਵੇਗਾ।

ਭਾਰਤ ਸਰਕਾਰ ਤੇ ਉਸ ਦੇ ਪਾਲਤੂ ਮੀਡੀਏ ਵੱਲੋਂ 'ਖਾਲਿਸਤਾਨੀ' ਲਫ਼ਜ਼ ਨੂੰ ਅੱਤਵਾਦ ਨਾਲ ਜੋੜਨਾ ਬਿਲਕੁੱਲ ਨਿਰਮੂਲ ਹੈ। ਖਾਲਸਾ ਤਾਂ ਸਗੋਂ ਸਰਬ ਸਾਂਝੀਵਾਲਤਾ ਦਾ ਪ੍ਰਤੀਕ ਹੈ, ਅਸੀਂ ਹਰ ਇਨਸਾਨ ਨੂੰ ਬਰਾਬਰ ਅਤੇ ਕੁਦਰਤੀ ਸਾਧਨਾਂ ਉਤੇ ਉਨ੍ਹਾਂ ਸਾਰਿਆਂ ਦਾ ਹੱਕ ਸਮਝਦੇ ਹਾਂ। ਅਸੀਂ ਅਪੀਲ ਕਰਦੇ ਹਾਂ ਕਿ ਵੱਧ ਤੋਂ ਵੱਧ ਲੋਕ ਖਾਲਿਸਤਾਨ ਤਹਿਰੀਕ ਦੇ ਨਾਲ ਜੁੜਨ ਤਾਂ ਜੋ ਸਰਬ ਸਾਂਝੀਵਾਲਤਾ ਦਾ ਮਾਹੌਲ ਸਿਰਜਿਆ ਜਾ ਸਕੇ।

# ਸਿੱਖ ਐਜੂਕੇਸ਼ਨ ਕੌਂਸਲ ਵੱਲੋਂ ਪੰਜਾਬੀ ਕਾਨਫਰੰਸ ਯੂ ਕੇ 2024 ਦਾ ਪੋਸਟਰ ਜਾਰੀ


ਪੰਜਾਬੀ ਕਾਨਫਰੰਸ ਦਾ ਪੋਸਟਰ ਜਾਰੀ ਕਰਦੇ ਹੋਏ ਪ੍ਰਬੰਧਕ ਸਾਹਿਬਾਨ

ਲੈਸਟਰ (ਹਰਜਿੰਦਰ ਸਿੰਘ ਮੰਡੇਰ) – ਇੰਗਲੈਂਡ ਦੇ ਪ੍ਰਸਿੱਧ ਸ਼ਹਿਰ ਲੈਸਟਰ ਵਿਖੇ ਜੁਲਾਈ ਮਹੀਨੇ ਵਿੱਚ ਕਰਵਾਈ ਜਾਣ ਵਾਲੀ ਪੰਜਾਬੀ ਕਾਨਫਰੰਸ 2024 ਦਾ ਪੋਸਟਰ ਸਿੱਖ ਐਜੂਕੇਸ਼ਨ ਕੌਂਸਲ ਵੱਲੋਂ ਜਾਰੀ ਕੀਤਾ ਗਿਆ। ਸਿੱਖ ਐਜੂਕੇਸ਼ਨ ਕੌਂਸਲ ਦੇ ਚੇਅਰਪਰਸਨ ਡਾ: ਪਰਗਟ ਸਿੰਘ ਦੀ ਪ੍ਰਧਾਨਗੀ ਵਿੱਚ ਕੀਤੀ ਗਈ ਮੀਟਿੰਗ ਦੌਰਾਨ ਜਿੱਥੇ ਕਾਨਫਰੰਸ ਦੀ ਰੂਪ ਰੇਖਾ ਤਿਆਰ ਕੀਤੀ ਗਈ। ਉੱਥੇ ਇਸਦਾ ਪੋਸਟਰ ਵੀ ਰਿਲੀਜ਼ ਕੀਤਾ ਗਿਆ।

ਇਸ ਮੌਕੇ ਡਾ: ਪਰਗਟ ਸਿੰਘ ਨੇ ਦੱਸਿਆ ਕਿ 27-28 ਜੁਲਾਈ 2024 ਨੂੰ ਕਰਵਾਈ ਜਾ ਰਹੀ ਦੋ ਦਿਨਾ ਪੰਜਾਬੀ ਕਾਨਫਰੰਸ ਦਾ ਮੁੱਖ ਮਕਸਦ ਪੰਜਾਬੀ ਭਾਸ਼ਾ ਤੇ ਲਿੱਪੀ ਦੇ ਵਿਕਾਸ ਨੂੰ ਅੱਗੇ ਤੋਰਨਾ ਹੈ। ਇਸ ਸਮੇਂ ਕੰਵਰ ਸਿੰਘ ਬਰਾੜ ਨੇ ਕਿਹਾ ਕਿ ਪੰਜਾਬੀ ਭਾਸ਼ਾ ਨੂੰ ਹੁਣ ਦੇ ਤਕਨੀਕੀ ਸਮੇਂ ਬਰਾਬਰ ਖੜ੍ਹਾ ਕਰਨ ਲਈ ਸਾਨੂੰ ਅਜਿਹੀਆਂ ਕਾਨਫਰੰਸਾਂ ਦਾ ਆਯੋਜਨ ਕਰਨਾ ਬਹੁਤ ਜ਼ਰੂਰੀ ਹੈ। ਉਹਨਾਂ ਨੇ ਤਕਨੀਕ ਉੱਪਰ ਖਾਸ ਜ਼ੋਰ ਦਿੰਦਿਆਂ ਕਿਹਾ ਕਿ ਕ੍ਰਿਤਿਮ ਬੁੱਧੀ (ਆਰਟੀਫਿਸ਼ੀਅਲ ਇੰਟੈਲੀਜੈਂਸ) ਨੂੰ ਸਮਝਣਾ ਅਤੇ ਇਸ ਉੱਪਰ ਪੰਜਾਬੀ ਨੂੰ ਲੈ ਕੇ ਕੰਮ ਕੀਤਾ ਜਾਣਾ ਬਹੁਤ ਜ਼ਰੂਰੀ ਹੈ। ਇਸ ਸਮੇਂ ਹੋਰ ਸ਼ਾਮਲ ਮੈਂਬਰਾਂ ਵਿੱਚ ਹਰਵਿੰਦਰ ਸਿੰਘ, ਬਲਵਿੰਦਰ ਸਿੰਘ ਚਾਹਲ, ਕੁਲਵੰਤ ਕੌਰ ਢਿੱਲੋਂ ਪ੍ਰਧਾਨ ਸਾਹਿਤ ਕਲਾ ਕੇਂਦਰ ਸਾਊਥਾਲ, ਹਰਮੀਤ ਸਿੰਘ ਜਨਰਲ ਸੈ: ਗੁਰਦਵਾਰਾ ਸਿੰਘ ਸਭਾ ਸਾਊਥਾਲ, ਭਾਈ ਕੁਲਵੰਤ ਸਿੰਘ ਭਿੰਡਰ ਉਪ-ਪ੍ਰਧਾਨ ਗੁਰਦਵਾਰਾ ਸਿੰਘ ਸਭਾ ਸਾਊਥਾਲ ਆਦਿ ਵੀ ਹਾਜ਼ਰ ਸਨ।

## ਸੰਪਾਦਕੀ ਨੋਟ:-

ਅਦਾਰਾ ਪੰਜਾਬ ਟਾਈਮਜ਼, ਪੰਜਾਬ, ਪੰਜਾਬੀ, ਪੰਜਾਬੀਅਤ ਅਤੇ ਸਿੱਖ ਧਰਮ ਦੀ ਹਮੇਸ਼ਾਂ ਚੜ੍ਹਦੀ ਕਲਾ ਚਾਹੁੰਦਾ ਹੈ ਤੇ ਸਮੁੱਚੀ ਮਨੁੱਖਤਾ ਦੇ ਭਲੇ ਲਈ ਸੇਵਾਵਾਂ ਪ੍ਰਦਾਨ ਕਰਦਾ ਹੈ । ਪੰਜਾਬ ਟਾਈਮਜ਼ ਵਿੱਚ ਛਪਣ ਵਾਲੇ ਲੇਖਕਾਂ ਨੂੰ ਬੇਨਤੀ ਹੈ ਕਿ ਉਹ ਇਨ੍ਹਾਂ ਗੱਲਾਂ ਦਾ ਹਮੇਸ਼ਾਂ ਖਿਆਲ ਰੱਖਣ ਤੇ ਕਿਸੇ ਦੇ ਵੀ ਵਿਰੁੱਧ ਲਿਖਣ ਤੋਂ ਪਹਿਲਾਂ ਉਕਤ ਸਬੰਧੀ ਪੁਖਤਾ ਸਬੂਤ ਜ਼ਰੂਰ ਨਾਲ ਭੇਜਣ । ਅਜਿਹੀ ਲਿਖਤ ਲਿਖਣ ਵਾਲੇ ਵਿਰੁੱਧ ਅਗਰ ਦੂਜੀ ਧਿਰ ਵੱਲੋਂ ਕੋਈ ਕਾਨੂੰਨੀ ਕਾਰਵਾਈ ਕੀਤੀ ਜਾਂਦੀ ਹੈ ਤਾਂ ਉਹ ਖੁਦ ਲੇਖਕ ਜਿੰਮੇਵਾਰ ਹੋਣਗੇ । ਕਿਸੇ ਉਤੇ ਨਿੱਜੀ ਤੌਰ 'ਤੇ ਚਿੱਕੜ ਸੁੱਟਣ ਵਾਲੀਆਂ ਲਿਖਤਾਂ ਛਾਪਣ ਤੋਂ ਅਸੀਂ ਅਸਮਰੱਥ ਹੋਵਾਂਗੇ । ਲਿਖਤਾਂ ਸਾਫ਼ ਸੁੱਥਰੀਆਂ ਅਤੇ ਮਨੁੱਖਤਾ ਦੇ ਭਲੇ ਲਈ, ਭ੍ਰਿਸ਼ਟਾਚਾਰ ਦੇ ਵਿਰੁੱਧ ਅਤੇ ਵਾਤਾਵਰਣ ਨੂੰ ਸੁਹਾਵਣਾ ਬਨਾਉਣ, ਨਵੀਂ ਪੀੜ੍ਹੀ ਲਈ ਵਿੱਦਿਆ, ਗੈਂਗਸਟਰ ਕਲਚਰ ਨੂੰ ਰੋਕਣ ਲਈ, ਸਾਫ਼ ਸੁੱਥਰਾ ਵਾਤਾਵਰਣ, ਨੌਜਵਾਨਾਂ ਨੂੰ ਨਸ਼ਿਆਂ ਤੋਂ ਬਚਾਉਣ, ਰਿਸ਼ਵਤ ਵਿਰੁੱਧ, ਸਾਦੇ ਅਨੰਦ ਕਾਰਜਾਂ ਅਤੇ ਨਕਲੀ ਗੁਰੂ ਡੰਮ੍ਹ ਨੂੰ ਰੋਕਣ ਸਬੰਧੀ ਜਾਗਰਤੀ ਲਿਆਉਣ ਵਾਲੀਆਂ ਹੋਣੀਆਂ ਚਾਹੀਦੀਆਂ ਹਨ, ਜਿਹਨਾਂ ਨਾਲ ਲੋਕਾਂ ਦਾ ਬਹੁ-ਪੱਖੀ ਵਿਕਾਸ ਹੋਵੇ । -ਸੰਪਾਦਕ


ਤਜ਼ਰਬੇਕਾਰ ਪੰਜਾਬੀ ਗਾਇਕਾਂ, ਗਿੱਧੇ ਭੰਗੜੇ ਵਾਲੇ ਮੁੰਡੇ ਕੁੜੀਆਂ ਅਤੇ ਸਾਜ਼ੀਆਂ ਦੀ ਤੁਰੰਤ ਲੋੜ

PUNJABI FOLK SINGERS, DANCERS AND MUSICIANS

URGENTLY REQUIRED

Eurowood is one of the leading European and Asian events company. Our main objective is to develop and enhance the European and Asian arts & cultural industry and promote new talent in movies (Bollywood and International), documentaries, TV live shows, concerts and live studio recordings distributed worldwide.

We require Punjabi folk singers to provide live rendition of Punjabi Sufi, folk, qawwali, ghazals, Boliyan and Tappe,and popular and classical Bollywood songs, as well as own compositions.

Also required are Punjabi folk dancers familiar with Bhangra and Gidda, and musicians to play a variety of Indian / Punjabi folk musical instruments (e.g., Dhol and Sarangi) and Western musical instruments (e.g., Banjo and Keyboard).

Artists must be fluent in Punjabi and Hindi and be well versed with Punjabi folklore and culture. Artists with international experience and performing in front of large live audiences, or prior experience of working in film and television would be given preference.

Artists will be required to perform throughout the UK on selected weekdays and most weekends. Typical performances last 3-4 hours duration, with breaks provided in between. The rates of pay are as follows:

Singers: £15.95 - £18.00 per hour
Dancers: £11.44 - £17.00 per hour
Musicians: £16.00 - £18.00 per hour

Overtime (for performances over 4 hours) shall be paid at pro-rata basis. Overnight accommodation provided during performances. Applicants to apply with Resume and evidence of previous performances (e.g showreel or demo-tape) awards, citations, media coverage, etc, to the following address:

FAO: R Sharma, Eurowood Entertainment Ltd, 23 Saxon Street, Leicester LE3 0BL Email: info@eurowood.tv

Closing date for applications: 21 Mar 2024


# 9 ਮਾਰਚ ਨੂੰ ਮਹਾਰਾਜਾ ਦਲੀਪ ਸਿੰਘ ਦੀ ਸਮਾਧ ਤੇ ਮਨਾਇਆ ਜਾਵੇਗਾ ਵਿਸ਼ਵਾਸ ਘਾਤ ਦਿਵਸ – ਮੰਗੂਵਾਲ, ਖਹਿਰਾ


ਮਹਾਰਾਜਾ ਦਲੀਪ ਸਿੰਘ ਦੀ ਸਮਾਧ

ਲੰਡਨ (ਮਨਪ੍ਰੀਤ ਸਿੰਘ ਬੱਧਨੀ ਕਲਾਂ) 9 ਮਾਰਚ 1846 ਨੂੰ ਬਰਤਾਨੀਆ ਦੀ ਸਰਕਾਰ ਵੱਲੋਂ ਮਹਾਰਾਜਾ ਰਣਜੀਤ ਸਿੰਘ ਦੇ ਸਪੁੱਤਰ ਮਹਾਰਾਜਾ ਦਲੀਪ ਸਿੰਘ ਨਾਲ ਇੱਕ ਸੰਧੀ ਕੀਤੀ ਗਈ ਸੀ ਜਿਸ ਵਿੱਚ ਇਹ ਲਿਖਿਆ ਗਿਆ ਸੀ ਕਿ 18 ਸਾਲ ਦੀ ਉਮਰ ਤੋਂ ਬਾਅਦ ਸ਼ੇਰੇ ਪੰਜਾਬ ਮਹਾਰਾਜਾ ਰਣਜੀਤ ਸਿੰਘ ਦਾ ਰਾਜ ਭਾਗ ਵਾਪਸ ਕਰ ਦਿੱਤਾ ਜਾਵੇਗਾ ਅਤੇ ਮਹਾਰਾਜਾ ਦਲੀਪ ਸਿੰਘ ਨੂੰ ਤਖਤ ਤੇ ਬਿਠਾਇਆ ਜਾਵੇਗਾ, ਆਪਣੀ ਫਿਤਰਤ ਮੁਤਾਬਕ ਬਰਤਾਨੀਆ ਸਰਕਾਰ ਇਸ ਸੰਧੀ ਤੋਂ ਮੁੱਕਰ ਗਈ ਅਤੇ ਅੱਜ ਤੱਕ ਸਿੱਖ ਕੌਮ ਆਪਣੇ ਰਾਜ ਭਾਗ ਲਈ ਜੂਝ ਰਹੀ ਹੈ। ਇਹ ਵਿਚਾਰ ਸ਼੍ਰੋਮਣੀ ਅਕਾਲੀ ਦਲ ਅੰਮ੍ਰਿਤਸਰ ਯੂਕੇ ਦੇ ਜਨਰਲ ਸਕੱਤਰ ਸਤਿੰਦਰ ਪਾਲ ਸਿੰਘ ਮੰਗੂਵਾਲ ਅਤੇ ਯੂਥ ਅਕਾਲੀ ਦਲ ਅੰਮ੍ਰਿਤਸਰ ਯੂਕੇ ਦੇ ਪ੍ਰਧਾਨ ਵਰਿੰਦਰਜੀਤ ਸਿੰਘ ਖਹਿਰਾ ਨੇ ਪ੍ਰਗਟ ਕੀਤੇ।

ਉਹਨਾ ਕਿਹਾ ਕਿ ਕੌਮੀ ਜਰਨੈਲ ਭਾਈ ਜਗਤਾਰ ਸਿੰਘ ਤਾਰਾ ਤੇ ਭਾਈ ਪਰਮਜੀਤ ਸਿੰਘ ਭਿਓਰਾ ਨੇ ਪਿਛਲੇ ਸਾਲ ਇੱਕ ਸਿੱਖ ਕੌਮ ਨੂੰ ਬੇਨਤੀ ਕੀਤੀ ਸੀ ਕਿ ਉਹ 9 ਮਾਰਚ ਨੂੰ ਵਿਸ਼ਵਾਸ ਘਾਤ ਦਿਵਸ ਵਜੋਂ ਮਨਾਉਣਾ ਚਾਹੀਦਾ ਹੈ। ਜਿਸ ਕਰਕੇ ਸ਼੍ਰੋਮਣੀ ਅਕਾਲੀ ਦਲ ਅੰਮ੍ਰਿਤਸਰ ਯੂ ਕੇ ਅਤੇ ਯੂਥ ਅਕਾਲੀ ਦਲ ਅੰਮ੍ਰਿਤਸਰ ਯੂ ਕੇ ਵੱਲੋਂ ਮਹਾਰਾਜਾ ਦਲੀਪ ਸਿੰਘ ਦੀ ਸਮਾਧ (ਥੈਟਫੋਰਡ) ਵਿਖੇ 9 ਮਾਰਚ 2024 ਦਿਨ ਸ਼ਨੀਵਾਰ ਨੂੰ ਬਾਅਦ ਦੁਪਹਿਰ ਇਕ ਵਜੇ ਵਿਸ਼ਵਾਸਘਾਤ ਦਿਵਸ ਮਨਾਇਆ ਜਾਵੇਗਾ।

# ਸੁਨੀਲ ਭਾਰਤੀ ਮਿੱਤਲ ਨੂੰ ਯੂ ਕੇ ਵਿੱਚ ਮਹਾਰਾਜਾ ਚਾਰਲਸ ਤੀਜੇ ਵੱਲੋਂ ਨਾਈਟਹੁੱਡ ਨਾਲ ਸਨਮਾਨਿਤ


ਸੁਨੀਲ ਭਾਰਤੀ ਮਿੱਤਲ

ਲੰਡਨ (ਮਨਪ੍ਰੀਤ ਸਿੰਘ ਬੱਧਨੀ ਕਲਾਂ) ਭਾਰਤੀ ਇੰਟਰਪ੍ਰਾਈਜਿਜ਼ ਦੇ ਸੰਸਥਾਪਕ ਅਤੇ ਚੇਅਰਮੈਨ ਸੁਨੀਲ ਭਾਰਤੀ ਮਿੱਤਲ ਨੂੰ ਯੂ ਕੇ ਵਿੱਚ ਮਹਾਰਾਜਾ ਚਾਰਲਸ ਤੀਜੇ ਵੱਲੋਂ ਆਨਰੇਰੀ ਨਾਈਟਹੁੱਡ ਨਾਲ ਸਨਮਾਨਿਤ ਕੀਤਾ ਗਿਆ। ਮਹਾਰਾਜਾ ਚਾਰਲਸ ਤੋਂ ਨਾਈਟਹੁੱਡ ਪ੍ਰਾਪਤ ਕਰਨ ਵਾਲੇ ਸੁਨੀਲ ਭਾਰਤੀ ਮਿੱਤਲ ਪਹਿਲੇ ਭਾਰਤੀ ਹਨ। ਬ੍ਰਿਟਿਸ਼ ਸ਼ਾਸ਼ਕ ਦੁਆਰਾ ਨਾਗਰਿਕਾਂ ਨੂੰ ਦਿੱਤੇ ਜਾਣ ਵਾਲੇ ਸਭ ਤੋਂ ਉੱਚੇ ਸਨਮਾਨਾਂ ਵਿੱਚੋਂ ਇਹ ਇੱਕ ਹੈ। ਸੁਨੀਲ ਭਾਰਤੀ ਮਿੱਤਲ ਨੇ ਕਿਹਾ, "ਮੈਂ ਮਹਾਰਾਜਾ ਚਾਰਲਸ ਵੱਲੋਂ ਇਹ ਸਨਮਾਨ ਪ੍ਰਾਪਤ ਕਰਕੇ ਬਹੁਤ ਖੁਸ਼ ਹਾਂ। ਯੂ ਕੇ ਅਤੇ ਭਾਰਤ ਦੇ ਇਤਿਹਾਸਕ ਸਬੰਧ ਹਨ, ਜੋ ਹੁਣ ਵਧੇ ਹੋਏ ਸਹਿਯੋਗ ਅਤੇ ਸਹਿਯੋਗ ਦੇ ਇੱਕ ਨਵੇਂ ਯੁੱਗ ਵਿੱਚ ਦਾਖਲ ਹੋ ਰਹੇ ਹਨ। ਮੈਂ ਦੋ ਮਹਾਨ ਦੇਸ਼ਾਂ ਦਰਮਿਆਨ ਆਰਥਿਕ ਅਤੇ ਦੁਵੱਲੇ ਵਪਾਰਕ ਸਬੰਧਾਂ ਨੂੰ ਮਜ਼ਬੂਤ ਕਰਨ ਲਈ ਕੰਮ ਕਰਨ ਲਈ ਵਚਨਬੱਧ ਹਾਂ। ਮੈਂ ਯੂ ਕੇ ਸਰਕਾਰ ਦਾ ਧੰਨਵਾਦੀ ਹਾਂ। ਸੁਨੀਲ ਭਾਰਤੀ ਮਿੱਤਲ ਨੂੰ 2007 ਵਿੱਚ ਪਦਮ ਭੂਸ਼ਣ, ਭਾਰਤ ਦੇ ਤੀਜੇ ਸਭ ਤੋਂ ਵੱਡੇ ਨਾਗਰਿਕ ਸਨਮਾਨ ਨਾਲ ਸਨਮਾਨਿਤ ਕੀਤਾ ਗਿਆ ਸੀ। ਉਹਨਾਂ ਨੇ ਭਾਰਤ ਦੀ ਜੀ20 ਪ੍ਰਧਾਨਗੀ ਦੌਰਾਨ ਅਫਰੀਕੀ ਆਰਥਿਕ ਏਕੀਕਰਨ 'ਤੇ ਬੀ20 ਇੰਡੀਆ ਐਕਸ਼ਨ ਕੌਂਸਲ ਦੇ ਚੇਅਰਮੈਨ ਵਜੋਂ ਸੇਵਾਵਾਂ ਦਿੱਤੀਆਂ ਸਨ। ਉਹ ਇੰਟਰਨੈਸ਼ਨਲ ਟੈਲੀਕਮਿਊਨੀਕੇਸ਼ਨ ਯੂਨੀਅਨ/ਯੂਨੈਸਕੋ ਬਰਾਡਬੈਂਡ ਕਮਿਸ਼ਨ ਫਾਰ ਸਸਟੇਨੇਬਲ ਡਿਵੈਲਪਮੈਂਟ ਵਿੱਚ ਇੱਕ ਕਮਿਸ਼ਨਰ ਵੀ ਹੈ।

# ਸਿੱਖ ਫੈਡਰੇਸ਼ਨ ਯੂ ਕੇ ਵੱਲੋਂ ਪੰਜਾਬ ਸਰਕਾਰ ਅਤੇ ਕੇਂਦਰ ਸਰਕਾਰ ਤੋਂ ਭਾਈ ਅੰਮ੍ਰਿਤਪਾਲ ਸਿੰਘ ਅਤੇ ਬੰਦੀ ਸਿੰਘਾਂ ਨੂੰ ਤੁਰੰਤ ਪੰਜਾਬ ਵਿੱਚ ਤਬਦੀਲ ਕਰਨ ਦੀ ਮੁੜ ਮੰਗ ਕੀਤੀ



**ਲੰਡਨ (ਮਨਪ੍ਰੀਤ ਸਿੰਘ ਬੱਧਨੀ ਕਲਾਂ) ਸਿੱਖ ਫੈਡਰੇਸ਼ਨ ਯੂ ਕੇ ਦੇ ਚੇਅਰਮੈਨ ਭਾਈ ਅਮਰੀਕ ਸਿੰਘ ਗਿੱਲ, ਭਾਈ ਹਰਦੀਸ਼ ਸਿੰਘ, ਭਾਈ ਕੁਲਦੀਪ ਸਿੰਘ ਚਹੇੜੂ, ਨਰਿੰਦਰਜੀਤ ਸਿੰਘ ਥਾਂਦੀ ਅਤੇ ਭਾਈ ਦਬਿੰਦਰਜੀਤ ਸਿੰਘ ਨੇ ਕਿਹਾ ਕਿ ਪਿਛਲੇ ਇੱਕ ਸਾਲ ਤੋਂ ਅਸਾਮ ਦੀ ਡਿਬਰੂਗੜ੍ਹ ਜੇਲ ਵਿੱਚ ਐਨ ਐਸ ਏ ਦੇ ਅਧੀਨ ਨਜ਼ਰਬੰਦ ਭਾਈ ਅੰਮ੍ਰਿਤਪਾਲ ਸਿੰਘ ਅਤੇ ਉਨ੍ਹਾਂ ਦੇ ਸਾਥੀ ਸਿੰਘਾਂ ਦੇ ਪ੍ਰੀਵਾਰਾਂ ਵੱਲੋਂ ਅੰਮ੍ਰਿਤਸਰ ਸਾਹਿਬ ਵਿਖੇ ਭੁੱਖ ਹੜਤਾਲ ਰੱਖੀ ਹੋਈ ਹੈ ਪਰ ਪੰਜਾਬ ਸਰਕਾਰ ਅਤੇ ਕੇਂਦਰ ਸਰਕਾਰ ਦੇ ਕੰਨ ਤੇ ਜੂੰ ਨਹੀਂ ਸਰਕੀ ਜਦਕਿ ਬੰਦੀ ਸਿੰਘਾਂ ਵੱਲੋਂ ਵੀ ਭੁੱਖ ਹੜਤਾਲ ਰੱਖੀ ਹੋਈ ਹੈ।**

ਫੈਡਰੇਸ਼ਨ ਆਗੂਆਂ ਨੇ ਤਖ਼ਤਾਂ ਦੇ ਜਥੇਦਾਰਾਂ, ਸ਼੍ਰੋਮਣੀ ਕਮੇਟੀ, ਸਮੂਹ ਪੰਥਕ ਜਥੇਬੰਦੀਆਂ, ਟਕਸਾਲਾਂ, ਦਲ ਪੰਥਾਂ ਅਤੇ ਸਿੱਖ ਸੰਗਤਾਂ ਨੂੰ ਅਪੀਲ ਕੀਤੀ ਹੈ ਕਿ ਉਹ ਜਲਦੀ ਤੋਂ ਜਲਦੀ ਇਕੱਠੇ ਹੋ ਕੇ ਕੋਈ ਠੋਸ ਪ੍ਰੋਗਰਾਮ ਉਲੀਕਣ ਜੇਕਰ ਆਉਣ ਵਾਲੇ ਸਮੇਂ ਵਿੱਚ ਕਿਸੇ ਵੀ ਸਿੰਘ ਦਾ ਕੋਈ ਨੁਕਸਾਨ ਹੁੰਦਾ ਹੈ ਤਾਂ ਜਿੱਥੇ ਸਰਕਾਰਾਂ ਸਿੱਧੇ ਤੌਰ ਤੇ ਜਿੰਮੇਵਾਰ ਹੋਣਗੀਆਂ, ਉੱਥੇ ਅਸੀਂ ਵੀ ਗੁਨਾਹਗਾਰ ਹੋਵਾਂਗੇ। ਫੈਡਰੇਸ਼ਨ ਆਗੂਆਂ ਨੇ ਕਿਹਾ ਕਿ ਅੱਜ ਬੰਦੀ ਸਿੰਘਾਂ ਦੇ ਹੱਕ ਵਿੱਚ ਡਟ ਕੇ ਖੜੇ ਹੋਣ ਦਾ ਸਮਾਂ ਹੈ, ਕੇਵਲ ਬਿਆਨਾਂ ਤੱਕ ਹੀ ਸੀਮਤ ਨਹੀਂ ਰਹਿਣਾ ਚਾਹੀਦਾ। ਤਖ਼ਤਾਂ ਦੇ ਜੱਥੇਦਾਰ ਉਕਤ ਮਸਲੇ ਵਿੱਚ ਸਿੱਖ ਕੌਮ ਨੂੰ ਕੋਈ ਠੋਸ ਪ੍ਰੋਗਰਾਮ ਦੇਣ ਤਾਂ ਕਿ ਸਰਕਾਰਾਂ ਭਾਈ ਅੰਮ੍ਰਿਤਪਾਲ ਸਿੰਘ ਤੇ ਸਾਥੀ ਸਿੰਘਾਂ ਨੂੰ ਜਲਦੀ ਤੋਂ ਜਲਦੀ ਪੰਜਾਬ ਵਿੱਚ ਤਬਦੀਲ ਕਰਨ ਲਈ ਮਜ਼ਬੂਰ ਹੋਣ। ਸਿੱਖ ਫੈਡਰੇਸ਼ਨ ਨੇ ਕਿਹਾ ਕਿ ਆਉਣ ਵਾਲੇ ਸਮੇਂ ਵਿੱਚ ਬੰਦੀ ਸਿੰਘਾਂ ਦੇ ਹੱਕ ਵਿੱਚ ਵਿਦੇਸ਼ਾਂ ਦੀ ਧਰਤੀ ਤੇ ਹੋਰ ਰੋਹ ਪ੍ਰਦਰਸ਼ਨ ਤੇਜ਼ ਕੀਤੇ ਜਾਣਗੇ।

# ਰਾਹੁਲ ਗਾਂਧੀ ਨਾਲ ਕਮਲ ਧਾਲੀਵਾਲ ਦੀ ਅਗਵਾਈ 'ਚ ਕਾਂਗਰਸੀ ਕਾਰਕੁੰਨਾਂ ਦੀ ਲੰਡਨ 'ਚ ਅਹਿਮ ਮੀਟਿੰਗ ਹੋਈ


ਰਾਹੁਲ ਗਾਂਧੀ ਦਾ ਸਨਮਾਨ ਕਰਦੇ ਹੋਏ ਕਾਂਗਰਸੀ ਕਾਰਕੁੰਨ

**ਲੰਡਨ (ਮਨਪ੍ਰੀਤ ਸਿੰਘ ਬੱਧਨੀ ਕਲਾਂ) ਕਾਂਗਰਸੀ ਨੇਤਾ ਰਾਹੁਲ ਗਾਂਧੀ ਨਾਲ ਇੰਡੀਅਨ ਓਵਰਸੀਜ਼ ਕਾਂਗਰਸ ਯੂ ਕੇ ਦੇ ਪ੍ਰਧਾਨ ਕਮਲਪ੍ਰੀਤ ਸਿੰਘ ਧਾਲੀਵਾਲ ਦੀ ਅਗਵਾਈ ਵਿੱਚ ਕਾਂਗਰਸੀ ਕਾਰਕੁੰਨਾਂ ਦੀ ਇੱਕ ਅਹਿਮ ਮੀਟਿੰਗ ਲੰਡਨ ਵਿੱਚ ਹੋਈ। ਇਸ ਸਬੰਧੀ ਜਾਣਕਾਰੀ ਸਾਂਝੀ ਕਰਦਿਆਂ ਕਮਲ ਧਾਲੀਵਾਲ ਨੇ ਦੱਸਿਆ ਕਿ ਰਾਹੁਲ ਗਾਂਧੀ ਨੇ ਭਾਰਤ ਦੀ ਅਜੋਕੀ ਸਥਿਤੀ ਤੋਂ ਪਾਰਟੀ ਮੈਂਬਰਾਂ ਨੂੰ ਜਾਣੂ ਕਰਵਾਉਂਦਿਆਂ ਕਿਹਾ ਕਿ ਦੇਸ਼ ਭਰ ਵਿੱਚ ਭਾਰਤ ਜੋੜੋ ਯਾਤਰਾ ਨੂੰ ਭਰਵਾਂ ਹੁੰਗਾਰਾ ਮਿਲ ਰਿਹਾ ਹੈ।**

ਸ: ਧਾਲੀਵਾਲ ਨੇ ਕਿਹਾ ਕਿ ਦੇਸ਼ ਇਸ ਸਮੇਂ ਅਤਿ ਨਾਜ਼ੁਕ ਦੌਰ ਵਿੱਚੋਂ ਲੰਘ ਰਿਹਾ ਹੈ, ਜਿਸ ਕਰਕੇ ਸ੍ਰੀ ਰਾਹੁਲ ਗਾਂਧੀ ਨੇ ਇੰਡੀਅਨ ਓਵਰਸੀਜ਼ ਕਾਂਗਰਸ ਯੂ ਕੇ ਅਤੇ ਵਿਦੇਸ਼ਾਂ ਵਿੱਚ ਬੈਠੇ ਭਾਰਤੀਆਂ ਨੂੰ ਆ ਰਹੀਆਂ ਚੋਣਾਂ ਲਈ ਵੱਧ ਤੋਂ ਵੱਧ ਨਾਲ ਜੋੜਨ, ਕਿਸਾਨਾਂ ਦੀਆਂ ਮੰਗਾਂ ਸਮੇਤ ਵੱਖ ਵੱਖ ਮੁੱਦਿਆਂ ਤੇ ਚਰਚਾ ਕੀਤੀ। ਇਸ ਮੌਕੇ ਆਈ ਓ ਸੀ ਦੇ ਚੇਅਰਮੈਨ ਸੈਮ ਪਟਰੋਦਾ, ਬਲਜਿੰਦਰ ਸਿੰਘ ਜੈਨਪੁਰੀਆ, ਗੁਰਮਿੰਦਰ ਕੌਰ ਰੰਧਾਵਾ, ਨਛੱਤਰ ਕਲਸੀ, ਰਸ਼ਪਾਲ ਸਿੰਘ ਸੰਘਾ, ਗੰਪਾ ਵੀਨੂੰ ਗੋਪਾਲ, ਸੁਧਾਕਰ ਗੌਡ ਆਦਿ ਸ਼ਾਮਿਲ ਸਨ।

# ਉਜ਼ਬੇਕਿਸਤਾਨ 'ਚ ਭਾਰਤੀ ਕਾਰੋਬਾਰੀ ਨੂੰ 20 ਸਾਲ ਦੀ ਸਜ਼ਾ

ਮੱਧ ਏਸ਼ੀਆਈ ਦੇਸ਼ ਉਜ਼ਬੇਕਿਸਤਾਨ ਦੀ ਸੁਪਰੀਮ ਕੋਰਟ ਨੇ ਭਾਰਤ 'ਚ ਬਣੀ ਖੰਘ ਦੀ ਦਵਾਈ ਪੀਣ ਨਾਲ 68 ਬੱਚਿਆਂ ਦੀ ਮੌਤ ਦੇ ਮਾਮਲੇ 'ਚ 21 ਲੋਕਾਂ ਨੂੰ ਸਜ਼ਾ ਸੁਣਾਈ ਹੈ। ਸਜ਼ਾ ਭੁਗਤਣ ਵਾਲਿਆਂ ਵਿਚ ਇਕ ਭਾਰਤੀ ਕਾਰੋਬਾਰੀ ਵੀ ਸ਼ਾਮਲ ਹੈ। ਉਜ਼ਬੇਕਿਸਤਾਨ ਵਿਚ 2022 ਤੋਂ 2023 ਦਰਮਿਆਨ ਘੱਟੋ-ਘੱਟ 86 ਬੱਚਿਆਂ ਨੂੰ ਇਹ ਖੰਘ ਦੀ ਦਵਾਈ ਦਿਤੀ ਗਈ ਸੀ, ਇਸ ਕਾਰਨ 68 ਬੱਚਿਆਂ ਦੀ ਮੌਤ ਹੋ ਗਈ। ਉਜ਼ਬੇਕਿਸਤਾਨ ਵਿਚ ਡੌਕ-1 ਮੈਕਸ ਸੀਰਪ ਦੀ ਦਰਾਮਦ ਕਰਨ ਵਾਲੀ ਕੰਪਨੀ ਦਾ ਡਾਇਰੈਕਟਰ ਭਾਰਤੀ ਨਾਗਰਿਕ ਸਿੰਘ ਰਾਘਵੇਂਦਰ ਪ੍ਰਤਾਪ ਹੈ। ਉਥੋਂ ਦੀ ਅਦਾਲਤ ਨੇ ਉਸ ਨੂੰ 20 ਸਾਲ ਦੀ ਸਖ਼ਤ ਸਜ਼ਾ ਸੁਣਾਈ ਹੈ। ਉਜ਼ਬੇਕਿਸਤਾਨ ਦੀ ਸੁਪਰੀਮ ਕੋਰਟ ਮੁਤਾਬਕ ਉਨ੍ਹਾਂ ਨੇ ਰਾਘਵੇਂਦਰ ਪ੍ਰਤਾਪ ਨੂੰ ਭ੍ਰਿਸ਼ਟਾਚਾਰ, ਧੋਖਾਧੜੀ ਅਤੇ ਜਾਅਲਸਾਜ਼ੀ ਦਾ ਦੋਸ਼ੀ ਪਾਇਆ ਹੈ।

# ਅਖੰਡ ਕੀਰਤਨੀ ਜਥਾ ਯੂ ਕੇ ਦੇ ਰੰਗ ਰੱਤੜੇ ਬਜ਼ੁਰਗ ਭਾਈ ਮਦਨ ਸਿੰਘ ਜੀ ਅਕਾਲ ਚਲਾਣਾ ਕਰ ਗਏ

***ਬਰਮਿੰਘਮ (ਪੰਜਾਬ ਟਾਈਮਜ਼) - ਗੁਰਮੁਖ ਪਿਆਰੇ ਪੰਥਕ ਸੇਵਾਦਾਰ ਭਾਈ ਮਦਨ ਸਿੰਘ ਜੀ 29 ਫਰਵਰੀ 2024 ਤੜਕਸਾਰ ਬਰਮਿੰਘਮ ਵਿਖੇ ਆਖਰੀ ਫਤਹਿ ਬੁਲਾ ਗਏ। ਉਹ 93 ਸਾਲ ਦੇ ਸਨ ਅਤੇ ਅਖੰਡ ਕੀਰਤਨੀ ਜਥਾ ਯੂਕੇ ਦੇ ਮੋਢੀ ਸਿੰਘਾਂ ਵਿੱਚੋਂ ਸਨ। ਯੂ ਕੇ ਭਰ ਵਿਚ ਉਨ੍ਹਾਂ ਪ੍ਰਤੀ ਅਰਦਾਸਾਂ ਹੋ ਰਹੀਆਂ ਹਨ ਅਤੇ ਸ਼ਰਧਾਂਜਲੀਆਂ ਦਿੱਤੀਆਂ ਜਾ ਰਹੀਆਂ ਹਨ। ਭਾਰਤ ਅਤੇ ਹੋਰ ਦੇਸ਼ਾਂ ਚੋਂ ਸ਼ੋਕ ਸਨੇਹੇ ਆ ਰਹੇ ਹਨ ਅਤੇ ਉਨ੍ਹਾਂ ਦੀ ਵਿਰਾਸਤ ਦੀ ਸੰਭਾਲ ਦੇ ਸੰਕਲਪ ਲਏ ਜਾ ਰਹੇ ਹਨ। ਅਖੰਡ ਕੀਰਤਨੀ ਜਥਾ ਯੂ ਕੇ ਵੱਲੋਂ ਭਾਈ ਦਲਜੀਤ ਸਿੰਘ, ਭਾਈ ਲਖਵੀਰ ਸਿੰਘ, ਭਾਈ ਰਮਨ ਸਿੰਘ, ਭਾਈ ਜੁਝਾਰ ਸਿੰਘ ਅਤੇ ਭਾਈ ਨਾਨਕ ਸਿੰਘ ਨੇ ਉਹਨਾਂ ਦੇ ਅਕਾਲ ਚਲਾਣੇ 'ਤੇ ਅਰਦਾਸ ਕੀਤੀ ਹੈ ਕਿ ਗੁਰੂ ਮਹਾਰਾਜ ਉਹਨਾਂ ਦੀ ਆਤਮਾ ਨੂੰ ਆਪਣੇ ਚਰਨਾਂ 'ਚ ਨਿਵਾਸ ਬਖਸ਼ਣ।***

ਸਿੰਘ ਸਭਾ ਗੁਰਦਵਾਰਾ ਡਰਬੀ ਵਿਖੇ 3 ਮਾਰਚ ਨੂੰ ਭਾਈ ਮਦਨ ਸਿੰਘ ਦੀ ਯਾਦ ਵਿਚ ਸਪੈਸ਼ਲ ਕੀਰਤਨ ਕੀਤੇ ਗਏ, ਸੰਗਤੀ ਅਰਦਾਸ ਹੋਈ ਅਤੇ ਡਾ ਦਲਜੀਤ ਸਿੰਘ ਨੇ ਸੰਖੇਪ ਜੀਵਨ ਯਾਤਰਾ ਅਤੇ ਪੰਥਕ ਸੇਵਾ ਬਾਰੇ ਸੰਗਤਾਂ ਨੂੰ ਜਾਗਰੂਕ ਕੀਤਾ। ਇਸ ਨੂੰ ਇਸ ਲਿੰਕ ਤੇ ਦੇਖਿਆ ਜਾ ਸਕਦਾ ਹੈ। https://youtu.be/XVo8ZkRse5s?si=LKpI7qnykalHt28L

ਡਾ: ਗੁਰਨਾਮ ਸਿੰਘ ਅਤੇ ਮਨਜੀਤ ਕੌਰ ਨੇ 3 ਮਾਰਚ ਨੂੰ ਸ਼ਾਮ 8 ਵਜੇ ਇਕ ਘੰਟੇ ਦਾ ਟੀ ਵੀ ਸ਼ੋਅ ਕੀਤਾ ਜਿਸ ਵਿਚ ਭਾਈ ਕੁਲਦੀਪ ਸਿੰਘ ਆਸਟ੍ਰੇਲੀਆ, ਡਾ: ਦਲਜੀਤ ਸਿੰਘ ਵਿਰਕ ਅਤੇ ਰਾਜਿੰਦਰ ਸਿੰਘ ਪੁਰੇਵਾਲ ਡਰਬੀ, ਅਤੇ ਜਗਬੀਰ ਸਿੰਘ ਰਾਏ ਬ੍ਰਮਿੰਘਮ ਤੋਂ ਭਾਈ ਮਦਨ ਸਿੰਘ ਦੇ ਜੀਵਨ, ਸਾਹਿਤਕ, ਸਮਾਜਿਕ ਅਤੇ ਧਾਰਮਿਕ ਯੋਗ ਦਾਨ ਤੇ ਵਿਚਾਰਾਂ ਕੀਤੀਆਂ। ਇਸ ਪ੍ਰੋਗਰਾਮ ਦਾ ਲਿੰਕ ਹੇਠਾਂ ਦਿੱਤਾ ਜਾਂਦਾ ਹੈ।
SKY775 and Youtube@PBCUKOFFICIAl; https://youtu.be/jwCRMkpWNoU?si=of55B6xFhxhzXmM_

ਬੰਗਾ ਸ਼ਹਿਰ ਵਿਚ 8 ਅਕਤੂਬਰ 1931 ਨੂੰ ਜਨਮੇ ਰੰਗ ਰੱਤੜੇ ਭਾਈ ਮਦਨ ਸਿੰਘ ਦਾ ਸੁਭਾਗ ਮੇਲ, ਯੁਵਾ ਅਵਸਥਾ ਵਿਚ, ਪੰਥ ਰਤਨ ਭਾਈ ਸਾਹਿਬ ਭਾਈ ਰਣਧੀਰ ਸਿੰਘ ਜੀ ਅਤੇ ਅਖੰਡ ਕੀਰਤਨੀ ਜਥੇ ਦੇ ਮੋਹਰੀ ਬਾਊ ਮੱਲ ਸਿੰਘ ਜੀ ਨਾਲ ਹੋ ਗਿਆ ਜਿਸ ਕਰਕੇ ਉਨ੍ਹਾਂ ਦੀ ਰੂਹ ਛੋਟੀ ਉਮਰੇ ਹੀ ਸ਼ਰਸ਼ਾਰ ਹੋ ਗਈ। ਜਥੇ ਦੇ ਸਾਰੇ ਹੀ ਪੁਰ-ਾਤਨ ਸਿੰਘ ਸਿੰਘਣੀਆਂ ਭਾਈ ਸਾਹਿਬ ਦੇ ਸੰਗੀ ਸਾਥੀ ਸਨ। ਭਾਈ ਸਾਹਿਬ ਭਾਈ ਰਣਧੀਰ ਸਿੰਘ ਜੀ ਨੇ ਉਨ੍ਹਾਂ ਨੂੰ ਬਹੁਤ ਪਿਆਰ ਬਖਸ਼ਿਆ ਅਤੇ ਉਨ੍ਹਾਂ ਦਾ ਵਿਆਹ ਇਕ ਨਾਮ ਵਿੱਚ ਭਿੱਜੀ ਰੂਹ ਬੀਬੀ ਕਿਰ-ਪਾਲ ਕੌਰ ਨਾਲ ਹੱਥੀਂ ਕੀਤਾ। ਆਪ ਜੀ ਐਮ ਏ (ਰਾਜਨੀਤੀ ਵਿਗਿਆਨ) ਅਤੇ ਬੀਬੀ ਕਿਰਪਾਲ ਗਰੈਜੂਏਟ ਸਨ। ਉਹ 1960 ਵਿੱਚ ਇੰਗਲੈਂਡ ਆ ਗਏ ਜਿਥੇ ਉਨ੍ਹਾਂ ਨੇ ਮਾਰਕੀਟ ਲਾਈ, ਪੋਸਟ ਆਫਿਸ ਵਿਚ ਨੌਕਰੀ ਕੀਤੀ ਅਤੇ ਅਖੀਰ ਵਿਚ ਰੇਲਵੇ ਵਿਚ ਪੈਨਸ਼ਨ ਲਈ।




1) ਭਾਈ ਮਦਨ ਸਿੰਘ ਜੀ, ਅਤੇ ਭਾਈ ਮਦਨ ਸਿੰਘ ਜੀ ਤੇ ਉਹਨਾਂ ਦੀ ਸਿੰਘਣੀ ਬੀਬੀ ਕਿਰਪਾਲ ਕੌਰ

ਭਾਈ ਮਦਨ ਸਿੰਘ ਅਤੇ ਬੀਬੀ ਕਿਰ-ਪਾਲ ਕੌਰ ਨੇ ਉਨਾਂ ਦਿਨਾਂ ਵਿਚ ਗੁਰਮਤਿ ਪ੍ਰਚਾਰ ਅਤੇ ਪਰਸਾਰ ਵਿਚ ਬਹੁਤ ਵੱਡਾ ਯੋਗਦਾਨ ਪਾਇਆ। ਅਖੰਡ ਪਾਠਾਂ, ਕੀਰਤਨ ਸਮਾਗਮਾਂ ਅਤੇ ਅੰਮ੍ਰਿਤ ਸੰਚਾਰਾਂ ਵਿਚ ਉਨ੍ਹਾਂ ਨੇ ਅੱਗੇ ਹੋ ਕੇ ਸੇਵਾ ਕੀਤੀ ਅਤੇ ਸਿੱਖੀ ਪਰਵਾਰ ਨੂੰ ਵਧਾਇਆ। ਭਾਈ ਸਾਹਿਬ ਜੀ ਬਹੁਤ ਸੁਲਝੇ ਹੋਏ ਲੇਖਕ ਸਨ ਜਿਨ੍ਹਾਂ ਨੇ ਦੇਸ ਪ੍ਰਦੇਸ, ਪੰਜਾਬ ਟਾਈਮਜ਼ ਆਦਿ ਹਫਤਾਵਾਰ ਪੇਪਰਾਂ ਵਿਚ ਗੁਰਮਤਿ ਰਹਿਣੀ, ਵਹਿਮਾਂ, ਭਰਮਾਂ, ਗੁਰੂਡੰਮ ਅਤੇ ਸਮਾਜਿਕ ਸੁਧਾਰਾਂ ਬਾਰੇ ਲਗਾਤਾਰ ਲੇਖ ਲਿਖ ਲਿਖ ਕੇ ਹੜ੍ਹ ਲਿਆ ਦਿੱਤਾ। ਏਹਨਾਂ ਚੋਂ 52 ਚੁਣਵੇਂ ਲੇਖ 'ਗੁਰਮਤਿ ਗਾਡੀ ਰਾਹ' ਪੁਸਤਕ ਵਿਚ ਸੰਗਰਹਿ ਕੀਤੇ ਗਏ। ਇਸ ਪੁਸਤਕ ਦੀ ਮੰਗ ਕਰਕੇ ਅਤੇ ਯੁਵਾ ਪੀੜ੍ਹੀ ਨੂੰ ਸੰਬੋਧਨ ਕਰਨ ਲਈ ਇਸ ਪੁਸਤਕ ਦਾ ਅੰਗਰੇਜ਼ੀ ਅਨੁਵਾਦ ਵੀ ਛਾਪਿਆ ਗਿਆ (The Highway of Guru's Wisdom). ਉਨਾਂ ਨੇ ਕਈ ਛੋਟੇ ਟ੍ਰੈਕਟ ਵੀ ਤਿਆਰ ਕੀਤੇ। ਭਾਈ ਮਦਨ ਸਿੰਘ ਪੰਥ ਪ੍ਰਵਾਣਿਤ ਰਹਿਤ ਮਰਯਾਦਾ ਦੇ ਹਾਮੀ ਸਨ ਅਤੇ ਉਨ੍ਹਾਂ ਨੇ ਪੰਥ ਵਿਚ ਦੁਵਿਧਾ-ਗ੍ਰਸਤ ਮਾਮਲੇ, ਜਿਵੇਂ ਰਾਗਮਾਲਾ ਦਾ ਝਗੜਾ, ਕੇਸਕੀ ਤੇ ਸਵਾਲ, ਗੁਰੂਡੰਮ, ਬ੍ਰਾਹਮਣ ਵਾਦ, ਵਹਿਮ ਭਰਮ ਆਦਿ ਤੇ ਖੁਲ੍ਹ ਕੇ ਲਿਖਿਆ, ਬੋਲਿਆ ਅਤੇ ਪਰਚਾਰਿਆ। ਜਿਥੇ ਉਹ ਮਿੱਠ ਬੋਲੜੇ ਸਨ ਉਥੇ ਉਹ ਸਿੱਖ ਸਿਧਾਂਤਾਂ ਤੇ ਬਹੁਤ ਕਠੋਰਤਾ ਨਾਲ ਪਹਿਰਾ ਦੇਂਦੇ ਅਤੇ ਹਜ਼ਾਰਾਂ ਦੇ ਇਕੱਠ ਵਿਚ ਇਕੱਲੇ ਖੜੇ ਹੋ ਕੇ ਕਿਸੇ ਕਿਸਮ ਅਸਾਧਾਂਤਿਕ ਘਟਨਾ ਦਾ ਪੁਰਜ਼ੋਰ ਵਿਰੋਧ ਕਰਦੇ।

ਆਪਣੇ ਦਸਵੰਧ ਵਿਚੋਂ ਉਹ ਸਿੱਖੀ ਸਾਹਿਤ ਦੀਆਂ ਪੁਸਤਕਾਂ, ਖਾਸ ਕਰਕੇ ਭਾਈ ਸਾਹਿਬ ਭਾਈ ਰਣਧੀਰ ਸਿੰਘ ਜੀ ਦੀਆਂ ਪੁਸਤਕਾਂ ਮੁਫਤ ਪਰਚਾਰ ਹਿੱਤ ਵੰਡਦੇ। ਉਨ੍ਹਾਂ ਦਾ ਘਰ ਪੁਸਤਕਾਂ ਨਾਲ ਭਰਿਆ ਰਹਿੰਦਾ। ਉਨ੍ਹਾਂ ਨੇ ਜੇਲ੍ਹ ਚਿੱਠੀਆਂ ਪੁਸਤਕ ਨੂੰ ਅੰਗਰੇਜ਼ੀ ਅਤੇ ਹਿੰਦੀ ਵਿਚ ਅਨੁਵਾਦ ਕਰਨ ਦੇ ਉਪਰਾਲੇ ਵੀ ਕੀਤੇ। ਉਨ੍ਹਾਂ ਦੀ ਪ੍ਰੇਰਨਾ ਸਦਕਾ ਰੈਣ ਸਬਾਈਆਂ ਸਮੇਂ ਜਥੇ ਦੇ ਸਿੰਘਾਂ (ਕੇਹਰ ਸਿੰਘ, ਬਲਬੀਰ ਸਿੰਘ) ਨੇ ਪੁਸਤਕਾਂ, ਕਕਾਰਾਂ ਆਦਿ ਦੇ ਸਟਾਲ ਲਾਉਣੇ ਸ਼ੁਰੂ ਕੀਤੇ। ਪੜ੍ਹੇ ਲਿਖੇ ਹੋਣ ਕਰਕੇ ਉਹ ਸਿੱਖ ਸਮਾਜ ਦੇ ਭਖਦੇ ਮਸਲਿਆਂ ਨੂੰ ਹੱਲ ਕਰਾਉਣ ਲਈ ਤਤਪਰ ਰਹਿੰਦੇ ਜਿੰਨਾਂ ਨੂੰ ਉਹ ਮੋਹਰੀ ਹੋ ਕੇ ਕਾਰਗਰ ਤਰੀਕੇ ਨਾਲ ਉਠਾਉਂਦੇ। ਹਕੂਮਤ ਅੱਗੇ, ਉਹ ਹਰ ਮਸਲਾ ਸੁਲਝੇ ਢੰਗ ਨਾਲ ਪੇਸ਼ ਕਰਕੇ ਜਿੱਤ ਪ੍ਰਾਪਤ ਕਰਦੇ। ਉਨ੍ਹਾਂ ਨੇ ਭਾਰਤ ਸਰਕਾਰ ਨਾਲ ਵੀ ਕਈ ਸਿੱਖੀ ਮਸਲੇ ਉਠਾਏ ਅਤੇ ਮੀਟਿੰਗਾਂ ਕੀਤੀਆਂ। ਚੀਫ ਆਫ 'ਸਿੱਖ ਰਿਲੀਜਸ ਸਿੰਬਲਜ਼' ਅਤੇ ਕਨਵੀਨਰ 'ਅਖੰਡ ਕੀਰਤਨੀ ਜਥਾ' ਹੁੰਦੇ ਹੋਏ ਉਨਾਂ ਹਵਾਈ ਜਹਾਜਾਂ ਵਿਚ ਕਿਰਪਾਨ ਉਤਾਰਨ ਨੂੰ ਹੱਲ ਕਰਾਕੇ ਤਤਕਾਲੀ ਮਨਿਸਟਰ ਕੋਲੋਂ ਚਿੱਠੀ ਲਈ ਜਿਸ ਨੂੰ ਦਿਖਾ ਕੇ ਕਕਾਰਾਂ ਸਹਿਤ ਸਫਰ ਹੋਣਾਂ ਸ਼ੁਰੂ ਹੋਇਆ। ਇਸ ਤੋਂ ਇਲਾਵਾ ਹੈਲਮੈਟ ਦਾ ਮਸਲਾ ਅਤੇ ਸਕੂਲਾਂ ਵਿਚ ਕਕਾਰਾਂ ਜਾਂ ਬੁਲੀਇੰਗ ਆਦਿ ਦੇ ਮਸਲੇ ਉਠਾ ਕੇ ਸਿਖੀ ਪ੍ਰਤੀ ਜਾਗਰਤਾ ਲਿਆਂਦੀ। ਪਿਛਲੇ ਕੁਝ ਸਾਲਾਂ ਤੋਂ ਭਾਈ ਸਾਹਿਬ ਦੀ ਸਿਹਤ ਢਿੱਲੀ ਰਹਿੰਦੀ ਸੀ ਪਰ ਅਖੀਰ ਦਮ ਤੱਕ ਉਹ ਕਰਤਾਰ ਨਾਲ ਜੁੜੇ ਰਹੇ ਅਤੇ ਗੁਰੂ ਗ੍ਰੰਥ ਸਾਹਿਬ ਤੋਂ ਰੋਜ਼ਾਨਾ ਪਾਠ ਕਰਦੇ ਰਹੇ। ਉਨ੍ਹਾਂ ਦਾ ਅੰਤਮ ਸੰਸਕਾਰ 16 ਮਾਰਚ ਨੂੰ ਕਰਨ ਦੀ ਆਰਜ਼ੀ ਤਾਰੀਕ ਮਿਲੀ ਹੈ। ਗੁਰਦਵਾਰਾ ਸਿੰਘ ਸਭਾ ਗ੍ਰੇਟ ਬਾਰ, ਬ੍ਰਮਿੰਘਮ ਵਿਖੇ ਉਨ੍ਹਾਂ ਪ੍ਰਤੀ ਗੁਰੂ ਗ੍ਰੰਥ ਸਾਹਿਬ ਦੇ ਪਾਠ ਚਲ ਰਹੇ ਹਨ। ਸਸਕਾਰ ਉਪਰੰਤ ਅੰਤਮ ਅਰਦਾਸ ਅਤੇ ਸ਼ਰਧਾਂਜਲੀ ਪ੍ਰੋਗਰਾਮ ਗੁਰਦਵਾਰਾ ਸਾਹਿਬ ਵਿਖੇ ਹੋਣਗੇ।


## VACANCIES
## JSR CONTRACTS LTD.

**ਵੱਖ ਵੱਖ ਸ਼ਹਿਰਾਂ ਵਿੱਚ ਕੰਸਟਰਕਸ਼ਨ ਸਾਈਟ 'ਤੇ ਕੰਮ ਕਰਨ ਵਾਲੇ ਕਾਮਿਆਂ ਦੀ ਸਾਨੂੰ ਤੁਰੰਤ ਲੋੜ ਹੈ**

**CONSTRUCTION BUILDERS REQUIRED ON VARIOUS SITES IN UK**

**Job Type: 5319 Construction & building trades not elsewhere classified**

Job Description: In this role as an experienced builder, a diverse set of responsibilities during the job consists of 40 hours of dedicated work per week. These encompass a wide spectrum of construction tasks, including but not limited to concrete pouring, excavation, framing, roofing, demolition, scaffolding, and the creation of various structures using materials like stone, brick, and reinforced concrete. Additionally, the role may extend to actively participating in roadwork projects and steelwork, and there might be occasions to perform various trade-related duties. Proficiency in tasks such as blueprint interpretation and equipment operation is required. A firm commitment to adhering to safety protocols, effective collaboration with both colleagues and subcontractors, strict adherence to project timelines and quality standards, and clear and concise communication skills. This position is classified under SOC 5319 and holds a place on the Shortage Occupation List, signifying its vital importance within the construction industry. Annual pay is £26,500.

Person must have CSCS, CCDO, IPAF, Driving Licence, IPAF, SSSTS, Asbestos Awareness and Manual Handling.
Overseas candidates must do UK construction industry standard qualifications on arrival and before joining the job.

**Contact Mr. Randhawa via email below:**
**Email: jsrcontractslimited@gmail.com**

# ਫਿਲਮ ਨਿਰਮਾਤਾ ਜ਼ੋਇਆ ਅਖਤਰ ਅਤੇ ਸ਼ੈੱਫ ਆਸਮਾ ਖਾਨ ਦਾ ਇੰਡੀਆ-ਯੂ ਕੇ ਅਚੀਵਰਜ਼ ਪੁਰਸਕਾਰ ਨਾਲ ਸਨਮਾਨ

*ਲੰਡਨ (ਮਨਪ੍ਰੀਤ ਸਿੰਘ ਬੱਧਨੀ ਕਲਾਂ) ਫਿਲਮ ਨਿਰਮਾਤਾ ਜ਼ੋਇਆ ਅਖਤਰ ਅਤੇ ਬ੍ਰਿਟਿਸ਼ ਭਾਰਤੀ ਸ਼ੈੱਫ ਅਸਮਾ ਖਾਨ ਦਾ ਲੰਡਨ ਵਿੱਚ ਸਾਲਾਨਾ ਇੰਡੀਆ-ਯੂ ਕੇ ਅਚੀਵਰਜ਼ ਪੁਰਸਕਾਰ ਨਾਲ ਸਨਮਾਨਿਤ ਕੀਤਾ ਗਿਆ। ਇਹ ਸਨਮਾਨ ਸਮਾਰੋਹ ਪਿਛਲੇ ਸਾਲ ਨੈਸ਼ਨਲ ਇੰਡੀਅਨ ਸਟੂਡੈਂਟਸ ਐਂਡ ਅਲੂਮਨੀ ਯੂਨੀਅਨ (ਐਨ ਆਈ ਐਸ ਏ ਯੂ) ਯੂ ਕੇ ਦੁਆਰਾ ਭਾਰਤ ਵਿੱਚ ਬ੍ਰਿਟਿਸ਼ ਕੌਂਸਲ ਅਤੇ ਯੂ ਕੇ ਸਰਕਾਰ ਦੇ ਵਪਾਰ ਅਤੇ ਵਣਜ ਵਿਭਾਗ ਦੀ ਭਾਈਵਾਲੀ ਵਿੱਚ ਦੁਵੱਲੇ ਵਿਦਿਅਕ ਸਬੰਧਾਂ ਨੂੰ ਮਨਾਉਣ ਦੇ ਉਦੇਸ਼ ਨਾਲ ਸ਼ੁਰੂ ਕੀਤੀ ਗਈ ਸੀ। ਇਸ ਸਮਾਰੋਹ ਵਿੱਚ, ਕਲਾ, ਖੇਡਾਂ, ਉੱਦਮਤਾ ਅਤੇ ਮੈਡੀਕਲ ਖੇਤਰ ਵਿੱਚ ਉੱਚ ਪ੍ਰਾਪਤੀਆਂ ਕਰਨ ਵਾਲਿਆਂ ਦਾ "ਕਲਾਸ ਆਫ਼ 2024" ਨੂੰ 'ਸਿੱਖਿਆ ਦਾ ਭਵਿੱਖ' ਸਿਰਲੇਖ ਹੇਠ ਹੋਈ ਇੱਕ ਦਿਨਾ-ਲੰਬੀ ਕਾਨਫਰੰਸ ਤੋਂ ਬਾਅਦ ਸਨਮਾਨਿਤ ਕੀਤਾ ਗਿਆ।*

ਬਰਤਾਨੀਆ ਦੇ ਪ੍ਰਧਾਨ ਮੰਤਰੀ ਰਿਸ਼ੀ ਸੁਨਕ ਨੇ ਇਸ ਸਮਾਗਮ ਨੂੰ ਇੱਕ ਸੰਦੇਸ਼ ਵਿੱਚ ਕਿਹਾ, "ਮੈਨੂੰ ਇਹ ਦੇਖ ਕੇ ਖੁਸ਼ੀ ਹੋ ਰਹੀ ਹੈ ਕਿ ਤੁਸੀਂ ਬਰਤਾਨੀਆ ਵਿੱਚ ਅਸਾਧਾਰਣ ਭਾਰਤੀ ਪ੍ਰਤਿਭਾ ਦਾ ਪ੍ਰਦਰਸ਼ਨ ਕਰ ਰਹੇ ਹੋ।" "ਮੈਨੂੰ ਇਸ ਸਾਂਝੇਦਾਰੀ 'ਤੇ ਬਹੁਤ ਮਾਣ ਹੈ ਅਤੇ ਇਹ ਸਨਮਾਨ ਸਮਾਰੋਹ ਸਾਂਝੇਦਾਰੀ ਰਾਹੀਂ ਪੈਦਾ ਹੋਏ ਮਜ਼ਬੂਤ ਨਤੀਜਿਆਂ ਨੂੰ ਉਜਾਗਰ ਕਰਦਾ ਹੈ।" 'ਲੱਕ ਬਾਈ ਚਾਂਸ' ਅਤੇ 'ਜ਼ਿੰਦਗੀ ਨਾ ਮਿਲੇਗੀ ਦੋਬਾਰਾ' ਅਤੇ ਸਭ ਤੋਂ ਹਾਲ ਹੀ 'ਚ 'ਦਿ ਆਰਚੀਜ਼' ਵਰਗੀਆਂ ਬਾਕਸ-ਆਫਿਸ ਹਿੱਟ ਫਿਲਮਾਂ ਲਈ ਪ੍ਰਸਿੱਧ ਲੇਖਕ-ਫ਼ਿਲਮ ਨਿਰਮਾਤਾ, ਅਖਤਰ ਨੂੰ ਉਸਦੇ ਕੰਮ ਲਈ ਲਿਵਿੰਗ ਲੀਜੈਂਡ ਪੁਰਸਕਾਰ ਨਾਲ ਸਨਮਾਨਿਤ ਕੀਤਾ ਗਿਆ। ਉਹਨਾ ਸਾਹਿਤ ਅਤੇ ਸਮਾਜ ਸ਼ਾਸਤਰ ਵਿੱਚ ਆਪਣੀ ਡਿਗਰੀ ਬਾਰੇ ਗੱਲ ਕੀਤੀ ਜਿਸਨੇ ਉਸਨੂੰ ਫਿਲਮ ਨਿਰਮਾਣ ਕੈਰੀਅਰ ਲਈ ਇੱਕ ਮਜ਼ਬੂਤ ਬੁਨਿਆਦ ਦਿੱਤੀ। ਅਖਤਰ ਨੇ ਕਿਹਾ, "ਮੈਂ ਸੱਚਮੁੱਚ ਮੰਨਦਾ ਹਾਂ ਕਿ ਸਾਹਿਤ ਅਤੇ ਸਮਾਜ ਸ਼ਾਸਤਰ ਨੇ ਫਿਲਮਾਂ ਬਣਾਉਣ, ਲਿਖਣ ਅਤੇ ਕਹਾਣੀਆਂ ਸੁਣਾਉਣ ਵਿੱਚ ਮੇਰੀ ਬਹੁਤ ਮਦਦ ਕੀਤੀ ਹੈ।"



ਜ਼ੋਇਆ ਅਖਤਰ ਨੂੰ ਪੁਰਸਕਾਰ ਭੇਂਟ ਕਰਦੇ ਹੋਏ ਐਮ ਪੀ ਵਰਿੰਦਰ ਸ਼ਰਮਾ ਅਤੇ ਹੋਰ

ਲੇਖਕ ਜਾਵੇਦ ਅਖਤਰ ਅਤੇ ਹਨੀ ਇਰਾਨੀ ਦੀ 51 ਸਾਲਾ ਧੀ ਨੇ ਕਾਨਫਰੰਸ ਵਿੱਚ ਸਿਰਜਣਾਤਮਕ ਅਰਥਚਾਰੇ ਬਾਰੇ ਸੰਬੋਧਨ ਕੀਤਾ, ਜਿਸ ਦੌਰਾਨ ਉਸਨੇ ਲਿਖਣ ਲਈ ਆਪਣੇ ਪਿਆਰ ਨੂੰ ਦਰਸਾਇਆ। ਲੰਡਨ ਵਿੱਚ ਔਰਤਾਂ ਦੀ ਅਗਵਾਈ ਵਾਲੇ ਦਾਰਜੀਲਿੰਗ ਐਕਸਪ੍ਰੈਸ ਰੈਸਟੋਰੈਂਟ ਦੇ ਪਿੱਛੇ ਯੂ ਕੇ-ਅਧਾਰਤ ਸ਼ੈੱਫ ਆਸਮਾ ਖਾਨ ਨੂੰ ਵੀ ਇਸ ਸਾਲ ਕਲਾ, ਸੱਭਿਆਚਾਰ ਅਤੇ ਮਨੋਰੰਜਨ ਦੇ ਖੇਤਰ ਵਿੱਚ ਪਾਏ ਯੋਗਦਾਨ ਲਈ ਸਨਮਾਨਿਤ ਕੀਤਾ। ਕਿੰਗਜ਼ ਕਾਲਜ ਲੰਡਨ ਦੇ ਸਾਬਕਾ ਵਿਦਿਆਰਥੀ ਨੇ ਕਾਨੂੰਨ ਦੇ ਖੇਤਰ ਵਿੱਚ ਸ਼ੁਰੂਆਤ ਕੀਤੀ, ਪਰ ਉਦੋਂ ਤੋਂ ਭਾਰਤੀ ਪਕਵਾਨਾਂ 'ਤੇ ਇੱਕ ਰਸੋਈ ਲੇਖਕ ਵਜੋਂ ਕੰਮ ਕਰਕੇ ਆਪਣੀ ਵੱਖਰੀ ਪਛਾਣ ਬਣਾਈ ਹੈ।

ਭਾਰਤ-ਯੂ.ਕੇ. ਅਚੀਵਰਜ਼ ਸਮਾਰੋਹ ਯੂ.ਕੇ ਪਾਰਲੀਮੈਂਟ ਕੰਪਲੈਕਸ ਵਿਖੇ ਮਨਾਇਆ ਗਿਆ, ਜਿਸ ਵਿੱਚ ਐਮ ਪੀ ਵਰਿੰਦਰ ਸ਼ਰਮਾ, ਸਮੇਤ ਵੱਖ ਵੱਖ ਪਾਰਟੀਆਂ ਦੇ ਸੰਸਦ ਮੈਂਬਰ, ਨਿਸਾਯੂ ਯੂ.ਕੇ. ਦੀ ਪ੍ਰਧਾਨ ਸਨਮ ਅਰੋੜਾ ਆਦਿ ਹਾਜ਼ਰ ਸਨ।

## ਲੰਡਨ ਹਾਈ ਕੋਰਟ ਨੇ ਪ੍ਰਿੰਸ ਹੈਰੀ ਨੂੰ ਦਿੱਤਾ ਝਟਕਾ



**ਲੰਡਨ : ਬ੍ਰਿਟੇਨ ਚ Poilce ਸੁਰੱਖਿਆ ਖਰੀਦਣ ਨੂੰ ਲੈ ਕੇ ਪ੍ਰਿੰਸ ਹੈਰੀ ਨੂੰ ਅਦਾਲਤ ਤੋਂ ਵੱਡਾ ਝਟਕਾ ਲੱਗਾ ਹੈ। ਪ੍ਰਿੰਸ ਹੈਰੀ ਆਪਣੀ ਸੁਰੱਖਿਆ ਨੂੰ ਲੈ ਕੇ ਲੰਡਨ ਹਾਈ ਕੋਰਟ ਪਹੁੰਚੇ ਸਨ। ਮਾਮਲੇ ਦੀ ਸੁਣਵਾਈ ਦੌਰਾਨ ਜੱਜ ਸਰ ਪੀਟਰ ਲੇਨ ਨੇ ਕਿਹਾ ਕਿ ਪ੍ਰਿੰਸ ਹੈਰੀ ਤੋਂ ਪੁਲਿਸ ਸੁਰੱਖਿਆ ਹਟਾਉਣ ਦਾ ਫੈਸਲਾ ਨਾ ਤਾਂ ਗੈਰ-ਕਾਨੂੰਨੀ ਹੈ ਅਤੇ ਨਾ ਹੀ ਤਰਕਹੀਣ ਹੈ।ਤੁਹਾਨੂੰ ਦੱਸ ਦੇਈਏ ਕਿ ਇਹ ਮਾਮਲਾ ਸਾਲ 2020 ਦਾ ਹੈ। ਇਸ ਸਮੇਂ ਦੌਰਾਨ, ਰਾਇਲਟੀ ਅਤੇ ਜਨਤਕ ਸ਼ਖਸੀਅਤਾਂ ਦੀ ਸੁਰੱਖਿਆ ਲਈ ਕਾਰਜਕਾਰੀ ਕਮੇਟੀ ਦੇ ਫੈਸਲੇ ਤੋਂ ਬਾਅਦ ਯੂਕੇ ਦੇ ਗ੍ਰਹਿ ਦਫਤਰ ਦੁਆਰਾ ਪ੍ਰਿੰਸ ਹੈਰੀ ਦੀ ਸੁਰੱਖਿਆ ਦੀ ਸਮੀਖਿਆ ਕੀਤੀ ਗਈ। ਇਸ ਦੌਰਾਨ ਪ੍ਰਿੰਸ ਹੈਰੀ ਆਪਣੀ ਬਰਤਾਨੀਆ ਫੇਰੀ ਦੌਰਾਨ ਪੁਲਿਸ ਸੁਰੱਖਿਆ ਲਈ ਨਿੱਜੀ ਭੁਗਤਾਨ ਕਰਨ ਸਬੰਧੀ ਅਦਾਲਤ ਵਿੱਚ ਕੇਸ ਹਾਰ ਗਏ ਸਨ।**


GSD

GSD ESTATE AGENTS
RESIDENTIAL & COMMERCIAL PROPERTY EXPERTS
SALES • LETTINGS • MANAGEMENT
EXPERIENCED & INDEPENDENT
FAMILY OWNED & OPERATED

How much is your home worth ?
More properties wanted for qualified applicants
We can sell or let your properties fast
2-3 year rent guarantee schemes available

ਜੀ. ਐਸ. ਡੀ. ਇਸਟੇਟ ਏਜੰਟਸ
ਤੁਹਾਡੇ ਘਰ ਦੀ ਕਿੰਨੀ ਕੀਮਤ ਹੈ ?
ਤੁਹਾਡੀ ਜਾਇਦਾਦ ਵੇਚਣ ਜਾਂ ਕਿਰਾਏ 'ਤੇ ਦੇਣ ਲਈ ਤੁਹਾਡੀ ਮਦਦ ਕਰ ਸਕਦੇ ਹਾਂ।
ਯੋਗ ਅਰਜ਼ੀ ਕਰਤਾਵਾਂ ਲਈ ਹੋਰ ਜਾਇਦਾਦਾਂ ਚਾਹੀਦੀਆਂ ਹਨ।
ਗਰੰਟੀ 'ਤੇ ਕਿਰਾਏ ਲਈ 2-3 ਸਾਲ ਦੀਆਂ ਯੋਜਨਾਵਾਂ ਵੀ ਉਪਲੱਭਧ ਹਨ।
ਜਾਇਦਾਦ ਸਬੰਧੀ ਤਜ਼ਰਬੇਕਾਰ ਤੇ ਪ੍ਰੋਫੈਸ਼ਨਲ ਮਾਹਿਰਾਂ ਦੀ ਸਲਾਹ ਜ਼ਰੂਰ ਲਵੋ

EXCELLENCE AS STANDARD *Supporting a greener future*

Director: Mr Gurjeet Singh Dhariwal

Visit our website: www.gsdestates.com
Tel: 020 8570 1284 Email: info@gsdestates.com
10 New Heston Road, Heston, TW5 0LJ
GSD Estate Agents Ltd. Company No: 06529322. All rights reserved



ਸੁਮਨ ਮੈਰਿਜ ਬਿਊਰੋ (ਇੰਟਰਨੈਸ਼ਨਲ)

UK's FIRST ASIAN MARRIAGE BUREAU

Guaranteed introduction service - Since 1972
CURRENTLY SEEKING MATCHES FOR THE FOLLOWING
JAT SIKH GIRLS (F) & BOYS (M) - (*with turban/beard):

| | | | | |
|---|---|---|---|---|
| 26 | 5'04" | BSc Optometry | Optometrist | Single (F) |
| 27 | 5'03" | B.A. History | Product Manager | Single (F) |
| 27 | 5'07" | M.D. | Doctor | Single (F) |
| 29 | 5'09" | LLB (Hons) | Lawyer (Solicitor) | Single (F) |
| 29 | 5'08" | DDA | Dentist | Single (F) |
| 29 | 5'04" | LLB (Hons) , LPC | Trainee Solicitor | Single (F) |
| 29 | 5'07" | ACCA | Accountant | Single (F) |
| 27 | 6'02" | Graduate | Financial Sector | Single (M) |
| 29 | 5'10"+ | MBChB | Doctor-GP Training | Single (M) |
| 29* | 6'00" | M.Pharms | Pharmacy Area Man. | Single (M) |
| 29 | 6'04" | Graduation | Business Owner | Single (M) |
| 30 | 5'11" | Graduation | Business Owner | Single (M) |

OVER 50 YEARS OF MATCHMAKING
Please feel free to contact us to discuss your requirements in confidence and without any obligation! English/Punjabi spoken.

SUMAN MARRIAGE BUREAU
Bespoke Matchmaking Service
0121 582 9995 or 020 8571 5145
WhatsApp/Signal: 07485 708717
Web: www.s-m-b.com Email: info@s-m-b.com
Providing a personal matchmaking service for all Asian communities
Follow us on Facebook: www.facebook.com/SumanMarriageBureau
Instagram: @SumanMarriageBureau
WE HAVE CLIENTS ALL OVER UK

# ਕਿਸੇ ਵੀ ਪਾਰਟੀ ਲਈ ਸੌਖਾ ਨਹੀਂ ਪੰਜਾਬ ਜਿੱਤਣਾ !

**✪ ਜ਼ੀ ਨਿਊਜ਼ ਦੇ ਨਵੇ ਸਰਵੇ ਅਨੁਸਾਰ ਅਕਾਲੀ ਦਲ ਪਛੜਿਆ ✪ ਕਿਸਾਨ ਅੰਦੋਲਨ ਕਾਰਨ ਡਾਵਾਂਡੋਲ ਹੈ ਪੰਜਾਬ ਦੀ ਰਾਜਨੀਤੀ ✪ ਅਕਾਲੀ ਦਲ ਭਾਜਪਾ ਨਾਲ ਸਮਝੌਤੇ ਕਰਨ ਲਈ ਸ਼ਸ਼ੋਪੰਜ ਵਿਚ ✪ ਅਕਾਲੀ ਆਗੂ ਖੁਸਿਆ ਪੰਥਕ ਆਧਾਰ ਪ੍ਰਾਪਤ ਕਰਨ ਲਈ ਸਿਖ ਤੇ ਕਿਸਾਨ ਮੁਦਿਆਂ ਉਪਰ ਕਰ ਰਹੇ ਨੇ ਬਿਆਨਬਾਜ਼ੀ**

// ਵਿਸ਼ੇਸ਼ ਰਿਪੋਟ //

ਪੰਜਾਬ ਦੀਆਂ 13 ਲੋਕ ਸਭਾ ਸੀਟਾਂ ਵਿੱਚ ਕਾਂਗਰਸ, ਆਮ ਆਦਮੀ ਪਾਰਟੀ, ਭਾਰਤੀ ਜਨਤਾ ਪਾਰਟੀ ਤੇ ਸ਼੍ਰੋਮਣੀ ਅਕਾਲੀ ਦਲ ਵਿੱਚ ਮੁੱਖ ਮੁਕਾਬਲਾ ਹੈ ਤੇ ਇਨ੍ਹਾਂ ਪਾਰਟੀਆਂ ਵਿਚੋਂ ਸ਼੍ਰੋਮਣੀ ਅਕਾਲੀ ਦਲ ਸਭ ਤੋਂ ਜ਼ਿਆਦਾ ਪਛੜਦਾ ਦਿਖਾਈ ਦੇ ਰਿਹਾ ਹੈ। ਜ਼ੀ ਨਿਊਜ਼ ਦੇ ਸਰਵੇ ਮੁਤਾਬਕ ਆਮ ਆਦਮੀ ਪਾਰਟੀ 5 ਸੀਟਾਂ ਜਿੱਤ ਸਕਦੀ ਹੈ। ਕਾਂਗਰਸ ਤੇ ਭਾਰਤੀ ਜਨਤਾ ਪਾਰਟੀ ਦੋਵਾਂ ਨੂੰ ਤਿੰਨ-ਤਿੰਨ ਸੀਟਾਂ ਜਾਂਦੀਆਂ ਦਿਖਾਈ ਦੇ ਰਹੀਆਂ ਹਨ ਤੇ ਸ਼੍ਰੋਮਣੀ ਅਕਾਲੀ ਦਲ ਨੂੰ ਇੱਕ ਹੀ ਸੀਟ ਨਾਲ ਸਬਰ ਕਰਨਾ ਪੈ ਸਕਦਾ ਹੈ। ਜ਼ਿਕਰ ਕਰ ਦਈਏ ਕਿ ਗੁਜਰਾਤ, ਦਿੱਲੀ, ਹਰਿਆਣਾ, ਗੋਆ ਤੇ ਚੰਡੀਗੜ੍ਹ ਵਿੱਚ ਆਮ ਆਦਮੀ ਪਾਰਟੀ ਤੇ ਕਾਂਗਰਸ ਮਿਲ ਕੇ ਚੋਣਾਂ ਲੜ ਰਹੇ ਹਨ ਪਰ ਇਨ੍ਹਾਂ ਦੀ ਸੁਲ੍ਹਾ ਪੰਜਾਬ ਨੂੰ ਲੈ ਕੇ ਨੇਪਰੇ ਨਹੀਂ ਚੜ੍ਹੀ। ਪੰਜਾਬ ਦੇ ਦੋਵਾਂ ਪਾਰਟੀਆਂ ਦੇ ਲੀਡਰ ਹੀ ਇਕੱਲੇ ਚੋਣਾਂ ਲੜਣ ਦੀ ਗੱਲ ਕਹਿ ਰਹੇ ਸਨ। ਭਗਵੰਤ ਮਾਨ ਵੱਲੋਂ ਅਕਸਰ ਦਾਅਵਾ ਕੀਤਾ ਜਾਂਦਾ ਹੈ ਕਿ ਪੰਜਾਬ ਦੀਆਂ 13 ਦੀਆਂ 13 ਸੀਟਾਂ ਉੱਤੇ ਆਮ ਆਦਮੀ ਪਾਰਟੀ ਜਿੱਤ ਦਰਜ ਕਰੇਗੀ ਤੇ ਕਾਂਗਰਸ ਵੀ ਇਹੋ ਜਿਹਾ ਹੀ ਦਾਅਵਾ ਕਰਦੀ ਨਜ਼ਰ ਆ ਰਹੀ ਹੈ ਪਰ ਇਹ ਸੱਚ ਹੈ ਕਿ ਪੰਜਾਬ ਦੇ ਇਤਿਹਾਸ ਵਿੱਚ ਕਿਸੇ ਵੀ ਇੱਕ ਪਾਰਟੀ ਨੇ ਸਾਰੀਆਂ ਸੀਟਾਂ ਨਹੀਂ ਜਿੱਤੀਆਂ। ਹੁਣ ਤਾਂ ਆਉਣ ਵਾਲੇ ਕੁਝ ਹਫਤੇ ਸਾਫ਼ ਕਰ ਹੀ ਦੇਣਗੇ ਕਿ ਕਿਹੜੀ ਪਾਰਟੀ ਦੇ ਪੱਟਾਂ ਵਿੱਚ ਜ਼ਿਆਦਾ ਜ਼ੋਰ ਹੈ।

ਰਾਜਨੀਤਕ ਮਾਹਿਰਾਂ ਅਨੁਸਾਰ ਪੰਜਾਬ ਦੀ ਮੌਜੂਦਾ ਰਾਜਨੀਤੀ 'ਡਾਵਾਂਡੋਲ ਹੈ, ਕਿਉਂਕਿ ਅਜੇ ਨਾ ਤਾਂ ਇਹ ਪਤਾ ਹੈ ਕਿ ਕਿਸਾਨ ਅੰਦੋਲਨ ਕੀ ਰੁਖ਼ ਅਖ਼ਤਿਆਰ ਕਰੇਗਾ ਤੇ ਕਿਸਾਨ ਜਥੇਬੰਦੀਆਂ ਤੇ ਮੋਦੀ ਸਰਕਾਰ ਵਿਚਾਲੇ ਆਪਸੀ ਤਕਰਾਰ ਕਦੋਂ ਖ਼ਤਮ ਹੋਵੇਗੀ। ਦੂਸਰੇ ਪਾਸੇ ਅਕਾਲੀ ਦਲ-ਭਾਜਪਾ ਦਾ ਸਮਝੌਤਾ ਭਾਵੇਂ ਹਾਲ ਦੀ ਘੜੀ ਹੁੰਦਾ ਨਜ਼ਰ ਨਹੀਂ ਆ ਰਿਹਾ, ਪਰ ਅਜੇ ਵੀ ਇਸ ਦੇ ਆਸਾਰ ਪੂਰੀ ਤਰ੍ਹਾਂ ਖ਼ਤਮ ਨਹੀਂ ਹੋਏ। ਸੁਆਲ ਇਹ ਵੀ ਹੈ ਕਿ ਟਿਕਟਾਂ ਦੀ ਵੰਡ ਵੇਲੇ ਵੱਖ-ਵੱਖ ਪਾਰਟੀਆਂ ਦੀ ਆਪਸੀ ਫੁੱਟ ਕਿੰਨੀ ਕੁ ਵਧੇਗੀ? ਇਸ ਦੇ ਬਾਵਜੂਦ ਲੋਕ ਸਭਾ ਚੋਣਾਂ ਵਿਚ ਪੰਜਾਬ ਵਿਚ ਚਾਰਕੋਨਾ ,ਪੰਜਕੋਨਾ ਮੁਕਾਬਲਾ ਹੋਣ ਦੇ ਆਸਾਰ ਵਧੇਰੇ ਜਾਪਦੇ ਹਨ। ਕਾਂਗਰਸ ਤੇ 'ਆਪ' ਤਾਂ ਪੰਜਾਬ ਵਿਚ ਵੱਖੋ-ਵੱਖ ਲੜਨ ਦਾ ਐਲਾਨ ਵੀ ਕਰ ਚੁੱਕੀਆਂ ਹਨ ,ਸਿਮਰਨਜੀਤ ਸਿੰਘ ਮਾਨ ਦਾ ਅਕਾਲੀ ਦਲ ਚੋਣ ਲੜਨ ਦਾ ਐਲਾਨ ਕਰ ਚੁਕਾ ਹੈ ਅਤੇ ਭਾਜਪਾ ਤੇ ਅਕਾਲੀ ਦਲ ਦਰਮਿਆਨ ਵੀ ਹਾਲ ਦੀ ਘੜੀ ਸਮਝੌਤੇ ਦੇ ਆਸਾਰ ਘੱਟ ਹੀ ਨਜ਼ਰ ਆ ਰਹੇ ਹਨ।

ਸਿਆਸੀ ਹਲਕਿਆਂ ਵਿਚ ਚਰਚਾ ਹੋ ਰਹੀ ਹੈ ਕਿ ਸ਼੍ਰੋਮਣੀ ਅਕਾਲੀ ਦਲ ਨੂੰ ਅਜਿਹਾ ਮਹਿਸੂਸ ਹੋਣ ਲੱਗ ਪਿਆ ਹੈ ਕਿ ਭਾਜਪਾ ਨਾਲ ਗਠਜੋੜ ਕਰਨਾ ਨੁਕਸਾਨਦਾਇਕ ਸਿੱਧ ਹੋ



ਸਕਦਾ ਹੈ। ਹਾਲਾਂਕਿ ਕੁਝ ਦਿਨ ਪਹਿਲਾਂ ਕਿਸਾਨ ਅੰਦੋਲਨ ਦੇ ਬਾਵਜੂਦ ਅਕਾਲੀ ਦਲ ਭਾਜਪਾ ਖ਼ਿਲਾਫ਼ ਬਚ ਕੇ ਬੋਲ ਰਿਹਾ ਸੀ। ਅਕਾਲੀ ਆਗੂਆਂ ਵਲੋਂ ਦਿੱਤੇ ਜਾ ਰਹੇ ਬਿਆਨਾਂ ਤੋਂ ਬਾਅਦ ਚਰਚਾ ਚੱਲ ਪਈ ਹੈ ਕਿ ਅਕਾਲੀ ਦਲ ਇਹ ਜ਼ਾਹਿਰ ਕਰਨ ਲੱਗ ਪਿਆ ਹੈ ਕਿ ਉਸ ਦਾ ਭਾਜਪਾ ਨਾਲ ਗਠਜੋੜ ਨਹੀਂ ਹੋ ਰਿਹਾ। ਸ਼੍ਰੋਮਣੀ ਅਕਾਲੀ ਦਲ ? ਦੇ ਆਗੂ ਪ੍ਰੋ. ਪ੍ਰੇਮ ਸਿੰਘ ਚੰਦੂਮਜਰਾ ਨੇ ਬਿਆਨ ਦਿੱਤਾ ਹੈ ਕਿ ਖਨੌਰੀ ਅਤੇ ਸ਼ੰਭੂ ਬਾਰਡਰ 'ਤੇ ਕਿਸਾਨਾਂ 'ਤੇ ਤਸ਼ੱਦਦ ਲਈ ਐੱਨ. ਡੀ. ਏ. ਅਤੇ 'ਇੰਡੀਆ' ਗਠਜੋੜ ਜ਼ਿੰਮੇਵਾਰ ਹਨ। ਉਨ੍ਹਾਂ ਕਿਹਾ ਸੀ ਕਿ ਮੁੱਖ ਮੰਤਰੀ ਭਗਵੰਤ ਮਾਨ ਕਾਰਨ ਕੇਂਦਰ ਅਤੇ ਕਿਸਾਨਾਂ ਵਿਚਕਾਰ ਗੱਲਬਾਤ ਸਿਰੇ ਨਹੀਂ ਚੜ੍ਹ ਸਕੀ। ਪ੍ਰੋ. ਪ੍ਰੇਮ ਸਿੰਘ ਚੰਦੂਮਾਜਰਾ ਨੇ ਕਿਹਾ ਕਿ ਪੰਜਾਬ ਦੇ ਹਿੱਤਾਂ ਨੂੰ ਧਿਆਨ 'ਚ ਰੱਖ ਕੇ ਹੀ ਕੋਈ ਵੀ ਫ਼ੈਸਲਾ ਲਿਆ ਜਾਵੇਗਾ। ਉਨ੍ਹਾਂ ਕਿਹਾ ਕਿ ਕਿਸਾਨੀ ਮੁੱਦੇ, ਘੱਟ ਗਿਣਤੀਆਂ ਦੇ ਮੁੱਦੇ ਨੂੰ ਅਣਗੌਲਾ ਨਹੀਂ ਕੀਤਾ ਜਾਵੇਗਾ। ਇਸ ਤੋਂ ਇਲਾਵਾ ਸੰਸਦ ਮੈਂਬਰ ਹਰਸਿਮਰਤ ਕੌਰ ਬਾਦਲ ਨੇ ਵੀ ਏਮਜ਼ ਬਠਿੰਡਾ ਦੇ ਉਦਘਾਟਨੀ ਸਮਾਰੋਹ ਦੌਰਾਨ ਕਿਸਾਨ ਅੰਦੋਲਨ ਦਾ ਮੁੱਦਾ ਚੁੱਕਿਆ। ਇਸ ਮੌਕੇ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਵੀ ਆਨਲਾਈਨ ਜੁੜੇ ਸਨ।

ਇਸ ਤੋਂ ਪਹਿਲਾਂ ਸ਼੍ਰੋਮਣੀ ਅਕਾਲੀ ਦਲ ਦੇ ਸੀਨੀਅਰ ਆਗੂ ਡਾ?. ਦਲਜੀਤ ਸਿੰਘ ਚੀਮਾ ਬਿਆਨ ਦੇ ਚੁੱਕੇ ਹਨ ਕਿ ਸ਼੍ਰੋਮਣੀ ਅਕਾਲੀ ਦਲ ਸਮਝਦਾ ਹੈ ਕਿ ਮੁੱਖ ਮੰਤਰੀ ਭਗਵੰਤ ਮਾਨ ਹਰਿਆਣਾ ਅਤੇ ਕੇਂਦਰ ਸਰਕਾਰਾਂ ਨਾਲ ਮਿਲੀਭੁਗਤ ਕਰ ਕੇ ਨਿਰਦੋਸ਼ ਅਤੇ ਸ਼ਾਂਤਮਈ ਢੰਗ ਨਾਲ ਪ੍ਰਦਰਸ਼ਨ ਕਰ ਰਹੇ ਕਿਸਾਨਾਂ 'ਤੇ ਜ਼ਬਰ ਕਰ ਰਹੇ ਹਨ। ਉਨ੍ਹਾਂ ਕਿਹਾ ਕਿ ਭਗਵੰਤ ਮਾਨ ਪੰਜਾਬ ਦੇ ਕਿਸਾਨਾਂ ਨਾਲ ਅਪਰਾਧੀਆਂ ਵਾਂਗ ਸਲੂਕ ਕਰਨ ਲਈ ਕੇਂਦਰ ਨਾਲ ਰਲ ਕੇ ਸਾਜ਼ਿਸ਼ ਰਚਣਾ ਬੰਦ ਕਰਨ ਅਤੇ ਡਾ. ਐੱਮ. ਐੱਸ. ਸਵਾਮੀਨਾਥਨ ਦੀ ਧੀ ਮਧੁਰਾ ਸਵਾਮੀਨਾਥਨ ਦੀ ਸਲਾਹ ਮੰਨਣੀ ਚਾਹੀਦੀ ਹੈ।

ਅਕਾਲੀ ਆਗੂ ਅਰਸ਼ਦੀਪ ਸਿੰਘ ਕਲੇਰ ਨੇ ਕਿਹਾ ਕਿ ਸਾਡਾ ਪਹਿਲਾਂ ਵੀ ਭਾਜਪਾ ਨਾਲ ਗਠਜੋੜ ਪੰਜਾਬ ਦੇ ਮੁੱਦਿਆਂ ਨੂੰ ਲੈ ਕੇ ਸੀ ਅਤੇ ਕਿਸਾਨਾਂ ਦੇ ਮੁੱਦਿਆਂ ਨੂੰ ਲੈ ਕੇ ਗਠਜੋੜ ਟੁੱਟਿਆ ਸੀ। ਜੇ ਪੰਜਾਬ ਦੇ ਅਹਿਮ ਮੁੱਦੇ ਭਾਵੇਂ ਉਹ ਬੰਦੀ ਸਿੰਘਾਂ ਦਾ ਹੋਵੇ ਜਾਂ ਕਿਸਾਨਾਂ ਦਾ, ਜੇ ਉਨ੍ਹਾਂ ਦਾ ਹੱਲ ਨਹੀਂ ਹੋਵੇਗਾ ਤਾਂ ਗਠਜੋੜ ਕਿਵੇਂ ਹੋ ਸਕਦਾ ਹੈ।

ਇਕ ਗੱਲ ਸਪੱਸ਼ਟ ਹੈ ਕਿ ਪੰਜਾਬ ਵਿਚ ਅਕਾਲੀ ਦਲ ਨਾਲ ਚੋਣ ਸਮਝੌਤਾ ਕਰਨ 'ਤੇ ਜ਼ਿਆਦਾ ਜ਼ੋਰ ਭਾਜਪਾ ਦੇ ਦੋ ਨੇਤਾ ਸਾਬਕਾ ਮੁੱਖ ਮੰਤਰੀ ਕੈਪਟਨ ਅਮਰਿੰਦਰ ਸਿੰਘ ਤਾਂ ਸਾਫ਼ ਤੇ ਸਪੱਸ਼ਟ ਤੌਰ 'ਤੇ ਸਮਝੌਤਾ ਕਰਨ ਦੇ ਹੱਕ ਵਿਚ ਬੋਲ ਚੁੱਕੇ ਹਨ, ਉਹ ਤਾਂ ਇਹ ਵੀ ਕਹਿ ਗਏ ਕਿ ਪੰਜਾਬ ਭਾਜਪਾ ਦੇ ਮੌਜੂਦਾ ਪ੍ਰਧਾਨ ਸੁਨੀਲ ਜਾਖੜ ਵੀ ਅਕਾਲੀ ਦਲ ਨਾਲ ਸਮਝੌਤੇ ਦੇ ਪੱਖ ਵਿਚ ਹਨ। ਇਥੋਂ ਤੱਕ ਕਿ ਭਾਰਤ ਦੇ ਗ੍ਰਹਿ ਮੰਤਰੀ ਅਮਿਤ ਸ਼ਾਹ ਖ਼ੁਦ ਵੀ ਅਕਾਲੀ ਦਲ ਨਾਲ ਸਮਝੌਤੇ ਦੀ ਗੱਲ ਚਲਦੀ ਹੋਣ ਬਾਰੇ ਬਿਆਨ ਦੇ ਚੁੱਕੇ ਹਨ। ਇਸ ਦੇ ਉਲਟ ਅਕਾਲੀ ਦਲ ਦੇ ਪ੍ਰਧਾਨ ਸੁਖਬੀਰ ਸਿੰਘ ਬਾਦਲ ਇਸ ਮਾਮਲੇ 'ਤੇ ਚੁੱਪ ਹਨ ਤੇ ਸੰਭਲ-ਸੰਭਲ ਕੇ ਚੱਲ ਰਹੇ ਹਨ। ਉਹ ਇਕੱਲੇ ਚੋਣ ਲੜਨ ਦੀਆਂ ਤਿਆਰੀਆਂ ਕਰ ਰਹੇ ਹਨ ਤੇ ਇਸੇ ਲਈ ਹੀ ਉਹ ਆਪਣੀ 'ਪੰਜਾਬ ਬਚਾਓ ਯਾਤਰਾ' ਜਲਦੀ ਹੀ ਫਿਰ ਤੋਂ ਸ਼ੁਰੂ ਕਰਨ ਜਾ ਰਹੇ ਹਨ। ਇਹ ਸੱਚ ਹੈ ਕਿ ਕਿਸਾਨ ਮੋਰਚੇ ਨੇ ਅਕਾਲੀ ਦਲ-ਭਾਜਪਾ ਸਮਝੌਤੇ ਵਿਚ ਖੜੋਤ ਲਿਆਂਦੀ ਹੈ। ਜੇਕਰ ਕੇਂਦਰ ਸਰਕਾਰ ਨੇ ਇਸ ਮੋਰਚੇ ਨਾਲ ਨਜਿੱਠਣ ਵਿਚ ਕੋਈ ਦਿਲਚਸਪੀ ਦਿਖਾਈ ਅਤੇ ਉਹ ਅਕਲਮੰਦੀ ਤੋਂ ਕੰਮ ਲੈਂਦਿਆਂ 'ਦਿੱਲੀ ਕੂਚ' ਵਾਲੀਆਂ ਧਿਰਾਂ ਦੇ ਨਾਲ-ਨਾਲ ਕਿਸਾਨਾਂ ਦੇ ਸੰਯੁਕਤ ਮੋਰਚੇ ਜਿਸ ਵਿਚ ਬਲਬੀਰ ਸਿੰਘ ਰਾਜੇਵਾਲ, ਹਰਿੰਦਰ ਸਿੰਘ ਲੱਖੋਵਾਲ, ਡਾ. ਦਰਸ਼ਨ ਪਾਲ ਤੇ ਹੋਰ ਧਿਰਾਂ ਸ਼ਾਮਿਲ ਹਨ ਅਤੇ ਕਿਸਾਨ ਮੰਗਾਂ ਵਿਚ ਸੰਯੁਕਤ ਮੋਰਚੇ ਤੋਂ ਵੱਖਰੇ ਤੌਰ 'ਤੇ ਵਿਚਰਨ ਵਾਲੀ ਪਰ ਮੰਗਾਂ ਦੇ ਹੱਕ ਵਿਚ ਸਟੈਂਡ ਲੈਣ ਵਾਲੀ ਕਿਸਾਨ ਜਥੇਬੰਦੀ ਬੀ.ਕੇ.ਯੂ. ਉਗਰਾਹਾਂ ਨੂੰ ਵੀ ਗੱਲਬਾਤ ਦੀ ਮੇਜ਼ 'ਤੇ ਬੁਲਾ ਕੇ ਕੁਝ ਕਿਸਾਨ ਤੇ ਪੰਜਾਬ ਪੱਖੀ ਫ਼ੈਸਲਾ ਲੈਂਦੀ ਹੈ ਤਾਂ ਅਕਾਲੀ ਦਲ ਲਈ ਭਾਜਪਾ ਨਾਲ ਸਮਝੌਤਾ ਕਰਨਾ ਸੌਖਾ ਹੋ ਜਾਵੇਗਾ। ਪਰ ਅਜਿਹਾ ਰੁਝਾਨ ਦਿਖਾਈ ਨਹੀ ਦੇ ਰਿਹਾ।

ਖ਼ੈਰ! ਜੇਕਰ ਸੱਚਮੁੱਚ ਹੀ ਲੋਕ ਸਭਾ ਚੋਣਾਂ ਵਿਚ ਪੰਜਾਬ ਵਿਚ ਚਾਰਕੋਨਾ ਮੁਕਾਬਲਾ ਹੋਇਆ ਤਾਂ ਰਾਜਨੀਤਕ ਮਾਹਿਰਾਂ ਦਾ ਮੰਨਣਾ ਹੈ ਕਿ ਕਾਂਗਰਸ ਦਾ ਹੱਥ ਸਭ ਤੋਂ ਉੱਪਰ ਰਹੇਗਾ। ਵੱਖ-ਵੱਖ ਸਰਵੇਖਣਾਂ ਅਤੇ ਏਜੰਸੀਆਂ ਦੀਆਂ ਰਿਪੋਰਟਾਂ ਅਨੁਸਾਰ ਇਸ ਵੇਲੇ ਪੰਜਾਬ ਵਿਚ ਕਾਂਗਰਸ ਦੀ ਸਥਿਤੀ ਕਾਫ਼ੀ ਚੰਗੀ ਹੈ ਬਸ਼ਰਤੇ ਕਿ ਕਾਂਗਰਸ ਵਿਚ ਕੋਈ ਨਵੀਂ ਫੁੱਟ ਜਾਂ ਟਿਕਟਾਂ ਦੀ ਵੰਡ ਨੂੰ ਲੈ ਕੇ ਕੋਈ ਨਵਾਂ ਰੌਲਾ ਨਾ ਪੈ ਜਾਵੇ ਅਤੇ ਉਮੀਦਵਾਰਾਂ ਦੀ ਚੋਣ ਠੀਕ ਹੋ ਜਾਵੇ। ਜਿਥੋਂ ਤੱਕ 'ਆਪ' ਦਾ ਸੰਬੰਧ ਹੈ, ਹੁਕਮਰਾਨ ਪਾਰਟੀ ਨੂੰ ਹੁਕਮਰਾਨ ਹੋਣ ਦਾ ਫਾਇਦਾ ਤਾਂ ਹੁੰਦਾ ਹੀ ਹੈ ਪਰ ਉਸ ਦੇ ਖਿਲਾਫ਼ 'ਐਂਟੀ-ਇਨਕੁਬੈਂਸੀ' (ਸੱਤਾ ਵਿਰੋਧੀ ਭਾਵਨਾ) ਵੀ ਉਭਰਦੀ ਹੀ ਹੈ। ਜਲੰਧਰ ਉਪ ਚੋਣ ਵਿਚ ਜਿੱਤ ਕੋਈ ਪੈਮਾਨਾ ਨਹੀਂ ਹੈ, ਕਿਉਂਕਿ ਜਿਸ ਰਣਨੀਤੀ ਨਾਲ 'ਆਪ' ਨੇ ਉਹ ਚੋਣ ਜਿੱਤੀ ਸੀ, ਹੁਣ ਉਹ ਰਣਨੀਤੀ ਓਨਾ ਕੰਮ ਨਹੀਂ ਕਰ ਸਕੇਗੀ ਪਰ 'ਆਪ' ਮੁਕਾਬਲੇ ਤੋਂ ਬਾਹਰ ਨਹੀਂ ਹੈ। ਜਦੋਂਕਿ ਚਾਰਕੋਨੇ ਮੁਕਾਬਲੇ ਵਿਚ ਅਕਾਲੀ ਦਲ ਵੀ ਕੁਝ ਸੀਟਾਂ 'ਤੇ ਤਕੜਾ ਮੁਕਾਬਲਾ ਦੇਣ ਦੇ ਸਮਰੱਥ ਨਜ਼ਰ ਆ ਰਿਹਾ ਹੈ, ਕਿਉਂਕਿ ਉਸ ਦਾ ਕਾਡਰ ਅਜੇ ਵੀ ਉਸ ਦੇ ਨਾਲ ਖੜ੍ਹਾ ਹੈ।

ਸਾਡੀ ਜਾਣਕਾਰੀ ਅਨੁਸਾਰ ਅਕਾਲੀ ਦਲ ਜਿੱਤ ਦੀਆਂ ਸੰਭਾਵਨਾਵਾਂ ਵਾਲੀਆਂ ਕੁਝ ਸੀਟਾਂ ਦੀ ਪਛਾਣ ਕਰ ਰਿਹਾ, ਜਿਥੇ ਉਹ ਅੱਡੀ ਚੋਟੀ ਦਾ ਜ਼ੋਰ ਲਾਵੇਗਾ। ਇਨ੍ਹਾਂ ਚੋਣਾਂ ਵਿਚ ਭਾਜਪਾ ਇਕੱਲਿਆਂ ਚੋਣ ਲੜ ਕੇ ਕੋਈ ਸੀਟ ਜਿੱਤਦੀ ਹੈ ਜਾਂ ਨਹੀਂ ਅਜੇ ਕੁਝ ਨਹੀਂ ਕਿਹਾ ਜਾ ਸਕਦਾ, ਪਰ ਉਹ 2-3 ਸੀਟਾਂ 'ਤੇ ਮੁਕਾਬਲੇ ਵਿਚ ਤਾਂ ਹੋਵੇਗੀ ਹੀ। ਉਂਜ ਇਹ ਗੱਲ ਪੱਕੀ ਹੈ ਕਿ ਜੇ ਭਾਜਪਾ ਇਕੱਲੀ ਚੋਣ ਲੜਦੀ ਹੈ ਤਾਂ ਉਸ ਦੇ ਵੋਟ ਫ਼ੀਸਦੀ ਵਿਚ ਵੱਡਾ ਵਾਧਾ ਹੋਵੇਗਾ ਪਰ ਜੇਕਰ ਕੇਂਦਰ ਸਰਕਾਰ ਨੇ ਪੰਜਾਬ ਅਤੇ ਕਿਸਾਨਾਂ ਦੀਆਂ ਕੁਝ ਮੰਗਾਂ ਮੰਨ ਕੇ ਸਮਝੌਤਾ ਕਰ ਲਿਆ ਤੇ ਉਸ ਦਾ ਅਕਾਲੀ ਦਲ ਨਾਲ ਫਿਰ ਸਮਝੌਤਾ ਹੋ ਗਿਆ ਤੇ ਪੰਜਾਬ ਵਿਚ ਚੋਣ ਮੁਕਾਬਲਾ ਚਾਰਕੋਨੇ ਦੀ ਬਜਾਏ ਤਿਕੋਣਾ ਹੋ ਗਿਆ ਤਾਂ ਹਾਲਾਤ ਕਾਫ਼ੀ ਬਦਲ ਜਾਣਗੇ।

********

## ਕਿਸਾਨ ਅੰਦੋਲਨ ਕਾਰਣ ਚਿੰਤਾ ਵਿਚ ਭਾਜਪਾ

**✪ ਲੋਕ ਸਭਾ ਚੋਣਾਂ ਲਈ ਸੁਨੀਲ ਜਾਖੜ ਨੂੰ ਸੌਂਪੀ ਜ਼ਿੰਮੇਵਾਰੀ**

ਚੰਡੀਗੜ੍ਹ-ਕਿਸਾਨ ਅੰਦੋਲਨ ਨੇ ਭਾਰਤੀ ਜਨਤਾ ਪਾਰਟੀ ਦੀ ਚਿੰਤਾ ਨੂੰ ਵਧਾ ਦਿੱਤਾ ਹੈ। ਇਸ ਲਈ ਭਾਜਪਾ ਨੇ ਰਾਜ ਚੋਣ ਪ੍ਰਬੰਧਨ ਕਮੇਟੀ ਬਣਾਈ ਹੈ, ਜਿਸ ਦੀ ਕਮਾਨ ਸੂਬਾ ਪ੍ਰਧਾਨ ਸੁਨੀਲ ਜਾਖੜ ਨੇ ਖ਼ੁਦ ਸੰਭਾਲੀ ਹੈ। ਇਸ ਦੇ ਨਾਲ ਹੀ 38 ਕਮੇਟੀਆਂ ਦਾ ਗਠਨ ਕੀਤਾ ਗਿਆ ਹੈ, ਜਿਸ 'ਚ ਪੰਜਾਬ ਦੇ ਸਾਬਕਾ ਮੁੱਖ ਮੰਤਰੀ ਕੈਪਟਨ ਅਮਰਿੰਦਰ ਸਿੰਘ ਦੀ ਧੀ ਜੈ ਇੰਦਰ ਕੌਰ ਨੂੰ ਵੀ ਮਹਿਲਾ ਪ੍ਰਚਾਰ ਕਮੇਟੀ ਦਾ ਮੁਖੀ ਨਿਯੁਕਤ ਕੀਤਾ ਗਿਆ ਹੈ। ਸੁਨੀਲ ਜਾਖੜ ਇਸ ਕਮੇਟੀ ਦੇ ਚੇਅਰਮੈਨ ਅਤੇ ਕਨਵੀਨਰ ਹਨ, ਜਦੋਂ ਕਿ ਰਾਕੇਸ਼ ਰਾਠੌਰ, ਅਨਿਲ ਸਰੀਨ ਅਤੇ ਦਿਆਲ ਸੋਢੀ ਨੂੰ ਕੋ-ਕਨਵੀਨਰ ਨਿਯੁਕਤ ਕੀਤਾ ਗਿਆ ਹੈ। ਭਾਜਪਾ ਨੇ 3 ਸੀਨੀਅਰ ਆਗੂਆਂ ਨੂੰ ਚੋਣ ਮਨੋਰਥ ਪੱਤਰ ਵਿਭਾਗ ਦੇ ਮੁਖੀ ਵਜੋਂ ਨਿਯੁਕਤ ਕੀਤਾ ਹੈ। ਇਸ ਵੀਚ ਸੋਮ ਪ੍ਰਕਾਸ਼, ਅਵਿਨਾਸ਼ ਰਾਏ ਖੰਨਾ ਅਤੇ ਅਸ਼ਵਨੀ ਸੇਖੜੀ ਮੁੱਖ ਭੂਮਿਕਾ 'ਚ ਹੋਣਗੇ। ਉਨ੍ਹਾਂ ਦੀ ਮਦਦ ਲਈ ਸੁਰਜੀਤ ਜਿਆਣੀ, ਜੰਗੀ ਲਾਲ ਮਹਾਜਨ, ਫਤਿਹਜੰਗ ਬਾਜਵਾ, ਐੱਸ. ਐੱਸ. ਚੰਨੀ, ਅਸ਼ਵਨੀ ਸ਼ਰਮਾ, ਸ਼ਵੇਤ ਮਲਿਕ ਅਤੇ ਚਰਨਜੀਤ ਸਿੰਘ ਅਟਵਾਲ ਨੂੰ ਕੋ-ਪ੍ਰਧਾਨ ਬਣਾਇਆ ਗਿਆ।

# ਨਵੇਂ ਦਰਬਾਰ ਹਾਲ ਦੇ ਉਦਘਾਟਨ ਸਮੇਂ ਗੁ: ਡੇਰਾ ਸੰਤਗੜ੍ਹ ਹਰਖੋਵਾਲ ਜਲੰਧਰ ਵਿਖੇ ਸ਼ੁਕਰਾਨਾ ਸਮਾਗਮ

## ਸਿੰਘ ਸਾਹਿਬਾਨ, ਵੱਖ ਵੱਖ ਸੰਪਰਦਾਵਾਂ ਤੇ ਨਿਰਮਲ ਭੇਖ ਦੇ ਸੰਤਾਂ ਨੇ ਸਮਾਗਮ 'ਚ ਹਾਜ਼ਰੀ ਭਰੀ





ਨਗਰ ਕੀਰਤਨ ਦੀ ਅਗਵਾਈ ਕਰਦੇ ਪੰਜ ਪਿਆਰੇ ਅਤੇ ਗਿਆਨੀ ਰਘਬੀਰ ਸਿੰਘ ਜਥੇਦਾਰ ਸ੍ਰੀ ਅਕਾਲ ਤਖਤ ਸਾਹਿਬ ਦਾ ਸਨਮਾਨ ਕਰਦੇ ਹੋਏ ਸੰਤ ਬਾਬਾ ਭਗਵਾਨ ਸਿੰਘ ਜੀ ਅਤੇ ਹੋਰ

ਗੁਰਦੁਆਰਾ ਡੇਰਾ ਸੰਤਗੜ੍ਹ ਹਰਖੋਵਾਲ ਜਲੰਧਰ ਕਪੂਰਥਲਾ ਰੋਡ ਵਿਖੇ ਨਵੇਂ ਉਸਾਰੇ ਦੀਵਾਨ ਹਾਲ ਦੇ ਸ਼ੁਭ ਉਦਘਾਟਨ ਸਮੇਂ, ਡੇਰੇ ਦੇ ਮੁੱਖ ਸੰਚਾਲਕ ਸੰਤ ਬਾਬਾ ਭਗਵਾਨ ਸਿੰਘ ਜੀ ਹਰਖੋਵਾਲਿਆਂ ਦੀ ਰਹਿਨੁਮਾਈ ਵਿੱਚ ਮਹਾਨ ਸ਼ੁਕਰਾਨਾ ਗੁਰਮਤਿ ਸਮਾਗਮ ਕਰਵਾਇਆ ਗਿਆ, ਜਿਸ ਵਿੱਚ ਤਖਤ ਸਾਹਿਬਾਨ ਦੇ ਜਥੇਦਾਰ, ਗੁਰੂ ਨਾਨਕ ਨਾਮ ਲੇਵਾ, ਨਿਰਮਲ ਪੰਥ ਦੇ ਮਹਾਂਪੁਰਖਾਂ ਨੇ ਹਾਜ਼ਰੀ ਭਰੀ । ਸਮਾਗਮ ਦੀ ਅਰੰਭਤਾ, ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਛੱਤਰਛਾਇਆ ਅਤੇ ਤਖਤ ਸ੍ਰੀ ਕੇਸਗੜ੍ਹ ਸਾਹਿਬ ਜੀ ਤੋਂ ਆਏ ਪੰਜਾਂ ਪਿਆਰਿਆਂ ਦੀ ਅਗਵਾਈ ਵਿੱਚ ਸਜਾਏ ਗਏ ਵਿਸ਼ਾਲ ਨਗਰ ਕੀਰਤਨ ਰਾਹੀਂ ਹੋਈ । ਅਲੌਕਿਕ ਨਗਰ ਕੀਰਤਨ ਦੀ ਸਮਾਪਤੀ ਉਪਰੰਤ, ਸ੍ਰੀ ਗੁਰੂ ਗ੍ਰੰਥ ਸਹਿਬ ਜੀ ਦੇ ਪਵਿੱਤਰ ਸਰੂਪ ਫੁੱਲਾਂ ਦੀ ਵਰਖਾ ਕਰਦਿਆਂ ਨਵੇਂ ਸੁੰਦਰ ਦਰਬਾਰ ਵਿੱਚ ਆਦਰ ਸਹਿਤ ਪ੍ਰਕਾਸ਼ ਉਪਰੰਤ ਸ੍ਰੀ ਦਮਦਮਾ ਸਾਹਿਬ ਜੀ ਅਤੇ ਤਖਤ ਸ੍ਰੀ ਕੇਸਗੜ੍ਹ ਸਾਹਿਬ ਜੀ ਦੇ ਸਾਬਕਾ ਹੈਡ ਗ੍ਰੰਥੀ ਗਿਆਨੀ ਫੂਲਾ ਸਿੰਘ ਜੀ ਨੇ ਅਰਦਾਸ ਕਰਕੇ ਹੁਕਮਨਾਮਾ ਸੰਗਤਾਂ ਨੂੰ ਸਰਵਣ ਕਰਵਾਇਆ । ਸਜਾਏ ਗਏ ਵਿਸ਼ੇਸ਼ ਸਮਾਗਮ ਵਿੱਚ ਪੰਥ ਪ੍ਰਸਿੱਧ ਕੀਰਤਨੀਏ ਭਾਈ ਮਨਪ੍ਰੀਤ ਸਿੰਘ ਜੀ ਕਾਨਪੁਰੀ ਸਮੇਤ ਪ੍ਰਸਿੱਧ ਰਾਗੀ ਜਥਿਆਂ ਨੇ ਅੰਮ੍ਰਿਤਮਈ ਗੁਰਬਾਣੀ ਕੀਰਤਨੀ ਰਾਹੀਂ, ਸੰਗਤਾਂ ਨੂੰ ਨਿਹਾਲ ਕੀਤਾ । ਗੁਰਮਿਤ ਸਮਾਗਮ ਵਿੱਚ ਸਿੰਘ ਸਾਹਿਬ ਗਿਆਨੀ ਰਘਬੀਰ ਸਿੰਘ ਜਥੇਦਾਰ ਸ੍ਰੀ ਅਕਾਲ ਤਖਤ ਸਾਹਿਬ ਸ੍ਰੀ ਅੰਮ੍ਰਿਤਸਰ, ਸਿੰਘ ਸਾਹਿਬ ਗਿਆਨੀ ਸੁਲਤਾਨ ਸਿੰਘ ਜੀ ਜਥੇਦਾਰ ਤਖਤ ਸ੍ਰੀ ਕੇਸਗੜ੍ਹ ਸਾਹਿਬ, ਸਿੰਘ ਸਾਹਿਬ ਗਿਆਨੀ ਬਲਵਿੰਦਰ ਸਿੰਘ ਜੀ ਸ੍ਰੀ ਦਰਬਾਰ ਸਾਹਿਬ ਜੀ ਦੇ ਗ੍ਰੰਥੀ, ਸਿੰਘ ਸਾਹਿਬ ਗਿਆਨੀ ਹਰਪ੍ਰੀਤ ਸਿੰਘ ਜੀ ਜਥੇਦਾਰ ਤਖਤ ਸ੍ਰੀ ਦਮਦਮਾ ਸਾਹਿਬ ਜੀ, ਵਿਸ਼ੇਸ਼ ਤੌਰ 'ਤੇ ਸ਼ਾਮਲ ਹੋਏ ਅਤੇ ਸੰਗਤਾਂ ਨੂੰ ਗੁਰਮਤਿ ਵਿਚਾਰਾਂ ਰਾਹੀਂ ਗੁਰੂ ਚਰਨਾਂ ਨਾਲ ਜੋੜਿਆ । ਪੰਥ ਪ੍ਰਸਿੱਧ ਵਿਦਵਾਨ ਗਿਆਨੀ ਭਗਵਾਨ ਸਿੰਘ ਜੌਹਲ ਨੇ ਵੀ ਗੁਰਮਤਿ ਵਖਿਆਨ ਰਾਹੀਂ ਸੰਗਤਾਂ ਨੂੰ ਨਿਹਾਲ ਕੀਤਾ । ਸਮਾਗਮ ਵਿੱਚ ਨਿਰਮਲ ਅਖਾੜੇ ਦੇ ਮੁਖੀ ਮਹੰਤ ਸ੍ਰੀ ਗਿਆਨੀ ਦੇਵ ਸਿੰਘ, ਸੰਤ ਤੇਜਾ ਸਿੰਘ ਜੀ ਡਬਲ ਐਮ ਏ, ਸੰਤ ਅਮੀਰ ਸਿੰਘ ਜਵੰਦੀ ਟਕਸਾਲ, ਸੰਤ ਗੁਰਚਰਨ ਸਿੰਘ ਪੰਡਵਾਂ, ਸੰਤ ਹਰਜਿੰਦਰ ਸਿੰਘ ਚਾਹਵਾਲੇ, ਸੰਤ ਜੀਤ ਸਿੰਘ ਜੌਹਲਾਂ, ਜਥੇਦਾਰ ਜਗਜੀਤ ਸਿੰਘ ਗਾਬਾ, ਜਥੇਦਾਰ ਕੁਲਵੰਤ ਸਿੰਘ ਮੰਨਣ, ਸ਼੍ਰੋਮਣੀ ਕਮੇਟੀ ਮੈਂਬਰ, ਸ: ਅਜੀਤ ਸਿੰਘ ਰੰਧਾਵਾ, ਸ: ਹਰਜਿੰਦਰ ਸਿੰਘ ਯੂ ਕੇ, ਮਨਦੀਪ ਸਿੰਘ ਮਿਠੂ, ਦਮਨਜੀਤ ਸਿੰਘ, ਪਰਮਜੀਤ ਸਿੰਘ ਨੰਨਾ, ਹਰਜਿੰਦਰ ਸਿੰਘ ਕਾਕਾ ਪੰਜਾਬ ਟਾਈਮਜ਼ ਫੋਟੋਗ੍ਰਾਫ਼ਰ, ਬੇਅੰਤ ਸਿੰਘ ਸਰਹੱਦੀ, ਸ: ਹਰਪ੍ਰੀਤ ਸਿੰਘ ਅੰਮ੍ਰਿਤ ਕੰਪਿਊਟਰ ਵਾਲੇ, ਰਾਮ ਲਾਲ ਸੋਢੀ ਪੱਤਰਕਾਰ, ਜੱਜ ਪਰਦੀਪ ਸਿੰਘ ਲਾਲਾ, ਜਗਵਿੰਦਰ ਸਿੰਘ, ਬਾਬਾ ਗੁਰਨਾਮ ਸਿੰਘ, ਭਾਈ ਸਤਿਨਾਮ ਸਿੰਘ ਕੀਰਤਨੀਏ ਇਨ੍ਹਾਂ ਤੋਂ ਇਲਾਵਾ ਸ਼ਹਿਰ ਦੀਆਂ ਨਾਮਵਰ ਸਖਸ਼ੀਅਤਾਂ ਅਤੇ ਹਜ਼ਾਰਾਂ ਦੀ ਗਿਣਤੀ ਵਿੱਚ ਦੇਸ਼ ਵਿਦੇਸ਼ ਤੋਂ ਸੰਗਤਾਂ ਹੁੰਮ ਹੁਮਾ ਕੇ ਪੁੱਜੀਆਂ । ਸੰਤ ਬਾਬਾ ਭਗਵਾਨ ਸਿੰਘ ਜੀ ਨੇ ਤਖਤ ਸਾਹਿਬਾਨਾਂ ਦੇ ਜਥੇਦਾਰਾਂ, ਆਏ ਮਹਾਂਪੁਰਸ਼ਾਂ, ਵਿਦਵਾਨਾਂ ਅਤੇ ਸੇਵਾਦਾਰਾਂ ਤੇ ਪੱਤਰਕਾਰਾਂ ਨੂੰ ਸਿਰੋਪਾਓ ਤੇ ਬੇਅੰਤ ਖਜ਼ਾਨਾ ਦੇ ਕੇ ਆਦਰ ਸਹਿਤ ਸਨਮਾਨਿਤ ਕੀਤਾ, ਸਟੇਜ ਦਾ ਸੰਚਾਲਨ ਪ੍ਰਸਿੱਧ ਕਥਾਕਾਰ ਅਤੇ ਗੁ: ਛੇਵੀਂ ਪਾਤਸ਼ਾਹੀ ਬਸਤੀ ਸ਼ੇਖ ਦੇ ਸਕੱਤਰ ਗਿਆਨੀ ਗੁਰਮੀਤ ਸਿੰਘ ਜੀ ਬਨਵਾਰੀਆ ਨੇ, ਗੁਰਬਾਣੀ ਦੀ ਰੌਸ਼ਨੀ ਵਿੱਚ ਬਾਖੂਬੀ ਕੀਤਾ । ਇੰਗਲੈਂਡ ਤੋਂ ਮਹਾਂਪੁਰਖ ਬਾਬਾ ਭਗਵਾਨ ਸਿੰਘ ਜੀ ਹਰਖੋਵਾਲਿਆਂ ਦੇ ਨਿਕਟਵਰਤੀ ਰਣਧੀਰ ਸਿੰਘ ਸੰਭਲ, ਅਮਰਦੀਪ ਸਿੰਘ ਸੰਘਾ, ਸ: ਚਰਨਜੀਤ ਸਿੰਘ ਚੰਨੀ, ਮਾਤਾ ਖੀਵੀ ਜੀ ਸੁਸਾਇਟੀ ਦੇ ਸਰਪ੍ਰਸਤ ਸ: ਸਰਦੂਲ ਸਿੰਘ ਸੋਢੀ, ਸ: ਕੁਲਵਿੰਦਰ ਸਿੰਘ ਲਾਲ, ਸ: ਭਾਗ ਸਿੰਘ, ਬੀਬੀ ਕਮਲਜੀਤ ਕੌਰ ਖਾਲਸਾ, ਜਥੇਦਾਰ ਰਘਬੀਰ ਸਿੰਘ ਜੀ ਦੇ ਸਪੁੱਤਰ ਸ: ਮੋਹਦੀਪ ਸਿੰਘ ਵਲੋਂ ਸੰਤ ਬਾਬਾ ਭਗਵਾਨ ਸਿੰਘ ਜੀ ਹਰਖੋਵਾਲਿਆਂ ਨੂੰ ਅਤੇ ਸਮੂਹ ਸੰਗਤ ਨੂੰ ਨਵੇਂ ਦਰਬਾਰ ਦੀ ਉਸਾਰੀ ਤੇ ਵਧਾਈ ਦਿੱਤੀ । ਗੁਰੂ ਕਾ ਲੰਗਰ ਤਰ੍ਹਾਂ ਤਰ੍ਹਾਂ ਦੀਆਂ ਮਠਿਆਈ ਅਤੇ ਜਲੇਬੀਆਂ ਸਹਿਤ ਅਤੁੱਟ ਵਰਤਾਇਆ ਗਿਆ।-ਸ: ਰਣਧੀਰ ਸਿੰਘ ਸੰਭਲ ਪੱਤਰ ਪ੍ਰੇਰਕ ਪੰਜਾਬ ਟਾਈਮਜ਼



ਦਰਪਣ ਝੂਠ ਨਹੀ ਬੋਲਦਾ
ਪੰਜਾਬ ਟਾਈਮਜ਼ ਮੀਡੀਆ

# ਅਮਰੀਕੀ ਰਾਸ਼ਟਰਪਤੀ ਚੋਣਾਂ ਵਿਚ ਬਿਡੇਨ ਦੀ ਥਾਂ ਲੈ ਸਕਦੀ ਹੈ ਮਿਸ਼ੇਲ ਓਬਾਮਾ

## ✪ ਮਿਸ਼ੇਲ ਓਬਾਮਾ ਇਸ ਸਰਵੇਖਣ ਵਿਚ ਸਭ ਤੋਂ ਅਗੇ, ਡੋਨਲਡ ਟਰੰਪ ਨਾਲ ਹੋਵੇਗਾ ਸਖ਼ਤ ਮੁਕਾਬਲਾ



ਅਮਰੀਕਾ ਵਿਚ ਇਸ ਸਾਲ ਹੋਣ ਵਾਲੀਆਂ ਰਾਸ਼ਟਰਪਤੀ ਚੋਣਾਂ ਤੋਂ ਠੀਕ ਪਹਿਲਾਂ ਰਿਪਬਲਿਕਨ ਨੇਤਾ ਡੋਨਾਲਡ ਟਰੰਪ ਦੀ ਵਧਦੀ ਲੋਕਪ੍ਰਿਅਤਾ ਵਿਚਾਲੇ ਡੈਮੋਕ੍ਰੇਟਿਕ ਪਾਰਟੀ ਵੀ ਜੋ ਬਿਡੇਨ ਦੇ ਬਦਲ 'ਤੇ ਵਿਚਾਰ ਕਰ ਰਹੀ ਹੈ। ਇਸੇ ਦੌਰਾਨ ਹਾਲ ਹੀ ਵਿੱਚ ਹੋਏ ਇੱਕ ਸਰਵੇਖਣ ਵਿੱਚ ਸਾਬਕਾ ਰਾਸ਼ਟਰਪਤੀ ਬਰਾਕ ਓਬਾਮਾ ਦੀ ਪਤਨੀ ਮਿਸ਼ੇਲ ਬਿਡੇਨ ਦੀ ਥਾਂ ਲੈਣ ਲਈ ਸਭ ਤੋਂ ਪਸੰਦੀਦਾ ਉਮੀਦਵਾਰ ਵਜੋਂ ਉਭਰੀ ਹੈ, ਜੋ ਹੁਣ ਬਹੁਤ ਵੱਡੀ ਉਮਰ 81 ਸਾਲ ਦੇ ਹੋ ਚੁੱਕੀ ਹੈ। ਸਰਵੇ ਵਿਚ ਡੈਮੋਕ੍ਰੇਟਿਕ ਪਾਰਟੀ ਦੇ 20 ਫੀਸਦੀ ਪ੍ਰਸ਼ੰਸਕਾਂ ਨੇ ਮਿਸ਼ੇਲ ਓਬਾਮਾ ਨੂੰ ਵੋਟ ਦਿੱਤੀ। ਇਹ ਸਰਵੇਖਣ ਅਜਿਹੇ ਸਮੇਂ ਵਿੱਚ ਸਾਹਮਣੇ ਆਇਆ ਹੈ ਜਦੋਂ ਡੋਨਾਲਡ ਟਰੰਪ ਦੇ ਜਿੱਤ ਦੇ ਰੱਥ ਦਾ ਘੋੜਾ ਤੇਜ਼ੀ ਨਾਲ ਦੌੜ ਰਿਹਾ ਹੈ ਅਤੇ ਉਨ੍ਹਾਂ ਨੂੰ ਕਿਸੇ ਵੀ ਸਮੇਂ ਰਿਪਬਲਿਕਨ ਪਾਰਟੀ ਵੱਲੋਂ ਰਾਸ਼ਟਰਪਤੀ ਅਹੁਦੇ ਦਾ ਉਮੀਦਵਾਰ ਐਲਾਨਿਆ ਜਾ ਸਕਦਾ ਹੈ।

ਰੈਸਮੁਸੇਨ ਰਿਪੋਰਟਸ ਦੁਆਰਾ ਹਾਲ ਹੀ ਵਿੱਚ ਕੀਤੇ ਗਏ ਇੱਕ ਸਰਵੇਖਣ ਦੇ ਅਨੁਸਾਰ, ਸਾਬਕਾ ਅਮਰੀਕੀ ਪ੍ਰਥਮ ਮਹਿਲਾ ਮਿਸ਼ੇਲ ਓਬਾਮਾ 2024 ਦੀਆਂ ਚੋਣਾਂ ਲਈ ਪਾਰਟੀ ਦੇ ਉਮੀਦਵਾਰ ਵਜੋਂ ਰਾਸ਼ਟਰਪਤੀ ਜੋਅ ਬਿਡੇਨ ਦੀ ਥਾਂ ਲੈਣ ਲਈ ਡੈਮੋਕਰੇਟਿਕ ਵੋਟਰਾਂ ਦੀ ਪਹਿਲੀ ਪਸੰਦ ਹੈ। ਸਰਵੇਖਣ ਵਿੱਚ ਦਿਖਾਇਆ ਗਿਆ ਹੈ ਕਿ 48 ਪ੍ਰਤੀਸ਼ਤ ਡੈਮੋਕ੍ਰੇਟਿਕ ਵੋਟਰਾਂ ਨੇ ਨਵੰਬਰ ਦੀਆਂ ਚੋਣਾਂ ਤੋਂ ਪਹਿਲਾਂ ਪਾਰਟੀ ਲਈ ਕੋਈ ਹੋਰ ਉਮੀਦਵਾਰ ਲੱਭਣ ਦੀ ਇੱਛਾ ਪ੍ਰਗਟਾਈ, ਜਦੋਂ ਕਿ 38 ਪ੍ਰਤੀਸ਼ਤ ਅਸਹਿਮਤ ਸਨ। ਹਾਲਾਂਕਿ, ਸਿਰਫ 33 ਪ੍ਰਤੀਸ਼ਤ ਨੇ ਵਿਸ਼ਵਾਸ ਕੀਤਾ ਕਿ ਬੈਲਟ ਪੇਪਰ ਵਿਚ ਤਬਦੀਲੀ ਦੀ ਸੰਭਾਵਨਾ ਸੀ। ਬਿਡੇਨ ਨੂੰ ਬਦਲਣ ਦੇ ਬਦਲ ਵਜੋਂ, ਮਿਸ਼ੇਲ ਓਬਾਮਾ ਨੂੰ ਸਭ ਤੋਂ ਵੱਧ ਵੋਟਾਂ ਮਿਲੀਆਂ, ਜਿਨ੍ਹਾਂ ਨੇ 20 ਪ੍ਰਤੀਸ਼ਤ ਵੋਟਾਂ ਪ੍ਰਾਪਤ ਕੀਤੀਆਂ।

ਹੋਰ ਦਾਅਵੇਦਾਰਾਂ ਵਿੱਚ ਉਪ ਰਾਸ਼ਟਰਪਤੀ ਕਮਲਾ ਹੈਰਿਸ, ਸਾਬਕਾ ਵਿਦੇਸ਼ ਸਕੱਤਰ ਹਿਲੇਰੀ ਕਲਿੰਟਨ, ਕੈਲੀਫੋਰਨੀਆ ਦੇ ਗਵਰਨਰ ਗੇਵਿਨ ਨਿਊਜਾਮ ਅਤੇ ਮਿਸ਼ੀਗਨ ਦੇ ਗਵਰਨਰ ਗ੍ਰੇਟਚੇਨ ਵਿਟਮਰ ਸ਼ਾਮਲ ਸਨ। ਪੋਲ ਨੇ ਇਹ ਵੀ ਸੰਕੇਤ ਦਿੱਤਾ ਹੈ ਕਿ 15 ਫੀਸਦੀ ਡੈਮੋਕਰੇਟਸ ਕਮਲਾ ਹੈਰਿਸ ਨੂੰ ਰਾਸ਼ਟਰਪਤੀ ਅਹੁਦੇ ਦੀ ਉਮੀਦਵਾਰ ਵਜੋਂ ਤਰਜੀਹ ਦਿੰਦੇ ਹਨ, ਜਦੋਂ ਕਿ 12 ਫੀਸਦੀ ਹਿਲੇਰੀ ਕਲਿੰਟਨ ਅਤੇ ਡੋਨਾਲਡ ਟਰੰਪ ਵਿਚਾਲੇ ਮੁੜ ਚੋਣ ਲੜਾਈ ਹੁੰਦੀ ਦੇਖਣਾ ਚਾਹੁੰਦੇ ਹਨ। ਸਾਲ 2016 ਵਿਚ ਹਿਲੇਰੀ ਅਤੇ ਟਰੰਪ ਵਿਚਾਲੇ ਚੋਣ ਲੜਾਈ ਹੋਈ ਸੀ, ਜਿਸ ਵਿਚ ਰਿਪਬਲਿਕਨ ਨੇਤਾ ਦੀ ਜਿੱਤ ਹੋਈ ਸੀ। ਗਵਰਨਰ ਨਿਊਜ਼ੋਮ ਨੂੰ 11% ਵੋਟ ਮਿਲੇ, ਅਤੇ ਗਵਰਨਰ ਵਿਟਮਰ ਨੂੰ ਡੈਮੋਕਰੇਟਿਕ ਪਾਰਟੀ ਦੇ 9% ਵੋਟਰਾਂ ਦਾ ਸਮਰਥਨ ਪ੍ਰਾਪਤ ਹੋਇਆ।

ਮਿਸ਼ੇਲ ਓਬਾਮਾ ਦੇ ਪਤੀ ਬਰਾਕ ਓਬਾਮਾ ਨੇ 2009 ਤੋਂ 2017 ਤੱਕ ਅਮਰੀਕਾ ਦੇ ਰਾਸ਼ਟਰਪਤੀ ਵਜੋਂ ਸੇਵਾ ਨਿਭਾਈ ਸੀ। ਮਿਸ਼ੇਲ ਨੂੰ ਰਾਜਨੀਤੀ ਵਿੱਚ ਆਉਣ ਅਤੇ ਰਾਸ਼ਟਰਪਤੀ ਲਈ ਚੋਣ ਲੜਨ ਲਈ ਕਈ ਵਾਰ ਉਤਸ਼ਾਹਿਤ ਕੀਤਾ ਗਿਆ ਹੈ। ਇੱਕ ਤਾਜ਼ਾ ਇੰਟਰਵਿਊ ਵਿੱਚ, ਮਿਸ਼ੇਲ ਨੇ ਆਉਣ ਵਾਲੀਆਂ 2024 ਦੀਆਂ ਰਾਸ਼ਟਰਪਤੀ ਚੋਣਾਂ ਬਾਰੇ ਚਿੰਤਾ ਪ੍ਰਗਟ ਕੀਤੀ ਅਤੇ ਲੋਕਤੰਤਰ ਦੇ ਮਹਤਵ ਉਪਰ ਜੋਰ ਦਿਤਾ ਤੇ ਨਿਘਾਰ ਉਤੇ ਚਿੰਤਾ ਪ੍ਰਗਟਾਈ।

2024 ਦੀਆਂ ਚੋਣਾਂ ਵਿਚ ਬਿਡੇਨ ਅਤੇ ਟਰੰਪ ਦੇ ਫਿਰ ਤੋਂ ਆਹਮੋ-ਸਾਹਮਣੇ ਹੋਣ ਦੀ ਉਮੀਦ ਹੈ, ਕਿਉਂਕਿ ਬਿਡੇਨ ਨੇ ਆਪਣੀ ਉਮਰ ਨੂੰ ਲੈ ਕੇ ਚਿੰਤਾਵਾਂ ਦੇ ਬਾਵਜੂਦ ਦੁਬਾਰਾ ਚੋਣ ਲੜਨ ਦੀ ਇੱਛਾ ਜ਼ਾਹਿਰ ਕੀਤੀ ਹੈ, ਜਦਕਿ ਕਾਨੂੰਨੀ ਚੁਣੌਤੀਆਂ ਦੇ ਬਾਵਜੂਦ ਟਰੰਪ ਦੀ ਲੋਕਪ੍ਰਿਅਤਾ ਕਾਫੀ ਜ਼ਿਆਦਾ ਬਣੀ ਹੋਈ ਹੈ।

ਇਸ ਤੋਂ ਪਹਿਲਾਂ ਅਮਰੀਕੀ ਰਾਸ਼ਟਰਪਤੀ ਜੋ ਬਿਡੇਨ ਅਤੇ ਸਾਬਕਾ ਰਾਸ਼ਟਰਪਤੀ ਡੋਨਾਲਡ ਟਰੰਪ ਮਿਸ਼ੀਗਨ ਪ੍ਰਾਇਮਰੀ ਚੋਣਾਂ ਜਿੱਤ ਚੁੱਕੇ ਹਨ। ਬਿਡੇਨ ਨੇ ਮਿਨੇਸੋਟਾ ਦੇ ਡੀਨ ਫਿਲਿਪਸ ਨੂੰ ਹਰਾਇਆ, ਜੋ ਡੈਮੋਕ੍ਰੇਟਿਕ ਪ੍ਰਾਇਮਰੀ ਵਿੱਚ ਉਸ ਨੂੰ ਚੁਣੌਤੀ ਦੇ ਰਿਹਾ ਸੀ। ਮਿਸ਼ੀਗਨ ਪ੍ਰਾਇਮਰੀ ਜਿੱਤਣ ਦੇ ਨਾਲ-ਨਾਲ ਟਰੰਪ ਹੁਣ ਤੱਕ ਪੰਜ ਪ੍ਰਾਇਮਰੀ ਚੋਣਾਂ ਜਿੱਤ ਚੁੱਕੇ ਹਨ। ਮਿਸ਼ੀਗਨ ਵਿਚ ਉਨ੍ਹਾਂ ਦਾ ਸਾਹਮਣਾ ਸੰਯੁਕਤ ਰਾਸ਼ਟਰ ਵਿਚ ਅਮਰੀਕਾ ਦੀ ਸਾਬਕਾ ਰਾਜਦੂਤ ਨਿੱਕੀ ਹੇਲੀ ਨਾਲ ਸੀ। ਸਾਬਕਾ ਰਾਸ਼ਟਰਪਤੀ ਡੋਨਾਲਡ ਟਰੰਪ, ਅਮਰੀਕੀ ਰਾਸ਼ਟਰਪਤੀ ਚੋਣਾਂ ਵਿੱਚ ਰਿਪਬਲਿਕਨ ਉਮੀਦਵਾਰ ਬਣਨ ਦੇ ਦਾਅਵੇਦਾਰ ਸਨ, ਨੇ ਇਸ ਤੋਂ ਪਹਿਲਾਂ ਬੀਤੇ ਹਫਤੇ ਆਪਣੇ ਗ੍ਰਹਿ ਰਾਜ ਦੱਖਣੀ ਕੈਰੋਲੀਨਾ ਦੀਆਂ ਪ੍ਰਾਇਮਰੀ ਚੋਣਾਂ ਵਿੱਚ ਵਿਰੋਧੀ ਨਿੱਕੀ ਹੈਲੀ ਨੂੰ ਹਰਾਇਆ ਸੀ। ਕਿਸੇ ਵੀ ਦਾਅਵੇਦਾਰ ਨੂੰ ਪਾਰਟੀ ਦਾ ਉਮੀਦਵਾਰ ਬਣਨ ਲਈ 1,215 'ਡੈਲੀਗੇਟਾਂ' ਦੇ ਸਮਰਥਨ ਦੀ ਲੋੜ ਹੁੰਦੀ ਹੈ। ਬੀਤੇ ਹਫਤੇ ਹੇਲੀ ਨੇ 17 ਡੈਲੀਗੇਟਾਂ ਦਾ ਸਮਰਥਨ ਹਾਸਲ ਕਰ ਲਿਆ ਸੀ ਅਤੇ ਟਰੰਪ ਨੇ 92 ਡੈਲੀਗੇਟਾਂ ਦਾ ਸਮਰਥਨ ਹਾਸਲ ਕਰ ਲਿਆ ਸੀ।

# ਪੱਛਮੀ ਦੇਸ਼ਾਂ ਨੂੰ ਪੁਤਿਨ ਨੇ ਧਮਕਾਇਆ ਕਿ ਮਾਸਕੋ ਇਨ੍ਹਾਂ ਦੇ ਟਿਕਾਣਿਆਂ 'ਤੇ ਕਰ ਸਕਦਾ ਹੈ ਪਰਮਾਣੂ ਹਮਲਾ

## ✪ ਕਿਹਾ ਕਿ ਯੂਕਰੇਨ ਵਿਚ ਆਪਣੀਆਂ ਫੌਜਾਂ ਭੇਜਣ ਦੀ ਗਲਤੀ ਨਾ ਕਰੋ
## ✪ ਰੂਸ ਕੋਲ ਪੱਛਮੀ ਦੇਸ਼ਾਂ ਦੇ ਠਿਕਾਣਿਆਂ ਨੂੰ ਤਬਾਹ ਕਰਨ ਲਈ ਕਾਫ਼ੀ ਹਥਿਆਰ ਨੇ



ਯੂਕਰੇਨ ਨਾਲ ਚੱਲ ਰਹੀ ਜੰਗ ਦਰਮਿਆਨ ਰਾਸ਼ਟਰਪਤੀ ਵਲਾਦੀਮੀਰ ਪੁਤਿਨ ਨੇ ਪੱਛਮੀ ਦੇਸ਼ਾਂ ਨੂੰ ਚੇਤਾਵਨੀ ਦਿੱਤੀ ਹੈ। ਇਸ ਨਾਲ ਯੂਰਪ ਤੋਂ ਲੈ ਕੇ ਅਮਰੀਕਾ ਤੱਕ ਦਹਿਸ਼ਤ ਦਾ ਮਾਹੌਲ ਹੈ। ਪੁਤਿਨ ਨੇ ਪੱਛਮੀ ਦੇਸ਼ਾਂ ਨੂੰ ਚੁਣੌਤੀ ਦਿੰਦੇ ਹੋਏ ਕਿਹਾ ਹੈ ਕਿ ਜੇਕਰ ਉਹ (ਯੂਰਪ ਜਾਂ ਪੱਛਮੀ ਦੇਸ਼) ਯੂਕਰੇਨ ਵਿਚ ਲੜਨ ਲਈ ਆਪਣੀ ਫੌਜ ਭੇਜਦੇ ਹਨ ਤਾਂ ਰੂਸ ਪ੍ਰਮਾਣੂ ਹਮਲਾ ਕਰ ਸਕਦਾ ਹੈ।

ਪੁਤਿਨ ਨੇ ਕਿਹਾ ਹੈ ਕਿ ਜੇਕਰ ਯੂਰਪ ਅਤੇ ਪੱਛਮੀ ਦੇਸ਼ਾਂ ਨੇ ਯੂਕਰੇਨ ਵਿਚ ਰੂਸ ਦੇ ਖਿਲਾਫ ਫੌਜ ਭੇਜਣ ਦਾ ਕਦਮ ਚੁੱਕਿਆ ਤਾਂ ਪ੍ਰਮਾਣੂ ਯੁੱਧ ਦਾ ਅਸਲ ਖ਼ਤਰਾ ਹੈ। ਉਸਨੇ ਕਿਹਾ ਕਿ ਮਾਸਕੋ ਕੋਲ ਪੱਛਮ ਦੇ ਟੀਚਿਆਂ 'ਤੇ ਹਮਲਾ ਕਰਨ ਲਈ ਹਥਿਆਰ ਹਨ। ਰਾਸ਼ਟਰਪਤੀ ਪੁਤਿਨ ਯੂਕਰੇਨ ਨਾਲ ਦੋ ਸਾਲ ਦੀ ਲੜਾਈ ਤੋਂ ਬਾਅਦ ਸੰਸਦ ਅਤੇ ਦੇਸ਼ ਦੇ ਕੁਲੀਨ ਵਰਗ ਦੇ ਹੋਰ ਮੈਂਬਰਾਂ ਨੂੰ ਸੰਬੋਧਨ ਕਰ ਰਹੇ ਸਨ। ਪੁਤਿਨ, 71, ਨੇ ਦੋਸ਼ ਲਗਾਇਆ ਕਿ ਪੱਛਮ ਰੂਸ ਨੂੰ ਕਮਜ਼ੋਰ ਕਰਨ 'ਤੇ ਤੁਲਿਆ ਹੋਇਆ ਹੈ ਅਤੇ ਸੁਝਾਅ ਦਿੱਤਾ ਕਿ ਪੱਛਮੀ ਨੇਤਾ ਇਹ ਨਹੀਂ ਸਮਝਦੇ ਕਿ ਰੂਸ ਦੇ ਆਪਣੇ ਅੰਦਰੂਨੀ ਮਾਮਲਿਆਂ ਵਿੱਚ ਉਨ੍ਹਾਂ ਦੀ ਦਖਲਅੰਦਾਜ਼ੀ ਕਿੰਨੀ ਖਤਰਨਾਕ ਹੋ ਸਕਦੀ ਹੈ। ਉਸਨੇ ਆਪਣੀ ਚੇਤਾਵਨੀ ਫਰਾਂਸ ਦੇ ਰਾਸ਼ਟਰਪਤੀ ਇਮੈਨੁਅਲ ਮੈਕਰੋਨ ਨੂੰ ਯੂਰਪੀਅਨ ਨਾਟੋ ਮੈਂਬਰਾਂ ਦੁਆਰਾ ਯੂਕਰੇਨ ਵਿੱਚ ਜ਼ਮੀਨੀ ਫੌਜ ਭੇਜਣ ਦੇ ਵਿਚਾਰ ਦੇ ਪ੍ਰਤੀਕਰਮ ਵਜੋਂ ਦਿਤੀ। ਹਾਲਾਂਕਿ ਇਸ ਸੁਝਾਅ ਨੂੰ ਅਮਰੀਕਾ, ਜਰਮਨੀ, ਬ੍ਰਿਟੇਨ ਅਤੇ ਹੋਰਾਂ ਨੇ ਤੁਰੰਤ ਰੱਦ ਕਰ ਦਿੱਤਾ ਸੀ।

ਪੁਤਿਨ ਨੇ ਕਿਹਾ ਕਿ ਪੱਛਮੀ ਦੇਸ਼ਾਂ ਨੂੰ ਸਮਝਣਾ ਚਾਹੀਦਾ ਹੈ ਕਿ ਸਾਡੇ ਕੋਲ ਵੀ ਅਜਿਹੇ ਹਥਿਆਰ ਹਨ ਜੋ ਉਨ੍ਹਾਂ ਦੇ ਖੇਤਰ ਵਿਚ ਹਮਲਾ ਕਰ ਸਕਦੇ ਹਨ। ਪੁਤਿਨ ਨੇ ਕਿਹਾ- ਕੀ ਉਨ੍ਹਾਂ ਨੂੰ ਇਹ ਗੱਲ ਸਮਝ ਨਹੀਂ ਆ ਰਹੀ ਕਿ ਇਹ ਛੇੜਾਖਾਨੀ ਮਹਿੰਗੀ ਪਵੇਗੀ?" ਤੁਹਾਨੂੰ ਦੱਸ ਦੇਈਏ ਕਿ ਰੂਸ 'ਚ 15-17 ਮਾਰਚ ਨੂੰ ਰਾਸ਼ਟਰਪਤੀ ਚੋਣਾਂ ਹੋਣ ਜਾ ਰਹੀਆਂ ਹਨ। ਇਸ ਤੋਂ ਪਹਿਲਾਂ ਉਹ ਆਪਣੇ ਦੇਸ਼ ਨੂੰ ਸੰਬੋਧਨ ਕਰ ਰਹੇ ਸਨ। ਪੁਤਿਨ ਅਗਲੇ ਛੇ ਸਾਲਾਂ ਲਈ ਚੁਣੇ ਜਾਣਗੇ। ਉਸ ਦਾ ਦੁਬਾਰਾ ਚੁਣਿਆ ਜਾਣਾ ਨਿਸ਼ਚਿਤ ਹੈ। ਪੁਤਿਨ ਅਨੁਸਾਰ ਰੂਸ ਦੇ ਕੋਲ ਵਿਸ਼ਾਲ ਆਧੁਨਿਕ ਪ੍ਰਮਾਣੂ ਹਥਿਆਰਾਂ ਦਾ ਭੰਡਾਰ ਹੈ।

ਪੁਤਿਨ ਨੇ ਪੱਛਮੀ ਸਿਆਸਤਦਾਨਾਂ ਨੂੰ ਸੁਝਾਅ ਦਿੱਤਾ ਕਿ ਉਹ ਨਾਜ਼ੀ ਜਰਮਨੀ ਦੇ ਅਡੌਲਫ ਹਿਟਲਰ ਅਤੇ ਫਰਾਂਸ ਦੇ ਨੈਪੋਲੀਅਨ ਬੋਨਾਪਾਰਟ ਵਰਗੇ ਲੋਕਾਂ ਦੇ ਹਸ਼ਰ ਨੂੰ ਯਾਦ ਰੱਖਣ, ਜਿਨ੍ਹਾਂ ਨੇ ਅਤੀਤ ਵਿੱਚ ਰੂਸ 'ਤੇ ਅਸਫਲ ਹਮਲਿਆਂ ਦੀ ਅਗਵਾਈ ਕੀਤੀ ਸੀ। ਪੁਤਿਨ ਨੇ ਕਿਹਾ, "ਉਹ ਸੋਚਦੇ ਹਨ ਕਿ ਇਹ (ਜੰਗ) ਇੱਕ ਕਾਰਟੂਨ ਹੈ, ਪਰ ਹੁਣ ਇਸ ਦੇ ਨਤੀਜੇ ਬਹੁਤ ਜ਼ਿਆਦਾ ਦੁਖਦਾਈ ਹੋਣਗੇ।"

ਪੰਜਾਬ ਟਾਈਮਜ਼ ਦਾ ਮੰਨਣਾ ਹੈ ਕਿ ਇਸ ਜੰਗ ਦਾ ਸਿੱਧਾ ਜਾਂ ਅਸਿੱਧਾ ਅਸਰ ਸਮੁੱਚੇ ਸੰਸਾਰ ਉਤੇ ਪੈ ਰਿਹਾ ਹੈ; ਖਾਸ ਕਰ ਕੇ ਕੁਝ ਮੁਲਕਾਂ ਦੇ ਅਰਥਚਾਰਿਆਂ 'ਤੇ ਇਸ ਦਾ ਡਾਢਾ ਅਸਰ ਪਿਆ ਹੈ; ਇਸ ਵਕਤ ਸੰਸਾਰ ਭਰ ਵਿਚ ਮਹਿੰਗਾਈ ਬਹੁਤ ਮੂੰਹਜ਼ੋਰ ਹੋ ਗਈ ਹੈ ਅਤੇ ਕਮਜ਼ੋਰ ਅਰਥਚਾਰੇ ਡਾਵਾਂਡੋਲ ਹੋ ਗਏ ਹਨ।

ਕਰਾਈਮ ਨਿਊਜ਼

## ਬਟਾਲਾ ਦੇ ਆਈਡੀਬੀਆਈ ਬੈਂਕ ਦੇ ਏਟੀਐਮ ਨੂੰ ਚੋਰ ਗੈਸ ਕਟਰ ਨਾਲ ਕੱਟ ਕੇ ਲੈ ਗਏ




ਬਟਾਲਾ-ਥਾਣਾ ਰੰਗੜ ਨੰਗਲ ਦੇ ਅਧੀਨ ਆਉਂਦੇ ਪਿੰਡ ਜੈਤੋਸਰਜਾ ਚ ਸਥਿਤ ਆਈਡੀਬੀਆਈ ਦੀ ਬੈਂਕ ਦੀ ਬਰਾਂਚ ਦੇ ਏਟੀਐਮ ਨੂੰ ਚੋਰ ਗੈਸ ਕਟਰ ਨਾਲ ਕੱਟ ਕੇ ਲੈ ਗਏ। ਬੈਂਕ ਦੇ ਮੈਨੇਜਰ ਪ੍ਰਭਜੋਤ ਸਿੰਘ ਨੇ ਦੱਸਿਆ ਕਿ ਫਰਵਰੀ ਮਹੀਨੇ ਦੀ ਕਲੋਜ਼ਿੰਗ ਹੋਣ ਕਾਰਨ ਬੀਤੀ ਵੀਰਵਾਰ ਰਾਤ ਕਰੀਬ 8 ਵਜੇ ਬੈਂਕ ਨੂੰ ਬੰਦ ਕਰ ਕੇ ਗਏ ਸੀ। ਸ਼ੁੱਕਰਵਾਰ ਸਵੇਰੇ ਕਰੀਬ ਪੌਣੇ 8 ਵਜੇ ਕਿਸੇ ਵੱਲੋਂ ਫੋਨ ਤੇ ਦੱਸਿਆ ਗਿਆ ਕਿ ਬੈਂਕ ਦਾ ਏਟੀਐਮ ਟੁੱਟਾ ਹੋਇਆ ਹੈ। ਉਨ੍ਹਾਂ ਕਿਹਾ ਕਿ ਜਦੋਂ ਆਣ ਕੇ ਮੌਕੇ ਤੇ ਦੇਖਿਆ ਤਾਂ ਚੋਰਾਂ ਵੱਲੋਂ ਗੈਸ ਕਟਰ ਨਾਲ ਬੈਂਕ ਏਟੀਐਮ ਕੱਟਿਆ ਗਿਆ ਸੀ। ਮੈਨੇਜਰ ਪ੍ਰਭਜੋਤ ਸਿੰਘ ਨੇ ਦੱਸਿਆ ਕਿ ਉਨ੍ਹਾਂ ਨੇ ਤੁਰੰਤ ਇਸ ਦੀ ਸੂਚਨਾ ਥਾਣਾ ਰੰਗੜ ਨੰਗਲ ਦੀ ਪੁਲਿਸ ਨੂੰ ਦਿੱਤੀ। ਡੀਐਸਪੀ ਰਜੇਸ਼ ਕੱਕੜ ਨੇ ਕਿਹਾ ਕਿ ਸੀਸੀਟੀਵੀ ਕੈਮਰੇ ਖੰਗਾਲੇ ਜਾ ਰਹੇ ਹਨ ਤੇ ਜਲਦ ਹੀ ਚੋਰਾਂ ਨੂੰ ਫੜ ਲਿਆ ਜਾਵੇਗਾ।

## ਜੰਮੂ ਕਸ਼ਮੀਰ ਵਿਚ ਮੋਦੀ ਸਰਕਾਰ ਵਲੋਂ ਮੁਸਲਿਮ ਕਾਨਫਰੰਸ ਦੇ ਦੋ ਧੜਿਆਂ 'ਤੇ ਲਗਾਈ ਪਾਬੰਦੀ

### ✪ ਸ਼ਾਹ ਨੇ ਕਿਹਾ-ਗੈਰ ਕਾਨੂੰਨੀ ਗਤੀਵਿਧੀਆਂ ਵਿੱਚ ਸ਼ਾਮਲ ਵਿਅਕਤੀ ਨੂੰ ਭੁਗਤਣੇ ਪੈਣਗੇ ਨਤੀਜੇ

ਨਵੀਂ ਦਿੱਲੀ-ਮੁਸਲਿਮ ਕਾਨਫਰੰਸ ਜੰਮੂ-ਕਸ਼ਮੀਰ (ਸੁਮਜੀ ਧੜਾ) ਅਤੇ ਮੁਸਲਿਮ ਕਾਨਫਰੰਸ ਜੇ-ਕੇ (ਭੱਟ ਧੜਾ) ਨੂੰ ਪਾਬੰਦੀਸ਼ੁਦਾ ਸਮੂਹ ਘੋਸ਼ਿਤ ਕੀਤਾ ਗਿਆ ਹੈ। ਸਰਕਾਰ ਵੱਲੋਂ ਮੁਸਲਿਮ ਕਾਨਫਰੰਸ ਜੰਮੂ-ਕਸ਼ਮੀਰ ਦੇ ਦੋ ਸਮੂਹਾਂ 'ਤੇ ਪਾਬੰਦੀ ਲਗਾਉਣ ਤੋਂ ਬਾਅਦ, ਅਮਿਤ ਸ਼ਾਹ ਨੇ ਕਿਹਾ, 'ਉਨ੍ਹਾਂ ਦੀਆਂ ਗਤੀਵਿਧੀਆਂ ਰਾਸ਼ਟਰ ਦੀ ਪ੍ਰਭੁਸੱਤਾ ਅਤੇ ਅਖੰਡਤਾ ਦੇ ਵਿਰੁੱਧ ਸਨ।

ਅਮਿਤ ਸ਼ਾਹ ਦਾ ਕਹਿਣਾ ਹੈ ਕਿ ਜੋ ਵੀ ਗੈਰ-ਕਾਨੂੰਨੀ ਗਤੀਵਿਧੀਆਂ 'ਚ ਸ਼ਾਮਲ



ਹੋਵੇਗਾ, ਉਸ ਨੂੰ ਗੰਭੀਰ ਨਤੀਜੇ ਭੁਗਤਣੇ ਪੈਣਗੇ।'

ਇਸ ਤੋਂ ਪਹਿਲਾਂ ਗ੍ਰਹਿ ਮੰਤਰਾਲੇ ਨੇ ਜੰਮੂ-ਕਸ਼ਮੀਰ ਦੇ ਸੰਗਠਨ ਜਮਾਤ-ਏ-ਇਸਲਾਮੀ 'ਤੇ ਅਗਲੇ ਪੰਜ ਸਾਲਾਂ ਲਈ ਪਾਬੰਦੀ ਲਗਾ ਦਿੱਤੀ ਸੀ। ਕੇਂਦਰੀ ਗ੍ਰਹਿ ਮੰਤਰੀ ਅਮਿਤ ਸ਼ਾਹ ਨੇ ਵੀ ਆਪਣੇ ਐਕਸ ਅਕਾਊਂਟ 'ਤੇ ਜਾਣਕਾਰੀ ਸਾਂਝੀ ਕਰਦੇ ਹੋਏ ਇਸ ਦੀ ਪੁਸ਼ਟੀ ਕੀਤੀ ਸੀ। ਕੇਂਦਰੀ ਗ੍ਰਹਿ ਮੰਤਰੀ ਅਮਿਤ ਸ਼ਾਹ ਨੇ ਲਿਖਿਆ ਸੀ, 'ਅੱਤਵਾਦ ਅਤੇ ਵੱਖਵਾਦ ਵਿਰੁੱਧ ਜ਼ੀਰੋ ਟੋਲਰੈਂਸ ਦੀ ਨੀਤੀ ਤਹਿਤ ਸਰਕਾਰ ਨੇ ਜਮਾਤ-ਏ-ਇਸਲਾਮ 'ਤੇ ਪੰਜ ਸਾਲ ਲਈ ਪਾਬੰਦੀ ਵਧਾ ਦਿੱਤੀ ਹੈ।'

## ਪੁਰਾਣੀ ਰੰਜਿਸ਼ ਕਾਰਣ ਨੌਜਵਾਨ ਦਾ ਸਿਵਲ ਹਸਪਤਾਲ ਵਿਚ ਤੇਜ਼ਧਾਰ ਹਥਿਆਰ ਨਾਲ ਕਤਲ

ਕਪੂਰਥਲਾ-ਸਿਵਲ ਹਸਪਤਾਲ ਕਪੂਰਥਲਾ ਵਿਚ ਉਸ ਸਮੇਂ ਦਹਿਸ਼ਤ ਦਾ ਮਾਹੌਲ ਬਣ ਗਿਆ ਜਦੋਂ ਕੁਝ ਨੌਜਵਾਨਾਂ ਵੱਲੋਂ ਪੁਰਾਣੀ ਰੰਜਿਸ਼ ਦੇ ਚੱਲਦਿਆਂ ਐਮਰਜੈਂਸੀ ਵਾਰਡ ਦੇ ਬਾਹਰ ਲੜਾਈ ਝਗੜੇ ਵਿਚ ਜ਼ਖ਼ਮੀ ਹੋਏ ਆਪਣੇ ਪਿਤਾ ਦਾ ਇਲਾਜ ਕਰਵਾਉਣ ਆਏ ਨੌਜਵਾਨ 'ਤੇ ਤੇਜ਼ਧਾਰ ਹਥਿਆਰਾਂ ਨਾਲ ਹਮਲਾ ਕਰ ਕੇ ਉਸ ਦਾ ਕਤਲ ਕਰ ਦਿੱਤਾ।



ਜਾਣਕਾਰੀ ਅਨੁਸਾਰ ਪਿੰਡ ਤਲਵੰਡੀ ਮਹਿਮਾ 'ਚ ਦੇਰ ਸ਼ਾਮ ਦੋ ਗੁੱਟਾਂ ਵਿਚ ਲੜਾਈ ਹੋ ਗਈ ਸੀ, ਜਿਸ 'ਚ ਰਾਜਕੁਮਾਰ ਦੇ ਸਿਰ 'ਤੇ ਸੱਟਾਂ ਲੱਗਣ ਕਾਰਨ ਉਸ ਦਾ ਲੜਕਾ ਜਸਪ੍ਰੀਤ ਸਿੰਘ ਆਪਣੇ ਪਿਤਾ ਨੂੰ ਸਿਵਲ ਹਸਪਤਾਲ ਕਪੂਰਥਲਾ ਐਮਰਜੈਂਸੀ ਵਾਰਡ 'ਚ ਇਲਾਜ ਲਈ ਲੈ ਕੇ ਆਇਆ ਸੀ। ਇਸੇ ਦੌਰਾਨ ਅੱਧੀ ਦਰਜਨ ਤੋਂ ਵੱਧ ਨੌਜਵਾਨਾਂ ਨੇ ਜਸਪ੍ਰੀਤ ਸਿੰਘ 'ਤੇ ਉਸ ਵੇਲੇ ਹਮਲਾ ਕਰ ਦਿੱਤਾ ਜਦ ਉਹ ਕਾਰ ਵਿਚ ਐਮਰਜੈਂਸੀ ਵਾਰਡ ਦੇ ਬਾਹਰ ਬੈਠਾ ਸੀ। ਤੇਜ਼ਧਾਰ ਹਥਿਆਰਾਂ ਕਾਰਨ ਜਸਪ੍ਰੀਤ ਸਿੰਘ ਦੀ ਮੌਕੇ 'ਤੇ ਹੀ ਮੌਤ ਹੋ ਗਈ।

ਐਸਐਚਓ ਮਨਜੀਤ ਸਿੰਘ ਨੇ ਦੱਸਿਆ ਕਿ ਮ੍ਰਿਤਕ ਨੌਜਵਾਨ ਦੇ ਪਰਿਵਾਰਕ ਮੈਂਬਰਾਂ ਦੇ ਬਿਆਨਾਂ ਦੇ ਆਧਾਰ 'ਤੇ 8 ਮੁਲਜ਼ਮਾਂ ਖਿਲਾਫ ਬਾਈਨੇਮ ਤੇ ਕੁਝ ਅਣਪਛਾਤੇ ਵਿਅਕਤੀਆਂ ਖਿਲਾਫ਼ ਮਾਮਲਾ ਦਰਜ ਕੀਤਾ ਗਿਆ ਹੈ। ਉਨ੍ਹਾਂ ਕਿਹਾ ਕਿ ਜਲਦ ਹੀ ਮੁਲਜ਼ਮਾਂ ਨੂੰ ਕਾਬੂ ਕਰ ਲਿਆ ਜਾਵੇਗਾ।

## ਬਲਾਤਕਾਰੀ ਵਹਿਸ਼ੀ ਬਾਬੇ ਆਸਾਰਾਮ ਬਾਪੂ ਨੂੰ ਸੁਪਰੀਮ ਕੋਰਟ ਤੋਂ ਝਟਕਾ

### ✪ ਸਜ਼ਾ ਮਾਫ਼ ਕਰਨ ਦੀ ਪਟੀਸ਼ਨ ਖਾਰਜ, ਰਾਜਸਥਾਨ ਹਾਈ ਕੋਰਟ ਜਾਣ ਲਈ ਕਿਹਾ



ਨਵੀਂ ਦਿੱਲੀ-ਜਿਨਸੀ ਸ਼ੋਸ਼ਣ ਮਾਮਲੇ ਵਿਚ ਸਜ਼ਾ ਕੱਟ ਰਹੇ ਆਸਾਰਾਮ ਬਾਪੂ ਨੂੰ ਸੁਪਰੀਮ ਕੋਰਟ ਤੋਂ ਝਟਕਾ ਲੱਗਿਆ ਹੈ। ਸੁਪਰੀਮ ਕੋਰਟ ਨੇ ਸਿਹਤ ਦੇ ਆਧਾਰ 'ਤੇ ਜਬਰ-ਜਨਾਹ ਮਾਮਲੇ 'ਚ ਸਜ਼ਾ ਮੁਅੱਤਲ ਕਰਨ ਦੀ ਆਸਾਰਾਮ ਬਾਪੂ ਦੀ ਪਟੀਸ਼ਨ 'ਤੇ ਵਿਚਾਰ ਕਰਨ ਤੋਂ ਇਨਕਾਰ ਕਰ ਦਿੱਤਾ ਹੈ।

ਸੁਪਰੀਮ ਕੋਰਟ ਨੇ ਆਸਾਰਾਮ ਨੂੰ ਪੁਲਿਸ ਹਿਰਾਸਤ 'ਚ ਮਹਾਰਾਸ਼ਟਰ ਦੇ ਹਸਪਤਾਲ 'ਚ ਇਲਾਜ ਕਰਵਾਉਣ ਲਈ ਰਾਜਸਥਾਨ ਹਾਈ ਕੋਰਟ ਤੱਕ ਪਹੁੰਚ ਕਰਨ ਦੀ ਸਲਾਹ ਦਿੱਤੀ ਹੈ। ਆਸਾਰਾਮ ਨੇ ਮਹਾਰਾਸ਼ਟਰ ਵਿਚ ਪੁਲਿਸ ਹਿਰਾਸਤ 'ਚ ਰਹਿੰਦਿਆਂ ਆਯੁਰਵੇਦਿਕ ਇਲਾਜ ਦੀ ਮੰਗ ਵੀ ਕੀਤੀ ਸੀ, ਜਿਸ 'ਤੇ ਅਦਾਲਤ ਨੇ ਉਸ ਨੂੰ ਰਾਜਸਥਾਨ ਹਾਈ ਕੋਰਟ ਜਾਣ ਲਈ ਕਿਹਾ ਸੀ।

ਜ਼ਿਕਰਯੋਗ ਹੈ ਕਿ ਇਹ ਪਹਿਲੀ ਵਾਰ ਨਹੀਂ ਹੈ ਜਦੋਂ ਆਸਾਰਾਮ ਨੂੰ ਸੁਪਰੀਮ ਕੋਰਟ ਤੋਂ ਰਾਹਤ ਨਹੀਂ ਮਿਲੀ ਹੈ, ਇਸ ਤੋਂ ਪਹਿਲਾਂ ਵੀ ਉਨ੍ਹਾਂ ਨੂੰ ਸੁਪਰੀਮ ਕੋਰਟ ਤੋਂ ਝਟਕਾ ਲੱਗਿਆ ਹੈ।

### ਹਾਈਕੋਰਟ ਤੋਂ ਵੀ ਲੱਗਿਆ ਸੀ ਝਟਕਾ

ਜਸਟਿਸ ਸੰਜੀਵ ਖੰਨਾ ਤੇ ਜਸਟਿਸ ਦੀਪਾਂਕਰ ਦੱਤਾ ਦੀ ਡਵੀਜ਼ਨ ਬੈਂਚ ਰਾਜਸਥਾਨ ਹਾਈ ਕੋਰਟ ਦੇ ਹੁਕਮਾਂ ਖ਼ਿਲਾਫ਼ ਆਸਾਰਾਮ ਬਾਪੂ ਦੀ ਪਟੀਸ਼ਨ 'ਤੇ ਸੁਣਵਾਈ ਕਰ ਰਹੀ ਸੀ। ਦਰਅਸਲ ਹਾਈ ਕੋਰਟ ਨੇ ਸਜ਼ਾ ਮੁਅੱਤਲ ਕਰਨ ਦੀ ਉਨ੍ਹਾਂ ਦੀ ਚੌਥੀ ਅਰਜ਼ੀ ਨੂੰ ਇਹ ਕਹਿੰਦਿਆਂ ਰੱਦ ਕਰ ਦਿੱਤਾ ਸੀ ਕਿ ਜੇ ਆਸਾਰਾਮ ਨੂੰ ਪੁਲਿਸ ਹਿਰਾਸਤ ਦੀ ਬਜਾਏ ਆਪਣੀ ਮਰਜ਼ੀ ਨਾਲ ਇਲਾਜ ਕਰਵਾਉਣ ਦੀ ਇਜਾਜ਼ਤ ਦਿੱਤੀ ਗਈ ਤਾਂ ਕਾਨੂੰਨ ਵਿਵਸਥਾ ਵਿਗੜ ਸਕਦੀ ਹੈ। ਅਦਾਲਤ ਨੇ ਕਿਹਾ ਕਿ ਅਪੀਲਕਰਤਾ ਦੀ ਫੈਨ ਫਾਲੋਇੰਗ ਨੂੰ ਦੇਖਦਿਆਂ ਸਾਡਾ ਵਿਚਾਰ ਹੈ ਕਿ ਉਸ ਨੂੰ ਪੁਲਿਸ ਹਿਰਾਸਤ ਵਿਚ ਹੀ ਹਸਪਤਾਲ 'ਚ ਇਲਾਜ ਕਰਵਾਉਣ ਦੀ ਇਜਾਜ਼ਤ ਦਿੱਤੀ ਜਾਵੇ।

## 1993 ਦੇ ਲੜੀਵਾਰ ਬੰਬ ਧਮਾਕਿਆਂ ਦੇ ਮਾਮਲੇ ਵਿਚੋਂ ਟੁੰਡਾ ਬਰੀ

### ✪ ਟੁੰਡਾ ਭਾਰਤ ਨੂੰ ਲੋੜੀਂਦੇ ਦਾਊਦ ਇਬਰਾਹੀਮ ਦਾ ਨੇੜਲਾ ਸਾਥੀ

ਜੈਪੁਰ-ਰਾਜਸਥਾਨ ਵਿਚ ਅਜਮੇਰ ਦੀ ਇਕ ਵਿਸ਼ੇਸ਼ ਟਾਡਾ ਅਦਾਲਤ ਨੇ 1993 ਦੇ ਲੜੀਵਾਰ



ਬੰਬ ਧਮਾਕੇ ਮਾਮਲੇ ਵਿਚ ਅਬਦੁਲ ਕਰੀਮ ਟੁੰਡਾ ਨੂੰ ਬਰੀ ਕਰ ਦਿੱਤਾ ਹੈ ਕਿਉਂਕਿ ਪੈਰਵੀ ਧਿਰ ਦੋਸ਼ ਸਾਬਤ ਕਰਨ ਲਈ ਲੋੜੀਂਦੇ ਸਬੂਤ ਪੇਸ਼ ਕਰਨ ਵਿਚ ਨਾਕਾਮ ਰਹੀ ਹੈ। ਅੱਤਵਾਦੀ ਤੇ ਵਿਨਾਸ਼ਕਾਰੀ ਗਤੀਵਿਧੀਆਂ (ਰੋਕੂ) ਕਾਨੂੰਨ (ਟਾਡਾ) ਅਦਾਲਤ ਨੇ ਟੁੰਡਾ (81) ਨੂੰ ਬਰੀ ਕਰਦਿਆਂ ਹੋਰ 2 ਦੋਸ਼ੀਆਂ- ਇਰਫਾਨ ਪੱਪੂ ਤੇ ਹਮੀਦੂਦੀਨ ਨੂੰ ਉਮਰ ਕੈਦ ਦੀ ਸਜ਼ਾ ਸੁਣਾਈ ਹੈ। ਟੁੰਡਾ ਦੇਸ਼ ਨੂੰ ਲੋੜੀਂਦੇ ਅੱਤਵਾਦੀ ਦਾਊਦ ਇਬਰਾਹੀਮ ਦਾ ਨੇੜਲਾ ਸਾਥੀ ਹੈ, ਜਿਸ 'ਤੇ ਬਾਬਰੀ ਮਸਜਿਦ ਢਾਹੇ ਜਾਣ ਦੀ ਪਹਿਲੀ ਬਰਸੀ ਮੌਕੇ 1993 ਵਿਚ 5-6 ਦਸੰਬਰ ਦੀ ਦਰਮਿਆਨੀ ਰਾਤ ਦੇਸ਼ ਦੇ ਵੱਖ-ਵੱਖ ਸ਼ਹਿਰਾਂ (ਲਖਨਊ, ਕਾਨਪੁਰ, ਹੈਦਰਾਬਾਦ, ਸੂਰਤ ਤੇ ਮੁੰਬਈ) ਵਿਚ 5 ਰੇਲ ਗੱਡੀਆਂ 'ਚ ਧਮਾਕੇ ਕਰਵਾਉਣ ਦੇ ਦੋਸ਼ ਹਨ। ਇਨ੍ਹਾਂ ਧਮਾਕਿਆਂ ਵਿਚ 2 ਲੋਕਾਂ ਦੀ ਮੌਤ ਹੋ ਗਈ ਤੇ ਕਈ ਹੋਰ ਜ਼ਖ਼ਮੀ ਹੋ ਗਏ ਸਨ।


## ਹਥਿਆਰਬੰਦ ਡਾਕੂਆਂ ਵਲੋਂ ਸਟੇਟ ਬੈਂਕ ਵਿਚ 9 ਲੱਖ ਦਾ ਡਾਕਾ

### ✪ ਫ਼ਰਾਰ ਹੋਣ ਸਮੇਂ ਸੁਰੱਖਿਆ ਗਾਰਡ ਦੀ ਗੰਨ ਵੀ ਲੈ ਗਏ

ਝਬਾਲ-ਝਬਾਲ-ਅੰਮਿਬਸਰ ਰੋਡ 'ਤੇ ਸਥਿਤ ਸਟੇਟ ਬੈਂਕ ਆਫ ਇੰਡੀਆ ਦੀ ਬ੍ਰਾਂਚ ਵਿਚ ਦਿਨ ਦਿਹਾੜੇ ਦੋ ਹਥਿਆਰਬੰਦ ਲੁਟੇਰੇ ਹੈਲਮੇਟ ਪਾ ਕੇ ਅੰਦਰ ਆਏ ਅਤੇ ਲਗਪਗ 9 ਲੱਖ ਰੁਪਏ ਲੁੱਟ ਕੇ ਫ਼ਰਾਰ ਹੋ ਗਏ। ਸੁਰੱਖਿਆ ਗਾਰਡ ਕੰਵਲਜੀਤ ਸਿੰਘ ਨੇ ਦੱਸਿਆ ਕਿ ਬੈਂਕ ਅੰਦਰ ਦਾਖ਼ਲ ਹੁੰਦਿਆਂ ਹੀ ਉਨ੍ਹਾਂ ਨੇ ਉਸ ਦੀ ਰਾਈਫਲ ਖੋਹ ਲਈ ਅਤੇ ਕੈਸ਼ੀਅਰ ਕੋਲ ਚਲੇ ਗਏ, ਜਿਥੇ ਉਨ੍ਹਾਂ ਨੇ ਪਿਸਤੌਲਾਂ ਦੀ ਨੋਕ 'ਤੇ ਸਾਰੀ ਨਗਦੀ ਆਪਣੇ ਬੈਗ ਵਿਚ ਪਵਾ ਲਈ ਬਾਅਦ ਵਿਚ ਲੁਟੇਰੇ ਪਿਸਤੌਲ ਦੀ ਨੋਕ 'ਤੇ ਬੈਂਕ ਮੁਲਾਜ਼ਮਾਂ ਕੋਲੋਂ ਸਟਰਾਂਗ ਰੂਮ ਦੀਆਂ ਚਾਬੀਆਂ ਵੀ ਪੁੱਛਦੇ ਰਹੇ। ਚਾਬੀਆਂ ਨਾ ਮਿਲਣ 'ਤੇ ਬੈਂਕ ਮੁਲਾਜ਼ਮਾਂ ਨਾਲ ਧੱਕਾਮੁੱਕੀ ਵੀ ਕੀਤਾ। ਨਗਦੀ ਲੁੱਟਣ ਤੋਂ ਬਾਅਦ ਲੁਟੇਰੇ ਮੋਟਰਸਾਈਕਲ 'ਤੇ ਫ਼ਰਾਰ ਹੋ ਗਏ। ਉਹ ਬੈਂਕ ਦੇ ਸੁਰੱਖਿਆ ਗਾਰਡ ਦੀ ਰਾਈਫਲ ਵੀ ਖੋਹ ਕੇ ਲੈ ਗਏ। ਕੁਝ ਦੂਰੀ 'ਤੇ ਜਾ ਕੇ ਮੋਟਰਸਾਈਕਲ ਰਸਤੇ ਵਿਚ ਛੱਡ ਕੇ ਪਿਛੋਂ ਆ ਰਹੀ ਬਰੀਜ਼ਾ ਗੱਡੀ ਵਿਚ ਬੈਠ ਕੇ ਚਲੇ ਗਏ। ਮੌਕੇ 'ਤੇ ਪੁਲਿਸ ਸਮੇਤ ਪੁੱਜੇ ਐੱਸ.ਐੱਸ.ਪੀ. ਅਸ਼ਵਨੀ ਕਪੂਰ ਨੇ ਸਥਿਤੀ ਦਾ ਜਾਇਜ਼ਾ ਲੈਣ ਤੋਂ ਬਾਅਦ ਦੱਸਿਆ ਕਿ ਸੀ.ਸੀ.ਟੀ.ਵੀ. ਕੈਮਰਿਆਂ ਦੀ ਫੁਟੇਜ ਦੇ ਅਧਾਰ 'ਤੇ ਲੁਟੇਰਿਆਂ ਦੀ ਭਾਲ ਸ਼ੁਰੂ ਕਰ ਦਿੱਤੀ ਹੈ।

# ਸੌਦਾ ਸਾਧ ਦੀ ਪੈਰੋਲ 'ਤੇ ਹਾਈਕੋਰਟ ਨੇ ਸਖਤ ਹੁਕਮ ਦਿੱਤੇ

**O 'ਹੁਣ ਸਾਡੇ ਤੋਂ ਬਿਨਾਂ ਪੁੱਛੇ ਨਹੀਂ ਦੇਣੀ ਸੌਦਾ ਸਾਧ ਨੂੰ ਪੈਰੋਲ'!' O ਹਰਿਆਣਾ ਸਰਕਾਰ ਪਿਛਲਾ ਦੇਵੇ ਹਿਸਾਬ' O ਸ਼੍ਰੋਮਣੀ ਕਮੇਟੀ ਦੀ ਪਟੀਸ਼ਨ 'ਤੇ ਅਦਾਲਤ ਨੇ ਕੀਤੀ ਕਾਰਵਾਈ**




## ਸੌਦਾ ਸਾਧ ਨੂੰ ਕਿੰਨੀ ਵਾਰ ਮਿਲੀ ਪੈਰੋਲ

- ਸਾਧਵੀਆਂ ਦੇ ਬਲਾਤਕਾਰ ਅਤੇ ਕਤਲ ਕੇਸ ਵਿੱਚ ਦੋਸ਼ੀ ਕਰਾਰ ਦਿੱਤੇ ਜਾਣ ਤੋਂ ਬਾਅਦ ਜੇਲ੍ਹ ਵਿੱਚ ਬੰਦ ਡੇਰਾ ਸੌਦਾ ਮੁਖੀ ਗੁਰਮੀਤ ਰਾਮ ਰਹੀਮ ਨੂੰ 19 ਜਨਵਰੀ ਨੂੰ 50 ਦਿਨਾਂ ਦੀ ਪੈਰੋਲ ਦਿੱਤੀ ਗਈ ਸੀ।
- ਇਸ ਤੋਂ ਪਹਿਲਾਂ ਉਸ ਨੂੰ ਨਵੰਬਰ 2023 ਵਿੱਚ 21 ਦਿਨਾਂ ਦੀ ਪੈਰੋਲ ਦਿੱਤੀ ਗਈ ਸੀ।
- ਇਸ ਤੋਂ ਬਾਅਦ ਉਹ ਪਿਛਲੇ ਸਾਲ 21 ਨਵੰਬਰ ਨੂੰ ਹਰਿਆਣਾ ਦੇ ਰੋਹਤਕ ਜ਼ਿਲ੍ਹੇ ਦੀ ਸੁਨਾਰੀਆ ਜੇਲ੍ਹ ਤੋਂ ਬਾਹਰ ਆਇਆ ਸੀ।
- 2023 ਵਿੱਚ ਸੌਦਾ ਸਾਧ ਦੀ ਜੇਲ੍ਹ ਵਿੱਚੋਂ ਇਹ ਤੀਜੀ ਅਸਥਾਈ ਰਿਹਾਈ ਸੀ।
- ਇਸ ਤੋਂ ਪਹਿਲਾਂ 30 ਜੁਲਾਈ ਨੂੰ ਡੇਰਾ ਮੁਖੀ 30 ਦਿਨਾਂ ਦੀ ਪੈਰੋਲ 'ਤੇ ਸੁਨਾਰੀਆ ਜੇਲ੍ਹ ਤੋਂ ਬਾਹਰ ਆਇਆ ਸੀ।
- ਇਸ ਤੋਂ ਪਹਿਲਾਂ ਉਸ ਨੂੰ ਜਨਵਰੀ ਵਿੱਚ 40 ਦਿਨਾਂ ਦੀ ਪੈਰੋਲ ਦਿੱਤੀ ਗਈ ਸੀ। ਅਕਤੂਬਰ 2022 ਵਿੱਚ ਵੀ 40 ਦਿਨਾਂ ਦੀ ਪੈਰੋਲ ਦਿੱਤੀ ਗਈ ਸੀ।
- ਅਕਤੂਬਰ ਦੀ ਪੈਰੋਲ ਤੋਂ ਪਹਿਲਾਂ ਉਹ ਪਿਛਲੇ ਸਾਲ ਜੂਨ ਵਿੱਚ ਇੱਕ ਮਹੀਨੇ ਦੀ ਪੈਰੋਲ 'ਤੇ ਜੇਲ੍ਹ ਤੋਂ ਬਾਹਰ ਆਇਆ ਸੀ।
- 7 ਫਰਵਰੀ 2022 ਤੋਂ ਤਿੰਨ ਹਫ਼ਤਿਆਂ ਦੀ ਪੈਰੋਲ ਦਿੱਤੀ ਗਈ ਸੀ।

ਚੰਡੀਗੜ੍ਹ-ਸੌਦਾ ਸਾਧ ਦੀ ਪੈਰੋਲ 'ਤੇ ਪੰਜਾਬ ਹਰਿਆਣਾ ਹਾਈਕੋਰਟ ਨੇ ਸਖਤ ਹੁਕਮ ਦਿੱਤੇ ਹਨ। ਅਦਾਲਤ ਨੇ ਕਿਹਾ ਭਵਿੱਖ ਵਿੱਚ ਸਾਡੇ ਤੋਂ ਬਿਨਾਂ ਪੁੱਛੇ ਰਾਮ ਰਹੀਮ ਨੂੰ ਪੈਰੋਲ ਨਹੀਂ ਮਿਲਣੀ ਚਾਹੀਦੀ ਹੈ। ਇਸ ਦੇ ਨਾਲ ਵਾਰ-ਵਾਰ ਸੌਦਾ ਸਾਧ ਨੂੰ ਪੈਰੋਲ ਦੇਣ 'ਤੇ ਹਰਿਆਣਾ ਸਰਕਾਰ ਕੋਲੋਂ ਹਾਈਕੋਰਟ ਨੇ ਜਵਾਬ ਵੀ ਮੰਗਿਆ ਹੈ ਕਿ ਕੀ ਹੋਰ ਕੈਦੀਆਂ ਨੂੰ ਵੀ ਸੌਦਾ ਸਾਧ ਵਾਂਗ ਪੈਰੋਲ ਦੀ ਸੁਵਿਧਾ ਮਿਲਦੀ ਹੈ ? ਸੌਦਾ ਸਾਧ ਨੂੰ ਵਾਰ-ਵਾਰ ਪੈਰੋਲ ਖਿਲਾਫ ਸ਼੍ਰੋਮਣੀ ਕਮੇਟੀ ਨੇ 1 ਸਾਲ ਪਹਿਲਾਂ ਪਟੀਸ਼ਨ ਪਾਈ ਸੀ,ਜਿਸ 'ਤੇ ਲਗਾਤਾਰ ਸੁਣਵਾਈ ਚੱਲ ਰਹੀ ਸੀ। ਪਿਛਲੀ ਵਾਰ ਵੀ ਚੀਫ ਜਸਟਿਸ ਨੇ ਸੌਦਾ ਸਾਧ ਨੂੰ ਮਿਲਣ ਵਾਲੀ ਪੈਰੋਲ 'ਤੇ ਸਵਾਲ ਚੁੱਕਦੇ ਹੋਏ ਕਿਹਾ ਸੀ ਕਿ ਦੂਜੇ ਕੈਦੀਆਂ ਨੂੰ ਵੀ ਇਸੇ ਤਰ੍ਹਾਂ ਜਲਦੀ ਜਲਦੀ ਪੈਰੋਲ ਮਿਲਦੀ ਹੈ। ਤੁਸੀਂ ਸਾਡੇ ਸਾਹਮਣੇ ਪੂਰੇ ਦਸਤਾਵੇਜ਼ ਪੇਸ਼ ਕਰੋ।

ਇਸੇ ਸਾਲ 19 ਜਨਵਰੀ ਨੂੰ ਸੌਦਾ ਸਾਧ ਨੂੰ 50 ਦਿਨਾਂ ਦੀ ਪੈਰੋਲ ਮਿਲੀ ਸੀ,ਜਿਸ ਤੋਂ ਬਾਅਦ ਉਹ ਰੋਹਤਕ ਦੀ ਸੁਨਾਰੀਆ ਜੇਲ੍ਹ ਤੋਂ ਯੂਪੀ ਦੇ ਬਾਗਪਤ ਆਸ਼ਰਮ ਆ ਗਿਆ ਸੀ। ਇਸ ਤੋਂ ਪਹਿਲਾਂ ਸੌਦਾ ਸਾਧ ਨੂੰ ਨਵੰਬਰ 2023 ਵਿੱਚ 21 ਦਿਨਾਂ ਦੀ ਪੈਰੋਲ ਮਿਲੀ ਸੀ। ਉਹ ਦਸੰਬਰ ਵਿੱਚ ਮੁੜ ਤੋਂ ਜੇਲ੍ਹ ਗਿਆ ਸੀ। ਹਰਿਆਣਾ ਜੇਲ੍ਹ ਮੁਤਾਬਿਕ ਕੋਈ ਵੀ ਕੈਦੀ ਸਾਲ ਵਿੱਚ 70 ਦਿਨ ਦੀ ਪੈਰੋਲ ਲੈ ਸਕਦਾ ਹੈ। ਹਾਲਾਂਕਿ ਹਰਿਆਣਾ ਸਰਕਾਰ ਦਾ ਦਾਅਵਾ ਹੈ ਕਿ ਨਿਯਮਾਂ ਦੇ ਮੁਤਾਬਿਕ ਹੀ ਪੈਰੋਲ ਦਿੱਤੀ ਜਾ ਰਹੀ ਹੈ। ਸੌਦਾ ਸਾਧ ਨੂੰ ਪਹਿਲੀ ਵਾਰ 24 ਅਕਤੂਬਰ 2020 ਦੌਰਾਨ 1 ਦਿਨ ਲਈ ਪੈਰੋਲ ਮਿਲੀ ਸੀ। ਫਿਰ 9ਵੀਂ ਵਾਰ 19 ਜਨਵਰੀ ਨੂੰ ਪੈਰੋਲ ਮਿਲੀ ਸੀ।

## ਪੈਰੋਲ ਕੀ ਹੈ, ਕਿੰਨੇ ਤਰ੍ਹਾਂ ਦੀ ਹੁੰਦੀ ਹੈ



- ➢ ਪੈਰੋਲ ਇੱਕ ਅਸਥਾਈ ਰਾਹਤ ਹੈ, ਜੋ ਕਿਸੇ ਕੈਦੀ ਨੂੰ ਚੰਗੇ ਆਚਰਣ ਦੀ ਸ਼ਰਤ 'ਤੇ ਦਿੱਤੀ ਜਾਂਦੀ ਹੈ।
- ➢ ਪੈਰੋਲ ਦਾ ਮਕਸਦ ਲੰਬੀ ਸਜ਼ਾ ਅਧੀਨ ਜੇਲ੍ਹਾਂ ਵਿਚ ਬੰਦ ਕੈਦੀਆਂ ਨੂੰ ਪਰਿਵਾਰ ਤੇ ਸਮਾਜ ਨਾਲ ਜੋੜੀ ਰੱਖਣਾ ਹੈ।
- ➢ ਪੈਰੋਲ ਦੀਆਂ ਸ਼ਰਤਾਂ ਸਜ਼ਾ ਅਤੇ ਦੋਸ਼ 'ਤੇ ਆਧਾਰਿਤ ਹੁੰਦੀਆਂ ਹਨ।
- ➢ ਆਮ ਤੌਰ 'ਤੇ ਪੈਰੋਲ ਇੱਕ ਨਿਰਧਾਰਿਤ ਸਮੇਂ ਲਈ ਦਿੱਤੀ ਜਾਂਦੀ ਹੈ ਪਰ ਕਈ ਮਾਮਲਿਆਂ ਵਿੱਚ ਕੈਦੀ ਆਪਣੀ ਸਜ਼ਾ ਦਾ ਸਮਾਂ ਪੂਰਾ ਹੋਣ ਤੋਂ ਪਹਿਲਾਂ ਹੀ ਬਾਹਰ ਆ ਜਾਂਦਾ ਹੈ ਤੇ ਬਚੀ ਸਜ਼ਾ ਜੇਲ੍ਹ ਤੋਂ ਬਾਹਰ ਹੀ ਪੁਲਿਸ ਨਿਗਰਾਨੀ ਹੇਠ ਕੱਟਦਾ ਹੈ।
- ➢ ਕਸਟਡੀ ਪੈਰੋਲ ਸਿਰਫ਼ 6 ਘੰਟਿਆਂ ਲਈ ਗੰਭੀਰ ਸਥਿਤੀਆਂ ਵਿੱਚ ਦਿੱਤੀ ਜਾਂਦੀ ਹੈ।
- ➢ ਕਿਸੇ ਪਰਿਵਾਰਕ ਮੈਂਬਰ ਦੀ ਮੌਤ, ਕਰੀਬੀ ਜਾਂ ਆਪਣੇ ਵਿਆਹ, ਪਰਿਵਾਰ ਵਿੱਚ ਕਿਸੇ ਦੇ ਗੰਭੀਰ ਰੂਪ ਵਿੱਚ ਬੀਮਾਰ ਹੋਣ ਦੀ ਸੂਰਤ ਵਿੱਚ ਜਾਂ ਡਿਪਟੀ ਇੰਸਪੈਕਟਰ ਜਨਰਲ ਆਫ਼ ਪੁਲਿਸ ਜਾਂ ਡਿਵੀਜ਼ਨਲ ਕਮਿਸ਼ਨਰ ਦੀ ਆਗਿਆ ਨਾਲ ਕਸਟਡੀ ਪੈਰੋਲ ਲਈ ਦਿੱਤੀ ਸਕਦੀ ਹੈ।
- ➢ ਅੰਡਰ ਟਰਾਇਲ ਵਿਅਕਤੀ, ਜੋ ਜੇਲ੍ਹ ਵਿੱਚ ਬੰਦ ਹੋਵੇ ਉਹ ਵੀ ਕਸਟਡੀ ਪੈਰੋਲ ਦੇ ਲਈ ਅਪਲਾਈ ਕਰ ਸਕਦਾ ਹੈ।
- ➢ ਪੈਰੋਲ ਜੇਲ੍ਹ ਸੁਪਰਡੈਂਟ ਵਲੋਂ ਲਿਖਤੀ ਰੂਪ ਵਿੱਚ ਜਾਰੀ ਕੀਤੀ ਜਾਂਦੀ ਹੈ। ਕਸਟਡੀ ਪੈਰੋਲ ਦੌਰਾਨ ਪੁਲਿਸ ਲਗਾਤਾਰ ਨਾਲ ਰਹਿੰਦੀ ਹੈ ਤੇ ਕੈਦੀ ਦੀ ਹਰ ਇੱਕ ਗਤੀਵਿਧੀ 'ਤੇ ਸਖ਼ਤ ਨਿਗਰਾਨੀ ਰੱਖੀ ਜਾਂਦੀ ਹੈ।
- ➢ ਇਸੇ ਤਰ੍ਹਾਂ ਰੈਗੂਲਰ ਪੈਰੋਲ ਵੀ ਸ਼ਰਤਾਂ 'ਤੇ ਨਿਰਭਰ ਕਰਦੀ ਹੈ ਪਰ ਇਸ ਵਿੱਚ ਕੈਦੀ ਇੱਕ ਤੋਂ ਵੱਧ ਸਮੇਂ ਲਈ ਬਾਹਰ ਰਹਿ ਸਕਦਾ ਹੈ।
- ➢ ਸਜ਼ਾ ਯਾਫ਼ਤਾ ਕੈਦੀ ਸਾਲ ਵਿੱਚ ਕੁੱਲ ਕਿੰਨੇ ਸਮੇਂ ਤੱਕ ਜੇਲ੍ਹ ਤੋਂ ਬਾਹਰ ਰਹਿ ਸਕਦੇ, ਇਹ ਸਮਾਂ ਹਰ ਸੂਬੇ ਦਾ ਵੱਖੋ ਵੱਖਰਾ ਹੈ।
- ➢ ਲੰਬੀ ਸਜ਼ਾ ਅਧੀਨ ਕੈਦੀਆਂ ਨੂੰ ਉਨ੍ਹਾਂ ਦੇ ਆਚਰਣ ਦੇ ਅਧਾਰ 'ਤੇ ਰੈਗੂਲਰ ਪੈਰੋਲ ਦਿੱਤੀ ਜਾਂਦੀ ਹੈ ਤਾਂ ਜੋ ਉਹ ਸਮਾਜ ਨਾਲ ਜੁੜੇ ਰਹਿਣ ਤੇ ਸਜ਼ਾ ਮੁਕੰਮਲ ਹੋਣ ਤੋਂ ਬਾਅਦ ਆਮ ਵਰਗਾ ਜੀਵਨ ਬਤੀਤ ਕਰ ਸਕਣ।

### ਪੈਰੋਲ ਦੀਆਂ ਸ਼ਰਤਾਂ

- ➢ ਰੈਗੂਲਰ ਪੈਰੋਲ ਅਪਲਾਈ ਕਰਨ ਵਾਲੇ ਵਿਅਕਤੀ ਨੇ ਘੱਟੋ ਘੱਟ ਇੱਕ ਸਾਲ ਜੇਲ੍ਹ ਵਿੱਚ ਬਿਤਾਇਆ ਹੋਵੇ।
- ➢ ਸਜ਼ਾ ਦੌਰਾਨ ਉਸ ਦਾ ਆਚਰਣ ਚੰਗਾ ਰਿਹਾ ਹੋਵੇ। ਕੈਦੀ, ਜੋ ਕਦੇ ਪਹਿਲਾਂ ਪੈਰੋਲ 'ਤੇ ਬਾਹਰ ਰਿਹਾ ਹੋਵੇ ਤਾਂ ਕਿਸੇ ਵੀ ਕਿਸਮ ਦੀ ਗ਼ੈਰ-ਕਾਨੂੰਨੀ ਕਾਰਵਾਈ ਵਿੱਚ ਨਾ ਪਿਆ ਹੋਵੇ।
- ➢ ਪੈਰੋਲ ਉੱਤੇ ਬਾਹਰ ਜਾਣ ਤੋਂ ਬਾਅਦ ਵੀ ਕੁਝ ਸ਼ਰਤਾਂ ਜਿਵੇਂ ਕਿ
- ➢ ਇਜਾਜ਼ਤ ਤੋਂ ਬਿਨ੍ਹਾਂ ਲਿਖਤੀ ਰੂਪ ਵਿੱਚ ਦੱਸੇ ਗਏ ਨਿਰਧਾਰਿਤ ਇਲਾਕੇ ਤੋਂ ਬਾਹਰ ਨਾ ਜਾਣਾ
- ➢ ਕਿਸੇ ਕਿਸਮ ਦੇ ਨਸ਼ੇ ਜਾਂ ਸ਼ਰਾਬ ਦਾ ਇਸਤੇਮਾਲ ਨਾ ਕਰਨਾ
- ➢ ਪੈਰੋਲ ਅਫ਼ਸਰ ਨੂੰ ਸਮੇਂ ਸਮੇਂ ਰਿਪੋਰਟ ਕਰਦੇ ਰਹਿਣਾ
- ➢ ਕਿਸੇ ਕਿਸਮ ਦੀ ਗ਼ੈਰ-ਕਾਨੂੰਨੀ ਗਤੀਵਿਧੀ ਵਿੱਚ ਨਾ ਪੈਣਾ
- ➢ ਆਪਣੇ ਵਲੋਂ ਕੀਤੇ ਗਏ ਅਪਰਾਧ ਦੇ ਕਿਸੇ ਵੀ ਪੀੜਤ ਨਾਲ ਰਾਬਤਾ ਨਾ ਕਰਨਾ।
- ➢ ਪੈਰੋਲ ਦੌਰਾਨ ਤੁਸੀਂ ਕਿਸੇ ਅਜਿਹੇ ਇਲਾਕੇ ਵਿੱਚ ਨਹੀਂ ਰਹਿ ਸਕਦੇ ਜਿੱਥੇ ਚੋਣਾਂ ਹੋਣ ਵਾਲੀਆਂ ਹੋਣ ਜਾਂ ਹੋ ਰਹੀਆਂ ਹੋਣ।
- ➢ ਨਿਰਧਾਰਿਤ ਸਮੇਂ ਤੋਂ ਵੱਧ ਸਮਾਂ ਬਾਹਰ ਰਹਿਣ 'ਤੇ ਸਜ਼ਾ ਦੀ ਤਜਵੀਜ਼ ਹੈ।

## ਡੇਰਾ ਮੁਖੀ ਦੇ ਖ਼ਿਲਾਫ਼ ਇਲਜ਼ਾਮ

- ☛ ਸੌਦਾ ਸਾਧ ਆਪਣੀਆਂ ਦੋ ਵਿਦਿਆਰਥਣਾਂ ਨਾਲ ਬਲਾਤਕਾਰ ਕਰਨ ਦੇ ਦੋਸ਼ ਵਿੱਚ 20 ਸਾਲ ਦੀ ਸਜ਼ਾ ਕੱਟ ਰਿਹਾ ਹੈ।
- ☛ 2021 ਵਿੱਚ ਡੇਰਾ ਪ੍ਰਬੰਧਕ ਰਣਜੀਤ ਸਿੰਘ ਦੇ ਕਤਲ ਦੀ ਸਾਜ਼ਿਸ਼ ਰਚਣ ਦੇ ਦੋਸ਼ ਵਿੱਚ ਡੇਰਾ ਮੁਖੀ ਨੂੰ ਚਾਰ ਹੋਰਾਂ ਸਮੇਤ ਦੋਸ਼ੀ ਠਹਿਰਾਇਆ ਗਿਆ ਸੀ।
- ☛ ਡੇਰਾ ਮੁਖੀ ਅਤੇ ਤਿੰਨ ਹੋਰਾਂ ਨੂੰ 2019 ਵਿੱਚ 16 ਸਾਲ ਪਹਿਲਾਂ ਇੱਕ ਪੱਤਰਕਾਰ ਦੇ ਕਤਲ ਲਈ ਦੋਸ਼ੀ ਠਹਿਰਾਇਆ ਗਿਆ ਸੀ।

# ਅਮਰੀਕਾ ਵਿੱਚ ਭਾਰਤੀ ਘੱਟ ਗਿਣਤੀਆਂ ਉਪਰ ਜ਼ੁਲਮ ਨਾਲ ਸਬੰਧਤ ਮਤਾ 542 ਪਾਸ ਕਰਨ ਦੀ ਮੰਗ ਵਧੀ

## ✪ ਕਿਹਾ ਗਿਆ ਕਿ ਈਸਾਈਆਂ, ਮੁਸਲਮਾਨਾਂ, ਸਿੱਖਾਂ, ਦਲਿਤਾਂ ਦੇ ਮਨੁੱਖੀ ਅਧਿਕਾਰਾਂ ਦੀ ਉਲੰਘਣਾ ਹੋ ਰਹੀ ਏ





ਭਾਰਤ ਵਿੱਚ ਸਿਖਾਂ, ਈਸਾਈਆਂ ਅਤੇ ਹੋਰ ਘੱਟ ਗਿਣਤੀ ਭਾਈਚਾਰਿਆਂ ਉੱਤੇ ਵੱਧ ਰਹੇ ਹਮਲਿਆਂ ਨੂੰ ਲੈ ਕੇ ਪੂਰੀ ਦੁਨੀਆ ਵਿੱਚ ਚਿੰਤਾ ਪ੍ਰਗਟਾਈ ਜਾ ਰਹੀ ਹੈ। ਖਾਸ ਕਰਕੇ ਮਨੀਪੁਰ ਵਿੱਚ ਚੱਲ ਰਹੀ ਹਿੰਸਾ ਤੋਂ ਬਾਅਦ ਅਮਰੀਕੀ ਸੰਸਦ ਵਿੱਚ ਮਤਾ 542 ਪਾਸ ਕਰਨ ਦੀ ਮੰਗ ਵਧ ਗਈ ਹੈ ਜੋ ਭਾਰਤ ਵਿੱਚ ਮਨੁੱਖੀ ਅਧਿਕਾਰਾਂ ਦੀ ਉਲੰਘਣਾ ਅਤੇ ਅੰਤਰਰਾਸ਼ਟਰੀ ਧਾਰਮਿਕ ਆਜ਼ਾਦੀ ਦੀ ਉਲੰਘਣਾ ਦੀ ਨਿੰਦਾ ਕਰਦਾ ਹੈ। ਇਸ ਵਿਚ ਕਿਹਾ ਗਿਆ ਹੈ ਕਿ ਭਾਰਤ ਵਿਚ ਈਸਾਈਆਂ, ਮੁਸਲਮਾਨਾਂ, ਸਿੱਖਾਂ, ਦਲਿਤਾਂ ਅਤੇ ਆਦਿਵਾਸੀਆਂ ਦੇ ਮਨੁੱਖੀ ਅਧਿਕਾਰਾਂ ਦੀ ਲਗਾਤਾਰ ਉਲੰਘਣਾ ਹੋ ਰਹੀ ਹੈ।

ਇੰਟਰਨੈਸ਼ਨਲ ਕ੍ਰਿਸਚੀਅਨ ਕੰਸਰਨ ਭਾਰਤ ਦੀ ਸਥਿਤੀ ’ਤੇ ਚਿੰਤਾ ਪ੍ਰਗਟ ਕਰ ਰਹੀ ਹੈ। ਘੱਟ ਗਿਣਤੀ ਅਧਿਕਾਰ ਲਈ ਜੂਝਣ ਵਾਲੇ ਸੰਗਠਨਾਂ ਨੇ ਕਿਹਾ ਹੈ ਕਿ ਇਹ ਮਤਾ ਭਾਰਤ ਵਿੱਚ ਘੱਟ ਗਿਣਤੀਆਂ ਨਾਲ ਲਗਾਤਾਰ ਵੱਧ ਰਹੇ ਦੁਰਵਿਵਹਾਰ ਬਾਰੇ ਚਿੰਤਾ ਪ੍ਰਗਟ ਕਰਦਾ ਹੈ ਅਤੇ ਭਾਰਤ ਨੂੰ ਵਿਸ਼ੇਸ਼ ਚਿੰਤਾ ਵਾਲਾ ਦੇਸ਼ (ਸੀਪੀਸੀ) ਵਜੋਂ ਨਾਮਜ਼ਦ ਕਰਨ ਦੀ ਸਿਫ਼ਾਰਸ਼ ਕਰਦਾ ਹੈ। ਯੂਨਾਈਟਿਡ ਸਟੇਟਸ ਕਮਿਸ਼ਨ ਆਨ ਇੰਟਰਨੈਸ਼ਨਲ ਰਿਲੀਜੀਅਸ ਫਰੀਡਮ (ਯੂਐਸਸੀਆਈਆਰਐਫ) ਪਿਛਲੇ ਚਾਰ ਸਾਲਾਂ ਤੋਂ ਸੀਪੀਸੀ ਵਿੱਚ ਭਾਰਤ ਦੀ ਨਾਮਜ਼ਦਗੀ ਦੀ ਸਿਫ਼ਾਰਸ਼ ਕਰ ਰਿਹਾ ਹੈ ਪਰ ਕੋਈ ਕਾਰਵਾਈ ਨਹੀਂ ਕੀਤੀ ਗਈ।



ਭਾਰਤ ਦੇ ਪ੍ਰਧਾਨ ਮੰਤਰੀ ਮੋਦੀ ਜੂਨ 2023 ਵਿੱਚ ਅਮਰੀਕਾ ਗਏ ਸਨ। ਇਸ ਫੇਰੀ ਦੌਰਾਨ ਉਨ੍ਹਾਂ ਘੱਟ ਗਿਣਤੀਆਂ ਦੇ ਹੱਕਾਂ ਦਾ ਸਵਾਲ ਉਠਾਉਣ ਵਾਲਿਆਂ ਨੂੰ ਬਹੁਤ ਕੋਸਿਆ ਸੀ। ਉਨ੍ਹਾਂ ਭਾਰਤ ਵਿੱਚ ਘੱਟ ਗਿਣਤੀਆਂ ਵਿਰੁੱਧ ਵੱਧ ਰਹੀ ਹਿੰਸਾ ਬਾਰੇ ਕੋਈ ਗੱਲ ਨਹੀਂ ਕੀਤੀ। ਇਸ ਦੇ ਉਲਟ ਜਦੋਂ ਵਾਲ ਸਟਰੀਟ ਜਰਨਲ ਦੀ ਇਕ ਪੱਤਰਕਾਰ ਨੇ ਭਾਰਤ ਵਿਚ ਧਾਰਮਿਕ ਆਜ਼ਾਦੀ ਦੀ ਸਥਿਤੀ ਬਾਰੇ ਪੁੱਛਿਆ ਤਾਂ ਮੋਦੀ ਨੇ ਜਵਾਬ ਦਿੱਤਾ ਕਿ ਭਾਰਤ ਦੀਆਂ ਲੋਕਤਾਂਤਰਿਕ ਕਦਰਾਂ-ਕੀਮਤਾਂ ਵਿਚ ਜਾਤ-ਪਾਤ ਜਾਂ ਨਸਲ ਦੇ ਆਧਾਰ ’ਤੇ ਬਿਲਕੁਲ ਵੀ ਵਿਤਕਰਾ ਨਹੀਂ ਹੈ, ਜਦਕਿ 2022 ਵਿਚ ਘੱਟਗਿਣਤੀ ਕੌਮਾਂ ਸਬੰਧੀ ਅਤਿਆਚਾਰ ਦੇ ਛੇ ਸੌ ਮਾਮਲੇ ਵਾਪਰ ਚੁਕੇ ਸਨ। ਮੋਦੀ ਦੀ ਇਹ ਯਾਤਰਾ ਉੱਤਰ-ਪੂਰਬੀ ਰਾਜ ਮਨੀਪੁਰ ਵਿੱਚ ਵਾਪਰੀਆਂ ਹਿੰਸਕ ਘਟਨਾਵਾਂ ਦੇ ਤੁਰੰਤ ਬਾਅਦ ਹੋਈ ਸੀ। ਮਨੀਪੁਰ ਵਿੱਚ 98 ਲੋਕ ਮਾਰੇ ਗਏ ਸਨ, 35,000 ਬੇਘਰ ਹੋ ਗਏ ਸਨ ਅਤੇ 100 ਤੋਂ ਵੱਧ ਚਰਚਾਂ ਨੂੰ ਤਬਾਹ ਕਰ ਦਿੱਤਾ ਗਿਆ ਸੀ, ਜਿਸ ਨਾਲ ਦੁਨੀਆ ਭਰ ਦੇ ਈਸਾਈ ਭਾਈਚਾਰੇ ਵਿੱਚ ਗੁੱਸੇ ਦੀ ਲਹਿਰ ਫੈਲ ਗਈ ਸੀ।

ਘੱਟ ਗਿਣਤੀ ਅਧਿਕਾਰਾਂ ਲਈ ਸਰਗਰਮ ਕਾਰਕੁਨਾਂ ਦਾ ਕਹਿਣਾ ਹੈ ਕਿ ਜੇਕਰ ਹਾਊਸ ਰੈਜ਼ੋਲਿਊਸ਼ਨ 542 ਪਾਸ ਹੋ ਜਾਂਦਾ ਹੈ, ਤਾਂ ਇਹ ਨਾ ਸਿਰਫ਼ ਅਮਰੀਕੀਆਂ ਅਤੇ ਭਾਰਤੀਆਂ ਨੂੰ ਸਗੋਂ ਦੁਨੀਆ ਭਰ ਦੇ ਲੋਕਾਂ ਨੂੰ ਸਪੱਸ਼ਟ ਸੰਕੇਤ ਦੇਵੇਗਾ ਕਿ ਅਮਰੀਕਾ ਧਾਰਮਿਕ ਆਜ਼ਾਦੀ ਦੀ ਉਲੰਘਣਾ ਨੂੰ ਬਰਦਾਸ਼ਤ ਨਹੀਂ ਕਰਦਾ। ਮਨੁੱਖੀ ਅਧਿਕਾਰਾਂ ਦੇ ਵਿਸ਼ਵਵਿਆਪੀ ਘੋਸ਼ਣਾ ਪੱਤਰ ਅਤੇ ਸੰਯੁਕਤ ਰਾਜ ਦੇ ਸੰਵਿਧਾਨ ਦੋਵਾਂ ਅਨੁਸਾਰ ਧਾਰਮਿਕ ਆਜ਼ਾਦੀ ਇੱਕ ਬੁਨਿਆਦੀ ਮਨੁੱਖੀ ਅਧਿਕਾਰ ਹੈ।

ਪੰਜਾਬ ਟਾਈਮਜ਼ ਦਾ ਮੰਨਣਾ ਹੈ ਕਿ ਮੋਦੀ ਸਰਕਾਰ ਬਣਨ ਤੋਂ ਬਾਅਦ ਹਿੰਦੂਤਵੀਆਂ ਦੇ ਹੌਸਲੇ ਪੂਰੇ ਬੁਲੰਦੀ ‘ਤੇ ਹਨ। ਸ਼ਾਇਦ ਹੀ ਕੋਈ ਦਿਨ ਅਜਿਹਾ ਹੋਵੇ ਜਿਸ ਦਿਨ ਘੱਟ ਗਿਣਤੀਆਂ ‘ਤੇ ਸ਼ਾਬਦਿਕ ਹਮਲੇ ਕਰਕੇ ਉਨ੍ਹਾਂ ਨੂੰ ਜਲੀਲ ਨਾ ਕੀਤਾ ਜਾਂਦਾ ਹੋਵੇ। ਮੁਸਲਮਾਨਾਂ, ਸਿੱਖਾਂ ਤੇ ਇਸਾਈਆਂ ਉਤੇ ਪਹਿਲਾਂ ਤੋਂ ਹੀ ਹੋ ਰਹੇ ਹਮਲਿਆਂ ਵਿਚ ਭਾਰੀ ਵਾਧਾ ਹੋਇਆ ਹੈ। ਸ਼ਾਬਦਿਕ ਹਮਲਿਆਂ ਦੇ ਨਾਲ ਨਾਲ ਕਤਲੋਗਾਰਤ, ਲੁੱਟ ਮਾਰ ਤੇ ਜ਼ਲੀਲ ਕਰਨ ਦੀਆਂ ਘਟਨਾਵਾਂ ਵੀ ਵਧੀਆਂ ਹਨ ਜਿਸ ਨੇ ਘੱਟ ਗਿਣਤੀਆਂ ਵਿਚ ਦਹਿਸ਼ਤ ਦਾ ਮਾਹੌਲ ਸਿਰਜ ਦਿੱਤਾ ਹੈ। ਹਿੰਦੂਆਂ ਦਾ ਧਰਮ ਪਰਿਵਰਤਨ ਰੋਕਣ ਦੇ ਨਾਮ ਉਤੇ ਹਿੰਦੂਆਂ ਵਲੋਂ ਇਸਾਈਆਂ ਦੇ ਚਰਚਾਂ ਨੂੰ ਅੱਗਾਂ ਲਾਉਣੀਆਂ ਤੇ ਇਸਾਈਆਂ ਦੇ ਕੁੱਟ ਕੁਟਾਪੇ ਦੀਆਂ ਅਨੇਕਾਂ ਖਬਰਾਂ ਸੋਸ਼ਲ ਮੀਡੀਏ ਉਤੇ ਆ ਰਹੀਆਂ ਹਨ। ਇਹ ਵੱਖਰੀ ਗੱਲ ਹੈ ਕਿ ਭਾਰਤੀ ਮੀਡੀਆ ਇਸ ਤਰ੍ਹਾਂ ਦੀਆਂ ਖਬਰਾਂ ਵੱਲ ਕੰਨ ਨਹੀਂ ਧਰਦਾ। ਹਿੰਦੂਤਵੀਆਂ ਵਲੋਂ ਵਾਰ ਵਾਰ ਸਿੱਖਾਂ ਨੂੰ ਹਿੰਦੂਆਂ ਦਾ ਹਿੱਸਾ ਦੱਸ ਕੇ ਸਿੱਖਾਂ ਨੂੰ ਚਿੜਾਇਆ ਜਾਂਦਾ ਹੈ ਤੇ ਸਿੱਖ ਆਗੂਆਂ ਨੂੰ ਵਾਰ ਵਾਰ “ਸਿੱਖ ਹਿੰਦੂ ਨਹੀਂ” ਦੀ ਸਫਾਈ ਦੇਣ ਲਈ ਮਜਬੂਰ ਕੀਤਾ ਜਾਂਦਾ ਹੈ। ਮਨੁੱਖੀ ਹੱਕ ਖੋਹਣ ਸਬੰਧੀ ਅੰਤਰਰਾਸ਼ਟਰੀ ਰਿਪੋਰਟਾਂ ਨਿਰਾਸ਼ਾਜਨਕ ਹਨ। ਸ਼ਾਂਤੀਪੂਰਨ ਅਸਹਿਮਤ ਲੋਕਾਂ ਤੇ ਕਿਸਾਨਾਂ ਉਤੇ ਕਾਰਵਾਈ ਵਧੀ ਹੈ।

ਹਾਸ਼ੀਏ ਤੇ ਪਹੁੰਚੇ ਸਮੂਹਾਂ ਨੂੰ ਨਿਸ਼ਾਨਾ ਬਣਾਇਆ ਜਾ ਰਿਹਾ ਹੈ।

# ਗੈਂਗਸਟਰਾਂ ਵਲੋਂ ਸਾਬਕਾ ਮੁੱਖ ਮੰਤਰੀ ਚਰਨਜੀਤ ਸਿੰਘ ਚੰਨੀ ਨੂੰ ਮਿਲੀ 2 ਕਰੋੜ ਫਿਰੌਤੀ ਦੀ ਧਮਕੀ



ਮੋਰਿੰਡਾ-ਪੰਜਾਬ ਦੇ ਸਾਬਕਾ ਮੁੱਖ ਮੰਤਰੀ ਚਰਨਜੀਤ ਸਿੰਘ ਚੰਨੀ ਨੇ ਖੁਲਾਸਾ ਕੀਤਾ ਕਿ ਬੀਤੇ ਦਿਨੀ ਉਨ੍ਹਾਂ ਨੂੰ ਇੱਕ ਗੈਂਗਸਟਰ ਵਲੋਂ ਧਮਕੀ ਭਰਿਆ ਫ਼ੋਨ ਅਤੇ ਮੈਸੇਜ ਮਿਲਿਆ ਸੀ ਜਿਸ ਵਿਚ ਉਨ੍ਹਾਂ ਕੋਲੋਂ ਦੋ ਕਰੋੜ ਰੁਪਏ ਦੀ ਫਿਰੌਤੀ ਮੰਗੀ ਹੈ। ਚੰਨੀ ਨੇ ਇਹ ਖ਼ੁਲਾਸਾ ਆਪਣੀ ਮੋਰਿੰਡਾ ਸਥਿਤ ਰਿਹਾਇਸ਼ ਵਿਖੇ ਕਾਂਗਰਸੀ ਆਗੂਆਂ ਤੇ ਵਰਕਰਾਂ ਦੀ ਭਰਵੀਂ ਮੀਟਿੰਗ ਨੂੰ ਸੰਬੋਧਨ ਕਰਦਿਆਂ ਕੀਤਾ। ਉਨ੍ਹਾਂ ਦੱਸਿਆ ਕਿ ਉਹ ਇਸ ਸੰਬੰਧੀ ਆਏ ਮੈਸੇਜ ਦਾ ਸਕਰੀਨ ਸ਼ਾਟ ਲੈ ਕੇ ਪੰਜਾਬ ਦੇ ਡੀ.ਜੀ.ਪੀ. ਗੌਰਵ ਯਾਦਵ ਅਤੇ ਰੂਪਨਗਰ ਰੇਂਜ ਦੇ ਡੀ.ਆਈ.ਜ਼ੀ. ਨੂੰ ਵੀ ਭੇਜ ਚੁੱਕੇ ਹਨ, ਪ੍ਰੰਤੂ ਦਸ ਦਿਨ ਬੀਤਣ ਉਪਰੰਤ ਵੀ ਉਪਰੋਕਤ ਕਿਸੇ ਵੀ ਅਧਿਕਾਰੀ ਨੇ ਉਨ੍ਹਾਂ ਨਾਲ ਗੱਲ ਕਰਨ ਦੀ ਵੀ ਕੋਸ਼ਿਸ਼ ਨਹੀਂ ਕੀਤੀ। ਉਨ੍ਹਾਂ ਕਿਹਾ ਕਿ ਜਦੋਂ ਇਕ ਸਾਬਕਾ ਮੁੱਖ ਮੰਤਰੀ ਵੀ ਗੈਂਗਸਟਰਾਂ ਤੋਂ ਸੁਰੱਖਿਅਤ ਨਹੀਂ ਹੈ ਤਾਂ ਆਮ ਆਦਮੀ ਕਿਵੇਂ ਸੁਰੱਖਿਅਤ ਰਹਿ ਸਕਦਾ ਹੈ ?

# ‘ਆਪ’ ਆਗੂ ਗੋਪੀ ਦਾ ਗੋਲ਼ੀਆਂ ਮਾਰ ਕੇ ਕਤਲ



ਸ੍ਰੀ ਗੋਇੰਦਵਾਲ ਸਾਹਿਬ-ਤਰਨਤਾਰਨ ਜ਼ਿਲ੍ਹੇ ਦੇ ਹਲਕਾ ਖਡੂਰ ਸਾਹਿਬ ਨਾਲ ਸਬੰਧਤ ਆਪ ਪਾਰਟੀ ਦੇ ਆਗੂ ਗੁਰਪ੍ਰੀਤ ਸਿੰਘ ਗੋਪੀ ਵਾਸੀ ਚੋਹਲਾ ਸਾਹਿਬ ਦੀ ਗੋਲ਼ੀਆ ਮਾਰ ਕੇ ਹੱਤਿਆ ਕਰ ਦਿੱਤੀ ਗਈ। ਵਾਰਦਾਤ ਨੂੰ ਅੰਜਾਮ ਦੇਣ ਤੋਂ ਬਾਅਦ ਹਮਲਾਵਰ ਮੌਕੇ ਤੋਂ ਫਰਾਰ ਹੋ ਗਏ। ਘਟਨਾ ਦਾ ਪਤਾ ਚੱਲਦਿਆਂ ਹੀ ਮੌਕੇ ’ਤੇ ਐੱਸਐੱਸਪੀ ਅਸ਼ਵਨੀ ਕਪੂਰ ਤੋਂ ਇਲਾਵਾ ਹੋਰ ਅਧਿਕਾਰੀ ਪਹੁੰਚ ਗਏ। ਗੁਰਪ੍ਰੀਤ ਸਿੰਘ ਗੋਪੀ ਖਡੂਰ ਸਾਹਿਬ ਤੋਂ ਵਿਧਾਇਕ ਮਨਜਿੰਦਰ ਸਿੰਘ ਲਾਲਪੁਰਾ ਦੇ ਕਰੀਬੀ ਦੱਸੇ ਜਾ ਰਹੇ ਹਨ।

# ਕਿਸਮਤ ਦੇ ਸਿਤਾਰੇ

## ਵੀਰਵਾਰ 07 ਫਰਵਰੀ ਤੋਂ ਬੁੱਧਵਾਰ 13 ਮਾਰਚ 2024 ਤੱਕ

ਰਾਸ਼ੀਫਲ ਜਾਂ 'ਕਿਸਮਤ ਦੇ ਸਿਤਾਰੇ' ਬਹੁਤ ਸਾਰੇ ਲੋਕ ਵੱਖ ਵੱਖ ਮੀਡੀਆ ਰਾਹੀਂ ਲੰਮੇ ਸਮੇਂ ਤੋਂ ਪੜ੍ਹਦੇ ਸੁਣਦੇ ਆ ਰਹੇ ਹਨ। ਅਸੀਂ ਇਹਨਾਂ ਚੀਜ਼ਾਂ ਵਿੱਚ ਵਿਸ਼ਵਾਸ ਨਹੀਂ ਰੱਖਦੇ, ਪਰ ਪਾਠਕਾਂ ਦੀ ਦਿਲਚਸਪੀ ਦੇਖ ਕੇ ਇਹ ਕਾਲਮ ਉਹਨਾਂ ਨੂੰ ਠੱਗਾਂ ਦੇ ਚੁੰਗਲ ਵਿੱਚ ਫਸਣ ਤੋਂ ਬਚਾਉਣ ਲਈ ਛਾਪਿਆ ਜਾ ਰਿਹਾ ਹੈ, ਤਾਂ ਜੋ ਉਹਨਾਂ ਨੂੰ ਕੋਈ ਸੇਧ ਵੀ ਮਿਲ ਸਕੇ ਅਤੇ ਗਲਤ ਪਾਸੇ ਜਾਣ ਤੋਂ ਬਚ ਵੀ ਸਕਣ। –ਸੰਪਾਦਕ

**ਮੇਖ – (ਜਨਮ 14 ਮਾਰਚ ਤੋਂ 13 ਅਪ੍ਰੈਲ)** ਧਨ ਲਾਭ ਦੇ ਨਾਲ–ਨਾਲ ਖਰਚ ਵੀ ਜ਼ਿਆਦਾ ਰਹੇਗਾ। ਭਾਵੇਂ ਕਾਰੋਬਾਰ ਵਿੱਚ ਤਰੱਕੀ ਦੇ ਮੌਕੇ ਮਿਲਣਗੇ, ਪਰ ਘਰੇਲੂ ਉਲਝਣਾਂ ਦੇ ਕਾਰਨ ਰੁਕਾਵਟਾਂ ਆ ਸਕਦੀਆਂ ਹਨ। ਗੁਪਤ ਵਿਰੋਧੀ ਨੁਕਸਾਨ ਪਹੁੰਚਾਉਣ ਦੇ ਮੌਕੇ ਲੱਭਣਗੇ। ਗੁਰੂ ਘਰ ਬੱਚਿਆਂ ਸਮੇਤ ਬਰਤਨ ਸਾਫ ਕਰਨ ਦੀ ਸੇਵਾ ਕਰੋ, ਕਮਾਈ ਵਿੱਚ ਬਰਕਤ ਹੋਵੇਗੀ।

**ਬ੍ਰਿਖ – (ਜਨਮ 14 ਅਪ੍ਰੈਲ ਤੋਂ 14 ਮਈ)** ਹਫਤੇ ਦੇ ਸ਼ੁਰੂ ਵਿੱਚ ਪਰਿਵਾਰ ਵਿੱਚ ਕੁਝ ਨਿੱਜੀ ਸਮੱਸਿਆਵਾਂ ਆਉਣਗੀਆਂ। ਅਚਾਨਕ ਖਰਚ ਵੀ ਵਧਣਗੇ। ਕੁਝ ਅਧੂਰੇ ਕੰਮਾਂ ਨੂੰ ਪੂਰਾ ਕਰਨ ਲਈ ਰੁੱਝੇ ਰਹਿਣ ਦੇ ਯੋਗ ਹਨ। ਧਨ ਪ੍ਰਾਪਤੀ ਦੇ ਸਾਧਨਾਂ ਵਿੱਚ ਬੇਸ਼ੱਕ ਵਾਧਾ ਹੋਵੇਗਾ, ਪਰ ਖਰਚ ਵੀ ਵਧਣਗੇ। ਕਿਸੇ ਗਰੀਬ ਜਾਂ ਜਰੂਰਤਮੰਦ ਨੂੰ ਖਾਨਾ ਜਰੂਰ ਖਵਾਉ।

**ਮਿਥੁਨ – (ਜਨਮ 15 ਮਈ ਤੋਂ 14 ਜੂਨ)** ਹਫਤੇ ਦੇ ਸ਼ੁਰੂ ਤੋਂ ਹੀ ਨੌਕਰੀ/ਵਪਾਰ ਵਿੱਚ ਲਾਭ ਅਤੇ ਸੋਚੀ ਹੋਈ ਯੋਜਨਾ ਵਿੱਚ ਕਾਮਯਾਬੀ ਮਿਲੇਗੀ। ਪਰਿਵਾਰਕ ਸਬੰਧਾਂ ਵਿੱਚ ਕੁਝ ਸੁਧਾਰ ਹੋਵੇਗਾ। ਕਿਸੇ ਰੁਕੇ ਹੋਏ ਕੰਮ ਨੂੰ ਪੂਰਾ ਕਰਨ ਲਈ ਆਰਥਿਕ ਲੈਣ–ਦੇਣ ਕਰਨੇ ਪੈਣਗੇ। ਕਿਸੇ ਤਾਂਤਰਿਕ ਜਾਂ ਅਖੌਤੀ ਬਾਬਿਆਂ ਦੇ ਚੱਕਰ ਵਿੱਚ ਨਾ ਪਵੋ, ਵੱਡਾ ਨੁਕਸਾਨ ਹੋ ਸਕਦਾ ਹੈ।

**ਕਰਕ – (ਜਨਮ 15 ਜੂਨ ਤੋਂ 15 ਜੁਲਾਈ)** ਗੁਜ਼ਾਰੇ ਯੋਗ ਆਮਦਨ ਦੇ ਸਾਧਨ ਬਣਨਗੇ, ਪਰ ਖਰਚ ਵੀ ਵਧੇਰੇ ਹੋਣਗੇ। ਜ਼ਿਆਦਾ ਸਮਾਂ ਅਤੇ ਧਨ ਐਸ਼ੋ ਆਰਾਮ ਦੇ ਕੰਮਾਂ 'ਤੇ ਖਰਚ ਹੋਵੇਗਾ। ਕਿਸੇ ਕਰੀਬੀ ਤੋਂ ਧੋਖਾ ਮਿਲਣ ਦੇ ਯੋਗ ਹਨ। ਆਪਣੇ ਮਾਤਾ ਪਿਤਾ ਕੋਲ ਬੈਠ ਕੇ ਪਰਿਵਾਰ ਦੀਆਂ ਗੱਲਾਂ ਸਾਂਝੀਆਂ ਕਰੋ। ਮੁਸ਼ਕਿਲਾਂ ਦੇ ਹੱਲ ਆਪਣੇ ਆਪ ਨਿਕਲ ਆਉਣਗੇ।

**ਸਿੰਘ – (ਜਨਮ 16 ਜੁਲਾਈ ਤੋਂ 15 ਅਗਸਤ)** ਕੰਮਕਾਜ ਅਤੇ ਜਗ੍ਹਾ ਦੇ ਬਦਲਣ ਦਾ ਵਿਚਾਰ ਬਣ ਸਕਦਾ ਹੈ। ਨਵੇਂ ਲੋਕਾਂ ਦੀ ਮਦਦ ਅਤੇ ਆਸ਼ੀਰਵਾਦ ਨਾਲ ਕੋਈ ਵਿਗੜਿਆ ਕੰਮ ਬਣ ਸਕਦਾ ਹੈ। ਖਾਸ ਜੋਸ਼ ਅਤੇ ਹੌਂਸਲੇ ਨਾਲ ਕੰਮ ਕਰਨ 'ਤੇ ਖੁਸ਼ੀ ਮਿਲੇਗੀ। ਆਰਥਿਕ ਸਥਿਤੀ ਥੋੜ੍ਹੀ ਡਾਂਵਾਂਡੋਲ ਰਹੇਗੀ। ਘਰ ਵਿੱਚ ਸ਼ਰਾਬ ਦੀ ਵਰਤੋਂ ਨਹੀਂ ਕਰਨੀ, ਸ਼ਾਂਤੀ ਆਵੇਗੀ।

**ਕੰਨਿਆ – (ਜਨਮ 16 ਅਗਸਤ ਤੋਂ 14 ਸਤੰਬਰ)** ਕੁਝ ਵਿਗੜੇ ਕੰਮਾਂ ਵਿੱਚ ਸੁਧਾਰ ਹੋਵੇਗਾ। ਮਾਣ–ਇੱਜ਼ਤ ਵਿੱਚ ਵਾਧਾ ਅਤੇ ਪਰਿਵਾਰ ਵਿੱਚ ਅਚਾਨਕ ਖੁਸ਼ੀ ਦਾ ਮਾਹੌਲ ਬਣੇਗਾ। ਨਵੇਂ ਸਬੰਧੀਆਂ ਨਾਲ ਮੇਲ–ਜੋਲ ਵਧੇਗਾ, ਰੁਕਾਵਟਾਂ ਦੇ ਬਾਵਜੂਦ ਕੰਮ–ਕਾਰ ਵਿੱਚ ਤਰੱਕੀ ਦੇ ਯੋਗ ਹਨ। ਆਮਦਨ ਦੇ ਸਾਧਨਾਂ ਵਿੱਚ ਵਾਧਾ ਹੋਵੇਗਾ। ਸ੍ਰੀ ਜਪੁਜੀ ਸਾਹਿਬ ਦਾ ਪਾਠ ਕਰਨਾ ਸ਼ੁੱਭ ਰਹੇਗਾ।

**ਤੁਲਾ – (ਜਨਮ 15 ਸਤੰਬਰ ਤੋਂ 14 ਅਕਤੂਬਰ)** ਹਫਤੇ ਦੇ ਸ਼ੁਰੂ ਵਿੱਚ ਧਨ ਦਾ ਖਰਚ ਅਤੇ ਬੇਲੋੜੀ ਯਾਤਰਾ ਦੇ ਵੀ ਯੋਗ ਹਨ। ਕਿਸੇ ਨਜ਼ਦੀਕੀ ਬੰਧੂ ਤੋਂ ਧੋਖਾ ਮਿਲਣ ਦੇ ਸੰਕੇਤ ਹਨ। ਆਲਸ ਵਿੱਚ ਵਾਧਾ, ਸਿਹਤ ਢਿੱਲੀ ਅਤੇ ਬੇਲੋੜੇ ਕੰਮਾਂ ਵਿੱਚ ਧਨ ਖਰਚ ਹੋਵੇਗਾ। ਕਿਸੇ ਗਰੀਬ ਪਰਿਵਾਰ ਦੇ ਬੱਚੇ ਨੂੰ ਧਾਰਮਿਕ ਜਾਂ ਪੰਜਾਬੀ ਦੀਆਂ ਕਿਤਾਬਾਂ ਲੈ ਕੇ ਦਿਉ।

**ਬ੍ਰਿਸ਼ਚਕ – (ਜਨਮ 15 ਅਕਤੂਬਰ ਤੋਂ 13 ਨਵੰਬਰ)** ਸਾਰੀਆਂ ਕੀਤੀਆਂ ਕੋਸ਼ਿਸ਼ਾਂ ਸਾਰਥਿਕ ਸਿੱਧ ਹੋਣਗੀਆਂ। ਰੁਜ਼ਗਾਰ ਲਈ ਭੱਜ–ਦੌੜ ਜ਼ਿਆਦਾ ਹੋਵੇਗੀ। ਕਿਸੇ ਖਾਸ ਵਿਅਕਤੀ ਦੀ ਮਦਦ ਨਾਲ ਕਾਰਜ ਖੇਤਰ ਵਿੱਚ ਸਫਲਤਾ ਮਿਲੇਗੀ। ਦੋਸਤਾਂ ਅਤੇ ਮਾਤਾ–ਪਿਤਾ ਦਾ ਪੂਰਾ ਸਹਿਯੋਗ ਮਿਲੇਗਾ। ਘਰ ਵਿੱਚ ਜਾਂ ਬਾਹਰ ਮੀਟ ਨਾ ਖਾਉ, ਘਰ ਵਿੱਚ ਸ਼ਾਂਤੀ ਰਹੇਗੀ।

**ਧਨੁ – (ਜਨਮ 14 ਨਵੰਬਰ ਤੋਂ 13 ਦਸੰਬਰ)** ਵਧੇਰੇ ਸੰਘਰਸ਼ ਭਰੇ ਹਾਲਾਤਾਂ ਤੋਂ ਗੁਜ਼ਰਨਾ ਪਵੇਗਾ। ਵਪਾਰ ਅਤੇ ਨੌਕਰੀ ਵਿੱਚ ਰੁਕਾਵਟਾਂ ਪੈਦਾ ਹੋਣਗੀਆਂ, ਘਰੇਲੂ ਉਲਝਣਾਂ ਉੱਭਰਣਗੀਆਂ, ਪਰ ਜਲਦੀ ਹੀ ਸਿਮਟ ਵੀ ਜਾਣਗੀਆਂ। ਮਾਤਾ–ਪਿਤਾ ਨਾਲ ਮਨ–ਮੁਟਾਵ ਹੋ ਸਕਦਾ ਹੈ। ਹਾਲਾਤਾਂ ਤੋਂ ਘਬਰਾ ਕੇ ਕਿਸੇ ਤਾਂਤਰਿਕ ਜਾਂ ਔਖਤੀ ਬਾਬੇ ਦੇ ਚੱਕਰਾਂ ਵਿੱਚ ਨਾ ਫਸੋ, ਵੱਡਾ ਨੁਕਸਾਨ ਹੋ ਸਕਦਾ ਹੈ।

**ਮਕਰ – (ਜਨਮ 14 ਦਸੰਬਰ ਤੋਂ 12 ਜਨਵਰੀ)** ਕਿਸੇ ਦੋਸਤ ਜਾਂ ਸੰਤਾਨ ਦੀ ਮਦਦ ਨਾਲ ਕੋਈ ਵਿਗੜਿਆ ਕੰਮ ਬਣੇਗਾ। ਧਨ ਅਤੇ ਸੁੱਖ–ਸਾਧਨਾਂ ਵਿੱਚ ਵਾਧਾ ਹੋਵੇਗਾ। ਜ਼ਿਆਦਾ ਖਰਚ ਸ਼ੁੱਭ ਕੰਮ 'ਤੇ ਹੀ ਹੋਵੇਗਾ। ਕਿਸੇ ਨਵੇਂ ਕੰਮ ਦੀ ਯੋਜਨਾ ਵੀ ਬਣੇਗੀ। ਨਸ਼ਿਆਂ ਦੇ ਸੇਵਨ ਤੋਂ ਆਪਣੇ ਆਪ ਨੂੰ ਦੂਰ ਰੱਖੋ ਅਤੇ ਆਪਣੇ ਬੱਚਿਆਂ ਨੂੰ ਵੀ ਅਜਿਹਾ ਕਰਨ ਲਈ ਪ੍ਰੇਰਿਤ ਕਰੋ, ਸਮਾਜ ਵਿੱਚ ਮਾਣ–ਇੱਜ਼ਤ ਵਧੇਗਾ।

**ਕੁੰਭ – (ਜਨਮ 13 ਜਨਵਰੀ ਤੋਂ 11 ਫਰਵਰੀ)** ਹਫਤੇ ਦੇ ਸ਼ੁਰੂ ਤੋਂ ਹੀ ਕਈ ਤਰ੍ਹਾਂ ਦੀਆਂ ਆਰਥਿਕ ਯੋਜਨਾਵਾਂ ਨੂੰ ਅਮਲੀ ਰੂਪ ਦੇਣ ਵਿੱਚ ਪ੍ਰੇਸ਼ਾਨੀ ਜਾਂ ਦੇਰੀ ਹੋਵੇਗੀ, ਜਿਸ ਨਾਲ ਮਾਨਸਿਕ ਤਣਾਅ ਹੋਵੇਗਾ। ਪਰਿ–ਵਾਰ ਵਿੱਚ ਕੁਝ ਗਲਤ ਸੋਚ ਨਾਲ ਫਜ਼ੂਲ ਦੀ ਉਲਝਣ ਪੈਦਾ ਹੋਵੇਗੀ। ਅਚਾਨਕ ਧਨ ਲਾਭ ਦੇ ਵੀ ਯੋਗ ਹਨ। ਸ੍ਰੀ ਸੁਖਮਨੀ ਸਾਹਿਬ ਦਾ ਪਾਠ ਕਰਨਾ ਸ਼ੁੱਭ ਰਹੇਗਾ।

**ਮੀਨ – (ਜਨਮ 12 ਫਰਵਰੀ ਤੋਂ 13 ਮਾਰਚ)** ਬਹੁਤ ਮਹੱਤਵਪੂਰਨ ਕੰਮਾਂ ਵਿੱਚ ਅੜਚਨਾਂ ਪੈਦਾ ਹੋਣਗੀਆਂ। ਪਰਿਵਾਰ ਵਿੱਚ ਫਜ਼ੂਲ ਦਾ ਤਣਾਅ ਰਹੇਗਾ, ਜੀਵਨ ਸਾਥੀ ਦੀ ਮਦਦ ਮਿਲੇਗੀ। ਅਚਾਨਕ ਲਾਭ ਦੇ ਮੌਕੇ ਮਿਲਣਗੇ, ਪਰ ਖਰਚ ਜ਼ਿਆਦਾ ਰਹੇਗਾ। ਆਪਣੀ ਸੋਚ ਨੂੰ ਹਮੇਸ਼ਾ ਸਾਕਾਰਾਤਮਕ ਰੱਖੋ ਅਤੇ ਪ੍ਰਮਾਤਮਾ 'ਤੇ ਆਪਣਾ ਵਿਸ਼ਵਾਸ ਹਮੇਸ਼ਾ ਬਣਾਈ ਰੱਖੋ, ਉਲਝਣਾਂ ਆਪਣੇ ਆਪ ਦੂਰ ਹੋ ਜਾਣਗੀਆਂ।

## ਹਾਸੇ ਦੀ ਪਟਾਰੀ

**ਰਾਹੁਲ,** ਜੇ ਪਤਨੀ ਦੇ ਪਿਤਾ ਨੂੰ ਸਸੁਰ ਕਹਿੰਦੇ ਹਨ ਤਾਂ ਗਰਲਫ੍ਰੈਂਡ ਦੇ ਪਿਤਾ ਨੂੰ ਕੀ ਕਹਿੰਦੇ ਹਨ ?

ਰਵੀ, ਜੇ ਉਹ ਆਪਣੀ ਬੇਟੀ ਦਾ ਵਿਆਹ ਕਰਨ ਲਈ ਰਾਜ਼ੀ ਹੋਵੇ ਤਾਂ ਸਸੁਰ ਨਹੀਂ ਤਾਂ ਅਸੁਰ (ਰਾਖਸ਼ਸ)।

*---*---*

**ਕੁੜੀ,** ਜਲਦੀ ਖਿੜਕੀ ਤੋਂ ਛਾਲ ਮਾਰ, ਪਾਪਾ ਆ ਗਏ ਹਨ।

ਮੁੰਡਾ, ਪਰ ਇਹ ਤਾਂ 13ਵੀਂ ਮੰਜ਼ਿਲ ਹੈ।

ਕੁੜੀ, ਜਾਨੂੰ, ਇਹ ਸ਼ਗਨ–ਬਦਸ਼ਗਨ ਸੋਚਣ ਦਾ ਸਮਾਂ ਨਹੀਂ ਹੈ, ਜਲਦੀ ਛਾਲ ਮਾਰ।

*---*---*

**ਅਧਿਆਪਕ,** ਸਵਰ ਤੇ ਵਿਅੰਜਨ ਵਿੱਚ ਫਰਕ ਦੱਸੋ।

ਟੀਨੂੰ, ਸਰ, ਸਵਰ ਮੂੰਹ ਵਿੱਚੋਂ ਬਾਹਰ ਨਿਕਲਦੇ ਹਨ ਅਤੇ ਵਿਅੰਜਨ ਮੂੰਹ ਦੇ ਅੰਦਰ ਜਾਂਦੇ ਹਨ।

*---*---*


ਪੰਜਾਬ ਟਾਈਮਜ਼

PANJAB TIMES (EST 1965)

ਪੰਜਾਬ ਟਾਈਮਜ਼ ਵਿਚ ਇਸ਼ਤਿਹਾਰ ਦੇਣ ਲਈ ਹੇਠਾਂ ਦਿੱਤੇ ਫ਼ੋਨ ਨੰਬਰ 'ਤੇ ਸੰਪਰਕ ਕਰੋ :

FOR SUBSCRIPTION
(PLEASE TICK ONE RELEVANT BOX)

6 MONTHS ---- £95 ☐
1 YEAR ---- £180 ☐

ਪਰਚੇ ਦਾ ਚੰਦਾ ਕਰੈਡਿਟ ਕਾਰਡ ਜਾਂ ਵੀਜ਼ਾ ਕਾਰਡ ਰਾਹੀਂ ਦੇਣ ਵਾਸਤੇ ਅਤੇ ਬਿੱਲਾਂ ਦਾ ਭੁਗਤਾਨ ਕਰਨ ਲਈ ਹੇਠਾਂ ਦਿੱਤੇ ਨੰਬਰ 'ਤੇ ਫ਼ੋਨ ਕਰੋ। ਚੰਦਾ ਬੈਂਕ ਅਕਾਊਂਟ ਵਿੱਚ ਵੀ ਪਾ ਸਕਦੇ ਹੋ। ਜਾਂ ਪਰਚਾ ਡਾਕ ਰਾਹੀਂ ਘਰ ਮੰਗਵਾਉਣ ਲਈ ਹੇਠਾਂ ਦਿੱਤਾ ਕੂਪਨ ਭਰ ਕੇ ਚੈੱਕ ਨਾਲ ਭੇਜੋ।

NAME................................................
ADDRESS................................................
................................................POST CODE................................
TEL................................................

Barclays Bank details: ACCOUNT: Punjab Times Trust
ACCOUNT NO: 20853011 SORT CODE: 20-25-85

*Post with payments to:* ***SUBSCRIPTION***
PANJAB TIMES Bridle Gate Lane, Alvaston, Derby, DE24 0QW, U.K.
TEL: 01332 372851 FAX: 01332 374819
or please ring on Mo: 07966 388 388
*www.panjabtimes.uk Email: Panjabtimes@aol.com*



ਵਿਆਹ, ਪਾਰਟੀਆਂ ਤੇ ਹਰ ਤਰ੍ਹਾਂ ਦੇ ਸਮਾਗਮਾਂ ਲਈ ਹੰਸਲੋ ਵਿਖੇ ਸ਼ਾਨਦਾਰ ਟਿਕਾਣਾ

ਕਿੰਗਜ਼ਵੇਅ ਬੈਂਕਿਊਟਿੰਗ ਸੁਈਟ

ਸਾਡੇ ਤਾਜ਼ਾ ਤੇ ਵੰਨ–ਸੁਵੰਨੇ ਖਾਣਿਆਂ ਦੀ ਚੋਣ ਤੁਹਾਡੀ ਤੇ ਸੇਵਾ ਸਾਡੀ


ਹਰ ਤਰ੍ਹਾਂ ਦੀਆਂ ਪਾਰਟੀਆਂ ਲਈ ਹਾਲ ਮੁਫ਼ਤ!

ਕਿਸੇ ਵੀ ਤਰ੍ਹਾਂ ਦੀ ਪਾਰਟੀ ਦਾ ਆਯੋਜਨ ਕਰਨ ਤੋਂ ਪਹਿਲਾਂ ਇਕ ਵਾਰ ਸਾਡੇ ਨਾਲ ਗੱਲ ਜ਼ਰੂਰ ਕਰੋ।
ਸਾਡੀ ਵਧੀਆ ਅਤੇ ਸ਼ਾਨਦਾਰ ਸਰਵਿਸ ਦੇਖ ਕੇ ਤੁਹਾਡੇ ਮਹਿਮਾਨ ਅਸ਼–ਅਸ਼ ਕਰ ਉਠਣਗੇ।

ਵਿਆਹ ਮੌਕੇ ਗੁਰਦੁਆਰਾ ਸਾਹਿਬ ਵਿਖੇ ਸਵੇਰ ਦੀ ਚਾਹ ਨਾਲ ਤਾਜ਼ਾ ਸਮੋਸੇ, ਪਕੌੜੇ, ਸਪਰਿੰਗ ਰੋਲ ਤੇ ਤੁਹਾਡੀ ਮਨਪਸੰਦ ਮਿਠਿਆਈ ਬਹੁਤ ਰਿਆਇਤੀ ਭਾਅ ਤੇ ਉਪਲਬਧ ਕਰਦੇ ਹਾਂ !

ਅੱਜ ਹੀ ਸੰਪਰਕ ਕਰੋ ਤੇ ਖਾਣਿਆਂ ਦੇ ਬਾਦਸ਼ਾਹ ਸਵ: ਉਮਰਾਓ ਅਟਵਾਲ ਦੇ 40 ਸਾਲਾ ਤਜ਼ਰਬੇ ਦਾ ਲਾਭ ਉਠਾਓ

ਯੂ.ਕੇ. 'ਚ ਲੱਡੂਆਂ ਦੇ ਸਭ ਤੋਂ ਮਾਹਿਰ




ਸਵ: ਸ੍ਰ. ਉਮਰਾਓ ਅਟਵਾਲ

KINGSWAY BANQUETING SUITE
270-272 BATH ROAD, HOUNSLOW, MIDDLESEX, TW4 7DF.
(OPP. HOUNSLOW WEST TUBE STATION)
TEL: 020 8570 8351
Email: Kingswaylondon@icloud.com, www.kingswaybanqueting.com

# ਆਸਾਮ ਸਰਕਾਰ 'ਤੇ ਈਸਾਈ ਭਾਈਚਾਰੇ ਨੂੰ ਨਿਸ਼ਾਨਾ ਬਣਾਉਣ ਦੇ ਲਗੇ ਦੋਸ਼

## ਪੁਲੀਸ ਵੱਲੋਂ ਚਰਚਾਂ ਬਾਰੇ ਪ੍ਰਸਤਾਵਿਤ ਸਰਵੇਖਣ ਦਾ ਮਕਸਦ ਈਸਾਈਆਂ ਨੂੰ ਡਰਾਉਣਾ-ਕੈਥੋਲਿਕ ਐਸੋਸੀਏਸ਼ਨ ਆਫ ਸ਼ਿਲਾਂਗ



ਹਾਲ ਹੀ ਦੇ ਸਾਲਾਂ ਵਿਚ ਅਸਾਮ ਦੀ ਮੌਜੂਦਾ ਸਰਕਾਰ 'ਤੇ ਕਥਿਤ ਤੌਰ 'ਤੇ ਘੱਟ ਗਿਣਤੀਆਂ ਨੂੰ ਨਿਸ਼ਾਨਾ ਬਣਾਉਣ ਦੇ ਦੋਸ਼ ਲੱਗੇ ਹਨ। ਇਲਜ਼ਾਮ ਹੈ ਕਿ ਪਹਿਲਾਂ ਸਰਕਾਰ ਅਤੇ ਹਿੰਦੂਤਵੀ ਸੰਗਠਨਾਂ ਨੇ ਮੁਸਲਮਾਨਾਂ ਨੂੰ ਨਿਸ਼ਾਨਾ ਬਣਾਇਆ ਅਤੇ ਹੁਣ ਈਸਾਈ ਭਾਈਚਾਰਾ ਉਨ੍ਹਾਂ ਦੇ ਨਿਸ਼ਾਨੇ ਉਪਰ ਹੈ। ਉੱਤਰ-ਪੂਰਬੀ ਰਾਜ ਅਸਾਮ ਦੀ ਮੌਜੂਦਾ ਸਰਕਾਰ ਦੀ ਹਾਲ ਹੀ ਦੇ ਸਾਲਾਂ ਵਿੱਚ ਕਥਿਤ ਤੌਰ 'ਤੇ ਘੱਟ ਗਿਣਤੀਆਂ ਨੂੰ ਨਿਸ਼ਾਨਾ ਬਣਾਉਣ ਲਈ ਆਲੋਚਨਾ ਕੀਤੀ ਗਈ ਸੀ। ਬੀਤੇ ਮਹੀਨੇ ਕੁਝ ਹਿੰਦੂਤਵੀ ਜਥੇਬੰਦੀਆਂ ਨੇ ਸਰਕਾਰ ਨੂੰ ਅਪੀਲ ਕੀਤੀ ਸੀ ਕਿ ਮਿਸ਼ਨਰੀ ਸਕੂਲਾਂ ਵਿੱਚੋਂ ਧਾਰਮਿਕ ਚਿੰਨ੍ਹ ਅਤੇ ਮੂਰਤੀਆਂ ਹਟਾ ਕੇ ਸਰਸਵਤੀ ਪੂਜਾ ਸ਼ੁਰੂ ਕੀਤੀ ਜਾਵੇ। ਇਸਾਈ ਸੰਗਠਨਾਂ ਨੇ ਇਸ ਦਾ ਸਖ਼ਤ ਵਿਰੋਧ ਕੀਤਾ ਸੀ। ਆਸਾਮ ਵਿੱਚ ਈਸਾਈਆਂ ਦੀ ਆਬਾਦੀ ਲਗਭਗ 3.74 ਪ੍ਰਤੀਸ਼ਤ ਹੈ। ਸੂਬੇ ਵਿੱਚ 300 ਤੋਂ ਵੱਧ ਮਿਸ਼ਨਰੀ ਸਕੂਲ ਹਨ।

ਸੂਬਾ ਪੁਲਿਸ ਨੇ ਕੈਥੋਲਿਕ ਭਾਈਚਾਰੇ, ਉਨ੍ਹਾਂ ਦੇ ਚਰਚਾਂ, ਸੰਸਥਾਵਾਂ ਅਤੇ ਧਰਮ ਪਰਿਵਰਤਨ ਬਾਰੇ ਸਰਵੇਖਣ ਸ਼ੁਰੂ ਕੀਤਾ ਹੈ। ਸੂਬੇ ਦੇ ਈਸਾਈ ਭਾਈਚਾਰੇ ਨੇ ਇਸ ਵਿੱਚ ਸਹਿਯੋਗ ਨਾ ਦੇਣ ਦਾ ਫੈਸਲਾ ਕੀਤਾ ਹੈ। ਗੁਹਾਟੀ ਜਨਮੂਲਾਚਿਰਾ ਦੇ ਆਰਚਬਿਸ਼ਪ ਨੇ ਕਿਹਾ ਹੈ ਕਿ ਅਸਾਮ ਪੁਲਿਸ ਵੱਲੋਂ ਪਿਛਲੇ ਸਾਲ 16 ਦਸੰਬਰ ਤੋਂ ਜਾਰੀ ਕੀਤਾ ਸਰਕੂਲਰ ਪੱਖਪਾਤੀ ਹੈ। ਉਨ੍ਹਾਂ ਦੋਸ਼ ਲਾਇਆ ਕਿ ਇਸ ਰਾਹੀਂ ਚਰਚ ਦੀਆਂ ਗਤੀਵਿਧੀਆਂ ਨੂੰ ਨਿਸ਼ਾਨਾ ਬਣਾਇਆ ਗਿਆ ਹੈ। ਪੁਲਿਸ ਵੱਲੋਂ ਜਾਰੀ ਕੀਤੇ ਗਏ ਸਰਕੂਲਰ ਵਿੱਚ ਪਿਛਲੇ ਇੱਕ ਸਾਲ ਦੌਰਾਨ ਬਣਾਏ ਗਏ ਨਵੇਂ ਚਰਚਾਂ ਦੀ ਗਿਣਤੀ ਦੇ ਨਾਲ-ਨਾਲ ਪਿਛਲੇ ਛੇ ਸਾਲਾਂ ਦੌਰਾਨ ਹੋਏ ਧਰਮ ਪਰਿਵਰਤਨ ਅਤੇ ਧਰਮ ਪਰਿਵਰਤਨ ਦੇ ਕਾਰਨਾਂ ਬਾਰੇ ਵੇਰਵੇ ਦੇਣ ਲਈ ਕਿਹਾ ਗਿਆ ਸੀ। ਧਰਮ ਪਰਿਵਰਤਨ ਲਈ ਕੰਮ ਕਰਨ ਵਾਲੇ ਲੋਕਾਂ ਦੀ ਪਛਾਣ ਦਸਣ ਲਈ ਕਿਹਾ ਸੀ।

ਅਸਾਮ ਕ੍ਰਿਸ਼ਚੀਅਨ ਫੋਰਮ ਦੇ ਬੁਲਾਰੇ ਐਲਨ ਬਰੂਕਸ ਨੇ ਸਵਾਲ ਕੀਤਾ, "ਰਾਜ ਵਿੱਚ ਸਿਰਫ਼ ਈਸਾਈਆਂ ਨੂੰ ਹੀ ਨਿਸ਼ਾਨਾ ਕਿਉਂ ਬਣਾਇਆ ਜਾ ਰਿਹਾ ਹੈ? ਮੰਦਰਾਂ, ਮਸਜਿਦਾਂ ਅਤੇ ਹੋਰ ਧਾਰਮਿਕ ਸੰਸਥਾਵਾਂ ਦੇ ਵੇਰਵੇ ਕਿਉਂ ਇਕੱਠੇ ਨਹੀਂ ਕੀਤੇ ਜਾ ਰਹੇ ਹਨ?"

ਮੇਘਾਲਿਆ ਦੇ ਕੈਥੋਲਿਕ ਐਸੋਸੀਏਸ਼ਨ ਆਫ ਸ਼ਿਲਾਂਗ ਨੇ ਵੀ ਹਿਮੰਤਾ ਸਰਕਾਰ 'ਤੇ ਈਸਾਈ ਭਾਈਚਾਰੇ ਪ੍ਰਤੀ ਪੱਖਪਾਤੀ ਰਵੱਈਆ ਅਪਣਾਉਣ ਦਾ ਦੋਸ਼ ਲਗਾਇਆ ਹੈ। ਜਥੇਬੰਦੀ ਵੱਲੋਂ ਜਾਰੀ ਬਿਆਨ ਵਿੱਚ ਕਿਹਾ ਗਿਆ ਹੈ ਕਿ ਪੁਲੀਸ ਵੱਲੋਂ ਚਰਚ ਦੀਆਂ ਗਤੀਵਿਧੀਆਂ ਦੇ ਵੇਰਵੇ ਇਕੱਠੇ ਕਰਨ ਲਈ ਪ੍ਰਸਤਾਵਿਤ ਸਰਵੇਖਣ ਦਾ ਮਕਸਦ ਈਸਾਈਆਂ ਨੂੰ ਡਰਾਉਣਾ ਅਤੇ ਪ੍ਰੇਸ਼ਾਨ ਕਰਨਾ ਹੈ।

ਈਸਾਈ ਭਾਈਚਾਰੇ ਦੇ ਵਧਦੇ ਵਿਰੋਧ ਤੋਂ ਬਾਅਦ ਮੁੱਖ ਮੰਤਰੀ ਹਿਮੰਤ ਬਿਸਵਾ ਸਰਮਾ ਨੇ ਕਿਹਾ ਹੈ ਕਿ ਇਹ ਪੁਲਿਸ ਦਾ ਮਾਮਲਾ ਹੈ ਅਤੇ ਉਨ੍ਹਾਂ ਦਾ ਇਸ ਨਾਲ ਕੋਈ ਲੈਣਾ-ਦੇਣਾ ਨਹੀਂ ਹੈ। ਸੱਤਾਧਾਰੀ ਭਾਜਪਾ ਦੇ ਆਗੂਆਂ ਨੇ ਇਹ ਵੀ ਕਿਹਾ ਹੈ ਕਿ ਪ੍ਰਸ਼ਾਸਨ ਰਾਜ ਵਿੱਚ ਈਸਾਈਆਂ ਦੀਆਂ ਗਤੀਵਿਧੀਆਂ ਦਾ ਸਰਵੇਖਣ ਕਰਨ ਦੇ ਹੱਕ ਵਿੱਚ ਨਹੀਂ ਹੈ।

ਦੂਜੇ ਪਾਸੇ ਇਸ ਮੁੱਦੇ 'ਤੇ ਚੱਲ ਰਹੇ ਵਿਵਾਦ ਦਰਮਿਆਨ 'ਕੁਟੁੰਬ ਸੁਰੱਖਿਆ ਪ੍ਰੀਸ਼ਦ' ਨਾਂ ਦੀ ਕੱਟੜ ਹਿੰਦੂਤਵੀ ਜਥੇਬੰਦੀ ਨੇ ਮਿਸ਼ਨਰੀ ਸਕੂਲਾਂ ਵਿਚੋਂ ਸਾਰੇ ਧਾਰਮਿਕ ਚਿੰਨ੍ਹ ਅਤੇ ਮੂਰਤੀਆਂ ਹਟਾਉਣ ਦੀਆਂ ਹਦਾਇਤਾਂ ਦੇ ਕੇ ਸਕੂਲ ਪ੍ਰਬੰਧਕਾਂ ਅਤੇ ਚਰਚ ਦੀ ਚਿੰਤਾ ਵਧਾ ਦਿੱਤੀ ਹੈ। ਅਜਿਹੇ ਕਈ ਸਕੂਲਾਂ ਦੇ ਪ੍ਰਿੰਸੀਪਲਾਂ ਨੇ ਸਥਾਨਕ ਪੁਲੀਸ ਨੂੰ ਪੱਤਰ ਲਿਖ ਕੇ ਸੁਰੱਖਿਆ ਦੀ ਮੰਗ ਕੀਤੀ ਹੈ।

ਸੰਸਥਾ ਦੇ ਮੁਖੀ ਸੱਤਿਆ ਰੰਜਨ ਬੋਰਾ ਨੇ 7 ਫਰਵਰੀ ਨੂੰ ਇੱਕ ਪ੍ਰੈਸ ਕਾਨਫਰੰਸ ਵਿੱਚ ਕਿਹਾ ਸੀ ਕਿ ਸਾਰੇ ਮਿਸ਼ਨਰੀ ਸਕੂਲਾਂ ਵਿੱਚ ਧਾਰਮਿਕ ਚਿੰਨ੍ਹ, ਯਿਸੂ ਮਸੀਹ ਅਤੇ ਮਰੀਅਮ ਦੀਆਂ ਮੂਰਤੀਆਂ ਅਤੇ ਇਮਾਰਤਾਂ ਦੇ ਅੰਦਰਲੇ ਚਰਚਾਂ ਨੂੰ ਹਟਾਉਣਾ ਹੋਵੇਗਾ। ਉਨ੍ਹਾਂ ਸਵੇਰ ਦੀ ਪਰੇਅਰ ਅਤੇ ਅਧਿਆਪਕਾਂ ਦੇ ਪਹਿਰਾਵੇ ਨੂੰ ਬਦਲਣ ਦੀ ਗੱਲ ਵੀ ਕੀਤੀ। ਬੋਰਾ ਨੇ ਕਿਹਾ, "ਇਸਾਈ ਮਿਸ਼ਨਰੀ ਸਕੂਲਾਂ ਅਤੇ ਵਿਦਿਅਕ ਅਦਾਰਿਆਂ ਨੂੰ ਧਾਰਮਿਕ ਸੰਸਥਾਵਾਂ ਵਿੱਚ ਤਬਦੀਲ ਕਰ ਰਹੇ ਹਨ। ਅਸੀਂ ਅਜਿਹਾ ਨਹੀਂ ਹੋਣ ਦੇਵਾਂਗੇ।" ਸੰਗਠਨ ਨੇ ਚੇਤਾਵਨੀ ਦਿੱਤੀ ਸੀ ਕਿ ਇਸ ਹਦਾਇਤ ਦੀ ਪਾਲਣਾ ਨਾ ਕਰਨ ਵਾਲਿਆਂ ਨੂੰ ਬਖਸ਼ਿਆ ਨਹੀਂ ਜਾਵੇਗਾ ਅਤੇ ਅਜਿਹੇ ਅਦਾਰੇ ਨਤੀਜਿਆਂ ਲਈ ਜ਼ਿੰਮੇਵਾਰ ਹੋਣਗੇ।"




ਈਸਾਈ ਸਕੂਲਾਂ ਵਲੋਂ ਸੂਬਾ ਪੁਲਿਸ ਨੂੰ ਪੱਤਰ ਭੇਜਿਆ ਗਿਆ ਸੀ। ਪੁਲਿਸ ਦੇ ਡਾਇਰੈਕਟਰ ਜਨਰਲ ਜੀ.ਪੀ. ਸਿੰਘ ਨੇ ਪੱਤਰਕਾਰਾਂ ਨੂੰ ਦੱਸਿਆ ਕਿ ਉਨ੍ਹਾਂ ਨੇ ਜ਼ਿਲ੍ਹਾ ਪੁਲਿਸ ਨੂੰ ਇਸ ਗੱਲ ਦਾ ਧਿਆਨ ਰੱਖਣ ਦੀ ਸਲਾਹ ਦਿੱਤੀ ਹੈ ਕਿ ਕੋਈ ਅਣਸੁਖਾਵੀਂ ਘਟਨਾ ਨਾ ਵਾਪਰੇ।

ਉਕਤ ਸੰਗਠਨ ਦੇ ਅਲਟੀਮੇਟਮ ਦੀ ਸਮੇਂ ਦੀ ਹੱਦ ਲੰਘਣ ਤੋਂ ਬਾਅਦ, ਸਮਿਤ ਨਾਂ ਦੀ ਇਕ ਹੋਰ ਸੰਸਥਾ ਸਨਾਤਨ ਸਮਾਜ ਵਲੋਂ ਸ਼ਿਵਸਾਗਰ, ਤਿਨਸੁਕੀਆ ਅਤੇ ਜੋਰਹਾਟ ਸਮੇਤ ਉੱਪਰੀ ਅਸਾਮ ਦੇ ਕੁਝ ਜ਼ਿਲ੍ਹਿਆਂ ਦੇ ਮਿਸ਼ਨਰੀ ਸਕੂਲਾਂ ਦੀਆਂ ਕੰਧਾਂ 'ਤੇ ਲਗਭਗ ਇੱਕੋ ਜਿਹੀ ਮੰਗ ਵਾਲੇ ਚੇਤਾਵਨੀ ਪੋਸਟਰ ਲਗਾਏ ਗਏ ਹਨ। ਇਸ ਤੋਂ ਬਾਅਦ ਕਾਰਮਲ ਸਕੂਲ, ਜੋਰਹਾਟ ਦੀ ਪ੍ਰਿੰਸੀਪਲ ਸਿਸਟਰ ਰੋਜ਼ ਫਾਤਿਮਾ ਨੇ ਸਥਾਨਕ ਪੁਲਸ ਨੂੰ ਪੱਤਰ ਭੇਜ ਕੇ ਸੁਰੱਖਿਆ ਦੀ ਮੰਗ ਕੀਤੀ ਹੈ। ਪ੍ਰਿੰਸੀਪਲ ਫਾਤਿਮਾ ਦਾ ਕਹਿਣਾ ਹੈ ਕਿ ਇਸ ਘਟਨਾ ਨਾਲ ਸਕੂਲ ਦੇ ਵਿੱਚ ਦਹਿਸ਼ਤ ਦਾ ਮਾਹੌਲ ਬਣ ਗਿਆ ਸੀ।

ਅਸਾਮ ਕ੍ਰਿਸ਼ਚੀਅਨ ਫੋਰਮ ਦੇ ਬੁਲਾਰੇ ਐਲਨ ਬਰੂਕਸ ਦਾ ਕਹਿਣਾ ਹੈ ਕਿ ਪ੍ਰਿੰਸੀਪਲਾਂ ਵੱਲੋਂ ਭੇਜੇ ਪੱਤਰ ਪ੍ਰਤੀ ਪੁਲੀਸ ਦਾ ਰਵੱਈਆ ਹਾਂ-ਪੱਖੀ ਹੈ ਪਰ ਸਰਕਾਰ ਇਸ ਮਾਮਲੇ ਵਿੱਚ ਉਚਿਤ ਕਾਰਵਾਈ ਨਹੀਂ ਕਰ ਰਹੀ। ਬਹੁਤ ਸਾਰੇ ਮਾਮਲਿਆਂ ਵਿੱਚ, ਲੋਕਾਂ ਨੂੰ ਸਿਰਫ ਇੱਕ ਫੇਸਬੁੱਕ ਪੋਸਟ ਲਈ ਗ੍ਰਿਫਤਾਰ ਕੀਤਾ ਜਾਂਦਾ ਹੈ। ਪਰ ਇਸ ਮਾਮਲੇ ਵਿਚ ਕੁਝ ਭਗਵੇਂ ਸੰਗਠਨ ਖੁੱਲ੍ਹੇਆਮ ਈਸਾਈ ਵਰਗ 'ਤੇ ਹਮਲਾ ਕਰ ਰਹੇ ਹਨ ਅਤੇ ਜ਼ਹਿਰ ਉਗਲ ਰਹੇ ਹਨ। ਇਸ ਦੇ ਬਾਵਜੂਦ ਸਰਕਾਰ ਨੇ ਚੁੱਪ ਧਾਰੀ ਰੱਖੀ ਹੈ।

ਪੰਜਾਬ ਟਾਈਮਜ਼ ਅਨੁਸਾਰ ਹੁਣ ਈਸਾਈ ਆਗੂ ਇਸ ਮੁੱਦੇ 'ਤੇ ਮੁੱਖ ਮੰਤਰੀ ਨੂੰ ਮਿਲ ਕੇ ਉਨ੍ਹਾਂ ਨੂੰ ਆਪਣੀਆਂ ਚਿੰਤਾਵਾਂ ਤੋਂ ਜਾਣੂ ਕਰਵਾਉਣ 'ਤੇ ਵਿਚਾਰ ਕਰ ਰਹੇ ਹਨ। ਇਨ੍ਹਾਂ ਨੁਮਾਇੰਦਿਆਂ ਦਾ ਕਹਿਣਾ ਹੈ ਕਿ ਹਾਲ ਹੀ ਦੇ ਸਾਲਾਂ ਵਿਚ ਉੱਤਰ-ਪੂਰਬ ਵਿਚ ਹਿੰਦੂਤਵੀ ਸਮੂਹਾਂ ਦੇ ਵਧਦੇ ਦਬਦਬੇ ਤੋਂ ਬਾਅਦ ਇਸਾਈ ਧਰਮ ਅਤੇ ਮਿਸ਼ਨਰੀ ਗਤੀਵਿਧੀਆਂ ਨੂੰ ਖ਼ਤਰਾ ਵਧ ਗਿਆ ਹੈ। ਹੁਣ ਇਹ ਕੂੜ ਪ੍ਰਚਾਰ ਚੱਲ ਰਿਹਾ ਹੈ ਕਿ ਇਸਾਈ ਆਗੂ ਇਲਾਕੇ ਦੇ ਆਦਿਵਾਸੀਆਂ ਨੂੰ ਧਰਮ ਪਰਿਵਰਤਨ ਕਰਨ ਵਿੱਚ ਲੱਗੇ ਹੋਏ ਹਨ। ਈਸਾਈ ਨੇਤਾਵਾਂ ਦਾ ਤਰਕ ਹੈ ਕਿ ਸੰਵਿਧਾਨ ਦੇ ਤਹਿਤ ਹਰ ਕਿਸੇ ਨੂੰ ਆਪਣੇ ਧਰਮ ਦਾ ਪਾਲਣ ਕਰਨ ਦਾ ਅਧਿਕਾਰ ਹੈ। ਅਜਿਹੀ ਸਥਿਤੀ ਵਿੱਚ ਵੱਖ-ਵੱਖ ਜਥੇਬੰਦੀਆਂ ਵੱਲੋਂ ਮਿਲ ਰਹੀਆਂ ਧਮਕੀਆਂ ਇਸ ਸੰਵਿਧਾਨਕ ਅਧਿਕਾਰ ਦੀ ਉਲੰਘਣਾ ਹੈ। ਪਰ ਇਹ ਸਭ ਕੁਝ ਦੇਖਣ ਦੇ ਬਾਵਜੂਦ ਵੀ ਸਰਕਾਰ ਅਤੇ ਪੁਲਿਸ ਅਜਿਹੇ ਅਨਸਰਾਂ ਖਿਲਾਫ ਕੋਈ ਕਾਰਵਾਈ ਨਹੀਂ ਕਰ ਰਹੀ ਹੈ।

ਸੋਸ਼ਲ ਮੀਡੀਆ ਉਤੇ ਬਹੁਤ ਸਾਰੀਆਂ ਝੂਠੀਆਂ ਖ਼ਬਰਾਂ ਹੁੰਦੀਆਂ ਹਨ, ਇਹਨਾਂ ਉਤੇ ਵਿਸ਼ਵਾਸ ਨਾ ਕਰੋ ਅਤੇ ਹੋਰ ਕਿਸੇ ਨੂੰ ਅੱਗੇ ਨਾ ਭੇਜੋ। ਜਿਵੇਂ ਕੋਈ ਚਾਹੁੰਦਾ ਹੈ, ਤੱਥਾਂ ਦੇ ਬਿਨਾ ਆਪਣੀ ਖ਼ਬਰ ਸੋਸ਼ਲ ਮੀਡੀਆ ਉਤੇ ਪਾ ਦਿੰਦਾ ਹੈ।

# ਅਮਰੀਕਾ ਸਿਰ ਕਰਜਾ 34.14 ਖਰਬ ਡਾਲਰ ਤਕ ਪਹੁੰਚਿਆ

**ਵਿਸ਼ੇਸ਼ ਰਿਪੋਟ** ◌ ਸਰਕਾਰ ਪਖੀ ਬੌਧਿਕ ਹਲਕੇ ਫਿਕਰ ਵਿਚ ◌ ਡਿਮਨ ਦੀ ਚਿਤਾਵਨੀ ਕਿ ਅਮਰੀਕਾ ਦਾ ਵਧੇ ਕਰਜ਼ੇ ਕਾਰਣ ਸੰਸਾਰ ਦਾ ਅਰਥਚਾਰਾ ਪੈ ਸਕਦਾ ਹੈ ਸੰਕਟ ਵਿਚ




ਦੁਨੀਆਂ ਦੇ ਸਭ ਤੋਂ ਵੱਡੇ ਅਰਥਚਾਰੇ ਸੰਯੁਕਤ ਰਾਜ ਅਮਰੀਕਾ (ਅੱਗੇ ਸਿਰਫ ਅਮਰੀਕਾ) ਦੇ ਵਧਦੇ ਕਰਜੇ ਬਾਰੇ ਹਾਕਮ ਘੇਰਿਆਂ ਦੀਆਂ ਫਿਕਰਾਂ ਲਗਾਤਾਰ ਵਧਦੀਆਂ ਜਾ ਰਹੀਆਂ ਹਨ। ਦੁਨੀਆਂ ਦੇ ਸਭ ਤੋਂ ਵੱਡੇ ਅਮਰੀਕੀ ਬੈਂਕ ਜੇਪੀ ਮੌਰਗਨ ਚੇਸ ਦੇ ਮੌਜੂਦਾ ਮੁਖੀ ਜੇਮੀ ਡਿਮਨ ਨੇ ਪਿਛਲੇ ਦਿਨੀਂ ਚਿਤਾਵਨੀ ਦੇ ਕੇ ਕਿਹਾ ਕਿ ਅਮਰੀਕਾ ਦਾ ਮਣਾਮੂੰਹੀਂ ਵਧਿਆ ਕਰਜ ਗੁਬਾਰਾ ਆਉਂਦੇ ਸਮੇਂ ਫਟ ਸਕਦਾ ਹੈ ਤੇ ਇਹ ਆਪਣੇ ਕਲਾਵੇ ਵਿੱਚ ਪੂਰੇ ਸੰਸਾਰ ਦੇ ਅਰਥਚਾਰੇ ਨੂੰ ਲੈ ਸਕਦਾ ਹੈ। ਜਿਕਰਯੋਗ ਹੈ ਕਿ ਇਸ ਵੇਲ਼ੇ ਅਮਰੀਕਾ ਦਾ ਕਰਜਾ 34.14 ਖਰਬ ਡਾਲਰ ਨੂੰ ਪਹੁੰਚ ਚੁੱਕਾ ਹੈ ਤੇ ਇਹ ਅਮਰੀਕਾ ਦੀ ਕੁੱਲ ਘਰੇਲੂ ਪੈਦਾਵਾਰ ਦਾ 120% ਹੈ। ਅਜਿਹਾ ਨਹੀਂ ਕਿ ਅਮਰੀਕੀ ਅਰਥਚਾਰੇ ਬਾਰੇ ਅਜਿਹੀ ਸੁਰ ਹੁਣੇ ਸਾਹਮਣੇ ਆਈ ਹੈ। ਨਵੰਬਰ 2023 ਵਿੱਚ ਹੀ ਪ੍ਰਸਿੱਧ ਰੇਟਿੰਗ ਏਜੰਸੀ ਮੂਡੀਸ ਨੇ ਅਮਰੀਕਾ ਦੀ ਦੇਣਦਾਰੀ ਦਰਜਾਬੰਦੀ ਸਥਿਰ ਤੋਂ ਘਟਾਕੇ ਮਨਫੀ ਕਰ ਦਿੱਤੀ ਸੀ ਤੇ ਪਹਿਲੋਂ ਅਗਸਤ ਵਿੱਚ ਫਿੱਚ ਏਜੰਸੀ ਨੇ ਇਹ 111 ਤੋਂ ਘਟਾਕੇ 11+ ਕਰ ਦਿੱਤੀ ਸੀ। ਅਮਰੀਕਾ ਦਾ ਵਧ ਰਿਹਾ ਕਰਜਾ ਤੇ ਇਸ ਗੁਬਾਰੇ ਦੇ ਫਟਣ ਦੀਆਂ ਕਿਆਸਰਾਈਆਂ ਅਸਲ ਵਿੱਚ ਅਜੋਕੇ ਸਰਮਾਏਦਾਰਾ ਢਾਂਚੇ ਦੇ ਨਿਘਰ ਜਾਣ ਦੀ ਹੀ ਉੱਘੜਵੀਂ ਨਿਸ਼ਾਨੀ ਹੈ।

## ਕਿਉਂ ਵਧ ਰਿਹਾ ਹੈ ਅਮਰੀਕਾ ਸਿਰ ਕਰਜਾ?

ਦੁਨੀਆਂ ਭਰ ਵਿੱਚ ਆਰਥਿਕ ਮਾਹਿਰਾਂ ਦੇ ਇੱਕ ਹਿੱਸੇ ਵੱਲੋਂ ਅਮਰੀਕਾ ਦੇ ਕਰਜੇ ਦੇ ਐਨਾ ਵਧਣ ਪਿੱਛੇ ਤਿੰਨ ਮਦਾਂ ਉੱਪਰ ਵਧੇ ਖਰਚੇ ਨੂੰ ਜਿੰਮੇਵਾਰ ਦੱਸਿਆ ਜਾ ਰਿਹਾ ਹੈ। ਇਹ ਮਦਾਂ ਹਨ; ਪਹਿਲਾ, ਅਮਰੀਕਾ ਵਿੱਚ ਕਾਰਪੋਰੇਟਾਂ ਨੂੰ ਖਰਬਾਂ ਡਾਲਰਾਂ ਦੀਆਂ ਦਿੱਤੀਆਂ ਸਬਸਿਡੀਆਂ ਤੇ ਕਰ ਛੋਟਾਂ, ਦੂਸਰਾ ਦਿਵਾਲੀਆ ਹੋਏ ਬੈਂਕਾਂ ਨੂੰ ਬਚਾਉਣ ਲਈ ਉਹਨਾਂ ਨੂੰ ਜਾਰੀ ਕੀਤੀਆਂ ਰਕਮਾਂ ਤੇ ਤੀਸਰਾ ਫੌਜੀ ਖਰਚਿਆਂ ਵਿੱਚ ਰਿਕਾਰਡ ਤੋੜ ਵਾਧਾ। ਓਬਾਮਾ ਦੀ ਹਕੂਮਤ ਦੌਰਾਨ 2011 ਵਿੱਚ ਜਦ ਕਰਜਾ ਹੱਦ ਵਧਾਈ ਗਈ ਸੀ, ਉਦੋਂ ਤੋਂ ਲੈਕੇ 2023 ਤੱਕ ਕਾਰਪੋਰੇਟ ਕਰਾਂ ਵਿੱਚ 60% ਗਿਰਾਵਟ ਆਈ ਹੈ। ਦੂਜੇ ਪਾਸੇ, ਸਿਰਫ 2022 ਵਿੱਚ ਹੀ ਅਮਰੀਕੀ ਸਰਕਾਰ ਨੇ ਫੌਜੀ ਖਰਚਿਆਂ ਉੱਤੇ 1 ਖਰਬ ਅਮਰੀਕੀ ਡਾਲਰ ਤੋਂ ਵੱਧ ਖਰਚਾ ਕੀਤਾ। ਬੀਤੇ ਦੋ ਸਾਲਾਂ ਵਿੱਚ ਹੀ ਸਾਮਰਾਜੀ ਅਮਰੀਕਾ ਵੱਲੋਂ ਯੂਕਰੇਨ ਨੂੰ ਅਰਬਾਂ ਡਾਲਰ ਦੇ ਹਥਿਆਰ ਵੀ ਭੇਜੇ ਗਏ ਹਨ। ਜਾਹਰ ਹੈ ਐਨੇ ਵੱਡੇ ਫੌਜੀ ਖਰਚੇ ਸਾਮਰਾਜੀ ਅਮਰੀਕਾ ਵੱਲੋਂ ਦੁਨੀਆਂ ਭਰ ਵਿੱਚ ਆਪਣੀ ਧੌਂਸ ਕਾਇਮ ਰੱਖਣ ਲਈ ਕੀਤੇ ਜਾਂਦੇ ਹਨ ਜਿਸ ਤਹਿਤ ਅਤਿ-ਆਧੁਨਿਕ ਹਥਿਆਰ ਬਣਾਉਣੇ, ਸਾਮਰਾਜੀ ਦਬਦਬੇ ਲਈ ਲੜੀਆਂ ਜਾਂਦੀਆਂ ਜੰਗਾਂ, ਦੁਨੀਆਂ ਭਰ ਵਿੱਚ ਕਾਇਮ ਆਪਣੇ ਫੌਜੀ ਅੱਡਿਆਂ ਦੀ ਸੰਭਾਲ ਆਦਿ ਦਾ ਖਰਚਾ ਸ਼ਾਮਲ ਹੈ।

ਅਸਲ ਵਿੱਚ ਇਹਨਾਂ ਤਿੰਨਾਂ ਮਦਾਂ ਉੱਤੇ ਖਰਚੇ ਵਧਣ ਪਿੱਛੇ ਮੂਲ ਕਾਰਨ ਸਰਮਾਏ ਉੱਤੇ ਮੁਨਾਫੇ ਦੀ ਦਰ ਦਾ ਕਾਫੀ ਹੇਠਾਂ ਆਉਣਾ ਹੈ। ਮੁਨਾਫੇ ਦੀ ਦਰ ਦੇ ਕਾਫੀ ਹੇਠਾਂ ਆਉਣ ਤੇ ਆਰਥਿਕ ਸੰਕਟ ਦੇ ਸਿਰ ਉੱਤੇ ਮੰਡਰਾਉਣ ਦਾ ਹੀ ਪ੍ਰਗਟਾਵਾ ਦੁਨੀਆਂ ਭਰ ਵਿੱਚ ਸਾਮਰਾਜੀ ਖਹਿਭੇੜ ਦੇ ਵਧੇਰੇ ਤਿੱਖੇ ਹੋਣ ਵਿੱਚ ਨਿੱਕਲ਼ਿਆ ਹੈ ਜਿਸ ਨੇ ਅਮਰੀਕਾ ਨੂੰ ਆਪਣੇ ਮੁਨਾਫੇ ਦੇ ਇੱਕ ਅਹਿਮ ਸਰੋਤ, ਇਹਦੇ ਅਧਾਰ ਖੇਤਰਾਂ ਵਿੱਚ ਚੀਨ-ਰੂਸ ਧੁਰੀ ਦੇ ਦਖਲ ਨੂੰ ਰੋਕਣ ਲਈ ਫੌਜੀ ਖਰਚੇ ਵਧਾਉਣ ਵੱਲ ਧੱਕਿਆ ਹੈ। ਇਹਨਾਂ ਡਿੱਗ ਰਹੇ ਮੁਨਾਫਿਆਂ ਨੂੰ ਬਹਾਲ ਕਰਨ ਲਈ ਹੀ ਅਮਰੀਕੀ ਸਰਕਾਰ ਨੇ ਅਜਾਰੇਦਾਰ ਸਰਮਾਏ ਨੂੰ ਕਰਾਂ ਵਿੱਚ ਵੱਡੀ ਰਾਹਤ ਦਿੱਤੀ ਹੈ, ਉਸਨੂੰ ਸਬਸਿਡੀਆਂ ਦਿੱਤੀਆਂ ਹਨ, ਬੈਂਕਾਂ ਨੂੰ ਡੁੱਬਣ ਤੋਂ ਬਚਾਉਣ ਲਈ ਅਰਬਾਂ ਡਾਲਰ ਜਾਰੀ ਕੀਤੇ ਹਨ। ਦੂਜੇ ਪਾਸੇ, ਇਸ ਵਧੇ ਖਰਚੇ ਨੂੰ ਪੂਰਨ ਲਈ ਅਮਰੀਕੀ ਸਰਕਾਰ ਆਮ ਲੋਕਾਂ ਨੂੰ ਮਿਲਦੀਆਂ ਸਹੂਲਤਾਂ ਉੱਤੇ ਕੱਟ ਲਾ ਰਹੀ ਹੈ, ਲੋਕਾਂ ਸਿਰ ਬੋਝ ਵਧਾ ਰਹੀ ਹੈ। ਸਰਕਾਰ ਦੀ ਕਰਜਾ ਹੱਦ ਨੂੰ ਵਧਾਉਣ ਬਹਾਨੇ ਡੈਮੋਕ੍ਰੇਟ ਤੇ ਰਿਪਬਲਿਕਨ ਪਾਰਟੀ ਦੀ ਆਪਸੀ ਸਹਿਮਤੀ ਨਾਲ਼ ਅਮਰੀਕੀ ਸਰਕਾਰ ਨੇ ਪਿਛਲੇ ਸਾਲ ਵਿੱਤੀ ਜਿੰਮੇਵਾਰੀ ਐਕਟ ਪਾਸ ਕੀਤਾ ਜਿਸ ਤਹਿਤ ਅਗਲੇ ਸਮੇਂ ਵਿੱਚ ਗੈਰ ਫੌਜੀ ਖਰਚਿਆਂ ਨੂੰ ਘਟਾਉਣਾ ਸਰਕਾਰ ਦੀ ਜਿੰਮੇਵਾਰੀ ਹੋਵੇਗੀ। 2024 ਤੇ 2025 ਲਈ ਇਸ ਐਕਟ ਤਹਿਤ ਇੱਕ ਹੱਦ ਤੋਂ ਵੱਧ ਗੈਰ ਫੌਜੀ ਖਰਚਿਆਂ ਉੱਤੇ ਸਰਕਾਰ ਖਰਚ ਨਹੀਂ ਕਰ ਸਕਦੀ। 30 ਅਰਬ ਅਮਰੀਕੀ ਡਾਲਰ ਜੋ ਲੋਕ ਭਲਾਈ ਸਕੀਮਾਂ ਉੱਤੇ ਖਰਚੇ ਜਾਣੇ ਸਨ ਤੇ ਕਰੋਨਾ ਕਾਲ ਤੋਂ ਵਰਤੇ ਨਹੀਂ ਗਏ ਸਨ ਉਹ ਹੁਣ ਇਹਨਾਂ ਸਕੀਮਾਂ ਲਈ ਨਹੀਂ ਵਰਤੇ ਜਾ ਸਕਦੇ। ਇੰਝ ਹੀ ਹੋਰ ਕਈ ਤਰੀਕਿਆਂ ਨਾਲ਼ ਇਸ ਐਕਟ ਰਾਹੀਂ ਲੋਕਾਂ ਉੱਤੇ ਖਰਚ ਹੋਣ ਵਾਲ਼ੀ ਰਕਮ ਉੱਤੇ ਅਮਰੀਕੀ ਸਰਕਾਰ ਨੇ ਕਾਟ ਲਾਈ ਹੈ। ਇਸ ਦਾ ਸਿੱਧਾ-ਸਿੱਧਾ ਮਤਲਬ ਗਰੀਬੀ, ਮਹਿੰਗਾਈ ਨਾਲ਼ ਜੂਝ ਰਹੀ ਅਮਰੀਕੀ ਲੋਕਾਈ ਉੱਤੇ ਬੋਝ ਹੋਰ ਵਧਣ ਵਾਲ਼ਾ ਹੈ।

ਪਰ ਹਾਕਮਾਂ ਦਾ ਚਾਕਰ ਮੀਡੀਆ ਇਸ ਵਧਦੇ ਕਰਜੇ ਲਈ ਆਮ ਲੋਕਾਂ ਉੱਤੇ ਹੀ ਦੋਸ਼ ਸੁੱਟ ਰਿਹਾ ਹੈ ਕਿ ਸਰਕਾਰ ਸਿਰ ਕਰਜਾ ਵਧਣ ਦਾ ਅਸਲ ਕਾਰਨ ਲੋਕ ਭਲਾਈ ਸਕੀਮਾਂ ਉੱਤੇ ਵਧਦਾ ਖਰਚਾ ਹੈ। ਚਾਹੇ ਡੈਮੋਕ੍ਰੇਟ ਪੱਖੀ ਮੀਡੀਆ ਹੋਵੇ ਭਾਵੇਂ ਰਿਪਬਲਿਕਨ ਪਾਰਟੀ ਪੱਖੀ ਮੀਡੀਆ ਜਾਂ ਅਖੌਤੀ ਨਿਰਪੱਖ ਮੀਡੀਆ ਇਹਨਾਂ ਸਾਰਿਆਂ ਨੇ ਹੀ ਅਮਰੀਕਾ ਦੀ ਲੋਕਾਈ ਨੂੰ ਮੁਫਤਖੋਰ ਕਹਿਕੇ ਭੰਡਦਿਆਂ ਉਹਨਾਂ ਨੂੰ ਸਰਕਾਰੀ ਖਜਾਨੇ ਸਿਰ ਬੋਝ ਦੱਸਿਆ ਹੈ। ਇਸ ਗੱਲ ਨੂੰ ਉਭਾਰਿਆ ਗਿਆ ਕਿ ਅਮਰੀਕੀ ਸਰਕਾਰ ਨੂੰ ਆਪਣਾ ਕੁੱਲ ਕਰਜਾ ਘਟਾਉਣ ਦੀ ਲੋੜ ਹੈ ਤੇ ਇਹ ਸਿੱਖਿਆ, ਸਿਹਤ, ਪੈਨਸ਼ਨ, ਬੇਰੁਜਗਾਰੀ ਭੱਤੇ, ਹੋਰ ਲੋਕ ਭਲਾਈ ਸਕੀਮਾਂ ਆਦਿ ਜਹੀਆਂ ਮਦਾਂ ਉੱਤੇ ਖਰਚਾ ਘਟਾਕੇ ਹੀ ਸੰਭਵ ਹੈ। ਅਮਰੀਕਾ ਦੇ ਲੱਗਭੱਗ ਸਾਰੇ ਦੇ ਸਾਰੇ ਮੁੱਖਧਾਰਾ ਮੀਡੀਆ ਨੇ ਹੀ ਸਾਮਰਾਜੀ ਜੰਗਾਂ ਉੱਤੇ ਹੋਣ ਵਾਲ਼ੇ ਫੌਜੀ ਖਰਚੇ, ਅਮੀਰਾਂ ਦੀਆਂ ਸਬਸਿਡੀਆਂ, ਕਾਰਪੋਰੇਟ ਟੈਕਸ ਵਿੱਚ ਛੋਟਾਂ, ਬੈਂਕਾਂ ਨੂੰ ਦਿਵਾਲ਼ੀਏ ਹੋਣ ਤੋਂ ਬਚਾਉਣ ਲਈ ਜਾਰੀ ਕੀਤੇ ਜਾਣ ਵਾਲ਼ੇ ਅਰਬਾਂ ਡਾਲਰਾਂ ਦੀ ਹਵਾ ਤੱਕ ਬਾਹਰ ਨਹੀਂ ਕੱਢੀ।

## ਭਾਰਤ ਉਪਰ ਵੀ ਅਮਰੀਕੀ ਅਰਥਚਾਰੇ ਦੇ ਸੰਕਟ ਦਾ ਪਵੇਗਾ ਪ੍ਰਭਾਵ

ਭਾਰਤੀ ਆਰਥਿਕਤਾ ਸੰਸਾਰ ਆਰਥਿਕਤਾ ਖਾਸ ਕਰਕੇ ਅਮਰੀਕਾ ਨਾਲ ਜੁੜੀ ਹੋਈ ਹੈ। ਇਹ ਜੋੜ ਵਸਤਾਂ/ਸੇਵਾਵਾਂ ਦੇ ਵਪਾਰ ਅਤੇ ਵਿੱਤੀ ਸਰਮਾਏ ਦੇ ਲੈਣ-ਦੇਣ ਨਾਲ ਬਣਿਆ ਹੋਇਆ ਹੈ। ਭਾਰਤ ਦੀ ਕੁੱਲ ਸਾਲਾਨਾ ਆਮਦਨ ਦਾ ਅੱਧੇ ਤੋਂ ਵੱਧ ਹਿੱਸਾ ਕੌਮਾਂਤਰੀ ਗੇੜ ਵਿਚ ਸ਼ਾਮਿਲ ਹੋ ਕੇ ਗੁਜ਼ਰਦਾ ਹੈ। ਸੰਸਾਰ ਆਰਥਿਕਤਾ ਦੇ ਚੰਗੇ ਅਤੇ ਬੁਰੇ ਪ੍ਰਭਾਵ ਭਾਰਤ ਉਪਰ ਕੌਮਾਂਤਰੀ ਵਪਾਰ ਅਤੇ ਗਲੋਬਲ ਵਿੱਤੀ ਸਰਮਾਏ ਦੇ ਸਰਹੱਦਾਂ ਤੋਂ ਪਾਰੋਂ ਦਾਖ਼ਲ ਹੋ ਜਾਂਦੇ ਹਨ। ਜੇ ਗਲੋਬਲ ਆਰਥਿਕਤਾ ਦਾ ਰੁਝਾਨ ਮੰਦੀ ਵੱਲ ਹੈ ਤਾਂ ਭਾਰਤ ਵੱਲੋਂ ਬਾਹਰ ਭੇਜਣ ਵਾਲੀਆਂ ਵਸਤਾਂ ਅਤੇ ਸੇਵਾਵਾਂ ਦੀ ਮੰਗ ਘਟ ਜਾਵੇਗੀ। ਬਰਾਮਦ ਘਟਣ ਜਾਂ ਇਸ ਵਿਚ ਖੜੋਤ ਆਉਣ ਨਾਲ ਦੇਸ਼ ਦੀ ਸਮਰੱਥਾ ਬਾਹਰਲੇ ਦੇਸ਼ਾਂ ਤੋਂ ਸਮਾਨ ਦਰਾਮਦ ਕਰਨ ਵਿਚ ਘਟ ਜਾਂਦੀ ਹੈ। ਸੰਸਾਰ ਆਰਥਿਕਤਾ ਵਿਚ ਮੰਦੀ ਨੂੰ ਇਸ ਦ੍ਰਿਸ਼ਟੀਕੋਣ ਤੋਂ ਦੇਖਿਆ ਜਾ ਸਕਦਾ ਹੈ। ਸੰਸਾਰ ਆਰਥਿਕਤਾ 2004 ਤੋਂ ਸੰਕਟਗ੍ਰਸਤ ਹੋਈ ਅਤੇ ਇਸ ਤੋਂ ਬਾਹਰ ਨਹੀਂ ਨਿਕਲ ਸਕੀ। 2020-21 ਦੌਰਾਨ ਕੋਵਿਡ-19 ਨੇ ਸਾਰੇ ਦੇਸ਼ਾਂ ਦੀ ਆਮਦਨ ਘਟਾ ਦਿੱਤੀ; ਭਾਰਤ ਦੀ ਆਮਦਨ ਲਗਭਗ 7% ਘਟ ਗਈ ਸੀ ਅਤੇ ਬੇਰੁਜ਼ਗਾਰੀ ਵਿਚ ਚੋਖਾ ਵਾਧਾ ਹੋਇਆ ਸੀ। 2021-22 ਵਿਚ ਇਸ ਤੋਂ ਬਾਹਰ ਆਉਣ ਦੀ ਪ੍ਰਕਿਰਿਆ ਸ਼ੁਰੂ ਹੋਈ ਅਤੇ 2022-23 ਵਿਚ ਆਮਦਨ ਵਿਚ 6-7% ਦਾ ਵਾਧਾ ਦਰਜ ਕੀਤਾ ਗਿਆ। ਹੁਣ 2024 ਵਿਚ ਗਲੋਬਲ ਰੁਝਾਨ ਮੰਦੀ ਵੱਲ ਹਨ, ਇਸ ਕਰ ਕੇ ਇਸ ਦੇ ਬੁਰੇ ਪ੍ਰਭਾਵਾਂ ਤੋਂ ਦੇਸ਼ ਬਚ ਨਹੀਂ ਸਕਦਾ। ਇਸ ਕਰ ਕੇ 2024-25 ਵਿਚ ਦੇਸ਼ ਦੀ ਕੁੱਲ ਆਮਦਨ 5 ਟ੍ਰਿਲੀਅਨ ਡਾਲਰ ਹਾਸਲ ਕਰਨਾ ਅਸੰਭਵ ਹੈ। ਜੇ ਆਰਥਿਕਤਾ 6.5% ਜਾਂ 7% ਸਾਲਾਨਾ ਦਰ ਨਾਲ ਤਰੱਕੀ ਕਰਦੀ ਹੈ ਅਤੇ ਅਮਰੀਕੀ ਡਾਲਰ ਦੇ ਮੁਕਾਬਲੇ ਰੁਪਿਆ ਪਿਛਲੇ ਸਾਲਾਂ ਵਾਂਗ 1.5-2.0% ਹੇਠਾਂ ਆਉਂਦਾ ਹੈ ਤਾਂ ਬੜੀ ਮੁਸ਼ਕਿਲ ਨਾਲ ਦੇਸ਼ ਦੀ ਕੁੱਲ ਆਮਦਨ 3.8 ਟ੍ਰਿਲੀਅਨ ਡਾਲਰ (2023) ਤੋਂ ਵਧ ਕੇ 2024-25 ਵਿਚ 3.9 ਟ੍ਰਿਲੀਅਨ ਡਾਲਰ ਜਾਂ ਇਸ ਤੋਂ ਮਾਮੂਲੀ ਵਧ ਸਕਦੀ ਹੈ। ਇਸ ਕਰ ਕੇ 5 ਟ੍ਰਿਲੀਅਨ ਡਾਲਰ ਦਾ ਟੀਚਾ ਪ੍ਰਾਪਤ ਕਰਨਾ ਮੁਸ਼ਕਿਲ ਹੋਵੇਗਾ।

ਪ੍ਰਸਿੱਧ ਅਰਥ ਸ਼ਾਸਤਰੀ ਡਾਕਟਰ ਸੁਚਾ ਸਿੰਘ ਗਿਲ ਦਾ ਕਹਿਣਾ ਹੈ ਕਿ ਸੰਸਾਰ ਆਰਥਿਕਤਾ ਦੇ ਡਾਵਾਂਡੋਲ ਹੋਣ ਨਾਲ ਭਾਰਤ 'ਤੇ ਪੈਣ ਵਾਲੇ ਪ੍ਰਭਾਵ ਦਾ ਪਰਛਾਵਾਂ ਟੈਕਨੀਕਲ ਕੰਪਨੀਆਂ ਵੱਲੋਂ ਨੌਕਰੀਆਂ ਤੋਂ ਕੱਢੇ ਜਾਣ ਵਾਲਿਆਂ ਦੇ ਵੇਰਵਿਆਂ ਤੋਂ ਮਿਲਦਾ ਹੈ। ਇੰਡੀਅਨ ਐਕਸਪ੍ਰੈੱਸ ਨੇ 11 ਜਨਵਰੀ 2024 ਨੂੰ ਰਿਪੋਰਟ ਕੀਤਾ ਸੀ ਕਿ ਐਮੇਜ਼ੋਨ ਟਵਇਚ ਨੇ 35% ਸਟਾਫ ਕੱਢਣ ਦਾ ਫ਼ੈਸਲਾ ਕੀਤਾ ਹੈ। ਪੇਟੀਐੱਮ 1000 ਮੁਲਾਜ਼ਮਾਂ ਦੀ ਛਾਂਟੀ ਕਰ ਰਹੀ ਹੈ, ਫਲਿਪਕਾਰਟ 1100-1500 ਮੁਲਾਜ਼ਮ ਨੌਕਰੀ ਤੋਂ ਕੱਢ ਰਹੀ ਹੈ। ਯੂਨੀਟੀ ਸਾਫਟਵੇਅਰ 25% ਮੁਲਾਜ਼ਮਾਂ ਦੀ ਛੁੱਟੀ ਕਰ ਦੇਵੇਗੀ ਅਤੇ ਹੂਮੇਨ ਕੰਪਨੀ ਨੇ ਇਸ ਸਾਲ 4% ਮੁਲਾਜ਼ਮ ਕੱਢਣ ਦਾ ਫ਼ੈਸਲਾ ਕੀਤਾ ਹੈ। ਇਨ੍ਹਾਂ ਕੰਪਨੀਆਂ ਨੇ ਘਟ ਰਹੇ ਮੁਨਾਫ਼ਿਆਂ ਕਾਰਨ ਇਹ ਫ਼ੈਸਲਾ ਕੀਤਾ ਹੈ। ਇਸ ਦੇ ਦੋ ਕਾਰਨ ਦੱਸੇ ਹਨ: ਇੱਕ, ਕਾਰੋਬਾਰ ਵਿਚ ਬੇਯਕੀਨੀ ਤੇ ਦੂਜਾ ਕਾਰਨ ਕੋਵਿਡ-19 ਸਮੇਂ ਜ਼ਿਆਦਾ ਕੀਤੀਆਂ ਭਰਤੀਆਂ ਦੱਸਿਆ ਹੈ। ਇਹ ਅੰਕੜੇ ਇਸ਼ਾਰਾ ਕਰਦੇ ਹਨ ਕਿ ਵੱਡੀਆਂ ਕੰਪਨੀਆਂ ਨੂੰ ਮੁਲਾਜ਼ਮ ਰੱਖਣ ਵਿਚ ਕਠਨਾਈ ਆ ਰਹੀ ਹੈ, ਉਨ੍ਹਾਂ ਕੋਲ ਲੋੜੀਂਦਾ ਕਾਰੋਬਾਰ ਨਹੀਂ। ਛੋਟੀਆਂ ਇਕਾਈਆਂ ਖਾਸ ਕਰ ਕੇ ਮਾਈਕਰੋ, ਸਮਾਲ, ਮੀਡੀਅਮ ਐਂਟਰਪਰਾਈਜ਼ ਬਾਰੇ ਅੰਕੜਿਆਂ ਦੀ ਘਾਟ ਕਰ ਕੇ ਟਿੱਪਣੀ ਕਰਨੀ ਔਖੀ ਹੈ ਪਰ ਇਹ ਗੱਲ ਸਾਫ ਹੈ ਕਿ ਆਰਥਿਕ ਕਿਰਿਆਵਾਂ ਉਤੇ ਪ੍ਰਭਾਵ ਜ਼ਰੂਰ ਪੈਂਦਾ ਨਜ਼ਰ ਆਉਂਦਾ ਹੈ।

ਡਾਕਟਰ ਗਿਲ ਦਾ ਕਹਿਣਾ ਹੈ ਕਿ ਇਨ੍ਹਾਂ ਬੁਰੇ ਪ੍ਰਭਾਵਾਂ ਨੂੰ ਠੀਕ ਕਰਨ ਵਾਸਤੇ ਜ਼ਰੂਰੀ ਹੈ ਕਿ ਦੇਸ਼ ਦੀਆਂ ਕਾਰਪੋਰੇਟ ਪੱਖੀ ਆਰਥਿਕ ਨੀਤੀਆਂ ਲੋਕ ਪੱਖੀ ਬਣਾਈਆਂ ਜਾਣ। ਸੰਸਾਰ ਬੈਂਕ ਨੇ ਪਬਲਿਕ/ਸਰਕਾਰੀ ਪੂੰਜੀ ਨਿਵੇਸ਼ ਵਧਾਉਣ ਦੀ ਸਿਫ਼ਾਰਸ਼ ਕੀਤੀ ਹੈ। ਇਸ ਨਾਲ ਪ੍ਰਾਈਵੇਟ ਕੰਪਨੀਆਂ ਵੱਲੋਂ ਪੂੰਜੀ ਨਿਵੇਸ਼ ਨੂੰ ਉਤਸ਼ਾਹ ਮਿਲ ਸਕਦਾ ਹੈ। ਇਸ ਤੋਂ ਇਲਾਵਾ ਛੋਟੀਆਂ ਇਕਾਈਆਂ ਨੂੰ ਖਾਸ ਰਿਆਇਤਾਂ ਅਤੇ ਸਸਤੇ ਕਰਜ਼ੇ ਮੁਹੱਈਆ ਕਰਵਾਏ ਜਾਣ। ਖੇਤੀ ਅਰਥਚਾਰੇ ਨੂੰ ਵਧਾਉਣ ਦੇ ਹੱਕ ਵਿਚ ਡਾਕਟਰ ਗਿਲ ਨੇ ਕਿਹਾ ਕਿ ਭਾਰਤ ਦੇ ਖੇਤੀ ਸੈਕਟਰ ਵਿਚ ਦੇਸ਼ ਦਾ 44-45% ਰੁਜ਼ਗਾਰ ਕਿਸਾਨਾਂ ਅਤੇ ਖੇਤ ਮਜ਼ਦੂਰਾਂ ਦੇ ਰੂਪ ਵਿਚ ਹੈ। ਇਸ ਸੈਕਟਰ ਦੇ ਸੰਕਟ ਨੂੰ ਦੂਰ ਕਰਨ ਦੇ ਖਾਸ ਪ੍ਰੋਗਰਾਮ ਉਲੀਕੇ ਜਾਣ। ਬੇਰੁਜ਼ਗਾਰੀ ਦੂਰ ਕਰਨ ਲਈ ਰੁਜ਼ਗਾਰ ਨੀਤੀ ਬਣਾ ਕੇ ਯੋਗ ਕਾਰਵਾਈ ਕੀਤੀ ਜਾਵੇ। ਨੌਜਵਾਨਾਂ ਦੇ ਰੁਜ਼ਗਾਰ ਦੇ ਮਿਆਰ ਵੱਲ ਖਾਸ ਧਿਆਨ ਦੇਣ ਦੀ ਲੋੜ ਹੈ। ਅਜਿਹੀ ਨੀਤੀ ਮਾੜੇ ਗਲੋਬਲੀ ਆਰਥਿਕ ਪ੍ਰਭਾਵ ਕਾਫ਼ੀ ਹੱਦ ਤੱਕ ਰੋਕ ਸਕਦੀ ਹੈ।

# ਅਮਰੀਕਾ ਵਿਚ ਭਾਰਤੀ ਡਾਂਸਰ ਅਮਰਨਾਥ ਘੋਸ਼ ਦੀ ਅਣਪਛਾਤੇ ਹਮਲਾਵਰ ਵੱਲੋਂ ਗੋਲੀਆਂ ਮਾਰ ਕੇ ਹੱਤਿਆ

## ✪ ਅਯੁੱਧਿਆ ਫਾਊਂਡੇਸ਼ਨ ਦਾ ਸੰਸਥਾਪਕ ਸੀ ਘੋਸ਼



ਸੈਕਰਾਮੈਂਟੋ, ਕੈਲੀਫੋਰਨੀਆ (ਹੁਸਨ ਲੜੋਆ ਬੰਗਾ)-ਭਾਰਤੀ ਡਾਂਸਰ ਅਮਰਨਾਥ ਘੋਸ਼ ਜੋ ਵਾਸ਼ਿੰਗਟਨ ਯੁਨੀਵਰਸਿਟੀ ਵਿਖੇ ਪੀ ਐਚ ਡੀ ਕਰ ਰਿਹਾ ਸੀ, ਦੀ ਸੇਂਟ ਲੋਇਸ, ਮਿਸੋਰੀ ਵਿਚ ਉਸ ਵੇਲੇ ਗੋਲੀ ਮਾਰ ਕੇ ਹੱਤਿਆ ਕਰ ਦੇਣ ਦੀ ਖਬਰ ਹੈ ਜਦੋਂ ਉਹ ਸ਼ਾਮ ਦੀ ਸੈਰ ਕਰ ਰਿਹਾ ਸੀ। ਮੁੱਢਲੀਆਂ ਰਿਪੋਰਟਾਂ ਅਨੁਸਾਰ ਅਣਪਛਾਤੇ ਹਮਲਾਵਰ ਨੇ ਘੋਸ਼ ਦੇ ਕਈ ਗੋਲੀਆਂ ਮਾਰੀਆਂ। ਹਾਲਾਂ ਕਿ ਇਸ ਸਬੰਧੀ ਅਜੇ ਤੱਕ ਪੁਲਿਸ ਦਾ ਕੋਈ ਬਿਆਨ ਨਹੀਂ ਆਇਆ ਹੈ ਪਰੰਤੂ ਸੋਸ਼ਲ ਮੀਡੀਆ ਉਪਰ ਮੀਨਾਕਸ਼ੀ ਸ਼ਰਨ ਵੱਲੋਂ ਪਾਈ ਇਕ ਪੋਸਟ ਵਿਚ ਕਿਹਾ ਗਿਆ ਹੈ ਕਿ '' ਅਯੁੱਧਿਆ ਫਾਊਂਡੇਸ਼ਨ ਦੇ ਸੰਸਥਾਪਕ ਡਾਂਸਰ ਅਮਰਨਾਥ ਘੋਸ਼ ਨੂੰ ਸੇਂਟ ਲੋਇਸ, ਮਿਸੋਰੀ ਵਿਚ ਗੋਲੀ ਮਾਰ ਦਿੱਤੀ ਗਈ ਹੈ। ਪਰਿਵਾਰ ਦੇ ਇਕੋ ਇਕ ਬੱਚੇ ਨੇ ਬਹੁਤ ਹੀ ਛੋਟੀ ਉਮਰ ਵਿਚ ਆਪਣਾ ਪਿਤਾ ਸਦਾ ਲਈ ਗਵਾ ਲਿਆ ਹੈ ਜਿਸ ਦੀ ਮਾਂ ਦੀ 3 ਸਾਲ ਪਹਿਲਾਂ ਹੀ ਮੌਤ ਹੋ ਗਈ ਸੀ।'' ਕੋਲਕਤਾ ਵਾਸੀ ਟੀ ਵੀ ਅਦਾਕਾਰਾ ਤੇ 'ਬਿੱਗ ਬੌਸ' ਕਲਾਕਾਰ ਡੀਵੋਲੀਨਾ ਭੱਟਾਚਾਰਜੀ ਨੇ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਤੇ ਵਿਦੇਸ਼ ਮੰਤਰੀ ਐਸ ਜੈਸ਼ੰਕਰ ਤੋਂ ਮੰਗ ਕੀਤੀ ਹੈ ਕਿ ਉਸ ਦੇ ਮਿੱਤਰ ਘੋਸ਼ ਦੀ ਮ੍ਰਿਤਕ ਦੇਹ ਭਾਰਤ ਲਿਆਉਣ ਵਿਚ ਮੱਦਦ ਕੀਤੀ ਜਾਵੇ।

# ਪੰਜਾਬੀ ਫ਼ਿਲਮਾਂ ਦੀ ਅਭਿਨੇਤਰੀ ਤੇਜ਼ੀ ਸੰਧੂ ਭਾਜਪਾ ਵਿੱਚ ਆਏ

## ✪ ਲੁਧਿਆਣਾ ਤੋਂ ਲੜ ਸਕਦੀ ਏ ''ਲੇਡੀ ਸਿੰਘਮ'' ਚੋਣ-ਤੇਜ਼ੀ ਸੰਧੂ



ਪੰਜਾਬੀ ਫ਼ਿਲਮਾਂ ਦੀ ਐਕਟ੍ਰੈਸ ਤੇਜ਼ੀ ਸੰਧੂ ਕਾਫੀ ਦੇਰ ਤੋਂ ਰਾਜਨੀਤੀ ਵਿੱਚ ਪਰ ਤੋਲ ਰਹੇ ਹਨ ਤੇ ਹੁਣ ਓਹ ਬਕਾਇਦਾ ਭਾਰਤੀ ਜਨਤਾ ਪਾਰਟੀ ਪੰਜਾਬ ਵਿੱਚ ਸ਼ਾਮਿਲ ਹੀ ਹੋ ਗਏ ਹਨ। ਮਹਾਰਾਣੀ ਜੈ ਇੰਦਰ ਕੌਰ ਨੇ ਓਹਨਾਂ ਦਾ ਪਾਰਟੀ ਵਿੱਚ ਸਵਾਗਤ ਕੀਤਾ। ਤੇਜ਼ੀ ਸੰਧੂ ਤੇਜ਼ ਤਰਾਰ ਵਕਤਾ ਨੇ ਤੇ ਓਹਨਾਂ ਨੂੰ 'ਲੇਡੀ ਸਿੰਘਮ' ਵੀ ਕਿਹਾ ਜਾਂਦਾ ਹੈ। ਬੱਬੂ ਮਾਨ ਤੇ ਲਾਲੀ ਵੁਡ ਐਕਟ੍ਰੈਸ ਸਨਾ ਨਾਲ ਕਈ ਫ਼ਿਲਮਾਂ ਕਰ ਚੁੱਕੇ ਤੇਜ਼ੀ ਸੰਧੂ ਹਲਕਾ ਗਿੱਲ ਵਿੱਚ ਵਿਚਰਦੇ ਰਹੇ ਹਨ ਤੇ ਓਹਨਾਂ ਨੇ ਇੱਕ ਪੰਜਾਬੀ ਫਿਲਮ ਨਿਰਦੇਸ਼ਤ ਵੀ ਕੀਤੀ ਸੀ। ਇਸ ਤੋਂ ਇਲਾਵਾ ਓਹ ਫ਼ਿਲਮ ਲੇਖਕ ਬਣ ਵੀ ਆਏ। ਤੇਜ਼ੀ ਸੰਧੂ ਨੇ ਕਿਹਾ ਕਿ ਰਾਜਨੀਤੀ ਸੇਵਾ ਲਈ ਅਪਣਾਈ ਹੈ ਤੇ ਉਧਰ ਚਰਚਾ ਹੈ ਕਿ ਲੁਧਿਆਣਾ ਲੋਕ ਸਭਾ ਹਲਕੇ ਤੋਂ ਤੇਜ਼ੀ ਸੰਧੂ ਨੂੰ ਲੋਕ ਸਭਾ ਦੀ ਟਿਕਟ ਦਿੱਤੀ ਜਾਏਗੀ। ਇਸ ਤਰਾਂ ਓਹ ਰਵਨੀਤ ਬਿੱਟੂ ਨੂੰ ਸਿੱਧੀ ਟੱਕਰ ਦੇਣ ਲਈ ਤਿਆਰ ਹਨ। ਤੇਜ਼ੀ ਸੰਧੂ ਨੇ ਕਿਹਾ ਕਿ ਅਭਿਨੇਤਾ ਤੇ ਨੇਤਾ ਭਾਰਤੀ ਪ੍ਰੰਪਰਾ ਹੈ ਤੇ ਓਹ ਨਰਿੰਦਰ ਮੋਦੀ ਜੀ ਤੋਂ ਬਹੁਤ ਪ੍ਰਭਾਵਿਤ ਹਨ ਤੇ ਕਿਸਾਨ ਅੰਦੋਲਨ ਦਾ ਹੱਲ ਵੀ ਓਹਨਾਂ ਅਨੁਸਾਰ ਨਿੱਕਲ ਆਏਗਾ। ਤੇਜ਼ੀ ਸੰਧੂ ਦੇ ਆਓਣ ਨਾਲ ਲੁਧਿਆਣਾ ਦੀ ਰਾਜਨੀਤੀ ਤੇ ਭਾਜਪਾ ਸਿਆਸਤ ਲੁਧਿਆਣਾ ਵਿੱਚ ਖ਼ੂਬ ਗਰਮ ਮਾਹੌਲ ਹੋ ਚੁੱਕਾ ਹੈ। ਤੇਜ਼ੀ ਸੰਧੂ ਦਰਜ਼ਨਾਂ ਫ਼ਿਲਮਜ਼ ਤੇ ਗਾਣੇ ਮਾਡਲਿੰਗ ਵਜੋਂ ਕਰ ਚੁੱਕੇ ਹਨ।

-ਅੰਮ੍ਰਿਤ ਪਵਾਰ

# ਵਰਜੀਨੀਆ ਵਿਚ ਇਕ ਗਰੈਜੂਏਟ ਦੀ ਹੱਤਿਆ ਦੇ ਮਾਮਲੇ ਵਿਚ ਦੋਸ਼ੀ ਨੂੰ ਹੋਈ 43 ਸਾਲ ਕੈਦ

ਸੈਕਰਾਮੈਂਟੋ, ਕੈਲੀਫੋਰਨੀਆ (ਹੁਸਨ ਲੜੋਆ ਬੰਗਾ)-ਤਕਰੀਬਨ 9 ਮਹੀਨੇ ਪਹਿਲਾਂ ਵਰਜੀਨੀਆ ਦੇ ਇਕ ਹਾਈ ਸਕੂਲ ਵਿਖੇ ਗਰੈਜੂਏਸ਼ਨ ਡਿਗਰੀ ਵੰਡ ਸਮਾਗਮ ਮੌਕੇ ਗੋਲੀਆਂ ਚਲਾ ਕੇ ਇਕ ਗਰੈਜੂਏਟ ਦੀ ਹੱਤਿਆ ਕਰ ਦੇਣ ਦੇ ਮਾਮਲੇ ਵਿਚ ਆਪਣਾ ਗੁਨਾਹ ਕਬੂਲ ਕਰ ਲੈਣ ਉਪਰੰਤ ਦੋਸ਼ੀ ਅਮਾਰੀ ਪੋਲਾਰਡ ਨੂੰ ਇਕ ਅਦਾਲਤ ਨੇ 43 ਸਾਲ ਕੈਦ ਦੀ ਸਜ਼ਾ ਸੁਣਾਈ ਹੈ। ਸ਼ਾਨ ਜੈਕਸਨ (18) ਤੇ ਉਸ ਦੇ ਸੌਤੇਲੇ ਪਿਤਾ ਰੇਨਜ਼ੋ ਸਮਿੱਥ (36) ਦੀ ਜੂਨ 2023 ਵਿਚ ਹਿਊਜਨੋਟ ਹਾਈ ਸਕੂਲ ਗਰੈਜੂਏਸ਼ਨ ਸਮਾਗਮ ਤੋਂ ਬਾਅਦ ਗੋਲੀਆਂ ਮਾਰ ਕੇ ਹੱਤਿਆ ਕਰ ਦਿੱਤੀ ਗਈ ਸੀ। ਉਸ ਸਮੇ ਉਥੇ ਸੈਂਕੜੇ ਗਰੈਜੂਏਟ ਤੇ ਹੋਰ ਮਹਿਮਾਨ ਮੌਜੂਦ ਸਨ। ਗੋਲੀਬਾਰੀ ਉਪਰੰਤ ਭਗਦੜ ਮਚ ਗਈ ਸੀ।

ਉਸ ਸਮੇ ਪੁਲਿਸ ਨੇ ਕਿਹਾ ਸੀ ਕਿ ਇਹ ਗਿਣਮਿਥ ਕੇ ਹੱਤਿਆਵਾਂ ਕੀਤੀਆਂ ਗਈਆਂ ਹਨ ਕਿਉਂਕਿ ਪੋਲਾਰਡ ਦਾ ਜੈਕਸਨ ਨਾਲ ਕਿਸੇ ਗੱਲ ਨੂੰ ਲੈ ਕੇ ਝਗੜਾ ਚੱਲ ਰਿਹਾ ਸੀ।

# ਰਾਸ਼ਟਰਪਤੀ ਬਾਈਡਨ ਦੀ ਲੋਕਪ੍ਰਿਯਤਾ ਦਾ ਗਰਾਫ ਹੇਠਾਂ ਡਿੱਗਾ



ਸੈਕਰਾਮੈਂਟੋ, ਕੈਲੀਫੋਰਨੀਆ (ਹੁਸਨ ਲੜੋਆ ਬੰਗਾ)-ਇਸ ਮਹੀਨੇ ਫਰਵਰੀ ਵਿਚ ਕਰਵਾਏ ਇਕ ਚੋਣ ਸਰਵੇਖਣ ਵਿਚ ਰਾਸ਼ਟਰਪਤੀ ਜੋ ਬਾਈਡਨ ਦੀ ਲੋਕਪ੍ਰਿਯਤਾ ਘਟ ਕੇ 38% ਰਹਿ ਗਈ ਹੈ। ਤਾਜਾ ਗਾਲਅੱਪ ਚੋਣ ਸਰਵੇ ਅਨੁਸਾਰ ਇਹ ਸਰਵੇ 1 ਫਰਵਰੀ ਤੋਂ 20 ਫਰਵਰੀ ਤੱਕ ਕਰਵਾਇਆ ਗਿਆ ਜਿਸ ਵਿਚ 1016 ਬਾਲਗ ਸ਼ਾਮਿਲ ਹੋਏ। ਰਾਸ਼ਟਰਪਤੀ ਵਜੋਂ ਬਾਈਡਨ ਕਿੰਨੇ ਸਫਲ ਹਨ ਇਸ ਦੇ ਜਵਾਬ ਵਿਚ 38% ਨੇ ਉਨਾਂ ਦਾ ਸਮਰਥਨ ਕੀਤਾ ਤੇ 59% ਇਸ ਨਾਲ ਸਹਿਮਤ ਨਹੀਂ ਹਨ ਜਦ ਕਿ 2% ਨੇ ਕੋਈ ਪ੍ਰਤੀਕ੍ਰਿਆ ਨਹੀਂ ਦਿੱਤੀ। ਜਨਵਰੀ ਵਿਚ ਉਨਾਂ ਦੀ ਲੋਕਪ੍ਰਿਯਤਾ ਦਰ 41% ਸੀ ਜੋ ਫਰਵਰੀ ਵਿਚ 3% ਘਟ ਗਈ ਹੈ। ਉਂਝ ਪਿਛਲੇ ਸਾਲ ਅਪ੍ਰੈਲ,ਅਕਤੂਬਰ ਤੇ ਨਵੰਬਰ ਵਿਚ ਕਰਵਾਏ ਗਾਲਅੱਪ ਸਰਵੇਖਣਾਂ ਵਿਚ ਉਨਾਂ ਦੀ ਲੋਕਪ੍ਰਿਯਤਾ ਸਭ ਤੋਂ ਘੱਟ 37% ਸੀ।

# ਅਮਰੀਕਾ ਵਿਚ ਭਾਰਤੀ ਵਿਦਿਆਰਥੀ ਦੀ ਮੌਤ ਜਿਆਦਾ ਸ਼ਰਾਬ ਪੀਣ ਤੇ ਠੰਡ ਕਾਰਨ ਹੋਈ-ਕੋਰੋਨਰ ਦਫਤਰ




ਸੈਕਰਾਮੈਂਟੋ,ਕੈਲੀਫੋਰਨੀਆ (ਹੁਸਨ ਲੜੋਆ ਬੰਗਾ)-ਯੁਨੀਵਰਸਿਟੀ ਆਫ ਇਲੀਨੋਇਸ, ਉਰਬਾਨਾ ਦੇ ਫਸਟ ਯੀਅਰ ਦੇ 18 ਸਾਲਾ ਭਾਰਤੀ ਵਿਦਿਆਰਥੀ ਅਕੁਲ ਧਵਨ ਜਿਸ ਦੀ ਇਸ ਸਾਲ 20 ਜਨਵਰੀ ਨੂੰ ਮੌਤ ਹੋ ਗਈ ਸੀ, ਸਬੰਧੀ ਚੈਂਪੇਨ ਕਾਊਂਟੀ ਕੋਰੋਨਰ ਦਫਤਰ, ਇਲੀਨੋਇਸ ਨੇ ਕਿਹਾ ਹੈ ਕਿ ਵਧੇਰੇ ਸ਼ਰਾਬ ਤੇ ਠੰਡ ਦੇ ਸਿੱਟੇ ਵਜੋਂ ਹਾਈਪੋਥਰਮੀਆ ਉਸ ਦੀ ਮੌਤ ਦਾ ਕਾਰਨ ਬਣਿਆ।

ਕੋਰੋਨਰ ਦਫਤਰ ਨੇ ਟੌਕਸੀਕਾਲੋਜੀ ਰਿਪੋਰਟ ਆਉਣ ਤੋਂ ਬਾਅਦ ਕਿਹਾ ਹੈ ਕਿ ਵਧੇਰੇ ਨਸ਼ਾ ਤੇ ਲੰਬਾ ਸਮਾਂ ਜਮਾ ਵਾਲੇ ਤਾਪਮਾਨ ਵਿਚ ਪਏ ਰਹਿਣ ਕਾਰਨ ਧਵਨ ਜੀਂਦਾ ਨਹੀਂ ਰਹਿ ਸਕਿਆ। ਸੀ ਸੀ ਟੀ ਵੀ ਅਨੁਸਾਰ ਧਵਨ ਤੇ ਉਸ ਦੇ ਦੋਸਤਾਂ ਨੇ ਯੁਨੀਵਰਸਿਟੀ ਕੈਂਪਸ ਨੇੜੇ ਇਕ ਕਲੱਬ ਵਿਚ ਸ਼ਰਾਬ ਪੀਤੀ ਸੀ। ਰਾਤ 11.30 ਵਜੇ ਦੇ ਆਸ ਪਾਸ ਉਹ ਦੁਬਾਰਾ ਕੈਨੋਪਾਈ ਕਲੱਬ ਵਿਚ ਗਏ ਜਿਥੇ ਉਨਾਂ ਨੂੰ ਦਾਖਲ ਨਹੀਂ ਹੋਣ ਦਿੱਤਾ ਗਿਆ। ਕੰਸਾਸ ਸਿਟੀ ਪ੍ਰਸ਼ਾਸਨ ਨੇ ਜਾਂਚਕਾਰਾਂ ਦੇ ਹਵਾਲੇ ਨਾਲ ਕਿਹਾ ਹੈ ਕਿ ਧਵਨ ਨੇ ਕਈ ਵਾਰ ਕਲੱਬ ਵਿਚ ਜਾਣ ਦੀ ਕੋਸ਼ਿਸ਼ ਕੀਤੀ ਪਰੰਤੂ ਸਟਾਫ ਨੇ ਇਨਕਾਰ ਕਰ ਦਿੱਤਾ। ਉਸ ਲਈ ਦੋ ਵਾਰ ਗੱਡੀ ਮੰਗਵਾਈ ਗਈ ਪਰ ਉਸ ਨੇ ਉਨਾਂ ਵਿਚ ਬੈਠਣ ਤੋਂ ਨਾਂਹ ਕਰ ਦਿੱਤੀ ਸੀ। ਯੁਨੀਵਰਸਿਟੀ ਨੇ ਇਕ ਬਿਆਨ ਵਿਚ ਕਿਹਾ ਹੈ ਕਿ ਧਵਨ ਦਾ ਇਕ ਦੋਸਤ ਉਸੇ ਦਿਨ ਅੱਧੀ ਰਾਤ ਬਾਅਦ 1.23 ਵਜੇ ਸਵੇਰੇ ਕੈਂਪਸ ਪੁਲਿਸ ਕੋਲ ਗਿਆ ਸੀ ਤੇ ਉਸ ਨੇ ਧਵਨ ਦੇ ਲਾਪਤਾ ਹੋਣ ਬਾਰੇ ਦਸਿਆ ਸੀ। ਇਸ ਉਪਰੰਤ ਪੁਲਿਸ ਨੇ ਆਸ ਪਾਸ ਧਵਨ ਦੀ ਭਾਲ ਕੀਤੀ ਪਰੰਤੂ ਉਹ ਨਹੀਂ ਮਿਲਿਆ। ਅਗਲੇ ਦਿਨ ਸਵੇਰੇ 11 ਵਜੇ ਕਲੱਬ ਤੋਂ ਥੋਹੜੀ ਦੂਰ ਇਕ ਇਮਾਰਤ ਦੇ ਪਿੱਛੇ ਉਹ ਮ੍ਰਿਤਕ ਹਾਲਤ ਵਿਚ ਮਿਲਿਆ ਸੀ। ਧਵਨ ਦੇ ਮਾਪਿਆਂ ਇਸ਼ ਤੇ ਰੀਤੂ ਧਵਨ ਨੇ ਇਕ ਖੁਲਾ ਪੱਤਰ ਲਿਖ ਕੇ ਯੁਨੀਵਰਸਿਟੀ ਅਧਿਕਾਰੀਆਂ 'ਤੇ ਦੋਸ਼ ਲਾਇਆ ਹੈ ਕਿ ਉਨਾਂ ਨੇ ਧਵਨ ਦੇ ਲਾਪਤਾ ਹੋਣ ਉਪਰੰਤ ਤੁਰੰਤ ਕਾਰਵਾਈ ਨਹੀਂ ਕੀਤੀ। ਪੱਤਰ ਵਿਚ ਕਿਹਾ ਗਿਆ ਹੈ ਕਿ ਜੇਕਰ ਤੁਰੰਤ ਕਾਰਵਾਈ ਕੀਤੀ ਜਾਂਦੀ ਤਾਂ ਧਵਨ ਬਚ ਸਕਦਾ ਸੀ ਕਿਉਂਕਿ ਜਿਸ ਜਗਾ ਤੋਂ ਉਹ ਗਾਇਬ ਹੋਇਆ ਸੀ ਉਸ ਤੋਂ 200 ਫੁੱਟ ਦੂਰ ਹੀ ਉਹ ਡਿੱਗਾ ਪਿਆ ਮਿਲਿਆ ਸੀ।

# ਸੰਸਾਰੀ ਸਰਵਉਚ ਤਾਕਤਾਂ ਸਿਖ ਜਗਤ ਤੋਂ ਕਿਉਂ ਆਸ ਰਖ ਰਹੀਆਂ ਹਨ ?



ਪ੍ਰੋਫੈਸਰ ਬਲਵਿੰਦਰ ਪਾਲ ਸਿੰਘ
9815700916



ਬੀਤੇ ਹਫਤੇ ਸੰਯੁਕਤ ਰਾਜ ਅਮਰੀਕਾ ਦੇ ਭਾਰਤ ਵਿਚ ਰਾਜਦੂਤ ਏਰਿਕ ਗਾਰਸੇਟੀ ਨੇ ਆਪਣੀ ਪਤਨੀ ਐਮੀ ਵੇਕਲੈਂਡ ਸਮੇਤ ਸੱਚਖੰਡ ਸ੍ਰੀ ਦਰਬਾਰ ਸਾਹਿਬ ਵਿਖੇ ਨਤਮਸਤਕ ਹੋਣ ਸਮੇਂ ਇਹ ਸ਼ਬਦ ਯਾਤਰੂ ਬੁੱਕ ਵਿਚ ਅੰਕਿਤ ਕੀਤੇ ਕਿ ਸੰਯੁਕਤ ਰਾਜ ਅਮਰੀਕਾ ਅਤੇ ਸਿੱਖ ਧਰਮ ਦੀ ਡੂੰਘੀ ਦੋਸਤੀ ਸਾਡੇ ਸੰਸਾਰ ਵਿਚ ਸ਼ਾਂਤੀ ਲਿਆਵੇ।' ਗਾਰਸੇਟੀ ਅਨੁਸਾਰ ਕਿ ਸੱਚਖੰਡ ਸ੍ਰੀ ਦਰਬਾਰ ਸਾਹਿਬ ਸੰਸਾਰ ਭਰ 'ਚ ਉਹ ਮਹਾਨ ਰੂਹਾਨੀ ਅਸਥਾਨ ਹੈ ਜਿੱਥੇ ਆ ਕੇ ਮਨੁੱਖ ਨੂੰ ਰੂਹਾਨੀਅਤ ਦਾ ਅਹਿਸਾਸ ਹੁੰਦਾ ਹੈ। ਇੱਥੇ ਬਿਨਾਂ ਵਿਤਕਰੇ ਤੋਂ ਮਨੁੱਖਤਾ ਦੀ ਸੇਵਾ ਕੀਤੀ ਜਾਂਦੀ ਹੈ ਜੋ ਸਿੱਖ ਧਰਮ ਦੀ ਵਿਲੱਖਣਤਾ ਹੈ।

ਇਸ ਤੋਂ ਪਹਿਲਾਂ ਚੀਨ, ਕੈਨੇਡਾ, ਇਜਰਾਈਲ ਦੀਆਂ ਰਾਜਨੀਤਕ ਤੇ ਧਾਰਮਿਕ ਸਖਸ਼ੀਅਤਾਂ ਸ੍ਰੀ ਦਰਬਾਰ ਸਾਹਿਬ ਆਕੇ ਇਹੀ ਸੰਦੇਸ਼ ਦੇ ਰਹੀਆਂ ਹਨ ਤੇ ਸਿਖ ਜਗਤ ਤੋਂ ਵਡੀ ਆਸ ਰਖ ਰਹੀਆਂ ਹਨ। ਮਤਲਬ ਵਿਸ਼ਵ ਦੀ ਸਭਿਅਤਾਵਾਂ ਦੇ ਟਕਰਾਅ ਵਿਚ ਸਿਖ ਜਗਤ ਦੀ ਵਡੀ ਭੂਮਿਕਾ ਬਣਦੀ ਹੈ। ਪਰ ਸਿਖ ਇਸ ਨਾਲ ਖੁਸ਼ ਹੋ ਜਾਂਦੇ ਹਨ ਚੀਨ ਅਮਰੀਕਾ ਸਾਡੀ ਤਾਰੀਫ ਕਰ ਗਿਆ। ਪਰ ਸਿਖਾਂ ਦੀ ਸਮਰਥਾ ਸ਼ਕਤੀ ਗੁਰੂ ਦੀ ਵਿਚਾਰਧਾਰਾ ਤੇ ਅਮਲ ਵਿਚ ਹੈ। ਸਤਿਗੁਰੂ ਨੇ ਕਿਹਾ ਜਾਤੀ ਮੁਕਤ ਹੋਵੋ, ਜਾਤੀਵਾਦ ਵਿਰੁਧ ਖੜੋ ਤੇ ਸਾਂਝੀਵਾਲਤਾ ਆਪਨਾਓ। ਬਿਪਰਨਵਾਦ ਤਿਆਗੋ। ਗੁਰੂ ਨੇ ਕਿਹਾ ਕਿ ਤੁਹਾਡੀ ਮੁਕਤੀ ਗੁਰੂ ਦੀ ਸੰਗਤ ਵਿਚ ਹੈ। ਪਰ ਗੁਰਦੁਆਰੇ ਤੋਂ ਬਾਹਰ ਸਾਡੀ ਸੰਗਤ ਕਿਥੇ ਹੈ ਜਿਸਨੇ ਜਮਹੂਰੀ ਪੱਧਰ ਦੀ ਜਥੇਬੰਦੀ ਅਕਾਲੀ ਦਲ ਨੂੰ ਕਾਇਮ ਰਖਣਾ ਸੀ ਤੇ ਬਾਦਲ ਪਰਿਵਾਰ ਵਰਗੇ ਮਲਕ ਭਾਗੋਆਂ ਤੋਂ ਇਸ ਜਥੇਬੰਦੀ ਨੂੰ ਰਹਿਤ ਰਖਣਾ ਸੀ। ਜਿਸ ਕੌਮ ਦਾ ਨਰੇਟਿਵ ਤੇ ਰਾਜਨੀਤੀ ਨਹੀਂ ਉਹ ਆਪਣਾ ਭਵਿੱਖ ਨਹੀਂ ਉਸਾਰ ਸਕਦੀ। ਸਹੀ ਰਾਜਨੀਤਕ ਨਰੇਟਿਵ ਵਿਚ ਕੌਮਾਂ ਦੇ ਜੀਵਨ, ਧਾਰਮਿਕ ਸ਼ਕਤੀ, ਸਭਿਆਚਾਰ, ਗਿਆਨ ਸਿਲੇਬਸਾਂ ਦੀ ਬਹਾਲੀ ਹੁੰਦੀ ਹੈ। ਸਾਡੀ ਸ਼ਕਤੀ ਗੁਰੂ ਤੇ ਉਸਦਾ ਗਿਆਨ ਹੈ। ਗੁਰੂ ਦਾ ਹੁਕਮ ਹੈ ਕਿ ਆਪਣੀ ਸਿਆਣਪ ਛਡ ਗੁਰੂ ਦਾ ਹੁਕਮ ਮੰਨ ਤਾਂ ਦੁਖ ਕਟੇ ਜਾਣਗੇ। ਕਿਸੇ ਸੰਸਾਰੀ ਤਾਕਤ ਨੇ ਸਿਖ ਪੰਥ ਦੀਆਂ ਮੁਸ਼ਕਲਾਂ ਦੂਰ ਨਹੀਂ ਕਰਨੀਆਂ। ਗੁਰੂ ਦਾ ਮਾਰਗ ਉਪਰ ਚਲਣ ਵਿਚ ਸਾਡਾ ਹਲ ਹੈ। ਸਤਿਗੁਰੂ ਅਰਜਨ ਸਾਹਿਬ ਹੁਕਮ ਕਰਦੇ ਹਨ-

ਰਾਮਕਲੀ ਮਹਲਾ ੫ ॥ ਹੋਵੈ ਸੋਈ ਭਲ ਮਾਨੁ ॥ ਆਪਨਾ ਤਜਿ ਅਭਿਮਾਨੁ ॥ ਦਿਨੁ ਰੈਨਿ ਸਦਾ ਗੁਨ ਗਾਉ ॥ ਪੂਰਨ ਏਹੀ ਸੁਆਉ ॥੧॥ ਆਨੰਦ ਕਰਿ ਸੰਤ ਹਰਿ ਜਪਿ ॥ ਛਾਡਿ ਸਿਆਨਪ ਬਹੁ ਚਤੁਰਾਈ ਗੁਰ ਕਾ ਜਪਿ ਮੰਤੁ ਨਿਰਮਲ ॥੧॥ ਰਹਾਉ ॥ ਏਕ ਕੀ ਕਰਿ ਆਸ ਭੀਤਰਿ ॥ ਨਿਰਮਲ ਜਪਿ ਨਾਮੁ ਹਰਿ ਹਰਿ ॥ ਗੁਰ ਕੇ ਚਰਨ ਨਮਸਕਾਰਿ ॥ ਭਵਜਲੁ ਉਤਰਹਿ ਪਾਰਿ ॥੨॥ ਦੇਵਨਹਾਰ ਦਾਤਾਰ ॥ ਅੰਤੁ ਨ ਪਾਰਾਵਾਰ ॥ ਜਾ ਕੈ ਘਰਿ ਸਰਬ ਨਿਧਾਨ ॥ ਰਾਖਨਹਾਰ ਨਿਦਾਨ ॥੩॥ ਨਾਨਕ ਪਾਇਆ ਏਹੁ ਨਿਧਾਨ ॥ ਹਰੇ ਹਰਿ ਨਿਰਮਲ ਨਾਮ ॥ ਜੋ ਜਪੈ ਤਿਸ ਕੀ ਗਤਿ ਹੋਇ ॥ ਨਾਨਕ ਕਰਮਿ ਪਰਾਪਤਿ ਹੋਇ ॥੪॥੨੯॥੪੦॥ ਪੰਨਾ 895

-ਹੇ ਭਾਈ ! ਇਹ ਖ਼ਿਆਲ ਛੱਡ ਦੇਹ ਕਿ ਗੁਰੂ ਦੀ ਅਗਵਾਈ ਤੋਂ ਬਿਨਾ ਸੰਸਾਰ-ਸਮੁੰਦਰ ਤੋਂ ਪਾਰ ਲੰਘਣ ਲਈ ਤੂੰ ਬੜਾ ਸਿਆਨਾ ਤੇ ਚਤੁਰ ਹੈਂ। ਗੁਰੂ ਦਾ ਪਵਿੱਤਰ ਸ਼ਬਦ-ਵਿਚਾਰ ਨੂੰ ਆਪਣੇ ਮਨ ਵਿਚ ਵਸਾ। ਪ੍ਰਭੂ ਦੇ ਹੀ ਗੁਣ ਗਾਇਨ ਕਰ। ਗੁਰੂ ਦਾ ਮਾਰਗ ਹੀ ਆਤਮਕ ਆਨੰਦ ਦਾ ਸੋਮਾ ਹੈ।

ਹੇ ਭਾਈ ! ਸਿਰਫ ਪ੍ਰਭੂ ਤੋਂ ਆਸ ਰਖ ਉਸ ਦੀ ਰਜ਼ਾ ਵਿਚ ਰਹਿ। ਆਪਣਾ (ਸਿਆਣਪ ਦਾ) ਮਾਣ ਤੇ ਹੰਕਾਰ ਛੱਡ ਦੇਹ। ਬੱਸ ! ਇਹੀ ਹੈ ਠੀਕ ਜੀਵਨ-ਮਨੋਰਥ ਹੈ। ਗੁਰੂ ਦੇ ਚਰਨਾਂ ਉਤੇ ਆਪਣਾ ਸਿਰ ਨਿਵਾਈ ਰੱਖ, (ਇਸ ਤਰ੍ਹਾਂ) ਤੂੰ ਸੰਸਾਰ-ਸਮੁੰਦਰ ਤੋਂ ਪਾਰ ਲੰਘ ਜਾਏਂਗਾ।੨।

ਹੇ ਭਾਈ ! ਇਹ ਯਾਦ ਰੱਖ ਕਿ ਦਾਤਾਂ ਦੇਣ ਵਾਲਾ ਪ੍ਰਭੂ (ਸਭ ਕੁਝ) ਦੇਣ ਦੇ ਸਮਰੱਥ ਹੈ, ਉਸ ਦਾ ਅੰਤ ਨਹੀਂ ਪੈ ਸਕਦਾ, ਉਸ ਦਾ ਉਰਲਾ ਪਾਰਲਾ ਬੰਨਾ ਨਹੀਂ ਲੱਭ ਸਕਦਾ। ਹੇ ਭਾਈ ! ਜਿਸ ਪ੍ਰਭੂ ਦੇ ਘਰ ਵਿਚ ਸਾਰੇ ਖ਼ਜ਼ਾਨੇ ਮੌਜੂਦ ਹਨ, ਉਹੀ ਆਖ਼ਰ ਰੱਖਿਆ ਕਰਨ ਜੋਗਾ ਹੈ। ਸੰਸਾਰੀ ਤਾਕਤਾਂ ਉਪਰ ਆਸ ਨਾ ਰਖ।

ਹੇ ਭਾਈ ! ਜਿਸ ਮਨੁੱਖ ਨੇ ਪ੍ਰਭੂ ਦੇ ਪਵਿੱਤਰ ਨਾਮ ਦਾ ਇਹ ਖ਼ਜ਼ਾਨਾ ਲੱਭ ਲਿਆ, ਜੋ ਮਨੁੱਖ ਇਸ ਮਾਰਗ ਉਪਰ ਚਲ ਪਿਆ ਉਹ ਸੰਕਟਾਂ ਤੋਂ ਪਾਰ ਹੋ ਜਾਵੇਗਾ ਉਸ ਦੀ ਬੁਧ ਤੇ ਆਤਮਕ ਅਵਸਥਾ ਉਚੀ ਬਣ ਜਾਵੇਗੀ ਪਰ, ਹੇ ਨਾਨਕ ! ਇਹ ਨਾਮ-ਖ਼ਜ਼ਾਨਾ ਗੁਰੂ ਦਾ ਮਾਰਗ ਉਦਮ ਨਾਲ ਕਰਮ ਕਰਕੇ ਪ੍ਰਭੂ ਦੀ ਮਿਹਰ ਨਾਲ ਹੀ ਮਿਲਦਾ ਹੈ।੪।੨੯।੪੦।

ਸਤਿਗੁਰੂ ਹੁਕਮ ਕਰਦੇ ਹਨ-
ਸੋ ਸਿਖੁ ਸਖਾ ਬੰਧਪੁ ਹੈ ਭਾਈ,
ਜਿ ਗੁਰ ਕੇ ਭਾਣੇ ਵਿਚਿ ਆਵੈ ॥
ਆਪਣੈ ਭਾਣੈ ਜੋ ਚਲੈ ਭਾਈ,
ਵਿਛੁੜਿ ਚੋਟਾ ਖਾਵੈ ॥ ਅੰਕ 601 ॥

ਹੇ ਭਾਈ ! ਉਹੀ ਮਨੁੱਖ ਗੁਰੂ ਦਾ ਸਿੱਖ ਹੈ, ਗੁਰੂ ਦਾ ਮਿੱਤਰ ਹੈ, ਗੁਰੂ ਦਾ ਰਿਸ਼ਤੇਦਾਰ ਹੈ, ਜੇਹੜਾ ਗੁਰੂ ਦੀ ਰਜ਼ਾ ਵਿਚ ਤੁਰਦਾ ਹੈ। ਪਰ, ਜੇਹੜਾ ਮਨੁੱਖ ਆਪਣੀ ਮਰਜ਼ੀ ਅਨੁਸਾਰ ਤੁਰਦਾ ਹੈ, ਉਹ ਗੁਰੂ ਦੇ ਮਾਰਗ ਤੋਂ ਭਟਕੇ ਦੁਖ ਸਹਾਰਦਾ ਹੈ। ਗੁਰੂ ਦੀ ਸ਼ਰਨ ਪੈਣ ਤੋਂ ਬਿਨਾਂ ਮਨੁੱਖ ਕਦੇ ਸੁਖ ਨਹੀਂ ਪਾ ਸਕਦਾ, ਤੇ ਮੁੜ ਮੁੜ ਦੁੱਖੀ ਹੋ ਕੇ) ਪਛੁਤਾਂਦਾ ਹੈ।੧।

ਸੋਚੋ ਸਾਡੀ ਰਾਜਨੀਤੀ, ਸਮਾਜ, ਆਰਥਿਕਤਾ, ਵਿਦਿਆ ਪ੍ਰਬੰਧ, ਗਿਆਨ ਸਿਲੇਬਸ ਗੁਰਮਤਿ ਅਨੁਸਾਰ ਕੀ ਹੋਵੇ ? ਇਹ ਠੀਕ ਹੈ ਕਿ ਸਿਖਾਂ ਨੇ ਦੇਸ਼ਾਂ ਵਿਦੇਸ਼ਾਂ ਵਿਚ ਸੇਵਾ, ਲੰਗਰ ਤੇ ਲੋਕਾਈ ਦੇ ਦੁਖਾਂ ਵਿਚ ਸਹਿਯੋਗ ਕਰਕੇ ਆਪਣਾ ਨਾਮ ਕਮਾਇਆ ਹੈ। ਨਿੱਜੀ ਤੌਰ ਉਪਰ ਵਡੇ ਅਹੁਦਿਆਂ ਉਪਰ ਪਹੁੰਚੇ ਹਨ। ਪਰ ਸਾਡਾ ਵਿਦਿਅਕ ਸਿਸਟਮ, ਰਾਜਨੀਤੀ, ਜਥੇਬੰਦਕ ਸੰਗਤੀ ਸਿਸਟਮ ਕਿਉ ਗਰਕ ਹੋ ਗਏ। ਕਦੋਂ ਇਸ ਬਾਰੇ ਉਦਮ ਕਰਾਂਗੇ ? ਨਿਉ ਵਰਲਡ ਸਿਸਟਮ ਤੇ ਸੰਸਾਰੀ ਜੰਗਾਂ ਵਿਚ ਗੁਰੂ ਦਾ ਸਭਿਆਚਾਰ ਕਿਵੇਂ ਬਹਾਲ ਕਰਨਾ ਹੈ ਸੰਸਾਰ ਨੂੰ ਦਿਸ਼ਾ ਕੀ ਦੇਣੀ ਹੈ ਇਹ ਵਡਾ ਸੁਆਲ ਹੈ। ਇਹੀ ਸਾਡੇ ਸਤਿਗੁਰੂ ਸਾਹਿਬਾਨ ਦਾ ਪ੍ਰੋਗਰਾਮ ਸੀ ਜੋ ਗੁਰੂ ਗਰੰਥ ਸਾਹਿਬ ਵਿਚ ਦਰਜ ਹੈ।ਪਰ ਅਸੀਂ ਚੁਪਹਿਰੇ, ਦੁਪਹਿਰੇ ਅਖੰਡ ਪਾਠ ਮੰਨਤਾਂ ਤਕ ਆਪਣੇ ਆਪ ਨੂੰ ਸੀਮਤ ਕਰ ਦਿਤਾ ਤੇ ਕਲਪਿਤ ਪਰਮਾਤਮਾ ਉਪਰ ਆਪਣੀ ਡੋਰੀ ਛਡ ਦਿਤੀ।ਗੁਰੂ ਦੇ ਹਕਮ ਕਿਰਤ 'ਕਰਮ 'ਰਬੀ ਸਚ ਨੂੰ ਭੁਲ ਗਏ।

ਸੰਸਾਰ ਵਿਚ ਰਾਜਨੀਤਕ ਦਵੈਸ਼ ਨੇ ਵਿਸ਼ਵ ਸ਼ਾਂਤੀ ਨੂੰ ਗੰਭੀਰ ਸੰਕਟ ਪੈਦਾ ਕਰ ਦਿੱਤਾ ਹੈ। ਅਜਿਹੇ ਸੰਕਟਮਈ ਹਾਲਾਤਾਂ ਵਿਚ ਮਨੁੱਖਤਾ ਦੇ ਸਿਰ ਉਪਰ ਵਿਨਾਸ਼ ਦੇ ਬੱਦਲ ਮੰਡਰਾ ਰਹੇ ਹਨ। ਪਰ ਸ੍ਰੀ ਗੁਰੂ ਗ੍ਰੰਥ ਸਾਹਿਬ ਵਿਚ ਮੌਜੂਦ ਸਿੱਖੀ ਸਿਧਾਂਤ, ਮਨੁੱਖੀ ਜੀਵਨ ਲਈ ਖ਼ਤਰਾ ਬਣੇ ਮੌਜੂਦਾ ਹਾਲਾਤਾਂ ਤੋਂ ਮੁਕਤੀ ਦਾ ਰਾਹ ਦਿਖਾਉਣ ਦੇ ਸਮਰਥ ਹਨ। ਸ੍ਰੀ ਗੁਰੂ ਗ੍ਰੰਥ ਸਾਹਿਬ, ਵਿਸ਼ਵ ਭਰ ਵਿਚ ਸ਼ਾਂਤੀ ਅਤੇ ਖੁਸ਼ਹਾਲੀ ਦੀ ਸਥਾਪਨਾ ਲਈ ਸੁਯੋਗ ਰਾਹਨੁਮਾਈ ਪ੍ਰਦਾਨ ਕਰਨ ਵਾਲਾ, ਇਕ ਵੱਡਮੁੱਲਾ ਗ੍ਰੰਥ ਹੈ। ਇਸ ਵਿਚ ਮੌਜੂਦ ਸਿਧਾਂਤ ਸਮੂਹ ਮਾਨਵਤਾ ਲਈ ਅਮਲਯੋਗ ਹਨ ਤੇ ਜੋ ਅਜੋਕੇ ਸਮੇਂ ਦੌਰਾਨ ਤੇ ਭਵਿੱਖ ਲਈ ਵੀ ਬਹੁਤ ਸਾਰਥਕਤਾ ਰੱਖਦੇ ਹਨ। ਸਿੱਖ ਧਰਮ ਹੁਣ ਸਾਰੀ ਦੁਨੀਆਂ ਵਿਚ ਫੈਲ ਚੁਕਾ ਹੈ ਅਤੇ ਸੰਸਾਰ ਭਰ ਵਿਚ ਇਸ ਦੇ ਸੰਦੇਸ਼ ਤੇ ਸੰਜੀਦਗੀ ਨਾਲ ਵਿਚਾਰ ਹੋਣ ਲੱਗ ਪਈ ਹੈ। ਗੁਰਬਾਣੀ ਦੇ ਮਨੁੱਖੀ ਸੁਤੰਤਰਤਾ ਅਤੇ ਬਰਾਬਰੀ ਦੇ ਮਾਨਵਵਾਦੀ ਉਪਦੇਸ਼ ਦੇ ਸਾਰਥਕ ਪ੍ਰਸਾਰਨ ਵਿਚ ਸਿੱਖ ਸੰਸਥਾਵਾਂ ਅਤੇ ਗੁਰਦੁਆਰਿਆਂ ਨੂੰ ਇਸ ਪ੍ਰਸੰਗ ਵਿਚ ਵਡੀ ਭੂਮਿਕਾ ਨਿਭਾਉਣ ਦੀ ਲੋੜ ਹੈ। ਸਿਖੀ ਸਿਦਕ ਦੇ ਦ੍ਰਿੜ੍ਹ ਤੇ ਪੜ੍ਹੀ ਲਿਖੀ ਕੌਮ ਹੀ ਸਾਡੀ ਸਭ ਤੋਂ ਪਹਿਲੀ ਤਰਜੀਹ ਹੋਣੀ ਚਾਹੀਦੀ ਹੈ। ਇਹ ਵੇਲਾ ਜਾਗਣ ਦਾ ਹੈ ਤੇ ਕੁਝ ਠੋਸ ਕਰਨ ਦਾ ਹੈ ਨਹੀਂ ਦਾ ਅਸੀਂ ਸਾਰੇ ਇਤਿਹਾਸ ਦੇ ਦੋਖੀ ਸਿਧ ਹੋਵਾਂਗੇ।

***** ***



# ਨਾਨਕ ਪੰਥੀ ਕਬੀਲਿਆਂ ਨੂੰ ਸਿਖ ਮੁੱਖ ਧਾਰਾ ਨਾਲ ਜੋੜੇ ਸ਼੍ਰੋਮਣੀ ਕਮੇਟੀ ਤੇ ਦਿੱਲੀ ਗੁਰਦੁਆਰਾ ਕਮੇਟੀ

**ਡਾਕਟਰ ਦਲਵਿੰਦਰ ਸਿੰਘ ਗਰੇਵਾਲ**




ਇਹ ਬਹੁਤ ਚਿੰਤਾ ਦੀ ਗੱਲ ਹੈ ਕਿ ਸਿੱਖ ਆਪਣੇ ਇਤਿਹਾਸ, ਸਿੱਖ ਕਬੀਲੇ ਅਤੇ ਧਾਰਮਿਕ ਅਸਥਾਨਾਂ ਦੀ ਸਾਂਭ-ਸੰਭਾਲ ਨਹੀਂ ਕਰ ਸਕੇ ਅਤੇ ਉਨ੍ਹਾਂ ਲੋਕਾਂ ਨਾਲ ਸੰਪਰਕ ਨਹੀਂ ਕਰ ਰਹੇ, ਜੋ ਪਹਿਲਾਂ ਗੁਰੂਆਂ ਅਤੇ ਸਿੱਖ ਧਰਮ ਦੇ ਬਹੁਤ ਨੇੜੇ ਸਨ। ਤੇਲੰਗਾਨਾ ਦੇ ਮਹਿਬੂਬਨਗਰ ਜ਼ਿਲ੍ਹੇ ਦੇ ਮਦੂਰ ਮੰਡਲ 'ਚ ਥਿਮਾ ਰੈੱਡੀ ਪੱਲੇ ਅਜਿਹਾ ਹੀ ਇਕ ਅਸਥਾਨ ਹੈ, ਜਿੱਥੇ 300 ਸਾਲ ਪੁਰਾਣਾ ਗੁਰਦੁਆਰਾ ਮੰਜੀ ਸਾਹਿਬ ਦੱਖਣੀ ਭਾਰਤ 'ਚ ਗੌਂਡ ਅਤੇ ਵਣਜਾਰਾ ਸਿੱਖਾਂ 'ਚ ਸਿੱਖਾਂ ਦੇ ਇਤਿਹਾਸ ਦੀ ਯਾਦ ਦਿਵਾਉਂਦਾ ਹੈ। ਇੱਥੇ ਲੋਕਾ ਮਸੰਦ, ਲਿੰਗਾ ਮਸੰਦ ਅਤੇ ਮਾਈ ਭਾਗੋ ਦੀ ਪੂਜਾ ਕੀਤੀ ਜਾਂਦੀ ਹੈ।

ਮਸੰਦ ਸਿੱਖ ਅਧਿਕਾਰਤ ਤੌਰ 'ਤੇ ਗੁਰੂ ਦੀ ਨੁਮਾਇੰਦਗੀ ਕਰਨ ਵਾਲੇ ਨਿਯੁਕਤ ਮਿਸ਼ਨਰੀ ਮੰਤਰੀ ਸਨ, ਜੋ ਪੂਰੀ ਤਰ੍ਹਾਂ ਸਿੱਖ ਧਰਮ ਨਾਲ ਜੁੜੇ ਹੁੰਦੇ ਸਨ। ਗੁਰੂ ਗੋਬਿੰਦ ਸਿੰਘ ਵੇਲੇ ਤੋਂ ਉਹ ਖੰਡੇ-ਬਾਟੇ ਦੀ ਪਾਹੁਲ ਦੇ ਧਾਰਨੀ ਹੁੰਦੇ ਸਨ ਅਤੇ ਸਿੱਖੀ ਦੇ ਪ੍ਰਚਾਰ ਤੇ ਪ੍ਰਸਾਰ ਤੋਂ ਇਲਾਵਾ ਭੇਟ ਵਜੋਂ ਦਸਵੰਧ ਇਕੱਠਾ ਕਰਕੇ ਗੁਰੂ ਘਰ ਪਹੁੰਚਾਉਂਦੇ ਸਨ। ਬਾਅਦ ਵਿਚ ਵੀ ਬਹੁਤ ਸਾਰੇ ਮਸੰਦਾਂ ਨੇ ਸਮਰਪਿਤ ਸਿੱਖਾਂ ਵਜੋਂ ਸੇਵਾ ਨਿਭਾਈ, ਲੋਕ ਭਲਾਈ ਦੇ ਕੰਮ ਕੀਤੇ ਅਤੇ ਸਿੱਖ ਧਰਮ ਦਾ ਪ੍ਰਚਾਰ ਕੀਤਾ। ਉਨ੍ਹਾਂ ਵਿਚੋਂ ਕੁਝ ਗੌਂਡ ਭਾਈਚਾਰੇ ਦੇ ਸਨ, ਜੋ ਧਰਮ ਦੇ ਪ੍ਰਚਾਰ ਲਈ ਅਤੇ ਅੱਤਿਆਚਾਰਾਂ ਤੇ ਜ਼ੁਲਮਾਂ ਵਿਰੁੱਧ ਲੜਨ ਲਈ ਦੇਸ਼ ਦੇ ਵੱਖ-ਵੱਖ ਹਿੱਸਿਆਂ ਵਿਚ ਜਾਂਦੇ ਰਹੇ। ਉਨ੍ਹਾਂ ਵਿਚੋਂ 8 ਪ੍ਰਮੁੱਖ ਮਸੰਦ ਜੋ ਸਿੱਖੀ ਪ੍ਰਚਾਰ ਅਤੇ ਲੋਕ ਭਲਾਈ ਦੇ ਕੰਮਾਂ ਲਈ ਲੋਕਾਂ ਵਿਚ ਸਨਮਾਨੇ ਜਾਂਦੇ ਹਨ, ਉਹ ਹਨ 1. ਤੇਫਾ ਮਸੰਦ, 2. ਵੂਕਾ ਮਸੰਦ, 3. ਧਰਮਾ ਮਸੰਦ, 4. ਲੋਕਾ ਮਸੰਦ, 5. ਲਿੰਗਾ ਮਸੰਦ, 6. ਹੇਮਾ ਮਸੰਦ, 7. ਹਰੀ ਮਸੰਦ ਅਤੇ 8. ਲਛਮਾ ਮਸੰਦ।




ਲੋਕਾ ਮਸੰਦ ਅਤੇ ਲਿੰਗਾ ਮਸੰਦ ਗੁਰੂ ਗੋਬਿੰਦ ਸਿੰਘ ਜੀ ਨੂੰ ਸਮਰਪਿਤ ਮਸੰਦ ਸਨ, ਜਿਨ੍ਹਾਂ ਨੂੰ ਦਸਵੇਂ ਪਾਤਸ਼ਾਹ ਨੇ ਦੱਖਣ ਵਿਚ ਸਿੱਖ ਧਰਮ ਦਾ ਪ੍ਰਚਾਰ ਕਰਨ ਲਈ ਨਾਂਦੇੜ ਤੋਂ ਹੈਦਰਾਬਾਦ ਰਿਆਸਤ ਵਿਚ ਭੇਜਿਆ ਸੀ। ਉਹ ਦੋਵੇਂ ਹੈਦਰਾਬਾਦ ਰਾਜ ਦੇ ਮਹਿਬੂਬਨਗਰ ਜ਼ਿਲ੍ਹੇ ਦੇ ਮਦੂਰ ਮੰਡਲ 'ਚ ਥਿਮਾ ਰੈੱਡੀ ਪੱਲੇ 'ਚ ਵਸ ਗਏ। ਪਿੱਛੋਂ ਇਹ ਇਲਾਕਾ ਨਵੇਂ ਬਣੇ ਤੇਲੰਗਾਨਾ ਰਾਜ ਦਾ ਹਿੱਸਾ ਬਣ ਗਿਆ। ਥਿਮਾ ਰੈੱਡੀ ਪੱਲੇ ਵਿਚ ਉਨ੍ਹਾਂ ਦੀ ਯਾਦ 'ਚ ਗੁਰਦੁਆਰਾ ਮੰਜੀ ਸਾਹਿਬ ਬਣਾਇਆ ਗਿਆ, ਜਿਸ 'ਚ ਲੋਕਾ ਮਸੰਦ ਅਤੇ ਲਿੰਗਾ ਮਸੰਦ ਦੀਆਂ ਤਸਵੀਰਾਂ ਦੀ ਪੂਜਾ ਕੀਤੀ ਜਾਂਦੀ ਹੈ। ਗੁਰਦੁਆਰਾ ਵਿਖੇ ਦੋ ਨਿਸ਼ਾਨ ਸਾਹਿਬ ਇਨ੍ਹਾਂ ਦੋਵਾਂ ਮਸੰਦਾਂ ਦੀ ਯਾਦ ਦਿਵਾਉਂਦੇ ਹਨ ਅਤੇ ਖੰਡੇ ਦੇ ਨਾਲ ਨਿਸ਼ਾਨ ਸਾਹਿਬ ਹਵਾ ਵਿਚ ਝੂਲਦੇ ਦੇਖੇ ਜਾ ਸਕਦੇ ਹਨ। ਗੁਰਦੁਆਰੇ ਦੀਆਂ ਬਾਹਰਲੀਆਂ ਕੰਧਾਂ 'ਤੇ ਇਨ੍ਹਾਂ ਦੋਵਾਂ ਮਸੰਦਾਂ ਦੀਆਂ ਵੱਡੀਆਂ ਤਸਵੀਰਾਂ ਦੇਖੀਆਂ ਜਾ ਸਕਦੀਆਂ ਹਨ। ਇਨ੍ਹਾਂ ਦੋਵਾਂ ਮਸੰਦਾਂ ਦੀਆਂ ਵੱਡੀਆਂ ਤਸਵੀਰਾਂ ਗੁਰਦੁਆਰਿਆਂ 'ਚੋਂ ਇਕ ਦੇ ਪਾਵਨ ਅਸਥਾਨ ਵਿਚ ਵੀ ਪ੍ਰਦਰਸ਼ਿਤ ਹਨ। ਲੋਕਾ ਮਸੰਦ ਨੂੰ ਗੁਰੂ ਗੋਬਿੰਦ ਸਿੰਘ ਜੀ ਦੇ ਚਰਨਾਂ ਵਿਚ ਬੈਠਾ ਦਿਖਾਇਆ ਗਿਆ ਹੈ ਅਤੇ ਇਕ ਹੋਰ ਤਸਵੀਰ 'ਚ ਉਸ ਨੂੰ ਗੁਰੂ ਗੋਬਿੰਦ ਸਿੰਘ ਜੀ ਦੀ ਬਖਸ਼ਿਸ਼ ਪ੍ਰਾਪਤ ਕਰਦਾ ਵਿਖਾਇਆ ਗਿਆ ਹੈ।

ਤੇਲੰਗਾਨਾ, ਕਰਨਾਟਕ, ਆਂਧਰਾ ਪ੍ਰਦੇਸ਼, ਮਹਾਰਾਸ਼ਟਰ ਅਤੇ ਪੰਜਾਬ ਦੇ ਗੌਂਡ ਅਤੇ ਵਣਜਾਰਾ ਸ਼ਰਧਾਲੂ ਵੱਡੀ ਗਿਣਤੀ ਵਿਚ ਲੋਕਾ ਮਸੰਦ ਦੇ ਜਨਮ ਅਤੇ ਮਾਈ ਭਾਗੋ ਨਾਲ ਸੰਬੰਧਿਤ ਹੋਰ ਸਮਾਗਮਾਂ ਦੀ ਯਾਦ ਵਿਚ ਨਿਯਮਿਤ ਤੌਰ 'ਤੇ ਇਕੱਠੇ ਹੁੰਦੇ ਹਨ, ਜਿੱਥੇ ਵਣਜਾਰਾਂ ਅਤੇ ਗੌਂਡ ਦੇ ਲਗਭਗ 20 ਪਿੰਡ (ਟਾਂਡੇ) ਹਨ, ਜੋ ਇਨ੍ਹਾਂ ਸਮਾਗਮਾਂ ਨੂੰ ਬਹੁਤ ਧੂਮ-ਧਾਮ ਨਾਲ ਮਨਾਉਂਦੇ ਹਨ। ਲੋਕਾ ਮਸੰਦ ਦੇ ਜਨਮ ਉਤਸਵ ਮੌਕੇ ਹਰ ਸਾਲ 10-13 ਅਪ੍ਰੈਲ ਤੱਕ ਮੱਜੀ ਸਾਹਿਬ (ਮੰਜੀ ਸਾਹਿਬ) ਵਿਖੇ ਦੱਖਣੀ ਭਾਰਤ 'ਚ ਗੌਂਡ ਅਤੇ ਵਣਜਾਰਾ ਸਿੱਖ ਦਾ ਸਭ ਤੋਂ ਵੱਡਾ ਇਕੱਠ ਹੁੰਦਾ ਹੈ। ਪਿਛਲੇ ਸਾਲ ਇਹ ਇਕੱਠ ਛੇ ਲੱਖ ਸ਼ਰਧਾਲੂਆਂ ਦਾ ਸੀ। ਇਸੇ ਦਿਨ ਪੰਜ ਮੰਜ਼ਿਲਾਂ ਪਾਲਕੀ, ਜਿਸ 'ਚ ਗੁਰੂ ਗੋਬਿੰਦ ਸਿੰਘ ਜੀ ਅਤੇ ਦੋ ਮਸੰਦਾਂ ਦੀਆਂ ਤਸਵੀਰਾਂ ਨੂੰ ਸਜਾ ਕੇ ਪਿੰਡਾਂ ਦੇ ਆਲੇ-ਦੁਆਲੇ ਲਿਜਾਇਆ ਜਾਂਦਾ ਹੈ। ਇਸ ਤੋਂ ਬਾਅਦ ਲੰਗਰ (ਰਸੋਈ) ਤਿਆਰ ਕੀਤਾ ਜਾਂਦਾ ਹੈ ਤੇ ਸਾਰੇ ਸ਼ਰਧਾਲੂ ਪਰੰਪਰਾ ਅਨੁਸਾਰ ਪੰਗਤ ਵਿਚ ਲੰਗਰ ਛਕਦੇ ਹਨ। ਇਨ੍ਹਾਂ ਦੋਹਾਂ ਮਸੰਦਾਂ ਤੋਂ ਬਾਅਦ ਸੰਤ ਸੇਵਾ ਲਾਲ ਮਹਾਰਾਜ ਨੇ ਗੁਰਦੁਆਰਾ ਕੰਪਲੈਕਸ ਦੀ ਦੇਖ-ਰੇਖ ਸੰਭਾਲੀ। ਉਹ ਬਹੁਤ ਅਮੀਰ ਸੀ, ਜਿਸ ਕੋਲ 3755 ਬਲਦ ਸਨ ਅਤੇ ਉਹ ਇਕ ਜਾਣਿਆ-ਪਛਾਣਿਆ ਗੌਂਡ ਸੀ, ਜਿਸ ਨੂੰ ਹੈਦਰਾਬਾਦ ਦੇ ਨਵਾਬ ਨੇ ਵੀ ਮਾਨਤਾ ਦਿੱਤੀ ਸੀ।

ਇਸੇ ਗੁਰਦੁਆਰੇ ਦੀ ਚਾਰਦੀਵਾਰੀ ਵਿਚ ਹੀ ਮਾਈ ਭਾਗੋ ਦਾ ਗੁਰਦੁਆਰਾ ਵੀ ਹੈ, ਜਿਸ 'ਚ ਮਾਈ ਭਾਗੋ ਨੂੰ ਪੂਜਿਆ ਜਾਂਦਾ ਹੈ। ਮਾਈ ਭਾਗੋ ਸਿੱਖ ਇਤਿਹਾਸ ਵਿਚ ਮੁਕਤਸਰ ਦੇ 40 ਮੁਕਤਿਆਂ ਦੇ ਆਗੂ ਵਜੋਂ ਮਸ਼ਹੂਰ ਹੈ, ਜੋ ਬੁਰੀ ਤਰ੍ਹਾਂ ਜ਼ਖ਼ਮੀ ਹੋ ਗਈ ਸੀ ਪਰ ਗੁਰੂ ਗੋਬਿੰਦ ਸਿੰਘ ਜੀ ਨੇ ਇਲਾਜ ਕਰਵਾਇਆ ਤਾਂ ਗੁਰੂ ਜੀ ਨਾਲ ਪੱਕੀ ਸੇਵਕ ਵਜੋਂ ਜੁੜ ਗਈ ਅਤੇ ਦੱਖਣ ਤੱਕ ਨਾਲ ਗਈ, ਜਿੱਥੋਂ ਉਹ ਜਨਵਾੜਾ ਨਾਂਅ ਦੀ ਥਾਂ 'ਤੇ ਭਗਤੀ ਅਤੇ ਲੋਕ ਸੇਵਾ ਵਿਚ ਲੱਗੀ ਰਹੀ। ਮੁਕਤਸਰ ਦੇ ਸਰੋਵਰ ਦੇ ਕਿਨਾਰੇ ਇਕ ਗੁਰਦੁਆਰਾ ਉਸ ਦੀ ਬਹਾਦਰੀ ਦੀ ਯਾਦ ਵਿਚ ਹੈ। ਬਾਅਦ 'ਚ ਉਸ ਨੇ ਆਪਣਾ ਸਾਰਾ ਜੀਵਨ ਤੇ ਧਿਆਨ ਦੱਖਣ ਵਿਚ ਸਿੱਖ ਧਰਮ ਦਾ ਪ੍ਰਚਾਰ ਕਰਨ ਵਿਚ ਸਮਰਪਿਤ ਕੀਤਾ।

ਇਹ ਸਥਾਨ ਪੰਜਾਬ ਤੋਂ ਲਗਭਗ 2000 ਕਿੱਲੋਮੀਟਰ, ਹੈਦਰਾਬਾਦ ਤੋਂ 150 ਕਿੱਲੋਮੀਟਰ ਅਤੇ ਮਦੂਰ ਤੋਂ 2 ਕਿੱਲੋਮੀਟਰ ਦੂਰ ਹੈ। ਇਸ ਸਥਾਨ 'ਤੇ ਪਹੁੰਚਣ ਲਈ ਤੁਸੀਂ ਹੈਦਰਾਬਾਦ ਤੱਕ ਰੇਲਗੱਡੀ 'ਤੇ ਜਾ ਸਕਦੇ ਹੋ ਅਤੇ ਮਦੂਰ ਤੱਕ ਬੱਸ ਯਾਤਰਾ ਕਰ ਸਕਦੇ ਹੋ, ਜਿੱਥੋਂ ਥਿਮਾ ਰੈੱਡੀ ਪੱਲੇ ਦੇ ਗੁਰਦੁਆਰੇ ਲਈ ਆਟੋ ਲੈ ਸਕਦੇ ਹੋ। ਇਨ੍ਹਾਂ ਲੋਕਾਂ ਦਾ ਸ਼੍ਰੋਮਣੀ ਕਮੇਟੀ, ਡੀ.ਜੀ.ਐਮ.ਸੀ. ਜਾਂ ਹਜ਼ੂਰ ਸਾਹਿਬ ਗੁਰਦੁਆਰਾ ਬੋਰਡ ਨਾਲ ਕੋਈ ਸੰਬੰਧ ਨਹੀਂ ਹੈ, ਕਿਉਂਕਿ ਇਨ੍ਹਾਂ ਵਿਚੋਂ ਕਿਸੇ ਨੇ ਵੀ ਇਨ੍ਹਾਂ ਦੀ ਖੋਜ ਕਰਨ ਦੀ ਕੋਸ਼ਿਸ਼ ਨਹੀਂ ਕੀਤੀ। ਭਗਵਾਨ ਸਿੰਘ ਖੋਜੀ ਦੁਆਰਾ ਰਿਕਾਰਡ ਕੀਤਾ ਗਿਆ ਇਕ ਛੋਟਾ ਜਿਹਾ ਵੀਡੀਓ ਸਿੱਖਾਂ ਲਈ ਅੱਖਾਂ ਖੋਲ੍ਹਣ ਵਾਲਾ ਹੈ। ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ, ਦਿੱਲੀ ਗੁਰਦੁਆਰਾ ਪ੍ਰਬੰਧਕ ਕਮੇਟੀ ਅਤੇ ਹਜ਼ੂਰ ਸਾਹਿਬ ਪ੍ਰਬੰਧਕ ਕਮੇਟੀ ਨੂੰ ਇਸ ਅਸਥਾਨ ਦੀ ਸਾਂਭ-ਸੰਭਾਲ ਲਈ ਖੋਜਾਰਥੀ ਅਤੇ ਪ੍ਰਚਾਰਕ ਟੀਮਾਂ ਭੇਜਣ ਅਤੇ ਇਨ੍ਹਾਂ ਵਣਜਾਰਿਆਂ ਨੂੰ ਸਿੱਖੀ ਤੋਂ ਜਾਣੂ ਕਰਵਾ ਕੇ ਮੁੱਖ ਸਿੱਖ ਧਾਰਾ ਨਾਲ ਜੋੜਨ ਦੀ ਅਤਿਅੰਤ ਲੋੜ ਹੈ।



# • ਪੰਜਾਬੀ ਫ਼ਿਲਮ ਦਰਪਣ •

## ਜੁਮਨਾ ਦੀ ਨਜ਼ਰੇ ਪੰਜਾਬ ਦੀ ਏਕਤਾ ਕਪੂਰ ਸੰਦੀਪ ਕੌਰ



ਰਾਣਾ ਸੰਧੂ ਨੂੰ ਸਟਾਰ ਗਾਇਕ ਬਣਾਉਣ ਵਾਲੀ ਸੰਦੀਪ ਕੌਰ ਸੰਧੂ ਪੰਜਾਬੀ ਮਿਊਜ਼ਿਕ ਇੰਡਸਟਰੀ ਦੀ ਏਕਤਾ ਕਪੂਰ ਕਹੀ ਜਾਂਦੀ ਹੈ। ਇਹ ਗੱਲ ਲੋਕ ਪ੍ਰਿਅ ਸੋਸ਼ਲ ਮੀਡੀਆ ਹਸਤੀ ਤੇ ਟਿਕ ਟੋਕ ਸਟਾਰ ਜੁਮਨਾ ਖਾਂ ਨੇ ਆਖੀ ਹੈ। ਅਰਬ ਵਾਲੀ ਜੁਮਨਾ ਨੇ ਕਿਹਾ ਕਿ ਇੱਕ ਸਮੇਂ 3 ਸੰਗੀਤ ਕੰਪਨੀਆਂ ਚਲਾਉਣਾ, ਗੀਤ ਗਾਇਕ ਸੰਗੀਤ ਤੇ ਵੀਡਿਓ ਸਟੋਰੀ ਦੀ ਚੋਣ ਸੰਦੀਪ ਕੌਰ ਸਭ ਦੇਖਦੇ ਹੀ ਕਰ ਦਿੰਦੀ ਹੈ। ਕੰਮ ਓਸ ਲਈ ਜਨੂੰਨ ਹੈ ਤੇ ਐਸ਼ ਆਡੀਓ ਤੋਂ ਬਾਅਦ ਸੰਦੀਪ ਹੁਣ ਸੰਧੂ ਬੋਅਜ਼ ਨੂੰ ਚੋਟੀ ਤੇ ਲਿਜਾ ਕਿ ਇੱਕ ਹੋਰ ਸੰਗੀਤ ਪਲੇਟਫਾਰਮ ਫ਼ਿਲਮੀ ਸੰਗੀਤ ਲਈ ਤਿਆਰ ਕਰੇਗੀ। ਕਿਸਮਤ ਵਾਲਾ ਏ ਗਾਇਕ ਰਾਣਾ ਸੰਧੂ ਜਿਸ ਦੇ ਆਂਗਣ ਵਿੱਚ ਸੰਦੀਪ ਕੌਰ ਉਰਫ ਏਕਤਾ ਕਪੂਰ ਦੀ ਮਹਿਕ ਹੈ। "ਜੇਲ ਯਾਤਰਾ" "ਤੇਰੇ ਸ਼ਹਿਰ" "ਖੂੰਢ ਪੁਰਾਣੇ" ਸੰਦੀਪ ਕੌਰ ਦੇ ਪੇਸ਼ ਕੀਤੇ ਟਰੈਕ ਹਿਟ ਨੇ ਤੇ ਫਿਲਮ ਦੀ ਤਿਆਰੀ ਹੈ।

## ਮਨਜੀਤ ਫਿਰ ਗੁਰਦਾਸਪੁਰ ਤੋਂ ਅਮਰੀਕਾ "ਚੜ੍ਹਦੀਕਲਾ"



ਅੱਜਕਲ੍ਹ ਅਮਰੀਕਾ ਵਿਖੇ ਵੱਖ ਵੱਖ ਰੇਡੀਓ ਪੰਜਾਬੀ ਚੈਨਲਾਂ ਤੇ ਆਪਣੀ ਐਂਕਰਿੰਗ ਨਾਲ ਪੰਜਾਬੀਆਂ ਦਾ ਮਨੋਰੰਜਨ ਕਰ ਰਹੇ ਅਦਾਕਾਰ ਤੇ ਐਂਕਰ ਮਨਜੀਤ ਗੁਰਦਾਸਪੁਰੀ ਭਾਰਤ ਪੰਜਾਬ ਆਪਣੇ ਜਨਮ ਸ਼ਹਿਰ ਗੁਰਦਾਸਪੁਰ ਆ ਕਿ ਕਲਾ, ਸੰਗੀਤ, ਸਾਹਿਤ ਤੇ ਐਕਟਿੰਗ ਮਹਿਫ਼ਲ ਦਾ ਸ਼ਿੰਗਾਰ ਬਣੇ। ਭਾਰਤ ਦੇ ਪਹਿਲੇ ਟੀਵੀ ਲੜੀਵਾਰ "ਹਮ ਲੋਗ" ਦੇ ਨਾਲ ਰਹੇ ਮਨਜੀਤ ਗੁਰਦਾਸਪੁਰੀ ਵਾਪਿਸ ਅਮਰੀਕਾ ਪਹੁੰਚ ਕਿ ਓਥੇ "ਚੜ੍ਹਦੀਕਲਾ" ਰੇਡੀਓ ਤੇ ਸਰਗਰਮ ਹੋ ਗਏ ਹਨ। ਜੇਕਰ ਭਾਰਤ ਰਹਿੰਦੇ ਤਾਂ ਹੋ ਸਕਦਾ ਸਟਾਰ ਕਮੇਡੀਅਨ ਹੁੰਦੇ ਪਰ ਅਮਰੀਕਾ ਰਾਸ ਆਓਣ ਨਾਲ ਪੀੜ੍ਹੀ ਦਰ ਪੀੜ੍ਹੀ ਸਥਾਪਿਤ ਹੋ ਗਈ ਹੈ। ਮਨਜੀਤ ਗੁਰਦਾਸਪੁਰੀ ਵੈਸੇ ਚਾਹਤ ਰੱਖਦੇ ਹਨ ਕਿ ਇੱਕ ਦਿਨ ਓਹ ਆਪਣੀ ਮਾਂ ਬੋਲੀ ਵਿੱਚ ਫ਼ਿਲਮ ਬਣਾਉਣ ਪਰ ਵਕਤ ਦੀ ਇਹ ਘਾਟ ਜਦ ਪੂਰੀ ਹੋਈ ਤਦ ਹੋਏਗਾ ਫਿਲਹਾਲ ਓਹਨਾਂ ਦੀਆਂ ਸਰਗਰਮੀਆਂ ਜਾਰੀ ਹਨ। ਸੁਰਿੰਦਰ ਛਿੰਦਾ ਦੀ ਇੱਕ ਫਿਲਮ ਦੇ ਮੁੱਖ ਸਹ ਨਿਰਦੇਸ਼ਕ ਵੀ ਇਹੀ ਮਨਜੀਤ ਗੁਰਦਾਸਪੁਰੀ ਸਨ।

## ਸੀਮਾ ਆਖੇ ਲੋਕ ਅਨਜਾਣ ਕਿਓਂ ਬਣਦੇ ਹਨ



ਰੰਗ ਰੱਬ ਨੇ ਦਿੱਤਾ ਅਜਿਹਾ ਕਿ ਵੇਖੀ ਜਾ ਪਰ ਛੇੜੀ ਨਾ ਤੇ ਆਵਾਜ਼ ਖ਼ੁਦਾ ਨੇ ਦਿੱਤੀ ਕਿ ਸੁਣੀ ਜਾ ਪਰ ਬੋਲੀ ਨਾ ,ਪਿਆਰੀ ਤੇ ਸੁਰ ਵਾਲੀ ਗਾਇਕਾ ਸੀਮਾ ਅਨਜਾਣ ਨੇ ਪਿਆਰੀ ਗੀਤ ਵੀ ਗਾਏ ਪਰ ਓਹ ਕਹਿੰਦੀ ਹੈ ਕਿ ਲੋਕ "ਗਾਜਰ ਵਰਗੀ" ਪਿੱਛੇ ਹੀ ਪੈਂਦੇ ਹਨ। ਚੰਗਾ ਜਿਆਦਾ ਗਾਈ ਜਾਓ ਤੇ ਭੁੱਖੇ ਮਰੋ। ਖ਼ੈਰ ਇਸ ਵੇਲੇ ਮਹਾਂ ਮਾਈ ਦੀ ਕਿਰਪਾ ਨਾਲ ਸੀਮਾ ਅਨਜਾਣ ਧਾਰਮਿਕ ਜਾਗਰਣ ਗਾਇਕੀ ਵਿੱਚ ਟੋਪ ਤੇ ਹੈ।ਲੋਕ ਅਨਜਾਣ ਬਣਦੇ ਨੇ ਬਣ ਜਾਣ ਨੀਰਜ ਭਾਈ ਸੀਮਾ ਅਨਜਾਣ ਸਟਾਰ ਗਾਇਕਾ ਬਣ ਚੁੱਕੀ ਹੈ ਤੇ ਅਜੇ 4 ਸਾਲ ਹੋਰ ਇਹ ਗਾਇਕਾ ਚੋਟੀ ਤੇ ਆਪਣੀ ਸੀਮਾ ਬਰਕਰਾਰ ਰੱਖੇਗੀ।

## ਮੱਖਣ ਲੋਹਾਰ ਨੂੰ ਯਾਦ ਆਏ ਸ਼ੌਕਤ ਅਲੀ



ਸੰਗੀਤ ਦਾ ਵਗਦਾ ਦਰਿਆ ਸ਼ੌਕਤ ਅਲੀ ਸਾਹਿਬ ਤੇ ਸਾਹਿਬ ਇਸ ਲਈ ਕਿ ਓਹ ਫ਼ਿਲਮੀ ਸੰਗੀਤ, ਲੋਕ ਰੰਗ ਹਰ ਤਰਾਂ ਦੀ ਗਾਇਕੀ ਦੇ ਸਾਹਿਬ ਰਹੇ ਹਨ। ਸ਼ੌਕਤ ਅਲੀ ਦੀਆਂ ਗ਼ਜ਼ਲਾਂ, ਗੀਤ ਰੇਡੀਓ ਦਾ ਸ਼ਿੰਗਾਰ, ਟੀਵੀ ਤੇ ਪ੍ਰਸਾਰਿਤ ਤੇ ਦੁਨੀਆਂ ਭਰ ਦੀਆਂ ਮਹਿਫ਼ਲਾਂ ਦਾ ਸ਼ਿੰਗਾਰ ਸ਼ੌਕਤ ਅਲੀ ਜਦ ਅਮਰੀਕਾ ਗਏ ਤੇ "ਸ਼ਾਹਾਂ ਦੀ ਕੁੜੀਏ" ਵਾਲੇ ਗੀਤਕਾਰ ਮੱਖਣ ਲੋਹਾਰ ਨੂੰ ਇੰਜ ਮਿਲੇ ਜਿਵੇਂ ਜਨਮਾਂ ਦੀ ਰੂਹ ਮਿਲੀ ਹੋਏ। ਸੰਗੀਤ, ਪੰਜਾਬੀ ਬੋਲੀ ਤੇ ਗੀਤਾਂ ਤੇ ਗੱਲ ਹੋਈ। ਅੱਜ ਮੱਖਣ ਲੋਹਾਰ ਕੋਲ ਯਾਦ ਏ ਸ਼ੌਕਤ ਅਲੀ ਸਾਬ ਦੀ ਤੇ ਸ਼ੌਕਤ ਅਲੀ ਦੀ ਯਾਦ ਵਿੱਚ ਓਹ ਐਮ ਟਰੈਕ ਐਂਟਰਟੇਨਮੈਂਟ ਵਿੱਚ ਕੋਈ ਯਾਦਗਾਰ ਚੀਜ਼ ਭੇਂਟ ਕਰਨਗੇ। ਮੱਖਣ ਲੋਹਾਰ ਓਹਲਾ ਨਹੀਂ ਰੱਖਦੇ ਕਹਿ ਦਿੱਤਾ ਹੋਏਗਾ।

## ਅੰਨਾਯਾ ਚੱਢਾ ਦਾ "ਬਰਨਿੰਗ ਪੰਜਾਬ" ਬਣੀ ਨਾਇਕਾ



ਪਿਆਰੀ ਓਹ ਰੱਜ ਕਿ ਹੈ, ਸੋਹਣੀ ਓਹ ਸੋਹਣੀ ਜਿਹੀ ਹੈ ਤੇ ਅਭਿਨੈ ਦੀ ਸੂਰਤ ਮੂਰਤ ਬਣ ਪੰਜਾਬੀ ਫ਼ਿਲਮਾਂ ਦੇ ਖੇਤਰ ਵਿੱਚ ਕਦਮ ਰੱਖ ਰਹੀ ਹੈ ।ਅਨਣਯਾ ਚੱਢਾ ਓਸ ਦਾ ਨਾਮ ਹੈ ਤੇ ਇਸ਼ਪ੍ਰਿਤ ਨਾਲ ਓਹ ਫਿਲਮ "ਬਰਨਿੰਗ ਪੰਜਾਬ" ਵਿੱਚ ਨਾਇਕਾ ਬਣ ਆ ਰਹੀ ਹੈ। ਮਿਸ ਅਨਾਨਾਯਾ ਆਖਦੀ ਹੈ ਕਿ ਟਾਈਗਰ ਹਰਮੀਕ ਦਾ ਧੰਨਵਾਦ ਮੈਨੂੰ ਕਮਾਲ ਦਾ ਕੰਮ ਦਿੱਤਾ ਹੈ। ਵਿਕਟਰ ਯੋਗਰਾਜ ਸਿੰਘ ਉਤਸ਼ਾਹੀ ਨਿਰਦੇਸ਼ਕ ਨਾਲ ਮੇਰਾ ਕੈਰੀਅਰ ਸ਼ੁਰੂ ਹੋ ਰਿਹਾ ਹੈ। ਖੁਸ਼ੀ ਏ ਕਿ ਨੀਨਾ ਸਿੱਧੂ ਜਿਹੇ ਟੈਲੇਂਟ ਭਰਪੂਰ ਲੋਕ ਮੈਨੂੰ ਉਤਸ਼ਾਹਿਤ ਕਰ ਰਹੇ ਹਨ। ਅੱਗੇ ਜਾ ਕਿ ਵੱਡੀਆਂ ਫ਼ਿਲਮਾਂ ਕਰਾਂਗੀ ਤੇ ਇਹ ਖੁਸ਼ੀ ਹੈ ਕਿ ਫ਼ਿਲਮ ਦਾ ਵਿਸ਼ਾ ਦਮਦਾਰ ਹੈ। ਮਿਸ ਚੱਢਾ ਨੇ ਪੰਜਾਬੀ ਫ਼ਿਲਮਾਂ ਵਿੱਚ ਨਾਮ ਉੱਚਾ ਕਰਨਾ ਹੈ ਤੇ ਉਮੀਦ ਹੈ ਕਿ ਓਹ ਹਰ ਪੱਖ ਤੋਂ ਪਾਲੀਵੁੱਡ ਲਈ ਖਰੀ ਰਹੇਗੀ।

## ਮਨਜੀਤ ਸਿੰਘ ਟੋਨੀ ਤੋਂ "ਬੂ ਮੈਂ ਡਰਗਈ"



ਸਰਦਾਰ ਜਵਾਨ ਮਨਜੀਤ ਸਿੰਘ ਟੋਨੀ, ਸਿੱਖੀ ਸਰਦਾਰੀ ਰੂਪ ਵਿੱਚ ਪਾਲੀਵੁੱਡ ਦਾ ਸਟਾਰ ਨਿਰਦੇਸ਼ਕ ਬਣ ਚੁੱਕਾ ਹੈ। ਇੱਕ ਤੋਂ ਬਾਅਦ ਇੱਕ ਆ ਰਹੀ ਮਨਜੀਤ ਸਿੰਘ ਦੀ ਫ਼ਿਲਮ ਗ਼ਜ਼ਬ ਕਰ ਰਹੀ ਹੈ। "ਵੇਖੀ ਜਾ ਛੇੜੀ ਨਾ" ਚਲ ਗਈ ਤੇ ਹੁਣ "ਬੂ ਮੈਂ ਡਰੱਗੀ" ਟੋਨੀ ਨੇ ਸ਼ਾਨ ਨਾਲ ਰਲੀਜ਼ ਕੀਤੀ ਹੈ। ਮਨਜੀਤ ਸਿੰਘ ਟੋਨੀ ਨੇ ਇਸ਼ਾ ਰਿਖੀ, ਰੌਸ਼ਨ ਪ੍ਰਿੰਸ, ਨਿਸ਼ਾ ਬਾਨੋ, ਕਰਮਜੀਤ ਅਨਮੋਲ, ਗੁਰਮੀਤ ਸਾਜਨ ਤੇ ਪਰਵੀਨ ਨੂੰ ਚਮਕਾ ਦਿੱਤਾ ਹੈ। ਯੋਗਰਾਜ ਸਿੰਘ ਤੋਂ ਬੇਹਤਰੀਨ ਕੰਮ ਫ਼ਿਲਮ ਵਿੱਚ ਤੇ ਇਸ ਦੇ ਪ੍ਰਚਾਰ ਵਿੱਚ ਲਿਆ ਹੈ। ਮਨਜੀਤ ਸਿੰਘ ਟੋਨੀ ਸਾਬਾਸ਼ "ਹੱਲਾ ਹੋ" ਵੇਲੇ ਮਜ਼ਾਕ ਕਰਨ ਵਾਲੇ ਅੱਜ ਤੁਹਾਡਾ ਨਾ ਸੁਣਦੇ ਹੀ ਆਖਣਗੇ ਕਿ "ਬੂ ਮੈਂ ਡਰੱਗੀ"।

-ਅੰਮ੍ਰਿਤ ਪਵਾਰ

---

# ਪੰਜਾਬ ਦੇ ਵਿੱਦਿਅਕ ਮਿਆਰ ਦੀ ਮਿਸਾਲ !


ਤਰਲੋਚਨ ਸਿੰਘ ਦੁਪਾਲ ਪੁਰ
78146-92724



ਪਹਿਲਾ ਵਾਕਿਆ- ਜਦੋਂ ਮੈਂ ਪਿੰਡ ਦਾ ਸਰਪੰਚ ਹੁੰਦਾ ਸਾਂ। ਪ੍ਰਾਇਮਰੀ ਸਕੂਲ ਤੋਂ ਇੱਕ ਅਧਿਆਪਕਾ ਨੇ ਸਾਡੇ ਪਿੰਡ ਦੇ ਕੁੱਝ ਬੱਚੇ ਬੱਚੀਆਂ ਦੇ ਨਾਂ ਲਿਖਕੇ ਮੈਨੂੰ ਤਸਦੀਕ ਕਰਨ ਲਈ ਭੇਜੇ। ਪੰਜਾਬੀ ਵਿੱਚ ਲਿਖੇ ਨਾਵਾਂ ਵਿੱਚ ਬਲਦੀਦ (ਸਨ ਔਫ ਜਾਂ ਡੌਟਰ ਔਫ) ਵਜੋਂ ਸਪੁੱਤਰ ਜਾਂ ਸਪੁੱਤਰੀ ਲਿਖਣ ਦੀ ਬਜਾਏ ਅੰਗਰੇਜੀ ਵਿੱਚ ਉਸਨੇ S/O ਨੂੰ S% ਲਿਖਿਆ ਹੋਇਆ ਸੀ ! ਹੋਰ ਤਾਂ ਹੋਰ ਕੁੜੀਆਂ ਦੇ ਨਾਵਾਂ ਅੱਗੇ ਵੀ D/O ਦੀ ਥਾਂਹ S% ਹੀ ਲਿਖਿਆ ਦੇਖ ਕੇ ਮੈਂ ਮੱਥੇ 'ਤੇ ਹੱਥ ਮਾਰਿਆ ਕਿ ਇਸ ਬੀਬੀ ਨੂੰ ਟੀਚਰ ਕਿਸਨੇ ਨਿਯੁਕਤ ਕਰਿਆ ਹੋਵੇਗਾ ?

ਉਦੋਂ ਅੱਜ ਵਾਲ਼ੇ ਸਾਧਨ ਨਹੀਂ ਸੀ ਹੁੰਦੇ ਨਹੀਂ ਤਾਂ ਉਸ ਲਿਖਤ ਦੀ ਮੈਂ ਫੋਟੋ ਖਿੱਚ ਲੈਂਦਾ !

ਦੂਜੀ ਮਿਸਾਲ-ਪਿਛਲੇ ਸਾਲ ਆਪਣੇ ਰਿਸ਼ਤੇਦਾਰਾਂ ਦੇ ਵਿਆਹ 'ਤੇ ਗਿਆ ਹੋਇਆ ਸ਼ਾਮ ਨੂੰ ਮੈਂ ਸੁਭਾਅ ਮੁਤਾਬਕ ਪਿੰਡ 'ਚ ਘੁੰਮਣ ਨਿਕਲਿਆ ਤਾਂ ਇੱਕ ਘਰ ਮੋਹਰੇ ਲੱਗੀ 'ਨੇਮ ਪਲੇਟ' ਉੱਤੇ ਕਿਸੇ ਪੇਂਟਰ ਵਲੋਂ S/O ਨੂੰ S% ਲਿਖਿਆ ਦੇਖ ਕੇ ਮੇਰਾ ਮੱਥਾ ਠਣਕਿਆ !




ਇਹ ਦੋਵੇਂ ਮਿਸਾਲਾਂ ਕੁੱਝ ਦਿਨ ਪਹਿਲਾਂ ਫਿਰ ਤਾਜ਼ਾ ਹੋ ਗਈਆਂ ਜਦ ਮੈਂ ਆਪਣੇ ਘਰੇ ਆਏ ਵਿਆਹ ਦੇ ਇੱਕ ਕਾਰਡ (ਸੱਦਾ ਪੱਤਰ) ਉੱਤੇ ਮੇਰੇ ਬੇਟੇ ਅਤੇ ਮੇਰੇ ਨਾਂ ਵਿਚਕਾਰ S/O ਨੂੰ S% ਵਜੋਂ ਲਿਖਿਆ ਹੋਇਆ ਦੇਖਿਆ ! ਫਿਰ ਮੈਥੋਂ ਇਹ ਪੋਸਟ ਲਿਖਣੋ ਰਹਿ ਨੀ ਹੋਇਆ !!

ਦੋਸਤੋ ਸੋਚ ਰਿਹਾ ਹਾਂ ਕਿ ਪਹਿਲੀ ਮਿਸਾਲ ਸੰਨ 2000 ਦੀ, ਦੂਜੀ ਹੈ ਸੰਨ 2020-21 ਦੀ ਤੇ ਹੁਣ ਵਾਲ਼ੀ ਐ 2024 ਦੀ ! ਇਹੋ ਜਿਹੇ ਭਦਰਪੁਰਸ਼ ਜਾਂ 'ਪੁਰਸ਼ਣੀਆਂ' ਹੋਣਗੇ ਤਾਂ ਦਾਲ਼ ਵਿੱਚ ਕੋਕੜੂ ਵਾਂਗ ਵਿਰਲੇ ਹੀ ਪਰ ਕੀ ਪੰਜਾਬ ਦਾ ਵਿਦਿਅਕ ਮਿਆਰ ਚੌਵੀ ਸਾਲਾਂ ਦਾ ਓਥੇ ਦਾ ਉੱਥੇ ਹੀ ਟਿਕਿਆ ਹੋਇਆ ਸਮਝੀਏ ?

# ਸਿੱਖ ਪੰਥ ਦੇ ਮੂਲ ਸਿਧਾਂਤਾਂ ਤੇ ਪਹਿਰਾ ਦੇਣ ਦੀ ਲੋੜ

ਇਕਬਾਲ ਸਿੰਘ ਲਾਲਪੁਰਾ




ਸਿਖ ਧਰਮ ਜਾਂ ਖਾਲਸਾ ਪੰਥ ਦੁਨੀਆ ਦਾ ਨਵੀਨਤਮ ਧਰਮ ਹੈ। ਆਬਾਦੀ ਦੇ ਹਿਸਾਬ ਨਾਲ ਦੁਨੀਆ ਦਾ ਪੰਜਵਾਂ ਵੱਡਾ ਧਰਮ ਹੈ ਤੇ ਬਹੁਤ ਸਾਰੇ ਦੇਸ਼ਾਂ ਵਿੱਚ ਵੀ ਸਿੱਖ ਵਸਦੇ ਹਨ। ਗੁਰਮਿਤ ਇੱਕ ਫਲਸਫਾ ਹੈ ਜੋ "ਨਾਨਕ ਸਤਿਗੁਰਿ ਭੇਟਿਐ ਪੂਰੀ ਹੋਵੈ ਜੁਗਤਿ॥ ਹਸੰਦਿਆ ਖੇਲੰਦਿਆ ਪੈਨੰਦਿਆ ਖਵੰਦਿਆ ਵਿਚੇ ਹੋਵੈ ਮੁਕਤਿ॥" ਦਾ ਰਾਹ ਸਪੱਸ਼ਟ ਕਰਦਾ ਹੈ। ਸ੍ਰੀ ਗੁਰੂ ਗੋਬਿੰਦ ਸਿੰਘ ਜੀ ਨੇ ਵੀ ਖਾਲਸਾ ਨੂੰ ਅਕਾਲ ਪੁਰਖ ਕੀ ਮੂਰਤਿ ਏਹ। ਪ੍ਰਗਟਿਓ ਆਪ ਖਾਲਸਾ ਦੇਹ। ਬਿਆਨ ਕੀਤਾ ਹੈ। ਖਾਲਸਾ ਨਿਰਭੈ, ਨਿਰਵੈਰ ਵੀ ਹੈ ਪਰ ਹੈ ਸਭ ਦਾ ਮਿੱਤਰ। ਸ੍ਰੀ ਗੁਰੂ ਨਾਨਕ ਦੇਵ ਜੀ ਦੀ ਬਾਣੀ ਦੀ ਪਾਣ ਚੜਿਆ ਸਿੱਖ, ਮਨੁੱਖ ਨਹੀ ਦੇਵਤਾ ਬਣਦਾ ਹੈ, "ਬਲਿਹਾਰੀ ਗੁਰ ਆਪਣੇ ਦਉਹਾੜੀ ਸਦ ਵਾਰ॥ ਜਿਨਿ ਮਾਣਸ ਤੇ ਦੇਵਤੇ ਕੀਏ ਕਰਤ ਨ ਲਾਗੀ ਵਾਰ॥" ਜੋ ਦੇਸ਼-ਸਮਾਜ ਦੀ ਮੁਸੀਬਤ ਸਮੇਂ ਸੇਵਾ ਤੇ ਰਾਖੀ ਕਰਦਾ ਨਜ਼ਰ ਆਉਂਦਾ ਹੈ।

1708 ਈ. ਤੋਂ ਬਾਅਦ ਲਗਾਤਾਰ ਲੜਾਈ ਦੇ ਮੈਦਾਨ ਵਿੱਚ ਰਹਿਣ ਕਰਕੇ ਖਾਲਸਾ ਕਦੇ ਮੁਗਲ, ਕਦੇ ਅਫਗਾਨੀਆ ਤੇ ਕਦੇ ਅੰਗਰੇਜ਼ਾਂ ਨਾਲ ਟੱਕਰ ਲੈਂਦਾ ਰਿਹਾ ਹੈ। ਮੁਗਲ ਤੇ ਅਫਗਾਨਾਂ ਨੇ ਤਾਂ, ਖਾਲਸਾ ਨੂੰ ਸ਼ਰੀਰਕ ਤੌਰ ਤੇ ਖਤਮ ਕਰਨ ਦੇ ਨਾਲ ਨਾਲ, ਸ੍ਰੀ ਹਰਿਮੰਦਰ ਸਾਹਿਬ ਸਮੇਤ ਧਰਮ ਸਥਾਨ ਢਾਹ ਕੇ ਖਤਮ ਕਰਨ ਦਾ ਕੰਮ ਆਰੰਭਿਆ। ਪਰ ਗੁਰਬਾਣੀ ਸਿਧਾਂਤ ਤੇ ਪਰਪੱਕ ਇਹ ਖਾਲਸਾ ਮੁਸੀਬਤਾਂ ਦਾ ਮੁਕਾਬਲਾ ਕਰ, ਹਰ ਮੈਦਾਨ ਫਤਹਿ ਕਰਦਾ ਅੱਗੇ ਵਧਦਾ ਗਿਆ।

ਧਰਮ ਅਸਥਾਨ ਢਾਹੁਣ ਦੀ ਨੀਤੀ ਅੰਗਰੇਜ ਨੇ ਨਹੀਂ ਅਪਣਾਈ। ਅੰਗਰੇਜ ਨੇ ਸਿੱਖ ਇਤਿਹਾਸ ਤੇ ਗੁਰਬਾਣੀ ਦੀ ਖੌਜ ਕੀਤੀ ਤੇ ਕਰਵਾਈ, ਉਸ ਨੇ ਖਾਲਸਾ ਨੂੰ ਕਾਬੂ ਵਿੱਚ ਰੱਖਣ ਲਈ ਇੱਕ ਦੂਜੇ ਤੋਂ ਨਿਖੇੜਣ ਤੇ ਕੰਮਜੋਰ ਕਰਨ ਲਈ ਸਿੱਖ ਸਿਧਾਂਤਾ ਨੂੰ ਸੱਟ ਮਾਰਨ ਦੀ ਨੀਤੀ ਚੁਣੀ।

ਮਹਾਰਾਜਾ ਰਣਜੀਤ ਸਿੰਘ ਬਹਾਦਰ ਜਿਸ ਨੂੰ ਭਾਰਤੀਆਂ ਨੇ ਆਪਣਾ ਰਾਜਾ ਸਵਿਕਾਰ ਕਰ ਲਿਆ ਸੀ ਤੇ ਲੋੜ ਪੈਣ ਤੇ ਨਿਜ਼ਾਮ ਹੈਦਰਾਬਾਦ ਜਾਂ ਜਗਨਨਾਥ ਪੁਰੀ ਵਾਲੇ, ਲਾਹੋਰ ਤੋਂ ਹੀ ਫੌਜੀ ਸਹਾਇਤਾ ਮੰਗਦੇ ਸਨ, ਦਿੱਲੀ ਦੇ ਮੁਗਲ ਜਾਂ ਕਲਕੱਤੇ ਬੈਠੇ ਅੰਗਰੇਜ ਤੋਂ ਨਹੀ। ਮਹਾਰਾਜਾ ਤੋਂ ਬਾਅਦ ਉਸਦੇ ਪਰਿਵਾਰ ਨੂੰ ਖਤਮ ਜਾਂ ਕਮਜ਼ੋਰ ਕਰਨ ਲਈ ਅੰਗਰੇਜ ਨਾਲ ਬਹੁਤੇ ਸਿੱਖ ਰਜਵਾੜੇ ਹੀ ਸਾਥੀ ਸਨ। "ਪਹਾੜਾ ਸਿੰਘ ਸੀ ਯਾਰ ਫ਼ਰੰਗੀਆਂ ਦਾ ਸਿੰਘਾਂ ਨਾਲ ਸੀ ਉਸਦੀ ਗੈਰਸਾਲੀ" ਦੀ ਗੱਲ ਸ਼ਾਹ ਮੁਹਮੱਦ ਲਿਖਦਾ ਹੈ। ਹੋਰ ਕੌਣ ਕੌਣ ਨਾਲ ਸਨ ਇਸਦੀ ਲੰਬੀ ਸੂਚੀ ਹੈ।

ਲਾਹੋਰ ਦੀ ਜਿੱਤ ਉਪਰੰਤ ਅੰਗਰੇਜ ਨੇ ਸਿੱਖ ਆਸਥਾ ਦੇ ਇਤਿਹਾਸਕ ਸਥਾਨ ਗੁਰਦੁਆਰਾ ਸਾਹਿਬਾਨ ਤੇ ਕਬਜ਼ਾ ਕਰ ਅਤੇ ਸਿੱਖ ਸਰੂਪ ਵਾਲੇ ਪੰਥ ਵਿਰੋਧੀਆਂ ਤੋਂ ਹੀ, ਸਿੱਖ ਸਿਧਾਂਤਾਂ ਨੂੰ ਹੀ ਢਾਹ ਲਾਉਣ, ਦਾ ਕੰਮ ਆਰੰਭ ਕਰਵਾਇਆ। 'ਪੰਜ ਪਿਆਰੇ' ਦੀ ਸਿਰਮੌਰ ਸਿੱਖ ਸੰਸਥਾ ਨੂੰ ਪਿੱਛੇ ਸੁੱਟ, ਪੰਜ



ਪੁਜਾਰੀਆਂ ਤੋਂ ਜਰਨਲ ਡਾਇਰ ਵਰਗਿਆਂ ਨੂੰ ਸਨਮਾਨਿਤ ਵੀ ਕਰਵਾ ਲਿਆ। ਮਜ਼ਬੀ ਸਿੱਖ ਜੋ ਗੁਰੂ ਪਾਤਿਸ਼ਾਹ ਦੇ ਵੱਡੇ ਪੁੱਤਰ ਪ੍ਰਵਾਨ ਸਨ, ਰੰਗਰੇਟੇ ਗੁਰੂ ਕੇ ਬੇਟਿਆਂ ਦਾ, ਪ੍ਰਸ਼ਾਦ ਵੀ ਸ੍ਰੀ ਹਰਮੰਦਿਰ ਸਾਹਿਬ ਵਿਚ ਪ੍ਰਵਾਨ ਕਰਨ ਦੀ ਮਨਾਹੀ ਕਰਵਾ ਦਿੱਤੀ।

ਪੰਜਾਬ ਤੋਂ ਲੱਖਾਂ ਦੀ ਗਿਣਤੀ ਸਿੱਖ ਅੰਗਰੇਜ ਨੇ ਪਹਿਲੀ ਤੇ ਦੂਜੀ ਵਿਸ਼ਵ ਜੰਗ ਦੁਨੀਆ ਭਰ ਵਿੱਚ ਲੜਨ ਲਈ ਭੇਜ ਦਿੱਤੇ। ਅੰਗਰੇਜ ਲਈ ਲੜਦੇ ਦੋ ਵਿਸ਼ਵ ਜੰਗਾਂ ਵਿੱਚ ਇੱਕ ਲੱਖ ਸਿੱਖ ਫੌਜੀ ਸ਼ਹੀਦ ਹੋਏ। ਅੰਗਰੇਜ ਲਈ ਲੜਨ ਵਾਲੇ ਇਹਨਾਂ ਸੂਰਮਿਆਂ ਨੂੰ, ਲਾਹੌਰ ਬੈਠੀ ਮਹਾਰਾਜਾ ਰਣਜੀਤ ਸਿੰਘ ਦੀ ਪੋਤਰੀ ਬੰਬਾ ਨਜ਼ਰ ਨਹੀਂ ਆਈ, ਨਾ ਹੀ ਕੋਈ ਮਹਾਰਾਜਾ ਦਲੀਪ ਸਿੰਘ ਨਾਲ ਖੜਿਆ। ਰਾਜਕੁਮਾਰੀ ਬੰਬਾ ਲਾਲਾ ਲਾਜਪਤ ਰਾਏ ਸਮੇਤ ਹੋਰ ਆਜ਼ਾਦੀ ਘੁਲਾਟੀਆਂ ਨੂੰ ਮਿਲਦੀ ਰਹੀ, ਪਰ ਸਿੱਖ ਉਸਤੋਂ ਦੂਰ ਹੀ ਰਹੇ। ਆਜ਼ਾਦੀ ਤੋਂ ਬਾਅਦ ਉਹ 1957 ਈ ਵਿੱਚ ਲਾਹੌਰ ਵਿੱਚ ਹੀ ਇਸ ਸੰਸਾਰ ਤੋਂ ਵਿਦਾ ਹੋਈ।

ਗੁਰਦੁਆਰਾ ਸੁਧਾਰ ਲਹਿਰ ਵੀ 1920 ਤੋਂ 1925ਈ. ਤੱਕ ਕਈ ਸੋ ਬੰਦੇ ਮਰਵਾ, ਹਜ਼ਾਰਾਂ ਗ੍ਰਿਫਤਾਰ ਕਰਵਾ ਤੇ ਕੌਮੀ ਮਾਲੀ ਨੁਕਸਾਨ ਕਰਵਾ ਗੁਰਦੁਆਰਾ ਸਾਹਿਬਾਨ ਦੇ ਤੋਂ ਵੱਧ, ਕੁਝ ਵੀ ਪ੍ਰਾਪਤ ਨਹੀ ਕਰ ਸਕੀ। ਨਵੇਂ ਬਣੇ ਕੌਮੀ ਆਗੂ ਅੰਗਰੇਜ ਓ. ਹਯੂਮ ਦੀ ਕਾਂਗਰਸ ਦੇ ਮੈਂਬਰ ਬਣ ਕੇ ਖੁਸ਼ ਹੋ ਗਏ। ਗੁਰਦੁਆਰਾ ਪ੍ਰਬੰਧਕ ਕਮੇਟੀ ਕੋਲੋਂ ਨਾ ਤਾਂ ਪ੍ਰਬੰਧ ਹੀ ਸੁਧਰਿਆ ਤੇ ਨਾ ਹੀ ਸੰਸਥਾ ਵੱਲੋਂ ਸਿੱਖੀ ਦੇ ਮੂਲ ਸਿਧਾਂਤਾਂ, ਦਾ ਪ੍ਰਚਾਰ ਕਰਨ ਦੀ ਕੋਈ ਵਿਉਂਤਬੰਦੀ ਹੀ ਹੋਈ। ਜਾਤ-ਪਾਤ ਰਹਿਤ ਧਰਮ ਨੇ ਇਸ ਬਿਮਾਰੀ ਨੂੰ ਕਾਨੂੰਨ ਤੌਰ ਤੇ, ਮਾਨਤਾ ਦੇ ਕੇ ਸਿੱਖ ਕੌਮ ਨੇ ਗਲ ਪਾ ਲਿਆ ਅਤੇ ਗੁਰੂ ਸਾਹਿਬਾਨ ਦੇ ਹੁਕਮ, "ਜਾਣਹੁ ਜੋਤਿ ਨ ਪੂਛਹੁ ਜਾਤੀ ਆਗੈ ਜਾਤਿ ਨ ਹੇ॥" ਦੇ ਸਿਧਾਂਤ ਦਾ ਖ਼ਾਤਮਾ ਕਰ ਦਿੱਤਾ। ਦੂਜੀ ਗੱਲ ਨਿਰਮਲ ਪੰਥ ਦੀ ਵਿਲਖਣਤਾ ਦੀ ਸੀ, ਜਿਸ ਵਿੱਚ ਪੁਜਾਰੀਵਾਦ ਤੇ ਕਰਮ ਕਾਂਡ ਲਈ ਕੌਈ ਥਾਂ ਨਹੀ ਸੀ। ਇਸ ਮੂਲ ਸਿਧਾਂਤ ਨੂੰ ਛੱਡ ਇਤਿਹਾਸਕ ਗੁਰੂ ਘਰਾਂ ਵਿੱਚ ਹੀ, ਉਜਰਤ ਲੈ ਕੇ ਪਾਠ ਕਰਨੇ ਹੀ ਆਰੰਭ ਕਰ ਦਿੱਤੇ।

ਸ੍ਰੀ ਗੁਰੂ ਗ੍ਰੰਥ ਸਾਹਿਬ ਸਿੱਖ ਤੇ ਅਕਾਲ ਪੁਰਖ ਵਿੱਚ ਪੁਲ ਹੈ "ਸਤਿਗੁਰ ਕੀ ਬਾਣੀ ਸਤਿ ਸਰੂਪੁ ਹੈ ਗੁਰਬਾਣੀ ਬਣੀਐ" ਦਾ ਸਿਧਾਂਤ ਪ੍ਰਪਕ ਕਰਨ ਲਈ ਘਰ ਘਰ ਹੋਵੈ ਧਰਮਸਾਲ ਦਾ ਸਿਧਾਂਤ ਪ੍ਰਚਾਰਨ ਲਈ ਹਰ ਘਰ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਸਥਾਪਿਤ ਕਰਨ ਦੀ ਥਾਂ ਪਾਬੰਦੀਆਂ ਲਾ ਕੇ ਗੁਰੂ ਤੇ ਹੀ ਕਬਜਾ ਕਰ, ਆਮ ਸਿੱਖ ਦੀ ਪਹੁੰਚ ਤੋਂ ਦੂਰ ਕਰ ਦਿੱਤਾ।

ਗੁਰੂ ਘਰਾਂ ਦੀ ਮੁੜ ਉਸਾਰੀ ਜਾਂ ਨਵੀਂ ਇਮਾਰਤ ਬਣਾਉਣ ਲਈ, ਇੱਕ ਨਵੀਂ ਸੰਸਥਾ ਕਾਰ ਸੇਵਾ ਵਾਲੇ ਬਾਬਿਆਂ, ਨੂੰ ਮਾਨਤਾ ਦੇ ਕੇ ਡੇਰੇਦਾਰ ਬਣਾ ਦਿੱਤਾ ਜੋ "ਘਾਲਿ ਖਾਇ ਕਿਛੁ ਹਥਹੁ ਦੇਇ॥ ਨਾਨਕ ਰਾਹੁ ਪਛਾਣਹਿ ਸੇਇ॥" ਸਿਧਾਂਤ ਤੋਂ ਕੋਹਾਂ ਦੂਰ ਹਨ। ਸਿੱਖ ਧਰਮ ਤਾਂ ਫਲਸਫੇ ਤੇ ਅਧਾਰਿਤ ਹੈ, ਇਮਾਰਤਾਂ ਤੇ ਨਹੀਂ।

- ਗੁਰੂ ਦਾ ਮੰਜੀਆਂ, ਪ੍ਰਚਾਰਕਾਂ ਦਾ ਸਿਧਾਂਤ ਛੱਡ ਗੁਰਬਾਣੀ ਅਨੁਸਾਰ ਜੀਵਨ ਜਿਉਣ ਵਾਲੇ ਪ੍ਰਚਾਰਕ ਦੇਸ਼ ਵਿਦੇਸ਼ ਵਿੱਚ ਤਾਂ ਕੀ ਪੰਜਾਬ ਲਈ ਵੀ ਤਿਆਰ ਨਹੀਂ ਕੀਤੇ।

- ਸਿੱਖ ਇਤਿਹਾਸ ਤੇ ਫਲਸਫੇ ਵਾਰੇ ਖੋਜ ਕਰ, ਵਿਵਾਦ ਦੂਰ ਕਰਨ ਲਈ ਕੋਈ ਉਪਰਾਲਾ ਨਹੀਂ ਹੋਇਆ, ਇਸੇ ਕਾਰਨ ਪ੍ਰਬੰਧਕ ਕਮੇਟੀ, ਦੀਆਂ ਹੀ ਪੁਸਤਕਾਂ ਹੀ ਵਿਵਾਦਾਂ ਵਿੱਚ ਰਹਿੰਦੀਆਂ ਹਨ। ਵਿਰੋਧੀਆਂ ਵੱਲੋਂ ਪੈਦਾ ਕੀਤਾ ਗਿਆ ਗੁਰਮਿਤ ਵਿਰੋਧੀ ਰਲੇਵਾਂ ਤਾਂ ਕਿਸ ਦੂਰ ਕਰਨਾ ਹੈ ।

- ਸਿਖ ਸਮਾਜ ਦਾ ਭਾਵੇਂ ਵੱਡਾ ਹਿਸਾ ਪੰਜਾਬ ਵਿੱਚ ਵਸਦਾ ਹੈ ਪਰ ਭਾਰਤ ਦੇ ਦੂਜੇ ਸੂਬਿਆਂ ਵਿੱਚ ਵੀ 50 ਲੱਖ ਤੋਂ ਵੱਧ ਸਿਖ ਵਸਦੇ ਹਨ, ਪੰਜਾਬ ਦੀ ਰਾਜਨੀਤੀ ਉੱਤੇ ਸਰਦਾਰੀ ਪ੍ਰਾਪਤ ਕਰਨ ਨਾਲ ਉਨਾਂ ਸਿੱਖਾਂ ਦੀ ਕੀ ਲੈਣਾ ਦੇਣਾ ਹੈ। ਆਲ ਇੰਡੀਆ ਗੁਰਦਵਾਰਾ ਐਕਟ ਜਿਸ ਦੀ ਮੰਗ ਮਾਸਟਰ ਤਾਰਾ ਸਿੰਘ ਜੀ ਨੇ 1956 ਈ ਵਿੱਚ ਆਰੰਭ ਕੀਤੀ ਸੀ। ਲੋਕਲ ਕਮੇਟੀਆਂ ਰਾਹੀਂ ਗੁਰਦਵਾਰਾ ਪ੍ਰਬੰਧ ਦੀ ਗੱਲ ਤਾਂ ਲਾਗੂ ਗੁਰਦੁਆਰਾ ਐਕਟ 1925 ਵੀ ਕਰਦਾ ਹੈ, ਫੇਰ ਇਨਾ ਤੋਂ ਪ੍ਰਬੰਧ ਖੋਹਣ ਦਾ ਕੌਮੀ ਲਾਭ ਕੀ ਹੋਇਆ? ਲੋੜ ਤਾਂ ਹਰ ਸ਼ਹਿਰ ਵਿੱਚ ਲੋਕਲ ਕਮੇਟੀ ਬਣ ਕੇਂਦਰੀ ਕਮੇਟੀ ਨਾਲ ਜੁੜਨ ਦੀ ਸੀ, ਸ਼ਾਇਦ ਇਸੇ ਕਾਰਨ ਦਿੱਲੀ ਤੇ ਹਰਿਆਣਾ ਗੁਰਦੁਆਰਾ ਕਮੇਟੀਆਂ ਅੱਡ ਹੋ ਗਇਆਂ ਹਨ ਤੇ ਕੇਂਦਰੀ ਸੰਗਠਨ ਕਮਜ਼ੋਰ ਹੋ ਗਿਆ ਲਗਦਾ ਹੈ।

- ਗੁਰਬਾਣੀ ਗਿਆਨ, ਵਿਚਾਰ ਤੇ ਰਹਿਤ ਤੇ ਅਧਾਰਤ ਹੈ, ਵਿੱਦਿਆ ਹੀ ਪਰਉਪਕਾਰੀ ਬਨਣ ਦਾ ਰਾਹ ਦੱਸਦੀ ਹੈ, ਪਰ ਕੋਈ ਵੀ ਸਿੱਖ ਸੰਸਥਾਂ ਪਿਛਲੇ ਸੋ ਸਾਲ ਵਿੱਚ ਵਿੱਦਿਆ ਦੇ ਖੇਤਰ ਵਿੱਚ ਮੋਹਰੀ ਨਹੀਂ ਬਣ ਸਕੀ। ਇਸੇ ਕਾਰਨ ਸਿੱਖ ਬੱਚੇ ਲੋਕ ਤੰਤਰ ਦੇ ਦੋ ਥੰਮ ਨਿਆਂਪਾਲਿਕਾ (ਜੁਡੀਸ਼ਰੀ) ਤੇ ਅਫਸਰਸ਼ਾਹੀ (ਬਉਰੋਕਰੇਸੀ) ਤੋ ਬਾਹਰ ਹੋ ਰਹੇ ਹਨ। ਕੇਵਲ ਵਿੱਦਿਆ ਵਿੱਦਿਆ ਤੇ ਵਿੱਦਿਆ ਹੀ ਤਰੱਕੀ ਵੱਲ ਲੈ ਕੇ ਜਾ ਸਕਦੀ ਹੈ, ਜਿਸ ਤੇ ਗੁਰਮਤਿ ਆਧਾਰਿਤ ਹੈ।

- ਸਿੱਖ ਪੀੜਿਤ ਨਹੀਂ ਹਨ ਦੇਸ਼ ਦਾ ਮਾਲਕ ਤੇ ਜੁੰਮੇਵਾਰ ਸ਼ਹਿਰੀ ਹਨ, ਯਹੂਦੀ ਕੌਮ ਨੇ ਵੀ ਬਹੁਤ ਔਖੇ ਸਮੇਂ ਦਾ ਮੁਕਾਬਲਾ ਕੀਤਾ ਹੈ, ਪਰ ਉਨਾਂ ਫੈਸਲਾ ਕੀਤਾ ਹੈ, ਕਿ ਉਹ ਵਿਕਟਿਮ ਭਾਵ ਪੀੜਤ ਕਾਰਡ ਨਹੀ ਪ੍ਰਚਾਰਨਗੇ। ਸਿੱਖ ਤਾਂ ਉੱਤੇ ਪਏ ਵੀ ਰੋਂਦੇ ਤੇ ਲੜਦੇ ਹੀ ਨਜ਼ਰ ਆਉਂਦੇ ਹਨ, ਪੰਜਾਬ ਵਿੱਚ ਪਿਛਲੇ ਅਠਾਹਠ ਸਾਲ ਤੋਂ, ਬਹੁਤੇ ਸਿੱਖ ਤੇ ਕਿਸਾਨੀ ਨਾਲ ਸਬੰਧਤ ਹੀ ਮੁੱਖ ਮੰਤਰੀ ਰਹੇ ਹਨ ਤੇ ਅੱਜ ਵੀ ਹੈ, ਫੇਰ ਖੇਤੀ ਵਿਕਾਸ ਲਈ ਕੌਣ ਜੁੰਮੇਵਾਰ ਹੈ? ਪਰ ਬਾਰ ਬਾਰ ਪੀੜਤ ਕਾਰਡ ਖੇਡ, ਚੜ੍ਹਦੀ ਕਲਾ ਵਾਲੀ ਸਿੱਖ ਮਾਨਸਿਕਤਾ ਹੀ ਕੰਮਜੋਰ ਕਰ ਦਿੱਤੀ ਗਈ ਹੈ। ਨਾਨਕ ਨਾਮ ਚੜ੍ਹਦੀ ਕਲਾ ਤੇਰੇ ਭਾਣੇ ਸਰਬਤ ਦਾ ਭਲਾ॥ ਵਾਲਾ ਸਿਧਾਂਤ ਤਾਂ ਰੋਂਦਿਆਂ ਪੀੜਤਾਂ ਵਿੱਚੋਂ ਕਿੱਥੇ ਨਜਰ ਆਉਣਾ ਹੈ।

- ਗੁਰਮਿਤ ਸਿਧਾਂਤ ਸਪਸ਼ਟ ਕਰਦਿਆਂ ਸ਼੍ਰੀ ਗੁਰੂ ਗੋਬਿੰਦ ਸਿੰਘ ਜੀ ਨੇ ਬਹਾਦੁਰ ਸ਼ਾਹ ਨੂੰ ਆਖਿਆ ਸੀ ਕਿ ਰਾਜ ਸ਼ਕਤੀ, ਦੌਲਤ ਤੇ ਸ਼ਰੀਰਕ ਬਲ ਹੀ ਅਸਲ ਕਰਾਮਾਤ ਹਨ। ਫੇਰ ਤਾਂ ਹਰ ਸਿੱਖ ਐਸੇ ਗੁਣ ਹਰਿ ਖਾਲਸਹਿ ਬਖਸ਼ੈ, ਭਗਤਿ, ਗਿਆਨੀ, ਰਾਜ, ਜੋਗੇਸ੍ਰੂਰ॥ ਛਤ੍ਰਿਯ ਬ੍ਰਿਤਿ ਅਨਨਯੁਪਾਸਕ, ਤਯਾਗੀ ਹਠੀ ਸੂਰ ਭਨੇਸ਼ਵਰ॥ ਭਾਵ ੧) ਭਗਤੀ ਵਾਲਾ, (੨) ਗਿਆਨ ਵਾਲਾ (੩) ਰਾਜਿਆਂ ਦਾ ਸਵਾਮੀ (੪) ਯੋਗੀਆਂ ਦਾ ਵੀ ਸਵਾਮੀ, (੫) ਛਤੀਆਂ ਵਰਗੀ ਉਪਜੀਵਿਕਾ ਵਾਲਾ (੬) ਪ੍ਰਮੇਸ਼ਵਰ ਤੋਂ ਬਿਨਾਂ ਹੋਰ ਕਿਸੇ ਦਾ ਉਪਾਸਕ ਨਹੀਂ, (੭) ਤਯਾਗੀ) (੮) ਹਠੀ (੯) ਸੂਰਬੀਰ (੧੦) ਭਵਨੇਸ਼ਰ ਭਵਨ ਜ਼ਮੀਨ ਦਾ ਮਾਲਕ ਦੇ ਧਾਰਣੀ ਹੋਣਾ ਚਾਹੀਦਾ ਹੈ। ਅਗੇ ਵਧਣ ਲਈ ਗੱਲ ਵੱਖ ਦੇਸ਼ ਦੀ ਨਹੀਂ ਵੱਖਰੀ ਸੋਚ ਦੀ ਲੋੜ ਦੀ ਹੈ।

ਇਸ ਤਰਾਂ ਪੂਜਾ ਅਕਾਲ ਕੀ, ਪਰਚਾ ਸ਼ਬਦ ਕਾ ਤੇ ਦਿਦਾਰ ਖਾਲਸੇ ਕਾ ਦਾ ਮੂਲ ਸਿਧਾਂਤ ਹੀ ਧੁੰਧਲਾ ਹੋ ਗਿਆ ਹੈ ਜਿਸ ਵੱਲ ਮੁੜਨ ਨਾਲ ਹੀ ਖਾਲਸਾ ਮੁੜ ਬੁਲੰਦੀ ਛੂਹ ਸਕਦਾ ਹੈ।

*ਲੇਖਕ ਚੇਅਰਮੈਨ, ਕੌਮੀ ਘੱਟਗਿਣਤੀ ਕਮਿਸ਼ਨ, ਭਾਰਤ ਸਰਕਾਰ ਅਤੇ ਭਾਜਪਾ ਕੇਂਦਰੀ ਸੰਸਦੀ ਬੋਰਡ ਅਤੇ ਕੇਂਦਰੀ ਚੋਣ ਕਮੇਟੀ ਦੇ ਮੈਂਬਰ ਵੀ ਹਨ।*

ਪ੍ਰੋ: ਕੁਲਬੀਰ ਸਿੰਘ
9417153513

# ਅਮੀਨ ਸਿਆਨੀ ਦੀ ਤੀਬਰ ਇੱਛਾ ਅਧੂਰੀ ਹੀ ਰਹਿ ਗਈ

## ✪ ਜਦੋਂ ਗੀਤਮਾਲਾ ਪ੍ਰੋਗਰਾਮ ਚੱਲਦਾ ਸੀ ਤਾਂ ਸੜਕਾਂ ਸੁੰਨੀਆਂ ਹੋ ਜਾਂਦੀਆਂ ਸਨ



ਰੇਡੀਓ ਟੈਲੀਵਿਜ਼ਨ ਐਂਕਰ ਅਮੀਨ ਸਿਆਨੀ ਵਰਗੇ ਵੀ ਹੋ ਸਕਦੇ ਹਨ। ਇਕ ਯੁਗ, ਇਕ ਇਤਿਹਾਸ ਜਿਸਨੂੰ ਦੁਨੀਆਂ ਜਾਣਦੀ ਹੈ, ਪਹਿਚਾਣਦੀ ਹੈ। ਜਿਸਤੋਂ ਦੁਨੀਆਂ ਸਿੱਖਦੀ ਹੈ, ਸਮਝਦੀ ਹੈ। ਕੋਈ ਰੇਡੀਓ, ਟੈਲੀਵਿਜ਼ਨ ਐਂਕਰ-ਸੰਚਾਲਕ ਐਨਾ ਪ੍ਰਸਿੱਧ, ਐਨਾ ਚਰਚਿਤ, ਐਨਾ ਲੋਕਪ੍ਰਿਯ, ਐਨਾ ਹਰਮਨਪਿਆਰਾ ਵੀ ਹੋ ਸਕਦਾ ਹੈ, ਇਹ ਸਵਾਲ - ਇਹ ਖਿਆਲ ਅਕਸਰ ਮੇਰੇ ਮਨ ਵਿਚ ਉੱਭਰ ਆਉਂਦਾ ਹੈ। ਕੋਈ ਐਂਕਰ-ਕੋਈ ਸੰਚਾਲਕ ਕਿਸੇ ਪ੍ਰੋਗਰਾਮ ਨੂੰ ਐਨਾ ਬੁਲੰਦੀਆਂ 'ਤੇ ਲਿਜਾ ਸਕਦਾ ਹੈ ਜਿਨ੍ਹਾਂ 'ਤੇ ਬਿਨਾਕਾ ਗੀਤਮਾਲਾ ਪਹੁੰਚ ਗਿਆ ਸੀ, ਸੋਚ ਕੇ ਹੈਰਾਨੀ ਹੁੰਦੀ ਹੈ।

ਅਮੀਨ ਸਿਆਨੀ ਨੇ 55000 ਰੇਡੀਓ ਪ੍ਰੋਗਰਾਮਾਂ ਨੂੰ ਆਵਾਜ਼ ਦਿੱਤੀ। ਉਸਦੀ ਆਵਾਜ਼ ਐਨੀ ਦਿਲਕਸ਼, ਐਨੀ ਆਕਰਸ਼ਕ, ਐਨੀ ਲੈਅਬਧ, ਐਨੀ ਗੋਲਾਈਦਾਰ, ਐਨੀ ਪਿਆਰੀ ਸੀ ਕਿ ਜਿਹੜਾ ਵੀ ਸੁਣਦਾ ਸੀ ਉਸਦਾ ਮਰੀਦ ਹੋ ਜਾਂਦਾ ਸੀ। ਉਸਨੇ ਆਪਣੀ ਆਵਾਜ਼, ਆਪਣੇ ਅੰਦਾਜ਼ ਨਾਲ ਰੇਡੀਓ ਦੀ ਦੁਨੀਆਂ ਹੀ ਬਦਲ ਦਿੱਤੀ। ਬਿਨਾਕਾ ਗੀਤਮਾਲਾ ਦੀ ਦੇਸ਼ ਦੁਨੀਆਂ ਵਿਚ ਲਗਾਤਾਰ 40 ਸਾਲ ਧਾਂਕ ਰਹੀ। ਅਮੀਨ ਸਿਆਨੀ ਆਪਣੀ ਜਾਦੂਮਈ ਆਵਾਜ਼ ਅਤੇ ਦਿਲਕਸ਼ ਸ਼ਖ਼ਸੀਅਤ ਸਦਕਾ ਦਹਾਕਿਆਂ ਤੱਕ ਰੇਡੀਓ ਸਰੋਤਿਆਂ ਦੇ ਦਿਲ-ਦਿਮਾਗ 'ਤੇ ਛਾਇਆ ਰਿਹਾ। ਹਰ ਕੋਈ ਉਸਨੂੰ ਆਪਣਾ ਸਮਝਦਾ, ਆਪਣੇ ਨੇੜੇ ਮਹਿਸੂਸ ਕਰਦਾ। ਬਤੌਰ ਐਂਕਰ ਆਲ ਇੰਡੀਆ ਰੇਡੀਓ ਤੋਂ ਸ਼ੁਰੂਆਤ ਕਰਕੇ ਉਹ ਦੁਨੀਆਂ ਭਰ ਵਿਚ ਫੈਲਦਾ ਗਿਆ। ਫ਼ਿਲਮਾਂ ਵਾਲੇ ਉਸਨੂੰ ਆਪਣੀਆਂ ਫ਼ਿਲਮਾਂ ਵਿਚ ਰੇਡੀਓ ਅਨਾਊਂਸਰ ਵਜੋਂ ਪੇਸ਼ ਕਰਦੇ। ਇੰਝ ਕਰਕੇ ਉਹ ਉਸਦੀ ਸ਼ੁਹਰਤ, ਉਸਦੀ ਹਰਮਨਪਿਆਰਤਾ ਨੂੰ ਆਪਣੀ ਫ਼ਿਲਮ ਦੀ ਕਾਮਯਾਬੀ ਲਈ ਵਰਤਣਾ ਚਾਹੁੰਦੇ ਸਨ।

ਲਿਮਕਾ ਬੁਕਸ ਆਫ਼ ਰਿਕਾਰਡ ਵਿਚ ਆਪਣਾ ਨਾਂ ਦਰਜ ਕਰਾਉਣ ਵਾਲਾ ਉਹ ਇਕੋ ਇਕ ਰੇਡੀਓ ਐਂਕਰ ਸੀ। ਰੇਡੀਓ ਪੇਸ਼ਕਾਰ ਵਜੋਂ ਗੋਲਡ ਮੈਡਲ ਪ੍ਰਾਪਤ ਕਰਨ ਵਾਲਾ ਵੀ ਉਹ ਸ਼ਾਇਦ ਇਕੱਲਾ ਹੀ ਸੀ। ਉਮਰ ਦੇ ਨਾਲ ਨਾਲ ਸਿਹਤ ਸਮੱਸਿਆਵਾਂ ਵੀ ਸ਼ੁਰੂ ਹੋ ਗਈਆਂ ਸਨ ਪਰ ਉਸ ਦੀ ਤੀਬਰ ਇੱਛਾ ਸੀ ਕਿ ਮੌਤ ਤੋਂ ਪਹਿਲਾਂ ਉਹ ਆਪਣੀ ਸਵੈ-ਜੀਵਨੀ ਮੁਕੰਮਲ ਕਰ ਜਾਵੇ।



80 ਸਾਲ ਦੀ ਉਮਰ ਤੱਕ ਪੁੱਜਦਿਆਂ ਉਨ੍ਹਾਂ ਨੂੰ ਸੁਣਨ, ਬੋਲਣ ਦੀਆਂ ਸਮੱਸਿਆਵਾਂ ਦੇ ਨਾਲ ਨਾਲ ਯਾਦਦਾਸ਼ਤ ਦੀ ਸਮੱਸਿਆ ਵੀ ਆਉਣ ਲੱਗੀ ਸੀ। ਇਸੇ ਲਈ ਉਹ ਸਵੈ-ਜੀਵਨੀ ਸ਼ੁਰੂ ਕਰਕੇ ਮੁਕੰਮਲ ਕਰਨ ਪ੍ਰਤੀ ਚਿੰਤਤ ਸੀ। ਦਰਅਸਲ ਉਨ੍ਹਾਂ ਦਾ ਸਮੁੱਚਾ ਜੀਵਨ ਸੰਘਰਸ਼ ਤੇ ਜਦੋਜਹਿਦ ਦੇ ਨਾਲ ਨਾਲ ਦਿਲਚਸਪ ਯਾਦਾਂ ਅਤੇ ਖੁਸ਼ਨੁਮਾ ਪ੍ਰਾਪਤੀਆਂ ਤੇ ਬੁਲੰਦੀਆਂ ਦੀ ਗਾਥਾ ਸੀ ਜਿਸਤੋਂ ਮੀਡੀਆ ਜਗਤ ਅਤੇ ਆਉਣ ਵਾਲੀਆਂ ਪੀੜ੍ਹੀਆਂ ਪ੍ਰੇਰਨਾ ਲੈ ਸਕਦੀਆਂ ਸਨ। ਪਰੰਤੂ ਅਮੀਨ ਸਿਆਨੀ ਦੀ ਇਹ ਖਾਹਿਸ਼ ਅਧੂਰੀ ਹੀ ਰਹਿ ਗਈ। ਕਿਉਂ ਕਿ ਸਮਾਂ ਰਹਿੰਦੇ ਆਪਣੀ ਜੀਵਨ ਕਹਾਣੀ ਨੂੰ ਕਾਗਜ਼ 'ਤੇ ਉਤਾਰਨ ਦੀ ਬਜਾਏ ਉਹ ਸੋਚਦੇ ਹੀ ਰਹੇ ਅਤੇ ਲੋੜੀਂਦੀ ਸੰਬੰਧਤ ਸਮੱਗਰੀ ਇਕੱਤਰ ਕਰਦੇ ਰਹੇ ਅਤੇ ਸਮਾਂ ਹੱਥੋਂ ਕਿਰਦਾ ਗਿਆ।

ਦੁਨੀਆਂ ਵਿਚ ਅਨੇਕਾਂ ਸ਼ਖ਼ਸੀਅਤਾਂ, ਅਨੇਕਾਂ ਕਲਕਾਰ ਅਜਿਹੇ ਹਨ ਜਿਨ੍ਹਾਂ ਆਪਣੀ ਸਵੈ-ਜੀਵਨੀ ਨਹੀਂ ਲਿਖੀ ਪਰ ਹੋਰਨਾਂ ਲੇਖਕਾਂ ਨੇ ਉਨ੍ਹਾਂ ਦੀ ਜੀਵਨ ਕਹਾਣੀ ਨੂੰ ਜੀਵਨੀ ਦੇ ਰੂਪ ਵਿਚ ਸੰਭਾਲ ਲਿਆ। ਅਜਿਹਾ ਉੱਦਮ ਅਮੀਨ ਸਿਆਨੀ ਦੇ ਸੰਬੰਧ ਵਿਚ ਵੀ ਜ਼ਰੂਰ ਕੀਤਾ ਜਾਣਾ ਚਾਹੀਦਾ ਹੈ। ਸ਼ਾਇਦ ਸੰਚਾਰ-ਸਮੱਸਿਆ ਰਹਿ ਗਈ ਹੈ।

ਬਹੁਤਾ ਸੋਚਣ ਨਾਲੋਂ ਅਜਿਹੀਆਂ ਸ਼ਖ਼ਸੀਅਤਾਂ ਨੂੰ ਬਿਨ੍ਹਾਂ ਦੇਰ ਕੀਤਿਆਂ ਕਾਗਜ਼ ਪੈੱਨ ਲੈ ਕੇ ਸਵੈ-ਜੀਵਨੀ ਲਿਖਣੀ ਸ਼ੁਰੂ ਕਰ ਦੇਣੀ ਚਾਹੀਦੀ ਹੈ ਤਾਂ ਜੋ ਸਮੇਂ ਸਿਰ ਮੁਕੰਮਲ ਕਰਕੇ ਛਪਵਾ ਸਕਣ। ਅਜਿਹੀਆਂ ਚਰਚਿਤ ਤੇ ਹਰਮਨਪਿਆਰੀਆਂ ਸ਼ਖ਼ਸੀਅਤਾਂ ਦੀ ਜੀਵਨੀ, ਸਵੈ-ਜੀਵਨੀ ਹੋਰਨਾਂ ਭਾਸ਼ਾਵਾਂ ਵਿਚ ਵੀ ਅਨੁਵਾਦ ਹੋਣੀ ਚਾਹੀਦੀ ਹੈ ਤਾਂ ਜੋ ਵੱਧ ਤੋਂ ਵੱਧ ਲੋਕਾਂ ਤੱਕ ਪਹੁੰਚ ਸਕੇ।

ਵੱਖ ਵੱਖ ਖੇਤਰਾਂ ਦੀਆਂ ਚਰਚਿਤ ਸ਼ਖ਼ਸੀਅਤਾਂ ਨੂੰ ਰੋਜ਼ਾਨਾ ਜਾਂ ਹਫ਼ਤਾਵਾਰ ਡਾਇਰੀ ਲਿਖਣ ਦੀ ਆਦਤ ਪਾਉਣੀ ਚਾਹੀਦੀ ਹੈ। ਅਜਿਹੀ ਡਾਇਰੀ ਜੀਵਨੀ ਜਾਂ ਸਵੈ-ਜੀਵਨੀ ਲਿਖਣ ਸਮੇਂ ਬੇਹੱਦ ਸਹਾਇਕ ਸਿੱਧ ਹੁੰਦੀ ਹੈ। ਉਸਨੂੰ ਡਾਇਰੀ ਦੇ ਰੂਪ ਵਿਚ ਵੀ ਪ੍ਰਕਾਸ਼ਿਤ ਕਰਵਾਇਆ ਜਾ ਸਕਦਾ ਹੈ।

ਭਾਰਤੀ ਟੈਲੀਵਿਜ਼ਨ ਦੀ ਦੁਨੀਆਂ ਵਿਚ ਰਮਾਇਣ ਅਤੇ ਮਹਾਂਭਾਰਤ ਅਜਿਹੇ ਲੜੀਵਾਰ ਸਨ ਜਿਨ੍ਹਾਂ ਦੇ ਪ੍ਰਸਾਰਨ ਸਮੇਂ ਸ਼ਹਿਰਾਂ ਦੀਆਂ ਸੜਕਾਂ ਸੁੰਨੀਆਂ ਹੋ ਜਾਂਦੀਆਂ ਸਨ। ਹਰ ਕੋਈ ਸੀਰੀਅਲ ਵੇਖਣ ਲਈ ਟੈਲੀਵਿਜ਼ਨ ਸੈੱਟ ਅੱਗੇ ਜਾ ਬੈਠਦਾ ਸੀ।

ਅਜਿਹਾ ਹੀ ਦ੍ਰਿਸ਼ ਉਦੋਂ ਵੇਖਣ ਨੂੰ ਮਿਲਦਾ ਸੀ ਜਦ ਅਮੀਨ ਸਿਆਨੀ ਦਾ ਰੇਡੀਓ ਪ੍ਰੋਗਰਾਮ 'ਬਿਨਾਕਾ ਗੀਤਮਾਲਾ' ਪ੍ਰਸਾਰਿਤ ਹੁੰਦਾ ਸੀ। ਸੜਕਾਂ 'ਤੇ ਸੰਨਾਟਾ ਛਾ ਜਾਂਦਾ ਸੀ। ਬਿਨਾਕਾ ਗੀਤਮਾਲਾ ਪ੍ਰੋਗਰਾਮ ਲੋਕਾਂ ਵਿਚ ਐਨਾ ਮਕਬੂਲ ਸੀ ਕਿ ਹਰੇਕ ਹਫ਼ਤੇ 65000 ਤੋਂ ਵੱਧ ਚਿੱਠੀਆਂ ਆਉਂਦੀਆਂ ਸਨ। ਇਸੇ ਮਕਬੂਲੀਅਤ ਨੂੰ ਵੇਖਦੇ ਹੋਏ ਪ੍ਰੋਗਰਾਮ ਦਾ ਸਮਾਂ ਅੱਧ ਘੰਟੇ ਤੋਂ ਵਧਾ ਕੇ ਇਕ ਘੰਟਾ ਕਰ ਦਿੱਤਾ ਸੀ।

**ਭਾਰਤ ਦੇ ਮੌਜੂਦਾ ਪ੍ਰਧਾਨ ਮੰਤਰੀ ਸ੍ਰੀ ਮੋਦੀ ਨੇ ਵੱਡਾ ਝੂਠ ਬੋਲ ਕੇ ਲੋਕਾਂ ਪਾਸੋਂ ਵੋਟਾਂ ਹਾਸਲ ਕੀਤੀਆਂ ਸਨ, ਕਿ ਉਹਨਾਂ ਦੀ ਸਰਕਾਰ ਵੇਲੇ ਹਰ ਭਾਰਤੀ ਬਸ਼ਿੰਦੇ ਨੂੰ 15 ਲੱਖ ਰੁਪਿਆ ਮਿਲੇਗਾ। ਉਨ੍ਹਾਂ ਕਿਹਾ ਸੀ ਕਿ ਜਿਹੜੇ ਲੋਕ ਦੇਸ਼ ਵਿੱਚੋਂ ਘਪਲਾ ਕਰਕੇ ਅਰਬਾਂ ਰੁਪਿਆ ਵਿਦੇਸ਼ਾਂ ਵਿੱਚ ਲੈ ਗਏ ਹਨ ਉਹ ਸਾਰਾ ਵਾਪਸ ਲਿਆਉਣਗੇ ਤੇ ਆਮ ਲੋਕਾਂ ਨੂੰ ਦੇਣਗੇ। ਉਹ ਕਦੇ ਵੀ ਸੱਚ ਨਾ ਹੋਇਆ ਤੇ ਨਾ ਹੋਣਾ ਹੈ।**


## ਨਾਨਕਸਰ ਗੁਰਦੁਆਰਾ ਪਲੈਕ, ਵਾਲਸਾਲ ਵਿਖੇ ਦੋ ਧਾਰਮਿਕ ਸੇਵਾਦਾਰਾਂ ਦੀ ਤੁਰੰਤ ਲੋੜ ਹੈ

ਨਾਨਕਸਰ ਗੁਰਦੁਆਰਾ ਸਾਹਿਬ ਪਲੈਕ, ਵਾਲਸਾਲ ਵਿਖੇ 2 ਕੀਰਤਨੀ ਸਿੰਘਾਂ ਦੀ ਲੋੜ ਹੈ, ਜੋ ਹਰਮੋਨੀਅਮ ਦੇ ਨਾਲ ਨਾਲ ਤਬਲਾ ਵੀ ਚੰਗੀ ਤਰ੍ਹਾਂ ਜਾਣਦੇ ਹੋਣ। ਉਹ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦਾ ਪ੍ਰਕਾਸ਼, ਸੁਖਆਸਣ, ਨਿਤਨੇਮ, ਸੁਖਮਨੀ ਸਾਹਿਬ, ਰਹਿਰਾਸ, ਸੰਗਤ ਵਿਚ ਕੀਰਤਨ ਕਰਨ ਦੇ ਨਾਲ ਗੁਰੂ ਘਰ ਦੀਆਂ ਹੋਰ ਸੇਵਾਵਾਂ ਵੀ ਨਿਭਾਅ ਸਕਣ ਦੇ ਯੋਗ ਹੋਣ। ਸਿੱਖੀ ਸਿਧਾਂਤਾਂ ਅਨੁਸਾਰ ਜੀਵਨ ਵਾਲੇ ਸੇਵਾਦਾਰਾਂ ਕੋਲ ਸ੍ਰੀ ਗੁਰੂ ਗ੍ਰੰਥ ਸਾਹਿਬ ਅਤੇ ਸਿੱਖ ਧਰਮ ਦਾ ਵਧੀਆ ਗਿਆਨ ਹੋਣਾ ਵੀ ਲਾਜ਼ਮੀ ਹੈ। ਸੇਵਾਦਾਰ ਦੀ ਜ਼ਿੰਮੇਵਾਰੀ ਸਾਰੀਆਂ ਧਾਰਮਿਕ ਸੇਵਾਵਾਂ ਕਰਨ ਅਤੇ ਮੁੱਖ ਗ੍ਰੰਥੀ ਦੀਆਂ ਸੇਵਾਵਾਂ ਵਿੱਚ ਸਹਿਯੋਗ ਦੇਣ ਦੀ ਹੋਵੇਗੀ। ਯੂ ਕੇ ਦੇ ਇੰਪਲਾਇਮੈਂਟ ਕਾਨੂੰਨ ਅਤੇ ਕੰਮ ਮੁਤਾਬਕ ਵਧੀਆ ਤਨਖਾਹ ਅਤੇ ਰਿਹਾਇਸ਼ ਮੁਫ਼ਤ ਗੁਰਦੁਆਰਾ ਸਾਹਿਬ ਵਿਖੇ ਹੋਵੇਗੀ।

**ਆਪਣੀ ਅਰਜ਼ੀ ਪੂਰੇ ਵੇਰਵੇ ਸਮੇਤ ਹੇਠਾਂ ਦਿੱਤੇ ਪਤੇ 'ਤੇ ਡਾਕ ਰਾਹੀਂ ਜਾਂ ਈਮੇਲ ਰਾਹੀਂ 5 ਅਪਰੈਲ 2024 ਤੱਕ ਭੇਜੋ ਜਾਂ ਹੋਰ ਜਾਣਕਾਰੀ ਲਈ ਗੁਰੂ ਘਰ ਦੇ ਸੇਵਾਦਾਰਾਂ ਨਾਲ ਸੰਪਰਕ ਕਰੋ ਜੀ**

## 2 VACANCIES for Temporary Religious Workers (Tier 5)

THE DUTIES OF THE RELIGIOUS WORKERS SHALL CONSIST OF THOSE NON PASTORAL RELIGIOUS AND OTHER DUTIES CUSTOMARILY PERFORMED BY A RELIGIOUS WORKER OF THE SIKH RELIGION. RECITAL OF GURU GRANTH SAHIB DURING AKHAND PATHS AND SAHIJ PATHS. PERFORM KIRTAN AFTER EACH RECITAL AS AND WHEN REQUIRED. PERFORM AT SIKH WEDDINGS, BLESSINGS AND FUNERAL SERVICES. PREPARE PRASHAD (BLESSED FOOD) AND SERVE TO THE CONGREGATION. ENSURE GURDWARA REMAINS CLEAN AND TIDY WITH SPECIAL ATTENTION TO THE MAIN PRAYER HALL. TO OPEN THE GURDWARA PREMISES IN THE MORNING AND LOCK UP AT NIGHT. FROM TIME TO TIME TO UNDERTAKE OTHER DUTIES TO MEET THE NEEDS OF THE CHARITY. THE TEMPORARY RELIGIOUS WORKER WILL UNDER-TAKE NON-PASTORAL WORK AND SUPPORT THE RELIGIOUS ACTIVITIES OF THE GURDWARA, TO ASSIST THE HEAD GRANTHI(MINISTER OF RELIGION) AS AND WHEN REQUIRED. THIS IS NOT A PASTORAL ROLE AND DUTIES WILL NOT INCLUDE LEADING A CONGREGATION.

**Closing date for Applications : 5th April 2024**

*Please send your application to the president or vice president by post or via email*

**NANAKSAR GURDWARA PLECK**

**4 Wellington Street, Pleck, Walsall WS2 9QR**

**President: Mrs Manjit Kaur - 01922 641040**
**Vice President: Ranjit Singh - 07861 432505**
**Email:gurdwara.pleck@gmail.com**


## ਕੋਵਿਡ ਦੌਰਾਨ ਏਸ਼ੀਅਨ ਵਿਦਿਆਰਥੀ 'ਤੇ ਹਮਲਾ ਕਰਨ ਦੇ ਮਾਮਲੇ ਵਿਚ ਇਕ ਅਮਰੀਕੀ ਵਿਅਕਤੀ ਨੇ ਆਪਣਾ ਨਫਰਤੀ ਗੁਨਾਹ ਕਬੂਲਿਆ

ਸੈਕਰਾਮੈਂਟੋ, ਕੈਲੀਫੋਰਨੀਆ (ਹੁਸਨ ਲੜੋਆ ਬੰਗਾ) ਇਕ ਅਦਾਲਤ ਵਿਚ ਸੁਣਵਾਈ ਦੌਰਾਨ ਅਮਰੀਕਾ ਦੇ ਓਹੀਓ ਰਾਜ ਦੇ ਇਕ ਵਿਅਕਤੀ ਨੇ ਆਪਣਾ ਨਫਰਤੀ ਅਪਰਾਧ ਮੰਨ ਲਿਆ ਹੈ। ਡੈਰਨ ਜੌਹਨਸਨ (27) ਨੇ ਮੰਨਿਆ ਕਿ 2021 ਵਿਚ ਉਸ ਨੇ ਇਕ ਏਸ਼ੀਅਨ ਅਮਰੀਕੀ ਕਾਲਜ ਵਿਦਿਆਰਥੀ 'ਤੇ ਉਸ ਦੀ ਨਸਲ ਕਾਰਨ ਉਸ ਉਪਰ ਹਮਲਾ ਕੀਤਾ ਸੀ ਤੇ ਕਿਹਾ ਸੀ ਕਿ ਕੋਵਿਡ-19 ਲਈ ਉਹ ਜਿੰਮੇਵਾਰ ਹੈ। ਇਹ ਜਾਣਕਾਰੀ ਵਕੀਲਾਂ ਦੁਆਰਾ ਦਿੱਤੀ ਗਈ ਹੈ। ਓਹੀਓ ਦੇ ਦੱਖਣੀ ਜਿਲੇ ਦੇ ਯੂ ਐਸ ਅਟਾਰਨੀ ਦੇ ਦਫਤਰ ਨੇ ਜਾਰੀ ਇਕ ਬਿਆਨ ਵਿਚ ਕਿਹਾ ਹੈ ਕਿ ਇਹ ਹਮਲਾ ਯੁਨੀਵਰਸਿਟੀ ਆਫ ਸਿਨਸਿਨਾਟੀ ਵਿਚ ਹੋਇਆ ਸੀ ਤੇ ਇਸ ਮਾਮਲੇ ਵਿਚ ਦੋਸ਼ੀ ਨੂੰ 2 ਸਾਲ ਜੇਲ ਦੀ ਸਜਾ ਹੋ ਸਕਦੀ ਹੈ। ਯੂ ਐਸ ਅਟਾਰਨੀ ਕੀਨਥ ਐਲ ਪਾਰਕਰ ਨੇ ਕਿਹਾ ਹੈ ਕਿ ਅਮਰੀਕੀ ਸਮਾਜ ਵਿਚ ਨਫਰਤੀ ਅਪਰਾਧ ਲਈ ਕੋਈ ਥਾਂ ਨਹੀਂ ਹੈ ਤੇ ਅਜਿਹੇ ਮਾਮਲਿਆਂ ਵਿਚ ਸੰਘੀ ਲਾਅ ਇਨਫੋਰਸਮੈਂਟ ਅਧਿਕਾਰੀ ਸਖਤ ਕਾਰਵਾਈ ਲਈ ਦ੍ਰਿੜ ਹਨ।

ਬਾਲੀਵੁੱਡ ਦੇ ਮਸ਼ਹੂਰ ਫ਼ਿਲਮ ਸਮੀਖਿਕ, ਫ਼ਿਲਮ ਪ੍ਰੋਡਿਊਸਰ, ਫ਼ਿਲਮ ਨਿਰਦੇਸ਼ਕ, ਫ਼ਿਲਮ ਲੇਖਕ ਅਤੇ ਮੇਰੇ ਜਿਗਰੀ ਯਾਰ ਇਕਬਾਲ ਸਿੰਘ ਚਾਨਾ ਨੂੰ ਸਮਰਪਣ

ਲੜੀਵਾਰ ਨਾਵਲ


ਸ਼ਿਵਚਰਨ ਜੱਗੀ (ਕੁੱਸਾ)



ਫ਼ੋਨ : 07853 317 891

Email: jaggikussa@yahoo.de


# ਕੋਸੀ ਧੁੱਪ ਦਾ ਨਿੱਘ

ਲੜੀ ਜੋੜਨ ਲਈ ਪਿਛਲਾ ਅੰਕ ਦੇਖੋ


## ਕਿਸ਼ਤ-41


-"ਕੱਲ੍ਹ ਨੂੰ ਪੱਠਿਆਂ ਆਲ਼ੀ ਰੇੜ੍ਹੀ 'ਚ ਪੱਲੀਆਂ ਥੱਲੇ ਬਖ਼ਤੌਰ ਦਾ 'ਟੈਚੀ ਰੱਖ ਕੇ ਪਿੰਡੋਂ ਬਾਹਰ ਲੈਜੀਂ ਇੱਕ ਵਾਰੀ, ਓਥੋਂ ਆਪੇ ਅੱਗੇ ਕਿਵੇਂ ਨਾ ਕਿਵੇਂ ਲਿਜਾਣ ਦਾ ਚਾਣਸ ਕਰਲਾਂਗੇ, ਬੱਸ ਅਜੇ ਲੋਕਾਂ ਵਿੱਚ ਬਖ਼ਤੌਰ ਗਏ ਦੀ ਭਾਫ਼ ਨੀ ਨਿਕਲਣ ਦੇਣੀ, ਜਿੰਨਾਂ ਚਿਰ ਇਹ ਧੁਰ ਨੀ ਪਹੁੰਚ ਜਾਂਦਾ..!"

-"ਤੁਸੀਂ ਹੋਰ ਗੱਲ ਕਿਉਂ ਨੀ ਕਰਦੇ..?" ਕੌਰੇ ਦੇ ਬੋਲਣ ਤੋਂ ਪਹਿਲਾਂ ਹੀ ਛੋਟੋ ਭੂਆ ਬੋਲ ਪਈ।

-"ਤੂੰ ਜਾ ਕੇ ਪਿੰਡੋਂ ਟਰੈਗਟ ਟਰਾਲੀ ਲੈ ਆ, ਟਰਾਲੀ 'ਚ 'ਟੈਚੀ ਲੱਦ ਕੇ ਆਪਣੇ ਪਿੰਡ ਲੈ ਜਿਓ, ਤੇ ਓਥੋਂ ਅੱਗੇ ਦਿੱਲੀ ਨੂੰ ਤੁਰ ਜਿਓ..!"

-"ਲੈ ਬਈ ਕਦੇ-ਕਦੇ ਤਾਂ ਤੂੰ ਲੱਖ ਰੁਪਈਏ ਦੀ ਗੱਲ ਕਰਦੀ ਐਂ ਛੋਟੋ...! ਲੈ ਫੇਰ ਇੱਕ ਪੈੱਗ ਤੇਰੇ ਨਾਂ ਦਾ...!" ਉਸ ਨੇ ਗਿਲਾਸ "ਗਰਨ" ਦੇਣੇ ਅੰਦਰ ਸੁੱਟਿਆ।


### ਕਾਂਡ 17

-"ਬੜੀ ਲੰਮੀ ਉਮਰ ਐ ਜੈਬਾ ਸਿਆਂ ਤੇਰੀ...! ਤੈਨੂੰ ਹੁਣੇ ਯਾਦ ਕਰਦੇ ਸੀ..!" ਸੁੱਚਾ ਸਿਉਂ ਨੇ ਕਿਹਾ।

-"ਮਹਾਂਪੁਰਖਾਂ ਨੇ ਯਾਦ ਕੀਤਾ, ਤੇ ਚੇਲੇ ਹਾਜਰ...!" ਜੈਬਾ ਬੋਰੀ ਮੰਜੇ ਨਾਲ਼ ਖੜ੍ਹੀ ਕਰ ਦਰਵਾਜਾ ਭੇੜ੍ਹਨ ਚਲਿਆ ਗਿਆ।

-"ਕਿੰਨੀਆਂ ਨਿਕਲੀਆਂ..?" ਕੇਹਰੇ ਨੇ ਪੁੱਛਿਆ।

-"ਸੱਤ ਨਿਕਲੀਐਂ ਚਾਚਾ...! ਬਾਕੀ ਤਾਂ ਲਾਹਣ ਜਿਆ ਈ ਰਹਿ ਗਿਆ ਸੀ, ਮੈਂ ਡੋਲ੍ਹਤਾ..! ਜੇ ਇੱਕ ਅੱਧੀ ਨਿਕਲ਼ਦੀ ਵੀ ਤਾਂ ਰੱਦੀ ਈ ਨਿਕਲ਼ਦੀ..!"

-"ਵਧੀਆ ਕੀਤਾ...!"

ਜੈਬੇ ਨੇ ਤੂੜੀ ਵਾਲ਼ੀ ਬੋਰੀ ਵਿੱਚੋਂ ਬੋਤਲਾਂ ਕੱਢ ਕੇ ਕਣਕ ਵਾਲ਼ੇ ਭੜੋਲੇ ਵਿੱਚ ਰੱਖਣੀਆਂ ਸ਼ੁਰੂ ਕਰ ਦਿੱਤੀਆਂ।

-"ਇੱਕ ਅੱਧੀ ਖੋਲ੍ਹ ਕੇ ਵੀ ਦੇਖ ਲੈ, ਅੱਗ ਫੜਦੀ ਐ ਕਿ ਨਹੀਂ..?"

-"ਕੋਹ ਤੋਂ ਲਾਟ ਫੜਦੀ ਐ, ਚਾਚਾ...! ਮਾੜਾ ਜਿਆ 'ਨ੍ਹੇਰਾ ਹੋ ਲੈਣ ਦੇ, ਸੁਲਫੇ ਦੀ ਲਾਟ ਮਾਂਗੂੰ ਜਗਦੀ ਦਿਖਾਦੂੰ..!"

-"ਆਥਣੇ ਖਾਣ ਪੀਣ ਨੂੰ ਕੀ ਬਣਾਵਾਂ...?"

-"ਛੋਟੋ ਅੱਜ ਹਾਰੇ ਦੀ ਦਾਲ ਖੁਆ, ਮਹਾਂ ਛੋਲਿਆਂ ਦੀ...!" ਸੁੱਚਾ ਸਿਉਂ ਬੋਲਿਆ।

-"ਮੈਂ ਹੁਣੇ ਈ ਧਰ ਦਿੰਨੀ ਆਂ...! ਖੀਰ ਵੀ ਬਣਾਲਾਂ...?"

-"ਚਾਹੇ ਬੋਤਾ ਬਣਾਲਾ, ਪਰ ਹੁਣ ਸਾਨੂੰ ਸਾਡਾ ਕੰਮ ਕਰ ਲੈਣ ਦੇ..! ਲਿਆ ਜੈਬਿਆ, ਕੱਢ ਆਬਦਾ ਸਮਾਨ, ਦੇਖੀਏ ਤੇਰੀ ਵੀ ਬੱਦਲਵਾਈ...!"

ਹੁਕਮ ਮੰਨਦੇ ਜੈਬੇ ਨੇ ਨਿੱਤਰੀ ਦਾਰੂ ਦੀ ਬੋਤਲ ਝੱਗੇ ਦੇ ਲੜ ਨਾਲ਼ ਪੂੰਝ ਕੇ ਅੱਗੇ ਰੱਖ ਦਿੱਤੀ ਅਤੇ ਚਾਰ ਗਿਲਾਸ ਅਤੇ ਪਾਣੀ ਦਾ ਜੱਗ ਭਰ ਲਿਆਇਆ।

-"ਪੱਠੇ ਦੱਥੇ ਦਾ ਕੰਮ ਨਬੇੜ ਕੇ ਆਜੋ ਸ਼ੇਰੋ...!" ਬੋਤਲ ਦੇ ਮੂੰਹ 'ਚੋਂ ਮੱਕੀ ਦਾ ਗੁੱਲ ਖਿੱਚਦੇ ਸੁੱਚਾ ਸਿਉਂ ਨੇ ਬਖ਼ਤੌਰ ਅਤੇ ਕੌਰੇ ਨੂੰ ਕਿਹਾ। ਬੋਤਲ ਦੇ ਮੂੰਹ 'ਚੋਂ "ਢੁੱਕ" ਦੀ ਅਵਾਜ਼ ਸੁਣ ਕੇ ਜਿਵੇਂ ਸਾਰਿਆਂ ਦੇ ਦੁੱਖ ਟੁੱਟ ਗਏ।

-"ਅੱਜ ਮੇਰੇ ਜੁੰਡੀ ਦੇ ਯਾਰ ਨੇ ਆਉਣੈ, ਓਹ ਦੇਸੀ ਦਾਰੂ ਦੇਖ ਕੇ ਬੜਾ ਖੁਸ਼ ਹੋਊ..! ਉਹ ਦਾਰੂ ਪੀਣ ਦਾ ਸ਼ੌਕੀਨ ਐਂ, ਪੀ ਕੇ ਲਿਟਣ ਵਾਲਾ ਨੀ...! ਐਥੇ ਕਿਤੇ ਪ੍ਰੋਫ਼ੈਸਰ ਹੁੰਦਾ ਸੀ...!" ਸੁੱਚਾ ਸਿਉਂ ਬੋਲਿਆ। ਦਾਰੂ ਦੀ ਬੋਤਲ ਉਸ ਨੇ ਕੁੱਕੜ ਵਾਂਗ ਫੜੀ ਹੋਈ ਸੀ।

-"ਉਹ ਵੀ ਬਲੈਤ 'ਚੋਂ ਆਇਐ...?"

-"ਆਹੋ..! ਨੈਕਸਲਵਾੜੀਆਂ ਦੇ ਪੰਗੇ 'ਚ ਪੈ ਗਿਆ ਸੀ, ਪੁਲਸ ਨੇ ਵਾਰੰਟ ਕੱਢਤੇ, ਤੇ ਉਹ ਭਗੌੜ੍ਹਾ ਹੋ ਕੇ ਇੰਗਲੈਂਡ ਪਹੁੰਚ ਗਿਆ...!"

-"ਫੇਰ ਤਾਂ ਕੁੱਬੇ ਦੇ ਵੱਜੀ ਲੱਤ ਰਾਸ ਆਗੀ...!" ਫੁੱਫੜ ਖ਼ੀਂ-ਖ਼ੀਂ ਕਰ ਕੇ ਹੱਸਿਆ।

-"ਨਹੀਂ, ਜੁਗਾੜ ਤਾਂ ਉਹਦਾ ਐਥੇ ਵੀ ਠੀਕ ਸੀ, ਉਹਨਾਂ ਵੇਲਿਆਂ ਵਿੱਚ ਪ੍ਰੋਫ਼ੈਸਰ ਹੋਣਾ ਵੀ ਇੱਕ ਮਾਹਨਾ ਰੱਖਦਾ ਸੀ..!"

ਉਹ ਅਜੇ ਗੱਲਾਂ ਕਰ ਹੀ ਰਹੇ ਸਨ ਕਿ ਸੁੱਚਾ ਸਿਉਂ ਦਾ ਵਲੈਤੀਆ ਯਾਰ ਆ ਗਿਆ।

-"ਓਏ ਬੱਲੇ ਓਏ ਤੇਰੇ ਕਾਮਰੇਡਾ...! ਸਦਕੇ ਤੇਰੇ..! ਤੂੰ ਸਮੇਂ ਦਾ ਬੜਾ ਪਾਬੰਦ ਐਂ...!"

ਯਾਰ ਜੱਫ਼ੀਆਂ ਪਾ ਕੇ ਮਿਲ਼ੇ। ਕਾਮਰੇਡ ਨੇ ਸਭ ਨੂੰ ਸਿਰ ਝੁਕਾ ਕੇ "ਸਤਿ ਸ੍ਰੀ ਅਕਾਲ" ਬੁਲਾਈ।

-"ਕਾਮਰੇਡ ਤਾਂ ਲਾਲ ਸਲਾਮ ਕਹਿੰਦੇ ਹੁੰਦੇ ਐ, ਤੂੰ ਅੱਜ ਸਾਸਰੀਕਾਲ ਕਿਵੇਂ ਬੁਲਾਤੀ, ਕਾਮਰੇਡਾ..?"

-"ਜੈਸੀ ਸੰਗਤ, ਤੈਸੀ ਭਾਸ਼ਾ...!"

-"ਤੂੰ ਵੀ ਪੂਰਾ ਗਿੱਦੜਮਾਰ ਐਂ...!" ਸੁੱਚਾ ਸਿਉਂ ਹੱਸਿਆ।

-"ਚੰਨਣ ਸਿਆਂ, ਇਹ ਐ ਮੇਰਾ ਜਿਗਰੀ ਯਾਰ ਨੱਥਾ ਸਿੰਘ, ਪਰ ਸਾਰੇ ਜੁੰਡੀ ਦੇ ਯਾਰ ਇਹਨੂੰ ਲੈਨਿਨ ਕਹਿੰਦੇ ਐ...!"

-"ਤੇ ਤੂੰ ਵੀ ਦੱਸ ਦੇ ਬਈ ਪੀ ਕੇ ਮੈਨੂੰ ਕੀ ਆਖਦਾ ਹੁੰਨੈ...?" ਲੈਨਿਨ ਉਚੀ-ਉਚੀ ਹੱਸਿਆ। ਦੇਖਣ ਪਰਖਣ ਤੋਂ ਉਹ ਬੜਾ ਦਿਲਦਾਰ ਅਤੇ ਹਸਮੁੱਖ ਬੰਦਾ ਨਜ਼ਰ ਆਉਂਦਾ ਸੀ।

-"ਮੈਂ ਇਹਨੂੰ ਕਦੇ ਕਦੇ ਮਾਓ ਦਾ ਬਾਂਦਰ ਆਖ ਲੈਨੈ..!"

ਸਾਰੇ ਹੱਸ ਪਏ।

-"ਨਾ ਬਈ ਸੁੱਚਿਆ, ਬੰਦੇ ਦੀ ਬੇਇਜ਼ਤੀ ਨੀ ਕਰੀਦੀ ਹੁੰਦੀ..!" ਚੰਨਣ ਸਿੰਘ ਨੇ ਕਿਹਾ।

-"ਬੇਇੱਜ਼ਤੀ ਤਾਂ ਇਹਨੇ ਦਾਰੂ 'ਚ ਘੋਲ਼ ਕੇ ਪੀਤੀ ਐ ਬਾਈ, ਬੇਇੱਜ਼ਤੀ ਨੂੰ ਇਹ ਕੀ ਗੌਲ਼ਦੈ..? ਲੈ ਚੱਕ ਕਾਮਰੇਡਾ ਇੱਕ ਪੈੱਗ ਬੇਇੱਜ਼ਤੀ ਦੇ ਨਾਂ..!"

ਸਾਰਿਆਂ ਨੇ ਪੈੱਗ ਖਾਲੀ ਕਰ ਦਿੱਤੇ।

-"ਬਾਈ ਚੰਨਣ ਸਿਆਂ, ਜਦੋਂ ਮੈਂ ਐਧਰੋਂ ਨਵਾਂ ਨਵਾਂ ਗਿਆ ਸੀ, ਅਨਪੜ੍ਹ ਸੀਗਾ ਮੈਂ..! ਓਦੋਂ ਸਾਡੀ ਕਾਗਜ਼ਾਂ ਪੱਤਰਾਂ ਦੀ ਕਾਰਵਾਈ ਇਹ ਬਾਈ ਕਾਮਰੇਡ ਈ ਕਰਦਾ ਸੀ...! ਬੜੀ ਮੱਦਦ ਕੀਤੀ ਇਸ ਬਾਈ ਨੇ ਸਾਡੀ...! ਜੋ ਅੱਜ ਮੈਂ ਬੋਡੇ ਸਾਹਮਣੇ ਜੈਂਟਲਮੈਨ ਬਣਿਆਂ ਬੈਠੈਂ, ਸਭ ਕਾਮਰੇਡ ਬਾਈ ਦੀ ਮਿਹਰਬਾਨੀ ਐਂ...!"

-"ਬੰਦਾ ਈ ਬੰਦੇ ਦੀ ਦਾਰੂ ਐ ਬਾਈ ਸੁੱਚਿਆ...!" ਕਾਮਰੇਡ ਨੇ ਸੁੱਚਾ ਸਿਉਂ ਨੂੰ ਜੱਫੀ ਪਾ ਲਈ।

-"ਕੀ ਨਾਂ ਦੱਸਿਆ ਸੀ, ਲ੍ਹੇਲਣ ਸਿਉਂ...?" ਚੰਨਣ ਸਿਉਂ ਨੂੰ ਦੋ ਪੈੱਗ ਸਰੂਰ 'ਚ ਕਰੀ ਬੈਠੇ ਸਨ।

ਸੁੱਚਾ ਸਿਉਂ ਅਤੇ ਕਾਮਰੇਡ ਹੱਸ ਪਏ।

-"ਤੁਸੀਂ ਮੈਨੂੰ ਨੱਥਾ ਕਾਮਰੇਡ ਈ ਕਹਿ ਲਿਆ ਕਰੋ...!" ਕਾਮਰੇਡ ਬੋਲਿਆ।

-"ਲੈਨਿਨ ਆਂ ਚੰਨਣ ਸਿਆਂ, ਲੇਲ੍ਹਣ ਨੀ..!"

-"ਬਖ਼ਤੌਰ...!"

-"ਹਾਂ ਫੁੱਫੜਾ...?"

-"ਜਾਹ ਆਬਦੀ ਭੂਆ ਤੋਂ ਦਾਲ਼ ਧੁਆ ਕੇ ਲਿਆ ਯਾਰ...!"

ਬਖ਼ਤੌਰ ਦਾਲ ਪੁਆ ਲਿਆਇਆ।

-"ਅੱਜ ਆਪਣਾ ਬਚਿੱਤਰ ਸਿਉਂ ਰੜਕਿਆ ਈ ਨੀ..?"

-"ਉਹ ਰੋਟੀ ਖਾ ਕੇ ਪੈ ਗਿਆ..!" ਛੋਟੋ ਰਸੋਈ ਵਿੱਚੋਂ ਬੋਲੀ।

-"ਤੂੰ ਕੌਰਿਆ ਇਉਂ ਕਰੀਂ...!"

-"ਹਾਂ ਫੁੱਫੜਾ...?"

-"ਕੱਲ੍ਹ ਨੂੰ ਪੱਠਿਆਂ ਆਲ਼ੀ ਰੇੜ੍ਹੀ 'ਚ ਪੱਲੀਆਂ ਥੱਲੇ ਬਖ਼ਤੌਰ ਦਾ 'ਟੈਚੀ ਰੱਖ ਕੇ ਪਿੰਡੋਂ ਬਾਹਰ ਲੈਜੀਂ ਇੱਕ ਵਾਰੀ, ਓਥੋਂ ਆਪੇ ਅੱਗੇ ਕਿਵੇਂ ਨਾ ਕਿਵੇਂ ਲਿਜਾਣ ਦਾ ਚਾਣਸ ਕਰਲਾਂਗੇ, ਬੱਸ ਅਜੇ ਲੋਕਾਂ ਵਿੱਚ ਬਖ਼ਤੌਰ ਗਏ ਦੀ ਭਾਫ਼ ਨੀ ਨਿਕਲਣ ਦੇਣੀ, ਜਿੰਨਾਂ ਚਿਰ ਇਹ ਧੁਰ ਨੀ ਪਹੁੰਚ ਜਾਂਦਾ..!"

-"ਤੁਸੀਂ ਹੋਰ ਗੱਲ ਕਿਉਂ ਨੀ ਕਰਦੇ..?" ਕੌਰੇ ਦੇ ਬੋਲਣ ਤੋਂ ਪਹਿਲਾਂ ਹੀ ਛੋਟੋ ਭੂਆ ਬੋਲ ਪਈ।

-"ਤੂੰ ਜਾ ਕੇ ਪਿੰਡੋਂ ਟਰੈਗਟ ਟਰਾਲੀ ਲੈ ਆ, ਟਰਾਲੀ 'ਚ 'ਟੈਚੀ ਲੱਦ ਕੇ ਆਪਣੇ ਪਿੰਡ ਲੈ ਜਿਓ, ਤੇ ਓਥੋਂ ਅੱਗੇ ਦਿੱਲੀ ਨੂੰ ਤੁਰ ਜਿਓ..!"

-"ਲੈ ਬਈ ਕਦੇ-ਕਦੇ ਤਾਂ ਤੂੰ ਲੱਖ ਰੁਪਈਏ ਦੀ ਗੱਲ ਕਰਦੀ ਐਂ ਛੋਟੋ...! ਲੈ ਫੇਰ ਇੱਕ ਪੈੱਗ ਤੇਰੇ ਨਾਂ ਦਾ...!" ਉਸ ਨੇ ਗਿਲਾਸ "ਗਰਨ" ਦੇਣੇ ਅੰਦਰ ਸੁੱਟਿਆ।

-"ਲੈ ਫੂਟ...! ਬੱਸ ਮੂਤ ਪੀਣ ਨੂੰ ਕੋਈ ਗੱਲ ਚਾਹੀਦੀ ਐ...!" ਛੋਟੋ ਗੁੱਝੀ ਹੱਸ ਪਈ ਅਤੇ ਉਸ ਦੇ ਨਾਲ਼ ਹੀ ਸਾਰੇ ਹੱਸਣ ਲੱਗ ਪਏ।

-"ਲਓ ਕਾਮਰੇਡ ਜੀ, ਸਾਡੇ ਸਹੁਰੇ ਘਰ 'ਚ ਸਾਡੀ ਐਹੋ ਜੀ ਇੱਜ਼ਤ ਐ...! ਘਰਾਂਆਲ਼ੀ ਭਤੀਜਿਆਂ ਦੇ ਗੁਮਾਨ 'ਚ ਮੇਰੀ ਅਹੀ ਤਹੀ ਕਰੀ ਜਾਂਦੀ ਐ...!"

-"ਕੋਈ ਗੱਲ ਨੀ ਬਾਈ ਚੰਨਣ ਸਿਆਂ...! ਦੁੱਖਾਂ ਸੁੱਖਾਂ ਵਿੱਚ ਨਾਲ਼ ਨਿਭਣ ਵਾਲ਼ੇ ਸਾਥੀ ਨੂੰ ਟਿੱਚਰ ਮਸ਼ਕਰੀ ਕਰਨ ਦਾ ਅਧਿਕਾਰ ਵੀ ਹੋਣਾ ਚਾਹੀਦੈ..!"

ਦੇਰ ਰਾਤ ਤੱਕ ਖ਼ੂਬ ਮਸਤੀ ਹੁੰਦੀ ਰਹੀ।

ਅਗਲੇ ਦਿਨ ਚਾਹ ਪੀ ਕੇ ਫੁੱਫੜ ਪਿੰਡ ਨੂੰ ਬੱਸ ਚੜ੍ਹ ਗਿਆ ਅਤੇ ਦੁਪਿਹਰੋਂ ਬਾਅਦ ਟਰੈਕਟਰ ਅਤੇ ਟਰਾਲੀ ਲੈ ਕੇ ਮੁੜ ਆਇਆ।

-"ਕੀ ਗੱਲ ਐ ਫੁੱਫੜਾ, ਅੱਜ ਟਰੈਗਟ ਟਰਾਲੀ ਦਬੱਲੀ ਫਿਰਦੈਂ..?" ਗੁਆਂਢੀ ਮੁੰਡੇ ਨੇ ਚਾਣਚੱਕ ਪੁੱਛਿਆ।

-"ਕਿਸੇ ਯਾਰ ਬੇਲੀ ਦੇ ਭਰਤ ਪਾਉਣੀ ਐਂ, ਆਪਣੇ ਬਖ਼ਤੌਰ ਨੂੰ ਲੈਣ ਆਇਆਂ ਪੁੱਤਰਾ...!"

-"ਦੇਖ ਔਤਾਂ ਦੇ ਲੋਕ ਕਿਵੇਂ ਸੱਪ ਮਾਂਗੂੰ ਸੁੰਘਦੇ ਫਿਰਦੇ ਐ...!" ਦਰਵਾਜੇ ਵਿੱਚ ਖੜ੍ਹੀ ਭੂਆ ਨੇ ਬੁੱਲ੍ਹ ਟੇਰੇ।

-"ਕੋਈ ਨਾ..! ਕਈ ਲੋਕਾਂ ਨੂੰ ਕੱਛਾਂ ਸੁੰਘਣ ਦੀ ਬਾਣ ਹੁੰਦੀ ਐ..!" ਫੁੱਫੜ ਅੰਦਰ ਲੰਘ ਗਿਆ।

-"ਤਿਆਰੀ ਕਰਲੀ ਸਾਰੀ..?" ਫੁੱਫੜ ਨੇ ਭੂਆ ਨੂੰ ਪੁੱਛਿਆ।

-"ਸਾਰੀ ਤਿਆਰੀ ਐ...!"

-"ਕਿੱਧਰ ਨੂੰ ਗਏ ਸਾਰੇ..?"

-"ਖੇਤ ਗਏ ਆ, ਸੁੱਚਾ ਸਿਉਂ ਕਹਿੰਦਾ ਸੀ ਖੇਤਾਂ ਦੀ ਬਹਾਰ ਦੇਖਣੀ ਐਂ..!"

-"ਓਏ ਇਹਨਾਂ ਖੇਤਾਂ 'ਚੋਂ ਈ ਬਲ਼ਦਾਂ ਦੀਆਂ ਪੂਛਾਂ ਮਰੋੜਦਾ ਗਿਐ, ਕੀ ਖੱਟ ਲਿਆ ਸੀ ਖੇਤਾਂ 'ਚੋਂ...? ਸਹੁਰੇ ਪੰਜ ਪਾਂਜੇ ਨੀ ਪੂਰੇ ਹੁੰਦੇ ਹੋਣੇ, ਹੁਣ ਐਸ਼ਾਂ ਕਰਦੈ...!"

-"ਚੱਲ ਕੋਈ ਨਾ, ਦੇਖ ਲੈਣ ਦੇ...! ਆਪਣਾ ਕਿਹੜਾ ਪਟਰੌਲ ਮੱਚਦੈ, ਨਾਲ਼ੇ ਆਬਦੀ ਧਰਤੀ ਦਾ ਤਾਂ ਜੀ ਮੋਹ ਆ ਈ ਜਾਂਦੈ..!"

-"ਅੱਜ ਕਿੰਨੇ ਚਿਰ ਬਾਅਦ ਤੂੰ ਮੈਨੂੰ 'ਜੀ' ਕਿਹੈ, ਸੁੱਖ ਐ..?"

ਸੁਣ ਕੇ ਭੂਆ ਦਾ ਗਚ ਭਰ ਆਇਆ।

-"ਬਖ਼ਤੌਰ ਨੇ ਜਾਣੈ, ਜਾਣੀਦੀ ਮੇਰਾ ਤਾਂ ਜੀਅ ਜਿਆ ਖੁੱਸੀ ਜਾਂਦੈ, ਆਬਦੇ ਜੁਆਕਾਂ ਮਾਂਗੂੰ ਪਾਲਿਆ ਪੋਸਿਆ ਸੀ...!"

ਚਲਦਾ...

ਨਾਵਲਾਂ, ਕਹਾਣੀਆਂ ਵਿਚ ਪ੍ਰਕਾਸ਼ਿਤ ਹੋਣ ਵਾਲੇ ਨਾਂ, ਥਾਂ ਅਤੇ ਘਟਨਾਵਾਂ ਖ਼ਿਆਲੀ ਹਨ। ਕਿਸੇ ਨਾਂ, ਥਾਂ ਜਾਂ ਘਟਨਾ ਨਾਲ ਕੋਈ ਵਾਸਤਾ ਨਹੀਂ। ਅਗਰ ਕਿਤੇ ਕੋਈ ਮੇਲ ਖਾ ਜਾਵੇ ਤਾਂ ਲੇਖਕ ਅਤੇ ਸੰਪਾਦਕ ਜ਼ਿੰਮੇਵਾਰ ਨਹੀਂ ਹਨ! -ਸੰਪਾਦਕ

# ਗੁਰਬਾਣੀ ਮੁਤਾਬਿਕ ਸਵਾਲ ਜਵਾਬ

ਡਾ. ਤਰਲੋਕ ਸਿੰਘ ਸਹੋਤਾ, ਥੰਡਰ ਬੇ, ਕੈਨੇਡਾ

ਲੜੀ ਜੋੜਨ ਲਈ ਪਿਛਲਾ ਅੰਕ ਦੇਖੋ

ਪਰ ਇਹਨਾਂ ਦੇ ਸਰੀਰ ਵਿਚ ਹਉਮੈ ਦੀ ਪੀੜ ਹੁੰਦੀ ਹੈ । ਸਤਿਗੁਰੂ ਦੇ ਆਸਰੇ ਤੋਂ ਬਿਨਾਂ ਇਹਨਾਂ ਨੂੰ ਜਮ ਕਾਲ ਨਹੀਂ ਛੱਡਦਾ, ਭਾਵ ਇਹ ਜਨਮ ਮਰਨ ਦੇ ਚੱਕਰ 'ਚ ਪਏ ਰਹਿੰਦੇ ਹਨ ।7। "ਕਾਜੀ ਸੇਖ ਭੇਖ ਫਕੀਰਾ ॥ ਵਡੇ ਕਹਾਵਹਿ ਹਉਮੈ ਤਨਿ ਪੀਰਾ ॥ ਕਾਲੁ ਨ ਛੋਡੈ ਬਿਨੁ ਸਤਿਗੁਰ ਕੀ ਧੀਰਾ ॥7॥ ਅੰਗ 227" । ਸਤਿਗੁਰੂ ਜੀ ਫੁਰਮਾਉਂਦੇ ਹਨ ਕਿ (1) ਕਾਜ਼ੀ (ਰਿਸ਼ਵਤ ਲੈ ਕੇ) ਝੂਠ ਬੋਲ ਕੇ ਹਰਾਮ ਦਾ ਮਾਲ ਰਿਸ਼ਵਤ ਰੂਪੀ ਮੈਲ ਖਾਂਦਾ ਹੈ । "ਕਾਦੀ ਕੂੜੁ ਬੋਲਿ ਮਲੁ ਖਾਇ ॥ ਅੰਗ 662" ਅਤੇ (2) ਕਾਜ਼ੀ ਉਹ ਹੈ ਜੋ ਮਨ ਨੂੰ ਮਾਇਆ ਮੋਹ ਵਲੋਂ ਮੋੜਦਾ ਹੈ ਤੇ ਜੋ ਗੁਰੂ ਦੀ ਕਿਰਪਾ ਨਾਲ ਜਿਉਂਦੇ ਜੀ ਮਰਿਆ ਰਹਿੰਦਾ ਹੈ; ਭਾਵ ਮਾਇਆ ਮੋਹ ਨੂੰ ਖਤਮ ਕਰ ਲੈਂਦਾ ਹੈ । "ਕਾਜੀ ਸੋ ਜੋ ਉਲਟੀ ਕਰੈ॥ ਗੁਰ ਪਰਸਾਦੀ ਜੀਵਤੁ ਮਰੈ ॥ ਅੰਗ 662" ।

ਸਤਿਗੁਰੂ ਨਾਨਕ ਦੇਵ ਜੀ ਮੁੱਲਾਂ ਤੇ ਕਾਜ਼ੀ ਨੂੰ ਸਾਂਝਾ ਉਪਦੇਸ਼ ਕਰਦੇ ਹਨ ਕਿ ਹੇ ਮੁੱਲਾਂ! ਤੂੰ (ਇਕ ਦਿਨ) ਮਰਨਾ ਹੈ । ਇਸ ਕਰਕੇ ਰੱਬ ਤੋਂ ਡਰਨਾ ਚਾਹੀਦਾ ਹੈ ।1।ਰਹਾਉ। ਸਮਝ! ਤਾਂ ਹੀ ਤੂੰ ਮੁੱਲਾਂ ਹੈਂ ਤਾਂ ਹੀ ਤੂੰ ਕਾਜ਼ੀ ਹੈਂ ਜੇ ਤੂੰ ਰੱਬ ਦੇ ਨਾਮ ਨੂੰ ਜਾਣ ਲਏਂਗਾ । ਜੇ ਕੋਈ ਬਹੁਤਾ (ਮਜ਼ਹਬੀ ਕਿਤਾਬਾਂ) ਪੜ੍ਹਿਆ ਹੋਵੇ, ਜਦੋਂ ਸੁਆਸ ਪੂਰੇ ਹੋ ਜਾਣਗੇ ਕੋਈ ਇਥੇ ਰਹਿ ਨਹੀਂ ਸਕੇਗਾ।2। ਉਹੀ ਕਾਜ਼ੀ ਹੈ ਜਿਸ ਨੇ ਆਪਾ-ਭਾਵ (ਭਾਵ ਹਉਮੈ ਨੂੰ) ਤਿਆਗ ਦਿੱਤਾ ਹੈ ਅਤੇ ਇਕ ਰੱਬ ਦੇ ਨਾਮ ਨੂੰ ਆਪਣੀ ਜ਼ਿੰਦਗੀ ਦਾ ਆਸਰਾ ਬਣਾਇਆ ਹੈ । ਸਚਾ ਸਿਰਜਨਹਾਰ ਜੋ ਨਾ ਜੰਮਦਾ ਹੈ ਨ ਮਰਦਾ ਹੈ ਹੁਣ ਭੀ ਹੈ, ਅਗਾਂਹ ਨੂੰ ਭੀ ਹੋਵੇਗਾ ।3। (ਹੇ ਕਾਜ਼ੀ!) ਤੂੰ ਪੰਜ ਵੇਲੇ ਨਿਮਾਜ਼ਾਂ ਪੜ੍ਹਦਾ ਹੈਂ, ਤੂੰ ਕੁਰਾਨ ਅਤੇ ਹੋਰ ਮਜ਼ਹਬੀ ਕਿਤਾਬਾਂ ਭੀ ਪੜ੍ਹਦਾ ਹੈਂ (ਫਿਰ ਭੀ ਮਾਇਆ ਮੋਹ ਵਿਚ ਬੱਝਾ ਮੌਤ ਤੋਂ ਡਰਦਾ ਹੈਂ!) । ਸਤਿਗੁਰੂ ਜੀ ਆਖਦੇ ਹਨ (ਹੇ ਕਾਜ਼ੀ !) ਜਦੋਂ ਮੌਤ ਸੱਦਾ ਦਿੰਦੀ ਹੈ ਤਾਂ ਖਾਣਾ ਪਾਣੀ ਰਹਿ ਜਾਂਦਾ ਹੈ । "ਮਰਣਾ ਮੁਲਾ ਮਰਣਾ ॥ ਭੀ ਕਰਤਾਰਹੁ ਡਰਣਾ॥1॥ ਰਹਾਉ॥ ਤਾ ਤੂ ਮੁਲਾ ਤਾ ਤੂ ਕਾਜੀ ਜਾਣਹਿ ਨਾਮੁ ਖੁਦਾਈ ॥ ਜੇ ਬਹੁਤੇਰਾ ਪੜਿਆ ਹੋਵਹਿ ਕੋ ਰਹੈ ਨ ਭਰੀਐ ਪਾਈ ॥2॥ ਸੋਈ ਕਾਜੀ ਜਿਨਿ ਆਪੁ ਤਜਿਆ ਇਕੁ ਨਾਮੁ ਕੀਆ ਆਧਾਰੋ ॥ ਹੈ ਭੀ ਹੋਸੀ ਜਾਇ ਨ ਜਾਸੀ ਸਚਾ ਸਿਰਜਣ-ਹਾਰੋ ॥3॥ ਪੰਜ ਵਖਤ ਨਿਵਾਜ ਗੁਜਾਰਹਿ ਪੜਹਿ ਕਤੇਬ ਕੁਰਾਣਾ ॥ ਨਾਨਕੁ ਆਖੈ ਗੋਰ ਸਦੇਈ ਰਹਿਓ ਪੀਣਾ ਖਾਣਾ॥4॥28॥ ਅੰਗ 24" ।

ਸਤਿਗੁਰੂ ਅਰਜਨ ਦੇਵ ਜੀ ਮੁਸਲਮਾਨ ਨੂੰ ਹਦਾਇਤ ਕਰਦੇ ਹਨ ਕਿ ਹੇ ਅੱਲ੍ਹਾ ਦੇ ਬੰਦੇ! ਹੇ ਅਪਹੁੰਚ ਰੱਬ ਦੇ ਬੰਦੇ! ਹੇ ਖ਼ੁਦਾ ਦੇ ਬੰਦੇ! ਦੁਨੀਆਂ ਵਾਲੇ ਖ਼ਿਆਲ ਛੱਡ ਦੇ, ਦੁਨੀਆਂ ਦੇ ਝੰਬੇਲੇ ਛੱਡ ਦੇ । ਰੱਬ ਦੇ ਫ਼ਕੀਰਾਂ ਦੇ ਪੈਰਾਂ ਦੀ ਖ਼ਾਕ ਹੋ ਕੇ ਮੁਸਾਫ਼ਰ ਬਣਿਆ ਰਹੁ; ਭਾਵ ਆਪਣੇ ਆਪ ਨੂੰ ਚਲਣਹਾਰ ਜਾਣ। ਇਹੋ ਜਿਹਾ ਫ਼ਕੀਰ ਰੱਬ ਦੇ ਦਰ ਤੇ ਕਬੂਲ ਹੋ ਜਾਂਦਾ ਹੈ ।1। ਸਦਾ ਕਾਇਮ ਰਹਿਣ ਵਾਲੇ ਰੱਬ ਦੇ ਨਾਮ ਨੂੰ ਨਿਮਾਜ਼ ਬਣਾ। ਰੱਬ ਉਤੇ ਭਰੋਸਾ, ਇਹ ਤੇਰਾ ਮੁਸੱਲਾ ਹੋਵੇ । ਆਪਣੇ ਅੰਦਰੋਂ ਮਨ ਦਾ ਫੁਰਨਾ ਮਾਰ ਕੇ ਮੁਕਾ ਦੇ, ਇਸ ਨੂੰ ਸੋਟਾ ਬਣਾ । ਤੇਰਾ ਸਰੀਰ ਤੇਰੀ ਮਸੀਤ ਹੋਵੇ, ਤੇਰਾ ਮਨ ਉਸ ਵਿਚ ਮੁੱਲਾਂ ਬਣਿਆ ਰਹੇ । ਮਨ ਨੂੰ ਪਵਿੱਤਰ ਤੇ ਸਾਫ਼ ਰੱਖ, ਇਹ ਤੇਰੇ ਵਾਸਤੇ ਖ਼ੁਦਾਈ ਕਲਮਾ ਹੈ ।2। ਖ਼ੁਦਾ ਦਾ ਨਾਮ ਲੈ ਕੇ ਬੰਦਗੀ ਦੀ ਕਮਾਈ ਕਰਿਆ ਕਰ, ਇਹ ਹੈ ਅਸਲ ਸ਼ਰਹ ਸ਼ਰੀਅਤਿ (ਬਾਹਰਲੀ ਧਾਰਮਿਕ ਰਹਿਣੀ) । ਆਪਾ-ਭਾਵ (ਹਉਮੈ) ਤਿਆਗ ਕੇ (ਆਪਣੇ ਅੰਦਰ ਵਸਦੇ ਰੱਬ ਨੂੰ) ਖੋਜ ਕੇ ਲੱਭ, ਇਹ ਹੈ ਮਨ ਨੂੰ ਸਾਫ਼ ਰੱਖਣ ਦਾ ਤਰੀਕਾ । ਹੇ ਅਬਦਾਲ ਫ਼ਕੀਰ! ਆਪਣੇ ਭਟਕਦੇ ਮਨ ਨੂੰ ਵੱਸ ਵਿਚ ਰੱਖ, ਇਹ ਹੈ ਮਾਰਫ਼ਤਿ (ਆਤਮਕ ਜੀਵਨ ਦੀ ਸੂਝ) । ਰੱਬ ਨਾਲ ਮਿਲਿਆ ਰਹੁ, ਇਹ ਹੈ ਹਕੀਕਤਿ (ਮਾਇਆ ਦੇ ਤਿੰਨ ਗੁਣਾਂ ਤੋਂ ਉੱਪਰ ਚੌਥਾ ਪਦ) । ਇਸ ਹਕੀਕਤਿ ਰਾਹੀਂ ਮੁੜ ਕੇ ਮੌਤ ਨਹੀਂ ਆਉਂਦੀ ।3। ਆਪਣੇ ਦਿਲ ਵਿਚ ਖ਼ੁਦਾ ਦੇ ਸਿਮਰਨ ਦੀ ਕਮਾਈ ਕਰਦਾ ਰਹੁ, ਇਹ ਹੈ ਕੁਰਾਨ, ਇਹ ਹੈ ਕਤੇਬਾਂ ਦੀ ਤਾਲੀਮ । ਆਪਣੇ ਦਸ ਇੰਦ੍ਰਿਆਂ ਨੂੰ ਭੈੜੇ ਰਸਤੇ ਤੋਂ ਰੋਕ ਰੱਖ । ਸਿਦਕ ਦੀ ਮੱਦਦ ਨਾਲ ਪੰਜ ਕਾਮਾਦਿਕ ਸੂਰਮਿਆਂ ਨੂੰ ਫੜ ਕੇ ਬੰਨ੍ਹ ਰੱਖ। ਸੰਤੋਖ ਦੇ ਖ਼ੈਰ ਦੀ ਬਰਕਤਿ ਨਾਲ ਤੂੰ ਖ਼ੁਦਾ ਦੇ ਦਰ ਤੇ ਕਬੂਲ ਹੋ ਜਾਏਂਗਾ ।4। "ਮਾਰੂ ਮਹਲਾ 5 ॥ ਅਲਹ ਅਗਮ ਖੁਦਾਈ ਬੰਦੇ ॥ ਛੋਡਿ ਖਿਆਲ ਦੁਨੀਆ ਕੇ ਧੰਧੇ ॥ ਹੋਇ ਪੈ ਖਾਕ ਫਕੀਰ ਮੁਸਾਫਰੁ ਇਹੁ ਦਰਵੇਸੁ ਕਬੂਲੁ ਦਰਾ ॥1॥ ਸਚੁ ਨਿਵਾਜ ਯਕੀਨ ਮੁਸਲਾ ॥ ਮਨਸਾ ਮਾਰਿ ਨਿਵਾਰਿਹੁ ਆਸਾ ॥ ਦੇਹ ਮਸੀਤਿ ਮਨੁ ਮਉਲਾਣਾ ਕਲਮ ਖੁਦਾਈ ਪਾਕੁ ਖਰਾ॥2॥ ਸਰਾ ਸਰੀਅਤਿ ਲੇ ਕੰਮਾਵਹੁ ॥ ਤਰੀਕਤਿ ਤਰਕ ਖੋਜਿ ਟੋਲਾਵਹੁ ॥ ਮਾਰਫਤਿ ਮਨੁ ਮਾਰਹੁ ਅਬਦਾਲਾ ਮਿਲਹੁ ਹਕੀਕਤਿ ਜਿਤੁ ਫਿਰਿ ਨ ਮਰਾ ॥3॥ ਕੁਰਾਣੁ ਕਤੇਬ ਦਿਲ ਮਾਹਿ ਕਮਾਹੀ ॥ ਦਸ ਅਉਰਾਤ ਰਖਹੁ ਬਦ ਰਾਹੀ ॥ ਪੰਚ ਮਰਦ ਸਿਦਕਿ ਲੇ ਬਾਧਹੁ ਖੈਰਿ ਸਬੂਰੀ ਕਬੂਲ ਪਰਾ ॥4॥ ਅੰਗ 1083" ।


ਸਭਨਾਂ ਤੇ ਰਹਿਮ ਨੂੰ (ਹੱਜ-ਅਸਥਾਨ) ਮੱਕਾ ਸਮਝ । ਸਭ ਦੇ ਪੈਰਾਂ ਦੀ ਖ਼ਾਕ ਹੋਏ ਰਹਿਣਾ ਰੋਜ਼ਾ ਹੈ । ਗੁਰੂ ਦੇ ਬਚਨਾਂ ਉਤੇ ਪੂਰੇ ਤੌਰ ਤੇ ਤੁਰਨਾ ਬਹਿਸ਼ਤ ਹੈ । ਖ਼ੁਦਾ ਦੇ ਨੂਰ ਦਾ ਜ਼ਹੂਰ ਹੀ ਹੂਰਾਂ ਹਨ, ਖ਼ੁਦਾ ਦੀ ਬੰਦਗੀ ਹੀ ਕਸਤੂਰੀ ਹੈ । ਖ਼ੁਦਾ ਦੀ ਬੰਦਗੀ ਹੀ ਸਭ ਤੋਂ ਵਧੀਆ ਹੁਜਰਾ (ਬੰਦਗੀ ਵਾਲਾ ਕਮਰਾ) ਹੈ (ਜਿੱਥੇ ਮਨ ਅਡੋਲ ਰਹਿ ਸਕਦਾ ਹੈ) ।5। ਜਿਹੜਾ ਮਨੁੱਖ ਸਦਾ ਕਾਇਮ ਰਹਿਣ ਵਾਲੇ ਅੱਲ੍ਹਾ ਦੀ ਬੰਦਗੀ ਕਰਦਾ ਹੈ,

**ਬਾਕੀ ਅਗਲੇ ਹਫ਼ਤੇ ਪੜ੍ਹੋ**


## ਪੰਜਾਬੀ ਸਿੱਖਣ ਲਈ ਕਿਤਾਬਾਂ

**ਜੀ ਸੀ ਐਸ ਈ ਦੀ ਤਿਆਰੀ ਲਈ ਬੱਚਿਆਂ ਨੂੰ ਤੋਹਫ਼ੇ GIFT ਵਜੋਂ ਇਹ ਕਿਤਾਬਾਂ ਦਿਓ ਤੇ ਪੰਜਾਬੀ ਨਾਲ ਜੋੜੋ**

ਜੇ ਤੁਹਾਡੇ ਬੱਚੇ ਜਾਂ ਤੁਸੀਂ ਪੰਜਾਬੀ ਪੜ੍ਹਨੀ ਲਿਖਣੀ ਸਿੱਖਣੀ ਚਾਹੁੰਦੇ ਹੋ, ਤਾਂ ਇਸ ਵਾਸਤੇ ਪੰਜਾਬ ਟਾਈਮਜ਼ ਵੱਲੋਂ 1 ਤੋਂ 4 ਲੈਵਲ ਤੱਕ ਚਾਰ ਪੁਸਤਕਾਂ ਸਿੱਖ ਸਕੂਲ ਡੋਟ ਕੋਮ, ਕੈਲੇਫੋਰਨੀਆ ਦੀ ਆਗਿਆ ਨਾਲ ਛਾਪੀਆਂ ਗਈਆਂ ਹਨ । ਇਹਨਾਂ (Work Books) ਦੀ ਮਦਦ ਨਾਲ ਤੁਸੀਂ ਆਸਾਨੀ ਨਾਲ ਬੱਚਿਆਂ ਨੂੰ ਪੰਜਾਬੀ ਸਿਖਾ ਸਕਦੇ ਹੋ। ਇਹਨਾਂ ਪੁਸਤਕਾਂ ਨਾਲ ਅੰਗਰੇਜ਼ੀ ਰਾਹੀਂ ਪੰਜਾਬੀ ਸਿੱਖ ਸਕਦੇ ਹੋ। ਪੁਸਤਕਾਂ ਦੀ ਕੀਮਤ ਕੇਵਲ ਲਾਗਤ ਮਾਤਰ ਹੀ ਰੱਖੀ ਗਈ ਹੈ । ਇਹ ਪੁਸਤਕਾਂ ਮੁਨਾਫ਼ਾ ਕਮਾਉਣ ਲਈ ਨਹੀਂ ਬਲਕਿ ਪੰਜਾਬੀ ਦੇ ਪ੍ਰਚਾਰ ਹਿੱਤ ਬਹੁਤ ਹੀ ਸਸਤੀਆਂ ਦਿੱਤੀਆਂ ਜਾ ਰਹੀਆਂ ਹਨ।




ਇਹ ਕਿਤਾਬ ਤੁਹਾਡੇ ਆਪਣੇ ਗੋਰੇ ਸਾਥੀਆਂ ਨੂੰ ਦੇਣ ਲਈ ਵੀ ਬਹੁਤ ਲਾਭਦਾਇਕ ਹੈ । ਜਿਸ ਤੋਂ ਤੁਸੀਂ ਅੰਗਰੇਜ਼ੀ ਤੋਂ ਪੰਜਾਬੀ ਅਤੇ ਪੰਜਾਬੀ ਤੋਂ ਅੰਗਰੇਜ਼ੀ ਬੜੇ ਆਸਾਨ ਤਰੀਕੇ ਨਾਲ ਸਿੱਖ ਸਕਦੇ ਹੋ

4 ਕਿਤਾਬਾਂ ਦੇ ਸੈੱਟ ਦੀ ਕੀਮਤ ਕੇਵਲ £15.00 ਪੌਂਡ (ਡਾਕ ਖਰਚ ਸਮੇਤ) ਹੈ ਕਿਤਾਬਾਂ ਦੇ 10 ਸੈਟਾਂ ਤੋਂ ਉੱਪਰ ਆਰਡਰ ਤੇ ਡਿਸਕਾਊਂਟ ਦਿੰਦੇ ਹਾਂ ।

ਕਿਤਾਬਾਂ ਮੰਗਵਾਉਣ ਲਈ ਤੁਸੀਂ ਹੇਠਾਂ ਦਿੱਤੇ ਨੰਬਰਾਂ 'ਤੇ ਸੰਪਰਕ ਕਰ ਸਕਦੇ ਹੋ

**Whats App (M) 07966 388388**

**PANJAB TIMES**
BRIDLE GATE LANE, ALVASTON, DERBY, DE24 0QW, U.K.
Email: panjabtimes@gmail.com,
www.panjabtimes.co.uk TEL: 01332 372 851
www.fb.com/punjabtimesuk



## ਨਿਰਮਾਨ ਸੇਵਕ ਜਥਾ ਸਿੱਖ ਟੈਂਪਲ, ਬ੍ਰਿਸਟਲ ਵਿਖੇ ਕੀਰਤਨੀ ਜਥੇ (ਦੋ ਧਾਰਮਿਕ ਸੇਵਾਦਾਰਾਂ) ਦੀ ਲੋੜ

**An opportunity has arisen for two Religious Workers at Nirman Sewak Jatha Sikh Heritage Ltd in Bristol**

**The duties of the Religious Workers will include:**
Reading from Guru Granth Sahib Ji, Hymn singing, reciting prayers. Assisting and conducting daily and weekly Diwans, marriages, engagements, funerals and other religious ceremonies. Should be able to teach Gurbani Kirtan, Path and playing instruments (i.e. Vaaja and Tabla). Working collaboratively with the Managing Committee and volunteers. The workers will be responsible for locking and unlocking the Gurdwara premises.

**LOCATION: BRISTOL UK, NIRMAN SEWAK JATHA**
**11 SUMMERHILL ROAD, ST. GEORGE, BRISTOL UK BS5 8HG**

**REQUIREMENTS:** Must be able to read and speak Punjabi (Gurmukhi). Clean character certificate required from previous employer. Should have good communicational and interpersonal skills. A clean DBS or equivalent check is required if accepted. Preference will be given to qualified and experienced candidates who should be a UK resident or have the right to work in the UK.

**DURATION & REMUNERATION:** Employment will consist of 20 hours per week. The first 3 months will be a probation period. If performance is satisfactory the duration could be extended to 12 Months.

**RATE: Salary will be in accordance to UK employment law, plus reasonable expenses.**

**HOW TO APPLY:** CV supplemented with video evidence and the details of 2 referees.

**CLOSING DATE: 3rd April 2024**

**PLEASE APPLY TO ADDRESS BELOW OR CONTACT**
**MR. BALDEV SINGH ROUDH 07830517552**
**Email:secretary@nirmansewakjatha.org.uk**

**Nirman Sewak Jatha - Sikh Temple, Bristol**
11 SUMMERHILL ROAD, ST. GEORGE, BRISTOL, BS5 8HG, U.K.

TAIL PIECE

# THE FILE SYSTEM SPEAKS WHAT IS RIGHT AND WHAT IS WRONG

**Dalip Singhj Wasan, Advocate**
Email: dalipsinghwassan@yahoo.co.in





Our present Chief Minister Sardar Bhagwant Maan has pointed out that the previous governments had been doing something wrong for personal gains. All information has been collected by the Chief Minister from the files because nothing can be concealed and files speak the truth and truth only. Even the officials who are dealing with files know where something wrong has been done. The officials who are to serve beyond this five years tenure often do not write wrong notes because they know that file is a record and shall speak against him. Overriding orders by the political heads cannot be concealed. All th3e politicians who are in jails are victims of their orders going against notes written by the officials.We must accept that this file system started ty the British here in India because all administration had been established and run by the officils and all orders had been passed by the government sitting abroad.. We have a system and our files can speak truth. Had there been no files, what will have been our position only God knows.If all the coming governments start checking files, they can say much against previous governments and even some political heads could be identified committing scandals. Mr. Maan has started functioning on this side. The files cannot conceal where the officials too were in wrong while writing notes and they too could be proceeded against under the punishment and Appeal Rules applicable in their cases. Even criminal proceedings could be launched against them. And now it seems all the governments coming ahead shall be having special cells for investigating the facts in each file and shall start proceedings against the wrong doers.

### Regular appointments in Punjab raised life standard of 40,000 families- A news

It is an admitted fact that unemployment and low wages are the root cause of poverty in India and it is also an admitted fact that these two curses had been main tained throughout in the past just to have cheap labour for serving the rich. After independence we adopted our Constitution in 1950 and as per Directive Principles of State policy, we assured the people that these two curses shall be cured and it is also on record that in spite of the Constitutional provisions and assurances, these two curses are still alive. Number of poor had been increasing and it is also on record that 81 crore people are poor and they had to be given free ration. The State is a model employer and therefore, no post sanctioned be kept unfilled and at no stage an employee should be given less than the prescribed pay and allowances and even pensionary benefits. But it is on record that the State had not been following the Pay Scales fixed by Pay Commissions and a large part of employment had been on other conditions giving the employees lower wages and no benefits for this service. Mr. Bhagwant Maan while taking charge of Punjab State had declared that he shall turn Punjab State into a Model employer and he could fulfill his promises in two years by giving regular employment and pay scales as fixed by the Pay Commission and when he claims that 40,000 families could raise their life standard, is not a false claim. The assurance of Model Employer has been achieved and now time has come to ensure that all workers, even in private employment, many get the prescribed pay scales prescribed by the Punjab Pay Commission and some mesures too be taken that all working classes in the state get reasonable pension too. The stgate of Punjab can go ahead and call Corporate houses and cooperative societies to install here Food Processing units and see nothing goes waste and converted into Gatta, paper, poultry feed, cattle feed and the like. Only organised units can creat more jobs and these individual employers cannot solve our unemployment problem.

### Congress party launched a tractor march favouring Farmers demands

There is a news that the Congress Party had launched a tractor march favouring demands of farmers. Since farmers have united and all unions of farmers in India are in protest because of their demands. They say that they had been ignored till date and in spite of hard work and engagement of whole family in feiled work, they are still a poor class. And now they have themselves become a separate group because of success of their earlier agitation, they have attain the position of a group. They are likely to take part in next Parliament Elections. The farmers arte a big class themselves and they can come in elections all alone or the present big groups of BJP and Congress or its alliance too shall call them to join. At this juncture the BJP is in power and can accept all their demands and could get their friendship or the Congress party whose Rahul jee raised the first voice when three Farms Acts were going to be passed in the Parliament. None knows with whom out of two tghe farmers would join, that is gthe question which shall decide result of next Parliament Elections. Even these farming classes themselves can win and some people in othwer two groups too could join with them. It is very much sure that the next government in India shall be favouring farming classes. Rise of such groups into political groups, if successds, there are chances of formation of more groups in India and present political groups shall be a thing of the past. There are chances that people of India shall be having their representatives in the Parliament the politicians on nomination from the political parties only shall also go.

### Public Servants cannot take part in active politics

There is only one and only definition of Public Servant and here in India, as per rules contained in public servants cannot take part in active politics. Now even Publidc Servants too can take part in elections and when they decide so, they are to resign conditionally and if not elected, they can come back in service. The people who are elected too come under the definition of Public servants and therefore, when they are to come out for preaching in publicd before the elections, they too must resign. In case of general elections the whole house must resign and only then they are at liberty to take part or lead rallies and meetings. The dates of elections could be fixed in such a way that the house could complete tenure of five years and when dates of elections are fixed and Election Commission gives time for preaching, that time all are at liberty to hold rallies and meetings in their favour. No liberty can be given even to elected members to be free for sucfh preachings because public Servant is not at liberty to use service time for preaching for himself or for the party or group to which he is connected.

This important point must be decided by the Election Commission and Public Servants when they are on duty, they are not at liberty to come out in rallies preaching for elections.

**ਵਿਆਹ ਸ਼ਾਦੀ ਦੇ ਇਸ਼ਤਿਹਾਰ ਪੰਜਾਬ ਟਾਈਮਜ਼ ਵਿੱਚ**

ਯੂ ਕੇ ਵਿਚ 1965 ਤੋਂ ਛਪ ਰਿਹਾ ਹਫ਼ਤਾਵਾਰ ਪੰਜਾਬ ਟਾਈਮਜ਼ ਸਭ ਤੋਂ ਪੁਰਾਣਾ ਪੇਪਰ ਹੈ। ਇਹ ਪੇਪਰ ਨਿਊਜ਼ ਏਜੰਟਾਂ ਅਤੇ ਗਰੋਸਰੀ ਦੀਆਂ ਦੁਕਾਨਾਂ ਤੋਂ ਦੋ ਪੌਂਡ ਦਾ ਮਿਲਦਾ ਹੈ। ਇਸ ਵਿਚ ਵਿਆਹ ਸ਼ਾਦੀ ਸਬੰਧੀ ਇਸ਼ਤਿਹਾਰਾਂ ਵਾਲਾ ਵਿਸ਼ੇਸ਼ ਪੰਨਾ ਹੁੰਦਾ ਹੈ। ਰਿਸ਼ਤੇ ਨਾਤੇ ਵਾਲੇ ਕਾਲਮ ਵਿੱਚ ਇਸ਼ਤਿਹਾਰ ਦੇਣ ਨਾਲ ਬੱਚਿਆਂ ਲਈ ਯੋਗ ਜੀਵਨ ਸਾਥੀ ਮਿਲ ਸਕਦਾ ਹੈ।

ਪੰਜਾਬ ਟਾਈਮਜ਼ ਵਿੱਚ ਇਸ਼ਤਿਹਾਰ ਦੇਣ ਵਾਸਤੇ ਅੱਜ ਹੀ ਸੰਪਰਕ ਕਰੋ:
ਜਾਣਕਾਰੀ ਲਈ ਸੰਪਰਕ: 01332 372 851 M: 07966 388 388

ਪ੍ਰੋ: ਸ਼ਿੰਗਾਰਾ ਸਿੰਘ ਢਿੱਲੋਂ
*(M.A, M.PHIL, BJMC, B.ED)*
ਮੋਬਾਈਲ: 07806945964



# ਮੈਂ ਤੰਦਰੁਸਤ ਕਿਵੇਂ ਹੋਇਆ ?

ਲੜੀ ਜੋੜਨ ਲਈ ਪਿਛਲਾ ਅੰਕ ਦੇਖੋ

**ਕਿਸ਼ਤ - 7**



**ਕਈ ਵਾਰ ਦੀਵੇ ਥੱਲੇ ਹਨੇਰਾ ਹੁੰਦਾ ਹੈ, ਅਸੀਂ ਜੋ ਮੱਤਾਂ ਦੂਸਰਿਆਂ ਨੂੰ ਦੇਂਦੇ ਹਾਂ, ਉਹਨਾਂ ਉੱਤੇ ਖੁੱਦ ਆਪ ਖਰੇ ਨਹੀਂ ਉੱਤਰਦੇ । ਕਿਸੇ ਬਿਮਾਰ ਪਏ ਰਿਸ਼ਤੇਦਾਰ ਜਾਂ ਦੋਸਤ ਦੀ ਖਬਰ ਲੈਣ ਗਏ, ਉਸ ਦੇ ਸਰਹਾਣੇ ਬੈਠਕੇ ਪੂਰੀ ਦੁਨੀਆਂ ਦੀ ਹਿਕਮਤ ਦਾ ਪਟਾਰਾ ਖੋਹਲਕੇ ਆਉਂਦੇ ਹਾਂ, ਪਰ ਜਦ ਆਪਾਂ ਉੱਤੇ ਕੋਈ ਬਿਮਾਰੀ ਹਮਲਾ ਕਰਦੀ ਹੈ ਤਾਂ ਉਹ ਸਾਰੀ ਹਿਕਮਤ ਕਫੂਰ ਹੋ ਜਾਂਦੀ ਹੈ, ਉਸ ਵੇਲੇ ਸਾਨੂੰ ਆਪ ਨੂੰ, ਆਪਣੀ ਬਿਮਾਰੀ ਦਾ ਹੱਲ ਕਰਨ ਵਾਸਤੇ ਕੋਈ ਹਿਕਮਤ ਨਹੀਂ ਆਹੁੜਦੀ । ਸ਼ਾਇਦ ਸਿਆਣੇ ਇਸੇ ਕਰਕੇ ਕਹਿੰਦੇ ਹਨ ਕਿ ਮੱਤਾਂ ਦੇਣੀਆਂ ਬਹੁਤ ਸੌਖੀਆਂ ਹੁੰਦੀਆਂ ਹਨ, ਪਰ ਅਜਿਹਾ ਕਰਨ ਤੋਂ ਪਹਿਲਾਂ ਆਪ ਉਹਨਾਂ 'ਤੇ ਅਮਲ ਕਰਨਾ ਬੜਾ ਔਖਾ ਕਾਰਜ ਤੇ ਟੇਢੀ ਖੀਰ ਹੁੰਦੀ ਹੈ ।**

ਗੱਲ ਚੱਲੀ ਹੈ ਹੱਡੀਂ ਹੰਢਾਏ ਦੁੱਖਾਂ ਤੋਂ । ਜ਼ਿੰਦਗੀ ਵਿਚ ਵੱਖ ਵੱਖ ਤਰਾਂ ਦੇ ਦੁੱਖ ਭੋਗੇ। ਉਹਨਾਂ ਵਿਚੋਂ ਬਹੁਤਿਆਂ ਦੁੱਖਾਂ ਦਾ ਕਾਰਨ ਮੈਂ ਆਪ ਹੀ ਸੀ । ਮੇਰਾ ਜੀਵਨ ਢੰਗ ਗਲਤ ਸੀ, ਮੈਂ ਬੇਪ੍ਰਵਾਹ ਸੀ ਜਾਂ ਇੰਜ ਕਹਿ ਲਓ ਕਿ ਜ਼ਿੰਦਗੀ ਦੇ ਗਧੀ ਗੇੜ ਚ ਫਸਕੇ, ਆਪਣੀ ਸਿਹਤ ਅਤੇ ਤੰਦਰੁਸਤੀ ਤੋਂ ਬੇਧਿਆਨਾ ਹੋ ਗਿਆ ਸੀ, ਜਿਸ ਦਾ ਨਤੀਜਾ ਇਹ ਹੋਇਆ ਕਿ ਕਦੇ ਸ਼ੂਗਰ ਦੀ ਬਿਮਾਰੀ, ਕਦੇ ਬਲੱਡ ਪਰੈਸ਼ਰ, ਬੈਡ ਕੈਲਸਟਰੋਲ, ਗਠੀਆ, ਪਿੱਠ ਦਰਦ ਤੇ ਕਦੇ ਅੱਖਾਂ ਦੀ ਨਜ਼ਰ ਕੰਮਜ਼ੋਰ ਹੋ ਗਈ । ਬੇਸ਼ੱਕ ਇਕ ਇਕ ਕਰਕੇ ਮੈਂ ਅੱਜ ਇਹਨਾਂ ਸਭਨਾਂ ਬਿਮਾਰੀਆਂ ਤੋਂ ਪੂਰੀ ਤਰਾਂ ਨਿਜਾਤ ਪਾ ਚੁੱਕਾ ਹਾਂ ਤੇ ਰਹਿੰਦੀ ਜ਼ਿੰਦਗੀ ਤੱਕ ਹਰ ਸੰਭਵ ਕੋਸ਼ਿਸ਼ ਵਿਚ ਹਾਂ ਕਿ ਦੁਬਾਰਾ ਇਹਨਾਂ ਦੇ ਚੁੰਗਲ ਵਿਚ ਕਦੀ ਵੀ ਨਾ ਫਸਾਂ। ਬਹੁਤ ਕੌੜਾ ਤਜਰਬਾ ਹੋਇਆ । ਇਹ ਪਤਾ ਲੱਗਾ ਕਿ ਦੁੱਖ ਜਾਂ ਬਿਮਾਰੀ ਕੋਈ ਵੀ ਹੋਵੇ ਇਹਨਾਂ ਨੂੰ ਕਦੇ ਵੀ ਹਲਕੇ ਵਿਚ ਨਾ ਲਓ, ਇਹ ਕਦੇ ਵੀ ਛੋਟੇ ਨਹੀਂ ਹੁੰਦੇ । ਮੈਂ ਹਰ ਬਿਮਾਰੀ ਤੋਂ ਨਵਾਂ ਸਬਕ ਸਿੱਖਿਆ ਹੈ । ਹਾਂ ! ਇਹ ਗੱਲ ਬਾਕੀ ਸਭਨਾ ਵਾਂਗ ਮੈਂ ਵੀ ਕਰਦਾ ਰਿਹਾ ਕਿ ਵਾਹ ਲਗਦੀ ਨੂੰ ਇਲਾਜ ਕਰਾਉਣ ਦੀ ਬਜਾਏ, ਦੁੱਖ ਦੇ ਆਪੇ ਵਾਪਸ ਚਲੇ ਜਾਣ ਜਾਂ ਠੀਕ ਹੋ ਜਾਣ ਦੀ ਇੰਤਜਾਰ ਵਿਚ ਕਈ ਕਈ ਦਿਨ ਬਲਕਿ ਕਈ ਵਾਰ ਤਾਂ ਕਈ ਕਈ ਹਫਤੇ ਕਿਸੇ ਚੰਗੇ ਡਾਕਟਰ ਨੂੰ ਨਾ ਮਿਲਣ ਦੀ ਆਲਸ ਕਰਦਾ ਰਿਹਾ, ਜਿਸ ਦਾ ਨਤੀਜਾ ਅਕਸਰ ਇਹ ਹੁੰਦਾ ਕਿ ਬੀਮਾਰੀ ਹੋਰ ਵਿਗੜ ਜਾਂਦੀ ਤੇ ਜਦ ਪੂਰੀ ਤਰਾਂ ਸਿਹਤ ਜਵਾਬ ਦੇ ਜਾਂਦੀ, ਤੁਰਨੇ ਫਿਰਨੇ ਤੋਂ ਹੱਥ ਖੜ੍ਹੇ ਹੋ ਜਾਂਦੇ, ਫਿਰ ਜਾ ਕੇ ਡਾਕਟਰ ਨਾਲ ਅਪੁਆਂਇੰਟਮੈਂਟ ਬੁੱਕ ਕੀਤੀ ਜਾਂਦੀ । ਕਹਿਣ ਦਾ ਭਾਵ ਜਦ ਨੱਕ ਦੀ ਚੋਅ ਕੇ ਮੂੰਹ ਨੂੰ ਆਉਂਦੀ ਜਾਂ ਸਿਰੋਂ ਪਾਣੀ ਲੰਘ ਜਾਂਦਾ, ਫਿਰ ਰੋਕਥਾਮ ਦੀ ਚਾਰਾਜੋਈ ਸ਼ੁਰੂ ਕੀਤੀ ਜਾਂਦੀ ਜਦ ਕਿ ਜੇਕਰ ਇਹ ਅਮਲ ਮੁੱਢਲੇ ਪੜਾਅ ਉੱਤੇ ਹੀ ਸ਼ੁਰੂ ਹੋ ਜਾਵੇ ਤਾਂ ਪੈਸਾ ਤੇ ਸਿਹਤ ਦੋਹਾਂ ਦੀ ਹੀ ਬਚਤ ਹੋ ਸਕਦੀ ਸੀ । ਇਸ ਉਕਤ ਨੁਕਤੇ ਦੀ ਸਮਝ ਮੈਨੂੰ ਬਹੁਤ ਦੇਰ ਬਾਅਦ ਆਈ । ਕਈ ਵਾਰ ਦੀਵੇ ਥੱਲੇ ਹਨੇਰਾ ਹੁੰਦਾ ਹੈ, ਅਸੀਂ ਜੋ ਮੱਤਾਂ ਦੂਸਰਿਆਂ ਨੂੰ ਦੇਂਦੇ ਹਾਂ, ਉਹਨਾਂ ਉੱਤੇ ਖੁੱਦ ਆਪ ਖਰੇ ਨਹੀਂ ਉੱਤਰਦੇ । ਕਿਸੇ ਬਿਮਾਰ ਪਏ ਰਿਸ਼ਤੇਦਾਰ ਜਾਂ ਦੋਸਤ ਦੀ ਖਬਰ ਲੈਣ ਗਏ, ਉਸ ਦੇ ਸਰਹਾਣੇ ਬੈਠਕੇ ਪੂਰੀ ਦੁਨੀਆਂ ਦੀ ਹਿਕਮਤ ਦਾ ਪਟਾਰਾ ਖੋਹਲਕੇ ਆਉਂਦੇ ਹਾਂ, ਪਰ ਜਦ ਆਪਾਂ ਉੱਤੇ ਕੋਈ ਬਿਮਾਰੀ ਹਮਲਾ ਕਰਦੀ ਹੈ ਤਾਂ ਉਹ ਸਾਰੀ ਹਿਕਮਤ ਕਫੂਰ ਹੋ ਜਾਂਦੀ ਹੈ, ਉਸ ਵੇਲੇ ਸਾਨੂੰ ਆਪ ਨੂੰ, ਆਪਣੀ ਬਿਮਾਰੀ ਦਾ ਹੱਲ ਕਰਨ ਵਾਸਤੇ ਕੋਈ ਹਿਕਮਤ ਨਹੀਂ ਆਹੁੜਦੀ । ਸ਼ਾਇਦ ਸਿਆਣੇ ਇਸੇ ਕਰਕੇ ਕਹਿੰਦੇ ਹਨ ਕਿ ਮੱਤਾਂ ਦੇਣੀਆਂ ਬਹੁਤ ਸੌਖੀਆਂ ਹੁੰਦੀਆਂ ਹਨ, ਪਰ ਅਜਿਹਾ ਕਰਨ ਤੋਂ ਪਹਿਲਾਂ ਆਪ ਉਹਨਾਂ 'ਤੇ ਅਮਲ ਕਰਨਾ ਬੜਾ ਔਖਾ ਕਾਰਜ ਤੇ ਟੇਢੀ ਖੀਰ ਹੁੰਦੀ ਹੈ ।

ਇਹ ਗੱਲ ਵੀ ਸਹੀ ਹੈ ਕਿ ਦੁੱਖ ਤੇ ਸੁੱਖ ਜੀਵਨ ਦਾ ਹਿੱਸਾ ਹਨ । ਜੇਕਰ ਜੀਵਨ ਹੈ ਤਾਂ ਇਹਨਾਂ ਤੋਂ ਬੇਲਾਗ, ਜੀਵਨ ਰਸ ਵਿਹੂਣਾ ਹੈ । ਇਸ ਨੂੰ ਦੂਜੇ ਸ਼ਬਦਾਂ ਵਿਚ ਇਸ ਤਰਾਂ ਵੀ ਕਿਹਾ ਜਾ ਸਕਦਾ ਹੈ ਕਿ ਜਿਸ ਨੇ ਦੁੱਖ ਦਾ ਅਨੁਭਵ ਨਹੀਂ ਕੀਤਾ, ਦਰਅਸਲ ਉਸ ਨੇ ਕਦੇ ਜਾਣਿਆ ਹੀ ਨਹੀਂ ਕਿ ਵੀ ਸੁੱਖ ਕੀ ਹੁੰਦਾ ਹੈ । ਇਹ ਬਿਲਕੁਲ ਉਸੇ ਤਰਾਂ ਹੈ, ਜਿਵੇਂ ਰਾਤ ਤੋਂ ਬਿਨਾ ਦਿਨ ਅਤੇ ਝੂਠ ਤੋਂ ਬਿਨਾ ਸੱਚ ਦੀ ਪਹਿਚਾਣ ਨਹੀਂ ਕੀਤੀ ਜਾ ਸਕਦੀ ।

ਸਾਡਾ ਹਰ ਇਕ ਦਾ ਆਪੋ ਆਪਣਾ ਪਿਛੋਕੜ ਹੈ, ਜਿਸ ਵਿਚ ਸਾਡੇ ਬਹੁਤ ਸਾਰੇ ਕੌੜੇ ਮਿੱਠੇ ਤਜਰਬੇ ਹਨ । ਇਤਿਹਾਸ ਨੂੰ ਪੜ੍ਹਨ ਦਾ ਅਰਥ ਦੱਬੇ ਹੋਏ ਮੁਰਦੇ ਪੁੱਟਣਾ ਨਹੀਂ ਹੁੰਦਾ ਬਲਕਿ ਕੀਤੀਆਂ ਹੋਈਆਂ ਗਲਤੀਆਂ ਜਾਂ ਉਕਾਈਆਂ ਦਾ ਮੁਲਾਂਕਣ ਕਰਕੇ ਉਹਨਾਂ ਤੋਂ ਸਿੱਖਣਾ ਤੇ ਆਪਣੇ ਆਪ ਨੂੰ ਹੋਰ ਸੁਧਾਰਨਾ ਹੁੰਦਾ ਹੈ । ਇਸ ਹਥਲੀ ਲੇਖ ਲੜੀ ਦਾ ਮਨੋਰਥ ਵੀ ਏਹੀ ਹੈ ਕਿ ਮਨੁੱਖ ਗਲਤੀਆਂ ਦਾ ਪੁਤਲਾ ਹੈ, ਜਾਣੇ ਅਣਜਾਣੇ ਵਿੱਚ ਬਹੁਤ ਸਾਰੀਆਂ ਗਲਤੀਆਂ ਹੋ ਜਾਂਦੀਆਂ ਹਨ, ਪਰ ਵਰਤਮਾਨ ਵਿਚ ਇਹ ਪੱਕਾ ਕਰੋ ਕਿ ਉਹ ਦੁਬਾਰਾ ਨਾ ਹੋਣ ਤੇ ਨਾ ਹੀ ਕੀਤੀਆਂ ਜਾਣ, ਸਾਡੇ ਇਸ ਤਰਾਂ ਕਰਨ ਨਾਲ ਸਾਡਾ ਵਰਤਮਾਨ ਤੇ ਭਵਿੱਖ ਦੋਵੇਂ ਹੀ ਬੇਹਤਰ ਹੋਣਗੇ । ਇਹ ਸਬਕ ਮੈਂ ਆਪਣੀਆਂ ਬਿਮਾਰੀਆਂ ਤੋਂ ਸਿੱਖਿਆ, ਉਹਨਾਂ ਸੰਬੰਧੀ ਵੱਧ ਤੋਂ ਵੱਧ ਖੋਜ ਕੀਤੀ, ਸਿਹਤ ਮਾਹਿਰਾਂ ਨਾਲ ਮਸ਼ਵਰੇ ਕੀਤੇ ਅਤੇ ਮੁੜ ਤੋਂ ਆਪਣੇ ਆਪ ਨੂੰ ਨਿਰੋਗ ਕੀਤਾ । ਸਿੱਖਣ ਪ੍ਰਕਿਰਿਆ ਕਦੇ ਵੀ ਪੂਰੀ ਨਹੀਂ ਹੁੰਦੀ । ਇਹ ਇਕ ਨਿਰੰਤਰ ਚਲਣ ਵਾਲੀ ਪ੍ਰਕਿਰਿਆ ਹੈ । ਅਸੀਂ ਹਰ ਰੋਜ ਕੁੱਝ ਨ ਕੁੱਝ ਨਵਾਂ ਸਿੱਖਦੇ ਹਾਂ । ਮੈਂ ਆਪਣੇ ਸਰੀਰ ਨੂੰ ਲੱਗੀਆਂ ਬਿਮਾਰੀਆਂ ਤੋਂ ਬਹੁਤ ਕੁੱਝ ਸਿੱਖਿਆ ਹੈ, ਇਹਨਾਂ ਬਾਰੇ ਬੇਸ਼ਕੀਮਤੀ ਪੁਸਤਕਾਂ ਦਾ ਅਧਿਐਨ ਕੀਤਾ, ਇਹਨਾ ਨੂੰ ਜਾਨਣ ਵਾਸਤੇ ਬਰਤਾਨੀਆ ਦੇ ਉਚ ਵਿਦਿਆਲਿਆਂ ਤੋਂ ਮਨੋਵਿਗਿਆਨ, ਕੌਂਸਲਿੰਗ, ਨਿਊਟਰੇਸ਼ਨ ਅਤੇ ਡਾਇਬਿਟੀ ਕੇਅਰ ਵਰਗੇ ਪਰੋਫੈਸ਼ਨਲ ਡਿਪਲੋਮੇ ਤੇ ਕੋਰਸ ਕੀਤੇ । ਇਹਨਾਂ ਕੋਰਸਾਂ ਨੇ ਮੈਨੂੰ ਉਹ ਸੋਝੀ ਤੇ ਚਾਨਣ ਦਿੱਤਾ ਕਿ ਅੱਜ ਮੈਂ ਇਹ ਸਾਰਾ ਕੁੱਝ ਤੁਹਾਡੇ ਨਾਲ ਸਾਂਝਾ ਕਰ ਰਿਹਾ ਹਾਂ, ਜੇਕਰ ਉਦਮਹੀਣ ਹੋ ਕੇ ਬੈਠ ਜਾਂਦਾ ਤਾਂ ਸ਼ਾਇਦ ਬਹੁਤ ਸਾਲ ਪਹਿਲਾਂ ਹੀ ਮੇਰੇ ਅਸਤ ਚੁੱਗੇ ਜਾ ਚੁੱਕੇ ਹੁੰਦੇ ।

— ਚਲਦਾ

## ਜੇਫ ਬੇਜ਼ੋਸ ਬਣੇ ਦੁਨੀਆ ਦੇ ਸਭ ਤੋਂ ਅਮੀਰ ਵਿਅਕਤੀ



ਅਮੀਰਾਂ ਦੀ ਲਿਸਟ ਵਿਚ ਅੱਜ ਵੱਡਾ ਬਦਲਾਅ ਦੇਖਣ ਨੂੰ ਮਿਲਿਆ। ਲੰਬੇ ਸਮੇਂ ਤੋਂ ਇਸ ਲਿਸਟ ਵਿਚ ਟੌਪ ਤੇ ਬਣੇ ਹੋਏ ਐਲੋਨ ਮਸਕ ਨੂੰ ਵੱਡਾ ਝਟਕਾ ਲੱਗਾ ਹੈ। ਅਮੀਰਾਂ ਦੀ ਲਿਸਟ ਵਿਚ ਉਹ ਹੇਠਾਂ ਫਿਸਲ ਗਏ ਹਨ ਟੇਸਲਾ ਦੇ ਐਲੋਨ ਮਸਕ ਹੁਣ ਦੁਨੀਆ ਦੇ ਸਭ ਤੋਂ ਅਮੀਰ ਇਨਸਾਨ ਨਹੀਂ ਰਹੇ। ਉਨ੍ਹਾਂ ਦੀ ਜਗ੍ਹਾ ਹੁਣ ਅਮੇਜਨ ਵਾਲੇ ਜੇਫ ਬੇਜੋਸ ਨੇ ਲੈ ਲਈ ਹੈ। ਬਲੂਬਰਗ ਬਿਲੇਨੀਅਨ ਇੰਡੈਕਸ ਤੋਂ ਇਸ ਦੀ ਜਾਣਕਾਰੀ ਮਿਲੀ ਹੈ। ਇਸ ਇੰਡੈਕਸ ਮੁਤਾ-ਬਕ ਐਲੋਨ ਮਸਕ ਦੀ ਜਾਇਦਾਦ ਵਿਚ 17.6 ਅਰਬ ਡਾਲਰ ਦੀ ਗਿਰਾਵਟ ਆਈ ਹੈ ਜਿਸ ਦੇ ਬਾਅਦ ਉਹ 198 ਅਰਬ ਡਾਲਰ ਦੇ ਨੈੱਟਵਰਥ ਦੇ ਨਾਲ ਦੂਜੇ ਨੰਬਰ ਤੇ ਆ ਗਏ ਹਨ।ਅਮੀਰਾਂ ਦੀ ਸੂਚੀ ਵਿਚ ਇਸ ਸਮੇਂ ਪਹਿਲੇ ਨੰਬਰ ਤੇ ਜੇਫ ਬੇਜੋਸ ਸਦਾ ਨਾਂ ਹੈ। ਜੇਫ ਬੇਜੋਸ ਦੀ ਨੈਟਵਰਥ ਵਿਚ 23 ਅਰਬ ਡਾਲਰ ਦੀ ਤੇਜ਼ੀ ਆਈ ਹੈ ਜਿਸ ਦੇ ਬਾਅਦ ਬੇਜੋਸ ਦੀ ਕੁੱਲ ਨੈਟਵਰਥ 200 ਅਰਬ ਡਾਲਰ ਹੋ ਗਈ ਹੈ। ਇਸ ਤੋਂ ਇਲਾਵਾ ਇਸ ਲਿਸਟ ਵਿਚ ਤੀਜੇ ਨੰਬਰ ਤੇ ਬਰਨਾਰਡ ਅਰਨੌਲਟ ਦਾ ਨਾਂ ਸ਼ਾਮਲ ਹੈ। ਬਰਨਾਰਡ ਅਰਨੌਲਟ ਦੀ ਕੁੱਲ ਜਾਇਦਾਦ $197 ਬਿਲੀਅਨ ਹੈ।


## ਗੁਰੂ ਹਰਿਗੋਬਿੰਦ ਸਾਹਿਬ ਗੁਰਦੁਆਰਾ ਡਾਰਟਫੋਰਡ ਕੈਂਟ ਵਿਖੇ ਗ੍ਰੰਥੀ ਸਿੰਘ ਦੀ ਤੁਰੰਤ ਲੋੜ ਹੈ

**ਇਸ ਗੁਰਦੁਆਰਾ ਸਾਹਿਬ ਵਿਖੇ ਗ੍ਰੰਥੀ ਸਿੰਘ ਦੀ ਤੁਰੰਤ ਲੋੜ ਹੈ, ਜੋ ਕੀਰਤਨ ਅਤੇ ਤਬਲਾ ਚੰਗੀ ਤਰ੍ਹਾਂ ਜਾਣਦਾ ਹੋਵੇ। ਗੁਰਦੁਆਰਾ ਸਾਹਿਬ ਵਿਖੇ ਚੱਲ ਰਹੀਆਂ ਸੇਵਾਵਾਂ ਜਿਹਨਾਂ ਵਿੱਚ ਸ੍ਰੀ ਗੁਰੂ ਗ੍ਰੰਥ ਸਾਹਿਬ ਦਾ ਪ੍ਰਕਾਸ਼ ਕਰਨਾ, ਨਿੱਤਨੇਮ ਦੀ ਸੇਵਾ, ਸੁਖਮਨੀ ਸਾਹਿਬ ਦਾ ਪਾਠ, ਸਹਿਜ ਪਾਠ, ਸ੍ਰੀ ਅਖੰਡ ਪਾਠ ਸਾਹਿਬ ਆਦਿ ਸ਼ਾਮਿਲ ਹਨ। ਉਸ ਦੇ ਕੋਲ ਸਿੱਖ ਧਰਮ ਬਾਰੇ ਗਿਆਨ ਹੋਣਾ ਲਾਜ਼ਮੀ ਹੈ। ਕੰਮ ਅਤੇ ਯੂ ਕੇ ਦੇ ਇੰਪਲਾਈਮੈਂਟ ਕਾਨੂੰਨ ਦੇ ਮੁਤਾਬਕ ਤਨਖਾਹ, ਖਾਣਾ ਤੇ ਰਿਹਾਇਸ਼ ਮੁਫ਼ਤ ਗੁਰਦੁਆਰਾ ਸਾਹਿਬ ਵਿਖੇ ਦਿੱਤੀ ਜਾਵੇਗੀ। ਯੂ ਕੇ ਵਿੱਚ ਕੰਮ ਕਰਨ ਦੀ ਕਾਨੂੰਨੀ ਆਗਿਆ ਹੋਣੀ ਲਾਜ਼ਮੀ ਹੈ। ਹਫ਼ਤੇ ਦਾ ਘੱਟੋ-ਘੱਟ 23 ਘੰਟੇ ਕੰਮ ਹੋਵੇਗਾ। ਤਨਖਾਹ £11.44 ਪੌਂਡ ਘੰਟੇ ਦੀ ਹੋਵੇਗੀ।**

**ਆਪਣੇ ਪੂਰੇ ਵੇਰਵੇ ਸਮੇਤ ਅਰਜ਼ੀਆਂ ਗੁਰਦੁਆਰਾ ਪ੍ਰਬੰਧਕ ਕਮੇਟੀ ਨੂੰ ਹੇਠਾਂ ਦਿੱਤੇ ਪਤੇ 'ਤੇ 3 ਅਪਰੈਲ 2024 ਤੱਕ ਭੇਜੋ ਜੀ।**

## VACANCY for RELIGIOUS WORKER at GURU HARGOBIND SAHIB GURDWARA, DARTFORD, KENT

Religious worker required at Guru Hargobind Sahib Gurdwara, Dartford, Kent. He Must have sufficient experience to do the Paath reciting Guru Granth Sahib with good command, and also they must know to do Kirtan (Hyms) and play Tabla (Drums). He would be performing all the Gurdwara duties as per our requirements. Must have right to work in uk. Accommodation and meals free and Salary £11.44 per hour.

**Minimum hours will be 23hrs. per week.**

**Please send your applications to Gurdwara management committee on address given below or Email: info@gghs.org.uk**

**CLOSING DATE: 3rd APRIL 2024**

## GURDWARA GURU HARGOBIND SAHIB

**8-10 Highfield Road, Dartford, Kent, DA1 2JJ (Charity No.1127047)**

# ’84 ਕਤਲੇਆਮ ਦੀ ਯਾਦ ਵਿਚ ਬਾਬਾ ਬਚਨ ਸਿੰਘ ਨੇ ਤ੍ਰਿਲੋਕਪੁਰੀ ਵਿਖੇ ਗੁਰਦੁਆਰੇ ਦਾ ਨੀਂਹ ਪੱਥਰ ਰੱਖਿਆ

## ✪ ਇਸ ਇਲਾਕੇ ਵਿਚ ਮਾਰੇ ਗਏ ਸਨ 400 ਤੋਂ ਵੱਧ ਸਿੱਖ



ਨਵੀਂ ਦਿੱਲੀ-ਨਵੰਬਰ 1984 ਦੇ ਵਿੱਚ ਸਿੱਖਾਂ ਦੇ ਕਤਲੇਆਮ ਕਾਰਨ ਸਮੂਹ ਸ਼ਹੀਦਾਂ ਦੀ ਯਾਦ ਵਿੱਚ ਗੁਰਦੁਆਰਾ ਸ੍ਰੀ ਗੁਰੂ ਸਿੰਘ ਸਭਾ ਸ਼ਹੀਦੀ ਅਸਥਾਨ 30, 32 ਬਲਾਕ ਤ੍ਰਿਲੋਕਪੁਰੀ, ਯਮੁਨਾ ਪਾਰ (ਨਵੀਂ ਦਿੱਲੀ) ਦੀ ਕਾਰ ਸੇਵਾ ਸ਼ੁਰੂ ਕਰ ਦਿੱਤੀ ਗਈ ਹੈ, ਜਿਸ ਵਿੱਚ ਕਾਰ ਸੇਵਾ ਵਾਲੇ ਬਾਬਾ ਬਚਨ ਸਿੰਘ ਨੇ ਨੀਹ ਪੱਥਰ ਰੱਖਿਆ। ਦਿੱਲੀ ਸਿੱਖ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਮੈਂਬਰ ਆਤਮਾ ਸਿੰਘ ਲੁਬਾਣਾ ਨੇ ਕਿਹਾ ਕਿ ਨਵੰਬਰ 1984 ਦੇ ਸਿੱਖ ਕਤਲੇਆਮ ਦੌਰਾਨ ਸ਼ਹੀਦ ਸਿੱਖਾਂ ਦੀ ਯਾਦ ਵਿੱਚ ਗੁਰਦੁਆਰਾ ਬਣਾਇਆ ਜਾ ਰਿਹਾ ਹੈ। ਕਤਲੇਆਮ ਦੌਰਾਨ ਇਸ ਇਲਾਕੇ ਵਿੱਚ ਚਾਰ ਗਲੀਆਂ ਅੰਦਰ 400 ਤੋਂ ਵੱਧ ਸਿੱਖਾਂ ਨੂੰ ਘੇਰ ਕੇ ਸਮੂਹਿਕ ਕਤਲੇਆਮ ਕੀਤਾ ਗਿਆ ਸੀ ਤੇ ਸਿਰਫ਼ ਔਰਤਾਂ ਤੇ ਕੁਝ ਬੱਚੇ ਹੀ ਬਚੇ ਸਨ।

# ਜੇਲ੍ਹ ’ਚ ਬੰਦ ਨਿਹੰਗ ਮੰਗੂਮੱਠ ਖਿਲਾਫ਼ ਇਕ ਹੋਰ ਮਾਮਲਾ ਦਰਜ

## ✪ ਬੇਅਦਬੀ ਦੇ ਦੋਸ਼ ਵਿਚ ਨੌਜਵਾਨ ਦਾ ਫਗਵਾੜਾ ਵਿਚ ਕੀਤਾ ਸੀ ਕਤਲ



ਕਪੂਰਥਲਾ-ਮਾਡਰਨ ਜੇਲ੍ਹ ਕਪੂਰਥਲਾ ਪ੍ਰਸ਼ਾਸਨ ਨੇ ਫਗਵਾੜਾ ਦੇ ਇਕ ਗੁਰਦੁਆਰਾ ਸਾਹਿਬ ’ਚ ਬੇਅਦਬੀ ਦੀ ਆੜ ਵਿਚ ਇਕ ਨੌਜਵਾਨ ਦਾ ਕਤਲ ਕਰਨ ਦੇ ਦੋਸ਼ੀ ਰਮਨਦੀਪ ਸਿੰਘ ਮੰਗੂਮੱਠ ਖਿਲਾਫ਼ ਜੇਲ੍ਹ ’ਵਿਚ ਵੱਖ ਵੱਖ ਧਾਰਾਵਾਂ ਤਹਿਤ ਮਾਮਲਾ ਦਰਜ ਕੀਤਾ ਹੈ। ਮੰਗੂਮੱਠ ’ਤੇ ਦੋਸ਼ ਹੈ ਕਿ ਉਸ ਨੇ ਆਪਣੇ ਵਕੀਲ ਦਾ ਨਾਂ ਲੈ ਕੇ ਜੇਲ੍ਹ ਦੇ ਸਰਕਾਰੀ ਫੋਨ ਤੋਂ ਇਕ ਪੱਤਰਕਾਰ ਨਾਲ ਗੱਲ ਕੀਤੀ। ਜਿਸ ਕਾਰਨ ਉਸ ਨੇ ਜੇਲ੍ਹ ਨਿਯਮਾਂ ਦੀ ਉਲੰਘਣਾ ਕੀਤੀ ਹੈ। ਜਿਸ ਤੋਂ ਬਾਅਦ ਪੁਲਿਸ ਨੇ ਕੋਤਵਾਲੀ ਥਾਣੇ ਵਿੱਚ ਮੰਗੂਮੱਠ ਦੇ ਖਿਲਾਫ਼ ਮਾਮਲਾ ਦਰਜ ਕਰਕੇ ਜਾਂਚ ਸ਼ੁਰੂ ਕਰ ਦਿੱਤੀ ਹੈ। ਇਹ ਗੱਲ ਉਦੋਂ ਸਾਹਮਣੇ ਆਈ ਜਦੋਂ ਉਸ ਨੇ ਜੇਲ੍ਹ ਵਿੱਚ ਆਪਣੇ ਨਾਲ ਹੋਏ ਸਲੂਕ ਬਾਰੇ ਗੱਲ ਕਰਨੀ ਸ਼ੁਰੂ ਕੀਤੀ।

# 45 ਲੱਖ ‘ਡਰੱਗ ਮਨੀ’ ਸਮੇਤ ਇਕ ਦੋਸ਼ੀ ਗ੍ਰਿਫ਼ਤਾਰ

## ✪ 500 ਗ੍ਰਾਮ ਹੈਰੋਇਨ ਅਤੇ 1 ਮੋਟਰਸਾਈਕਲ ਬਰਾਮਦ

ਅੰਮ੍ਰਿਤਸਰ-ਘਰਿੰਡਾ ਪੁਲਿਸ ਵਲੋਂ ਇਕ ਮਹੀਨੇ ਅੰਦਰ ਦੂਜੇ ਹਵਾਲਾ ਰੈਕਟ ਦਾ ਪਰਦਾਫਾਸ਼ ਕਰਦਿਆਂ 45 ਲੱਖ ’ਡਰੱਗ ਮਨੀ’ ਅਤੇ ਐਕਟਿਵਾ ਸਣੇ ਇਕ ਵਿਅਕਤੀ ਨੂੰ ਗ੍ਰਿਫ਼ਤਾਰ ਕੀਤਾ ਹੈ। ਐੱਸ. ਪੀ. (ਡੀ.) ਹਰਿੰਦਰ ਸਿੰਘ ਨੇ ਦੱਸਿਆ ਕਿ ਘਰਿੰਡਾ ਪੁਲਿਸ ਵਲੋਂ ਗੁਪਤ ਸੂਚਨਾ ਦੇ ਆਧਾਰ ’ਤੇ ਰੌਸ਼ਨ ਸਿੰਘ ਰੋਸ਼ੀ ਵਾਸੀ ਪਿੰਡ ਰੋੜਾਂਵਾਲਾ, ਅੰਮ੍ਰਿਸਰ ਦਿਹਾਤੀ ਨੂੰ 500 ਗ੍ਰਾਮ ਹੈਰੋਇਨ ਅਤੇ 1 ਮੋਟਰਸਾਈਕਲ ਸਮੇਤ ਗ੍ਰਿਫ਼ਤਾਰ ਕੀਤਾ ਗਿਆ, ਜਿਸ ਨੇ ਪੁੱਛਗਿੱਛ ਦੌਰਾਨ ਮੰਨਿਆ ਕਿ ਇਹ ਹੈਰੋਇਨ ਉਸ ਨੂੰ ਗੁਰਜੀਤ ਸਿੰਘ ਗੋਪੀ ਵਾਸੀ ਪਿੰਡ ਚੀਚਾ ਨੇ ਸਪਲਾਈ ਕੀਤੀ ਸੀ।

ਉਸ ਤੋਂ ਬਾਅਦ ਗੁਰਪ੍ਰੀਤ ਸਿੰਘ ਗੋਪੀ ਨੂੰ 500 ਗ੍ਰਾਮ ਹੈਰੋਇਨ ਅਤੇ 50,000 ਰੁਪਏ ਡਰੱਗ ਮਨੀ ਸਮੇਤ ਗ੍ਰਿਫ਼ਤਾਰ ਕਰਨ ਤੋਂ ਬਾਅਦ ਪੁੱਛਗਿੱਛ ਕੀਤੀ ਗਈ ਤਾਂ ਉਸ ਨੇ ਦੱਸਿਆ ਕਿ ਵੇਚੀ ਹੋਈ ਹੈਰੋਇਨ ਤੋਂ ਪ੍ਰਾਪਤ ਪੈਸੇ ਉਹ ਅਗਾਂਹ ਅੰਮਿਬਸਰ ਦੇ ਸ਼ਹਿਰੀ ਇਲਾਕੇ ਨਮਕ ਮੰਡੀ ਬਾਜ਼ਾਰ ਵਿਚ ਰਹਿੰਦੇ ਰਮਨ ਕੁਮਾਰ (ਹਵਾਲਾ ਆਪਰੇਟਰ) ਨੂੰ ਦਿੰਦਾ ਹੈ। ਘਰਿੰਡਾ ਪੁਲਿਸ ਵਲੋਂ ਤੁਰੰਤ ਕਾਰਵਾਈ ਕਰਦਿਆਂ ਰਮਨ ਕੁਮਾਰ ਨੂੰ 45,87,920 ‘ਡਰੱਗ ਮਨੀ’ ਅਤੇ ਐਕਟਿਵਾ ਸਮੇਤ ਗ੍ਰਿਫ਼ਤਾਰ ਕਰ ਲਿਆ ਗਿਆ। ਐੱਸ. ਪੀ.



(ਡੀ) ਹਰਿੰਦਰ ਸਿੰਘ ਨੇ ਦੱਸਿਆ ਕਿ ਉਕਤ ਤਿੰਨੇ ਵਿਅਕਤੀਆਂ ਕੋਲੋਂ ਹਰ ਪੱਖੋਂ ਪੁੱਛਗਿੱਛ ਕੀਤੀ ਜਾ ਰਹੀ ਹੈ, ਉਨ੍ਹਾਂ ਦੇ ਅਗਲੇ-ਪਿਛਲੇ ਲਿੰਕਾਂ ਨੂੰ ਬਾਰੀਕੀ ਨਾਲ ਖੰਗਾਲਿਆ ਜਾ ਰਿਹਾ ਹੈ, ਨਾਲ ਦੇ ਨਾਲ ਉਨ੍ਹਾਂ ਦੀ ਨਸ਼ਾ ਵੇਚ ਕੇ ਬਣਾਈ ਗਈ ਪ੍ਰਾਪਰਟੀ ਦੀ ਵੀ ਤਸਦੀਕ ਕਰਵਾਈ ਜਾ ਰਹੀ ਹੈ।

ਜੇਕਰ ਅਜਿਹੀ ਕਿਸੇ ਵੀ ਪ੍ਰਾਪਰਟੀ ਬਾਰੇ ਜਾਣਕਾਰੀ ਪ੍ਰਾਪਤ ਹੋਈ ਤਾਂ ਉਸ ਨੂੰ ਤੁਰੰਤ ਫ੍ਰੀਜ਼ ਕਰਵਾਇਆ ਜਾਵੇਗਾ।

# ✶ ਮਿੰਨੀ ਕਹਾਣੀਆਂ ✶

## ਰਿਸ਼ਤੇ

ਕਈ ਦਿਨ ਤੋਂ ਤਬੀਅਤ ਠੀਕ ਨਹੀਂ। ਬੁਖਾਰ ਰੋਜ਼ ਹੋ ਜਾਂਦਾ। ਸਾਰਾ ਸਰੀਰ ਟੁੱਟਾ ਜਿਹਾ ਮਹਿਸੂਸ ਹੁੰਦਾ। ਇੱਕ ਗੋਲੀ ਸੁਸੋ ਖਾ ਕੇ ਕੰਮ ਲੱਗ ਜਾਂਦੀ। ਰੋਟੀ ਬਾਹਰੋਂ ਮੰਗਵਾਉਣਾ ਘਰ ਵਿੱਚ ਕਿਸੇ ਨੂੰ ਵੀ ਪਸੰਦ ਨਹੀਂ। ਰਸੋਈ ਸਾਫ ਕੀਤੇ ਬਿਨਾਂ ਸੌਣ ਦੀ ਆਦਤ ਨਹੀਂ। ਸਵੇਰੇ ਝੂਠੇ ਭਾਂਡੇ ਆਪਣੇ ਹੀ ਮੱਥੇ ਲੱਗਣੇ ਹੁੰਦੇ। ਘਰ ਵਿਚ ਕੋਈ ਨੇ ਪੁੱਛਦਾ ਕਿ ਅੱਜ ਠੀਕ ਨਹੀਂ ਲੱਗਦੀ, ਸਿਹਤ ਢਿੱਲੀ ਹੈ ਤਾਂ ਆਰਾਮ ਕਰ ਲੈ। ਕਿਸੇ ਤੇ ਗਿਲਾ ਵੀ ਕੋਈ ਨਹੀਂ। ਬੱਚਿਆਂ ਨੂੰ ਆਪਣਾ ਹਰ ਕੰਮ ਸਮੇਂ ਤੇ ਚਾਹੀਦਾ ਤੇ ਓਹਨਾਂ ਦੇ ਪਿਤਾ ਨੂੰ ਤਾਂ ਆਪਣੇ ਕੰਮ ਦੇ ਨਾਲ ਨਾਲ ਹੋਰ ਵੀ ਬਹੁਤ ਕੁਝ ਆਪਣੀ ਮਰਜ਼ੀ ਮੁਤਾਬਿਕ ਚਾਹੀਦਾ। ਮੇਰੀ ਬਿਮਾਰੀ ਕੋਈ ਮਾਅਨੇ ਨਹੀਂ ਰੱਖਦੀ ਬਸ ਥੱਕ ਟੁੱਟ ਕੇ ਬਿਸਤਰੇ ਤੇ ਡਿੱਗਦੀ ਨੂੰ ਮਾਂ ਯਾਦ ਆਉਂਦੀ। ਸੌਂਫ ਤੇ ਜਵੈਣ ਵਾਲੀ ਮਾਂ ਦੇ ਹੱਥ ਦੀ ਚਾਹ ਪੀਣ ਨੂੰ ਬੜਾ ਦਿਲ ਕਰਦਾ। ਸਵੇਰੇ ਫਿਰ ਕੰਮ ਮੁਕਾ ਕੇ ਕਾਹਲੀ ਕਾਹਲੀ ਤਿਆਰ ਹੋ ਦਫ਼ਤਰ ਵੱਲ ਤੁਰ ਪੈਂਦੀ। ਸਹਿਕਰਮੀ ਵੀ ਪਰਿਵਾਰ ਹੀ ਬਣ ਜਾਂਦੇ। ਅੱਜ ਦੋ ਦਿਨ ਦੀ ਛੁੱਟੀ ਬਾਦ ਦਫ਼ਤਰ ਲੱਗਾ ਸੀ। ਸਵੇਰੇ ਚਿਹਰਾ ਵੇਖ ਹੀ ਸਭ ਨੇ ਵਾਰੀ ਵਾਰੀ ਹਾਲ ਪੁੱਛਿਆ। ਕਿਸੇ ਨੇ ਆਰਾਮ ਕਰਨ ਦੀ ਸਲਾਹ ਦਿੱਤੀ ਤੇ ਕੋਈ ਕਹੇ ਚੱਲ ਤੇਰਾ ਟੈਸਟ ਕਰਵਾ ਲਈਏ। ਰੰਜਨਾ ਜੀ ਨੇ ਆਪਣੀ ਚਾਹ ਵਾਲੀ ਕੈਟਲ ਫੜਾ ਕੇ ਕਿਹਾ, “ਕੱਲ ਫੋਨ ਤੇ ਤੇਰੀ ਆਵਾਜ਼ ਸੁਣ ਹੀ ਪਤਾ ਲੱਗ ਗਿਆ ਸੀ ਤੂੰ ਠੀਕ ਨਹੀਂ। ਤੇਰੇ ਲਈ ਸੌਂਫ ਤੇ ਜਵੈਣ ਵਾਲੀ ਚਾਹ ਲਿਆਈ ਹਾਂ। ਪੀ ਲਈ।” ਮੇਰੀਆਂ ਅੱਖਾਂ ਭਰ ਗਈਆਂ। ਮਾਂ ਦੀ ਯਾਦ ਆ ਗਈ। ਕਿਸੇ ਨੇ ਸਾਰਾ ਦਿਨ ਕੋਈ ਕੰਮ ਨਾ ਕਰਨ ਦਿੱਤਾ। ਵੰਡ ਕੇ ਸਭ ਨੇ ਮੇਰਾ ਕੰਮ ਨਬੇੜ ਦਿੱਤਾ। ਦਵਾਈ ਵੀ ਲਿਆ ਦਿੱਤੀ। ਛੁੱਟੀ ਵੇਲੇ ਕਈ ਹਿਦਾਇਤਾਂ ਦਿੱਤੀਆਂ। ਘਰ ਪਹੁੰਚ ਕੇ ਹਲਕਾ ਜਿਹਾ ਮਹਿਸੂਸ ਕੀਤਾ। ਸਾਰੇ ਕੰਮ ਮੁਕਾ ਜਿਵੇਂ ਹੀ ਬੈਡ ਤੇ ਪਈ ਪਤੀ ਨੇ ਕਿਹਾ ਹੈ ਠੀਕ ਨਹੀਂ ਤਾਂ ਛੁੱਟੀ ਲੈ ਲੈਣੀ ਸੀ। ਮੈਂ ਮਨ ਵਿਚ ਸੋਚਿਆ ਦਫ਼ਤਰ ਤਾਂ ਮੇਰੇ ਪੇਕਿਆਂ ਵਰਗਾ, ਜਿੱਥੇ ਜਾ ਕੇ ਸਭ ਦੁੱਖ ਭੁੱਲ ਜਾਂਦੀ। ਛੁੱਟੀ ਲੈ ਸਾਰਾ ਦਿਨ ਕੰਮ ਹੀ ਕਰਨਾ ਤੇ ਬੀਜੀ ਦੀਆਂ ਮਿੱਠੀਆਂ ਫਿੱਕੀਆਂ ਵੀ ਸੁਣਨ ਨਾਲੋਂ ਚੰਗਾ ਮੈਂ ਦਫ਼ਤਰ ਹੀ ਚਲੀ ਜਾਵਾਂ। ਮੈਂ ਜਵਾਬ ਦਿੱਤਾ ਕਿ ਹੁਣ ਮੈਂ ਠੀਕ ਹਾਂ। ਮਨ ਵਿਚ ਸੋਚ ਰਹੀ ਸੀ ਕਿ ਆਪਣੇ ਬਿਗਾਨਿਆਂ ਵਰਗੇ ਤੇ ਬਿਗਾਨੇ ਆਪਣਿਆ ਤੋਂ ਵੀ ਵੱਧ ਹੋ ਜਾਂਦੇ। ਅਪਣੱਤ ਰਿਸ਼ਤਿਆਂ ਦੀ ਮੋਹਤਾਜ ਨਹੀਂ। ਸਹੇਲੀਆਂ, ਦੋਸਤ, ਸਹਿਕਰਮੀ ਅਕਸਰ ਪਰਿਵਾਰ ਤੋਂ ਵੀ ਵੱਧ ਆਪਣੇ ਹੁੰਦੇ ਹਨ। ਪਿਆਰ ਤੇ ਅਪਣੱਤ ਨੂੰ ਰਿਸ਼ਤਿਆਂ ਦੇ ਟੈਗ ਨਹੀਂ ਚਾਹੀਦੇ।

ਹਰਪ੍ਰੀਤ ਕੌਰ

## ਸੇਵਾ ਦਾ ਫ਼ਲ

ਸੰਗੀਤਾ, ਆਹ ਬਾਬਾ ਜੀ ਲਈ ਇੱਕ ਕੱਪ ਚਾਹ ਬਣਾਈਂ। ਪਤੀ ਸੰਜੀਵ ਨੇ ਆਵਾਜ਼ ਮਾਰੀ। ਪਰ ਮੈਂ ਤਾਂ ਦਫ਼ਤਰ ਜਾ ਰਹੀ ਹਾਂ। ਕਿਰਪਾ ਕਰਕੇ ਤੁਸੀਂ ਆਪ ਹੀ ਬਣਾ ਲਓ। ਨਹੀਂ ਤਾਂ ਮੈਨੂੰ ਦੇਰ ਹੋ ਜਾਣੀ ਹੈ। ਸੰਗੀਤਾ ਨੇ ਸਕੂਟਰੀ ਚਾਲੂ ਕਰਦਿਆਂ ਕਿਹਾ।

ਤੇਰਾ ਦਫ਼ਤਰ ਮੇਰੀ ਗੱਲ ਨਾਲੋਂ ਜਿਆਦਾ ਜ਼ਰੂਰੀ ਹੈ! ਸੰਜੀਵ ਨੇ ਗੁੱਸੇ ਨਾਲ ਚਾਹ ਬਣਾਉਣ ਲਈ ਭਾਂਡਾ ਚੁੱਕਦਿਆਂ ਕਿਹਾ।

ਬਾਹਰ ਬੈਠਾ ਬਾਬਾ ਮੰਦ ਮੰਦ ਮੁਸਕਾਇਆ।

ਓ ਹੋ! ਐਵੇਂ ਨਾ ਗੁੱਸਾ ਕਰਿਆ ਕਰੋ। ਤੁਹਾਨੂੰ ਪਤਾ ਕਿ ਮੇਰੇ ਦਫ਼ਤਰ ਵਿੱਚ ਸਖ਼ਤੀ ਬਹੁਤ ਹੈ। ਦੋ ਮਿੰਟ ਦੇਰ ਹੋ ਜਾਵੇ ਤਾਂ ਛੱਤੀ ਗੱਲਾਂ ਸੁਣਨੀਆਂ ਪੈਂਦੀਆਂ ਤੇ ਉੱਤੋਂ ਗੱਲ-ਗੱਲ ਤੇ ਤਨਖ਼ਾਹ ’ਚੋਂ ਕਟੋਤੀ ਕਰ ਲੈਂਦੇ ਹਨ। ਕਹਿ ਕੇ ਸੰਗੀਤਾ ਚਲੀ ਗਈ।

ਅੱਜ ਤੁਸੀਂ ਘਰ ਹੀ ਹੋ? ਗਏ ਨੀਂ ਕੰਮ ਤੇ? ਸ਼ਾਮ ਨੂੰ ਸੰਗੀਤਾ ਆਈ ਤਾਂ ਸੰਜੀਵ ਨੂੰ ਘਰ ਦੇਖ ਕੇ ਪੁੱਛਿਆ, ਪਰ ਉਹਨੇ ਕੋਈ ਜਵਾਬ ਨਾ ਦਿੱਤਾ। ਸੰਗੀਤਾ ਨੇ ਕਈ ਵਾਰ ਬੁਲਾਇਆ ਪਰ ਉਹ ਨਾ ਬੋਲਿਆ। ਸੰਗੀਤਾ ਨੂੰ ਸਵੇਰ ਵਾਲੀ ਗੱਲ ਯਾਦ ਆਈ। ਉਹ ਹੈਰਾਨ ਹੋ ਗਈ ਕਿ ਇੰਨੀ ਛੋਟੀ ਜਿਹੀ ਗੱਲ ਦਾ ਉਹਨੇ ਐਡਾ ਗੁੱਸਾ ਕੀਤਾ ਹੋਇਆ। ਖ਼ੈਰ ਉਹ ਉੱਠ ਕੇ ਰਸੋਈ ਵਿੱਚ ਸਬਜ਼ੀ ਬਣਾਉਣ ਲੱਗ ਪਈ। ਸਬਜ਼ੀ ਬਣਾ ਕੇ ਓਹਨੇ ਚਾਹ ਬਣਾਈ ਤੇ ਲੈ ਕੇ ਅੰਦਰ ਸੰਜੀਵ ਕੋਲ੍ਹ ਆ ਬੈਠੀ। ਚਾਹ ਪੀ ਲਓ, ਓਹਨੇ ਕੱਪ ਸੰਜੀਵ ਵੱਲ ਵਧਾਇਆ। ਪਰ ਓਹਨੇ ਫੜਿਆ ਨਾ ਤੇ ਗੁੱਸੇ ਵਿੱਚ ਮੂੰਹ ਘੁੰਮਾ ਲਿਆ।

ਜਦੋਂ ਸੰਗੀਤਾ ਨੇ ਦੁਬਾਰਾ ਕਿਹਾ ਤਾਂ ਉਹ ਭੜਕ ਕੇ ਬੋਲਿਆ, ਸਵੇਰੇ ਤਾਂ ਚਾਹ ਬਣਾ ਨਹੀਂ ਹੋਈ ਤੈਥੋਂ। ਹੁਣ ਵੀ ਰਹਿਣ ਦਿੰਦੀ..........! ਹੂੰਅ......! ਮੇਰਾ ਕੰਮ ਮੰਦਾ ਚੱਲਦਾ ਤੇ ਮੈਨੂੰ ਕਿਸੇ ਪੰਡਿਤ ਨੇ ਕਿਹਾ ਕਿ ਗਰੀਬ-ਗੁਰਬੇ ਦੀ ਸੇਵਾ ਕਰਿਆ ਕਰ। ਏਸੇ ਲਈ ਉਸ ਬਾਬੇ ਨੂੰ ਚਾਹ ਪੀਣ ਲਈ ਬਿਠਾਇਆ ਸੀ। ਸੰਜੀਵ ਨੇ ਗੁੱਸੇ ਵਿੱਚ ਹੀ ਭੇਦ ਖੋਲਿਆ।

ਸੰਗੀਤਾ ਹਲਕਾ ਜਿਹਾ ਮੁਸਕਰਾਈ ਤੇ ਬੋਲੀ ਸੇਵਾ ਕਰਨੀ ਤਾਂ ਬਹੁਤ ਚੰਗੀ ਗੱਲ ਹੈ। ਪਰ ਇਸ ਤਰ੍ਹਾਂ ਦੀ ਸੇਵਾ ਆਪ ਕਰੀਦੀ ਹੈ। ਤੇ ਦੂਜੀ ਗੱਲ ਸੇਵਾ ਲਾਲਚ ਤੇ ਇੱਛਾ-ਮੁਕਤ ਹੋ ਕੇ ਕਰਨੀ ਚਾਹੀਦੀ ਹੈ। ਤੇ ਨਾਲ਼ੇ ਸੇਵਾ ਪਿੱਛੇ ਘਰ ਵਿੱਚ ਕਲੇਸ਼ ਵੀ ਨਹੀਂ ਪਾਉਣਾ ਚਾਹੀਦਾ। ਤੁਹਾਨੂੰ ਪਤਾ ਕਿ ਮੇਰੇ ਕੋਲ ਉਸ ਵਕਤ ਸਮਾਂ ਨਹੀਂ ਸੀ। ਜੇਕਰ ਤੁਸੀਂ ਚਾਹ ਬਣਾ ਕੇ ਪਿਲਾ ਦਿੱਤੀ ਤਾਂ ਕੀ ਹੋ ਗਿਆ? ਹਰ ਵੇਲ਼ੇ ਔਰਤ ਦੀ ਮਜ਼ਬੂਰੀ ਨੂੰ ਮਰਦ ਦੀ ਮਰਦਾਨਗੀ ਦਾ ਸਵਾਲ ਨਹੀਂ ਬਣਾ ਲਈਦਾ।

ਕਹਿ ਕੇ ਸੰਗੀਤਾ ਖ਼ਾਲੀ ਕੱਪ ਚੁੱਕ ਕੇ ਰਸੋਈ ਵੱਲ ਤੁਰ ਗਈ ਤੇ ਸੰਜੀਵ ਵੀ ਉਹਦੇ ਮਗਰ-ਮਗਰ ਮਦਦ ਕਰਨ ਲਈ ਚੱਲ ਪਿਆ। ਉਹਦੀ ਮਰਦਾਂਨਗੀ ਹੁਣ ਕੁੱਝ ਢਿੱਲੀ ਜੋ ਪੈ ਗਈ ਸੀ।

-ਮਨਜੀਤ ਕੌਰ

ਹਾਸ ਵਿਅੰਗ

ਦਵਿੰਦਰ ਸਿੰਘ ਗਿੱਲ

# ਖ਼ਤਰੇ 'ਚ ਖੋਤਾ



ਖੋਤੇ ਨਾਲ ਮਨੁੱਖ ਦੀ ਯਾਰੀ ਪੰਜ ਹਜ਼ਾਰ ਸਾਲ ਪੁਰਾਣੀ ਹੈ। ਗ਼ਰੀਬ ਮੁਲਕਾਂ ਵਿਚ ਖੋਤੇ ਦੀ ਔਸਤ ਉਮਰ ਬਾਰਾਂ ਤੋਂ ਲੈ ਕੇ ਪੰਦਰ੍ਹਾਂ ਸਾਲ ਤੱਕ ਹੁੰਦੀ ਹੈ ਜਦੋਂਕਿ ਅਮੀਰ ਮੁਲਕਾਂ ਵਿਚ ਇਹ ਤੀਹ ਤੋਂ ਪੰਜਾਹ ਸਾਲ ਵੀ ਹੋ ਸਕਦੀ ਹੈ। 'ਸਪੈਸ਼ਲ ਦਿਮਾਗ਼' ਵਾਲੇ ਬੰਦਿਆਂ ਨੂੰ ਆਮ ਤੌਰ 'ਤੇ ਖੋਤਾ ਕਿਹਾ ਜਾਂਦਾ ਹੈ ਜਦੋਂਕਿ ਅਜਿਹੇ ਬੰਦੇ ਕਿਸੇ ਵੀ ਸੰਸਥਾ ਦੀ ਜਿੰਦ ਜਾਨ ਹੁੰਦੇ ਹਨ। ਸੰਸਥਾ ਵਿਚ ਹੋਣ ਵਾਲੇ ਕੁੱਲ ਮਾੜੇ ਕੰਮ ਇਨ੍ਹਾਂ ਦੇ ਸਿਰ ਮੜ੍ਹੇ ਜਾਂਦੇ ਹਨ। ਹੁਣ ਤੁਸੀਂ ਆਪ ਸੋਚੋ ਕਿ ਜੇ ਇਹ ਬੰਦੇ ਨਾ ਹੋਣ ਤਾਂ ਕਿਸੇ ਸੰਸਥਾ ਦਾ ਕੀ ਬਣੇ ?

ਬੰਦੇ ਦੇ ਬੰਦਾ ਬਣਨ ਵਿਚ ਖੋਤੇ ਦਾ ਬਹੁਤ ਵੱਡਾ ਯੋਗਦਾਨ ਹੈ। ਬੰਦਿਆਂ ਵਿਚੋਂ ਕੋਲੰਬਸ ਤੇ ਜਾਨਵਰਾਂ ਵਿਚੋਂ ਖੋਤਾ, ਅਮਰੀਕਾ ਪਹੁੰਚਣ ਵਾਲੇ ਪਹਿਲੇ ਜੀਵ ਸਨ। ਖੋਤੇ ਦੀ ਯੋਗਤਾ ਨੂੰ ਸ਼ਾਇਦ ਸਭ ਤੋਂ ਪਹਿਲਾਂ ਕੋਲੰਬਸ ਨੇ ਹੀ ਪਛਾਣਿਆ। ਕੋਲੰਬਸ ਸਮਝ ਗਿਆ ਸੀ ਕਿ ਅਮਰੀਕਾ ਨੂੰ ਲੱਭ ਤਾਂ ਮੈਂ ਲਿਆ ਹੈ ਪਰ ਇਸ ਨੂੰ ਚਲਾਉਣ ਲਈ ਖੋਤਿਆਂ ਦੀ ਬਹੁਤ ਲੋੜ ਹੈ।

ਆਪਣੀ ਦੂਜੀ ਫੇਰੀ ਵਿਚ ਕੋਲੰਬਸ ਖੋਤੇ ਨੂੰ ਜਹਾਜ਼ (ਸਮੁੰਦਰੀ ਜਹਾਜ਼) 'ਤੇ ਨਾਲ ਲੈ ਕੇ ਗਿਆ ਸੀ। ਅਮਰੀਕੀ ਲੋਕ ਖੋਤੇ ਨੂੰ ਬਹੁਤ ਪਿਆਰ ਕਰਦੇ ਹਨ। ਅੰਗਰੇਜ਼ਾਂ ਨੇ ਖੋਤੇ ਨੂੰ ਜੈਕ ਅਤੇ ਖੋਤੀ ਨੂੰ ਜੈਨੀ ਵਰਗੇ ਸੋਹਣੇ ਸੋਹਣੇ ਨਾਮ ਦਿੱਤੇ ਹਨ। ਸਾਨੂੰ ਪਤਾ ਨਹੀਂ ਕਿਸ ਸਾਜ਼ਿਸ਼ ਅਧੀਨ ਇਹ ਪੜ੍ਹਾਇਆ ਜਾ ਰਿਹਾ ਹੈ ਕਿ ਖੋਤੇ ਨੂੰ ਅੰਗਰੇਜ਼ੀ ਵਿਚ 'ਐਸ' ਕਹਿੰਦੇ ਹਨ।

ਸੱਭਿਆਚਾਰ ਅਤੇ ਮਨੁੱਖੀ ਇਤਿਹਾਸ ਵਿਚ ਜਿੰਨੀ ਸ਼ੋਹਰਤ ਕੁੱਤੇ ਅਤੇ ਹੋਰ ਜਾਨਵਰਾਂ ਨੂੰ ਮਿਲੀ ਹੈ, ਓਨੀ ਖੋਤੇ ਨੂੰ ਨਹੀਂ ਮਿਲੀ। ਹੋਰ ਤਾਂ ਹੋਰ, ਅਸੀਂ ਤਾਂ ਸੋਹਣੀ ਮਹੀਂਵਾਲ ਦੀ ਪ੍ਰੇਮ ਕਹਾਣੀ ਵਿਚ ਖੋਤੇ ਦੀ ਭੂਮਿਕਾ ਵੀ ਹਾਲੇ ਤੱਕ ਨਿਸ਼ਚਿਤ ਨਹੀਂ ਕਰ ਸਕੇ ਜਦੋਂਕਿ ਸੋਹਣੀ ਦਾ ਸਾਰਾ ਬਿਜ਼ਨਸ ਨਿਰਭਰ ਹੀ ਖੋਤੇ 'ਤੇ ਕਰਦਾ ਸੀ। ਖੋਤਾ ਸੋਹਣੀ ਮਹੀਂਵਾਲ ਦੀਆਂ ਕਿੰਨੀਆਂ ਹੀ ਮੁਲਾਕਾਤਾਂ ਦਾ ਗਵਾਹ ਰਿਹਾ ਹੋਵੇਗਾ। ਸੋਭਾ ਸਿੰਘ ਜੀ ਵੀ ਸੋਹਣੀ-ਮਹੀਂਵਾਲ ਦਾ ਚਿੱਤਰ ਬਣਾਉਣ ਸਮੇਂ ਪਤਾ ਨਹੀਂ ਕਿਉਂ ਖੋਤੇ ਨੂੰ ਵਿਚ ਵਿਖਾਉਣਾ ਹੀ ਭੁੱਲ ਗਏ। ਪੰਜਾਬੀ ਦੇ ਵਿਦਵਾਨ ਮਿਰਜ਼ੇ ਦੀ ਘੋੜੀ ਬੱਕੀ ਬਾਰੇ ਤਾਂ ਬਹੁਤ ਕੁਝ ਲਿਖ ਗਏ ਪਰ ਸੋਹਣੀ ਦੇ ਖੋਤੇ ਬਾਰੇ ਕਿਸੇ ਨੇ ਹਾਲੇ ਤੱਕ ਦੋ ਅੱਖਰ ਨਹੀਂ ਲਿਖੇ। ਇਹ ਵਿਦਵਾਨਾਂ ਵੱਲੋਂ ਖੋਤੇ-ਘੋੜੇ ਵਿਚ ਵਿਤਕਰੇ ਦੀ ਸਪਸ਼ਟ ਉਦਾਹਰਣ ਹੈ। 'ਸੋਹਣੀ-ਮਹੀਂਵਾਲ ਦੀ ਪ੍ਰੇਮ ਕਹਾਣੀ ਵਿਚ ਖੋਤੇ ਦਾ ਸਥਾਨ' ਵਿਸ਼ੇ 'ਤੇ ਘੱਟੋ ਘੱਟ ਇਕ ਪੀਐੱਚ.ਡੀ. ਤਾਂ ਬਨਦੀ ਹੈ। ਸੋਹਣੀ ਨੂੰ ਭੁੱਖ ਲੱਗਣ 'ਤੇ ਮਹੀਂਵਾਲ ਵੱਲੋਂ ਆਪਣੇ ਪੱਟ ਦਾ ਮਾਸ ਭੁੰਨ ਕੇ ਖਵਾ ਦੇਣ ਵਾਲੀ ਸਕੀਮ ਲਾਜ਼ਮੀ ਤੌਰ 'ਤੇ ਕਿਸੇ ਖੋਤੇ ਨੇ ਹੀ ਦਿੱਤੀ ਹੋਵੇਗੀ। ਘੜੇ ਦੀ ਅਸਲੀਅਤ ਜਾਣਦਿਆਂ ਵੀ ਜੇ ਸੋਹਣੀ ਦਰਿਆ ਵਿਚ ਠਿੱਲ ਪਈ ਸੀ ਤਾਂ ਸਿੱਧ ਹੁੰਦਾ ਹੈ ਕਿ ਉਹ ਵੀ ਖੋਤੇ ਤੋਂ ਕਾਫ਼ੀ ਪ੍ਰਭਾਵਿਤ ਸੀ। ਹੁਣ ਜੇ ਸੋਹਣੀ ਮਹੀਂਵਾਲ ਖੋਤੇ ਤੋਂ ਪ੍ਰਭਾਵਿਤ ਸਨ ਤਾਂ ਇਸ ਵਿਚ ਖੋਤੇ ਦਾ ਕੀ ਕਸੂਰ ?

ਖੋਤੇ ਦੀ ਸਾਡੇ ਗੁਆਂਢੀ ਮੁਲਕ ਵਿਚ ਬਹੁਤ ਚੜ੍ਹਾਈ ਹੈ। ਪਿੱਛੇ ਜਿਹੇ ਪਾਕਿਸਤਾਨ ਨੇ ਖੋਤਿਆਂ ਦੇ ਵਿਕਾਸ ਲਈ ਚੀਨ ਨਾਲ ਕਰੋੜਾਂ ਰੁਪਏ ਦਾ ਸਮਝੌਤਾ ਕੀਤਾ ਹੈ। ਚੀਨ ਇਹ ਪੈਸਾ ਪਾਕਿਸਤਾਨ ਨੂੰ ਖੋਤਿਆਂ ਦੀ ਭਲਾਈ ਲਈ ਦੇਵੇਗਾ। ਪਾਲ ਪੋਸ ਕੇ ਜਵਾਨ ਖੋਤੇ ਚੀਨ ਨੂੰ ਦਿੱਤੇ ਜਾਣਗੇ। ਦਰਅਸਲ, ਖੋਤੇ ਦੀ ਚਮੜੀ ਵਿਚੋਂ ਜਿਲੇਟਿਨ ਨਾਮ ਦਾ ਤੱਤ ਮਿਲਦਾ ਹੈ ਜੋ ਚੀਨ ਵਿਚ ਕੁਝ ਜਾਨ ਬਚਾਊ ਦਵਾਈਆਂ ਵਿਚ ਵਰਤਿਆ ਜਾਂਦਾ ਹੈ। ਚੀਨੀ ਵੈਦ ਕਹਿੰਦੇ ਹਨ ਕਿ ਇਹ ਮਰਦਾਨਾ ਤਾਕਤ ਵਧਾਉਣ ਵਾਲੀਆਂ ਦਵਾਈਆਂ ਵਿਚ ਵੀ ਵਰਤਿਆ ਜਾਂਦਾ ਹੈ। ਸਾਡੇ ਇੱਥੇ ਕਹਿੰਦੇ ਹਨ ਕਿ ਫਲਾਣੀ ਦਵਾਈ ਨਾਲ ਘੋੜੇ ਵਰਗੀ ਤਾਕਤ ਪਾਓ, ਚੀਨ ਵਾਲੇ ਕਹਿੰਦੇ ਹਨ ਖੋਤੇ ਵਰਗੀ ਤਾਕਤ ਪਾਓ।

ਹੁਣ ਪਾਕਿਸਤਾਨੀ ਖੋਤਿਆਂ ਦੀ ਭਲਾਈ ਲਈ ਚੀਨ ਵੱਲੋਂ ਕਰੋੜਾਂ ਦਿੱਤੇ ਜਾਣ ਕਾਰਨ ਸਾਡੇ ਮੁਲਕ ਦੇ ਖੋਤਿਆਂ ਦਾ ਗੁੱਸਾ ਕਰਨਾ ਸੁਭਾਵਿਕ ਹੈ। ਸਾਡੇ ਦੇਸੀ ਖੋਤਿਆਂ ਦਾ ਰੋਸ ਆਸਮਾਨ ਛੂਹ ਰਿਹਾ ਹੈ। ਖੋਤਿਆਂ ਦਾ ਦੋਸ਼ ਹੈ ਕਿ ਦੋਵੇਂ ਦੇਸ਼ ਰਲ ਕੇ ਅੱਗੇ ਤਾਂ ਸਾਡੇ ਇਨਸਾਨਾਂ ਨੂੰ ਹੀ ਤੰਗ ਕਰਦੇ ਸਨ, ਹੁਣ ਸਾਨੂੰ ਖੋਤਿਆਂ ਨੂੰ ਵੀ ਵਿੱਚੇ ਘੜੀਸ ਲਿਆ ਹੈ।

ਇਕ ਖੋਤਾ ਕਾਫ਼ੀ ਸਮਾਂ ਇਕ ਪ੍ਰਾਈਵੇਟ ਨਿਊਜ਼ ਚੈਨਲ ਦਾ ਸਾਮਾਨ ਢੋਣ ਦਾ ਕੰਮ ਕਰਦਾ ਰਿਹਾ ਹੈ। ਉਸ ਨੇ ਭਰੋਸੇਯੋਗ ਸੂਤਰਾਂ ਤੋਂ ਪਤਾ ਲਾਇਆ ਹੈ ਕਿ ਪਾਕਿਸਤਾਨ ਵੱਲੋਂ ਚੀਨ ਨੂੰ ਸਪਲਾਈ ਕੀਤੇ ਜਾਂਦੇ ਖੋਤਿਆਂ ਨਾਲ ਚੀਨ ਗ਼ੈਰ-ਜਾਨਵਰਾਂ ਵਾਲਾ ਵਿਹਾਰ ਕਰਦਾ ਹੈ। ਉਸ ਨੇ ਪਤਾ ਲਾਇਆ ਹੈ ਕਿ ਖੋਤਿਆਂ ਤੋਂ ਜਿਲੇਟਿਨ ਪ੍ਰਾਪਤ ਕਰਨ ਲਈ ਉਨ੍ਹਾਂ ਨੂੰ ਕੋਹ ਕੋਹ ਕੇ ਮਾਰਿਆ ਜਾਂਦਾ ਹੈ। ਖੋਤਿਆਂ ਨੇ ਪੂਰੀ ਰਿਪੋਰਟ ਅਮਰੀਕਾ ਦੇ ਖੋਤਿਆਂ ਨੂੰ ਈ-ਮੇਲ ਕਰ ਦਿੱਤੀ ਹੈ ਤਾਂ ਜੋ ਸਮੇਂ ਸਿਰ ਚੀਨ 'ਤੇ ਢੁਕਵੀਂ ਕਾਰਵਾਈ ਕੀਤੀ ਜਾ ਸਕੇ।

ਖੋਤਿਆਂ ਨਾਲ ਮੁੱਢ ਕਦੀਮ ਤੋਂ ਧੱਕਾ ਹੁੰਦਾ ਆਇਆ ਹੈ। ਖੋਤੇ ਦੀ ਸੰਸਾਰ ਜੰਗ ਵਿਚ ਭੂਮਿਕਾ ਵੀ ਹਾਲੇ ਤੱਕ ਲੋਕਾਂ ਸਾਹਮਣੇ ਉਵੇਂ ਨਹੀਂ ਆਈ ਜਿਵੇਂ ਆਉਣੀ ਚਾਹੀਦੀ ਸੀ। ਖੋਤਾ ਅਸਲਾ ਢੋਣ ਦੇ ਨਾਲ ਨਾਲ ਜ਼ਖ਼ਮੀ ਸਿਪਾਹੀਆਂ ਨੂੰ ਸੁਰੱਖਿਅਤ ਥਾਵਾਂ 'ਤੇ ਲੈ ਜਾਣ ਲਈ ਵਰ੍ਹਦੀਆਂ ਗੋਲੀਆਂ ਵਿਚ ਭੂਮਿਕਾ ਨਿਭਾਉਂਦਾ ਰਿਹਾ ਹੈ। ਅਮਰੀਕਾ ਵੱਲੋਂ ਅਫ਼ਗਾਨਿਸਤਾਨ 'ਤੇ ਹਮਲੇ ਵੇਲੇ ਵੀ ਖੋਤੇ ਰਸਦ ਅਤੇ ਅਸਲਾ ਪੁਚਾਉਂਦੇ ਰਹੇ। ਪਤਾ ਨਹੀਂ ਕਿਉਂ ਹਾਲੇ ਤੱਕ ਕਿਸੇ ਬੌਲੀਵੁੱਡ ਡਾਇਰੈਕਟਰ ਨੇ ਕਿਸੇ ਖੋਤੇ ਦੀ ਬਹਾਦਰੀ 'ਤੇ ਫਿਲਮ ਨਹੀਂ ਬਣਾਈ ?

ਖੋਤਾ ਵੀਹ ਸਕਿੰਟ ਤੱਕ ਦੀ ਲੰਮੀ ਸੁਰੀਲੀ ਹੇਕ ਲਾ ਸਕਦਾ ਹੈ। ਬਹੁਤੇ ਪੰਜਾਬੀ ਗਾਇਕ ਜ਼ੋਰ ਲਾ ਕੇ ਵੀ ਹੇਕ ਦੇ ਮਾਮਲੇ ਵਿਚ ਖੋਤੇ ਦੇ ਨੇੜੇ ਤੇੜੇ ਨਹੀਂ ਢੁੱਕਦੇ। ਖੋਤੇ ਇਕ ਦੂਜੇ ਦੀ ਆਵਾਜ਼ ਤਿੰਨ ਕਿਲੋਮੀਟਰ ਤੋਂ ਸੁਣ ਸਕਦੇ ਹਨ। ਇਸ ਕਾਰਨ ਉਨ੍ਹਾਂ ਦਾ ਆਪਸੀ ਸੰਚਾਰ ਬੜਾ ਕਮਾਲ ਦਾ ਹੈ। ਉਹ ਕਦੇ ਵੀ ਉੱਚੀ ਆਵਾਜ਼ ਵਿਚ ਇਕ ਦੂਜੇ ਦੀਆਂ ਚੁਗਲੀਆਂ ਨਹੀਂ ਕਰਦੇ। ਧਿਆਨ ਨਾਲ ਵੇਖਿ , ਖੋਤਾ-ਖੋਤੀ ਇਨਸਾਨਾਂ ਵਾਂਗ ਚੀਕ ਚੀਕ ਕੇ ਕਦੇ ਨਹੀਂ ਲੜਦੇ। ਖੋਤੇ ਦੀ ਦੁਲੱਤੀ ਸੰਸਾਰ ਪ੍ਰਸਿੱਧ ਹੈ। ਸਿਰਫ਼ ਖੋਤਾ ਹੀ ਅਜਿਹਾ ਜੀਵ ਹੈ ਜੋ ਤੁਰੇ ਆਉਂਦੇ ਰੇਲ ਇੰਜਣ ਨੂੰ ਵੀ ਦੁਲੱਤੀ ਮਾਰ ਦਿੰਦਾ ਹੈ। ਇਸ ਕੰਮ ਵਿਚ ਭਾਵੇਂ ਉਸ ਨੂੰ ਆਪਣੀ ਜਾਨ ਤੋਂ ਹੱਥ ਹੀ ਕਿਉਂ ਨਾ ਧੋਣੇ ਪੈਣ।

ਦੁਨੀਆ ਦੇ ਜ਼ਿਆਦਾਤਰ ਦੇਸ਼ਾਂ ਵਿਚ ਖੋਤਿਆਂ ਦੀ ਗਿਣਤੀ ਲਗਾਤਾਰ ਘਟ ਰਹੀ ਹੈ। ਯੂਰਪ ਵਿਚ ਹੀ ਪਿਛਲੇ ਅੱਸੀ ਸਾਲਾਂ ਵਿਚ ਇਨ੍ਹਾਂ ਦੀ ਗਿਣਤੀ ਤੀਹ ਲੱਖ ਤੋਂ ਘਟ ਕੇ ਦਸ ਲੱਖ ਰਹਿ ਗਈ ਹੈ। ਹੁਣ ਚਿੰਤਾ ਵਾਲੀ ਗੱਲ ਇਹ ਹੈ ਕਿ ਖੋਤਾ 'ਲੋਪ ਹੋਣ ਕੰਢੇ' ਚਲੇ ਜਾਣ ਵਾਲੇ ਪ੍ਰਾਣੀਆਂ ਵਾਲੀ ਸੂਚੀ ਵਿਚ ਸ਼ੁਮਾਰ ਹੋਣ ਵਾਲਾ ਹੈ। ਤਾਜ਼ਾ ਅੰਕੜਿਆਂ ਮੁਤਾਬਿਕ ਪੰਜਾਬ ਵਿਚ ਚਾਰ ਕੁ ਸੌ ਖੋਤੇ ਹੀ ਬਚੇ ਹਨ।

ਵੈਸੇ ਲੱਗਦਾ ਹੈ ਕਿ ਇਹ ਸਰਵੇਖਣ ਕਰਨ ਵਾਲਿਆਂ ਨੇ ਸਾਵਧਾਨੀ ਤੋਂ ਕੰਮ ਨਹੀਂ ਲਿਆ। ਜਿਸ ਤਰ੍ਹਾਂ ਦੇ ਹਾਲਾਤ ਚੱਲ ਰਹੇ ਹਨ, ਲੱਗਦਾ ਨਹੀਂ ਕਿ ਇੱਥੇ ਸਿਰਫ਼ ਚਾਰ ਸੌ ਖੋਤੇ ਹੀ ਬਚੇ ਹਨ। ਖੋਤਿਆਂ ਦੀ ਗਿਣਤੀ ਚਾਰ ਸੌ ਤੋਂ ਕਿਤੇ ਵਧੀਕ ਹੋਣ ਦੀ ਸੰਭਾਵਨਾ ਹੈ।

ਸਰਵੇਖਣ ਵਾਲਿਆਂ ਸ਼ਾਇਦ ਸਾਡੇ ਅੰਦਰ ਵਸੇ ਖੋਤੇ ਨੂੰ ਨਜ਼ਰਅੰਦਾਜ਼ ਕਰ ਦਿੱਤਾ ਹੈ। ਟਰੈਫਿਕ ਦੇ ਨਿਯਮ ਤੋੜਨੇ, ਫਾਟਕਾਂ 'ਤੇ ਆਹਮੋ ਸਾਹਮਣੇ ਲਾਈਨਾਂ ਬਣਾ ਲੈਣੀਆਂ, ਹਰ ਬਣਦੇ ਕੰਮ ਵਿਚ ਜਾ ਫਾਨਾ ਠੋਕਣਾ ਆਦਿ ਗੁਣ ਮਨੁੱਖ ਨੇ ਖੋਤੇ ਤੋਂ ਹੀ ਗ੍ਰਹਿਣ ਕੀਤੇ ਜਾਪਦੇ ਹਨ। ਹਰ ਮਨੁੱਖ ਅੰਦਰ ਇਕ ਖੋਤੇ ਦਾ ਵਾਸ ਹੈ, ਇਹ ਗੱਲ ਖੋਤਾ ਤਾਂ ਮੰਨਦਾ ਹੈ ਪਰ ਮਨੁੱਖ ਮੰਨ ਕੇ ਰਾਜ਼ੀ ਨਹੀਂ। ਹਾਲਾਂਕਿ ਸੰਸਾਰ ਦੇ ਬਹੁਗਿਣਤੀ ਬੁੱਧੀਜੀਵੀ ਇਸ ਸਿਧਾਂਤ ਨਾਲ ਸਹਿਮਤ ਹਨ ਕਿ ਵਿਆਹਿਆ ਮਨੁੱਖ, ਖ਼ਾਸਕਰ ਮਰਦ ਖੋਤੇ ਦੀ ਜੂਨ ਹੀ ਹੰਢਾਉਂਦਾ ਹੈ। ਖ਼ੈਰ ਜੋ ਵੀ ਹੈ, ਆਓ ਵਾਅਦਾ ਕਰੀਏ ਕਿ ਕੱਲ੍ਹ ਨੂੰ ਜੇ ਖੋਤਾ ਸਰੀਰਕ ਤੌਰ 'ਤੇ ਸਾਡੇ ਵਿਚ ਨਾ ਵੀ ਰਿਹਾ ਤਾਂ ਵੀ ਅਸੀਂ ਆਪਣੇ ਅੰਦਰਲੇ ਖੋਤੇ ਨੂੰ ਮਰਨ ਨਹੀਂ ਦਿਆਂਗੇ। ਤੇ ਇਹ ਮਰੇਗਾ ਵੀ ਨਹੀਂ। ਜਦੋਂ ਹੀ ਕਦੇ ਖੋਤਾ ਸਵਰਗਾਂ ਵਿਚੋਂ ਫਾਟਕਾਂ 'ਤੇ ਬਣਾਈਆਂ ਸਾਡੀਆਂ ਲਾਈਨਾਂ ਵੇਖੇਗਾ, ਜਾਂ ਹੋਰ ਮਹਾਨ ਕੰਮ ਵੇਖੇਗਾ ਜਿਹੜੇ ਸਿਰਫ਼ ਅਸੀਂ ਹੀ ਕਰ ਸਕਦੇ ਹਾਂ ਤਾਂ ਉਹ ਲਾਜ਼ਮੀ ਤੌਰ 'ਤੇ ਖ਼ੁਸ਼ ਹੋਵੇਗਾ।

## ★ ਖਿੜ ਖਿੜ ਹੱਸੋ ★

ਨਿਸ਼ੂ, "ਪਾਪਾ ਮਾਡਰਨ ਆਰਟ ਦੀਆਂ ਫੋਟੋਆਂ ਦੇ ਥੱਲੇ ਪੇਂਟਰ ਆਪਣੇ ਸਾਈਨ ਕਿਉਂ ਕਰਦਾ ਹੈ ?"

ਪਾਪਾ, "ਇਸ ਲਈ ਕਿ ਇਹ ਪਤਾ ਲੱਗ ਸਕੇ ਕਿ ਫੋਟੋ ਸਿੱਧੀ ਕਿਸ ਪਾਸਿਓਂ ਹੈ।"

* * *

ਇੱਕ ਵਾਰ ਇਕ ਜੱਟ ਦੀ ਮੱਝ ਗੁੰਮ ਹੋ ਜਾਂਦੀ ਹੈ ਤਾਂ ਉਹ ਮੱਝ ਲੱਭਦਾ ਹੁੰਦਾ ਹੈ। ਉਸ ਨੂੰ ਸਾਹਮਣੇ ਇੱਕ ਅੰਗਰੇਜ਼ ਦਿਖਾਈ ਦਿੰਦਾ ਹੈ ਤਾਂ ਜੱਟ ਉਸ ਨੂੰ ਪੁੱਛਦਾ ਹੈ ਕਿ ਤੂੰ ਮੇਰੀ ਮੱਝ ਤਾਂ ਨਹੀਂ ਦੇਖੀ ? ਅੰਗਰੇਜ਼ ਬੋਲਿਆ, 'ਆਈ ਸੀ !' ਤਾਂ ਜੱਟ ਨੇ ਕਿਹਾ 'ਜੇ ਆਈ ਸੀ ਤਾਂ ਫੜੀ ਕਿਉਂ ਨਹੀਂ ?'

* * *

ਸਾਵਿੱਤਰੀ, "ਮੇਰੇ ਪਤੀ ਮੇਰਾ ਬਹੁਤ ਕਹਿਣਾ ਮੰਨਦੇ ਹਨ, ਕਦੇ ਬਹਿਸ ਨਹੀਂ ਕਰਦੇ।"

ਸ਼ੀਲਾ, "ਪਰ ਕੱਲ੍ਹ ਤਾਂ ਤੇਰਾ ਪਤੀ ਤੇਰੇ ਨਾਲ ਜ਼ੋਰਦਾਰ ਬਹਿਸ ਕਰ ਰਿਹਾ ਸੀ ਤੇ ਕਹਿ ਰਿਹਾ ਸੀ ਕਿ ਤੇਰੀ ਇਹ ਗੱਲ ਉਸ ਨੂੰ ਪਸੰਦ ਨਹੀਂ।"

ਸਾਵਿੱਤਰੀ, "ਅਸਲ ਵਿੱਚ ਮੈਂ ਉਨ੍ਹਾਂ ਨੂੰ ਕਿਹਾ ਸੀ ਕਿ ਰਹਿਣ ਦਿਓ, ਭਾਂਡੇ ਮੈਂ ਹੀ ਮਾਂਜ ਲਵਾਂਗੀ।"

* * *

ਗੀਤ-ਸੋਨੂ ਮੈਂ ਆਪਣੇ ਪਾਪਾ ਦੀ ਪਰੀ ਹਾਂ

ਸੋਨੂ-ਮੈਂ ਵੀ ਆਪਣੇ ਪਾਪਾ ਦਾ ਪਾਰਾ ਹਾਂ

ਗੀਤ-ਪਾਰਾ ਇਹ ਕਿ ਹੁੰਦਾ ?

ਸੋਨੂ-ਮੇਰੀ ਹਰਕਤਾਂ ਦੇਖ ਮੇਰੇ ਪਾਪਾ ਦੇ ਗੁੱਸੇ ਦਾ ਪਾਰਾ ਚੜ ਜਾਂਦਾ ਹੈ।

* * *

ਟੀਚਰ-ਬੱਚਿਓ ਦਸੋ ਮੁਗ਼ਲ ਸ਼ਹਿਨਸ਼ਾਹ ਬਾਦਸ਼ਾਹ ਨੇ ਕਿਥੋਂ ਕਿੱਥੇ ਤਕ ਸ਼ਾਸਨ ਕੀਤਾ ?

ਚਿੰਟੂ-ਸਰ ਇਤਿਹਾਸ ਦੀ ਕਿਤਾਬ ਦੇ ਸਫ਼ਾ ਨੰਬਰ 45 ਤੋਂ 60 ਤਕ।

* * *

ਪੱਪੂ ਦਾ ਦੋਸਤ-ਯਾਰ ਮੈਂ ਪਰਸ ਘਰ ਭੁੱਲ ਆਇਆ ਮੈਨੂੰ 500 ਰੁਪਏ ਚਾਹੀਦੇ ਸੀ।

ਪੱਪੂ-ਦੋਸਤ ਹੀ ਦੋਸਤ ਦੇ ਕੰਮ ਆਉਂਦਾ ਹੈ ਲੈ 10 ਰੁਪਏ ਰਿਕਸ਼ਾ ਪਕੜ ਤੇ ਘਰੋਂ ਪਰਸ ਲੈ ਆ।


ਮੀਡੀਆ ਦੇ ਮਾਲਕ ਲੋਕਾਂ ਵਿੱਚ ਅੰਧ-ਵਿਸ਼ਵਾਸ ਫੈਲਾਉਣ ਵਾਲੇ ਅਖੋਤੀ ਨਜ਼ੂਮੀਆਂ ਤੇ ਬਾਬਿਆਂ ਦੇ ਇਸ਼ਤਿਹਾਰ ਨਾ ਲਾਉਣ। ਅੱਜਕਲ੍ਹ ਬਹੁਤੇ ਯੂ ਟਿਊਬ ਚੈਨਲ ਤੇ ਬਾਬਿਆਂ ਨੂੰ ਪ੍ਰਮੋਟ ਕਰਕੇ ਅੰਧ ਵਿਸ਼ਵਾਸ ਫੈਲਾ ਰਹੇ ਹਨ। ਇਨ੍ਹਾਂ ਚੈਨਲਾਂ ਨੂੰ ਸਬਸਕ੍ਰਾਈਬ ਨਾ ਕਰੋ ਅਤੇ ਨਾ ਹੀ ਇਹਨਾਂ ਦੀਆਂ ਖ਼ਬਰਾਂ ਦੂਜਿਆਂ ਨਾਲ ਸਾਂਝੀਆਂ ਕਰੋ।

ਆਲਮ-ਏ-ਕੀਟਨਾਸ਼ਕ

# ਸਭ ਬੇਲੋੜੀ ਹੈ ਕੀਟਨਾਸ਼ਕ ਜ਼ਹਿਰਾਂ ਦੀ ਵਰਤੋਂ

ਅਮਰਜੀਤ ਟਾਂਡਾ
ਸੀਨੀਅਰ ਕੀਟ ਵਿਗਿਆਨੀ
+61 417271147






ਆਮ ਮੈਂ ਹਰ ਰੋਜ਼ ਸੁਣਦਾ ਵੇਖਦਾ ਹਾਂ ਕਿ ਇਹ ਬੀਮਾਰੀਆਂ ਕਿਥੋਂ ਏਨੀਆਂ ਆ ਗਈਆਂ। ਤੁਸੀਂ ਵੀ ਇਹੀ ਸੋਚਦੇ ਹੋਵੋਗੇ। ਮੈਂ ਇਹ ਜਾਣਦਾ ਹਾਂ। ਕੈਂਸਰ ਕਿਉਂ ਹੈ ਘਰ ਘਰ। ਹਰ ਕੋਈ ਕੈਂਸਰ ਨਾਲ ਹੀ ਕਿਉਂ ਜੂਝ ਰਿਹਾ ਹੈ। ਇਹ ਅਸੀਂ ਆਪ ਹੀ ਸਹੇੜੀਆਂ ਹਨ ਬੀਮਾਰੀਆਂ ਤੇ ਕੈਂਸਰ। ਇਹ ਕਿਤਿਉਂ ਨਹੀਂ ਆਈਆਂ। ਅਸੀਂ ਆਪ ਹੀ ਗਲ ਪਾਈਆਂ ਹਨ।

ਪੰਜਾਬ 'ਚ ਪਿਛਲੇ ਲੰਬੇ ਸਮੇਂ ਤੋਂ ਖੇਤੀਬਾੜੀ ਵਿੱਚ ਕੀਟਨਾਸ਼ਕਾਂ ਦੀ ਵਰਤੋਂ ਦਾ ਮਾੜਾ ਅਸਰ ਨਾ ਸਿਰ.ਫ ਮਨੁੱਖੀ ਸਿਹਤ 'ਤੇ ਹੀ ਹੈ, ਬਲਕਿ ਜੀਵਾਂ ਅਤੇ ਪੰਛੀਆਂ ਦੀ ਸਿਹਤ 'ਤੇ ਵੀ ਵੇਖਣ ਨੂੰ ਮਿਲ ਰਿਹਾ ਹੈ।

ਕੀ ਅਸੀਂ ਦੱਬ ਦੱਬ ਕੇ ਜੀਵਨਾਸ਼ਕ ਕੀਟਨਾਸ਼ਕ ਜ਼ਹਿਰਾਂ ਦੀ ਵਰਤੋਂ ਨਹੀਂ ਕਰਦੇ।

ਕੀਟਨਾਸ਼ਕ ਜ਼ਹਿਰਾਂ ਦੀ ਵਰਤੋਂ ਸੱਭ ਬੇਲੋੜੀ ਹੈ, ਕੈਂਸਰ ਮੌਤ ਨੂੰ ਘਰ ਸੱਦਣਾ ਹੈ-

ਜੋ ਤੁਸੀਂ ਘੱਟ ਝਾੜ ਬਾਰੇ ਸੋਚਦੇ ਹੋ। ਕਿ ਰਹਿ ਜਾਵੇਗਾ। ਉਹ ਤਾਂ ਮੇਰੇ ਫੁੱਲਾਂ ਦੇ ਪੌਲੀਨੇਟਰ ਹੀ ਵੱਧ ਤੋਂ ਵੱਧ ਪੌਲੀਨੇਸਨ ਨਾਲ ਸੀਡ ਤੇ ਫਰੂਟ ਸੈਟਿੰਗ ਨਾਲ ਪੂਰਾ ਕਰ ਦੇਣਗੇ।

ਮੈਂ ਸ਼ਰਤ ਲਾਉਂਦਾ ਹਾਂ ਤੁਹਾਡੇ ਨਾਲ। ਮੈਂ ਇਹ ਸਿੱਧ ਵੀ ਕੀਤਾ ਹੈ ਕਈ ਫਸਲਾਂ ਸਬਜ਼ੀਆਂ ਵਿਚ। ਗੱਪਾਂ ਨਹੀਂ ਹਨ।

ਮੇਰੇ ਪੇਪਰ ਬੁੱਕ ਚੈਪਟਰ ਕਿਤਾਬਾਂ ਵੀ ਬੋਲਦੀਆਂ ਹਨ।

ਤੁਸੀਂ ਮੈਨੂੰ ਪਾ.ਗਲ ਠਹਿਰਾਓਗੇ।

ਕਿ ਮੈਂ ਇਹ ਕੀ ਗੱਲਾਂ ਕਰ ਰਿਹਾ ਹਾਂ।

ਮੈਨੂੰ ਕੀ ਦੱਸੋਗੇ। ਜਿਹਨੇ ਸਾਰੀ ਉਮਰ ਇਹੀ ਸਬਜਿਕਟ ਪੜਿਆ ਵੀ ਤੇ ਪੜ੍ਹਾਇਆ ਵੀ ਹੈ।

ਤੇ ਅਜੇ ਵੀ ਇਹਨਾਂ ਜੀਵਨਾਸ਼ਕ ਕੀਟਨਾਸ਼ਕ ਜ਼ਹਿਰਾਂ ਬਾਰੇ ਰੌਲਾ ਪਾਉਂਦਾ ਹਾਂ ਪਰ ਤੁਸੀਂ ਪੁੱਛਦੇ ਹੋ ਕਿ ਕੀ ਕਰੀਏ ਫਿਰ?

ਮੈਂ ਕਦੇ ਰਸਪੀਰੇਟਰ ਬਗੈਰ ਦਵਾਈ ਦਾ ਢੱਕਣ ਨਹੀਂ ਖੋਲ੍ਹਿਆ।

ਜਿਸ ਦਿਨ ਇਹ .ਗਲਤੀ ਕੀਤੀ। ਸਿਰ ਸਾਰੀ ਦਿਹਾੜੀ ਨਹੀਂ ਦੁਖਣੋ ਹਟਿਆ ਕਦੇ।

ਤੇ ਤੁਸੀਂ ਨੱਕ ਅੱਖਾਂ ਮੂੰਹ ਦਾ ਖਿਆਲ ਹੀ ਨਹੀਂ ਕਰਦੇ। ਦਵਾਈਆਂ ਵਰਤਣ ਵੇਲੇ।

ਇਕ ਦਿਨ ਪੀਏਯੂ ਲੁਧਿਆਣਾ ਗੇਟ ਨੰਬਰ ਇੱਕ ਤੇ ਕੀਟਨਾਸ਼ਕ ਦਵਾਈਆਂ ਵਾਲੀ ਦੁਕਾਨ ਤੇ ਮੈਂ ਖੜ੍ਹਾ ਸੀ।

ਸੇਲ ਬਾਰੇ ਇਨਫੋਰਮੇਸ਼ਨ ਲੈਣੀ ਸੀ।

ਗੱਲ 2017 ਦੀ ਹੋਣੀ।

ਇਕ ਬੰਦਾ ਸਿੱਖ ਦਵਾਈ ਲੈਣ ਆਇਆ ਸੀ।

ਮੈਂ ਬਾਹਰ ਬੁਲਾ ਲਿਆ।

ਪੁਛਿਆ ਕਿ ਕੀ ਸਮੱਸਿਆ ਆ ਗਈ।

ਜੀ ਬਗੀਚੀ ਵਿਚ ਗੋਭੀ ਤੇ ਸੁੰਡੀ ਲਈ ਦਵਾਈ ਲੈਣ ਆਇਆ ਹਾਂ।

ਮੈਂ ਕਿਹਾ ਕਿੰਨੇ ਬੂਟੇ ਹਨ।

ਜੀ ਹੋਣੇ ਕੋਈ ਸੱਤ ਅੱਠ।

ਤੇ ਮੈਂ ਕਿਹਾ ਫਿਰ ਏਨੇ ਬੂਟਿਆਂ ਤੇ ਦਵਾਈ ਦੀ ਕੀ ਲੋੜ ਪੈ ਗਈ।

ਜੇ ਚਾਰ ਸੁੰਡੀਆਂ ਹਨ। ਤਾਂ ਫੜ੍ਹ ਕੇ ਮਸਲ ਕੇ ਖ਼ਤਮ ਕਰ ਦਿਓ।

ਜੀ ਇਹ ਤਾਂ ਮੈਂ ਸੋਚਿਆ ਹੀ ਨਹੀਂ।

ਇਹ ਗੋਭੀ ਬੈਂਗਣ ਕਿਹਨੇ ਖਾਣੇ ਹੁੰਦੇ ਨੇ।

ਜੀ ਘਰ ਲਈ ਹੀ ਬੀਜੀ ਦੇ ਨੇ।

ਫਿਰ ਦਵਾਈ ਪਾ ਕੇ ਖਾਂਦਾ ਦੀ ਕੀ ਲੋੜ੍ਹ ਹੈ।

ਉਹ ਝਾਕੇ ਮੇਰੇ ਵੱਲ। ਮੈਂ ਨਿੱਕਰ ਕੈਪ ਵਿੱਚ ਹੀ ਸੀ ।

ਉਸ ਨੂੰ ਦੱਸਿਆ। ਕਿ ਮੈਂ ਵੀ ਇਥੇ ਇਹੀ ਸਬਜਿਕਟ ਪੜਿਆ ਵੀ ਹੈ ਤੇ ਪੜ੍ਹਾਇਆ ਵੀ ਹੈ।

ਇਹ ਦਵਾਈ ਪਾਈ ਬਾਅਦ ਵਿਚ ਕਿੱਥੇ ਜਾਣੀ ਸੀ।

ਸਾਡੇ ਹੀ ਪੇਟ ਵਿੱਚ।

ਮੈਂ ਕਹਾਂਗਾ ਕਿ ਜਦ ਨਹੀਂ ਤੁਸੀਂ ਮੰਨਦੇ ਫਿਰ ਲੈ ਲਓ ਮੁੱਲ ਕੈਂਸਰ।

ਮੈਂ ਪੀਏਯੂ ਲੁਧਿਆਣਾ ਵਿਖੇ ਸਾਰਾ ਕੰਮ .ਫਸਲਾਂ ਦੀ ਪੌਲੀਨੇਸਨ ਤੇ ਕੀੜਿਆਂ ਨੀਮਾਟੋਡਜ ਦੇ ਬਾਇਓਲਾਜੀਕਲ ਕੰਟਰੋਲ ਤੇ ਹੀ ਕੀਤਾ ਹੈ।

.ਫਸਲਾਂ ਦੀ ਪੌਲੀਨੇਸਨ ਤੇ ਕੀੜਿਆਂ ਨੀਮਾਟੋਡਜ ਦੇ ਬਾਇਓਲਾਜੀਕਲ ਕੰਟਰੋਲ ਵਿਸ਼ਿਆਂ ਤੇ ਵੀ ਮੇਰੀਆਂ ਦੋ ਕਿਤਾਬਾਂ ਵੀ ਜਲਦੀ ਹੀ ਛਪ ਕੇ ਆ ਰਹੀਆਂ ਹਨ।

ਪੰਜਾਬ ਸਰਕਾਰ ਨੂੰ ਵੀ ਮੈਂ ਇਹ ਸੱਭ ਸਲਾਹ ਦੇ ਕੇ।

ਦੱਸ ਕੇ ਆਉਣਾ ਹੈ।

ਡਾ ਗੋਸਲ ਵੀ ਸੀ ਪੀਏਯੂ ਲੁਧਿਆਣਾ ਵੀ ਜੋ ਮੇਰਾ ਜਮਾਤੀ ਵੀ ਤੇ ਦੋਸਤ ਹੈ। ਉਹਨੂੰ ਵੀ ਇਹ ਕਹਿ ਕੇ ਮੈਂ ਆਉਣਾ ਹੈ।

ਕਿ ਮੇਰੇ ਪੰਜਾਬ ਦੇ .ਫਸਲਾਂ ਦੇ ਪੌਲੀਨੇਟਰਜ਼ ਨਾ ਮਾਰੋ।

ਕੀੜਿਆਂ ਤੇ ਨੀਮਾਟੋਡਜ ਨੂੰ ਬਾਇਓਲਾਜੀਕਲ ਕੰਟਰੋਲ ਕਰਕੇ ਮਾਰੋ।

ਸ ਭਗਵੰਤ ਮਾਨ ਤੇ ਡਾ ਗੋਸਲ ਸੁਣੇਗਾ ਜਾਂ ਨਹੀਂ। ਇਹ ਉਹਨਾਂ ਦੀ ਮਰਜ਼ੀ ਹੈ।

ਇਹ ਮੇਰੀ ਸਿਰਦਰਦੀ ਨਹੀਂ।

ਮੈਂ ਪੰਜਾਬ ਨੂੰ ਬੀਮਾਰੀਆਂ ਤੋਂ ਰਹਿਤ ਕਰ ਸਕਦਾ ਹਾਂ।

ਇਹ ਮੇਰਾ ਦਾਅਵਾ ਹੈ ਪੱਕਾ।

ਆਸਟ੍ਰੇਲੀਆ ਵਿਚ ਤਕਰੀਬਨ ਤੀਹ ਸਾਲ ਘਰੇਲੂ ਕੀੜਿਆਂ ਦੇ ਕੰਟਰੋਲ ਤੇ ਆਪਣੀ ਕੰਪਨੀ ਚਲਾ ਰਿਹਾ ਹਾਂ।

ਸਿਉਂਕ ਦਾ ਇਲਾਜ ਮੇਰਾ ਮੇਨ ਕੰਮ ਹੈ।

ਕੈਮੀਕਲਜ ਦੀ ਜਗ੍ਹਾ ਮੈਂ ਸਦਾ ਹੀ ਇਨਟੈਗਰੇਟਿਗ ਅਪ੍ਰੋਚ ਹੀ ਵਰਤਦਾ ਹਾਂ।

ਮੇਰੇ ਇਲਾਜ਼ ਵਿਚ ਹਾਈ ਤਕਨਾਲੋਜੀ ਘੱਟ ਤੋਂ ਘੱਟ ਕੀਟ ਨਾਸ਼ਕਾਂ ਦੀ ਵਰਤੋਂ ਹੁੰਦੀ ਹੈ।

ਮੈਂ ਕਾਇਨਾਤ ਨੂੰ ਹੋਰ ਗੰਦਲੀ ਹੁੰਦਾ, ਕਰਦਿਆਂ ਕਿਸੇ ਨੂੰ ਵੀ ਬਰਦਾਸ਼ਤ ਨਹੀਂ ਕਰਾਂਗਾ।

ਮੇਰਾ ਪੰਜਾਬ ਪੰਜਾਬੀਆਂ ਦੀ ਸਿਹਤ ਨੂੰ ਸੁਰੱਖਿਅਤ ਰੱਖਣਾ ਪਹਿਲਾ ਫਰਜ਼ ਬਣਦਾ ਹੈ।

ਸਦਾ ਇਹ ਆਵਾਜ਼ ਉਠਾਉਂਦਾ ਵੀ ਰਹਾਂਗਾ।

ਇਹ ਮੇਰਾ ਸਾਇੰਟਿਫਿਕ ਇਨਕਲਾਬ ਹੋਵੇਗਾ ਪੰਜਾਬ ਲਈ। ਭਾਵੇਂ ਤੁਸੀਂ ਮੈਨੂੰ ਕੁਝ ਵੀ ਕਹਿਣਾ।

ਮੈਂ ਤਾਂ ਅਜੇ ਕੱਪੜੇ ਤੇ ਬਰਤਨਾਂ ਦੀ ਸਫਾਈ ਨਹੀਂ ਸਗੋਂ ਬੀਮਾਰੀਆਂ ਲਈ ਵਰਤੇ ਜਾਂਦੇ ਕੈਮੀਕਲਜ ਬਾਰੇ ਵੀ ਲਿਖਣਾ ਹੈ।

ਟੁਥ ਪੇਸਟ ਚੀਨੀ ਨਮਕ ਕਿਹੜਾ ਚੰਗਾ ਹੈ।

ਮੈਂ ਤਾਂ ਅਜੇ ਰੀਤੀ ਰਿਵਾਜਾਂ ਨਾਲ ਮੱਥੇ ਜੋੜਨੇ ਹਨ ਨ.ਫਰਤਾਂ ਦੇ। ਰੁੱਸੇ ਯਾਰਾਂ ਭਰਾਵਾਂ ਦੇ। ਫੋਟੋ ਚ ਦੇਖੋ ਇਸ ਨੇ ਕੁੱਝ ਵੀ ਨਹੀਂ ਵਰਤਿਆ ਆਪਣੇ ਆਪ ਨੂੰ ਬਚਾਉਣ ਲਈ। ਨੱਕ ਮੂੰਹ ਨਾਲ ਅੰਦਰ ਕੀ ਜਾਂਦਾ ਹੋਵੇਗਾ। ਫਿਰ ਕਿੱਦਾਂ ਨਾ ਆਵੇਗੀ ਮੌਤ।

ਪਲੀਜ਼ ਮੌਤਾਂ ਬੀਮਾਰੀਆਂ ਨੂੰ ਘਰਾਂ ਵਿੱਚ ਆਪ ਨਾ ਸੱਦੇ ਦਿਓ। ਚਿੱਟਾ ਤੁਸੀਂ ਛੱਡਣਾ ਨਹੀਂ। ਕਿਉਂਕਿ ਕਿ ਗ੍ਰਾਮਾਂ ਚ ਵੇਚ ਲੱਖਾਂ ਰੁਪਏ ਬਣਦੇ ਹਨ। ਤੇ ਇਹ ਕੈਮੀਕਲ ਤੁਸੀਂ ਸ਼ਰੇਆਮ ਵਰਤ ਵਰਤ ਆਪ ਹੀ ਟੁਰ ਜਾਣਾ ਹੈ।

(ਚੱਲਦਾ)

# ਕੀਟਨਾਸ਼ਕ ਵਰਤਣ ਵੇਲੇ ਪਹਿਲਾਂ ਸੋਚੋ

ਲੋਕਾਂ ਨੂੰ ਹਰ ਰੋਜ਼ ਆਮ ਇਹ ਕਹਿੰਦੇ ਸੁਣਿਆ ਹੈ ਕਿ ਬਿਮਾਰੀਆਂ ਬਹੁਤ ਆ ਗਈਆਂ ਹਨ। ਤੇ ਪਤਾ ਨਹੀਂ ਕਿੱਥੋਂ। ਡਾਕਟਰਾਂ ਦੇ ਸੀਜਨ ਲੱਗੇ ਪਏ ਹਨ। ਉਹ ਰਾਤ ਦਿਨ ਤੁਹਾਨੂੰ ਉਡੀਕ ਰਹੇ ਹਨ। ਤੇ ਫਿਰ ਖੀਸੇ ਭਰ ਰਹੇ ਹਨ ਦਵਾਈਆਂ ਦੇ।

ਇਹ ਬਿਮਾਰੀਆਂ ਕਿਤਿਉਂ ਵੀ ਨਹੀਂ ਆਈਆਂ। ਅਸੀਂ ਆਪ ਸਹੇੜੀਆਂ ਹਨ।

ਅਸੀਂ ਘਰ ਬਾਹਰ ਜਿੰਨੇ ਵੀ ਰਸਾਇਣਿਕ ਪਦਾਰਥ ਵਰਤਦੇ ਹਾਂ। ਇਹ ਸਾਰੇ ਹੀ ਜ਼ਹਿਰੀਲੇ ਹਨ।

ਬਰਤਣ ਧੋਣ ਵਾਲਾ ਵਿਮ, ਕੱਪੜਿਆਂ ਨੂੰ ਧੋਣ ਵਾਲਾ ਸਰਫ, ਟੁੱਥ ਪੇਸਟ ਨਮਕ ਚੀਨੀ। ਜਿਸ ਦੀ ਵੀ ਗੱਲ ਕਰੋਗੇ। ਜ਼ਹਿਰ ਹੈ

ਵਰਤੀਆਂ ਜਾਣ ਵਾਲੀਆਂ ਦਵਾਈਆਂ ਵੀ ਕਿਹੜੀਆਂ ਘੱਟ ਨੇ।

ਸਰੀਰ ਵਿੱਚ ਜਾ ਕੇ ਪਤਾ ਨਹੀਂ ਇਹ ਕੀ ਕੀ ਕਰਦੀਆਂ ਹਨ। ਰਾਹਤ ਤਾਂ ਇਹਨਾਂ ਨੇ ਕੀ ਦਵਾਉਣੀ। ਸ਼ਹਿਰਾਂ ਪਿੰਡਾਂ ਨੂੰ ਚਾਹੀਦਾ ਹੈ ਕਿ ਕੀਟਨਾਸ਼ਕਾਂ ਨੂੰ ਘਟਾ ਦੇਣ ਜਾਂ ਨਾ ਵਰਤਣ। ਕੀਟਨਾਸ਼ਕ ਕੀ ਕੀ ਨਹੀਂ ਖ਼ਰਾਬੀਆਂ ਕਰਦੇ।

ਮਨੁੱਖੀ ਸਿਹਤ ਨੂੰ ਨੁਕਸਾਨ ਪਹੁੰਚਾ ਸਕਦੇ ਹਨ, ਜਲ ਮਾਰਗਾਂ ਨੂੰ ਦੂਸ਼ਿਤ ਕਰ ਸਕਦੇ ਹਨ, ਗੈਰ-ਨਿਸ਼ਾਨਾ ਜੀਵਾਂ ਜਿਵੇਂ ਮਿਤ੍ਰ ਕੀੜਿਆਂ ਨੂੰ। ਪੋਲੀਨੇਟਰਜ ਨੂੰ ਨੁੱਕਸਾਨ ਪਹੁੰਚਾ ਸਕਦੇ ਹਨ ਅਤੇ ਵਾਤਾਵਰਣ ਪ੍ਰਣਾਲੀ ਨੂੰ ਨੁਕਸਾਨ ਪਹੁੰਚਾ ਸਕਦੇ ਹਨ।

ਕੀਟਨਾਸ਼ਕਾਂ। ਵਿੱਚ ਕੀਟਨਾਸ਼ਕ, ਜੜੀ-ਬੂਟੀਆਂ, ਉੱਲੀਨਾਸ਼ਕਾਂ, ਚੂਹਿਆਂ ਦੇ ਨਾਸ਼ਕ ਜਾਂ ਕਿਸੇ ਵੀ ਪਦਾਰਥ ਜਾਂ ਪਦਾਰਥਾਂ ਦਾ ਮਿਸ਼ਰਣ ਸ਼ਾਮਿਲ ਹੁੰਦਾ ਹੈ।

ਜੋ ਕਿਸੇ ਨਿਸ਼ਾਨੇ ਵਾਲੇ ਜੀਵ ਨੂੰ ਮਾਰ ਸਕਦਾ ਹੈ, ਦੂਰ ਕਰ ਸਕਦਾ ਹੈ ਜਾਂ ਦਖਲ ਦੇ ਸਕਦਾ ਹੈ।

ਪਾਲਿਸੀ ਦਾ ਉਦੇਸ਼। ਲੰਬੇ ਸਮੇਂ ਲਈ ਕੀਟਨਾਸ਼ਕਾਂ ਦੀ ਵਰਤੋਂ ਨੂੰ ਘਟਾਉਣਾ ਅਤੇ ਖ਼ਤਮ ਕਰਨਾ ਬਣਾਓ।

ਕੀਟਨਾਸ਼ਕ ਉਹ ਰਸਾਇਣ ਹੁੰਦੇ ਹਨ ਜੋ ਜੀਵਾਂ ਨੂੰ ਨੁਕਸਾਨ ਪਹੁੰਚਾਉਣ ਲਈ ਤਿਆਰ ਕੀਤੇ ਜਾਂਦੇ ਹਨ ।


ਅਤੇ ਜਾਣਬੁੱਝ ਕੇ ਇਸ ਉਦੇਸ਼ ਲਈ ਵਾਤਾਵਰਣ ਵਿੱਚ ਛੱਡੇ ਜਾਂਦੇ ਹਨ।

ਐਪਲੀਕੇਸ਼ਨਾਂ ਵਿੱਚ ਜ਼ਿਆਦਾਤਰ ਕੀਟਨਾਸ਼ਕ ਕਦੇ ਵੀ ਟੀਚੇ ਵਾਲੇ ਕੀੜਿਆਂ ਤੱਕ ਨਹੀਂ ਪਹੁੰਚਦੇ, ਇਸ ਦੀ ਵਜਾਏ ਹਵਾ, ਪਾਣੀ ਅਤੇ ਮਿੱਟੀ ਵਿੱਚ ਯਾਤਰਾ ਕਰਦੇ ਹਨ ਜਿੱਥੇ ਗੈਰ-ਨਿਸ਼ਾਨਾ ਜੀਵਾਣੂਆਂ ਦਾ ਸਾਹਮਣਾ ਹੁੰਦਾ ਹੈ।

ਇਹ ਆਮ ਤੌਰ 'ਤੇ ਮੰਨਿਆ ਜਾਂਦਾ ਹੈ ਕਿ ਕੀਟਨਾਸ਼ਕ ਸਿਰਫ ਟੀਚੇ ਵਾਲੇ ਕੀੜਿਆਂ ਨੂੰ ਮਾਰ ਜਾਂ ਨੁਕਸਾਨ ਪਹੁੰਚਾਏਗਾ, ਪਰ ਕੀਟਨਾਸ਼ਕ ਲਗਭਗ ਹਮੇਸ਼ਾ ਹੋਰ ਜੀਵਿਤ ਜੀਵਾਂ ਦੇ ਸਰੀਰ ਵਿਗਿਆਨ ਅਤੇ/ਜਾਂ ਵਿਵਹਾਰ ਵਿੱਚ ਦਖਲ ਦਿੰਦੇ ਹਨ।

(ਚੱਲਦਾ)

# ਸਿਹਤ ਤੇ ਸੁੰਦਰਤਾ



## ਟੈਟੂ ਬਣਵਾਉਣੇ ਚਮੜੀ ਲਈ ਬਣ ਸਕਦੇ ਨੇ ਕੈਂਸਰ

**✪ ਜਰਨਲ ਐਨਾਲਿਟਿਕਲ ਕੈਮਿਸਟਰੀ ਵਿਚ ਪ੍ਰਕਾਸ਼ਿਤ ਇਕ ਨਵੇਂ ਅਧਿਐਨ ਵਿਚ ਦਾਅਵਾ**



ਨਿਊਯਾਰਕ-ਤੁਹਾਡੇ ਹੱਥ, ਪੈਰ, ਧੌਣ, ਢਿੱਡ ਅਤੇ ਇੱਥੋਂ ਤੱਕ ਕਿ ਸਰੀਰ ਦੇ ਕਿਸੇ ਵੀ ਹਿੱਸੇ 'ਤੇ ਬਣਾਏ ਜਾ ਰਹੇ ਰੰਗ-ਬਿਰੰਗੇ ਫੈਸ਼ਨੇਬਲ ਟੈਟੂ ਤੁਹਾਡੀ ਸਿਹਤ ਨੂੰ ਖ਼ਰਾਬ ਕਰ ਸਕਦੇ ਹਨ ਅਤੇ ਅਜਿਹੀ ਬੀਮਾਰੀ ਦੇ ਸਕਦੇ ਹਨ ਜੋ ਪੂਰੀ ਤਰ੍ਹਾਂ ਠੀਕ ਹੋ ਸਕਣੀ ਮੁਸ਼ਕਲ ਹੈ। ਜਰਨਲ ਐਨਾਲਿਟਿਕਲ ਕੈਮਿਸਟਰੀ ਵਿਚ ਪ੍ਰਕਾਸ਼ਿਤ ਇਕ ਨਵੇਂ ਅਧਿਐਨ ਵਿਚ ਦਾਅਵਾ ਕੀਤਾ ਗਿਆ ਹੈ ਕਿ ਟੈਟੂ ਦੀ ਸਿਆਹੀ 'ਚ ਮੌਜੂਦ ਕੈਮੀਕਲਜ਼ ਨਾਲ ਚਮੜੀ ਦੇ ਕੈਂਸਰ ਵਰਗੀ ਖ਼ਤਰਨਾਕ ਬੀਮਾਰੀ ਹੋਣ ਦੀ ਸੰਭਾਵਨਾ ਹੁੰਦੀ ਹੈ। ਇਸ ਤੋਂ ਇਲਾਵਾ ਇਹ ਇਮਿਊਨ ਸਿਸਟਮ ਨੂੰ ਕਮਜ਼ੋਰ ਕਰ ਸਕਦਾ ਹੈ ਅਤੇ ਸਰੀਰ ਦੇ ਅੰਗਾਂ ਨੂੰ ਵੀ ਨੁਕਸਾਨ ਪਹੁੰਚਾ ਸਕਦਾ ਹੈ। ਦੱਸਿਆ ਜਾ ਰਿਹਾ ਹੈ ਕਿ ਅਮਰੀਕਾ ਦੀ ਫੂਡ ਐਂਡ ਡਰੱਗ ਐਡਮਨਿਸਟ੍ਰੇਸ਼ਨ ਟੈਟੂ ਬਣਾਉਣ 'ਚ ਵਰਤੀ ਜਾਣ ਵਾਲੀ ਸਿਆਹੀ ਵਿਚ ਮੌਜੂਦ ਕੈਮੀਕਲਜ਼ ਦੀ ਨਿਗਰਾਨੀ ਸ਼ੁਰੂ ਕਰੇਗਾ। ਅਮਰੀਕਾ ਵਿਚ ਕੀਤੇ ਗਏ ਇਸ ਅਧਿਐਨ 'ਚ ਟੈਟੂ ਦੀ ਸਿਆਹੀ ਦੇ 54 ਨਮੂਨਿਆਂ ਦੀ ਜਾਂਚ ਕੀਤੀ ਗਈ। ਇਸ ਦੇ ਨਤੀਜਿਆਂ ਤੋਂ ਪਤਾ ਲੱਗਾ ਹੈ ਕਿ ਇਨ੍ਹਾਂ 'ਚੋਂ 90 ਫ਼ੀਸਦੀ ਨਮੂਨਿਆਂ ਵਿਚ ਅਜਿਹੇ ਕੈਮੀਕਲ ਪਾਏ ਗਏ, ਜੋ ਸਿਹਤ ਲਈ ਹਾਨੀਕਾਰਕ ਹਨ। ਇਨ੍ਹਾਂ ਵਿਚੋਂ ਪਾਲੀਥੀਲੀਨ ਗਲਾਈਕਾਲ ਅਤੇ 2-ਫੇਨਾਕਸੀਥੇਨਾਲ ਵਰਗੇ ਕੈਮੀਕਲ ਸ਼ਾਮਲ ਹਨ। ਪਾਲੀਥੀਲੀਨ ਗਲਾਈਕਾਲ ਕਿਡਨੀ ਦੇ ਨੇਕ੍ਰਾਸਿਸ ਸਮੇਤ ਅੰਗਾਂ ਨੂੰ ਨੁਕਸਾਨ ਪਹੁੰਚਾ ਸਕਦਾ ਹੈ ਤਾਂ ਉਥੇ ਹੀ 2-ਫੇਨਾਕਸੀਥੇਨਾਲ ਨਰਵਸ ਸਿਸਟਮ ਨੂੰ ਪ੍ਰਭਾਵਤ ਕਰਦਾ ਹੈ। ਅਧਿਐਨ ਦੇ ਮੁਖੀ ਡਾ. ਜੌਹਨ ਸਵਾਰਕ ਨੇ ਕਿਹਾ ਕਿ ਟੈਟੂ ਦੀ ਸਿਆਹੀ ਬਣਾਉਣ ਵਾਲੀਆਂ ਕੰਪਨੀਆਂ ਆਪਣੀਆਂ ਪ੍ਰਕਿਰਿਆਵਾਂ ਨੂੰ ਬਿਹਤਰ ਬਣਾਉਣ ਲਈ ਇਨ੍ਹਾਂ ਕੈਮੀਕਲਾਂ ਦੀ ਵਰਤੋਂ ਕਰਦੀਆਂ ਹਨ।

ਡਾਕਟਰਾਂ ਨੇ ਚੇਤਾਵਨੀ ਦਿੱਤੀ ਹੈ ਕਿ ਟੈਟੂ ਬਣਵਾਉਣ ਤੋਂ ਪਹਿਲਾਂ ਸਾਵਧਾਨੀ ਵਰਤਣੀ ਚਾਹੀਦੀ ਹੈ। ਟੈਟੂ ਬਣਾਉਣ ਤੋਂ ਪਹਿਲਾਂ ਸਿਆਹੀ ਦੀ ਗੁਣਵੱਤਾ ਅਤੇ ਇਸਦੇ ਸਿਹਤ ਪ੍ਰਭਾਵਾਂ ਬਾਰੇ ਜਾਣਕਾਰੀ ਪ੍ਰਾਪਤ ਕਰਨੀ ਚਾਹੀਦੀ ਹੈ। ਟੈਟੂ ਬਣਾਉਣ ਲਈ ਅੰਗ ਦੇ ਅੰਦਰ ਸਿਆਹੀ ਪਾਈ ਜਾਂਦੀ ਹੈ, ਜੋ ਖ਼ੂਨ ਦੇ ਚਿੱਟੇ ਰਕਤਾਣੂਆਂ ਦੇ ਮੈਕਰੋਫੇਜ ਦੁਆਰਾ ਸੋਖ ਲਿਆ ਜਾ ਸਕਦਾ ਹੈ ਜਿਸ ਨਾਲ ਅੰਗ 'ਤੇ ਬਣਾਉਣ ਤੋਂ ਬਾਅਦ ਆਪਣੀ ਥਾਂ 'ਤੇ ਰਹੇ, ਪਰ ਕੁਝ ਮਾਮਲਿਆਂ ਵਿਚ ਇਹ ਸੰਭਵ ਹੈ ਕਿ ਸਿਆਹੀ ਵਿਚ ਮੌਜੂਦ ਗੰਦਗੀ ਖ਼ੂਨ ਦੇ ਵਹਾਅ ਵਿਚ ਆ ਸਕਦੀ ਹੈ। ਇਹ ਪੂਰੇ ਸਰੀਰ ਵਿਚ ਫੈਲ ਜਾਵੇਗੀ, ਜਿਸ ਨਾਲ ਕਈ ਮਾੜੇ ਪ੍ਰਭਾਵਾਂ ਦਾ ਖ਼ਤਰਾ ਹੈ, ਇੱਥੋਂ ਤੱਕ ਕਿ ਕਈ ਅੰਗਾਂ ਨੂੰ ਵੀ ਨੁਕਸਾਨ ਪਹੁੰਚ ਸਕਦਾ ਹੈ।

ਟੈਟੂ ਤੋਂ ਹੋਰ ਸਿਹਤ ਸਮੱਸਿਆਵਾਂ-ਲਿੰਫ ਨੋਡ 'ਚ ਸੋਜ਼, ਅੰਗਾਂ ਨੂੰ ਨੁਕਸਾਨ, ਐਲਰਜੀ, ਇਨਫੈਕਸ਼ਨ।

## ਖਾਣਾ ਖਾਣ ਤੋਂ ਪਹਿਲਾਂ ਲਓ ਇਹ 5 ਡ੍ਰਿੰਕਸ, ਤੇਜ਼ੀ ਨਾਲ ਘਟੇਗਾ ਮੋਟਾਪਾ

ਅੱਜਕਲ੍ਹ ਜ਼ਿਆਦਾਤਰ ਲੋਕ ਸਰੀਰ ਦਾ ਭਾਰ ਵਧਣ 'ਤੇ ਕਾਫੀ ਸਖ਼ਤ ਡਾਈਟਿੰਗ ਕਰਨ ਲਗਦੇ ਹਨ ਜਾਂ ਫਿਜ਼ੀਕਲ ਗਤੀਵਿਧੀਆਂ ਵਧਾ ਦਿੰਦੇ ਹਨ। ਇਸ ਤਰ੍ਹਾਂ ਦੀਆਂ ਗਤੀਵਿਧੀਆਂ ਨਾਲ ਸਰੀਰ ਦਾ ਭਾਰ ਵੀ ਤੇਜ਼ੀ ਨਾਲ ਘੱਟਣ ਲੱਗਦਾ ਹੈ ਪਰ ਕੁਝ ਲੋਕਾਂ ਲਈ ਅਜਿਹਾ ਕਰਨਾ ਸੰਭਵ ਨਹੀਂ ਹੁੰਦਾ। ਜੇਕਰ ਤੁਸੀਂ ਡਾਈਟਿੰਗ ਜਾਂ ਸਰੀਰਕ ਗਤੀਵਿਧੀ ਕਰਨ ਦੇ ਯੋਗ ਨਹੀਂ ਹੋ ਤਾਂ ਤੁਸੀਂ ਭੋਜਨ ਖਾਣ ਤੋਂ ਪਹਿਲਾਂ ਇਨ੍ਹਾਂ ਡ੍ਰਿੰਕਸ ਦਾ ਸੇਵਨ ਕਰ ਕੇ ਭਾਰ ਘਟਾ ਸਕਦੇ ਹੋ। ਇਸ ਬਾਰੇ ਹੋਰ ਜਾਣਕਾਰੀ ਦੇ ਰਹੇ ਹਨ ਡਾਇਟੀਸ਼ੀਅਨ ਮੀਨਾ ਕੋਰੀ।

ਚੀਆ ਸੀਡਜ਼ ਦੇ ਨਾਲ ਨਿੰਬੂ ਪਾਣੀ-ਨਿੰਬੂ ਪਾਣੀ ਤੇ ਚਿਆ ਸੀਡਜ਼ ਦੋਵੇਂ ਭਾਰ ਘਟਾਉਣ ਲਈ ਮਦਦਗਾਰ ਹਨ। ਇਨ੍ਹਾਂ ਦੋਵਾਂ ਦਾ ਇਕੱਠੇ ਸੇਵਨ ਕਰਨ ਨਾਲ ਭਾਰ ਤੇਜ਼ੀ ਨਾਲ ਘਟਦਾ ਹੈ। ਇਸ ਦੇ ਲਈ 1 ਗਲਾਸ ਗਰਮ ਪਾਣੀ ਵੀਚ ਨਿੰਬੂ ਦੇ ਰਸ ਤੇ ਚੀਆ ਸੀਡਜ਼ ਵਿਚ ਸ਼ਹਿਦ ਮਿਲਾ ਕੇ ਪੀਣਾ ਚਾਹੀਦਾ ਹੈ। ਇਹ ਇੱਕ ਚੰਗੇ



ਐਂਟੀਆਕਸੀਡੈਂਟ ਦੀ ਤਰ੍ਹਾਂ ਕੰਮ ਕਰਦਾ ਹੈ।

ਗ੍ਰੀਨ ਟੀ-ਗ੍ਰੀਨ ਟੀ ਐਂਟੀਆਕਸੀਡੈਂਟ ਨਾਲ ਭਰਪੂਰ ਹੁੰਦੀ ਹੈ ਜੋ ਸਰੀਰ ਨੂੰ ਕਈ ਤਰ੍ਹਾਂ ਦੀਆਂ ਬਿਮਾਰੀਆਂ ਦੇ ਖਤਰੇ ਤੋਂ ਬਚਾਉਂਦੇ ਹਨ। ਇਸ ਦਾ ਸੇਵਨ ਭਾਰ ਘਟਾਉਣ ਲਈ ਫਾਇਦੇਮੰਦ ਹੁੰਦਾ ਹੈ। ਗ੍ਰੀਨ ਟੀ ਦੇ ਨਿਯਮਤ ਸੇਵਨ ਨਾਲ ਸਕਿਨ ਨੂੰ ਵੀ ਫਾਇਦਾ ਹੁੰਦਾ ਹੈ।

ਸੇਬ ਦਾ ਸਿਰਕਾ-ਐਪਲ ਸਾਈਡਰ ਵਿਨੇਗਰ ਸਿਹਤ ਲਈ ਫਾਇਦੇਮੰਦ ਹੁੰਦਾ ਹੈ। ਐਪਲ ਸਾਈਡਰ ਵਿਨੇਗਰ ਹਾਨੀਕਾਰਕ ਬੈਕਟੀਰੀਆ ਨੂੰ ਮਾਰਨ ਵਿਚ ਮਦਦ ਕਰਦਾ ਹੈ। ਬਲੱਡ ਸ਼ੂਗਰ ਵੀ ਕੰਟਰੋਲ ਵਿਚ ਰਹਿੰਦੀ ਹੈ। ਹਾਰਟ ਦੀ ਸਿਹਤ ਠੀਕ ਰਹਿੰਦੀ ਹੈ। ਸੇਬ ਦਾ ਸਿਰਕਾ ਜ਼ਿਆਦਾ ਮਾਤਰਾ ਵਿਚ ਨਹੀਂ ਲੈਣਾ ਚਾਹੀਦਾ। ਜ਼ਿਆਦਾ ਸੇਵਨ ਕਰਨ ਨਾਲ ਦੰਦਾਂ ਨੂੰ ਵੀ ਨੁਕਸਾਨ ਹੋ ਸਕਦਾ ਹੈ।

ਡਿਟੌਕਸ ਵਾਟਰ-ਜੇਕਰ ਤੁਸੀਂ ਭਾਰ ਘਟਾਉਣਾ ਚਾਹੁੰਦੇ ਹੋ ਤੇ ਸਿਹਤਮੰਦ ਰਹਿਣਾ ਚਾਹੁੰਦੇ ਹੋ ਤਾਂ ਤੁਸੀਂ ਡੀਟੌਕਸ ਵਾਟਰ ਲੈ ਸਕਦੇ ਹੋ। ਡੀਟੌਕਸ ਵਾਟਰ ਸਰੀਰ ਨੂੰ ਸ਼ੁੱਧ ਰੱਖੇਗਾ ਤੇ ਮੈਟਾਬੋਲਿਜ਼ਮ ਵਿਚ ਸੁਧਾਰ ਕਰੇਗਾ। ਇਸ ਨਾਲ ਸਰੀਰ ਦਾ ਭਾਰ ਘੱਟ ਹੁੰਦਾ ਹੈ। ਡੀਟੌਕਸ ਵਾਟਰ ਤਿਆਰ ਕਰਨ ਲਈ ਪਾਣੀ ਵਿਚ ਖੀਰਾ, ਨਿੰਬੂ ਦਾ ਰਸ ਤੇ ਅਦਰਕ ਦਾ ਇੱਕ ਟੁਕੜਾ ਮਿਲਾਓ।

ਜ਼ੀਰੇ ਦਾ ਪਾਣੀ-ਭਾਰ ਘਟਾਉਣ ਲਈ ਜ਼ੀਰਾ ਕਾਫੀ ਫਾਇਦੇਮੰਦ ਹੁੰਦਾ ਹੈ। ਇਹ ਡਰਿੰਕ ਮੈਟਾਬੋਲਿਜ਼ਮ ਨੂੰ ਕਾਫੀ ਸੁਧਾਰ ਸਕਦਾ ਹੈ। ਜ਼ੀਰੇ ਦਾ ਪਾਣੀ ਭੁੱਖ ਨੂੰ ਵੀ ਘਟਾਉਂਦਾ ਹੈ ਤੇ ਚਰਬੀ ਸਾੜਨ ਵਿਚ ਮਦਦ ਕਰਦਾ ਹੈ।

## * ਚੁੰਝਾਂ–ਪੌਂਚੇ *

**ਲੇਖਕ - ਨਿਰਮਲ ਸਿੰਘ ਕੰਧਾਲਵੀ**





***ਰਵਾਇਤੀ ਪਾਰਟੀਆਂ ਨੂੰ ਇਕ ਸਾਧਾਰਨ ਘਰ 'ਚੋਂ ਬਣਿਆ ਮੁੱਖ ਮੰਤਰੀ ਹਜ਼ਮ ਨਹੀਂ ਹੋ ਰਿਹਾ- ਭਗਵੰਤ ਮਾਨ**

-ਉਡ ਕੇ ਚੁੰਬੜ ਗਿਆ, ਕਿਸੇ ਚੰਦਰੀ ਵਾੜ ਦਾ ਛਾਪਾ।



***ਮਰੀਅਮ ਨਵਾਜ਼ ਬਣੇਗੀ ਲਹਿੰਦੇ ਪੰਜਾਬ ਦੀ ਪਹਿਲੀ ਔਰਤ ਮੁੱਖ ਮੰਤਰੀ- ਇਕ ਖ਼ਬਰ**

-ਨੱਚਣ, ਕੁੱਦਣ, ਝੂਟਣ ਪੀਂਘਾਂ, ਵੱਡਿਆਂ ਘਰਾਂ ਦੀਆਂ ਜਾਈਆਂ।



***ਭਗਵੰਤ ਮਾਨ ਨੇ ਨਵਜੋਤ ਸਿੱਧੂ ਨੂੰ ਵੇਲਾ ਵਿਹਾਅ ਚੁੱਕਿਆ ਸਿਆਸਤਦਾਨ ਦੱਸਿਆ- ਇਕ ਖ਼ਬਰ**

-ਪਿੱਪਲ ਦਿਆ ਪੱਤਿਆ ਵੇ, ਕੇਹੀ ਖੜ ਖੜ ਲਾਈ ਆ ਢੋਲਾ।

***ਹਿਮਾਚਲ ਪ੍ਰਦੇਸ਼ ਦੀ ਕਾਂਗਰਸ ਸਰਕਾਰ ਖ਼ਤਰੇ ਵਿਚ-ਇਕ ਖ਼ਬਰ**

-ਤਾਰੀਂ ਦਾਤਾ ਜੀ, ਮੈਨੂੰ ਕੰਗਲੇ ਗ਼ਰੀਬ ਨੂੰ।



***ਪੰਜਾਬ ਕਾਂਗਰਸ ਵੀ ਕਿਸਾਨਾਂ ਦੇ ਹੱਕ ਵਿਚ ਅੱਜ ਕਰੇਗੀ ਟਰੈਕਟਰ ਮਾਰਚ- ਇਕ ਖ਼ਬਰ**

-ਜਿੱਥੇ ਤੇਰੇ ਹਲ ਵਗਦੇ, ਉੱਥੇ ਲੈ ਚਲ ਚਰਖ਼ਾ ਮੇਰਾ।



***ਅਕਾਲੀ ਅਤੇ ਕਾਂਗਰਸੀ ਸਰਕਾਰਾਂ ਨੇ ਸਾਜ਼ਿਸ਼ ਅਧੀਨ ਸਰਕਾਰੀ ਸੰਸਥਾਵਾਂ ਤਬਾਹ ਕੀਤੀਆਂ-ਭਗਵੰਤ ਮਾਨ**

-ਬਾਣੀਆ ਨੇ ਅੱਤ ਚੁੱਕ ਲਈ, ਸਾਰੇ ਜੱਟ ਕਰਜ਼ਾਈ ਕੀਤੇ।



***ਸੁਖਬੀਰ ਬਾਦਲ ਅਤੇ ਸੁਮੇਧ ਸੈਣੀ ਨੇ ਚੋਣਾਂ 'ਚ ਲਾਭ ਲੈਣ ਲਈ ਰਚੀ ਸੀ ਡੂੰਘੀ ਸਾਜ਼ਿਸ਼- ਐਸ. ਆਈ. ਟੀ.**

-ਔਖੀ ਹੋ ਜਾਊ ਕੈਦ ਕੱਟਣੀ, ਕਾਹਨੂੰ ਮਾਰਦੈਂ ਪਤਲਿਆ ਡਾਕੇ।

***ਭਾਰਤ 'ਚ 'ਕਿਸਾਨਾਂ 'ਤੇ ਤਸ਼ੱਦਦ' ਵਿਰੁੱਧ ਕੈਨੇਡਾ ਦੇ ਸਿੱਖਾਂ ਨੇ ਚੁੱਕੀ ਆਵਾਜ਼-ਇਕ ਖ਼ਬਰ**

-ਤੈਨੂੰ ਤਾਪ ਚੜ੍ਹੇ ਮੈਂ ਹੂੰਗਾਂ, ਤੇਰੀ ਮੇਰੀ ਇਕ ਜਿੰਦੜੀ।

***ਅਕਾਲੀ ਦਲ -ਭਾਜਪਾ ਨੇ ਕਿਸਾਨਾਂ ਦੇ ਮੁੱਦੇ 'ਤੇ ਚੁੱਪ ਧਾਰੀ- ਇਕ ਖ਼ਬਰ**

-ਕਿਉਂ ਨਹੀਂ ਬੋਲਦੇ ਦਿਲਾਂ ਦੀ ਘੁੰਡੀ ਖੋਲ੍ਹਦੇ, ਮਨਾਂ ਵਿਚ ਕੀ ਧਾਰਿਆ।



***ਭਾਜਪਾ ਨੂੰ ਵੋਟ ਦਿਉ ਨਹੀਂ ਤਾਂ ਨਰਕਾਂ ਨੂੰ ਜਾਉ- ਗੇ- ਭਾਜਪਾ ਐਮ. ਪੀ. ਅਰਵਿੰਦ**

-ਮੁਰਦਾ ਬੋਲੂ, ਖੱਫਣ ਪਾੜੂ।



***ਜਿੰਨੀ ਵਾਰੀ ਸੌਦਾ ਸਾਧ ਨੂੰ ਪੈਰੋਲ ਦਿਤੀ, ਕੀ ਕਿਸੇ ਹੋਰ ਕੈਦੀ ਨੂੰ ਵੀ ਇੰਜ ਪੈਰੋਲ ਦਿਤੀ- ਹਾਈ ਕੋਰਟ**

-ਐਰੇ ਗੈਰੇ ਨੂੰ ਸ਼ੱਕਰ ਦਾ ਦਾਣਾ, ਭਗਤੇ ਨੂੰ ਖੰਡ ਪਾ ਦਿਉ।



***ਸ਼੍ਰੋਮਣੀ ਕਮੇਟੀ ਦੇ ਵਫ਼ਦ ਨੇ ਪੰਜਾਬ ਦੇ ਰਾਜਪਾਲ ਨਾਲ਼ ਕੀਤੀ ਮੁਲਾਕਾਤ- ਇਕ ਖ਼ਬਰ**

-ਇਕ ਮੰਨ ਲੈ ਬੇਨਤੀ ਸਾਡੀ, ਮਾਨ ਦੀਆਂ ਬੰਨ੍ਹ ਮੁਸ਼ਕਾਂ।



***ਨਿਤੀਸ਼ ਕੁਮਾਰ ਨੇ ਮੋਦੀ ਨੂੰ ਭਰੋਸਾ ਦਿਵਾਇਆ ਕਿ ਉਹ ਹਮੇਸ਼ਾ ਐਨ.ਡੀ.ਏ. ਦੇ ਨਾਲ਼ ਰਹੇਗਾ- ਇਕ ਖ਼ਬਰ**

-ਤੱਤੇ ਤਵੇ 'ਤੇ ਬਹਿ ਕੇ ਖਾਹ ਕਸਮਾਂ, ਤੇਰਾ ਨਾ ਭਰੋਸਾ ਪਲਟੂ।



***ਨਵਜੋਤ ਸਿੱਧੂ ਨੇ ਪ੍ਰਿਯੰਕਾ ਵਾਡਰਾ ਨਾਲ ਕੀਤੀ ਮੁਲਾਕ- ਾਤ- ਇਕ ਖ਼ਬਰ**

-ਆਸ ਮੁਰਾਦਾਂ ਦੀ ਦੇਵੀਏ ਨੀਂ, ਤੇਰੀ ਸਦਾ ਹੀ ਜੈ।



***ਪੰਜਾਬ ਦੇ ਕਿਸਾਨ ਆਗੂਆਂ 'ਤੇ ਭੜਕੇ ਸੁਨੀਲ ਜਾਖੜ- ਇਕ ਖ਼ਬਰ**

-ਚਾਰਾਂ ਪਾਸਿਆਂ ਤੋਂ ਜਦ ਕੋਈ ਪੁੱਛ-ਗਿੱਛ ਨਾ ਰਹੇ ਤਾਂ ਕਿਸੇ 'ਤੇ ਤਾਂ ਨਜ਼ਲਾ ਝੜੂ ਹੀ।

* * * * * * *

# ਲਿੰਗਕ ਨਾ-ਬਰਾਬਰੀ ਦਾ ਸ਼ਿਕਾਰ ਭਾਰਤੀ ਨਾਰੀ

ਗੁਰਮੀਤ ਸਿੰਘ ਪਲਾਹੀ
-9815802070



**ਭਾਵੇਂ ਭਾਰਤ ਵਿੱਚ ਅੱਜ ਵੀ ਵਿਵਹਾਰਿਕ ਤੌਰ 'ਤੇ ਸੁਪਰੀਮ ਕੋਰਟ ਦੇ ਹੁਕਮਾਂ ਅਨੁਸਾਰ ਅਤੇ ਸਾਡੇ ਦੇਸ਼ ਦੇ ਸੰਵਿਧਾਨ ਦੀ ਮਨਸ਼ਾ ਅਨੁਸਾਰ ਔਰਤਾਂ ਨੂੰ ਮਰਦਾਂ ਦੇ ਬਰਾਬਰ ਦੇ ਜਾਇਦਾਦ ਵਿੱਚ ਹੱਕ ਹਨ, ਪਰ ਅਸਲ ਸੱਚਾਈ ਕੁਝ ਹੋਰ ਹੀ ਹੈ। ਔਰਤ ਨਾਲ ਜਾਇਦਾਦ ਦੇ ਹੱਕ ਵਿੱਚ ਭੇਦ ਭਾਵ ਹੈ। ਪ੍ਰੰਪਰਾਗਤ ਰੂਪ ਵਿੱਚ ਸਮਾਜ ਵਿੱਚ ਔਰਤਾਂ ਨੂੰ ਕਮਜ਼ੋਰ ਵਰਗ ਵਜੋਂ ਦੇਖਿਆ ਜਾਂਦਾ ਹੈ। ਉਸ ਨਾਲ ਘਰ ਅਤੇ ਸਮਾਜ ਦੋਵੇਂ ਥਾਵਾਂ 'ਤੇ ਸੋਸ਼ਣ, ਅਪਮਾਨ ਅਤੇ ਭੇਦ ਭਾਵ ਹੁੰਦਾ ਹੈ। ਪ੍ਰਸਿੱਧ ਸਮਾਜ ਸ਼ਾਸਤਰੀ ਸਿਲਵਿਆ ਵਾਲਵੇ ਅਨੁਸਾਰ "ਪਿਤਾ ਪੁਰਖੀ ਸਮਾਜਿਕ ਬਣਤਰ 'ਚ ਇਹੋ ਜਿਹੀ ਪ੍ਰਕਿਰਿਆ ਅਤੇ ਵਿਵਸਥਾ ਹੈ, ਜਿਸ ਵਿੱਚ ਆਦਮੀ ਔਰਤ ਉਤੇ ਆਪਣੀ ਧੌਂਸ ਜਮਾਉਂਦਾ ਹੈ, ਉਸ ਉਤੇ ਰੋਹਬ ਪਾਉਂਦਾ ਹੈ ਅਤੇ ਉਸਦਾ ਸੋਸ਼ਣ ਕਰਦਾ ਹੈ"। ਜੇਕਰ ਇੰਜ ਨਾ ਹੁੰਦਾ ਤਾਂ ਔਰਤਾਂ ਨੂੰ ਦਾਜ ਦੀ ਬਲੀ ਨਾ ਚੜ੍ਹਾਇਆ ਜਾਂਦਾ, ਉਸ ਉਤੇ ਘਰੇਲੂ ਹਿੰਸਾ ਨਾ ਹੁੰਦੀ। ਸਾਲ 2023 ਵਿੱਚ, ਨੈਸ਼ਨਲ ਕਮਿਸ਼ਨ ਫਾਰ ਵੂਮੈਨ ਕੋਲ 28811 ਸ਼ਿਕਾਇਤਾਂ ਔਰਤਾਂ ਵਲੋਂ ਘਰੇਲੂ ਹਿੰਸਾ ਸਬੰਧੀ ਦਰਜ਼ ਕਰਵਾਈਆਂ ਗਈਆਂ। ਇੱਕ ਰਿਪੋਰਟ ਅਨੁਸਾਰ ਦੇਸ਼ ਦੀਆਂ 32 ਫ਼ੀਸਦੀ ਵਿਆਹੀਆਂ ਔਰਤਾਂ ਆਪਣੇ ਪਤੀ ਦੀ ਜਿਸਮਾਨੀ ਅਤੇ ਮਾਨਸਿਕ ਹਿੰਸਾ ਸਹਿੰਦੀਆਂ ਹਨ।**

ਵਿਸ਼ਵ ਲਿੰਗਕ ਨਾ-ਬਰਾਬਰੀ ਰਿਪੋਰਟ-2022 ਅਨੁਸਾਰ ਭਾਰਤ ਵਿਸ਼ਵ ਦੇ 146 ਦੇਸ਼ਾਂ ਵਿਚੋਂ 48 ਵੇਂ ਦਰਜੇ 'ਤੇ ਹੈ, ਜਦਕਿ ਸਾਡੇ ਗੁਆਂਢੀ ਮੁਲਕ ਬੰਗਲਾ ਦੇਸ਼ ਦਾ ਰੈਂਕ 9ਵਾਂ ਹੈ। ਦੇਸ਼ ਭਾਰਤ, ਵਿਸ਼ਵ ਦੀ ਤੀਜੀ ਵੱਡੀ ਅਰਥ ਵਿਵਸਥਾ ਬਨਣ ਦੇ ਗੇੜ ਵਿੱਚ ਹੈ, ਪਰ ਦੇਸ਼ 'ਚ ਗਰੀਬ-ਅਮੀਰ ਦਾ ਪਾੜਾ ਵਧ ਰਿਹਾ ਹੈ ਅਤੇ ਔਰਤਾਂ ਨੂੰ ਮਰਦਾਂ ਦੇ ਬਰਾਬਰ ਅਧਿਕਾਰ ਪ੍ਰਾਪਤ ਕਰਨ 'ਚ ਦੇਸ਼ ਲਗਾਤਾਰ ਪੱਛੜ ਰਿਹਾ ਹੈ।

ਆਰਥਿਕ ਤੇ ਸਿਆਸੀ ਤੌਰ 'ਤੇ ਹੀ ਨਹੀਂ, ਸਮਾਜਿਕ ਤੌਰ 'ਤੇ ਵੀ ਦੇਸ਼ ਭਾਰਤ 'ਚ ਲਿੰਗਕ ਅਸਮਾਨਤਾ ਹੈ। ਦੇਸ਼ 'ਚ ਔਰਤਾਂ ਨੂੰ ਮਰਦਾਂ ਦੇ ਬਰਾਬਰ ਮਜ਼ਦੂਰੀ ਨਹੀਂ ਮਿਲਦੀ, ਸਮਾਜਿਕ ਤੌਰ 'ਤੇ ਤ੍ਰਿਸਕਾਰ ਇੰਨਾ ਕਿ ਹਾਲੇ ਵੀ ਦੇਸ਼ ਦੇ ਕੁਝ ਖੇਤਰਾਂ 'ਚ ਉਸ ਨਾਲ ਹੱਦੋ ਵੱਧ ਭੈੜਾ ਸਲੂਕ ਹੁੰਦਾ ਹੈ। ਉਹਨਾ ਨੂੰ ਡੈਣ ਤੱਕ ਕਿਹਾ ਜਾਂਦਾ ਹੈ। ਲੜਕੀਆਂ ਨੂੰ ਲੜਕਿਆਂ ਦੇ ਬਰਾਬਰ ਦੀ ਪਾਲਣ-ਪੋਸ਼ਣ ਅਤੇ ਸਿੱਖਿਆ ਨਹੀਂ। ਖਾਣ-ਪੀਣ 'ਚ ਵੀ ਘਰਾਂ 'ਚ ਦਰੇਗ ਹੁੰਦਾ ਹੈ ਅਤੇ ਕਈ ਥਾਈਂ ਤਾਂ ਹਾਲਤ ਇਹੋ ਜਿਹੇ ਹਨ ਕਿ ਉਹਨਾ ਦੇ ਜੰਮਣ 'ਤੇ ਵੀ ਪਾਬੰਦੀ ਹੈ, ਭਾਵ ਕੁੱਖਾਂ ਵਿੱਚ ਹੀ ਉਸ ਨੂੰ ਮਾਰ ਦਿੱਤਾ ਜਾਂਦਾ ਹੈ। ਸਿੱਟਾ ਦੇਸ਼ ਵਿੱਚ ਇਸ ਵੇਲੇ ਮਰਦ ਔਰਤ, ਅਨੁਪਾਤ 1000 ਮਰਦਾਂ ਪਿੱਛੇ 952 ਔਰਤਾਂ ਹਨ।

ਭਾਰਤ ਦੇਸ਼ ਵਿੱਚ ਲਿੰਗ ਭੇਦ ਭਾਵ ਦੀਆਂ ਜੜ੍ਹਾਂ ਬਹੁਤ ਡੂੰਘੀਆਂ ਅਤੇ ਮਜ਼ਬੂਤ ਹਨ। ਲਿੰਗਕ ਨਾ-ਬਰਾਬਰੀ ਦੇਸ਼ ਵਿੱਚ ਇਸ ਕਦਰ ਪੈਰ ਪਸਾਰ ਚੁੱਕੀ ਹੈ ਕਿ ਅਕਸਰ ਵੇਖਣ ਨੂੰ ਮਿਲਦਾ ਹੈ ਕਿ ਘਰ ਵਿੱਚ ਲਏ ਫ਼ੈਸਲਿਆਂ 'ਚ ਔਰਤਾਂ ਦੀ ਕੋਈ ਭੂਮਿਕਾ ਹੀ ਨਹੀਂ। ਇਥੇ ਹੀ ਬੱਸ ਨਹੀਂ ਸਮਾਜਿਕ ਸੰਗਠਨਾਂ 'ਚ ਵੀ ਔਰਤਾਂ ਦੀ ਭੂਮਿਕਾ ਨਾ ਮਾਤਰ ਹੈ। ਸਿਆਸੀ ਖੇਤਰ 'ਚ ਤਾਂ ਉਹ ਹੱਦੋਂ ਵੱਧ ਪਿੱਛੇ ਧੱਕੀਆਂ ਗਈਆਂ ਹੋਈਆਂ ਹਨ। ਦੇਸ ਦੀ ਪਹਿਲੀ ਲੋਕ ਸਭਾ 'ਚ ਸਿਰਫ਼ 5 ਫ਼ੀਸਦੀ ਔਰਤਾਂ ਹੀ ਦੇਸ਼ ਦੀ ਪਾਰਲੀਮੈਂਟ ਵਿੱਚ ਬੈਠ ਸਕੀਆਂ ਸਨ। ਇੰਜ ਦੇਸ਼ ਦੇ ਨੀਤੀ ਨਿਰਧਾਰਨ 'ਚ ਖ਼ਾਸ ਕਰਕੇ ਔਰਤਾਂ ਪ੍ਰਤੀ ਨੀਤੀਆਂ ਘੜਨ 'ਚ ਉਹਨਾ ਦੀ ਭੂਮਿਕਾ ਨਾ ਮਾਤਰ ਹੀ ਰਹੀ ਹੈ।

ਭਾਰਤੀ ਨਾਰੀ, ਜਿਥੇ ਮਰਦ ਪ੍ਰਧਾਨ ਸਮਾਜ 'ਚ ਮਾਨਸਿਕ ਪੀੜਾਂ ਵਿਚੋਂ ਲੰਘ ਰਹੀ ਹੈ, ਉਥੇ ਜਿਸਮਾਨੀ ਤੌਰ 'ਤੇ ਵੀ ਉਸਦਾ ਬੇਹੱਦ ਸੋਸ਼ਣ ਹੁੰਦਾ ਹੈ। ਘਰੇਲੂ ਕਿਰਤ ਤੋਂ ਬਿਨ੍ਹਾਂ ਪਰਿਵਾਰ ਦੇ ਪਾਲਣ ਪੋਸ਼ਣ ਲਈ ਉਸਦੀ ਜਿਸਮਾਨੀ ਮਿਹਨਤ ਦਾ ਉਸਨੂੰ ਇਵਜ਼ਾਨਾ ਨਹੀਂ ਮਿਲਦਾ। ਦੇਸ਼ ਦੀ ਖੇਤੀਬਾੜੀ ਵਿੱਚ ਔਰਤਾਂ ਦੀ ਕਿਰਤ ਦਾ ਹਿੱਸਾ 62.9 ਫ਼ੀਸਦੀ ਹੈ, ਪਰ ਉਹਨੂੰ ਤਾਂ ਕਈ ਹਾਲਤਾਂ ਵਿੱਚ ਢਿੱਡ ਭਰਕੇ ਰੋਟੀ ਵੀ ਨਸੀਬ ਨਹੀਂ ਹੁੰਦੀ। ਕਿੱਡਾ ਵੱਡਾ ਤ੍ਰਿਸਕਾਰ ਅਤੇ ਵਿਤਕਰਾ ਹੈ ਇਹ!

ਦੇਸ਼ ਦੀ ਆਜ਼ਾਦੀ ਦੀ ਪੌਣੀ ਸਦੀ ਬੀਤਣ ਅਤੇ ਭਾਰਤੀ ਸੰਵਿਧਾਨ ਵਿੱਚ ਬਰਾਬਰ ਦੇ ਹੱਕ ਪ੍ਰਦਾਨ ਕੀਤੇ ਜਾਣ ਦੇ ਬਾਵਜੂਦ ਵੀ ਭਾਰਤੀ ਨਾਰੀ ਦੇ ਦੇਸ਼ ਵਿੱਚ ਹਾਲਾਤ ਸੁਖਾਵੇਂ ਨਹੀਂ। ਭਾਵੇਂ ਦੇਸ਼ ਦੇ ਕੁਝ ਖਿੱਤਿਆਂ 'ਚ ਉਸਨੂੰ ਸਨਮਾਨਜਨਕ ਹੱਕ ਮਿਲੇ ਹਨ, ਸਿੱਖਿਆ ਪਰਾਪਤੀ ਅਤੇ ਮੁੜ ਨੌਕਰੀਆਂ 'ਚ ਵੀ ਉਸਨੂੰ ਕੁਝ ਹਿੱਸਾ ਮਿਲਿਆ ਹੈ, ਪਰ ਦੇਸ਼ ਦੀ ਆਬਾਦੀ ਦਾ ਲਗਭਗ 'ਅੱਧ' ਹੋਣ 'ਤੇ ਵੀ ਉਸਨੂੰ ਬਹੁਤੀਆਂ ਚਣੌਤੀਆਂ ਦਾ ਸਾਹਮਣਾ ਕਰਨਾ ਪੈਂਦਾ ਹੈ।

ਹੁਣੇ ਜਿਹੇ ਭਾਰਤ ਦੀ 17ਵੀਂ ਪਾਰਲੀਮੈਂਟ ਵਿੱਚ 106 ਵੀਂ ਸੋਧ ਔਰਤਾਂ ਅਤੇ ਮਰਦਾਂ 'ਚ ਅਸਮਾਨਤਾ ਦਾ ਖੱਪਾ ਪੂਰਿਆਂ ਕਰਨ ਲਈ ਕੀਤੀ ਗਈ ਹੈ, ਜਿਸ ਅਨੁਸਾਰ ਲੋਕ ਸਭਾ, ਦੇਸ਼ ਦੀਆਂ ਸਾਰੀਆਂ ਵਿਧਾਨ ਸਭਾਵਾਂ, ਦਿੱਲੀ ਅਸੰਬਲੀ ਵਿੱਚ ਕੁੱਲ ਸੀਟਾਂ ਦਾ ਤੀਜਾ ਹਿੱਸਾ ਔਰਤਾਂ ਲਈ ਰਾਖਵਾਂ ਕੀਤਾ ਗਿਆ ਹੈ। ਮੌਜੂਦਾ ਲੋਕ ਸਭਾ (2019- 2024) ਵਿੱਚ ਔਰਤਾਂ ਦੀ ਗਿਣਤੀ ਮਸਾਂ 15 ਫ਼ੀਸਦੀ ਹੈ ਅਤੇ ਵਿਧਾਨ ਸਭਾਵਾਂ 'ਚ ਇਹਨਾ ਦੀ ਗਿਣਤੀ ਮਸਾਂ 9 ਫ਼ੀਸਦੀ ਹੈ।

ਪਰ ਹੈਰਾਨੀ ਦੀ ਗੱਲ ਹੈ ਕਿ ਇਹ ਕਾਨੂੰਨ ਉਸ ਵੇਲੇ ਲਾਗੂ ਗਿਣਿਆ ਜਾਏਗਾ, ਜਦੋਂ ਭਾਰਤ ਵਿੱਚ ਮਰਦਮਸ਼ੁਮਾਰੀ ਹੋਣ ਉਪਰੰਤ ਉਸਦੇ ਅੰਕੜੇ ਛਪਣਗੇ। 2021 'ਚ ਹੋਣ ਵਾਲੀ ਮਰਦਮਸ਼ੁਮਾਰੀ ਕਰੋਨਾ ਦੀ ਭੇਂਟ ਚੜ੍ਹ ਗਈ ਸੀ। ਅਤੇ ਹਾਲੇ ਨੇੜ ਭਵਿੱਖ 'ਚ ਇਹ ਮਰਦਮਸ਼ੁਮਾਰੀ ਹੋਣ ਦੀ ਸੰਭਾਵਨਾ ਨਹੀਂ। ਜੇਕਰ 2025 ਜਾਂ 2026 'ਚ ਮਰਦਮਸ਼ੁਮਾਰੀ ਹੋ ਜਾਂਦੀ ਹੈ ਤਦ ਵੀ ਅੰਕੜੇ ਛਾਪਣ ਲਈ ਘੱਟੋ-ਘੱਟ ਦੋ ਸਾਲ ਲਗਦੇ ਹਨ। ਜਿਸਦਾ ਸਿੱਧਾ ਅਰਥ ਅਤੇ ਅੰਦਾਜ਼ਾ ਇਹ ਹੈ ਕਿ ਇਹ ਕਾਨੂੰਨ 2029 ਦੀਆਂ ਚੋਣਾਂ 'ਚ ਸ਼ਾਇਦ ਹੀ ਲਾਗੂ ਹੋ ਸਕੇ। ਉਂਜ ਇਹ ਕਾਨੂੰਨ ਲਾਗੂ ਹੋਣ ਤੋਂ ਬਾਅਦ 15 ਸਾਲਾਂ ਲਈ ਗਿਣਿਆ ਜਾਏਗਾ।

ਅਸਲ ਵਿੱਚ ਦੇਸ਼ ਦੇ ਹਾਕਮ ਸਮੇਂ-ਸਮੇਂ 'ਤੇ ਔਰਤਾਂ ਦੀਆਂ ਵੋਟਾਂ ਹਥਿਆਉਣ ਲਈ ਨਵੇਂ ਕਾਨੂੰਨ ਬਨਾਉਣ ਦੇ ਦਮਗਜੇ ਮਾਰਦੇ ਰਹੇ, ਪਰ ਇਹ ਪਾਰਲੀਮੈਂਟ 'ਚ ਪੇਸ਼ ਕੀਤੇ ਬਿੱਲ ਔਰਤਾਂ ਨੂੰ ਲੋਕ ਸਭਾ, ਵਿਧਾਨ ਸਭਾਵਾਂ 'ਚ ਸੀਟਾਂ ਰਾਖਵੀਆਂ ਕਰਨ ਲਈ ਪੇਸ਼ ਬਿੱਲ, ਕਾਨੂੰਨ ਨਾ ਬਣ ਸਕੇ। 1979, 1996, 1998, 1999 'ਚ ਪੇਸ਼ ਇਹ ਬਿੱਲ ਕਿਸੇ ਸਿਰੇ ਨਾ ਲੱਗੇ। ਫਿਰ 2008 'ਚ ਇਹ ਬਿੱਲ ਰਾਜ ਸਭਾ 'ਚ ਡਿੱਗ ਪਿਆ ਸੀ। ਦੇਸ਼ ਦੀ ਹਰੇਕ ਪਾਰਟੀ ਨੇ ਔਰਤਾਂ ਨਾਲ ਦਰੇਗ ਕੀਤਾ ਅਤੇ ਇਹ ਹੁਣ ਵੀ ਜਾਰੀ ਹੈ। ਦੇਸ਼ ਦੀਆਂ ਸਿਆਸੀ ਪਾਰਟੀਆਂ ਮੌਜੂਦਾ ਦੌਰ 'ਚ ਆਪਣੀਆਂ ਲੋਕ ਸਭਾ, ਵਿਧਾਨ ਸਭਾ ਸੀਟਾਂ 'ਤੇ ਬਹੁਤ ਘੱਟ ਔਰਤ ਉਮੀਦਵਾਰਾਂ ਨੂੰ ਟਿਕਟਾਂ ਦਿੰਦੀਆਂ ਹਨ ਅਤੇ ਉਹਨਾ ਨੂੰ ਵਜ਼ਾਰਤ ਵਿੱਚ ਬਹੁਤ ਘੱਟ ਗਿਣਤੀ 'ਚ ਸ਼ਾਮਲ ਕਰਦੀਆਂ ਹਨ।

ਦੇਸ਼ ਦੀ ਪਾਰਲੀਮੈਂਟ ਅਤੇ ਵਿਧਾਨ ਸਭਾਵਾਂ 'ਚ ਰਾਖਵੇਂਕਰਨ ਦੇ ਨਾਲ-ਨਾਲ ਸਥਾਨਕ ਸਰਕਾਰਾਂ ਭਾਵ ਪੰਚਾਇਤਾਂ, ਮਿਊਂਸਪਲ ਕਮੇਟੀਆਂ ਆਦਿ ਵਿੱਚ ਸੰਵਿਧਾਨ 'ਚ ਸੋਧ ਕਰਕੇ ਔਰਤਾਂ ਨੂੰ 33 ਫ਼ੀਸਦੀ ਰਾਖਵਾਂਕਰਨ ਦਿੱਤਾ ਗਿਆ। ਪਰ ਜ਼ਮੀਨੀ ਹਕੀਕਤ ਇਹ ਹੈ ਕਿ ਪਿੰਡਾਂ, ਸ਼ਹਿਰਾਂ ਦੀਆਂ ਸਥਾਨਕ ਸਰਕਾਰਾਂ 'ਚ ਚੁਣੀਆਂ ਸਰਪੰਚ, ਪੰਚ ਜਾਂ ਮੈਂਬਰਾਨ ਦੀ ਥਾਂ ਉਹਨਾ ਦੇ ਪਤੀ, ਭਰਾ, ਪਿਓ ਜਾਂ ਕੋਈ ਹੋਰ ਨਜ਼ਦੀਕੀ ਰਿਸ਼ਤੇਦਾਰ ਕੰਮ ਕਰਦੇ ਵੇਖੇ ਜਾਂਦੇ ਹਨ ਭਾਵ ਉਹਨਾ ਨੂੰ ਆਪਣੇ ਹੱਕ ਵਰਤਨ ਦਾ ਮੌਕਾ ਹੀ ਨਹੀਂ ਮਿਲਦਾ।

ਨੀਤੀ ਨਿਰਮਾਣ ਖੇਤਰ (ਭਾਵ ਪਾਰਲੀਮੈਂਟ ਆਦਿ) 'ਚ ਹੀ ਨਹੀਂ, ਔਰਤਾਂ ਨੂੰ ਦੇਸ਼ ਦੀ ਗਵਰਨੈਂਸ 'ਚ ਵੀ ਬਰਾਬਰ ਹੱਕ ਕਦੇ ਨਹੀਂ ਮਿਲੇ। ਹੁਣ ਤੱਕ ਦੇਸ਼ ਵਿੱਚ ਸਿਰਫ਼ ਇੱਕ ਔਰਤ ਹੀ ਪ੍ਰਧਾਨ ਮੰਤਰੀ ਬਣੀ, ਸਿਰਫ਼ ਦੋ ਔਰਤਾਂ ਰਾਸ਼ਟਰਪਤੀ ਦਾ ਅਹੁਦਾ ਪ੍ਰਾਪਤ ਕਰ ਸਕੀਆਂ ਅਤੇ ਸਿਰਫ਼ 15 ਔਰਤਾਂ ਮੁੱਖ ਮੰਤਰੀ ਦੇ ਅਹੁਦੇ ਉਤੇ ਪੁੱਜ ਸਕੀਆਂ। ਇਥੇ ਹੀ ਬੱਸ ਨਹੀਂ ਦੇਸ਼ ਦੀ ਸੁਪਰੀਮ ਕੋਰਟ ਦੀ ਕੋਈ ਵੀ ਔਰਤ ਜੱਜ, ਮੁੱਖ ਜੱਜ ਦੇ ਅਹੁਦੇ ਤੱਕ ਨਹੀਂ ਪੁੱਜ ਸਕੀ। ਭਾਵੇਂ ਭਾਰਤ ਵਿੱਚ ਅੱਜ ਵੀ ਵਿਵਹਾਰਿਕ ਤੌਰ 'ਤੇ ਸੁਪਰੀਮ ਕੋਰਟ ਦੇ ਹੁਕਮਾਂ ਅਨੁਸਾਰ ਅਤੇ ਸਾਡੇ ਦੇਸ਼ ਦੇ ਸੰਵਿਧਾਨ ਦੀ ਮਨਸ਼ਾ ਅਨੁਸਾਰ ਔਰਤਾਂ ਨੂੰ ਮਰਦਾਂ ਦੇ ਬਰਾਬਰ ਦੇ ਜਾਇਦਾਦ ਵਿੱਚ ਹੱਕ ਹਨ, ਪਰ ਅਸਲ ਸੱਚਾਈ ਕੁਝ ਹੋਰ ਹੀ ਹੈ। ਔਰਤ ਨਾਲ ਜਾਇਦਾਦ ਦੇ ਹੱਕ ਵਿੱਚ ਭੇਦ ਭਾਵ ਹੈ। ਪ੍ਰੰਪਰਾਗਤ ਰੂਪ ਵਿੱਚ ਸਮਾਜ ਵਿੱਚ ਔਰਤਾਂ ਨੂੰ ਕਮਜ਼ੋਰ ਵਰਗ ਵਜੋਂ ਦੇਖਿਆ ਜਾਂਦਾ ਹੈ। ਉਸ ਨਾਲ ਘਰ ਅਤੇ ਸਮਾਜ ਦੋਵੇਂ ਥਾਵਾਂ 'ਤੇ ਸੋਸ਼ਣ, ਅਪਮਾਨ ਅਤੇ ਭੇਦ ਭਾਵ ਹੁੰਦਾ ਹੈ। ਪ੍ਰਸਿੱਧ ਸਮਾਜ ਸ਼ਾਸਤਰੀ ਸਿਲਵਿਆ ਵਾਲਵੇ ਅਨੁਸਾਰ "ਪਿਤਾ ਪੁਰਖੀ ਸਮਾਜਿਕ ਬਣਤਰ 'ਚ ਇਹੋ ਜਿਹੀ ਪ੍ਰਕਿਰਿਆ ਅਤੇ ਵਿਵਸਥਾ ਹੈ, ਜਿਸ ਵਿੱਚ ਆਦਮੀ ਔਰਤ ਉਤੇ ਆਪਣੀ ਧੌਂਸ ਜਮਾਉਂਦਾ ਹੈ, ਉਸ ਉਤੇ ਰੋਹਬ ਪਾਉਂਦਾ ਹੈ ਅਤੇ ਉਸਦਾ ਸੋਸ਼ਣ ਕਰਦਾ ਹੈ"। ਜੇਕਰ ਇੰਜ ਨਾ ਹੁੰਦਾ ਤਾਂ ਔਰਤਾਂ ਨੂੰ ਦਾਜ ਦੀ ਬਲੀ ਨਾ ਚੜ੍ਹਾਇਆ ਜਾਂਦਾ, ਉਸ ਉਤੇ ਘਰੇਲੂ ਹਿੰਸਾ ਨਾ ਹੁੰਦੀ। ਸਾਲ 2023 ਵਿੱਚ, ਨੈਸ਼ਨਲ ਕਮਿਸ਼ਨ ਫਾਰ ਵੂਮੈਨ ਕੋਲ 28811 ਸ਼ਿਕਾਇਤਾਂ ਔਰਤਾਂ ਵਲੋਂ ਘਰੇਲੂ ਹਿੰਸਾ ਸਬੰਧੀ ਦਰਜ਼ ਕਰਵਾਈਆਂ ਗਈਆਂ। ਇੱਕ ਰਿਪੋਰਟ ਅਨੁਸਾਰ ਦੇਸ਼ ਦੀਆਂ 32 ਫ਼ੀਸਦੀ ਵਿਆਹੀਆਂ ਔਰਤਾਂ ਆਪਣੇ ਪਤੀ ਦੀ ਜਿਸਮਾਨੀ ਅਤੇ ਮਾਨਸਿਕ ਹਿੰਸਾ ਸਹਿੰਦੀਆਂ ਹਨ।

ਔਰਤਾਂ ਨਾਲ ਭੇਦ ਭਾਵ, ਔਰਤਾਂ ਉਤੇ ਹਿੰਸਾ ਦੀਆਂ ਜੜ੍ਹਾਂ ਬੇਹੱਦ ਡੂੰਘੀਆਂ ਹਨ। ਫੈਡਰਿਕ ਐਂਗਲਜ ਆਪਣੀ ਪੁਸਤਕ ਪਰਿਵਾਰ, ਪ੍ਰਾਈਵੇਟ ਜਾਇਦਾਦ ਅਤੇ ਰਾਜ ਵਿੱਚ ਲਿਖਦੇ ਹਨ ਕਿ ਖੇਤੀ ਉਤਪਾਦਕਾਂ ਦੇ ਵਾਧੇ ਨਾਲ ਮਨੁੱਖੀ ਮਨ 'ਚ ਪ੍ਰਾਈਵੇਟ ਜਾਇਦਾਦ ਦੀ ਭਾਵਨਾ ਪੈਦਾ ਹੋਈ, ਜਿਸ ਨਾਲ ਸੁਸਾਇਟੀ 'ਚ ਟੋਹਰ ਟੱਪੇ ਦੀ ਭਾਵਨਾ ਪ੍ਰਬਲ ਹੋਈ। ਸਿੱਟਾ ਕਬਜ਼ੇ ਦੀ ਭਾਵਨਾ ਨਾਲ ਰਾਜ ਕਰਨਾ ਆਰੰਭਿਆ ਅਤੇ ਔਰਤ ਨੂੰ ਵੀ ਮਰਦ ਨੇ ਆਪਣੀ ਜਾਇਦਾਦ ਸਮਝਣਾ ਸ਼ੁਰੂ ਕੀਤਾ। ਇਥੋਂ ਹੀ ਮਰਦ ਦੀ ਪ੍ਰਧਾਨਤਾ ਨੇ ਕੰਮ ਕੀਤਾ। ਇਹ ਪ੍ਰਧਾਨਤਾ ਰਾਜ ਭਾਗ ਵਿੱਚ ਵੀ ਪ੍ਰਵਾਨੀ ਗਈ ਅਤੇ ਮਰਦਾਂ ਦਾ ਔਰਤ ਉਤੇ ਰਾਜ ਅਤੇ ਔਰਤਾਂ ਦਾ ਸੋਸ਼ਣ ਆਰੰਭ ਹੋਇਆ।

ਵੱਖੋ-ਵੱਖਰੀਆਂ ਸਭਿਆਤਾਵਾਂ, ਦੇਸ਼ਾਂ ਵਿੱਚ ਮਰਦ, ਔਰਤਾਂ ਦੇ ਸਬੰਧਾਂ ਵਿੱਚ ਧਰਮ ਨੇ ਵੱਡਾ ਰੋਲ ਨਿਭਾਇਆ। ਬਹੁਤ ਘੱਟ ਧਰਮਾਂ ਵਿੱਚ, ਔਰਤ ਦੀਆਂ ਬਹੁਤੀਆਂ ਤਾਰੀਫ਼ਾਂ ਨਹੀਂ ਮਿਲਦੀਆਂ। ਭਾਰਤ ਵਿੱਚ ਤਾਂ ਔਰਤਾਂ ਦਾ ਸੋਸ਼ਣ ਭਾਰਤੀ ਸਮਾਜ ਵਿੱਚ ਸਦੀਆਂ ਪੁਰਾਣੀ ਸੰਸਕ੍ਰਿਤਕ ਘਟਨਾ ਹੈ। ਹਿੰਦੂ, ਮੁਸਲਿਮ ਧਰਮਾਂ 'ਚ ਮਰਦ ਪ੍ਰਧਾਨਤਾ ਵੇਖਣ ਨੂੰ ਮਿਲਦੀ ਹੈ। ਉਦਾਹਰਨ ਦੇ ਤੌਰ 'ਤੇ ਭਾਰਤੀ ਪ੍ਰਾਚੀਨ ਹਿੰਦੂ ਕਾਨੂੰਨ ਦੇ ਨਿਰਮਾਤਾ ਮਨੂ ਸਮ੍ਰਿਤੀ ਦੇ ਅਨੁਸਾਰ, "ਇਹ ਮੰਨਿਆ ਜਾਂਦਾ ਹੈ ਕਿ ਔਰਤ ਨੂੰ ਆਪਣੇ ਬਚਪਨ 'ਚ ਪਿਤਾ ਅਧੀਨ, ਵਿਆਹ ਤੋਂ ਬਾਅਦ ਆਪਣੇ ਪਤੀ ਦੇ ਅਧੀਨ ਅਤੇ ਬੁਢਾਪੇ ਜਾਂ ਵਿਧਵਾ ਹੋਣ ਤੋਂ ਬਾਅਦ ਆਪਣੇ ਪੁੱਤਰ ਦੇ ਅਧੀਨ ਰਹਿਣਾ ਚਾਹੀਦਾ ਹੈ। ਕਿਸੇ ਵੀ ਹਾਲਤ ਵਿੱਚ ਉਸਨੂੰ ਖੁਦ ਨੂੰ ਆਜ਼ਾਦ ਰਹਿਣ ਦੀ ਆਗਿਆ ਨਹੀਂ ਹੈ"। ਇੰਜ ਧਾਰਮਿਕ ਮਾਨਤਾਵਾਂ ਵਿੱਚ ਵੀ ਔਰਤਾਂ ਨਾਲ ਇੱਕ ਕਿਸਮ ਦਾ ਵਿਤਕਰਾ ਹੋ ਰਿਹਾ ਹੈ। ਉਸ ਦੇ ਸਮਾਜ ਵਿੱਚ ਹੇਠਲੇ ਪੱਧਰ ਹੋਣ ਦਾ ਕਾਰਨ ਗਰੀਬੀ ਅਤੇ ਸਿੱਖਿਆ 'ਚ ਘਾਟ ਹੈ। ਇਸ ਸਥਿਤੀ ਵਿੱਚ ਔਰਤਾਂ ਨੂੰ ਬਹੁਤ ਹੀ ਘੱਟ ਵੇਤਨ ਮਿਲਦਾ ਹੈ, ਉਹ ਘਰੇਲੂ ਨੌਕਰ ਜਾਂ ਤੁਛ ਜਿਹੀਆਂ ਨੌਕਰੀਆਂ ਕਰਨ ਲਈ ਮਜ਼ਬੂਰ ਹੋ ਜਾਂਦੀਆਂ ਹਨ ਤਾਂ ਕਿ ਆਪਣੇ ਬੱਚਿਆਂ ਦਾ ਪੇਟ ਪਾਲ ਸਕਣ ਅਤੇ ਕਈ ਵੇਰ ਤਾਂ ਉਹਨਾ ਨੂੰ ਵੇਸਵਾ ਵਿਰਤੀ ਵੱਲ ਵੀ ਧੱਕ ਦਿੱਤਾ ਜਾਂਦਾ ਹੈ। ਭਾਰਤ ਦੇ ਸੰਵਿਧਾਨ ਦੀ ਧਾਰਾ 15 ਅਧੀਨ ਲਿੰਗ, ਧਰਮ, ਜਾਤੀ ਅਤੇ ਜਨਮ ਸਥਾਨ ਵੱਖਰਾ ਹੋਣ 'ਤੇ ਕੀਤੇ ਕਿਸੇ ਵੀ ਭੇਦ ਭਾਵ ਦੀ ਮਨਾਹੀ ਕਰਦੀ ਹੈ। ਇਸੇ ਅਧਾਰ ਉਤੇ ਔਰਤਾਂ ਲਈ ਸੰਵਿਧਾਨਿਕ ਸੁਰੱਖਿਆ ਲਈ ਪ੍ਰਬੰਧ ਹਨ ਪਰ ਜ਼ਮੀਨੀ ਹਕੀਕਤ ਵੱਖਰੀ ਹੈ। ਇਹਨਾ ਸਾਰੇ ਪ੍ਰਾਵਾਧਾਨਾਂ ਦੇ ਬਾਵਜੂਦ ਔਰਤਾਂ ਨਾਲ ਅੱਜ ਵੀ ਦੂਜੀ ਸ਼੍ਰੇਣੀ ਦੇ ਨਾਗਰਿਕ ਜਿਹਾ ਵਰਤਾਓ ਕੀਤਾ ਜਾਂਦਾ ਹੈ। ਮਰਦ ਉਹਨਾ ਨੂੰ ਸਿਰਫ਼ ਆਪਣੀ ਕਾਮੁਕ ਇੱਛਾ ਦੀ ਪੂਰਤੀ ਕਰਨ ਦਾ ਮਾਧਿਅਮ ਹੀ ਨਹੀਂ ਮੰਨਦਾ ਸਗੋਂ ਔਰਤਾਂ ਉਤੇ ਅਤਿਆਚਾਰ ਕਰਨ ਤੋਂ ਵੀ ਦਰੇਗ ਨਹੀਂ ਕਰਦਾ। ਬਿਨ੍ਹਾਂ ਸ਼ੱਕ ਔਰਤਾਂ 'ਚ ਆਪਣੇ ਹੱਕਾਂ ਪ੍ਰਤੀ ਚੇਤਨਤਾ ਵਧ ਰਹੀ ਹੈ।

********

# ਵਧ ਰਹੀਆਂ ਨੇ ਅਮਰੀਕਾ ਵਿਚ ਭਾਰਤੀਆਂ 'ਤੇ ਹਮਲਿਆਂ ਦੀਆਂ ਘਟਨਾਵਾਂ

ਵਿਸ਼ੇਸ਼ ਖਬਰ

## ✪ ਨਸਲ ਜਾਂ ਲਿੰਗ ਜਾਂ ਧਰਮ ਦੇ ਆਧਾਰ ਉਤੇ ਤਾਂ ਹਿੰਸਾ ਬਿਲਕੁਲ ਵੀ ਬਰਦਾਸ਼ਤ ਨਹੀਂ ਕੀਤੀ ਜਾ ਸਕਦੀ-ਬਾਇਡਨ

ਅਮਰੀਕਾ 'ਚ ਪਿਛਲੇ 2 ਸਾਲਾਂ 'ਚ ਸਭ ਤੋਂ ਵੱਧ ਭਾਰਤੀਆਂ ਨੂੰ ਟਾਰਗੇਟ ਕੀਤਾ ਗਿਆ ਹੈ। ਭਾਰਤੀਆਂ ਖਿਲਾਫ਼ ਨਸਲੀ ਹਮਲੇ, ਨਫਰਤੀ ਅਪਰਾਧ ਅਤੇ ਹੋਰ ਹਮਲਿਆਂ 'ਚ ਤੇਜ਼ੀ ਨਾਲ ਵਾਧਾ ਦੇਖਣ ਨੂੰ ਮਿਲਿਆ ਹੈ। ਭਾਰਤੀਆਂ ਦੀ ਔਸਤ ਆਮਦਨ ਇੱਕ ਲੱਖ ਡਾਲਰ ਪ੍ਰਤੀ ਸਾਲ ਹੈ ਜਦਕਿ ਅਮਰੀਕੀਆਂ ਦੀ ਆਮਦਨ ਸਿਰਫ਼ 75 ਹਜ਼ਾਰ ਡਾਲਰ ਹੈ। ਅਮਰੀਕਾ ਦੀ ਫਾਰਚੂਨ-500 ਵਿੱਚ ਸ਼ਾਮਲ 60 ਕੰਪਨੀਆਂ ਦੇ ਸੀਈਓ ਭਾਰਤੀ ਹਨ। ਸ਼ਾਇਦ ਇਹੀ ਕਾਰਨ ਹੈ ਕਿ ਅਮਰੀਕੀ ਭਾਰਤੀਆਂ ਦੀ ਤਰੱਕੀ ਨੂੰ ਬਰਦਾਸ਼ਤ ਨਹੀਂ ਕਰਦੇ। ਪਿਛਲੇ ਕੁਝ ਸਾਲਾਂ ਵਿਚ ਅਮਰੀਕਾ ਪੁੱਜ ਰਹੇ ਭਾਰਤੀਆਂ ਦੀ ਗਿਣਤੀ ਗੈਰ-ਸਾਧਾਰਨ ਦਰ ਨਾਲ ਵਧੀ ਹੈ। ਅਮਰੀਕਾ ਵਿਚ ਭਾਰਤੀ ਵਿਦਿਆਰਥੀਆਂ ਦੇ ਦਾਖ਼ਲਿਆਂ ਦੀ ਦਰ ਅਕਾਦਮਿਕ ਵਰ੍ਹੇ 2022-23 ਵਿਚ 35 ਪ੍ਰਤੀਸ਼ਤ ਵਧੀ ਹੈ ਤੇ ਅਗਲੇ ਸਾਲ ਤੱਕ ਇਹ ਗਿਣਤੀ ਇਸ ਮਾਮਲੇ ਵਿਚ ਚੀਨੀਆਂ ਨੂੰ ਪਿੱਛੇ ਛੱਡ ਦੇਵੇਗੀ। ਪ੍ਰਤੀਸ਼ਤ ਦੇ ਪੱਖ ਤੋਂ ਦੇਖਿਆ ਜਾਵੇ ਤਾਂ 2024 ਦੇ ਸ਼ੁਰੂ ਤੋਂ ਹੁਣ ਤੱਕ ਭਾਰਤੀ ਮੂਲ ਦੇ ਅੱਧੀ ਦਰਜਨ ਤੋਂ ਵਧ ਵਿਦਿਆਰਥੀਆਂ ਤੇ ਕਰਮਚਾਰੀਆਂ ਦੀਆਂ ਮੌਤਾਂ ਡਾਢੀ ਚਿੰਤਾ ਦਾ ਵਿਸ਼ਾ ਹਨ।

ਵ੍ਹਾਈਟ ਹਾਊਸ ਨੇ ਪਿਛਲੇ ਹਫ਼ਤੇ ਇਕ ਉਚੇਚੇ ਬਿਆਨ ਵਿਚ ਭਰੋਸਾ ਦਿਵਾਇਆ ਸੀ ਕਿ ਅਮਰੀਕਾ ਦੇ ਰਾਸ਼ਟਰਪਤੀ ਜੋਅ ਬਾਇਡਨ ਦਾ ਪ੍ਰਸ਼ਾਸਨ ਭਾਰਤੀਆਂ ਉਤੇ ਹਮਲਿਆਂ ਨੂੰ ਰੋਕਣ ਲਈ 'ਬਹੁਤ ਸਖ਼ਤੀ' ਨਾਲ ਕੰਮ ਕਰ ਰਿਹਾ ਹੈ। ਰਾਸ਼ਟਰਪਤੀ ਬਾਇਡਨ ਦਾ ਇਹ ਬਿਆਨ ਅਮਰੀਕਾ 'ਚ ਤੇਜ਼ੀ ਨਾਲ ਵਧ ਰਹੇ ਭਾਰਤੀ ਭਾਈਚਾਰੇ ਦੇ ਮੈਂਬਰਾਂ ਦੀਆਂ ਗੈਰ-ਕੁਦਰਤੀ ਮੌਤਾਂ ਹੋਣ ਤੋਂ ਬਾਅਦ ਆਇਆ ਸੀ। ਵ੍ਹਾਈਟ ਹਾਊਸ ਦੇ ਤਰਜਮਾਨ ਨੇ ਕਿਹਾ, "ਹਿੰਸਾ ਲਈ ਕੋਈ ਬਹਾਨਾ ਨਹੀਂ ਬਣਾਇਆ ਜਾ ਸਕਦਾ, ਨਸਲ ਜਾਂ ਲਿੰਗ ਜਾਂ ਧਰਮ ਦੇ ਆਧਾਰ ਉਤੇ ਤਾਂ ਹਿੰਸਾ ਬਿਲਕੁਲ ਵੀ ਬਰਦਾਸ਼ਤ ਨਹੀਂ ਕੀਤੀ ਜਾ ਸਕਦੀ।"

ਤਾਜ਼ਾ ਮੀਡੀਆ ਰਿਪੋਰਟਾਂ ਅਨੁਸਾਰ ਅਮਰੀਕਾ ਦੇ ਅਲਬਾਮਾ ਵਿੱਚ ਇੱਕ ਗੁਰਦੁਆਰੇ ਦੇ ਬਾਹਰ ਬਿਜਨੌਰ ਦੇ ਰਹਿਣ ਵਾਲੇ 29 ਸਾਲਾ ਸਿੱਖ ਰਾਜ ਸਿੰਘ ਦੀ ਗੋਲੀ ਮਾਰ ਕੇ ਹੱਤਿਆ ਕਰ ਦਿੱਤੀ ਗਈ। ਜਦੋਂ ਉਹ ਗੁਰਦੁਆਰੇ ਦੇ ਬਾਹਰ ਖੜ੍ਹਾ ਸੀ ਤਾਂ ਅਣਪਛਾਤੇ ਹਮਲਾਵਰਾਂ ਨੇ ਉਸ ਦੇ ਨੇੜੇ ਆ ਕੇ ਉਸ ਦੇ ਪੇਟ ਵਿਚ ਗੋਲੀ ਮਾਰ ਦਿੱਤੀ, ਜਿਸ ਨਾਲ ਉਸ ਦੀ ਮੌਤ ਹੋ ਗਈ।ਰਾਜ ਸਿੰਘ, ਜਿਸਨੂੰ ਗੋਲਡੀ ਵੀ ਕਿਹਾ ਜਾਂਦਾ ਹੈ, ਇੱਕ ਸਿੱਖ ਸੰਗੀਤਕਾਰ ਸੀ ਅਤੇ ਇੱਕ ਕੀਰਤਨੀ ਜਥੇ ਦਾ ਮੈਂਬਰ ਸੀ। ਪਿਛਲੇ ਕੁਝ ਸਮੇਂ ਤੋਂ ਅਮਰੀਕਾ ਵਿਚ ਭਾਰਤੀ ਮੂਲ ਦੇ ਲੋਕਾਂ 'ਤੇ ਨਸਲੀ ਹਮਲਿਆਂ ਦੀਆਂ ਵਧਦੀਆਂ ਘਟਨਾਵਾਂ ਚਿੰਤਾ ਦਾ ਵਿਸ਼ਾ ਬਣੀਆਂ ਹੋਈਆਂ ਹਨ।







### ਅਮਰਨਾਥ ਘੋਸ਼

27 ਫਰਵਰੀ ਨੂੰ ਕੋਲਕਾਤਾ ਦੇ ਭਾਰਤੀ ਕਲਾਸੀਕਲ ਡਾਂਸਰ ਅਮਰਨਾਥ ਘੋਸ਼ ਦੀ ਅਮਰੀਕਾ ਦੇ ਮਿਸੌਰੀ ਦੇ ਸੇਂਟ ਲੁਈਸ ਵਿੱਚ ਗੋਲੀ ਮਾਰ ਕੇ ਹੱਤਿਆ ਕਰ ਦਿੱਤੀ ਗਈ ਸੀ। ਉਹ ਸੇਂਟ ਲੁਈਸ ਵਿੱਚ ਵਾਸ਼ਿੰਗਟਨ ਯੂਨੀਵਰਸਿਟੀ ਤੋਂ ਡਾਂਸ ਵਿੱਚ ਮਾਸਟਰ ਆਫ਼ ਫਾਈਨ ਆਰਟਸ ਦੀ ਪੜ੍ਹਾਈ ਕਰ ਰਿਹਾ ਸੀ। ਘੋਸ਼ ਭਰਤਨਾਟਿਅਮ ਅਤੇ ਕੁਚੀਪੁੜੀ ਨ੍ਰਿਤ ਸ਼ੈਲੀਆਂ ਦਾ ਮਾਹਿਰ ਸੀ ਅਤੇ ਚੇਨਈ ਵਿੱਚ ਕਲਾ ਖੇਤਰ ਅਕੈਡਮੀ ਦਾ ਸਾਬਕਾ ਵਿਦਿਆਰਥੀ ਸੀ। ਇਸ ਘਟਨਾ ਦਾ ਭਾਰਤ ਸਰਕਾਰ ਨੇ ਸਖ਼ਤ ਨੋਟਿਸ ਲਿਆ ਹੈ ਅਤੇ ਅਮਰੀਕੀ ਏਜੰਸੀਆਂ ਨੂੰ ਮਾਮਲੇ ਦੀ ਜਾਂਚ ਕਰਕੇ ਇਨਸਾਫ਼ ਦੀ ਮੰਗ ਕੀਤੀ ਹੈ। ਭਾਰਤੀ ਸੀਰੀਅਲ ਅਭਿਨੇਤਰੀ ਦੇਵੋਲੀਨਾ ਭੱਟਾਚਾਰੀਆਜੀ ਨੇ ਐਕਸ ਦੇ ਜ਼ਰੀਏ ਇਸ ਘਟਨਾ ਦੀ ਜਾਣਕਾਰੀ ਦਿੱਤੀ, ਕਿਉਂਕਿ ਅਮਰਨਾਥ ਦੇਵੋਲੀਨਾ ਦਾ ਚੰਗਾ ਦੋਸਤ ਸੀ। ਦੇਵੋਲੀਨਾ ਨੇ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਅਤੇ ਵਿਦੇਸ਼ ਮੰਤਰੀ ਐੱਸ. ਜੈਸ਼ੰਕਰ ਤੋਂ ਵੀ ਮਦਦ ਮੰਗੀ ਹੈ।

### ਪ੍ਰਵੀਨ ਰਾਓਜੀਭਾਈ ਪਟੇਲ

ਅਮਰੀਕਾ ਦੇ ਅਲਬਾਮਾ ਵਿੱਚ ਇੱਕ ਮੋਟਲ ਦੇ ਕਮਰੇ ਦੇ ਕਿਰਾਏ ਨੂੰ ਲੈ ਕੇ ਹੋਏ ਝਗੜੇ ਦੌਰਾਨ ਭਾਰਤੀ ਮੂਲ ਦੇ 76 ਸਾਲਾ ਮੋਟੇਲ ਮਾਲਕ ਪ੍ਰਵੀਨ ਰਾਓਜੀਭਾਈ ਪਟੇਲ ਦੀ ਗੋਲੀ ਮਾਰ ਕੇ ਹੱਤਿਆ ਕਰ ਦਿੱਤੀ ਗਈ। ਇਹ ਘਟਨਾ 8 ਫਰਵਰੀ ਨੂੰ ਸ਼ੈਫੀਲਡ ਦੇ ਹਿਲਕ੍ਰੈਸਟ ਮੋਟਲ ਵਿੱਚ ਵਾਪਰੀ, ਜਦੋਂ ਵਿਲੀਅਮ ਮੂਰ ਨਾਮ ਦੇ ਇੱਕ ਗਾਹਕ ਨੇ ਪਟੇਲ ਦੀ ਛਾਤੀ ਵਿੱਚ ਦੋ ਵਾਰ ਗੋਲੀ ਮਾਰੀ, ਜਿਸ ਨਾਲ ਉਸ ਦੀ ਮੌਤ ਹੋ ਗਈ।

ਪੁਲਿਸ ਨੇ ਮੂਰ ਨੂੰ ਇੱਕ ਬੰਦ ਘਰ ਵਿੱਚ ਲੁਕਣ ਦੀ ਕੋਸ਼ਿਸ਼ ਕਰਦੇ ਹੋਏ ਫੜਿਆ ਅਤੇ ਉਸ ਕੋਲੋਂ ਇੱਕ ਹਥਿਆਰ ਬਰਾਮਦ ਕੀਤਾ। ਏਸ਼ੀਅਨ ਅਮਰੀਕਨ ਹੋਟਲ ਓਨਰਜ਼ ਐਸੋਸੀਏਸ਼ਨ ਨੇ ਇਸ ਘਟਨਾ ਦੀ ਸਖ਼ਤ ਨਿੰਦਾ ਕੀਤੀ ਅਤੇ ਦਸਿਆ ਕਿ ਪਟੇਲ 40 ਸਾਲਾਂ ਤੋਂ ਵੱਧ ਸਮੇਂ ਤੋਂ ਆਪਣੇ ਪਰਿਵਾਰ ਨਾਲ ਸ਼ਹਿਰ ਵਿੱਚ ਰਹਿ ਰਿਹਾ ਸੀ।

### ਸਈਅਦ ਮਜ਼ਹਿਰ ਅਲੀ

ਅਮਰੀਕਾ ਦੀ ਇੰਡੀਆਨਾ ਵੇਸਲੀਅਨ ਯੂਨੀਵਰਸਿਟੀ ਵਿਚ ਮਾਸਟਰ ਡਿਗਰੀ ਕਰ ਰਹੇ ਭਾਰਤੀ ਮੂਲ ਦੇ ਸਈਅਦ ਮਜ਼ੀਰ ਅਲੀ 'ਤੇ 4 ਫਰਵਰੀ ਨੂੰ ਸ਼ਿਕਾਗੋ ਵਿਚ ਹਮਲਾ ਕਰਕੇ ਲੁੱਟ ਲਿਆ ਗਿਆ ਸੀ। ਘਟਨਾ ਸੀਸੀਟੀਵੀ ਫੁਟੇਜ ਵਿੱਚ ਕੈਦ ਹੋ ਗਈ, ਜਿਸ ਵਿੱਚ ਦੇਖਿਆ ਜਾ ਸਕਦਾ ਹੈ ਕਿ ਜਦੋਂ ਅਲੀ ਆਪਣੇ ਘਰ ਵਾਪਸ ਆ ਰਿਹਾ ਸੀ ਤਾਂ ਕੁਝ ਹਮਲਾਵਰਾਂ ਵੱਲੋਂ ਉਸ ਦਾ ਪਿੱਛਾ ਕੀਤਾ ਜਾ ਰਿਹਾ ਸੀ। ਘਟਨਾ ਤੋਂ ਬਾਅਦ ਅਲੀ ਦਾ ਇੱਕ ਵੀਡੀਓ ਵੀ ਵਾਇਰਲ ਹੋਇਆ, ਜਿਸ ਵਿੱਚ ਅਲੀ ਨੂੰ ਮਦਦ ਮੰਗਦਿਆਂ ਅਤੇ ਇਹ ਕਹਿੰਦੇ ਹੋਏ ਸੁਣਿਆ ਜਾ ਸਕਦਾ ਹੈ ਕਿ ਚਾਰ ਵਿਅਕਤੀਆਂ ਨੇ ਉਸਦਾ ਪਿੱਛਾ ਕੀਤਾ, ਹਮਲਾ ਕੀਤਾ ਅਤੇ ਉਸਨੂੰ ਲੁੱਟ ਲਿਆ। ਅਲੀ ਨੂੰ ਹਮਲਾਵਰਾਂ ਨੇ 'ਲੱਤਾਂਆ ਅਤੇ ਮੁੱਕਿਆਂ' ਨਾਲ ਮਾਰਿਆ ਸੀ। ਹਮਲੇ ਤੋਂ ਬਾਅਦ ਹੈਦਰਾਬਾਦ ਦੀ ਰਹਿਣ ਵਾਲੀ ਅਲੀ ਦੀ ਪਤਨੀ ਰਕੁਲੀਆ ਰਿਜ਼ਵੀ ਨੇ ਵਿਦੇਸ਼ ਮੰਤਰੀ ਐੱਸ. ਜੈਸ਼ੰਕਰ ਅਤੇ ਭਾਰਤ ਸਰਕਾਰ ਤੋਂ ਮਦਦ ਦੀ ਮੰਗ ਕੀਤੀ ਹੈ।

### ਵਿਵੇਕ ਤਨੇਜਾ

41 ਸਾਲਾ ਭਾਰਤੀ ਮੂਲ ਦੇ ਵਿਵੇਕ ਤਨੇਜਾ ਦੀ ਵਾਸ਼ਿੰਗਟਨ, ਅਮਰੀਕਾ ਵਿੱਚ ਇੱਕ ਰੈਸਟੋਰੈਂਟ ਦੇ ਬਾਹਰ ਹੋਈ ਲੜਾਈ ਦੌਰਾਨ ਹੋਏ ਹਮਲੇ ਤੋਂ ਬਾਅਦ ਦਰਦਨਾਕ ਮੌਤ ਹੋ ਗਈ। ਇਹ ਘਟਨਾ 2 ਫਰਵਰੀ ਨੂੰ ਵਾਪਰੀ, ਜਦੋਂ ਵਿਵੇਕ ਦੀ ਕਿਸੇ ਅਣਪਛਾਤੇ ਵਿਅਕਤੀ ਨਾਲ ਹੋਈ ਤਕਰਾਰ ਲੜਾਈ ਵਿਚ ਬਦਲ ਗਈ। ਜਿਸ ਤੋਂ ਬਾਅਦ ਉਸ ਅਣਪਛਾਤੇ ਵਿਅਕਤੀ ਨੇ ਵਿਵੇਕ ਦੇ ਸਿਰ 'ਤੇ ਵਾਰ ਕਰ ਦਿੱਤਾ, ਜਿਸ ਕਾਰਨ ਵਿਵੇਕ ਸੜਕ 'ਤੇ ਡਿੱਗ ਗਿਆ। ਵਿਵੇਕ ਨੂੰ ਤੁਰੰਤ ਹਸਪਤਾਲ ਲਿਜਾਇਆ ਗਿਆ, ਪਰ ਉਸ ਦੀ ਹਾਲਤ ਵਿਗੜ ਗਈ ਅਤੇ 5 ਦਿਨ ਬਾਅਦ 7 ਫਰਵਰੀ ਨੂੰ ਉਸ ਦੀ ਮੌਤ ਹੋ ਗਈ। ਪੁਲਿਸ ਵਿਵੇਕ ਦੀ ਮੌਤ ਨੂੰ ਕਤਲ ਮੰਨ ਰਹੀ ਹੈ। ਤੁਹਾਨੂੰ ਦੱਸ ਦੇਈਏ ਕਿ ਵਿਵੇਕ ਡਾਇਨਾਮੋ ਟੈਕਨਾਲੋਜੀ ਦੇ ਸਹਿ-ਸੰਸਥਾਪਕ ਅਤੇ ਪ੍ਰਧਾਨ ਸਨ, ਜੋ ਸਰਕਾਰੀ ਕੰਟਰੈਕਟਿੰਗ ਵਿੱਚ ਰਣਨੀਤਕ ਪਹਿਲਕਦਮੀਆਂ ਦੀ ਅਗਵਾਈ ਕਰ ਰਹੇ ਸਨ।

### ਸ਼੍ਰੇਅਸ ਰੈਡੀ ਬੇਨੀਗੇਰੀ

ਅਮਰੀਕਾ ਦੇ ਓਹੀਓ ਵਿਚ ਭਾਰਤੀ ਮੂਲ ਦਾ 19 ਸਾਲਾ ਵਿਦਿਆਰਥੀ ਸ਼੍ਰੇਅਸ ਰੈਡੀ ਬੇਨੀਗੇਰੀ ਮ੍ਰਿਤਕ ਪਾਇਆ ਗਿਆ। ਉਹ ਸਿਨਸਿਨਾਟੀ ਯੂਨੀਵਰਸਿਟੀ ਦੇ ਲਿੰਡਨਰ ਸਕੂਲ ਆਫ਼ ਬਿਜ਼ਨਸ ਦਾ ਵਿਦਿਆਰਥੀ ਸੀ।

ਅਮਰੀਕਾ ਜਾਣ ਤੋਂ ਪਹਿਲਾਂ, ਉਸਨੇ ਪਿਲਾਨੀ ਦੇ ਬਿਰਲਾ ਇੰਸਟੀਚਿਊਟ ਆਫ ਟੈਕਨਾਲੋਜੀ ਐਂਡ ਸਾਇੰਸ, ਤੋਂ ਮਕੈਨੀਕਲ ਇੰਜੀਨੀਅਰਿੰਗ ਵਿੱਚ ਬੈਚਲਰ ਦੀ ਡਿਗਰੀ ਪੂਰੀ ਕੀਤੀ ਸੀ। ਪੁਲਿਸ ਅਧਿਕਾਰੀਆਂ ਨੇ ਉਸ ਦੀ ਮੌਤ ਵਿੱਚ ਕਿਸੇ ਵੀ ਤਰ੍ਹਾਂ ਦੀ ਸਾਜਿਸ਼ ਹੋਣ ਤੋਂ ਇਨਕਾਰ ਕੀਤਾ ਹੈ। ਨਿਊਯਾਰਕ ਸਥਿਤ ਭਾਰਤੀ ਦੂਤਾਵਾਸ ਨੇ ਸ਼੍ਰੇਅਸ ਦੀ ਮੌਤ 'ਤੇ ਸੋਗ ਪ੍ਰਗਟ ਕੀਤਾ ਹੈ ਅਤੇ ਸ਼੍ਰੇਅਸ ਦੇ ਪਰਿਵਾਰ ਨੂੰ ਪੂਰੀ ਸਹਾਇਤਾ ਦੇਣ ਦਾ ਭਰੋਸਾ ਦਿੱਤਾ ਹੈ।

### ਨੀਲ ਆਚਾਰੀਆ

ਅਮਰੀਕਾ ਦੀ ਪਰਡਿਊ ਯੂਨੀਵਰਸਿਟੀ ਵਿੱਚ ਪੜ੍ਹਦਾ 19 ਸਾਲਾ ਭਾਰਤੀ ਵਿਦਿਆਰਥੀ ਨੀਲ ਆਚਾਰੀਆ ਇਸ ਸਾਲ ਜਨਵਰੀ ਦੇ ਅਖੀਰ ਵਿੱਚ ਯੂਨੀਵਰਸਿਟੀ ਕੈਂਪਸ ਵਿੱਚ ਮ੍ਰਿਤਕ ਪਾਇਆ ਗਿਆ ਸੀ। ਉਸ ਦੇ ਲਾਪਤਾ ਹੋਣ ਤੋਂ ਬਾਅਦ ਉਸ ਦੇ ਸਰੀਰ ਦੀ ਜਾਂਚ ਕੀਤੀ ਗਈ ਅਤੇ ਫੋਰੈਂਸਿਕ ਜਾਂਚ ਵਿਚ ਉਸ ਦੇ ਸਰੀਰ 'ਤੇ ਹਮਲੇ ਦੇ ਕੋਈ ਨਿਸ਼ਾਨ ਨਹੀਂ ਮਿਲੇ। ਨੀਲ ਕੰਪਿਊਟਰ ਸਾਇੰਸ ਅਤੇ ਡੇਟਾ ਸਾਇੰਸ ਵਿੱਚ ਮਾਹਿਰ ਸੀ ਅਤੇ ਆਪਣੀ ਅਕਾਦਮਿਕ ਪ੍ਰਤਿਭਾ ਅਤੇ ਖੋਜ ਹੁਨਰ ਲਈ ਜਾਣਿਆ ਜਾਂਦਾ ਸੀ। ਨੀਲ ਦੇ ਲਾਪਤਾ ਹੋਣ ਤੋਂ ਬਾਅਦ, ਉਸਦੀ ਮਾਂ ਨੇ ਐਕਸ (ਪਹਿਲਾਂ ਟਵਿੱਟਰ) 'ਤੇ ਟਵੀਟ ਕਰਕੇ ਵਿਦੇਸ਼ ਮੰਤਰਾਲੇ ਅਤੇ ਨਿਊਯਾਰਕ ਸਥਿਤ ਭਾਰਤੀ ਦੂਤਾਵਾਸ ਤੋਂ ਸਹਾਇਤਾ ਮੰਗੀ ਸੀ।

### ਵਿਵੇਕ ਸੈਣੀ

25 ਸਾਲਾ ਭਾਰਤੀ ਵਿਦਿਆਰਥੀ ਵਿਵੇਕ ਸੈਣੀ ਦੀ ਲਿਥੋਨੀਆ, ਜਾਰਜੀਆ ਵਿੱਚ ਇੱਕ ਭਿਆਨਕ ਘਟਨਾ ਵਿੱਚ ਦਰਦਨਾਕ ਮੌਤ ਹੋ ਗਈ। ਹਰਿਆਣਾ ਦੇ ਭਗਵਾਨਪੁਰ ਪਿੰਡ ਦਾ ਰਹਿਣ ਵਾਲਾ ਸੈਣੀ ਅਮਰੀਕਾ ਦੀ ਅਲਾਬਾਮਾ ਯੂਨੀਵਰਸਿਟੀ ਤੋਂ ਐਮਬੀਏ ਕਰ ਰਿਹਾ ਸੀ ਅਤੇ ਇੱਕ ਡਿਪਾਰਟਮੈਂਟਲ ਸਟੋਰ ਵਿੱਚ ਪਾਰਟ ਟਾਈਮ ਕੰਮ ਵੀ ਕਰ ਰਿਹਾ ਸੀ। ਇਹ ਘਟਨਾ 16 ਜਨਵਰੀ ਦੀ ਹੈ, ਜਦੋਂ ਸੈਣੀ ਨੇ ਇੱਕ ਬੇਘਰ ਵਿਅਕਤੀ ਜੂਲੀਅਨ ਫਾਕਨਰ ਨੂੰ ਸਟੋਰ ਵਿੱਚ ਪਨਾਹ ਦੇਣ ਤੋਂ ਇਨਕਾਰ ਕਰ ਦਿੱਤਾ ਜਦੋਂ ਉਹ ਸਟੋਰ ਬੰਦ ਕਰ ਰਿਹਾ ਸੀ। ਸੈਣੀ ਨੇ ਫਾਕਨਰ ਨੂੰ ਖਾਣਾ ਦਿੱਤਾ ਅਤੇ ਉਸ ਨੂੰ ਚਲੇ ਜਾਣ ਲਈ ਕਿਹਾ, ਪਰ ਉਹ ਸਟੋਰ ਦੇ ਬਾਹਰ ਬੈਠ ਗਿਆ। ਜਦੋਂ ਉਸਨੇ ਸਟੋਰ ਵਿੱਚ ਦਾਖਲ ਹੋਣ ਦੀ ਕੋਸ਼ਿਸ਼ ਕੀਤੀ ਤਾਂ ਸੈਣੀ ਨੇ ਉਸਨੂੰ ਅੰਦਰ ਨਾ ਦਿੱਤਾ । ਜਿਸ ਨਾਲ ਉਹ ਗੁੱਸੇ ਵਿੱਚ ਆ ਗਿਆ। ਸੀਸੀਟੀਵੀ ਵਿਚ ਰਿਕਾਰਡ ਹੋਏ ਹਮਲੇ ਵਿਚ ਫਾਕਨਰ ਨੇ ਸੈਣੀ 'ਤੇ ਹਥੌੜੇ ਨਾਲ ਕਰੀਬ 50 ਵਾਰ ਹਮਲਾ ਕੀਤਾ, ਜਿਸ ਕਾਰਨ ਸੈਣੀ ਦੀ ਮੌਕੇ 'ਤੇ ਹੀ ਦਰਦਨਾਕ ਮੌਤ ਹੋ ਗਈ।

# ਬਹੁਤ ਚੇਤੇ ਆਉਂਦੀ ਹੈ ਆਕਾਸ਼ਵਾਣੀ ਦੀ ਪੁਰਾਣੀ ਉਰਦੂ ਸਰਵਿਸ

ਗੁਰਪ੍ਰੀਤ ਸਿੰਘ ਬਿਲਿੰਗ
7508698066

ਆਲ ਇੰਡੀਆ ਰੇਡੀਓ ਯਾਨਿ ਏ੍ਹ ਨੂੰ ਹੁਣ ਪੂਰੀ ਤਰਾਂ ਦਫਤਰੀ ਤੌਰ ਤੇ ਆਕਾਸ਼ਵਾਣੀ ਕਿਹਾ ਜਾਣ ਲੱਗ ਪਿਆ ਹੈ। ਆਕਾਸ਼ਵਾਣੀ ਸਰਕਾਰੀ ਦਖਲ ਹੇਠ ਚਲਣ ਵਾਲੀ ਸੰਸਥਾ ਹੈ, ਭਾਵੇਂ ਆਕਾਸ਼ਵਾਣੀ ਅਤੇ ਦੂਰਦਰਸ਼ਨ ਨੂੰ ਚਲਾਉਣ ਲਈ ਪ੍ਰਸਾਰ ਭਾਰਤੀ ਨਾਂ ਦੀ ਇਕ ਆਜ਼ਾਦ ਬਾਡੀ ਬਣਾਈ ਗਈ ਹੈ। ਇਹ ਵੀ ਜੱਗ ਜਾਹਰ ਹੈ ਕਿ ਭਾਰਤ ਚ ਆਕਾਸ਼ਵਾਣੀ ਤੇ ਦੂਰਦਰਸ਼ਨ ਕਦੇ ਵੀ ਸਰਕਾਰੀ ਦਖਲ ਤੋਂ ਆਜ਼ਾਦ ਨਹੀਂ ਰਹੇ ਅਤੇ ਨਾ ਸਨ। ਪਰ 2014 ਤੋਂ ਬਾਅਦ ਦਖਲਅੰਦਾਜ਼ੀ ਜਿਆਦਾ ਵੱਧ ਗਈ। ਫਿਰ ਆਇਆ ਕਰੋਨਾ ਕਾਲ। ਫਿਰ ਤਾਂ ਸਰਕਾਰ ਨੂੰ ਮੌਕਾ ਮਿਲ ਗਿਆ ਆਕਾਸ਼ਵਾਣੀ ਦੇ ਮੀਡੀਅਮ ਵੇਵ, ਸ਼ਾਰਟਵੇਵ ਚੈਨਲ ਬੰਦ ਕਰਨ ਦਾ। ਕਰੋਨਾ ਕਾਲ ਕਾਰਨ ਜਿੱਥੇ ਸ਼ਾਰਟਵੇਵ ਤੋਂ ਵਿਵਿਧ ਭਾਰਤੀ, ਰਾਤਰੀ ਰਾਸ਼ਟਰੀਆ ਸੇਵਾ ਤੇ ਉਰਦੂ ਸਰਵਿਸ ਨੂੰ ਖਤਮ ਕਰ ਦਿੱਤੀ ਗਈ, ਉਥੇ ਹੀ ਸਦਾ ਲਈ ਰਾਤਰੀ ਰਾਸ਼ਟਰੀਆ ਸੇਵਾ ਮੁਕੰਮਲ ਤੌਰ ਤੇ ਬੰਦ ਕਰ ਦਿੱਤੀ ਗਈ। ਪੰਜਾਬ ਚ ਆਕਾਸ਼ਵਾਣੀ ਜਲੰਧਰ ਬੀ ਦਾ ਦੇਸ਼ ਪੰਜਾਬ ਦੇ ਪ੍ਰੋਗਰਾਮ 702 ਟ੍ਰਾਂਸਮੀਟਰ ਤੋਂ ਬੰਦ ਕਰ ਦਿੱਤੇ ਗਏ ਅਤੇ ਐਪ ਤੇ ਚਲਾ ਦਿੱਤਾ ਗਏ। ਲਗਦਾ ਹੈ ਭਾਰਤ ਚ ਆਕਾਸ਼ਵਾਣੀ ਤੇ ਭਿਆਨਕ ਕਾਲ ਮੰਡਰਾ ਰਿਹਾ ਹੈ। ਸਭ ਤੋਂ ਵੱਡੀ ਫਿਕਰ ਐ ਕਿ ਕਿਧਰੇ ਸਾਰੇ ਟ੍ਰਾਂਸਮੀਟਰ ਹੀ ਬੰਦ ਨਾ ਕਰ ਦੇਣ ਅਤੇ ਐਪ ਦਾ ਪ੍ਰਚਾਰ ਕਰਕੇ ਸੁਰਖਰੂ ਹੋ ਜਾਣ। ਫਿਕਰ ਤਾਂ ਕਰਨੀ ਬਣਦੀ ਹੈ। ਆਖਰ ਨੂੰ ਆਕਾਸ਼ਵਾਣੀ ਤੇ ਦੂਰਦਰਸ਼ਨ ਲੋਕ ਪ੍ਰਸਾਰਕ ਹੈ ਭਾਰਤ ਦਾ ਬੀਬੀਸੀ ਵਾਂਗ

ਗੱਲ ਚੱਲ ਰਹੀ ਹੈ ਆਕਾਸ਼ਵਾਣੀ ਦੇ ਉਰਦੂ ਚੈਨਲ ਦੀ। ਇਹ ਚੈਨਲ ਹੁਣ 1071 ਮੀਡੀਮਵੇਵ ਤੇ ਚਲਦਾ ਹੈ, ਜਿਸ ਦਾ ਪ੍ਰਸਾਰਨ ਦਿੱਲੀ, ਹਰਿਆਣੇ, ਯੂ ਪੀ, ਪੰਜਾਬ, ਪਾਕਿਸਤਾਨੀ ਪੰਜਾਬ ਅਤੇ ਜੰਮੂ ਕਸ਼ਮੀਰ ਚ ਰੇਡੀਓ ਤੇ ਨਹੀਂ ਆਉਂਦਾ, ਕਿਉਂ ਦੂਰ ਗੁਜਰਾਤ ਦੇ ਰਾਜਕੋਟ ਚ ਇਸ ਲਈ ਟ੍ਰਾਂਸਮੀਟਰ ਲਾਇਆ ਹੋਇਆ। ਨਾ ਹੀ ਬਾਕੀ ਉਤਰੀ ਭਾਰਤ ਚ ਕੋਈ ਟ੍ਰਾਂਸਮੀਟਰਹੈ। ਗੁਜਰਾਤ ਚ ਟ੍ਰਾਂਸਮੀਟਰ ਲਗਾਉਣਾ ਸਮਝ ਨਹੀਂ ਆਉਂਦਾ। ਕਿਉਂਕੀ ਉਰਦੂ ਤੇ ਪੰਜਾਬੀ ਨੂੰ ਨਾ ਕੋਈ ਗੁਜਰਾਤ ਚ ਪਸੰਦ ਕਰਦਾ ਹੈ ਤੇ ਪਰਲੇ ਪਾਸੇ ਸਿੰਧ ਚ। ਜੇ ਆਕਾਸ਼ਵਾਣੀ ਦੇ ਅਧਿਕਾਰੀਆਂ ਨੂੰ ਇਸ ਬਾਬਤ ਕਿਹਾ ਜਾਵੇ ਤਾਂ ਉਹ ਅੱਗੋ ਸਰੋਤੇ ਤੇ ਹੱਸ ਕੇ ਕਹਿੰਦੇ ਹਨ ਕਿ ਅੱਜ ਕੱਲ੍ਹ ਰੇਡੀਓ ਕੌਣ ਸੁਣਦਾ ਹੈ! ਐਪ ਤੇ ਨੈਟ ਨਾਲ ਸੁਣੋ। ਐਪ ਤੇ ਸੁਣਨ ਲਈ ਇਕ ਆਮ ਭਾਰਤੀ ਨੂੰ ਖਾਸੀ ਮੋਟੀ ਰਕਮ ਲਗਾਉਣੀ ਪੈਣੀ ਹੈ ਤੇ ਮਹੀਨੇ ਦਾ ਇੰਟਰਨੈੱਟ ਅਲੱਗ।

ਹੁਣ ਗੱਲ ਕਰਦੇ ਹਾਂ ਐਪ ਜਾਂ ਡੀ ਟੀ ਐਚ ਤੇ ਆ ਰਹੀ ਉਰਦੂ ਸਰਵਿਸ ਦੀ। ਸਵੇਰ, ਦੁਪਹਿਰ, ਸ਼ਾਮ ਦੇ ਤਿੰਨ ਟੋਟਿਆਂ ਚ ਆਉਂਦੀ ਹੈ, ਜਦੋਂ ਕਿ ਭਾਰਤੀ ਭਾਸ਼ਾ ਹੋਣ ਦੇ ਨਾਤੇ ਇਸ ਦੀ ਬਰਾਡਕਾਸਟਿੰਗ ਵਿਵਿਧ ਭਾਰਤੀ ਵਾਂਗ 24 ਦੀ ਹੋਣੀ ਚਾਹੀਦੀ ਹੈ। ਚਲੋਂ ਜੋ ਹੈ, ਉਹ ਵੀ ਕੁਝ ਖਾਸ ਨਹੀਂ। ਪਹਿਲਾਂ ਸਵੇਰੇ ਸੂਰਜ ਕੇ ਸਾਥ ਸਾਥ ਆਉਂਦਾ ਸੀ ਤੇ ਹੁਣ ਕੇਂਦਰ ਦੀਆਂ ਹਿੰਦੀ ਅੰਗਰੇਜੀ ਦੀਆਂ ਖਬਰਾਂ। ਨਾ ਹੀ ਕੋਈ ਨਵਾਂ ਪ੍ਰੋਗਰਾਮ ਸੁਣਾਇਆ ਜਾਂਦਾ ਹੈ। ਉਹੀ ਰਿਪੀਟ ਉਰਦੂ ਨਾਟਕ, ਦਿੱਲੀ ਕੇਂਦਰ ਦਾ ਮਨੀ ਮੰਤਰਾ ਜਾਂ ਫਿਰ ਹਿੰਦੀ ਸਪਾਂਸਰ ਪ੍ਰੋਗਰਾਮ। ਹੋਣਾ ਤਾਂ ਇਹ ਚਾਹੀਦਾ ਸੀ ਕਿ ਨਿੱਤ ਨਵੇਂ ਪ੍ਰੋਗਰਾਮ ਪਹਿਲਾਂ ਦੀ ਤਰਾਂ ਸੁਣਾਏ ਜਾਂਦੇ, ਪਰ ਅਫਸੋਸ। ਮੀਡੀਆ ਰਿਪੋਰਟਾਂ ਦੀਆਂ ਮੰਨੀਏ ਤਾਂ ਇਹ ਗੱਲ ਸਾਹਮਣੇ ਆ ਰਹੀ ਹੈ ਕਿ ਉਰਦੂ ਸਰਵਿਸ ਕੋਲ ਨਵੇਂ ਪ੍ਰੋਗਰਾਮ ਬਣਾਉਣ ਲਈ ਫੰਡ ਨਹੀਂ। ਫੰਡ ਕਿਸ ਨੇ ਦੇਣੇ ਹਨ ਇਹ ਹਰ ਨੌਜਵਾਨ ਜਾਣਦਾ ਹੈ। ਪ੍ਰੋਗਰਾਮਾਂ ਦੀ ਕਮੀ ਚ ਗੈਰ ਉਰਦੂ ਪ੍ਰੋਗਰਾਮ ਚਲਾਏ ਜਾ ਰਹੇ ਹਨ ਜਾਂ ਗੀਤ। ਲਗਦਾ ਹੈ ਕਿ ਉਰਦੂ ਸਰਵਿਸ ਬੰਦ ਹੋਣ ਕਿਨਾਰੇ ਹੈ। ਅਜਿਹਾ ਹੋਣਾ ਉਰਦੂ ਭਾਸ਼ਾ ਅਤੇ ਸ਼ਰੋਤਿਆਂ ਲਈ ਖਤਰਨਾਕ ਸਿੱਧ ਹੋ ਸਕਦਾ ਹੈ।

ਪਹਿਲਾਂ ਦੁਪਹਿਰ ਦੀ ਉਰਦੂ ਸੇਵਾ ਚ ਵੀ ਵੰਨ ਸੁਵੰਨੇ ਪ੍ਰੋਗਰਾਮ ਹੁੰਦੇ ਸੀ। ਅੱਜ ਉਨਾਂ ਦੀ ਥਾਂ ਹਿੰਦੀ ਰਿਕਾਰਡ ਪ੍ਰੋਗਰਾਮ, ਗੀਤ ਸੰਗੀਤ ਤੇ ਅੰਤ ਚ ਉਰਦੂ ਖਬਰਾਂ ਬਸ। ਉਹ ਪੁਰਾਣੇ ਦਿਨ ਵੀ ਬਹੁਤ ਯਾਦ ਆਉਂਦੇ ਹਨ, ਜਦੋਂ ਟਿਕੀ ਗਰਮ ਦੁਪਹਿਰ ਚ ਡੇਕ ਹੇਠ ਬਹਿ ਕੇ ਉਰਦੂ ਸਰਵਿਸ ਸੁਣਦੇ ਸੀ। ਇਕ ਰੇਡੀਓ ਦਾ ਪ੍ਰੋਗਰਾਮ ਮੇਰੀ ਪਸੰਦ ਹੋਇਆ ਕਰਦਾ ਸੀ।

ਜੇ ਸ਼ਾਮ ਦੀ ਗੱਲ ਕਰੀਏ। ਇਸ ਸਮੇਂ ਕੋਈ ਉਰਦੂ ਸਰਵਿਸ ਨਹੀਂ ਚਲਦੀ। ਸਰਕਾਰੀ ਬਾਬੂ ਸ਼ਾਮ 5 ਵਜੇ ਛੁੱਟੀ ਕਰ ਜਾਂਦੇ ਹਨ। ਫਿਰ ਆਉਂਦੇ ਹਨ ਰਾਤ 9 ਵਜੇ। ਸ਼ੁਰੂ ਚ ਖਬਰਾਂ ਲੈ ਕੇ। ਫਿਰ ਘਸੇ ਪਿਟੇ ਪ੍ਰੋਗਰਾਮ ਪੇਸ਼ ਹੁੰਦੇ ਹਨ। ਹਿੰਦੀ ਵਾਲੇ। ਰਾਤ ਨੂੰ ਜੋ ਕਦੇ ਕਦੇ ਰੇਡੀਓ ਫੀਚਰ ਜਾਂ ਨਾਟਕ ਸੁਣਾਉਂਦੇ ਹਨ, ਉਸ ਦੀ ਆਵਾਜ਼ ਦੀ ਗੁਣਵਤਾ ਸਹੀ ਨਹੀਂ ਹੁੰਦੀ। ਰਾਤ ਦਾ ਈਮੇਲ ਤੇ ਆਧਾਰਿਤ ਤਾਮਿਲ ਏ ਅਰਸ਼ਾਦ ਪ੍ਰੋਗਰਾਮ ਭਾਵੇਂ ਥੋੜਾ ਬਹੁਤਾ ਸਹੀ ਹੈ, ਪਰ ਇਕ ਪ੍ਰੋਗਰਾਮ ਤੇ ਇਕ ਰੇਡੀਓ ਚੈਨਲ ਕਦੋਂ ਤੱਕ ਜਿਊਂਦਾ ਰਹਿ ਪਾਵੇਗਾ । ਗੀਤਾਂ ਦੀ ਚੋਣ ਵੀ ਸਹੀ ਨਹੀ ਰਹੀ। ਜੋ ਹੋਣੀ ਚਾਹੀਦੀ ਹੈ।

ਕਰੋਨਾ ਕਾਲ ਤੋਂ ਪਹਿਲਾਂ ਡੀ ਟੀ ਐਚ ਤੇ ਲਗਾਤਾਰ 18+ ਘੰਟੇ ਦੀ ਉਰਦੂ ਸਰਵਿਸ ਕਰ ਦਿੱਤੀ ਗਈ ਸੀ। ਹੁਣ ਤਾਂ ਫੰਡਾਂ ਦੀ ਕਮੀ ਅਤੇ ਉਡਦੀਆਂ ਖਬਰਾਂ ਤੋਂ ਲਗਦਾ ਹੈ ਕਿ ਆਕਾਸ਼ਵਾਣੀ ਉਰਦੂ ਸਰਵਿਸ ਚੈਨਲ ਕਿਧਰੇ ਬੰਦ ਹੀ ਨਾ ਹੋ ਜਾਵੇ। ਆਕਾਸ਼ਵਾਣੀ ਦਿੱਲੀ ਬੀ ਰਾਜਧਾਨੀ ਪਹਿਲਾਂ ਹੀ ਬੰਦ ਕਰ ਦਿੱਤਾ ਗਿਆ ਹੈ। ਭਾਜਪਾ ਮੋਦੀ ਸਰਕਾਰ ਰੇਡੀਓ ਨੂੰ ਐਨਾਲਾਗ ਟ੍ਰਾਂਸਮੀਟਰਾਂ ਤੋਂ ਖਤਮ ਕਰਨ ਲਈ ਕਾਹਲੀ ਹੈ। ਐਫ ਐਮ ਚੈਨਲ 70 ਕਿਲੋਮੀਟਰ ਤੱਕ ਹੀ ਜਾ ਪਾਉਂਦੇ ਹਨ। ਬਿਨਾਂ ਮੀਡੀਮਵੇਵ ਤੇ ਸ਼ਾਰਟਵੇਵ ਬੈਂਡ ਸਿਗਨਲ ਤੋਂ ਬਿਹਾਰ, ਝਾਰਖੰਡ, ਉੜੀਸਾ, ਮੱਧ ਪ੍ਰਦੇਸ਼ ਦੇ ਦੂਰ ਦੁਰਾਡੇ ਦੇ ਲੋਕ ਰੇਡੀਓ ਦੇ ਮਨੋਰੰਜਨ ਤੋਂ ਸੱਖਣੇ ਹੋ ਜਾਣਗੇ। ਅਸਲ ਹੋ ਹੀ ਗਏ ਹਨ। ਉਨਾਂ ਦੀ ਕੋਈ ਸਾਰ ਨਹੀਂ ਲੈ ਰਿਹਾ। ਅਜਿਹੇ ਇਲਾਕਿਆਂ ਚ ਹਾਲੇ ਤਾਂ ਮੋਬਾਇਲ ਰੇਂਜ ਹੀ ਸਹੀਂ ਤਰੀਕੇ ਨਾਲ ਨਹੀਂ ਪਹੁੰਚ ਪਾਈ। ਉਨਾ ਮੋਬਾਇਲ ਤੇ ਐਪ ਕਿਥੋਂ ਚਲਾਉਣੀ। ਇਸੇ ਲਈ ਭਾਰਤ ਚ ਰੇਡੀਓ, ਟ੍ਰਾਂਸਮੀਟਰ ਪ੍ਰਸਾਰਣ ਅਤੇ ਉਰਦੂ ਸਰਵਿਸ ਵਰਗੇ ਚੈਨਲ ਬਚਾਉਣ ਦੀ ਸਖ਼ਤ ਜ਼ਰੂਰਤ ਹੈ। ਸਰਕਾਰ ਦੀਆਂ ਅੱਖਾਂ ਖੋਲ੍ਹਣ ਦੀ ਜ਼ਰੂਰਤ ਹੈ। ਇਸ ਲਈ ਲੋਕ ਕਹਿੰਦੇ ਹਨ ਕਿ ਮੀਡੀਮਵੇਵ ਬੈਂਡ ਰੇਡੀਓ ਦੀ ਮਿਆਰੀ ਉਰਦੂ ਸਰਵਿਸ ਬਹੁਤ ਯਾਦ ਆਉਂਦੀ ਹੈ। ਭਾਰਥ ਸਰਕਾਰ ਰੇਡੀਓ ਤੇ ਉਰਦੂ ਸਰਵਿਸ ਨੂੰ ਬਚਾਉਣ ਲਈ ਫੰਡ ਜਾਰੀ ਕਰੇ ਤੇ ਗੰਭੀਰ ਹੋ ਕੇ ਕੰਮ ਕਰੇ। ਬਹੁਤ ਯਾਦ ਆਉਂਦੀ ਹੈ ਪੁਰਾਣੀ ਉਰਦੂ ਸਰਵਿਸ

# ਪੰਜਾਬੀ ਸਾਹਿਤ ਅਕਾਡਮੀ ਲੁਧਿਆਣਾ ਦੀ ਚੋਣ ਵਿੱਚ ਸਭ ਤੋਂ ਵੱਧ ਵੋਟਾਂ ਨਾਲ ਜਿੱਤਣ ਵਾਲੇ ਡਾ. ਹਰੀ ਸਿੰਘ ਜਾਚਕ ਨਾਲ ਗੱਲਬਾਤ

**ਪਿਛਲੇ ਦਿਨੀਂ ਪੰਜਾਬੀ ਸਾਹਿਤ ਅਕਾਡਮੀ ਲੁਧਿਆਣਾ ਦੀ ਚੋਣ ਵਿੱਚ ਸਤਿਕਾਰ ਯੋਗ ਸੂਝਵਾਨ ਸਿਆਣੇ ਵੋਟਰ ਸਾਹਿਬਾਨ ਨੇ ਵੋਟਾਂ ਪਾ ਕੇ ਡਾ. ਸਰਬਜੀਤ ਸਿੰਘ ਪੈਨਲ ਦੇ ਜ਼ਿਆਦਾਤਰ ਸੇਵਾਦਾਰਾਂ ਨੂੰ ਭਾਰੀ ਬਹੁਮਤ ਨਾਲ ਜਿਤਾਇਆ। ਇਨ੍ਹਾਂ ਜੇਤੂ ਉਮੀਦਵਾਰਾਂ ਵਿੱਚ ਪ੍ਰਬੰਧਕੀ ਬੋਰਡ ਮੈਂਬਰ ਡਾ. ਹਰੀ ਸਿੰਘ ਜਾਚਕ ਲੁਧਿਆਣਾ ਨੂੰ ਸਭ ਤੋਂ ਵੱਧ 510 ਵੋਟਾਂ ਮਿਲੀਆਂ।**

ਅੱਜ ਪੰਜਾਬੀ ਸਾਹਿਤ ਅਕਾਡਮੀ ਦੇ ਦਫ਼ਤਰ ਪੰਜਾਬੀ ਭਵਨ ਵਿਖੇ ਅਕਾਡਮੀ ਦੇ ਜਨਰਲ ਸਕੱਤਰ ਡਾ. ਗੁਲਜ਼ਾਰ ਸਿੰਘ ਪੰਧੇਰ ਨੂੰ ਦਫ਼ਤਰ ਵਿੱਚ ਬਿਠਾਉਣ ਦੀ ਰਸਮ ਅਦਾ ਕੀਤੀ ਗਈ ਜਿਸ ਵਿੱਚ ਸੁਰਿੰਦਰ ਕੈਲੇ ਸਾਬਕਾ ਸੀਨੀਅਰ ਮੀਤ ਪ੍ਰਧਾਨ, ਡਾ. ਹਰੀ ਸਿੰਘ ਜਾਚਕ ਪ੍ਰਬੰਧਕੀ ਬੋਰਡ ਮੈਂਬਰ, ਕੁਲਦੀਪ ਸਿੰਘ ਬੇਦੀ ਮੁੱਖ ਚੋਣ ਅਧਿਕਾਰੀ, ਜਨਮੇਜਾ ਸਿੰਘ ਜੌਹਲ, ਤਰਲੋਚਨ ਝਾਂਡੇ, ਮਨਦੀਪ ਕੌਰ ਭੰਵਰਾ, ਸੁਰਜੀਤ ਸਿੰਘ ਲਾਂਬੜਾ, ਪ੍ਰਿੰਸੀਪਲ ਇੰਦਰਜੀਤ ਕੌਰ, ਬਲਵਿੰਦਰ ਗਲੈਕਸੀ, ਦਫ਼ਤਰ ਇੰਚਾਰਜ ਤੇ ਪ੍ਰਸਿੱਧ ਸਾਹਿਤਕਾਰਾ ਸੁਰਿੰਦਰ ਕੌਰ ਦੀਪ ਅਤੇ ਹੋਰ ਸੱਜਣ



ਸ਼ਾਮਲ ਹੋਏ।

ਇਸ ਮੌਕੇ ਤੇ ਗੱਲਬਾਤ ਕਰਦਿਆਂ ਡਾ. ਹਰੀ ਸਿੰਘ ਜਾਚਕ ਮੈਂਬਰ ਪ੍ਰਬੰਧਕੀ ਬੋਰਡ, ਚੀਫ਼ ਕੋਲੈਬੋਰੇਟਰ ਗੁਰੂ ਗੋਬਿੰਦ ਸਿੰਘ ਸਟੱਡੀ ਸਰਕਲ ਤੇ ਚੇਅਰਮੈਨ ਪਰਮਦੀਪ ਸਿੰਘ ਦੀਪ ਵੈਲਫੇਅਰ ਸੋਸਾਇਟੀ ਨੇ ਸਮੂਹ ਵੋਟਰ ਸਾਹਿਬਾਨ ਅਤੇ ਪਤਵੰਤੇ ਸੱਜਣਾਂ ਦਾ ਧੰਨਵਾਦ ਕਰਦਿਆਂ ਕਿਹਾ ਕਿ ਡਾ. ਸੁਖਦੇਵ ਸਿੰਘ ਸਿਰਸਾ ਦੀ ਅਗਵਾਈ ਵਿੱਚ ਚੋਣ ਕਮੇਟੀ ਵਲੋਂ ਵਿਦਵਾਨ ਲੇਖਕਾਂ ਦੀ ਉਮੀਦਵਾਰਾਂ ਵਜੋਂ ਚੋਣ ਕੀਤੀ ਗਈ ਅਤੇ




ਜ਼ੋਰਦਾਰ ਮੁਹਿੰਮ ਚਲਾਈ ਗਈ ਅਤੇ ਸਾਰੇ ਪੰਜਾਬ ਤੇ ਹਰਿਆਣਾ ਵਿੱਚ ਘਰ ਘਰ ਜਾ ਕੇ ਸੰਪਰਕ ਕੀਤਾ। ਡਾ. ਕੁਲਦੀਪ ਸਿੰਘ ਦੀਪ ਨੇ ਇਸ ਮੁਹਿੰਮ ਵਿੱਚ ਧੁਰਾ ਬਣ ਕੇ ਪ੍ਰਚਾਰ ਵਿੱਚ ਵੱਡਾ ਯੋਗਦਾਨ ਪਾਇਆ। ਵਿਦਵਾਨ ਲੇਖਕਾਂ ਵੱਲੋਂ ਕੀਤੀਆਂ ਭਾਵਪੂਰਤ ਅਪੀਲਾਂ ਨੇ ਸੋਨੇ ਤੇ ਸੁਹਾਗੇ ਵਾਲਾ ਕੰਮ ਕੀਤਾ। ਸਾਰੇ ਉਮੀਦਵਾਰਾਂ ਨੇ ਹੀ ਦਿਨ ਰਾਤ ਇਕ ਕੀਤੀ ਰੱਖਿਆ ਅਤੇ ਵੋਟਰ ਸਾਹਿਬਾਨ ਨੇ ਸੋਚ ਸਮਝ ਕੇ ਵੋਟਾਂ ਰਾਹੀਂ ਮਾਣ ਬਖ਼ਸ਼ਿਆ।

ਉਨਾਂ ਅੱਗੇ ਦੱਸਿਆ ਕਿ ਦੋਵੇਂ ਪੈਨਲਾਂ ਵਲੋਂ ਜੇਤੂ ਉਮੀਦਵਾਰਾਂ ਦੀਆਂ ਮਾਂ ਬੋਲੀ ਦੀ ਸੇਵਾ ਲਈ ਜਿੰਮੇਵਾਰੀਆਂ ਹੋਰ ਵੀ ਵਧ ਗਈਆਂ ਹਨ ਅਤੇ ਸੂਝਵਾਨ ਸਿਆਣੇ ਵਿਦਵਾਨ ਡਾ ਸਰਬਜੀਤ ਸਿੰਘ ਦੀ ਅਗਵਾਈ ਵਿੱਚ ਇਹ ਸਾਰੇ ਅਹੁਦੇਦਾਰ ਅਤੇ ਮੈਂਬਰ ਸਾਹਿਬਾਨ ਪੂਰੀ ਇਮਾਨਦਾਰੀ ਤੇ ਤਨਦੇਹੀ ਨਾਲ ਲਗਾਈਆਂ ਜਾਣ ਵਾਲੀਆਂ ਜ਼ਿੰਮੇਵਾਰੀਆਂ ਨਿਭਾਉਣ ਲਈ ਸਿਰਤੋੜ ਯਤਨ ਕਰਨਗੇ ।

# ਭਗਵੰਤ ਮਾਨ ਕਾਰਣ ਵਿਧਾਨ ਸਭਾ ਵਿਚ ਬਹਿਸ ਤੇ ਮਰਿਆਦਾ ਦਾ ਮਿਆਰ ਡਿਗਿਆ

✪ ਭਗਵੰਤ ਮਾਨ ਵਲੋਂ ਸਪੀਕਰ ਨੂੰ ਇੱਕ ਲਿਫਾਫਾਬੰਦ ਤਾਲਾ ਭੇਟ ਕਰਨ ਬਾਅਦ ਬਾਜਵਾ ਤੇ ਹੋਰਨਾਂ ਨਾਲ ਨਾਲ ਤਿੱਖੀ ਬਹਿਸ ✪ ਅਕਾਲੀ ਦਲ, ਬਸਪਾ ਦੇ ਵਿਧਾਇਕ ਚੁਪਚਾਪ ਸਿਆਸੀ ਡਰਾਮਾ ਦੇਖਦੇ ਰਹੇ

ਚੰਡੀਗੜ੍ਹ-ਪੰਜਾਬ ਵਿਧਾਨ ਸਭਾ ਦੇ ਬਜਟ ਇਜਲਾਸ ਦੌਰਾਨ ਰਾਜਪਾਲ ਪੰਜਾਬ ਦੇ ਭਾਸ਼ਣ ’ਤੇ ਬਹਿਸ ਦੌਰਾਨ ਮੁੱਖ ਮੰਤਰੀ ਨੇ ਸਦਨ ਦੀ ਕਾਰਵਾਈ ਤੇ ਮਰਿਆਦਾ ਦਾ ਮਿਆਰ ਡੇਗਣ ਵਿਚ ਇਕ ਨਵਾਂ ਕੀਰਤੀਮਾਨ ਹੀ ਸਥਾਪਤ ਕਰ ਦਿੱਤਾ। ਮੁੱਖ ਮੰਤਰੀ ਨੇ ਇਜਲਾਸ ਦੌਰਾਨ ਵਿਰੋਧੀ ਮੈਂਬਰਾਂ ਨੂੰ ਸ਼ਿਸਟਾਚਾਰ ਤੋਂ ਡਿਗੀਆਂ ਟਿੱਚਰਾਂ ਕੀਤੀਆਂ, ਤੇ ਧਮਕੀਆਂ ਵੀ ਦਿੱਤੀਆਂ। ਰਾਜਪਾਲ ਦੇ ਭਾਸ਼ਣ ’ਤੇ ਬਹਿਸ ਦਾ ਜਵਾਬ ਦਿੰਦਿਆਂ ਮੁੱਖ ਮੰਤਰੀ ਭਗਵੰਤ ਮਾਨ ਨੇ ਪੰਜਾਬ ਦੇ ਅਸਲ ਮੁੱਦਿਆਂ ਚੰਡੀਗੜ੍ਹ, ਦਰਿਆਈ ਪਾਣੀ, ਨਸ਼ੇ, ਅਮਨ ਕਾਨੂੰਨ, ਕਿਸਾਨੀ ਦੀਆਂ ਮੁਸ਼ਕਲਾਂ ਅਤੇ ਸੂਬੇ ਦੀ ਵਿੱਤੀ ਸਥਿਤੀ ਜਾਂ ਕੇਂਦਰ ਵਲੋਂ ਰੋਕੇ ਹੋਏ ਫ਼ੰਡਾਂ ਨੂੰ ਉਠਾਉਣ ਦੀ ਲੋੜ ਨਹੀਂ ਸਮਝੀ। ਮੁੱਖ ਮੰਤਰੀ ਨੇ ਕਾਂਗਰਸੀ ਮੈਂਬਰਾਂ ਨੂੰ ਸਰਦਾਰਾਂ ਦੇ ਕਾਕੇ ਤੇ ਆਪਣੇ ਆਪ ਨੂੰ ਗਰੀਬਾਂ ਦੇ ਬੱਚੇ ਦੱਸਦਿਆਂ ਸਦਨ ਵਿਚ ਲਿਆਂਦੇ ਦੋ ਜਿੰਦਰਿਆਂ ’ਵਿਚੋਂ ਇਕ ਸਪੀਕਰ ਕੁਲਤਾਰ ਸਿੰਘ ਸੰਧਵਾਂ ਨੂੰ ਭੇਜਦਿਆਂ ਕਿਹਾ ਕਿ ਇਹ ਜਿੰਦਰਾ ਵਿਰੋਧੀ ਧਿਰ ਵਾਲੇ ਪਾਸੇ ਲਗਾ ਦਿੱਤਾ ਜਾਵੇ ਤਾਂ ਜੋ ਵਿਰੋਧੀ ਧਿਰ ਮੇਰਾ ਭਾਸ਼ਣ ਸੁਣਨ ਤੋਂ ਪਹਿਲਾਂ ਦੌੜ ਨਾ ਸਕੇ, ਜਦੋਂ ਕਿ ਉਨ੍ਹਾਂ ਕਿਹਾ ਕਿ ਦੂਸਰਾ ਜਿੰਦਰਾ ਮੈਂ ਆਪਣੇ ਸਰਕਾਰੀ ਮੈਂਬਰਾਂ ਵਾਲੇ ਗੇਟ ਲਈ ਲੈ ਕੇ ਆਇਆ ਹਾਂ। ਮੁੱਖ ਮੰਤਰੀ ਦੇ ਇਸ ਰਵੱਈਏ ਨੂੰ ਲੈ ਕੇ ਵਿਰੋਧੀ ਧਿਰ ਤਲਖ਼ ਹੋ ਗਈ ਅਤੇ ਨਾਅਰੇਬਾਜ਼ੀ ਸ਼ੁਰੂ ਕਰ ਦਿੱਤੀ।

ਤਾਲੇ ਦੇ ਮਾਮਲੇ ’ਤੇ ਮੁੱਖ ਮੰਤਰੀ ਅਤੇ ਵਿਰੋਧੀ ਧਿਰ ਦੇ ਨੇਤਾ ਪ੍ਰਤਾਪ ਸਿੰਘ ਬਾਜਵਾ ਦਰਮਿਆਨ ਤਲਖ਼ੀ ਏਨੀ ਵਧ ਗਈ ਕਿ ਦੋਵਾਂ ਧਿਰਾਂ ਵਿੱਚ ਨੌਬਤ ਹੱਥੋਪਾਈ ਤੱਕ ਪਹੁੰਚ ਗਈ। ਬਾਜਵਾ ਨੇ ਸਵਾਲ ਕੀਤਾ ਕਿ ਕੀ ਸਪੀਕਰ ਨੂੰ ਤਾਲਾ ਲਗਾਉਣ ਦਾ ਅਧਿਕਾਰ ਹੈ। ਇਸ ਮਗਰੋਂ ਵਿਰੋਧੀ ਧਿਰ ਨੇ ਸਪੀਕਰ ਦੇ ਆਸਣ ਅੱਗੇ ਆ ਕੇ ਨਾਅਰੇਬਾਜ਼ੀ ਸ਼ੁਰੂ ਕਰ ਦਿੱਤੀ। ਹਾਲਾਂਕਿ, ਸਪੀਕਰ ਸੰਧਵਾਂ ਨੇ ਸਪਸ਼ਟ ਕੀਤਾ ਕਿ ਤਾਲਾ ਇੱਕ ਸੰਕੇਤਕ ਇਸ਼ਾਰਾ ਹੈ ਕਿ ਵਿਰੋਧੀ ਧਿਰ ਸਦਨ ਦੀ ਕਾਰਵਾਈ ਵਿਚ ਸ਼ਾਮਲ ਹੋਵੇ।

ਬਾਜਵਾ ਨੇ ਜਦ ਹੋਰ ਤਲਖੀ ਦਿਖਾਈ ਤਾਂ ਮੁੱਖ ਮੰਤਰੀ ਨੇ ਕਿਹਾ, “ਮਿਸਟਰ ਬਾਜਵਾ, ਅੱਖਾਂ ਵਿਚ ਅੱਖਾਂ ਪਾ ਕੇ ਗੱਲ ਕਰੋ।” ਉਨ੍ਹਾਂ ਕਿਹਾ ਕਿ ਉਹ ਤਾਂ ਰਾਤ ਨੂੰ ਦੋ-ਦੋ ਵਜੇ ਤੱਕ ਕਿਸਾਨਾਂ ਨਾਲ ਮੀਟਿੰਗ ਕਰਦੇ ਹਨ, ਤੁਹਾਨੂੰ ਕੀ ਪਤੈ ਕਿ ਗ਼ਰੀਬੀ ਕੀ ਹੁੰਦੀ ਹੈ। ਬਾਜਵਾ ਨੇ ਕਿਹਾ ਕਿ ਪੰਜਾਬ ਦੀਆਂ ਸੜਕਾਂ ‘ਤੇ ਸ਼ਰੇਆਮ ਗੋਲੀਆਂ ਚੱਲ ਰਹੀਆਂ ਹਨ ਇਸਦੇ ਜਵਾਬ ਵਿੱਚ ਮਾਨ ਨੇ ਕਿਹਾ ਕਿ ਗੋਲੀਆਂ ਤਾਂ ਕੈਪਟਨ ਦੀ ਸਰਕਾਰ ਵੇਲੇ ਵੀ ਚੱਲੀਆਂ ਸਨ।

ਮਾਨ ਨੇ ਬਾਜਵਾ ਨੂੰ ਕਿਹਾ ਕਿ ਜਿਸ ਤਰ੍ਹਾਂ ਤੁਸੀਂ ਗੱਲ ਕਰਦੇ ਹੋ, ਉਹ ਹੈ ਤੁਹਾਡੇ ਅੰਦਰਲਾ ਹੰਕਾਰ ਹੈ। ਉਨ੍ਹਾਂ ਨੇ ਕਿਹਾ ਕਿ ਪੰਜਾਬ ਦੇ 70 ਫੀਸਦੀ ਕਾਂਗਰਸ ਭਾਜਪਾ ਵਿੱਚ ਸ਼ਾਮਲ ਹੋ ਚੁੱਕੇ ਹਨ। ਉਨ੍ਹਾਂ ਕਿਹਾ ਕਿ ਉਨ੍ਹਾਂ ਕੋਲ ਸਾਰੇ ਆਗੂਆਂ ਦੀਆਂ ਫਾਈਲਾਂ ਹਨ।

ਮੁੱਖ ਮੰਤਰੀ ਨੇ ਸੁਖਪਾਲ ਖਹਿਰਾ ਨੂੰ ਚੁਣੌਤੀ ਦਿੱਤੀ ਕਿ ਉਹ ਪੰਜਾਬੀ ਦੇ ਪੇਪਰ ’ਚੋਂ 25 ਨੰਬਰ ਲੈ ਕੇ ਦਿਖਾਉਣ। ਕੈਬਨਿਟ ਮੰਤਰੀ ਕੁਲਦੀਪ ਧਾਲੀਵਾਲ ਨੇ ਵੀ ਬਹਿਸ ਦੌਰਾਨ ਕਿਹਾ ਕਿ ਜਿਵੇਂ ਪਾਣੀ ਤੋਂ ਬਿਨਾਂ ਮੱਛੀ ਤੜਫਦੀ ਹੈ, ਉਵੇਂ ਕਾਂਗਰਸੀ ਕੁਰਸੀ ਤੋਂ ਬਿਨਾਂ ਤੜਫ ਰਹੇ ਹਨ।

ਮੁੱਖ ਮੰਤਰੀ ਨੇ ਕਾਂਗਰਸੀ ਆਗੂ ਨਵਜੋਤ ਸਿੰਘ ਸਿੱਧੂ ਦੀਆਂ ਨਕਲਾਂ ਵੀ ਉਤਾਰੀਆਂ, ਕਾਂਗਰਸ ਦੀ ਅੰਦਰੂਨੀ ਖਹਿਬਾਜ਼ੀ ਦਾ ਵੀ ਜ਼ਿਕਰ ਕੀਤਾ ਅਤੇ ਕਾਂਗਰਸੀ ਮੈਂਬਰਾਂ ਨੂੰ ਸਨਾਵਰਾਂ ਤੇ ਦੂਨ ਵਿਚ ਪੜ੍ਹਨ ਵਾਲੇ ਸਰਦਾਰਾਂ ਦੇ ਕਾਕੇ ਦੱਸਦਿਆਂ ਆਪਣੇ ਆਪ ਤੇ ਆਪਣੇ ਵਿਧਾਇਕਾਂ ਨੂੰ ਗ਼ਰੀਬਾਂ ਦੇ ਮੁੰਡੇ ਵੀ ਦੱਸਿਆ। ਉਨ੍ਹਾਂ ਸਾਬਕਾ ਉਪ ਮੁੱਖ ਮੰਤਰੀ ਸੁਖਜਿੰਦਰ ਸਿੰਘ ਰੰਧਾਵਾ ਨੂੰ ਧਮਕੀ ਦਿੱਤੀ ਕਿ ਮੇਰੇ ਕੋਲ ਅਬੁਲ ਖੁਰਾਨੇ ਦੀ ਫਾਈਲ ਵੀ ਆਈ ਹੋਈ ਹੈ, ਜਿੱਥੇ ਛੱਪੜ ਦੀ ਥਾਂ ’ਤੇ ਮਕਾਨ ਬਣਾਇਆ ਹੋਇਆ ਹੈ। ਉਹ ਰੰਧਾਵਾ ਦੇ ਕਿਸੇ ਰਿਸ਼ਤੇਦਾਰ ਦਾ ਜ਼ਿਕਰ ਕਰ ਰਹੇ ਸਨ ਅਤੇ ਬਾਅਦ ਵਿਚ ਉਨ੍ਹਾਂ ਰੰਧਾਵਾ ਨੂੰ ਬੁਲਾ ਕੇ ਕੋਈ ਕਾਗ਼ਜ਼ ਵੀ ਦਿੱਤੇ। ਕਾਂਗਰਸੀ ਵਿਧਾਇਕ ਸੁਖਵਿੰਦਰ ਸਿੰਘ ਕੋਟਲੀ (ਆਦਮਪੁਰ) ਜੋ ਵਾਰ-ਵਾਰ ਆਮ ਆਦਮੀ ਪਾਰਟੀ ਵਲੋਂ ਦਿੱਤੇ ਭਰੋਸੇ ਦੇ ਬਾਵਜੂਦ ਕਿਸੇ ਦਲਿਤ ਨੂੰ ਉਪ ਮੁੱਖ ਮੰਤਰੀ ਨਾ ਬਣਾਉਣ ਦਾ ਮੁੱਦਾ ਉਠਾ ਰਹੇ ਸਨ, ਨੂੰ ਦੌਰਾ ਪੈਣ ’ਤੇ ਜੁੱਤੀ ਸੁੰਘਾਉਣ ਦੀ ਗੱਲ ਸਾਰਿਆਂ ਨੂੰ ਹੈਰਾਨ ਕਰਨ ਵਾਲੀ ਸੀ।

ਮੁੱਖ ਮੰਤਰੀ ਨੇ ਤਨਜ ਕੀਤਾ ਕਿ ਕਾਂਗਰਸ ਸਰਕਾਰ ਸਮੇਂ ਮਨਪ੍ਰੀਤ ਬਾਦਲ ਦਾ ਖਜ਼ਾਨਾ ਵੀ ਖਾਲੀ ਸੀ ਤੇ ਨੀਅਤ ਵੀ। ਮੁੱਖ ਮੰਤਰੀ ਨੇ ਸੁਖਪਾਲ ਖਹਿਰਾ ਨੂੰ ਨਿਸ਼ਾਨੇ ’ਤੇ ਲੈਂਦਿਆਂ ਸਵਾਲ ਕੀਤਾ ਕਿ ਖਹਿਰਾ ਸਾਹਿਬ ਹੁਣ ਨਵੀਂ ਪਾਰਟੀ ਵਿਚ ਜਾ ਰਹੇ ਹਨ।

ਕਾਂਗਰਸੀ ਮੈਂਬਰ ਕੋਈ ਚਾਰ ਘੰਟੇ ਸਪੀਕਰ ਦੀ ਕੁਰਸੀ ਸਾਹਮਣੇ ਨਾਅਰੇਬਾਜ਼ੀ ਕਰਨ ਤੋਂ ਬਾਅਦ ਸਦਨ ਤੋਂ ਵਾਕਆਊਟ ਕਰ ਗਏ ਅਤੇ ਉਹ ਰਾਜਪਾਲ ਦੇ ਭਾਸ਼ਣ ’ਤੇ ਬਹਿਸ ਅਤੇ ਸਵਾਲਾਂ-ਜਵਾਬਾਂ ਦੇ ਸਮੇਂ ਵਿਚ ਵੀ ਸ਼ਮੂਲੀਅਤ ਨਾ ਕਰ ਸਕੇ। ਸ਼ਾਇਦ ਹੁਕਮਰਾਨ ਧਿਰ ਦੀ ਨੀਤੀ ਵੀ ਇਹੋ ਸੀ। ਸਦਨ ਵਿਚ ਕਾਂਗਰਸੀ ਮੈਂਬਰਾਂ ਨੂੰ ਧੱਕਣ ਤੋਂ ਬਾਅਦ ਨਾਅਰੇਬਾਜ਼ੀ ਜਦੋਂ ਕਮਜ਼ੋਰ ਹੁੰਦੀ ਨਜ਼ਰ ਆਈ ਤੇ ਮੁੱਖ ਮੰਤਰੀ ਉਨ੍ਹਾਂ ਨੂੰ ਆਪਣੀ ਪਾਣੀ ਦੀ ਬੋਤਲ ਦੇ ਕੇ ਨਾਅਰੇ ਤਿੱਖੇ ਕਰਨ ਲਈ ਇਸ਼ਾਰੇ ਕਰਦੇ ਨਜ਼ਰ ਆਏ। ਅਕਾਲੀ ਦਲ ਦੇ ਵਿਧਾਇਕ ਮਨਪ੍ਰੀਤ ਸਿੰਘ ਇਆਲੀ ਨੇ ਕਿਹਾ ਕਿ ਉਹ ਕਿਸਾਨ ਅੰਦੋਲਨ ਦਾ ਸਮਰਥਨ ਕਰਦੇ ਹਨ। ਕਿਸਾਨ ਸ਼ੁਭਕਰਨ ਦੀ ਮੌਤ ਦੇ ਮਾਮਲੇ ਵਿਚ ਹਰਿਆਣਾ ਦੇ ਗ੍ਰਹਿ ਮੰਤਰੀ ਅਨਿਲ ਵਿਜ ਅਤੇ ਹਰਿਆਣਾ ਪੁਲਿਸ ਦੇ ਅਧਿਕਾਰੀਆਂ ਖਿਲਾਫ ਮਾਮਲਾ ਦਰਜ ਕੀਤਾ ਜਾਵੇ। ਰਾਜਪਾਲ ਦੇ ਭਾਸ਼ਣ ਸੰਬੰਧੀ ’ਆਪ’ ਮੈਂਬਰ ਗੁਰਪ੍ਰੀਤ ਸਿੰਘ ਬਣਾਂਵਾਲੀ ਵਲੋਂ ਪੇਸ਼ ਕੀਤੇ ਅਤੇ ਅੰਮ੍ਰਿਤਪਾਲ ਸਿੰਘ ਦੀ ਪ੍ਰੋੜ੍ਹਤਾ ਵਾਲੇ ਧੰਨਵਾਦ ਦੇ ਮਤੇ ’ਤੇ ਮੁੱਖ ਤੌਰ ’ਤੇ ਹੁਕਮਰਾਨ ਧਿਰ ਦੇ ਮੈਂਬਰ ਹੀ ਬੋਲੇ, ਲੇਕਿਨ ਸਦਨ ਵਿਚ ਹਾਜ਼ਰ ਦੋ ਅਕਾਲੀ ਮੈਂਬਰਾਂ ਮਨਪ੍ਰੀਤ ਸਿੰਘ ਇਯਾਲੀ ਤੇ ਸੁਖਵਿੰਦਰ ਸਿੰਘ ਸੁੱਖੀ, ਬਸਪਾ ਮੈਂਬਰ ਨਛੱਤਰਪਾਲ ਅਤੇ ਕਾਂਗਰਸ ਦੇ ਮੁਅੱਤਲ ਮੈਂਬਰ ਸੰਦੀਪ ਜਾਖੜ ਨੇ ਵੀ ਆਪਣੇ ਵਿਚਾਰ ਰੱਖੇ। ਉਨ੍ਹਾਂ ਤੋਂ ਇਲਾਵਾ ਆਜ਼ਾਦ ਮੈਂਬਰ ਰਾਣਾ ਇੰਦਰਪ੍ਰਤਾਪ ਸਿੰਘ ਨੇ ਵੀ ਰਾਜਪਾਲ ਦੇ ਭਾਸ਼ਣ ’ਤੇ ਵਿਚਾਰ ਰੱਖੇ।



## ਬਾਜਵਾ ਵਲੋਂ ਮੁੱਖ ਮੰਤਰੀ ਨੂੰ ਚੋਣ ਲੜਨ ਦੀ ਚੁਣੌਤੀ

ਵਿਰੋਧੀ ਧਿਰ ਦੇ ਨੇਤਾ ਪ੍ਰਤਾਪ ਸਿੰਘ ਬਾਜਵਾ ਵਲੋਂ ਮੁੱਖ ਮੰਤਰੀ ਭਗਵੰਤ ਮਾਨ ਨੂੰ ਸਦਨ ਵਿਚ ਚੁਣੌਤੀ ਦਿੱਤੀ ਗਈ ਕਿ ਆਉਂਦੀਆਂ ਚੋਣਾਂ ਵਿਚ ਤੁਸੀਂ ਆਪਣੀ ਮਰਜ਼ੀ ਦੀ ਸੀਟ ਦੀ ਚੋਣ ਕਰੋ ਤੇ ਮੈਂ ਤੁਹਾਡੇ ਮੁਕਾਬਲੇ ਚੋਣ ਲੜਨ ਲਈ ਤਿਆਰ ਹਾਂ, ਲੇਕਿਨ ਮੁੱਖ ਮੰਤਰੀ ਉਨ੍ਹਾਂ ਦੀ ਚੁਨੌਤੀ ਸੁਣਨ ਤੋਂ ਬਾਅਦ ਚੁੱਪ ਰਹੇ।

## ਮੁੱਖ ਮੰਤਰੀ ਮਾਨ ਸਦਨ ’ਚ ਬਾਜਵਾ ਨੂੰ ਬੋਲੇ-‘ਯਾਰ ਮੇਰਾ ਤਿਤਲੀਆਂ ਵਰਗਾ’

✪ ਕਿਹਾ-ਬਾਜਵਾ ਸਾਹਿਬ ਉਨ੍ਹਾਂ ਦੀ ਕੁਰਸੀ ਉਤੇ ਅੱਧਾ ਘੰਟਾ ਬੈਠ ਕੇ ਫੀਲਿੰਗ ਲੈ ਲੈਣ, ਲੋਕਾਂ ਨੇ ਸਤਾ ਨਹੀਂ ਦੇਣੀ

ਚੰਡੀਗੜ੍ਹ-ਪੰਜਾਬ ਵਿਧਾਨ ਸਭਾ ’ਚ ਮੁੱਖ ਮੰਤਰੀ ਭਗਵੰਤ ਮਾਨ ਨੇ ਪ੍ਰਤਾਪ ਸਿੰਘ ਬਾਜਵਾ ’ਤੇ ਤੰਜ ਕੱਸਦਿਆਂ ਕਿਹਾ ਕਿ ਉਨ੍ਹਾਂ ਨੂੰ ਇਹ ਕੁਰਸੀ ਹੁਣ ਦੁਬਾਰਾ ਨਹੀਂ ਮਿਲਣੀ ਅਤੇ ਉਹ ਬਾਜਵਾ ਸਾਹਿਬ ਨੂੰ ਆਫ਼ਰ ਕਰਦੇ ਹਨ ਕਿ ਬਾਜਵਾ ਸਾਹਿਬ ਅੱਧਾ ਘੰਟਾ ਉਨ੍ਹਾਂ ਨਾਲ ਹੀ ਕੁਰਸੀ ’ਤੇ ਬੈਠ ਜਾਣ। ਉਨ੍ਹਾਂ ਕਿਹਾ ਕਿ ਬਾਜਵਾ ਸਾਹਿਬ ਅੱਧਾ ਘੰਟਾ ਬੈਠ ਕੇ ਫੀਲਿੰਗ ਲੈ ਲਓ, ਲੋਕਾਂ ਨੇ ਨਹੀਂ ਦੇਣੀ। ਮੁੱਖ ਮੰਤਰੀ ਨੇ ਪ੍ਰਤਾਪ ਸਿੰਘ ਬਾਜਵਾ ਨੂੰ ਕਿਹਾ ਕਿ ਯਾਰ ਮੇਰਾ ਤਿੱਤਲੀਆਂ ਵਰਗਾ, ਕਦੇ ਇਸ ਫੁੱਲ ’ਤੇ, ਕਦੇ ਉਸ ਫੁੱਲ ’ਤੇ। ਇਸ ਦੌਰਾਨ ਸਦਨ ਅੰਦਰ ਠਹਾਕੇ ਲੱਗ ਗਏ। ਉਨ੍ਹਾਂ ਕਿਹਾ ਕਿ ਇਹ ਸਾਰੀਆਂ ਤਿਤਲੀਆਂ ਹਨ ਅਤੇ ਇਨ੍ਹਾਂ ਨੇ ਕੱਖ ਨਹੀਂ ਸੁਆਰਿਆ, ਜੇਕਰ ਸੁਆਰਿਆ ਹੁੰਦਾ ਤਾਂ ਸਾਨੂੰ ਆਉਣ ਦੀ ਲੋੜ ਨਾ ਪੈਂਦੀ। ਉਨ੍ਹਾਂ ਕਿਹਾ ਕਿ ਮੇਰੇ ਪਿੱਛੇ ਬੈਠੇ 95 ਫ਼ੀਸਦੀ ਵਿਅਕਤੀਆਂ ਦਾ ਕੋਈ ਸਿਆਸੀ ਤਜੁਰਬਾ ਨਹੀਂ ਸੀ, ਸਗੋਂ ਸਾਨੂੰ ਇਨ੍ਹਾਂ ਕਰਕੇ ਹੀ ਆਉਣਾ ਪਿਆ।

## ਪੰਜਾਬ ਭਾਜਪਾ ਵਲੋਂ ਜਾਖੜ ਦੀ ਅਗਵਾਈ ’ਚ ਵਿਧਾਨ ਸਭਾ ਦੇ ਬਾਹਰ ਪ੍ਰਦਰਸ਼ਨ, ਕਿਸਾਨ ਮੰਗਾਂ ਦਾ ਵਿਰੋਧ

✪ ਕਿਹਾ ਕਿ ਕਾਂਗਰਸ ਨੇ ਕਿਸਾਨ ਸ਼ੁਭਕਰਨ ਮਰਾਇਆ


ਚੰਡੀਗੜ੍ਹ-ਪੰਜਾਬ ਭਾਜਪਾ ਵਲੋਂ ਸੂਬਾ ਪ੍ਰਧਾਨ ਸੁਨੀਲ ਜਾਖੜ ਦੀ ਅਗਵਾਈ ਵਿਚ ਵਿਧਾਨ ਸਭਾ ਬਾਹਰ ਪ੍ਰਦਰਸ਼ਨ ਕੀਤਾ ਗਿਆ। ਭਾਜਪਾ ਦਾ ਵਫ਼ਦ ਕਿਸਾਨੀ ਮਸਲਿਆਂ ਦੀ ਗੱਲਬਾਤ ਲਈ ਵਿਧਾਨ ਸਭਾ ਦੇ ਸਪੀਕਰ ਕੁਲਤਾਰ ਸਿੰਘ ਸੰਧਵਾਂ ਨਾਲ ਮੁਲਾਕਾਤ ਲਈ ਵਿਧਾਨ ਸਭਾ ਗਿਆ ਸੀ ਜਿੱਥੇ ਪੁਲਿਸ ਵਲੋਂ ਭਾਜਪਾ ਦੇ ਵਫ਼ਦ ਨੂੰ ਬਾਹਰ ਹੀ ਰੋਕ ਲਿਆ ਗਿਆ ਅਤੇ ਜਾਖੜ ਦੀ ਅਗਵਾਈ ’ਚ ਭਾਜਪਾ ਆਗੂਆਂ ਨੇ ਉੱਥੇ ਹੀ ਜ਼ਮੀਨ ’ਤੇ ਬੈਠ ਕੇ ਧਰਨਾ ਪ੍ਰਦਰਸ਼ਨ ਸ਼ੁਰੂ ਕਰ ਦਿੱਤਾ। ਤੇ ਇਸ ਦੌਰਾਨ ਭਾਜਪਾ ਆਗੂਆਂ ਅਤੇ ਪੁਲਿਸ ਵਿਚਾਲੇ ਕਾਫ਼ੀ ਬਹਿਸ ਹੋਈ ਜਿਸ ਮਗਰੋਂ ਉਨ੍ਹਾਂ ਨੂੰ ਕਾਫ਼ੀ ਜੱਦੋ-ਜਹਿਦ ਬਾਅਦ ਵਿਧਾਨ ਸਭਾ ’ਚ ਜਾਣ ਦਿੱਤਾ ਗਿਆ ਪਰ ਸਪੀਕਰ ਨੇ ਉਨ੍ਹਾਂ ਨਾਲ ਫਿਰ ਵੀ ਮੁਲਾਕਾਤ ਨਾ ਕੀਤੀ। ਜਾਖੜ ਨੇ ਕਿਹਾ ਕਿ ਭਗਵੰਤ ਮਾਨ ਹਰ ਰੋਜ਼ ਕਾਂਗਰਸ ਨਾਲ ਫਿਕਸ ਮੈਚ ਕਰ ਕੇ ਵਿਧਾਨ ਸਭਾ ਤੋਂ ਨਾ ਭੱਜਣ ਅਤੇ ਵਿਧਾਨ ਸਭਾ ਵਿਚ ਕਿਸਾਨਾਂ ਦੁਆਰਾ ਉਠਾਈਆਂ ਗਈਆਂ ਚਿੰਤਾਵਾਂ ਅਤੇ ਮੁੱਦਿਆਂ ’ਤੇ ਚਰਚਾ ਕਰਨ ਦੀ ਹਿੰਮਤ ਰੱਖਣ। ਉਨ੍ਹਾਂ ਕਿਹਾ ਕਿ ਵਿਧਾਨ ਸਭਾ ਹੀ ਸੂਬੇ ਦੇ ਮਸਲਿਆਂ ਦੇ ਹੱਲ ਲਈ ਸਭ ਤੋਂ ਢੁਕਵਾਂ ਮੰਚ ਹੈ ਅਤੇ ਮੈਂ ਅੱਜ ਇੱਥੇ ਭਗਵੰਤ ਮਾਨ ਅਤੇ ਉਸ ਦੀ ਅਖੌਤੀ ਵਿਰੋਧੀ ਧਿਰ ਕਾਂਗਰਸ ਨੂੰ ਉਨ੍ਹਾਂ ਦਾ ਸੰਵਿਧਾਨਕ ਫ਼ਰਜ਼ ਚੇਤੇ ਕਰਾਉਣ ਆਇਆ ਹਾਂ ਤਾਂ ਜੋ ਪੰਜਾਬ ਦੇ ਲੋਕਾਂ ਨੂੰ ਇਹ ਯਕੀਨ ਦਿਵਾਇਆ ਜਾ ਸਕੇ ਕਿ ਜੇਕਰ 23 ਫ਼ਸਲਾਂ ਦੀ ਐਮ.ਐਸ.ਪੀ ਦੀ ਗਰੰਟੀ ਮਿਲ ਵੀ ਜਾਵੇ ਤਾਂ ਵੀ ਉਨ੍ਹਾਂ ਨੂੰ ਕੀ ਫ਼ਾਇਦਾ ਹੋਵੇਗਾ। ‘ਆਪ’ ਅਤੇ ਕਾਂਗਰਸ ’ਤੇ ਸਿੱਧੇ ਤੌਰ ’ਤੇ ਕਿਸਾਨਾਂ ਨੂੰ ਪ੍ਰਦਰਸ਼ਨ ਲਈ ਸਰਹੱਦ ’ਤੇ ਭੇਜ ਕੇ ਭੜਕਾਉਣ ਦਾ ਦੋਸ਼ ਲਗਾਉਂਦੇ ਹੋਏ ਉਨ੍ਹਾਂ ਕਿਹਾ ਕਿ ਇਸੇ ਕਾਰਨ ਸ਼ੁਭਕਰਨ ਦੀ ਦਰਦਨਾਕ ਮੌਤ ਹੋਈ ਹੈ। ਉਨ੍ਹਾਂ ਕਿਹਾ ਕਿ ਮੁੱਖ ਮੰਤਰੀ ਅਤੇ ਕਾਂਗਰਸ ਇਸ ਗੱਲ ਦਾ ਜਵਾਬ ਦੇਣ ਕਿ ਆਪਣੇ ਸਿਆਸੀ ਲਾਹੇ ਲਈ ਸ਼ੁਭਕਰਨ ਨੂੰ ਕਿਉਂ ਮਰਵਾਇਆ ਗਿਆ ਹੈ। ਉਨ੍ਹਾਂ ਕਿਹਾ ਕਿ ਕੀ ਮੁੱਖ ਮੰਤਰੀ ਨਹੀਂ ਜਾਣਦੇ ਕਿ ਪੰਜਾਬ ਨੂੰ ਕਿਸਾਨਾਂ ਦੁਆਰਾ ਪੈਦਾ ਕੀਤੀ ਕਣਕ ਅਤੇ ਝੋਨੇ ਦੇ ਇਕ ਇਕ ਦਾਣੇ ’ਤੇ ਪੂਰਾ ਸਮਰਥਨ ਮੁੱਲ ਮਿਲਦਾ ਹੈ ਅਤੇ ਸਾਡੇ ਲਈ ਇਨ੍ਹਾਂ ਦੋ ਫ਼ਸਲਾਂ ਤੋਂ ਬਿਨਾਂ ਕੋਈ ਹੋਰ ਫ਼ਸਲ ਲਾਭਕਾਰੀ ਨਹੀਂ ਹੈ। ਉਨ੍ਹਾਂ ਕਿਹਾ ਕਿ ਮੈਂ ਭਗਵੰਤ ਮਾਨ, ਵਿਰੋਧੀ ਧਿਰ ਤੇ ਆਗੂ ਸ. ਪ੍ਰਤਾਪ ਸਿੰਘ ਬਾਜਵਾ ਅਤੇ ਰਾਜਾ ਵੜਿੰਗ ਨੂੰ ਪੁੱਛਣਾ ਚਾਹੁੰਦਾ ਹਾਂ ਕਿ ਉਹ ਦੱਸਣ ਕਿ ਬਾਕੀ ਬਚੀਆਂ 21 ਫ਼ਸਲਾਂ ’ਚੋਂ ਕਿਹੜੀ ਫ਼ਸਲ ਉਗਾਉਣ ਦੇ ਇੱਛੁਕ ਹਨ, ਉਸ ਫ਼ਸਲ ਦਾ ਨਾਮ ਦੱਸੋ ਅਤੇ ਮੈਂ ਤੁਹਾਨੂੰ ਕੇਂਦਰ ਤੋਂ ਉਸ ’ਤੇ ਘੱਟੋ-ਘੱਟ ਸਮਰਥਨ ਮੁੱਲ ਦੀ ਗਾਰੰਟੀ ਦਿਵਾਵਾਂਗਾ।

ਜਾਖੜ ਨੇ ਇਨ੍ਹਾਂ ਆਗੂਆਂ ਨੂੰ ਚੁਣੌਤੀ ਦਿੰਦਿਆਂ ਕਿਹਾ ਕਿ ਉਹ ਕਿਸਾਨਾਂ ਨੂੰ ਸੱਚ ਦੱਸਣ ਦੀ ਹਿੰਮਤ ਰੱਖਣ ਅਤੇ ਆਪਣੀਆਂ ਸਿਆਸੀ ਖ਼ਾਹਿਸ਼ਾਂ ਲਈ ਸ਼ੁਭਕਰਨ ਵਰਗੇ ਨੌਜਵਾਨਾਂ ਨੂੰ ਮਰਨ ਲਈ ਨਾ ਭੇਜਣ। ਜਾਖੜ ਨੇ ਕਿਹਾ ਕਿ ਮੁੱਖ ਮੰਤਰੀ ਨੂੰ ਕਿਸਾਨਾਂ ਨੂੰ ਰਾਜ ਦੀ ਸਰਹੱਦ ਤੋਂ ਵਾਪਸ ਆਉਣ ਅਤੇ ਕੀਨੂੰ ਸਮੇਤ ਹੋਰ ਫਲਾਂ ਅਤੇ ਸਬਜ਼ੀਆਂ ਦੇ ਵਪਾਰ ਨੂੰ ਸੁਚਾਰੂ ਢੰਗ ਨਾਲ ਮੁੜ ਸ਼ੁਰੂ ਕਰਨ ਲਈ ਮਨਾਉਣਾ ਚਾਹੀਦਾ ਹੈ।

# ਮੋਦੀ ਵਾਂਗ ਜੇਤੂ ਮਾਹੌਲ ਨਹੀਂ ਬਣਾ ਸਕਿਆ ਇੰਡੀਆ ਗਠਜੋੜ



**ਅਭੈ ਕੁਮਾਰ ਦੂਬੇ**



ਪ੍ਰਧਾਨ ਮੰਤਰੀ ਨਰਿੰਦਰ ਮੋਦੀ ਵਾਰ-ਵਾਰ ਹਰ ਮੰਚ ਤੋਂ ਦਾਅਵਾ ਕਰ ਰਹੇ ਹਨ ਕਿ ਮਈ ਦੇ ਮਹੀਨੇ ਹੋਣ ਵਾਲੀਆਂ ਲੋਕ ਸਭਾ ਚੋਣਾਂ ਵਿਚ ਉਨ੍ਹਾਂ ਦੀ ਪਾਰਟੀ ਨੂੰ 370 ਸੀਟਾਂ ਮਿਲਣਗੀਆਂ ਅਤੇ ਕੌਮੀ ਲੋਕਤੰਤਰਿਕ ਗੱਠਜੋੜ 400 ਤੋਂ ਪਾਰ ਚਲਾ ਜਾਵੇਗਾ। ਆਪਣੇ ਵਰਕਰਾਂ ਵਿਚ ਜੋਸ਼ ਭਰਨ ਲਈ ਇਸ ਤਰ੍ਹਾਂ ਦੀਆਂ ਗੱਲਾਂ ਠੀਕ ਹਨ, ਪਰ ਇਹ ਇਕ ਤੱਥ ਹੈ ਕਿ ਜਦੋਂ ਤੱਕ ਭਾਜਪਾ ਦੱਖਣ ਭਾਰਤ ਵਿਚ ਜਿੱਤ ਹਾਸਿਲ ਕਰਨ ਲਾਇਕ ਸਮਰਥਨ ਆਧਾਰ ਤਿਆਰ ਨਹੀਂ ਕਰਦੀ, ਉਦੋਂ ਤੱਕ ਇਸ ਤਰ੍ਹਾਂ ਦਾ ਨਤੀਜਾ ਹਾਸਿਲ ਨਹੀਂ ਕਰ ਸਕਦੀ। ਇਸ ਤੋਂ ਪਹਿਲਾਂ ਤਾਂ ਭਾਜਪਾ ਨੂੰ 272 ਸੀਟਾਂ ਲਿਆਉਣਾ ਯਕੀਨੀ ਬਣਾਉਣਾ ਪਵੇਗਾ। ਪਿਛਲੀ ਵਾਰ ਉਸ ਨੇ ਕਰਨਾਟਕ (25), ਤੇਲੰਗਾਨਾ (4), ਪੱਛਮੀ ਬੰਗਾਲ (18), ਬਿਹਾਰ (17), ਝਾਰਖੰਡ (11) ਅਤੇ ਮਹਾਰਾਸ਼ਟਰ (23) ਨੂੰ ਮਿਲਾ ਕੇ 98 ਸੀਟਾਂ ਜਿੱਤੀਆਂ ਸਨ। ਇਨ੍ਹਾਂ ਸੀਟਾਂ ਨੂੰ ਦੁਬਾਰਾ ਜਿੱਤਣਾ ਸੌਖਾ ਸਾਬਿਤ ਨਹੀਂ ਹੋਵੇਗਾ। ਇਨ੍ਹਾਂ ਸੂਬਿਆਂ 'ਚ ਹਾਲਾਤ ਬਦਲ ਚੁੱਕੇ ਹਨ। ਮਹਾਰਾਸ਼ਟਰ ਵਿਚ ਮਹਾਂਵਿਕਾਸ ਅਘਾੜੀ ਭਾਜਪਾ ਦੇ ਗੱਠਜੋੜ ਤੋਂ ਅੱਗੇ ਹੈ। ਬਿਹਾਰ ਵਿਚ ਮਹਾਂਗੱਠਜੋੜ ਕੌਮੀ ਜਮਹੂਰੀ ਗੱਠਜੋੜ (ਐੱਨ.ਡੀ.ਏ.) ਨੂੰ ਸਖ਼ਤ ਟੱਕਰ ਦੇਣ ਜਾ ਰਿਹਾ ਹੈ।

ਝਾਰਖੰਡ ਵਿਚ ਸੋਰੇਨ ਸਰਕਾਰ ਡੇਗਣ ਦੇ ਚੱਕਰ 'ਚ ਭਾਜਪਾ ਮਾਤ ਖਾ ਚੁੱਕੀ ਹੈ। ਬੰਗਾਲ 'ਚ ਮਮਤਾ ਬੈਨਰਜੀ 2019 ਦੇ ਮੁਕਾਬਲੇ ਜ਼ਿਆਦਾ ਚੌਕਸ ਅਤੇ ਤਿਆਰ ਹੈ। ਕਰਨਾਟਕ ਅਤੇ ਤੇਲੰਗਾਨਾ ਵਿਚ ਕਾਂਗਰਸ ਦੀ ਸਰਕਾਰ ਭਾਜਪਾ ਦੀ ਰਾਹ 'ਚ ਬਹੁਤ ਮੁਸ਼ਕਿਲਾਂ ਪੇਸ਼ ਕਰਨ ਵਾਲੀ ਹੈ। ਇਹ ਜ਼ਰੂਰ ਹੈ ਕਿ ਇਸ ਸਭ ਦੇ ਬਾਵਜੂਦ ਉਹ ਵਿਰੋਧੀ ਧਿਰ ਤੋਂ ਬਿਹਤਰ ਸਥਿਤੀ ਵਿਚ ਹੈ।

ਆਖ਼ਰਕਾਰ ਡਿਗਦੇ-ਢਹਿੰਦੇ ਹੀ ਸਹੀ, ਪਰ ਵਿਰੋਧੀ ਧਿਰ ਦੀ ਏਕਤਾ ਆਪਣੇ ਮੁਕਾਮ ਤੱਕ ਪਹੁੰਚਦੀ ਦਿਖਾਈ ਦੇਣ ਲੱਗੀ ਹੈ। ਸੰਭਾਵਨਾ ਇਹ ਹੈ ਕਿ ਉੱਤਰ ਪ੍ਰਦੇਸ਼, ਦਿੱਲੀ, ਬੰਗਾਲ, ਗੁਜਰਾਤ, ਗੋਆ, ਆਸਾਮ, ਮੇਘਾਲਿਆ, ਬਿਹਾਰ ਅਤੇ ਮਹਾਰਾਸ਼ਟਰ 'ਚ ਇਸ ਮਹੀਨੇ ਜਾਂ ਮਾਰਚ ਦੇ ਪਹਿਲੇ ਹਫ਼ਤੇ ਤੱਕ ਕਾਂਗਰਸ, ਸਮਾਜਵਾਦੀ ਪਾਰਟੀ, ਆਮ ਆਦਮੀ ਪਾਰਟੀ, ਤ੍ਰਿਣਮੂਲ ਕਾਂਗਰਸ, ਬਿਹਾਰ ਦੇ ਮਹਾਂਗੱਠਜੋੜ ਅਤੇ ਮਹਾਰਾਸ਼ਟਰ ਦੇ ਮਹਾਂਵਿਕਾਸ ਅਘਾੜੀ ਗੱਠਜੋੜ ਦੀਆਂ ਪਾਰਟੀਆਂ ਵਿਚਾਲੇ ਸੀਟਾਂ ਦਾ ਤਾਲਮੇਲ ਹੋ ਜਾਵੇਗਾ। ਪਿਛਲੀਆਂ ਦੋ ਲੋਕ ਸਭਾ ਚੋਣਾਂ ਦੇ ਲਿਹਾਜ਼ ਨਾਲ ਦੇਖੀਏ ਤਾਂ ਇਸ ਵਾਰ ਇਹ ਇਕ ਨਵੀਂ ਗੱਲ ਹੋਵੇਗੀ। ਭਾਜਪਾ ਦੇ ਖ਼ਿਲਾਫ਼ ਵਿਰੋਧੀ ਧਿਰ ਦੀ ਏਕਤਾ ਦਾ ਸੂਚਕਅੰਕ 2014 ਅਤੇ 2019 'ਚ ਸਿਫ਼ਰ ਸੀ। ਇਸ ਵਾਰ ਉਹ ਘੱਟ ਤੋਂ ਘੱਟ ਜ਼ੀਰੋ ਨਹੀਂ, ਬਲਕਿ ਉਸ ਤੋਂ ਕੁਝ ਬਿਹਤਰ ਹੋਵੇਗਾ।

ਸਵਾਲ ਇਹ ਹੈ ਕਿ ਇਸ ਵਿਰੋਧੀ ਏਕਤਾ ਦੀ ਰੂਪਰੇਖਾ ਅਤੇ ਰਾਜਨੀਤਕ ਤੱਥਾਂ ਦੀ ਸਮਝ ਕਿਸ ਤਰ੍ਹਾਂ ਬਣਾਉਣੀ ਚਾਹੀਦੀ ਹੈ? ਕੀ ਵਿਰੋਧੀ ਧਿਰ ਉਸ ਭਰੋਸੇ 'ਤੇ ਖਰੀ ਉੱਤਰ ਰਹੀ ਹੈ, ਜੋ ਉਸ ਨੇ ਕਰੀਬ ਸਾਲ-ਸਵਾ ਸਾਲ ਪਹਿਲਾਂ ਦੇਸ਼ ਦੀ ਜਨਤਾ ਨੂੰ ਦਿੱਤਾ ਸੀ? ਰਾਹੁਲ ਗਾਂਧੀ ਆਪਣੀ ਪਹਿਲੀ ਭਾਰਤ ਜੋੜੋ ਯਾਤਰਾ ਕਰਦੇ ਹੋਏ ਵਾਰ-ਵਾਰ ਕਹਿੰਦੇ ਸਨ ਕਿ ਅਸੀਂ ਵਿਰੋਧੀ ਧਿਰ ਦੇ ਨਾਲ ਮਿਲ ਕੇ ਭਾਜਪਾ ਨੂੰ ਹਰਾਵਾਂਗੇ। ਨਿਤਿਸ਼ ਕੁਮਾਰ ਦਾ ਕਹਿਣਾ ਸੀ ਕਿ ਉਨ੍ਹਾਂ ਦੀ ਦਿਲਚਸਪੀ ਤਾਂ ਸਿਰਫ਼ ਵਿਰੋਧੀ ਧਿਰ ਦੀ ਏਕਤਾ ਵਿਚ ਹੈ। ਮੇਰਾ ਮੁਲਾਂਕਣ ਇਹ ਹੈ ਕਿ ਗੱਠਜੋੜ ਤਾਂ ਹੋਇਆ ਹੈ ਅਤੇ ਬਾਕੀ ਜਿੱਥੇ ਰਹਿੰਦਾ ਹੈ, ਉੱਥੇ ਵੀ ਹੋ ਜਾਵੇਗਾ। ਪਰ ਇਹ ਅੱਧਾ-ਅਧੂਰਾ ਅਤੇ ਖਿੱਚੋਤਾਣ ਕਰ ਕੇ ਕੀਤਾ ਗਿਆ ਹੈ। ਇਸ ਨੇ ਮੁੱਦਿਆਂ ਨੂੰ ਆਪਸ ਵਿਚ ਉਲਝਾ ਕੇ ਭਾਜਪਾ ਵਲੋਂ ਬਣਾਈ ਜਾ ਰਹੀ ਹਵਾ ਦੇ ਮੁਕਾਬਲੇ ਕਿਸੇ ਸਮਾਂਤਰ ਹਵਾ ਨੂੰ ਬਣਾਉਣ ਦੀ ਕੋਸ਼ਿਸ਼ ਅਜੇ ਤੱਕ ਨਹੀਂ ਕੀਤੀ। ਵਿਰੋਧੀ ਧਿਰ ਨੇ ਸਿਰਫ਼ ਅੰਕ ਗਣਿਤ ਤਿਆਰ ਕੀਤਾ ਹੈ।

ਰਸਾਇਣ ਸ਼ਾਸਤਰ ਵਾਂਗ ਉਸ ਦੀਆਂ ਨਜ਼ਰਾਂ ਨਹੀਂ ਹਨ। ਉਹ ਮਾਹੌਲ ਤਿਆਰ ਹੀ ਨਹੀਂ ਕੀਤਾ ਗਿਆ, ਜਿਸ ਦੇ ਜ਼ਰੀਏ ਸੱਤਾ ਤਬਦੀਲੀ ਦੀ ਭਾਵਨਾ ਵੋਟਰਾਂ ਵਿਚ ਫੈਲਦੀ। ਇਸ ਲਿਹਾਜ਼ ਨਾਲ ਇਹ ਪੈਰਾਂ ਭਾਰ ਨਹੀਂ, ਸਗੋਂ ਸਿਰ ਭਾਰ ਖੜ੍ਹਾ ਗੱਠਜੋੜ ਹੈ।

ਵਿਰੋਧੀ ਧਿਰ ਨੂੰ 'ਇੰਡੀਆ' ਨਾਂਅ ਦਾ ਗੱਠਜੋੜ ਐਲਾਨ ਕਰਨ ਤੋਂ ਬਾਅਦ ਸਭ ਤੋਂ ਪਹਿਲਾ ਕੰਮ ਘੱਟੋ-ਘੱਟ ਸਾਂਝਾ ਪ੍ਰੋਗਰਾਮ ਬਣਾਉਣ ਦਾ ਕਰਨਾ ਚਾਹੀਦਾ ਸੀ। ਸੋਨੀਆ ਗਾਂਧੀ ਨੇ 9 ਮੁੱਦਿਆਂ ਨੂੰ ਦਰਸਾ ਕੇ ਉਸ ਦੀ ਸ਼ੁਰੂਆਤ ਵੀ ਕਰ ਦਿੱਤੀ ਸੀ। ਇਸ ਤੋਂ ਬਾਅਦ ਸਿਰਫ਼ ਖੇਤਰੀ ਸ਼ਕਤੀਆਂ ਨੇ ਉਨ੍ਹਾਂ ਦੇ ਨਾਲ ਆਪਣੇ-ਆਪਣੇ ਸਥਾਨਕ ਮੁੱਦਿਆਂ ਨੂੰ ਜੋੜਨਾ ਸੀ ਪਰ ਇਹ ਕੰਮ ਫਟਾਫਟ ਨਾ ਕਰ ਕੇ ਸਮਾਂ ਬਰਬਾਦ ਕੀਤਾ ਜਾਂਦਾ ਰਿਹਾ। ਸ਼ਾਇਦ ਸ਼ੁਰੂ ਤੋਂ ਵਿਰੋਧੀ ਧਿਰ ਦੇ ਨੇਤਾ ਸੋਚ ਰਹੇ ਸਨ ਕਿ ਸਿਰਫ਼ ਸੀਟਾਂ ਦਾ ਤਾਲਮੇਲ ਕਰ ਕੇ ਉਹ ਆਪਣੇ ਫ਼ਰਜ਼ ਪੂਰੇ ਕਰ ਲੈਣਗੇ। ਇਹੀ ਕਾਰਨ ਹੈ ਕਿ ਅੱਜ ਵਿਰੋਧੀ ਧਿਰ ਕੋਲ ਅਜਿਹੀ ਕੋਈ ਕਹਾਣੀ ਨਹੀਂ ਹੈ, ਜੋ ਉਹ ਦੇਸ਼ ਦੀ ਜਨਤਾ ਨੂੰ ਸੁਣਾ ਸਕੇ। ਉਸ ਕੋਲ ਮੋਦੀ ਸਰਕਾਰ ਖ਼ਿਲਾਫ਼ ਕਿਸੇ ਵੀ ਮੁੱਦੇ 'ਤੇ ਜਾਰੀ ਕੀਤਾ ਗਿਆ ਕੋਈ 'ਵ੍ਹਾਈਟ ਪੇਪਰ' ਨਹੀਂ ਹੈ, ਜਿਸ ਨੂੰ ਉਹ ਸਰਕਾਰ ਦੀਆਂ ਅਸਫਲਤਾਵਾਂ ਦੇ ਸਬੂਤ ਵਜੋਂ ਪੇਸ਼ ਕਰ ਸਕੇ।

ਇਸ ਦਾ ਮਤਲਬ ਇਹ ਹੋਇਆ ਕਿ 'ਇੰਡੀਆ' ਗੱਠਜੋੜ ਦੇ ਉਮੀਦਵਾਰ ਚੋਣਾਂ ਦਾ ਪਰਚਾ ਭਰਨ ਤੋਂ ਬਾਅਦ ਵੋਟਰਾਂ ਕੋਲ ਮਹਿੰਗਾਈ, ਬੇਰੁਜ਼ਗਾਰੀ, ਕਿਸਾਨ ਅੰਦੋਲਨ, ਮੋਦੀ-ਅਡਾਨੀ ਸੰਬੰਧ, ਭਾਰਤ-ਚੀਨ-ਸਰਹੱਦੀ ਵਿਵਾਦ ਅਤੇ ਫ਼ਿਰਕਾਪ੍ਰਸਤੀ ਵਰਗੇ ਮੁੱਦਿਆਂ ਦੇ ਨਾਲ ਜਾਣਗੇ ਜ਼ਰੂਰ, ਪਰ ਉਨ੍ਹਾਂ ਕੋਲ ਦੇਣ ਲਈ ਕੋਈ ਬਦਲਵਾਂ ਸੰਦੇਸ਼ ਨਹੀਂ ਹੋਵੇਗਾ। ਉਹ ਜਨਤਾ ਨੂੰ ਇਹ ਨਹੀਂ ਦੱਸ ਸਕਣਗੇ ਕਿ ਜੇਕਰ ਮੋਦੀ ਸਰਕਾਰ ਰੁਜ਼ਗਾਰ ਨਹੀਂ ਦੇ ਸਕਦੀ ਤਾਂ ਉਹ ਕਿਸ ਤਰ੍ਹਾਂ ਨੌਕਰੀਆਂ ਅਤੇ ਰੁਜ਼ਗਾਰ ਦਾ ਬੰਦੋਬਸਤ ਕਰਨਗੇ? ਉਹ ਵੋਟਰਾਂ ਨੂੰ ਇਹ ਭਰੋਸਾ ਨਹੀਂ ਦੇ ਸਕਣਗੇ ਕਿ ਜੇਕਰ ਮੋਦੀ ਸਰਕਾਰ ਮਹਿੰਗਾਈ ਘੱਟ ਨਹੀਂ ਕਰ ਸਕੀ ਤਾਂ ਉਨ੍ਹਾਂ ਕੋਲ ਜ਼ਰੂਰੀ ਚੀਜ਼ਾਂ ਦੇ ਭਾਅ ਦਾ ਉੱਚਿਤ ਪ੍ਰਬੰਧ ਕਰਨ ਦਾ ਕੀ ਬੰਦੋਬਸਤ ਹੋਵੇਗਾ ਉਹ ਅਜਿਹਾ ਕੋਈ ਦਾਅਵਾ ਨਹੀਂ ਕਰ ਸਕਣਗੇ ਕਿ ਜੇਕਰ ਮੋਦੀ ਸਰਕਾਰ ਕਿਸਾਨਾਂ ਨੂੰ ਫ਼ਸਲਾਂ ਦੇ ਲਾਭਕਾਰੀ ਮੁੱਲ ਮੁਹੱਈਆ ਕਰਵਾਉਣ ਦੇ ਵਾਅਦੇ ਤੋਂ ਮੁਨਕਰ ਹੋ ਰਹੀ ਹੈ ਤਾਂ ਉਹ ਕਿਵੇਂ ਅਤੇ ਕਿੰਨੇ ਸਮੇਂ 'ਚ ਕਿਸਾਨਾਂ ਦੀ ਇਹ ਮੰਗ ਪੂਰੀ ਕਰ ਦੇਣਗੇ? ਚੀਨ ਸਰਹੱਦ 'ਤੇ ਲਗਾਤਾਰ ਕਬਜ਼ਾ ਕਰ ਰਿਹਾ ਹੈ ਅਤੇ ਮੋਦੀ ਸਰਕਾਰ ਉਸ ਨੂੰ ਰੋਕਣ 'ਚ ਅਸਮਰੱਥ ਹੈ ਪਰ ਕੀ ਵਿਰੋਧੀ ਧਿਰ ਕੋਲ ਇਸ ਗੱਲ ਦੀ ਕੋਈ ਗਾਰੰਟੀ ਹੈ ਕਿ ਉਹ ਚੀਨ ਨੂੰ ਪਿੱਛੇ ਧੱਕ ਦੇਵੇਗਾ?

ਦਰਅਸਲ ਵਿਰੋਧੀ ਧਿਰ ਨੇ ਕੋਈ ਬਦਲਵਾਂ ਨਕਸ਼ਾ ਪੇਸ਼ ਕਰਨ ਵਿਚ ਦਿਮਾਗ਼ ਨਹੀਂ ਖਪਾਇਆ ਉਸ ਦਾ ਰਵੱਈਆ ਪ੍ਰਤੀਕਿਰਿਆਤਮਿਕ ਹੈ। ਜਿਵੇਂ, ਜਦੋਂ ਕਿਸਾਨਾਂ ਨੇ ਦਿੱਲੀ ਮਾਰਚ ਸ਼ੁਰੂ ਕੀਤਾ ਤਾਂ ਵਿਰੋਧੀ ਧਿਰ ਦੇ ਨੇਤਾ ਉਸ ਬਾਰੇ ਬੋਲਣ ਲੱਗੇ। ਜਦੋਂ ਲਖਨਊ 'ਚ ਪ੍ਰਸ਼ਨ ਪੱਤਰ ਲੀਕ ਹੋਏ ਤਾਂ ਰੁਜ਼ਗਾਰ 'ਤੇ ਕੁਝ ਕਹਿਣਾ ਸ਼ੁਰੂ ਕਰ ਦਿੱਤਾ। ਜੇਕਰ ਮਹਿੰਗਾਈ ਦੇ ਅੰਕੜੇ ਆਏ ਤਾਂ ਸਰਕਾਰ ਦੀ ਕੁਝ ਨਿੰਦਾ ਕਰ ਦਿੱਤੀ। ਅਡਾਨੀ ਸੰਬੰਧੀ ਵਿਦੇਸ਼ਾਂ ਤੋਂ ਕਿਸੇ ਤੱਥ ਦੀ ਆਮਦ ਹੋਈ ਤਾਂ 'ਕ੍ਰੋਨੀ ਕੈਪਿਟਲਿਜ਼ਮ' 'ਤੇ ਬਿਆਨ ਜਾਰੀ ਕਰ ਦਿੱਤਾ। ਜੇਕਰ ਉਹ ਸੁਚਾਰੂ ਢੰਗ ਨਾਲ ਕੰਮ ਕਰਦੇ ਤਾਂ ਸਾਰੇ ਜ਼ਰੂਰੀ ਮੁੱਦਿਆਂ 'ਤੇ ਆਪਣੀ ਸਮਾਂਤਰ ਕਾਰਜ ਯੋਜਨਾ ਪੇਸ਼ ਕਰ ਸਕਦੇ ਸਨ। ਇਹ ਕੰਮ ਇਕ ਦਿਨ 'ਚ ਨਹੀਂ ਹੋ ਸਕਦਾ ਸੀ। ਇਸ 'ਚ ਸਾਲ-ਡੇਢ ਸਾਲ ਲੱਗਣਾ ਸੀ। ਅੱਜ ਵੋਟਰਾਂ ਨੂੰ ਇਹ ਪਤਾ ਨਹੀਂ ਹੈ ਕਿ ਜੇਕਰ ਉਹ ਮੋਦੀ ਦੀ ਸਰਕਾਰ ਨੂੰ ਹਟਾਉਣ ਬਾਰੇ ਸੋਚਣ ਵੀ ਤਾਂ ਜੋ ਨਵੀਂ ਸਰਕਾਰ ਉਸ ਦੀ ਥਾਂ ਆਏਗੀ, ਉਸ ਤੋਂ ਉਨ੍ਹਾਂ ਨੂੰ ਕੀ ਉਮੀਦ ਕਰਨੀ ਚਾਹੀਦੀ ਹੈ?

ਇੰਝ ਲੱਗਦਾ ਹੈ ਕਿ ਵਿਰੋਧੀ ਧਿਰ ਮੋਦੀ ਸਰਕਾਰ ਦੇ ਖ਼ਿਲਾਫ਼ ਕਿਸੇ ਬਹੁਤ ਵੱਡੀ ਅਤੇ ਮਜ਼ਬੂਤ 'ਐਂਟੀ-ਇਨਕੁੰਬੈਂਸੀ' (ਸੱਤਾ ਵਿਰੋਧੀ ਲਹਿਰ) ਦੀ ਉਮੀਦ 'ਚ ਹੈ। ਪਰ ਕੀ ਅਜਿਹੀ ਕੋਈ ਸਰਕਾਰ ਵਿਰੋਧੀ ਹਵਾ ਚੱਲ ਰਹੀ ਹੈ? ਮੇਰਾ ਖ਼ਿਆਲ ਹੈ ਕਿ ਵਿਰੋਧੀ ਧਿਰ ਦੇ ਪ੍ਰਤੀ ਖ਼ਾਸੀ ਹਮਦਰਦੀ ਰੱਖਣ ਵਾਲਾ ਕੋਈ ਸਮੀਖਿਅਕ ਵੀ ਸੱਤਾ 'ਚ ਤਬਦੀਲੀ ਲਿਆ ਸਕਣ ਵਾਲੀ ਕਿਸੇ ਹਵਾ ਨੂੰ ਨਹੀਂ ਦੇਖ ਪਾ ਰਿਹਾ ਹੈ। 10 ਸਾਲ ਤੱਕ ਚੱਲਣ ਵਾਲੀ ਸਰਕਾਰ ਦੇ ਵਿਰੋਧ ਵਿਚ ਕੁਝ ਨਾ ਕੁਝ ਨਾਰਾਜ਼ਗੀਆਂ ਹੁੰਦੀਆਂ ਹੀ ਹਨ, ਪਰ ਉਹ ਆਪਣੇ ਆਪ ਚੋਣ ਜਿੱਤਣ ਦੀ ਕੋਈ ਗਾਰੰਟੀ ਨਹੀਂ ਦਿੰਦੀਆਂ। ਸੱਤਾ ਵਿਰੋਧੀ ਭਾਵਨਾ ਦੀ ਗ਼ੈਰ-ਮੌਜੂਦਗੀ ਵਿਚ ਵਿਰੋਧੀ ਧਿਰ ਦੇ ਉਮੀਦਵਾਰ ਸਿਰਫ਼ ਸਥਾਨਕ ਜਾਤੀਗਤ ਅਤੇ ਫ਼ਿਰਕੂਗਤ ਸਮੀਕਰਨਾਂ ਦੇ ਆਸਰੇ ਹੀ ਰਹਿਣਗੇ। ਹੋ ਸਕਦਾ ਹੈ ਕਿ ਕੁਝ ਚੋਣ ਖੇਤਰਾਂ 'ਚ ਉਨ੍ਹਾਂ ਨੂੰ ਇਸ ਆਧਾਰ 'ਤੇ ਕਾਮਯਾਬੀ ਮਿਲ ਜਾਵੇ, ਪਰ ਜੇਕਰ ਅਜਿਹਾ ਹੋਇਆ ਵੀ ਤਾਂ ਉਹ ਇਕ ਅਪਵਾਦ ਦੇ ਤੌਰ 'ਤੇ ਹੀ ਹੋਵੇਗਾ। ਇਸ ਹਾਲਤ 'ਚ ਵੋਟਰ ਸਿਰਫ਼ ਇਕ ਹੀ ਪਾਰਟੀ ਦੀ ਸਰਕਾਰ ਬਣਦੇ ਹੋਏ ਦੇਖ ਪਾ ਰਹੇ ਹਨ। ਜੰਮੀ ਹੋਈ ਸਰਕਾਰ ਉਖਾੜਨ ਲਈ ਕਿਸੇ ਬਦਲਵੀਂ ਬਣਤਰ ਨੂੰ ਉਨ੍ਹਾਂ ਦੇ ਵਿਚਾਰ ਲਈ ਪੇਸ਼ ਹੀ ਨਹੀਂ ਕੀਤਾ ਗਿਆ।

ਲੇਖਕ ਅੰਬੇਡਕਰ ਵਿਸ਼ਵ ਯੂਨੀਵਰਸਿਟੀ, ਦਿੱਲੀ 'ਚ ਪ੍ਰੋਫ਼ੈਸਰ ਹਨ।

# ਪੰਜਾਬ ’ਚ ਗਵਰਨਰੀ ਰਾਜ ਮੈਂ ਤਾਂ ਸੋਚਦੀ ਹਾਂ ਮਿਲਟਰੀ ਲੱਗੇ

**ਬਲਵਿੰਦਰ ਕੌਰ ਚਾਹਲ**
ਸਾਊਥਾਲ



ਅਜੋਕੇ ਯੁੱਗ ’ਚ ਕਸ਼ਟ ਇੰਨੇ ਹਨ ਕਿ ਅਰਜੋਈ ਤੋਂ ਸਿਵਾਏ ਚਾਰਾ ਭੀ ਕੀ ਹੈ। ਚੁਫੇਰੇ ਅੰਧਲੀ ਧੁੰਦ ਪੁਰਾਤਨ ਸਮੇਂ ਲੋਕੀਂ ਰੁੱਖੀ-ਸੁੱਕੀ ਖਾ ਕੇ ਚਿਤ ’ਚ ਰਚੇ ਦਾਤੇ ਦਾ ਸ਼ੁਕਰ ਕਰਦੇ ਸਨ, ਪ੍ਰਸੰਨ ਸਨ ਭਾਵੇਂ ਭੋਲੇ ਦਿਆਵਾਨ ਤੇ ਵਿਸ਼ਵਾਸ ਅਟੱਲ ਸੀ ਉਹ ਸੁੱਧ ਬੁੱਧ ਪ੍ਰਮੇਸ਼ਰ ਨਾਲ ਜੁੜੀ ਹੋਈ ਸੀ, ਭਾਵੇਂ ਗਰੰਥਾਂ ’ਚ ਦੁਸ਼ਟ-ਦੂਤ ਦੈਂਤ ਆਦਿ ਦਾ ਭੀ ਜ਼ਿਕਰ ਹੈ। ਭਿਆਨ ਨਾਲ ਭੀ ਸਨ ਜਲਦੀ ਜਹਾਦੀ ਸਮੇਂ ਭੀ ਪਰ ਉਹਨੂੰ ਈਵਲ (ਬੁਰਾਈ) ਦਾ ਸਮਾਂ ਗਰਦਾਨਿਆ ਗਿਆ ਹੈ। ਅੱਤਿਆਚਾਰ ਤਾਂ ਹਰ ਮਨੁੱਖੀ ਜਾਮੇ ’ਚ ਘਟਦੇ ਹਨ ਭਰਮਾਰ ਇੰਨੀ ਨਹੀਂ ਸੀ, ਸੰਸਾਰ ਤੇ ਧਰਮ ਪ੍ਰਵੇਸ਼ ਸਨ, ਪ੍ਰਭੂ ਦੀ ਕਰਨੀ ਨੂੰ ਪ੍ਰਮੁੱਖ ਮੰਨਦੇ ਸਨ ਆਪਣੀ ਅਕਲ ਅੱਜ ਵਾਂਗੂੰ ਰੱਬ ਤੋਂ ਭੀ ਮੂਹਰੇ ਨਹੀਂ ਸੀ, ਜਿਉਂ-ਜਿਉਂ ਮਨੁੱਖ ਦੇ ਉੱਚ ਸੁਘੜਤਾ ਆਈ ਤਾਂ ਧਰਮ ਨੂੰ ਅਫੀਮ ਆਖਣੇ ਭੀ ਜੰਮ ਪਏ। ਧਰਮਾਂ ਦੇ ਨਾਉਂ ’ਤੇ ਯੁੱਧ ਹੋਏ ਆਦਿ ਚਲੋ ਕੀੜੀ ਦੇ ਠੂਠੇ ’ਚ ਡੁੱਬਣ ਵਾਲੀ ਗੱਲ ਆਪਾਂ ਨੂੰ ਤਾਂ ਆਪਣਾ ਚੌਗਿਰਦਾ ਹੀ ਸਹਾਈ ਸਾਡੇ ਧਰਮ ਤੋਂ ਪਹਿਲਾਂ ਤਾਂ ਸਭ ਧਰਮ ਪਸਰੇ ਕਿੰਤੂ ਪ੍ਰੰਤੂ ਤਾਂ ਉਨ੍ਹਾਂ ’ਤੇ ਭੀ ਹਨ ਦੂਰ ਨਾ ਜਾਓ। ਹਿੰਦੂ ਪੋਥੀਆਂ, ਧਰਮ ਸੰਗ੍ਰਹਿ ਜੋ ਭੀ ਪ੍ਰਮੰਨੇ ਗਏ ਰਾਮਾਇਣ ਭਗਵਾਨ ਵਾਲਮੀਕਿ ਦੀ ਹੀ ਖੁਦਾਰੀ ਤੁਲਸੀ ਦਾਸ ਨੇ ਭੀ ਰਚੀ ਸੀ, ਲਿਖਦੀ ਜਾਵਾਂ ਕਿ ਦੋਨੋਂ ਹੀ ਬ੍ਰਾਹਮਣ ਨਹੀਂ ਸਨ ਖ਼ੈਰ ਅਸੀਂ ਤਾਂ ਤੁਲਸੀਦਾਸ ਨੂੰ ਭੰਡਣ ਲਈ ਜੋਰ ਜੀ ਲਿਖਤਾ “ਢੋਰ ਗਵਾਰ ਸ਼ੂਦਰ ਅਰ ਨਾਰੀ ਇਹ ਚਾਰੋ ਤਾੜਨ ਕੇ ਅਧਿਕਾਰੀ ਵਿਆਖਿਆ ਕਿਸੇ ਐਂਗਲ ਤੋਂ ਹੋਰ ਭੀ ਹੋ ਸਕਦੀ ਹੈ ਪਰ ਮੇਰਾ ਇਹ ਵਿਸ਼ਾ ਨਹੀਂ। ‘ਗੁਰੂ ਨਾਨਕ ਦੇਵ” ਪ੍ਰਕਾਸ਼ ਸਮੇਂ ਤਾਂ ਲੋਕਾਂ ’ਚ ਜਾਗਰੂਕਤਾ ਤੀਖਣਤਾ ਸੁਚੇਤ ਮਨ ਸਭ ਆ ਚੁੱਕੇ ਸਨ ਅੱਜ ਜਿੰਨੇ ਨਹੀਂ ਕੋਈ ਭੀ ਸਮਾਂ ਦੂਜੇ ਨਾਲ ਅੱਡਰਾ ਹੁੰਦਾ ਹੈ। ਭਵਿੱਖ ਹੁਣ ਨਾਲੋਂ ਹੋਵੇਗਾ ਕਿਸੇ ਨੂੰ ਗਿਆਨ ਨਹੀਂ। ਸਿੱਖ ਧਰਮ ਕੋਈ ਬਹੁਤਾ ਪੁਰਾਣਾ ਤਾਂ ਹੈ ਨਹੀਂ। “ਗੁਰੂ ਨਾਨਕ ਦੇਵ ਜੀ” ਜੀਵਨ ਕਾਲ ’ਚ ਸਿੱਖ ਧਰਮ ਵੱਖਰੇ ਰੂਪ ’ਚ ਤਾਂ ਫੈਲਿਆ ਨਹੀਂ ਹਾਂ ਕੁਝ ਕੁ ਉਸ ਕਾਲ ਦੀਆਂ ਪੁਰਾਤਨ ਰਹੁ ਰੀਤਾਂ ਕਸਵੱਟੀ ’ਤੇ ਨਹੀਂ ਸਨ ਉਤਰਦੀਆਂ ਤਾਂ ਉਨ੍ਹਾਂ ਨੇ ਨਿਕਾਰਿਆ ਪਰ ਅੱਜ ਜੋ ਪ੍ਰਚਾਰਕ ਹਨ ਉਨ੍ਹਾਂ ਨੇ ਤਾਂ ਜਰਬਾਂ ਦੇ ਧਰੀਆਂ ਉਨ੍ਹਾਂ ਨੂੰ ਸੁਰਜੀਤ ਕਰਨ ਨੂੰ ਰਹੀ ਗੱਲ ਕਿ ਗੁਰੂ ਕਾਲ ’ਚ ਸਭ ਸਤਿਗੁਰੂ ਸੀ ਸਿੱਧ ਨਹੀਂ ਹੁੰਦਾ। ਈਰਖਾ ਸਾੜਾ ਵੈਰ ਵਿਰੋਧ ਸਭ ਸਬੂਤ ਬਣੇ ਹਨ, ਇੱਥੋਂ ਤੱਕ ਕਿ “ਗੁਰੂ ਨਾਨਕ ਦੇਵ ਜੀ” ਦੇ ਦੋਨੋਂ ਪੁੱਤਰ ਵਿਰਾਸਤ ਤੋਂ ਲਾਂਭੇ ਹਾਲਾਂਕਿ ਉਸ ਸਮੇਂ ਦੇ ਹਿੰਦੂ ਰੀਤ ਕਿ ਪੁੱਤਰ ਹੀ ਪਿਤਾ ਦੀ ਵਿਛੋੜੇ ਮਗਰੋਂ ਮਾਲਕ ’ਤੇ ਪੱਗ ਬੰਨ੍ਹਾਈ ਜਾਂਦੀ ਸੀ, ਹੁਣ ਭੀ ਪਰ ਕਾਰਨ ਕੋਈ ਭੀ ਘੜੀ ਜਾਣੋ । ਅਕਬਰ ਦਾ ਚੰਗਾ ਪੱਖ ਹੈ ਕਿ ਛਤਰ ਝੁਲਾਇਆ ਅਸੀਂ ਭੀ ਸਲਾਹੁੰਦੇ ਹਾਂ ਸੋ ਸਭ ਰਾਜੇ ਮਾੜੇ ਨਹੀਂ ਤੇ ਚੰਗੇ ਭੀ ਸਨ ‘ਗੁਰੂ ਨਾਨਕ ਦੇਵ ਸਮੇਂ ਭੀ ਰਾਜ ਤਾਂ ਮੁ.ਗਲ ਸੀ ਪਰ ਹਰ ਧਰਮ ਨੂੰ ਮੰਨਣ ਲਈ ਵਸੀਲੇ ਪ੍ਰਦਾਨ ਸਨ, ਮੈਂ ਤਾਂ ਇਸ ਗੱਲ ਦੀ ਪ੍ਰਸ਼ੰਸਕ ਹਾਂ ਕਿ ਗੁਰੂ ਕਾਲ ਸਾਨੂੰ ਪ੍ਰਵਾਰਵਾਦ ਦੀ ਨੇੜਤਾ ਮਹੱਤਤਾ ਪੂਰਦਾ ਹੈ ਅਸੀਂ ਇਹ ਨਿੰਦ ਕੇ ਤਾਂ ਫੇਰ ਗੁਰੂ ਆਦੇਸ਼ਾਂ ਤੋਂ ਆਕੀ ਹੋਏ ਨਾਲੇ ਅਗਾਂਹਵਧੂ ਸੋਚ ਕਾਮਰੇਡ ਅਪਣਾ ਕੇ ਪ੍ਰਵਾਰ, ਭਰੱਪਣ ਭਾਈਚਾਰਕ ਸਾਂਝਾ ’ਚ ਤ੍ਰੇੜਾਂ ਪਾ ਲਈਆਂ ਤੇ ਹੁਣ ਬਸ ਖੇਰੂੰ-ਖੇਰੂੰ ਪ੍ਰਸਾਰ ਭੀ ਤੇ ਧਰਮ ਭੀ ਧੜਾ ਭੀ ਚਿੜ ਘੁੱਗ ਬਣਾ ਤਾ ਪ੍ਰਚਾਰਕ ਤਾਂ ਸਾਧਾਂ ਦੇ ਲਾਕੜੇ ਨੇ ਨਾ ਕੋਈ ਪੁਸਤਕ ਨਾ ਅਖ਼ਬਾਰ ਪੜ੍ਹਨ ਡੇਰਿਆਂ ’ਤੇ ਕਥਾ ਸੁਣ ਬਾਹਰ ਸੁਣਾਵੇ। ਗੁਰ ਬਿਲਾਸ ਸੂਰਜ ਪ੍ਰਕਾਸ਼ ਪਤਾ ਨਹੀਂ ਕੀ-ਕੀ ਜੋੜੀ ਜਾਂਦੇ ਨੇ। ਮੈਂ ਚਲੋ ਇਸ ਝੰਜਟ ’ਚ ਪੈਣਾ ਨੀਂ ਚਾਹੁੰਦੀ। ਕਿਸੇ ਉੱਘੇ ਵਿਦਵਾਨ ਨੇ ਆਖੀ ਹੈ ਕਿ ਜਿੰਨਾ ਲੱਚਰ ਤੈਅ ਚਿੱਤਰ ਗੁਰੂ ਸਾਹਿਬ ਦੇ ਨਾਉਂ ਥੱਲੇ ਗਰੰਥ ਪ੍ਰਚਾਰਿਆ ਜਾ ਰਿਹਾ। ਇੰਨਾ ਸਭ ਪੋਥੀਆਂ ’ਚ ਪੜ੍ਹਨ ਨੂੰ ਜੀਅ ਭੀ ਨਹੀਂ ਕਰਦਾ। ਆਹ ਅਜਮੇਰ ਸਿੰਘ ਆਪਣੀਆਂ ਵੀਡੀਓ ਹੀ ਵੇਚੀ ਜਾਂਦਾ ਹੈ। ਜੀ ਫਲਾਣਾ ਆਰੀਆ ਸਮਾਜੀ ਲੇਖਕ ਗੁਰੂ ਸਾਹਬ ਬਾਰੇ .ਗਲਤ ਲਿਖਦਾ ਹੈ। ਹਾਲਾਂਕਿ .ਗਲਤ ਨਹੀਂ ਹੈ, ਉਸ ਤੋਂ ਵੱਧ ਅਸ਼ਲੀਲਤਾ ਭਰੀ ਪਈ ਹੈ। ਸਾਡੇ ਆਪਣੇ ਕਥਾਵਾਚਕ ਸਭ ਜਾਣਦੇ ਹਨ, ਲੇਖਕਾਂ ਨੇ ਇੱਥੋਂ ਤੱਕ ਕਿ ਵਿਦਾਂਤੀ ਹੋਰਾਂ ਭੀ ਘੱਟ ਨੀਂ ਕੀਤੀ। ਪ੍ਰਕਾਸ਼ਤ ਸ਼੍ਰੋਮਣੀ ਕਮੇਟੀ ਗੱਲ ਕਿ ਆਪਣੇ ਸੌਦਾ ਗੁਲਕੰਦ ਤੇ ਕਲਾਕੰਦ ’ਚ ਅੰਤਰ ਪਤਾ ਨਹੀਂ ਜਿਮੇਂ ਪੰਜਾਬ ਸੁਣੋ ਰੈਹਿਣ ਸਵਾਈ, ਜੇਕਰ ਗੁਰੂਘਰ ਹਰ ਹ.ਫਤੇ ਸੈਂਕੜੇ ਗੁਰੂ ਘਰ ਹਨ। 10 ਇਸ਼ਤਿਹਾਰ ਦੇ ਕੇ ਪੁਰਬਾਂ ਦੀ ਜਾਣਕਾਰੀ ਦੇਣਾ ਸਹੀ ਇਤਿਹਾਸ ਲਿਖਣ ਸ਼ੁੱਧ ਪੰਜਾਬੀ ਹੋਵੇ। ਲੋਕੀ ਪੜ੍ਹਨ ਜਾਗਰਣ ਆਪੇ ਪਰ ਚੈਨਲਾਂ ’ਤੇ ਤਾਂ ਮਿੱਟੀ ਪਲੀਤ ਕਰਾਤੀ। ਤਵਾਰੀਖ਼ ਦੀ ਭੀ ਤੇ ਸਾਹਿਤ ਦੀ ਭੀ, ਭਾਸ਼ਾ ਦੀ ਤਾਂ ਹੁਣ ਧੋੜੀ ਲਾਹ’ਤੀ। ਗੋਸ਼ਟੀਆਂ ਨਾਲ ਭੀ ਕਦੀ ਅਖ਼ਬਾਰਾਂ ਦੀ ਮਹਾਨਤਾ ਤੇ ਸਹਾਇਤਾ ਤੇ ਮੂੰਹ ਨੀਂ ਖੋਲ੍ਹਦੇ ਬੱਸ ਚੈਨਲਾਂ ਦੀ ਪੀਪਨੀ ਤੇ ਮਹੱਤਤਾ ਭਾਈ ਤੁਹਾਡੀਆਂ ਮੂਰਤਾਂ ਅਖ਼ਬਾਰਾਂ ’ਚ ਛਪ ਸਕਦੀਆਂ ਹਨ। ਭਾਸ਼ਾ ਤੇ ਬੋਲੀ ਭੁਲਾਈ ਜਾਂਦੇ ਨੇ। ਅੰਨ੍ਹਾ ਬੋਲ਼ਾ ਘੜੀਸੋ।

ਪਹਿਲਾਂ ਦੇ ਸਿੱਖ ਸੰਘਰਸ਼ੀ, ਕਸ਼ਟ ਸਹਿਣੇ ਮੋਰਚੇ ਲਾ-ਲਾ ਡਾਂਗਾਂ ਖਾ-ਖਾ ਪੰਥ ਰਹਿਮ ਅੱਜ ਪੰਜਾਬ ਨਹੀਂ ਧਰਨਾ ਜਾਬ ਬਣਾ’ਤਾ। ਪੰਥ ਤਾਂ ਲੁਕੇ ਤਾਂ ਸਿੱਖੀ ਮਿਸ ਸਭਾ ਪ੍ਰਚਾਰਕ ਭੀ ਹਵਾਲੇ ਛੱਡ ਮੈਨੂੰ ਸਨਾਤਨੀ ਹੈ ਸਿੱਖ ਵਿਰੋਧੀ ਹੈ ਪਰ ਇਹ ਮੈਨੂੰ ਹੀ ਨਹੀਂ ਜੋ ਭੀ ਕੋਈ ਉਨ੍ਹਾਂ ਦੀ ਸਾਧ ਸੰਤ ਜੋੜਾ ‘ਗੁਰੂ ਗਰੰਥ’ ਮਨੁੱਖਤਾ ਨਾਲ ਜੋੜ ਧਰਿਆ ਜਾਗਦੀ ਜੋਤ ਹੈ ਸਿੱਟੇ ਵਜੋਂ ਬੇਅਦਬੀਆਂ ਜ਼ਿੰਮੇਵਾਰ ਇਹ ਲੋਕ ਬਾਂਵਰਿਆਂ ਵਾਂਗੂੰ ਨੱਠੇ ਫਿਰਦੇ ਨੇ ਆਪਣੀਆਂ ਚੌਧਰਾਂ ਲਈ, ਦੂਜੇ ਲੇਖਕਾਂ ਨੂੰ ਸਤਿਕਾਰਦੇ ਨੇ ਪੁਰਾਤਨ । ਭਾਈ ਵਰਤਮਾਨ ਦੀ ਸੁੱਖ ਮੰਗ ਸਾਰਾ ਸਮਾਂ ਲੜਾਈਆਂ ਸੁਣਾ ਕੇ ਡੈਸ਼ੀ ਲਿਆ ਕੇ ਨੌਜਵਾਨਾਂ ਨੂੰ ਭੜਕਾ ਕੇ ਆਹ ਪੰਜਾਬ ਦਾ ਹੁਲੀਆ ਵਿਗਾੜ ਦਿੱਤਾ। ਸਿੱਖ ਧਰਮ ਸੌੜ ਕਰ ’ਤਾ ਮਾਰ ਲਿਆ। ਇਨ੍ਹਾਂ ਦੀਆਂ ਚੈਨਲੀਆਂ ਤੇ ਚਧਰਾਂ ਨੇ ਇਸ ਚੈਨਲ ਨੂੰ ਪੰਜਾਬ ’ਚ ਤਰਥੱਲੀ ਦਾ ਠੇਕਾ ਲਿਆ। ਯੂ.ਟਿਊਬਾਂ ਚਲਾਉਣ ਲਈ ਦੂਹੋਂ ਦੂਹੀਂ ਲੋਕ ਕੇ ਲੈ ਲਿਆ। ਭਾਈ ਸਾਹਿਬ ਹੀ ਦੱਸਦੇ ਨੇ ਭਾਈ ਦੀ ਪਦਵੀ ਸੁੱਚੀ ਸੀ ਪਰ ਹੁਣ ਜਣਾ-ਖਣਾ ਹੀ ਕੋਈ ਸ਼ਹਿਰ ਦੇ ਇਸ ਦਹਿਸ਼ਤਗਰਦੀ ਦੇ ਵਿਰੁੱਧ ਮੂੰਹ ਨੀਂ ਖੋਲ੍ਹਦਾ। ਗੁਰਸਿੱਖ ਸਭ ਬਣੇ ਫਿਰਦੇ ਨੇ ਅਨਰਥ ਹੈ, ਸਗੋਂ ਮੈਨੂੰ ਭੰਡੋ ਜੀ ਪਾਠਕ ਸਭ ਜਾਣਦੇ ਨੇ ਕਿ ਬੀਬੀ ਚਿੱਕੜ ਸੁੱਟਣ ਵਾਲੀ ਹੈ, ਭਾਈ ਮੈਨੂੰ ਆਪਣੀ ਆਤਮਾ ਚਾਹੀਦੀ ਹੈ। ਸੱਚ ਜੋ ਮੈਨੂੰ ਲੱਗੇ ਉਹ ਸਾਂਝੀ ਕਰਨ ਲਈ। ਜੇਕਰ ਚਿੱਕੜ ਹੈ ਤਾਂ ਹੀ ਸੁੱਟ ਹੋਊ। ਤੁਸੀਂ ਚਿੱਕੜ ਨਾ ਪ੍ਰਚਾਰੋ। ਪੰਜਾਬ ਤਾਂ ਇਨ੍ਹਾਂ ਭੱਦਰਾਂ ਨੇ ਗੰਧਲਾ ਕਰ ਹੀ ਦਿੱਤਾ ਸੀ ਹੁਣ ਇੱਥੇ ਭੀ ਜੀ ਸਾਨੂੰ ਖ਼ਤਰਾ ਨਾਲ ਹਾਈ ਕਮਿਸ਼ਨ ਸਾਹਮਣੇ ਜਾ ਕੇ ਸਪੀਚਾਂ ਮੂਰਤਾਂ ਫੇਰ ਸਿੱਖਾਂ ਨੂੰ ਖ਼ਤਰਾ ਤੇ ਸੀ, ਸਗੋਂ ਖ਼ਤਰੇ ਖੜ੍ਹੇ ਕਰਕੇ ਆਮ ਸਿੱਖਾਂ ਦੀ ਕਰਨੀ ਖ਼ਰਾਬ ਰਹੀ ਹੈ, ਜੋ ਮੂੰਹ ਸੰਭਾਲ ਕੇ ਬੋਲੋ, ਮੰਦਾ ਮੰਦਾ ਬੋਲ ਕੇ ਮਿਲਦੀ ਹੈ। ਕੌਮੀ ਚਰਿੱਤਰ ਨੀ ਮਾਂ ਕਰਦੇ ਨੇ, ਇਹ ਦੇਸ਼ ਮੰਗਵੇਂ ਇਕ ਹੋਰ ਤਕੀਆ ਕਲਾਮ ਜੀ ਪੁਲਸ ਵਾਲੇ ਬਾਦਲ ਸਰਕਾਰ ਵੇਲੇ ਦੇ ਸੈਣੀ, ਉਮਰਾਨੰਗਲ, ਆਲਮ ਗਿੱਲ ਸਭ ਭੈੜੇ ਕਿਉਂਕਿ ਇਹ ਅਕਾਲੀ ਦਲ ਨੂੰ ਕਟਹਿਰੇ ’ਚ ਖੜ੍ਹੇ ਕਰਨ ਲਈ ਸਹਾਈ ਨੇ ਪਰ ਜਿਹੜੇ ਪੁਲਿਸ ਵਾਲੇ ਮੁੰਡਿਆਂ ਨਾਲ ਰਲ ਕੇ ਘਾਣ ਕਰਦੇ ਸੀ ਉਹ ਤਾਂ ਚੰਗੇ ਨੇ, ਕਿਉਂਕਿ ਬਾਹਰ ਜੋ ਭੇਜਦੇ, ਚੌਥੇ ਕੇ ਨਵੀ ਰਾਮ ਰਾਮ ਟੈਂ-ਟੈਂ ਸਹੇੜਦੇ ਨੇ। ਕਦੀ ਕੈਂ-ਕੈਂ ਕੇਸ ਪੁਰਾਣਾ ਹੁਣ ਸਬੂਤ ਮਿਲੇ ਮੈਂ ਇਕ ਜਾਣਕਾਰੀ ਸਾਂਝੀ ਕਰਨ ਲੱਗੀ ਹਾਂ ਚੰਗੀ ਤਾਂ ਨਹੀਂ ਸਮਝਣੀ ਤੁਹਾਡੇ ਦਾਣੇ ਫੋਕੇ ਦੇ ਵੱਟੇ ਪੂਰੇ ਨਹੀਂ ਤੋਲਦੇ।


ਮੈਂ ਕਹਾਣੀ ਪਿੱਛੋਂ ਕੀ ਕਰਨਾ ਹੈ ਕਿ ਕੀ ਹੋਇਆ, ਹੁਣ ਗਿਆਨੀ ਜ਼ੈਲ ਸਿੰਘ ਸੂਰਜ ਤਾਂ ਅਸਤ ਹੋਣਾ ਹੀ ਸੀ, ਤਾਂ ਕਾਂਗਰਸੀ ਕਿਸੇ ਐਨੇ ਤਰੱਦਦ ਦਾ ਲਾਹਾ ਨਾ ਲੈਣ, ਤਾਂ ਬੂਟਾ ਸਿੰਘ ਘੋਲ ’ਚ ਪਹਿਲਾਂ ਤਾਂ ਬਾਪੂ ਤਰਲੋਕ ਸਿੰਘ (ਪਿਤਾ ਸਤਵੰਤ ਸਿੰਘ) ਨੂੰ ਥਾਪਣ ਗਿਆ ਕਾਹਤੋਂ, ਸਭ ਅਕਾਲੀ ਦਲ ਨੂੰ ਗੁੱਠੇ ਲਾਉਣ ਲਈ ਕਾਂਗਰਸ ਕਾਮਯਾਬ ਪ੍ਰਭੂ ਦੀ ਦਯਾ, ਸ਼੍ਰੋਮਣੀ ਕਮੇਟੀ ਬਚ ਗਈ। ਭਾਵੇਂ ਕਮਰਕੱਸੇ ਅੱਜ ਤੱਕ ਭੀ ਜਾਰੀ, ਹੁਣ ਜਿਹੜੇ ਜੀ ਸੰਤਾਂ ਦੀ ਕੁਰਬਾਨੀ ਤੇ ਭਾਈ ਪ੍ਰਵਾਰ ਨੇ ਸੇਵਾ ਕੀਤੀ ਕਿ ਲਾਹਾ ਬੀਬੀ ਤਾਂ ਜੀ ਆਹ ਗੱਲਾਂ ਆਖਣ ’ਤੇ ਭੀ ਭੈੜੀ ਕਹਾਊਗੀ ਮੈਂ ਪੁੱਛਣਾ ਜ਼ਰੂਰ ਚਾਹੂੰਗੀ ਕਿ ਕੀ ਪਾਣੀ ਦਾ ਮੁੱਦਾ ਰਾਜਧਾਨੀ ਦਾ ਹੱਲ ਪੰਜਾਬੀ ਖਿੱਤੇ ਫੇਰ ਕਿੱਥੇ ਹਨ। ਹੱਲ ਕੀਤੇ ਹਰ ਲਮਕਦੇ ਮਸਲੇ ਲਈ ਅਕਾਲੀ ਜ਼ਿੰਮੇਵਾਰ। ਫੇਰ ਪ੍ਰਾਪਤੀਆਂ ਦੱਸੋ। ਕਤਲੋਗਾਰਤ, ਪੰਜਾਬ ਖ਼ਾਲੀ ਮੁੰਡੇ ਵਿਦੇਸ਼ੀ ਤੇ ਝੂਠ ਅੰਕੜੇ ਜੀ 25 ਹਜ਼ਾਰ ਲਾਸ਼ਾਂ ਇੱਕ ਜ਼ਿਲ੍ਹੇ ਦੀਆਂ ਦ.ਫਨ ਜਦੋਂ ਕੈਪਟਨ ਸਾਹਬ ਨੇ ਆਖ ਦਿੱਤਾ ਕਿ ਮੁੰਡੇ ਵਿਦੇਸ਼ੀ ਦਿਹਾੜੀਆਂ ਲਾਉਂਦੇ ਨੇ ਤਾਂ ਫੂ-ਫੂ ਕਰਕੇ ਦੁਆਲੇ ਸਤਿ ਸ੍ਰੀ ਅਕਾਲ ਬੋਲਣ ਦੇ ਸਮਾਨ ਹਨ ਕਿ ਸੱਚ ਬੋਲੋ ਉਹ ਅਕਾਲ ਪੁਰਖ ਦਾ ਨਾਉਂ ਹੈ ਪਰ ਅਸੀਂ ਤਾਂ ਕੁ.ਫਰ ਦੀਆਂ ਪੰਡਾਂ ਚੁੱਕੀ ਵੰਡਦੇ ਫਿਰਦੇ ਹਾਂ। ਹੁਣ ਕਹਿਣਗੇ ਸਬੂਤ ਭਾਈ ਸਬੂਤ ਤਵਾਰੀਖ਼ ਤੇ ਬਾਕੀ ਸਭ ਸਾਹਮਣੇ ਹੋਰ ਕੀ ਤੁਹਾਨੂੰ ਦਿਨੇ ਤਾਰੇ ਚਾਹੀਦੇ ਨੇ ਕਾਂਗਰਸ ਦੀ ਨੀਤੀ ਭਾਜਪਾ ਨਾਲੋਂ ਵੱਧ ਪੰਜਾਬ ’ਚੋਂ ਪੰਥ ਪਰਾਂ ਦੀ ਹੈ ਭਾਜਪਾ ਨਾਲ ਸਮਝੌਤਾ ਭਾਈਵਾਲੀ ਧਰਮ ਅਧਾਰਤ ਪਾਰਟੀਆਂ ਕਰਕੇ ਹੈ। ਬਸਪਾ ਦਾ ਜੋ ਐੱਮ. ਪੀ. ਅਵਤਾਰ ਸਿੰਘ ਕਰੀਮਪੁਰੀ ਸੀ ਸਭ ਤੋਂ ਵੱਧ ਪਾਰਲੀਮੈਂਟ ਸਿੱਖ ਹਿੱਤਾਂ ਲਈ ਬੋਲਿਆ ਸੀ ਹੁਣ ਕੋਈ ਉੱਨਾ ਸੁਹਿਰਦ ਹੈ ਨਹੀਂ। ਵੱਡੇ ਬਾਦਲ ਸਾਹਬ ਨੇ ਵਾਲਮੀਕਿ ਭਗਵਾਨ ਦੀ ਮੂਰਤੀ ’ਤੇ ਕਿੰਨਾ ਖ਼ਰਚਾ ਤੇ ਸ਼ਰਧਾ “ਗੁਰੂ ਰਵਿਦਾਸ” ਹੁਸ਼ਿਆਰਪੁਰ ’ਚ ਅਜੂਬਾ ਬਣਾਉਣ ਦਾ ਮੰਤਵ ਭਾਵਨਾ ਸੀ ਪਰ ਗੁਣ ਕਿਸੇ ਨਾ ਜਾਣਿਆ। ਵਾਲਮੀਕਿ ਭਾਈਚਾਰਾ ਤਾਂ ਬਹੁਤਾ ਈਸਾਈ ਮਤ ਧਾਰਨੀ ਰਵਿਦਾਸ ਕਾਂਗਰਸੀ ਦੋਵੇਂ ਹੀ ਪੰਥ ਦੇ ਹਿਤੈਸ਼ੀ ਘੱਟ ਖੁੰਡੀ ਲਿਖਤ ਲਈ ਖ਼ਿਮਾ ਮੇਰਾ ਸੁਭਾਅ ਨਹੀਂ, ਚਾਪਲੂਸੀ ਦਾ ਠੀਕ ਹੀ ਠੀਕ ਆਪਣੀ ਨਿੱਜੀਕਾਰਤਾ ਮੈਨੂੰ ਬੀਬੀ ਹਰਿੰਦਰ ਕੌਰ ਨੇ ਯੂ.ਕੇ. 250 ਦੇ ਕੱਠ ’ਚ ਪ੍ਰਧਾਨ ਥਾਪਿਆ। ਸਮੁੰਦਰੀ ਹਾਲ ’ਚ ਕ੍ਰਿਪਾਨ, ਦੋਸ਼ਾਲਾ ਟੌਹੜਾ ਸਾਹਬ ਨੇ ਭੀ ਅਨੰਦਪੁਰ ਸਾਹਬ ਜਲੰਧਰ ਸਿੰਘ ਸਭਾ ਗੁਰਦੁਆਰੇ, ਫੇਰ ਲੁਧਿਆਣੇ ਭਾਰੀ ਸਮਾਗਮ ਸਵ. ਅਮਰ ਸਿੰਘ ਦੁਸਾਂਝ ਹੋਰਾਂ ਦਾ ਭਾਸ਼ਣ ਸੀ ਤੇ ਮੈਨੂੰ ਭੀ ਸੱਦਿਆ। ਦੁਸਾਂਝ ਹੋਰਾਂ ਨੂੰ ਹਾਕ ਮਾਰੀ ਆਓ ਜੀ ! ਸਨਮਾਨ ਪ੍ਰਾਪਤ ਕਰੋ। ਉਹ ਉੱਠੇ ਤੇ ਮੈਨੂੰ ਬਾਹੋਂ ਫੜ ਘੜੀਸੀ ਜਾਣ ਜੀ। ਪਹਿਲਾਂ ਇਹਨੂੰ ਦਿਓ ਸਿਰੋਪਾਓ। ਮੈਂ ਕਿਹਾ ਗੰਗੂ ਤੇਲੀ ਨੂੰ ਕਿੱਧਰ ਕਹਿੰਦੇ ਇਹ ਤਾਂ ਮੈਨੂੰ ਪਤਾ। ਮੈਂ ਕਿਉਂ ਤੈਨੂੰ ਮੂਹਰੇ ਕੀਤਾ। ਮੈਂ ਕਿਹਾ ਜੀ ਮੇਰੀ ਔਕਾਤ ਨਹੀਂ ਕਿ ਮੈਂ ਅੱਗੇ ਹੋਵਾਂ ਤਾਂ ਉਹਨਾਂ ਕਿਹਾ ਜੋ ਪ੍ਰਸ਼ਨ ਤੂੰ ਮੈਨੂੰ ਪੁੱਛਿਆ ਮੈਂ ਉੱਤਰ ਨਹੀਂ ਦੇ ਸਕਿਆ ਸੀ। ਸਮਾਪਤੀ ’ਤੇ ਕਹਿੰਦੇ ਤੇਰੇ ਨਾਲ ਤਾਂ ਮਹੀਨਾ ਚਾਹੀਦਾ ਹੈ ਵਟਾਂਦਰੇ ਲਈ ਆਹ ਲੈ ਰੁਕੋ। ਅਗਲੀ ਤਰੀਕ ਸਮਾਗਮ ਦਾ ਮੈਂ ਕਿਹਾ ਜੀ ਮੈਂ ਆਪਣੇ ਵਤਨ ਪਰਤ ਚੁੱਕੀ ਹੋਵਾਂਗੀ। ਹੱਸ ਕੇ ਕਹਿੰਦੇ ਆਹ ਨੀ ਤੇਰਾ ਵਤਨ। ਮੈਂ ਕਿਹਾ ਜੀ ‘ਸੀ’, ਹੱਸ ਪਏ ਮੈਨੂੰ ਤੰਦੀਰੇ ਪੁਆਉਣ ਦੀ ਆਦਤ ਨਹੀਂ। ਕੋਈ ਫੋਟੋਆਂ ਨਹੀਂ ਰੱਖੀਆਂ ਨਾ ਹੀ ਕਦੀ ਪ੍ਰਧਾਨਗੀ ਦੀ ਪੂੰਛ ਨਾਲ ਲਾਉਂਦੀ ਹਾਂ, ਨਹੀਂ ਤਾਂ ਕੌਣ ਰੋਕਦਾ ਹੈ। ਬਾਕੀ ਭੀ ਲਈ ਜਾਂਦੇ ਨੇ ਪਰ ਮੈਂ ਬਿਲੇ ਤੋਂ ਵੱਧ ਕੰਮ ’ਤੇ ਕੌਮੀ ਵ.ਫਾਦਾਰੀ ਦੀ ਹਾਮੀ ਹਾਂ ਪਾਈਆ ਹੁੰਦਾ, ਸੇਰ ਹੁੰਦਾ, ਮਣ ਹੁੰਦਾ, ਵਿੱਤ ਅਨੁਸਾਰ ਕਰੋ ਪਰ ਬੇਵ.ਫਾਈ ਨਾ ਕਰੋ। ਇਹ ਮਨੁੱਖੀ ਜੀਵਨ ਹੈ, ਮਨੁੱਖ ’ਚ ਮਾਦਾ ਉੱਤਮ ਹੈ। ਆਉ ਧਰਨਾਕਾਰੀਆਂ ਨੂੰ ਪੈਸਾ ਕਿੱਥੋਂ, ਸਿਆਸੀਆਂ ਨੂੰ ਕਿਸਾਨਾਂ ਨੂੰ ਸਿਆਸੀਆਂ ਨੂੰ ਕਾਂਗਰਸ ਨੂੰ ਬਿਰਲੇ ਟਾਟੇ ਭਾਜਪਾ ਨੂੰ, ਅਡਾਨੀ, ਅੰਬਾਨੀ, ਕਿਸਾਨਾਂ ਨੂੰ ਟਰੇਡ ਯੂਨੀਅਨਾਂ,ਅਕਾਲੀ ਦਲ ਨੂੰ ਸ਼੍ਰੋਮਣੀ ਕਮੇਟੀ ਕੇਵਲ ਸਹਾਇਤਾ ਬਾਕੀ ਸੁਖਬੀਰ ਸਿੰਘ ਬਾਦਲ ਨੇ ਸਾਧਨ ਵਸੀਲੇ ਬਣਾਏ ਨਹੀਂ, ਤਾਂ ਪਹਿਲਾਂ ਵਾਂਗੂੰ ਮੰਗਣ ’ਤੇ ਹੀ ਹੁੰਦੇ ਇਨਸਾ.ਫ ਮੋਰਚਾ ਸਭ ਨੂੰ ਮਿਆਨੀ ਵਾਲੇ ਨੂੰ ਕਾਂਗਰਸ ਸਭ ਦਾ ਨਜ਼ਲਾ ਅਕਾਲੀ ਦਲ ਤੇ ਕਿਸਾਨਾਂ ਦੀ ਮਨਸ਼ਾ ਮੰਗਾਂ ਨਹੀਂ ਲੜਾਈ ਹੈ, ਨੌਜਵਾਨਾਂ ਦੀ ਸੁਣੋ ਜੀ। ਡੱਲੇਵਾਲ ਨੇ ਨਿਸ਼ਾਨ ਸਾਹਬ ਹਰ ਟਰੈਕਟਰ ’ਤੇ ਹਰ ਥਾਂ ਲੁਆ ਦਿੱਤੇ। ਜਦ ਹੁਣ ਅਗਲੇ ਕਹਿੰਦੇ ਸਿੱਖ ਲਹਿਰ ਹੈ। ਅਤਿਵਾਦੀ ਖਾਲਿਸਤਾਨੀ ਨੇ ਅਸਲ ’ਚ ਬਾਰਡਰਾਂ ’ਤੇ ਹਰ ਵਰਗ ਦੀ ਸ਼ਮੂਲੀਅਤ ਹੈ। ਕਿਸਾਨ, ਬੀਮਾਰ ਸ਼ਮਾਰ ਦਾਰੂ ਬੂਟੀ ਲਈ ਕੇਸਾਂ ਨਾਲੇ ਵਕੀਲਾਂ ਦੀ ਸੇਵਾ,

ਬਾਕੀ ਹਿਸਾ ਸਫਾ 46 ਤੇ ਪੜ੍ਹੋ

# ਸਿੱਖ ਗੁਰੂਆਂ ਦੀ ਗੱਦੀ ਸਰਕਾਰੀ ਖਰਚੇ 'ਤੇ ਨਹੀਂ ਚੱਲਦੀ ਸੀ

## ਗੁਰੂਆਂ ਦੇ ਖਿਲਾਫ਼ ਲਿਖਣ ਲਈ ਲੇਖਿਕਾ ਬੀਬੀ ਜੀ ਪੰਥ ਪਾਸੋਂ ਮੁਆਫ਼ੀ ਮੰਗੇ – ਗੁਰਬਖਸ਼ ਸਿੰਘ ਬੋਪਾਰਾਏ

ਬਾਰਕਿੰਗ (ਪੰਜਾਬ ਟਾਈਮਜ਼) – ਸ੍ਰੀ ਗੁਰੂ ਸਿੰਘ ਸਭਾ ਗੁਰਦੁਆਰਾ ਬਾਰਕਿੰਗ ਦੇ ਸਾਬਕਾ ਪ੍ਰਧਾਨ ਸ: ਗੁਰਬਖਸ਼ ਸਿੰਘ ਬੋਪਾਰਾਏ ਨੇ ਪੰਜਾਬ ਟਾਈਮਜ਼ ਨੂੰ ਫ਼ੋਨ ਕਰਕੇ ਕਿਹਾ ਕਿ ਪੇਪਰ ਵਿੱਚ ਲਿਖਿਆ ਗਿਆ ਹੈ ਕਿ ਸਿੱਖ ਗੁਰੂਆਂ ਦੀ ਗੁਰਗੱਦੀ ਸਰਕਾਰੀ ਮਦਦ ਨਾਲ ਚੱਲਦੀ ਰਹੀ ਹੈ। ਉਨ੍ਹਾਂ ਕਿਹਾ ਕਿ ਇਹ ਲੇਖ ਪੰਜਾਬ ਟਾਈਮਜ਼ ਦੇ ਅੰਕ 3017 ਦੇ ਪੰਨਾ 45 ਤੇ ਛਪਿਆ ਸੀ, ਜਿਸ ਵਿੱਚ ਲੇਖਕਾ ਨੇ ਲਿਖਿਆ ਸੀ, "ਗੱਦੀ ਭੀ ਅਕਸਰ ਸਰਕਾਰੂ ਖਜ਼ਾਨੇ 'ਤੇ ਹੀ ਸੀ ਦਸਾਂ ਗੁਰੂਆਂ ਤੱਕ ਤਾਂ ਹੀ ਚਲਦੀ ਹੈ –––"। ਕੀ ਬੀਬੀ ਜੀ ਕੋਲ ਕੋਈ ਇਤਿਹਾਸਕ ਤੱਥ ਸਬੂਤ ਹੈ, ਕਿ ਸਿੱਖ ਗੁਰੂਆਂ ਦੀ ਗੱਦੀ ਲਈ ਸਮੇਂ ਦੀਆਂ ਸਰਕਾਰਾਂ ਪਾਸੋਂ ਕੋਈ ਰਾਸ਼ੀ ਕਬੂਲ ਕੀਤੀ ਗਈ ਹੈ। ਉਨ੍ਹਾਂ ਕਿਹਾ ਬੀਬੀ ਬਲਵਿੰਦਰ ਕੌਰ ਚਾਹਲ ਨੂੰ ਇਸ 'ਗਲਤ ਕਥਨ' ਲਈ ਸਿੱਖ ਸੰਗਤਾਂ ਪਾਸੋਂ ਮੁਆਫ਼ੀ ਮੰਗਣੀ ਚਾਹੀਦੀ ਹੈ। ਉਹਨਾਂ ਕਿਹਾ, ਜੇ ਬੀਬੀ ਜੀ ਮੁਤਾਬਕ ਗੁਰਗੱਦੀ ਸਰਕਾਰੂ ਖਰਚੇ 'ਤੇ ਚਲਦੀ ਸੀ ਤਾਂ ਫਿਰ ਪੰਜਵੇਂ ਪਾਤਿਸ਼ਾਹ ਸ੍ਰੀ ਗੁਰੂ ਅਰਜਨ ਦੇਵ ਜੀ ਦੀ ਸ਼ਹਾਦਤ ਕਿਵੇਂ ਤੇ ਕਿਉਂ ਹੋਈ! ਛੇਵੇਂ ਪਾਤਿਸ਼ਾਹ ਸ੍ਰੀ ਗੁਰੂ ਹਰਿਗੋਬਿੰਦ ਸਾਹਿਬ ਨੂੰ ਚਾਰ ਜੰਗਾਂ ਸਮੇਂ ਦੇ ਹਾਕਮਾਂ ਨਾਲ ਲੜਨੀਆਂ ਪਈਆਂ, ਕੀ ਇਹ ਸਰਕਾਰੂ ਖਰਚਾ ਮਿਲਣ ਕਰਕੇ ਸੀ? ਬੀਬੀ ਜੀ, ਇਹਨਾਂ ਤੱਥਾਂ ਦਾ ਹੈ ਕੋਈ ਜਵਾਬ?


ਸ: ਗੁਰਬਖਸ਼ ਸਿੰਘ ਬੋਪਾਰਾਏ

ਸ: ਗੁਰਬਖਸ਼ ਸਿੰਘ ਬੋਪਾਰਾਏ ਨੇ ਕਿਹਾ ਕਿ ਇਹ ਤਾਂ ਇਤਿਹਾਸਕ ਸਬੂਤ ਅਤੇ ਤੱਥ ਮੌਜੂਦ ਹਨ ਕਿ ਗੁਰੂ ਸਾਹਿਬਾਂ ਨੇ ਜਿਹੜੇ ਵੀ ਨਗਰ ਵਸਾਏ ਉਥੋਂ ਦੀ ਜ਼ਮੀਨ ਮੁੱਲ ਖਰੀਦ ਕੇ ਵਸਾਏ, ਚਾਹੇ ਅੰਮ੍ਰਿਤਸਰ ਸੀ, ਚਾਹੇ ਤਰਨਤਾਰਨ ਜਾਂ ਅਨੰਦਪੁਰ ਸਾਹਿਬ ਇਹਨਾਂ ਦੇ ਇਲਾਵਾ ਹੋਰ ਵੀ ਕਈ ਨਗਰ ਗੁਰੂ ਸਾਹਿਬਾਨਾਂ ਨੇ ਵਸਾਏ। ਇੱਕ ਹੋਰ ਥਾਂ ਤੇ ਬੀਬੀ ਜੀ ਨੇ ਦਸਵੇਂ ਪਾਤਿਸ਼ਾਹ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੁਆਰਾ ਸ੍ਰੀ ਗੁਰੂ ਗ੍ਰੰਥ ਸਾਹਿਬ ਦਾ ਉਤਾਰਾ ਕਰਵਾਉਣ ਤੇ ਵੀ ਕਿੰਤੂ ਕੀਤਾ ਹੈ। ਪਰ ਜੋ ਹੁਣ ਤੱਕ ਦਾ ਮੌਜੂਦਾ ਇਤਿਹਾਸ ਹੈ, ਉਹ ਤਾਂ ਇਹੀ ਪ੍ਰਗਟ ਕਰਦਾ ਹੈ ਕਿ ਜਦੋਂ ਪਹਿਲੀ ਆਦਿ ਬੀੜ ਰਾਮ ਰਾਈਆਂ ਨੇ ਸਿੱਖਾਂ ਨੂੰ ਨਹੀਂ ਦਿੱਤੀ ਸੀ, ਤਾਂ ਦਸਵੇਂ ਪਾਤਿਸ਼ਾਹ ਨੇ ਆਪ ਗੁਰੂ ਗ੍ਰੰਥ ਸਾਹਿਬ ਦੀ ਮੌਜੂਦਾ ਬੀੜ ਦਾ ਉਤਾਰਾ ਕਰਵਾਇਆ ਸੀ।

ਜੇ ਇਹ ਇਤਿਹਾਸ ਗਲਤ ਹੈ ਤਾਂ ਬੀਬੀ ਜੀ ਜਿਹੜੇ ਅਕਾਲੀ ਦਲ ਅਤੇ ਸ਼੍ਰੋਮਣੀ ਕਮੇਟੀ ਦੇ ਗੁਣ ਗਾਉਂਦੀ ਹੈ, ਉਹਨਾਂ ਪਾਸੋਂ ਸਹੀ ਇਤਿਹਾਸ ਲਿਖਵਾ ਲਵੇ, ਜਿਸ ਬਾਰੇ ਕਈ ਦਹਾਕਿਆਂ ਤੋਂ ਸਿੱਖ ਬੇਨਤੀਆਂ ਤੇ ਅਪੀਲਾਂ ਕਰ ਰਹੇ ਹਨ। ਪਰ ਬੀਬੀ ਜੀ ਨੂੰ ਸਿੱਖੀ ਸਿਧਾਂਤਾਂ ਅਤੇ ਮਾਨਤਾਵਾਂ ਅਤੇ ਗੁਰੂਆਂ ਦੇ ਖਿਲਾਫ਼ ਅਜਿਹੀਆਂ ਮਨਘੜਤ ਕਥਾਵਾਂ ਲਿਖਣ ਤੋਂ ਗੁਰੇਜ਼ ਕਰਨਾ ਚਾਹੀਦਾ ਹੈ। ਹੋਰ ਬਹੁਤ ਕੁੱਝ ਹੈ ਲਿਖਣ ਵਾਸਤੇ, ਦੁਨੀਆ ਦਾ ਸੁਧਾਰ ਕਰਨ ਵਾਸਤੇ।

### 45 ਸਫ਼ੇ ਦੀ ਬਾਕੀ

ਕਰਜ਼ੇ ਨਾਲੇ ਕਰਜ਼ਾ ਮੁਆਫ਼ੀ ਲਈ ਦਿੱਲੀ ਕੂਚ ਵਾਲੇ ਮੁਆਵਜ਼ੇ ਲਈ, ਮਜ਼ਦੂਰ ਤਾਂ ਦਿਹਾੜੀਦਾਰ ਨੇ, ਕੁਝ ਜੁੜੇ ਨੇ ਪਰ ਹੈ ਮੁਫ਼ਾਦ ਝੂਠ ਬੋਲ ਕੇ ਕਰਜ਼ਾ ਲੈ ਕੇ ਸਰਕਾਰ ਲਾਹੇ। ਭਗਵੰਤ ਮਾਨ ਤੋਂ ਹੁਣ ਮਨ ਖੱਟਾ ਹੋ ਗਿਆ, ਸੋਸ਼ਲ ਮੀਡੀਆ ਮਸਤਪੁਣੇ ਤੇ ਉਕਸਾਉਣ ਲਈ ਘਾਣ ਕਰਵਾ ਕੇ ਸਾਹ ਲੈਣਗੇ। ਕੀ ਕਾਰਨ ਹੈ ਮੁੰਡੇ ਦੀ ਦੇਹ ਦਾ ਪੋਸਟਮਾਰਟਮ ਰੋਕਿਆ, ਕਾਰਨ ਕੀ ਹਨ।

ਐਫੀਡੇਵਿਟ ਦਿਖਾਓ, ਐੱਫ. ਆਈ. ਆਰ. ਦਰਜ ਨਹੀਂ ਤਾਂ ਭਗਵੰਤ ਮਾਨ ਕੋਰਟ ਤੋਂ ਝਾੜਾ ਪੁਆਊ। ਕੁਝ ਤਾਂ ਜ਼ਰੂਰ ਲੁਕੋ ਰਹੇ ਹਨ। ਪਹਿਲਾਂ ਬਲਦੇਵ ਸਿੰਘ ਸਿਰਸਾ ਜੀ ਗੋਲ਼ੀ ਪਿੱਛੇ ਲੱਗੀ ਹੁਣ ਮੱਥੇ 'ਚ ਲੱਗੀ ਰਾਤ ਨੂੰ 11 ਵਜੇ ਪੋਸਟਮਾਰਟਮ ਸਵੇਰੇ ਸਰਕਾਰ ਜ਼ੀਰੋ ਕੇਸ ਸਭ ਆਗੂ ਮੂਹਰੇ ਪ੍ਰਵਾਰ ਦਾ ਜੀਅ ਨਹੀਂ। ਅੱਗੇ ਦਿਖਾਉਂਦੇ ਅਹਿਮ ਨੁਕਤਾ ਇੱਕ ਚੈਨਲ 'ਤੇ ਸ਼ਮੂਲੀਅਤ ਲਈ ਪਹੁੰਚੇ ਸੀ। ਸੁਣੋ ਮੈਂ ਪੋਸਟ ਦੇਖੀ ਸੀ ਇਸਦੀ, ਯਾਨੀ ਇਹ ਕਿਸਾਨ ਦੱਸਿਆ ਜਾਣ ਵਾਲਾ ਮੁੰਡਾ ਭੀ ਪੋਸਟਾਂ ਪਾਉਂਦਾ ਸੀ, ਹੁਲੀਆ ਭੀ ਐਕਟਰਾਂ ਵਰਗਾ। ਇਹ ਭਗਵੰਤ ਮਾਨ ਦਾ ਕਰੋੜ ਭੀ ਕੁੱਝ ਭੇਤ ਛੁਪਾ ਕੇ ਰੱਖੀਂ। ਬਸ ਜੀ ਪੰਜਾਬ ਨੂੰ ਰਣਾਂਅ ਬਣਾ ਕੇ ਛੱਡੋ, ਕੀ ਗੰਜੀ ਨਹਾਊ ਤੇ ਕੀ ਪੁੰਨ ਕਰੂ। ਅਗਲੀ ਸਿਆਸੀ ਜਮਾਤ ਤਾਂ ਅਸਤ ਚੁੱਗਣ ਜੋਗੀ ਰਹਿ ਜਾਊ। ਕੇਂਦਰ ਨੇ ਗੁੜ ਦੇ ਕੇ ਮਾਰੇ ਧੁਰਾ ਬਣੇ ਆਹ ਹਿਤੈਸ਼ੀ ਜ਼ਮੀਨਾਂ ਦੇ ਸੁਣੋ। ਕਿਸਾਨ ਨਹੀਂ ਕੌਣ ਹਨ ਮੋਰਚਿਆਂ 'ਤੇ ਵਿਦੇਸ਼ੀ ਜ਼ਮੀਨਾਂ ਹਾਲੇ ਮਾਮਲੇ 'ਤੇ ਲੈ ਕੇ ਨਾਲੇ ਤਾਂ ਕੇਂਦਰ ਦਾ ਪੰਜ ਕਿੱਲੇ ਤੋਂ ਘੱਟ ਵਾਲੀ ਜਗ੍ਹਾ ਲੈਂਦੇ ਨ, ਨਾਲੇ ਝੂਠ ਬੋਲ ਕਰਜ਼ਾ, ਪੰਚਾਇਤੀ ਜ਼ਮੀਨਾਂ, ਭੋਲੀ ਤੇ ਜਾਤ ਆਧਾਰਤ ਕਿਸਾਨ ਨੇ ਵੀ ਜੱਟਾਂ ਦਾ ਤਾਂ ਥੱਲਾ ਲੁਆ'ਤਾ। ਕਰਜ਼ੇ ਮੁਆਫ਼ੀ ਲਈ ਜਾ ਕੇ ਮੂਹਰੇ ਅਸੀਂ ਕਿਸਾਨ ਹਾਂ। ਖੇਤੀ ਤਾਂ ਵੱਡੀ ਖੇਤੀ ਵਾਲਿਆਂ ਨਾਲ ਰਲ ਕੇ ਆਪ ਤਾਂ ਕੋਈ ਕਹੀ ਕੁਹਾੜਾ ਮਸ਼ੀਨਰੀ ਖ਼ਰੀਦਣੀ ਨੀ, ਕਹਾਣੀ ਆਹ ਟਰੈਕਟਰਾਂ ਦੀ ਕੋਈ ਜੱਟ ਦੇ ਆਪਣੇ ਨਹੀਂ, ਕਿਸ਼ਤਾਂ ਤੇ ਭਾੜੇ 'ਤੇ ਜਾਂ ਕਿਸੇ ਦੇ ਨਾਂਅ ਉੱਤੇ ਕਿਆਰਾ ਨਹੀਂ ਬਸ ਕਾਗਜ਼ ਬੁੜੇ ਦੇ ਨਾਉਂ ਬਦਲ ਕੇ ਟਰੈਕਟਰ ਲੈ ਲਵੋ, ਸਭ ਕਿਸਾਨਾਂ ਦੇ ਅਡੰਬਰ ਨੇ। ਆਗੂਆਂ ਨੇ ਭਾਰ ਝੱਲਦਾ ਹੈ ਕੌਣ? ਜੱਟ ਅਜੇ ਭੋਂਦੂ ਹੈ ਜੋ ਆਪਣਾ ਲੱਖ ਦਾ ਟਰੈਕਟਰ ਲੈ ਕੇ ਭੰਨਾਉਣ ਜਾਊ। ਮੁੰਡੇ ਡਰਾਈਵਰ ਰੱਖ ਲੈ, ਤਮਾਸ਼ੇ ਕਰਦੇ ਨੇ। ਦੱਸੋ ਖਰਚਾ ਕਿੱਥੋਂ? ਯੂਨੀਅਨਾਂ ਦਾ ਕਰਨਦੀਪ ਦਾ ਜੋ ਕਿੱਸਾ ਹੈ ਹਾਲੇ ਸਾਹਮਣੇ ਨਹੀਂ ਆਇਆ, ਖੋਜੀ ਲੱਭ ਰਹੇ ਹਨ ਕਿ ਗੋਲ਼ੀ ਕਿੱਥੋਂ ਕਿਨੇ ਤੇ ਕੀਹਨੇ। ਭਾਈ ਆਹ ਜੋ ਹੁਣ ਸੋਸ਼ਲ ਮੀਡੀਏ ਤੋਂ ਪੈਸਾ ਕਮਾ ਹੋ ਰਿਹਾ ਹੈ, ਜਾਨਲੇਵਾ ਭੀ ਬਣ ਜਾਂਦਾ ਹੈ। ਮੋਰਚੇ ਨੂੰ ਫੂਕ ਭਰਨ ਲਈ ਕੁੱਫਰ ਦੇ ਗੋਤੇ ਹੁਣ ਸਭ ਬਾਕੀ ਧਰਨੇ ਮੋਰਚੇ ਤਾਂ ਤਕਰੀਬਨ ਸ਼ਰਮ ਦੇ ਮਾਰੇ ਬੈਠੇ ਨੇ, ਮੰਗਾਂ ਤਾਂ ਹੁਣ ਵੀ ਨੇ। ਮੁਲਾਜ਼ਮਾਂ ਦੇ ਜਾਇਜ਼ ਹਨ। ਰਹੀ ਗੱਲ ਕਿਸਾਨੀ ਘੋਲ ਦੀ, ਸਮਰਥਕ ਨੇਕ ਸਲਾਹ ਦੇਣ ਕਿ ਭਾਈ ਸੂਬੇ 'ਤੇ ਤਰਸ ਕਰੋ, ਮੰਗਾਂ ਨਾ ਖੜ੍ਹਾਇਓ ਤੇ ਵਿਚਾਰਾਂ ਨਾਲ ਕੁੱਝ ਖੱਟੋ। ਗੋਡੇ ਧੌਣ ਤੇ ਰੱਖ ਕੇ ਦੇਖ ਲਏ, ਅੱਗੇ ਭੀ ਤਜਰਬੇ ਤੋਂ ਸਬਕ ਸਿੱਖ ਹੁਣ ਬਦਾਮਾਂ ਦੀਆਂ ਪਿੰਨੀਆਂ ਬਾਰਡਰਾਂ 'ਤੇ ਲਿਜਾਣ ਲਈ ਰਾਹ ਪੱਧਰਾ ਨਹੀਂ।

ਅੰਤ ਭੁੱਖੇ ਮਰਦੇ ਚੇਲੇ ਭੀ ਭੱਜ ਜਾਣਗੇ। ਭੰਡਾ ਭੰਡਾਰੀਆ ਦੀਆਂ ਦੂਜੀਆਂ ਮੁੱਠੀਆਂ ਹੋਰ ਪਤੰਗ ਚੜ੍ਹਾਉਣਗੀਆਂ। ਉਗਰਾਹਾਂ ਤੇ ਰਾਜੇਵਾਲ ਭੀ ਹੁਣ ਆਮ ਕਰਕੇ ਫੇਰ ਜਾਗਣਗੇ। ਲਾਂਬੂ ਲਾ ਕੇ ਹਟਣਗੇ। ਪਰ ਚੋਣਾਂ 'ਚ ਮੋਦੀ ਨੂੰ ਭਾਂਜ ਤਾਂ ਦੇਣਗੇ ਪਰ ਹਾਰ ਨਹੀਂ। ਭਾਜਪਾ ਨੂੰ ਪੰਜਾਬ 'ਚੋਂ ਕਿੰਨੇ ਕੁ ਐੱਮ.ਪੀ. ਹੋਣਗੇ। ਹੁਣ ਬਾਰਡਰਾਂ 'ਤੇ ਕੰਧਾਂ ਤੋੜਨ ਨਾਲ ਬੰਦੇ ਮਰਨਗੇ। ਹਟ ਜਾਵੋ ਅਤੇ ਪੰਜਾਬ 'ਚ ਗਵਰਨਰੀ ਰਾਜ ਮੈਂ ਤਾਂ ਸੋਚਦੀ ਹਾਂ ਮਿਲਟਰੀ ਲੱਗੇ। ਪਾਕਿਸਤਾਨ ਦੀ ਤਰ੍ਹਾਂ ਅਹਿਮ ਕਾਨੂੰਨੀ ਨੁਕਤਾ ਜੇਕਰ ਸਰਕਾਰੀ ਵਜ਼ੀਰਾਂ, ਮੁੱਖ ਮੰਤਰੀ ਤੇ ਪੁਲਿਸ ਅਫ਼ਸਰਾਂ ਤੇ ਕੇਸ ਹੋ ਸਕਦੇ ਹਨ ਤਾਂ ਇਨ੍ਹਾਂ ਕਿਸਾਨ ਆਗੂਆਂ 'ਤੇ ਕਿਉਂ ਨਹੀਂ। ਇਹ ਭੀ ਸੱਦ ਕੇ ਹੱਲਾ-ਸ਼ੇਰੀ ਉਕਸਾਹਟ ਲਾਲਚ ਕਰਜ਼ੇ ਮਾਫੀ ਦੇ ਲਾਲਚ ਦੇ ਟਰੈਕਟਰ ਟਰਾਲੀਆਂ ਮੁਹੱਈਆ ਕਰ ਕੇ ਇਕੱਠੇ ਕਰਵਾ ਕੇ ਆਪਣੀ ਮੁਹਿੰਮ ਨੂੰ ਚਲਾਉਂਦੇ ਨੇ। ਕਤਲਾਂ ਦੇ ਕੇਸਾਂ ਦੇ ਇਹ ਭੀ ਜ਼ਿੰਮੇਵਾਰ ਹਨ। ਸ਼ਹੀਦ ਅੱਖਰ ਕਮਲਾ ਕਰ ਦਿੱਤਾ, ਸ਼ਹੀਦ ਫ਼ਾਰਮੀ ਮਾ ਅੱਖਰ ਸੀ। ਯੁੱਧ ਲਈ ਲੜਦਾ-ਮਰਦਾ ਸ਼ਹੀਦ ਹੁੰਦਾ ਸੀ। ਅੱਖਰ ਭੀ ਕਈ ਨਾਉਂ ਬਦਲੀਆਂ 'ਚੋਂ ਲੰਘ ਪੰਜਾਬੀ ਬਣ ਗਿਆ। ਇਹ ਧਰਮ ਦੇ ਮੋਰਚੇ ਨਹੀਂ , ਨਾ ਸ਼ਹੀਦ ਹਨ। ਫ਼ੌਜੀ ਭੀ ਸ਼ਹੀਦ ਨਹੀਂ ਗਰਦਾਨਗੇ। ਇਹ ਖੱਬੀਆਂ ਨੇ ਸਿੱਖ ਧਰਮ 'ਤੇ ਕਾਬੂ ਕਰਕੇ ਸੰਨ ਲਾ ਲਿਆ, ਉੱਧਰ ਡੇਰੇਦਾਰਾਂ ਨੇ ਤਾਂ ਹਿੰਦੂ ਵਿਚਾਰਧਾਰਾ ਦਾ ਪ੍ਰਚਾਰ ਕਰਕੇ ਰਲਗੱਡ ਕੀਤਾ ਪਰ ਗਰਮਦਲੀਏ ਹਿੰਦੂ ਅਦਾਰੇ ਨੂੰ ਕੋਸੀ ਜਾਂਦੇ ਹਨ। ਕੀ ਲੋੜ ਹੈ ਆਰ. ਐੱਸ. ਐੱਸ. ਨੂੰ ਕਸ਼ਟ ਕਰਨ ਦੀ, ਆਹ ਪ੍ਰਚਾਰਕ ਜੀਊਂਦੇ ਰਹਿਣ, ਦੂਜੇ ਚੈਨਲਾਂ 'ਤੇ ਗੁਰੂ ਗਰੰਥ ਦੀ ਅੱਜ ਪ੍ਰਵਾਨ ਹੋ ਕੇ ਘਰੀਂ ਚਰਨ ਨਹੀਂ ਸਨ ਮਨਜ਼ੂਰ। ਇਹ ਇਨ੍ਹਾਂ ਦਾ ਜਾਦੂ ਹੁਣ ਘਰੀਂ ਪਾਠ ਦੀ ਰੀਤ ਉਡੰਤਰ ਕੋਈ ਹੁਕਮਨਾਮਾ ਲਾਗੂ ਨਹੀਂ ਚੈਨਲਾਂ ਤੇ ਗੁਰਦੁਆਰੇ ਫੇਰ ਗੁਰਦੁਆਰਿਆਂ ਵਾਲੇ ਸਜ ਕੇ ਬੈਠਦੇ ਨੇ ਤੇ ਹੁਣ ਸੁਣਿਆ 'ਚੋਂ ਡਾਕਟਰ ਸਿੱਖ ਫਲਾਸਫੀ 'ਤੇ ਕਹਿੰਦੇ ਸੁਰ ਲੈਅ ਘੱਟਗੀ। ਗੁਰੂਘਰਾਂ 'ਚੋਂ ਘਟਾਈ ਕੀਹਨੇ? ਮੈਂ ਕਲਮੀ ਧਰਮ ਮੰਨ ਕੇ ਹੀ ਤੁਹਾਡੇ ਰੂ-ਬ-ਰੂ ਹੋ ਤਾਂ ਨਹੀਂ ਸਕਦੀ ਪਰ ਪਰਚੇ ਦੀ ਰਿਣੀ ਹਾਂ ਜੋ ਮੇਰੀ ਇੱਛਾ ਤੇ ਇਸ਼ਟ ਦੀ ਪੂਰਤੀ ਕਰਦਾ ਹੈ। ਗੁਰੂ ਘਰੋਂ ਪ੍ਰਚੇ ਨੂੰ ਹੋਰ ਭੀ ਪੰਜਾਬੀ ਭਾਸ਼ਾ ਨੂੰ ਸਾਂਭੋ ਮਹੀਨੇ ਦਾ ਇਸ਼ਤਿਹਾਰ ਦੇਣ ਲੱਗੋ ਤੇ ਧਰਮ ਦੀ ਜਾਣਕਾਰੀ ਪੜ੍ਹ ਹੋਵੇ ਨਾ ਕਿ ਸੁਣ ਕੇ ਪੱਲਾ ਝਾੜ ਖਿਮਾਂ ਧੰਨਵਾਦ ਤੇ ਅਰਜ਼ ਕਰਾਂ।

* * * * * * * * * *

### ਅਰੁਮਾਨ ਸਿੰਘ ਦੀ ਮੌਤ ਸਿਰ ਵਿੱਚ ਕੁਹਾੜੀ ਲੱਗਣ ਨਾਲ ਹੋਈ ਸੁਣਵਾਈ ਦੌਰਾਨ ਹੋਇਆ ਖੁਲਾਸਾ

**✪ 40 ਤੋਂ ਵੱਧ ਸਨ ਜ਼ਖ਼ਮਾਂ ਦੇ ਨਿਸ਼ਾਨ, 4 ਹੋਰ ਲੋਕਾਂ ਦੀ ਤਲਾਸ਼**



ਲੰਡਨ (ਮਨਪ੍ਰੀਤ ਸਿੰਘ ਬੱਧਨੀ ਕਲਾਂ)-ਪਿਛਲੇ ਸਾਲ ਕਤਲ ਹੋਏ ਅਰੁਮਾਨ ਸਿੰਘ ਦਾ ਕੇਸ ਪਿਛਲੇ ਹਫਤੇ ਤੋਂ ਅਦਾਲਤ ਵਿੱਚ ਚੱਲ ਰਿਹਾ ਹੈ। ਹੁਣ ਤੱਕ ਦੀ ਸੁਣਵਾਈ ਵਿੱਚ ਫਰੈਂਸਿਕ ਮਾਹਿਰਾਂ, ਡਾਕਟਰ, ਪੁਲਿਸ ਅਤੇ ਉਸ ਦੇ ਇੱਕ ਸਾਥੀ ਦੇ ਬਿਆਨ ਹੋ ਚੁੱਕੇ ਹਨ। ਅਦਾਲਤ ਵਿੱਚ ਪੋਸਟ ਮਾਰਟਮ ਕਰਨ ਵਾਲੇ ਡਾਕਟਰ ਨੇ ਦੱਸਿਆ ਕਿ ਅਰੁਮਾਨ ਸਿੰਘ ਦੀ ਮੌਤ ਸਿਰ ਵਿੱਚ ਕੁਹਾੜੀ ਲੱਗਣ ਨਾਲ ਹੋਈ ਹੈ, ਉਸ ਦੇ ਸਿਰ, ਛਾਤੀ ਅਤੇ ਸਰੀਰ ਦੇ ਵੱਖ ਵੱਖ ਹਿੱਸਿਆਂ ਤੇ 40 ਜ਼ਖ਼ਮਾਂ ਦੇ ਨਿਸ਼ਾਨ ਸਨ। ਜਿਊਰੀ ਨੂੰ ਇਹ ਵੀ ਦੱਸਿਆ ਗਿਆ ਕਿ ਕੁਕੀਨ ਅਤੇ ਕੁਝ ਅਜੇਹੀਆਂ ਦਵਾਈਆਂ ਦੇ ਸੇਵਨ ਦਾ ਵੀ ਸਬੂਤ ਮਿਲਿਆ ਹੈ ਜੋ ਡਾਕਟਰ ਵੱਲੋਂ ਨਹੀਂ ਦਿੱਤੀਆਂ ਗਈਆਂ ਸਨ। ਸਟੈਫੋਰਡ ਕਰਾਊਨ ਕੋਰਟ ਵਿੱਚ ਚੱਲ ਰਹੀਂ ਸੁਣਵਾਈ ਦੌਰਾਨ ਇਹ ਵੀ ਦੱਸਿਆ ਗਿਆ ਕਿ 23 ਸਾਲਾ ਅਰੁਮਾਨ ਸਿੰਘ ਤੇ ਦੋ ਗੈਂਗਾਂ ਦੇ ਲੋਕਾਂ ਨੇ ਹਮਲਾ ਕੀਤਾ ਜੋ ਚਿੱਟੀ ਮਰਸੈਡੀਜ਼ ਅਤੇ ਆਉਡੀ ਕਾਰ ਵਿੱਚ ਆਏ ਸਨ। ਅਦਾਲਤ ਵਿੱਚ ਇਹ ਵੀ ਦੱਸਿਆ ਗਿਆ ਕਿ ਪੁਲਿਸ ਨੇ ਇੱਕ ਸ਼ੱਕੀ ਨੂੰ ਹੈਲੀਕਾਪਟਰ ਰਾਹੀਂ ਖ਼ੂਨ ਨਾਲ ਲਿੱਬੜੀ ਕੁਹਾੜੀ ਛੁਪਾਉਂਦੇ ਵੇਖਿਆ ਸੀ। ਇਸ ਮਾਮਲੇ ਵਿੱਚ ਅਰਸ਼ਦੀਪ ਸਿੰਘ ਵਾਸੀ ਟਿਪਟਨ, ਸ਼ਿਵਦੀਪ ਸਿੰਘ ਵਾਸੀ ਸਮੈਦਿਕ, ਮਨਜੋਤ ਸਿੰਘ ਵਾਸੀ ਸਮੈਦਿਕ, ਜਗਦੀਪ ਸਿੰਘ ਵਾਸੀ ਡਡਲੀ ਅਤੇ ਸੁਖਮਨਦੀਪ ਸਿੰਘ ਵਾਸੀ ਪੀਟਰਬਰੋ ਕਤਲ ਦੇ ਦੋਸ਼ਾਂ ਦਾ ਸਾਹਮਣਾ ਕਰ ਰਹੇ ਹਨ, ਜਦ ਕਿ ਸਭ ਨੇ ਕਤਲ ਤੋਂ ਇਨਕਾਰ ਕੀਤਾ ਹੈ। ਜਦ ਕਿ ਪੁਲਿਸ ਇਸ ਮਾਮਲੇ ਵਿੱਚ ਹਰਪ੍ਰੀਤ ਸਿੰਘ, ਮਹਿਕਦੀਪ ਸਿੰਘ, ਹਰਵਿੰਦਰ ਸਿੰਘ ਟੂਰਨਾ ਅਤੇ ਸਹਿਜਪਾਲ ਸਿੰਘ ਦੀ ਤਲਾਸ਼ ਕਰ ਰਹੀ ਹੈ।

# ਕਾਵਿ-ਕਿਆਰੀ

## ਛੜਾ ਸੰਸਾਰ

ਪ੍ਰਗਤੀਸ਼ੀਲ ਇਸ ਦੁਨੀਆ ਵਿੱਚ,
ਭਰਮਾਰ ਬੜੀ ਹੈ ਛੜਿਆਂ ਦੀ।
ਰੋਜ਼ ਉਭਰ ਰਿਹਾ ਇਹ ਮਸਲਾ,
ਚਿੰਤਾ ਹੈ ਭਵਿੱਖ ਦੇ ਵਰ੍ਹਿਆਂ ਦੀ।

ਵਧ ਰਹੀ ਹੈ ਗਿਣਤੀ ਨਿਸ ਦਿਨ,
ਸਮਾਜਿਕ ਨਕਸ਼ਾ ਬਦਲ ਰਿਹਾ,
ਕਦੀ ਛੜੇ ਸਨ ਟਾਂਵੇਂ ਟਾਂਵੇਂ,
ਅੱਜ ਥੋੜ੍ਹ ਹੈ ਵਿਆਹਿਆਂ ਵਰਿਆਂ ਦੀ।

ਕਦੀ ਕੁਰਬਲ਼ ਕੁਰਬਲ਼ ਹੁੰਦੀ ਸੀ,
ਵਿਹੜਿਆਂ ਦੇ ਵਿੱਚ ਬਾਲਾਂ ਦੀ,
ਅੱਜ ਉੱਜੜੇ ਉੱਜੜੇ ਵਿਹੜੇ ਨੇ,
ਤਸਵੀਰ ਗੁੰਮ ਹੈ ਵਿਹੜੇ ਭਰਿਆਂ ਦੀ।

ਚੁੱਲ੍ਹਿਆਂ ਵਿੱਚ ਨਹੀਂ ਹੁਣ ਅੱਗਾਂ,
'ਤੇ ਪਾਣੀ ਮੁੱਕ ਰਹੇ ਘੜਿਆਂ 'ਚੋਂ,
ਦਾਲ਼ ਹੁਣ ਗਲ਼ਦੀ ਨਹੀਂ ਲੱਗਦੀ,
ਕਿਸੇ ਪਾਸੇ ਵਖ਼ਤ ਦੇ ਫੜਿਆਂ ਦੀ।

ਕਈ ਬੀਬੀਆਂ ਬੀਬੇ ਫਿਰਦੇ ਨੇ,
ਕੱਲੇ ਕੱਲੇ 'ਤੇ ਕਹਿਰੇ ਕਹਿਰੇ,
ਅਕਲ ਦੀ ਗੱਲ ਕੋਈ ਸੁਣਦਾ ਨਹੀਂ,
ਹੁਣ ਪੇਸ਼ ਨਹੀਂ ਜਾਂਦੀ ਬੜਿਆਂ ਦੀ।

ਅੱਜ ਆਦਮ ਹੈ ਕੁਦਰਤ 'ਤੇ ਭਾਰੂ,
ਕੱਲ੍ਹ ਕੁਦਰਤ ਕਰਵਟ ਬਦਲੇਗੀ,
ਫੇਰ ਕੋਈ ਚਲਾਕੀ ਨਹੀਂ ਚੱਲਣੀ,
ਅਕਲਾਂ ਦੇ ਭਰੇ ਹੋਏ ਘੜਿਆਂ ਦੀ।

ਸਮਤੋਲ ਜਲਦੀ ਵਿਗੜ ਜਾਵੇਗਾ,
ਦੁਨੀਆ ਦੇ ਤਾਣੇ ਬਾਣੇ ਦਾ,
ਛੜੇ ਢਾਣੀਆਂ ਲਾ ਲਾ ਬੈਠਣਗੇ,
ਭਰਮਾਰ ਹੋਵੇਗੀ ਥੜ੍ਹਿਆਂ ਦੀ।

ਥਾਂ ਥਾਂ 'ਤੇ ਬਿਰਧ ਆਸ਼ਰਮਾਂ ਦੇ,
ਅਸਥਾਨ ਹੋਰ ਹੁਣ ਖੁੱਲ੍ਹਣਗੇ,
ਧੀਆਂ ਪੁੱਤਰ ਨਹੀਂ ਲੱਭਣਗੇ,
ਜੋ ਹਾਲ ਪੁੱਛਣ ਬੇ-ਘਰਿਆਂ ਦੀ।

ਪਰਿਵਾਰ ਨਿਯੋਜਨ ਦੀ ਲੋੜ ਨਹੀਂ,
ਨਾ ਜਨ ਸੰਖਿਆ ਨੂੰ ਗਿਣਨੇ ਦੀ,
ਬੱਸ ਪੱਟੀ ਮੇਸ ਹੋ ਜਾਣੀ ਹੈ,
ਆਦਮ ਹੱਵਾ ਦੇ ਜਣਿਆਂ ਦੀ।



ਰਵਿੰਦਰ ਸਿੰਘ ਕੁੰਦਰਾ
ਕਵੈਂਟਰੀ ਯੂ ਕੇ
* * * * * * * *

## ਕ੍ਰਾਂਤੀ ਸੋਚ

ਦੇਸ਼ ਦਾ ਜਵਾਨ ਜਾਗੇ, ਕ੍ਰਾਂਤੀ ਸੋਚ ਨਾਲ਼ ਬਈ,
ਚੰਗਾ-ਮਾੜਾ, ਖਰਾ-ਖੋਟਾ, ਦਿਸੇ ਖੁਸ਼ਹਾਲ ਬਈ।

ਭੁੱਖ ਤੇ ਕੰਗਾਲੀ ਦੀਆਂ, ਧੱਜੀਆਂ ਉਡਾ ਦਏ,
ਗਰੀਬ ਦਿਆਂ ਚੁਲ੍ਹਿਆਂ 'ਤੇ, ਰੋਟੀਆਂ ਪਕਾ ਦਏ,
ਨੰਨੇ-ਮੁੰਨੇ ਬੱਚਿਆਂ ਨੂੰ, ਵਿੱਦਿਆ ਪੜ੍ਹਾ ਦਏ,
ਊਚ-ਨੀਚ, ਜਾਤ-ਪਾਤ, ਜੜ੍ਹਾਂ ਤੋਂ ਮੁਕਾ ਦਏ,
ਰੱਬ ਦੀ ਸਹੁੰ ਕਰਾਮਾਤੀ, ਹੋ ਜਾਏ ਕਮਾਲ ਬਈ।
ਦੇਸ਼ ਦਾ ਜਵਾਨ ਜਾਗੇ, ਕ੍ਰਾਂਤੀ ਸੋਚ ਨਾਲ਼ ਬਈ,
ਚੰਗਾ-ਮਾੜਾ, ਖਰਾ-ਖੋਟਾ, ਦਿਸੇ ਖੁਸ਼ਹਾਲ ਬਈ।

ਈਰਖਾ ਦੀ ਅੱਖ ਵਾਲ਼ਾ, ਅੰਨ੍ਹਾਂ ਕਾਣਾ ਹੋ ਜਾਏ,
ਦਇਆ ਵਾਨ ਜੱਗ ਉੱਤੇ, ਬੀਬਾ ਰਾਣਾ ਹੋ ਜਾਏ,
ਉੱਚਿਆਂ ਦਾ ਨੀਵੇਂ ਘਰੀਂ, ਆਉਣਾ-ਜਾਣਾ ਹੋ ਜਾਏ,
ਵਾਸੀ ਜਿਹੜਾ ਕੁੱਲੀਆਂ ਦਾ, ਜਰਵਾਣਾ ਹੋ ਜਾਏ,
ਸਾਂਝੀਵਾਲਤਾ ਦੇ ਉੱਚੇ, ਜਾਗਣ ਖਿਆਲ ਬਈ।
ਦੇਸ਼ ਦਾ ਜਵਾਨ ਜਾਗੇ, ਕ੍ਰਾਂਤੀ ਸੋਚ ਨਾਲ਼ ਬਈ,
ਚੰਗਾ-ਮਾੜਾ, ਖਰਾ-ਖੋਟਾ, ਦਿਸੇ ਖੁਸ਼ਹਾਲ ਬਈ।

ਉਦਾਸੇ ਹੋਏ ਚਿਹਰਿਆ ਤੇ, ਛਾ ਜਾਏ ਮਸਤੀ ਜੀ,
ਇੱਕੋ ਜਿਹੀ ਜਾਣੀ ਜਾਵੇ, ਸਾਰਿਆਂ ਦੀ ਹਸਤੀ ਜੀ,
ਝੂਠਿਆਂ ਕਮੀਨਿਆਂ ਦੀ, ਹੋਂਦ ਹੋ ਜਾਏ ਖਸਤੀ ਜੀ,
ਕਾਲਜਾਂ-ਸਕੂਲਾਂ 'ਚ ਪੜ੍ਹਾਈ ਹੋਵੇ ਸਸਤੀ ਜੀ,
ਵਿੱਦਿਆ ਵਿਚਾਰੀ ਕਰੂ, ਕੰਮ ਬੇਮਿਸਾਲ ਬਈ।
ਦੇਸ਼ ਦਾ ਜਵਾਨ ਜਾਗੇ, ਕ੍ਰਾਂਤੀ ਸੋਚ ਨਾਲ਼ ਬਈ,
ਚੰਗਾ-ਮਾੜਾ, ਖਰਾ-ਖੋਟਾ, ਦਿਸੇ ਖੁਸ਼ਹਾਲ ਬਈ।

ਠਾਣਿਆਂ-ਕਚਹਿਰੀਆਂ ਦੇ, ਠੱਗਾਂ ਤੋ ਬਚਾਵੇ ਰੱਬ,
ਲੁੱਟ-ਖੋਹ ਤੋਂ ਬਚਣ ਲਈ, ਅਕਲਾਂ ਵਧਾਵੇ ਰੱਬ,
ਕਿਰਤੀ ਦੀ ਮਿਹਨਤ ਨੂੰ, ਚੰਗੇ ਭਾਗ ਲਾਵੇ ਰੱਬ,
ਪਾਪੀ ਹਤਿਆਰਿਆਂ ਨੂੰ, ਰੱਜ ਕੇ ਸਤਾਵੇ ਰੱਬ,
ਰਿਸ਼ਵਤ ਖੋਰੀ ਕੀਤਾ, ਹਾਲ ਤੋਂ ਬੇਹਾਲ ਬਈ।
ਦੇਸ਼ ਦਾ ਜਵਾਨ ਜਾਗੇ, ਕ੍ਰਾਂਤੀ ਸੋਚ ਨਾਲ਼ ਬਈ,
ਚੰਗਾ-ਮਾੜਾ, ਖਰਾ-ਖੋਟਾ, ਦਿਸੇ ਖੁਸ਼ਹਾਲ ਬਈ।

ਕੁੱਖ 'ਚ ਧਿਆਣੀਆਂ ਨੂੰ, ਕੋਈ ਕਦੇ ਮਾਰੇ ਨਾ,
ਕੁਰਸੀ ਦੇ ਨਸ਼ੇ ਵਿੱਚ, ਮਾਰੇ ਕੋਈ ਫੁੰਕਾਰੇ ਨਾ,
ਹੰਕਾਰ ਦਿਆਂ ਰੱਥਾਂ ਉੱਤੇ, ਕਰੇ ਅਸਵਾਰੇ ਨਾ,
ਚੜ੍ਹਦੀ ਜਵਾਨੀ ਲਵੇ, ਨਸ਼ੇ ਦੇ ਸਹਾਰੇ ਨਾ,
ਭੋਗਲ ਦੀ ਸੋਚ ਵਿੱਚੋਂ, ਉੱਠੇ ਕਈ ਸਵਾਲ ਬਈ।
ਦੇਸ਼ ਦਾ ਜਵਾਨ ਜਾਗੇ, ਕ੍ਰਾਂਤੀ ਸੋਚ ਨਾਲ਼ ਬਈ,
ਚੰਗਾ-ਮਾੜਾ, ਖਰਾ-ਖੋਟਾ, ਦਿਸੇ ਖੁਸ਼ਹਾਲ ਬਈ।



ਨਛੱਤਰ ਸਿੰਘ ਭੋਗਲ "ਭਾਖੜੀਆਣਾ" (U.K)

## ਜ਼ਿੰਦਗੀ ਦਾ ਸਫ਼ਰ


ਸਫ਼ਰ ਜ਼ਿੰਦਗੀ ਦਾ ਹਰੇਕ ਲਈ,
ਹੁੰਦਾ ਬੜਾ ਹੀ ਔਖਾ।
ਐਪਰ ਜੇਕਰ ਰਜ਼ਾ 'ਚ ਰਹੀਏ,
ਹੋ ਜਾਂਦਾ ਹੈ ਸੌਖਾ।
ਜੀਵਨ-ਪੰਧ 'ਚ ਸਦਾ ਹੀ ਆਵਣ,
ਉੱਚੇ-ਨੀਵੇਂ ਰਸਤੇ।
ਨਿੱਕੇ ਮੋਢਿਆਂ 'ਤੇ ਟੰਗੇ ਨੇ,
ਕਿੰਨੇ ਭਾਰੀ ਬਸਤੇ।
ਹੱਸ-ਖੇਡ ਕੇ ਕੱਟੀਏ ਜੀਵਨ,
ਮੇਲਾ ਚਾਰ ਦਿਹਾੜੇ।
ਸੁਖੀ ਰਹਾਂਗੇ ਆਪਾਂ ਜੇਕਰ,
ਕਰੀਏ ਕੰਮ ਨਾ ਮਾੜੇ।
ਸਭਨਾਂ ਦੇ ਦਿਲ ਅੱਲ੍ਹਾ ਵੱਸਦਾ,
ਸਭ ਦਾ ਦੁਖ ਵੰਡਾਈਏ।
ਕੰਡੇ ਚੁਗੀਏ ਰਾਹਾਂ ਵਿੱਚੋਂ,
ਸਭ ਦੀ ਖ਼ੈਰ ਮਨਾਈਏ।
ਮੋਹ, ਮਮਤਾ ਤੇ ਹਮਦਰਦੀ ਨੇ,
ਗੁਣ ਸਾਰੇ ਹੀ ਪਿਆਰੇ।
ਮਿੱਠਾ ਬੋਲਣ ਵਾਲੇ ਹਰ ਥਾਂ,
ਜਾਂਦੇ ਨੇ ਸਤਿਕਾਰੇ।
ਨੀਵੇਂ ਹੋ ਕੇ ਰਹੀਏ ਹਰਦਮ,
ਉਸ ਖ਼ੁਦਾ ਤੋਂ ਡਰੀਏ।
ਗਊ-ਗਰੀਬ ਦੀ ਰਾਖੀ ਕਰਕੇ,
ਇਹ ਭਵਸਾਗਰ ਤਰੀਏ।



ਪ੍ਰੋ. ਨਵ ਸੰਗੀਤ ਸਿੰਘ

## ਚੌਧਰ ਦੀ ਭੁੱਖ !

ਤਰਲੋਚਨ ਸਿੰਘ 'ਦੁਪਾਲ ਪੁਰ'
78146-92724



ਵੱਡਾ ਰੋਗ ਹੈ ਸਭਾ ਸੋਸਾਇਟੀਆਂ ਨੂੰ
ਚੌਧਰ ਲੈਣ ਦੀ ਲੱਗੀ ਐ ਹੋੜ ਦੇਖੋ।
'ਨੰਬਰ' ਨਿੱਜ ਦੇ ਕਿਵੇਂ ਵਧਾ ਲਈਏ
ਲੈਂਦੇ ਪਲਾਂ ਵਿੱਚ 'ਜੋੜ ਤੇ ਤੋੜ' ਦੇਖੋ।
ਰਾਹ ਸਫਲਤਾ ਵਾਲ਼ੇ ਨੀ ਪੈਣ ਦਿੰਦਾ
ਦੁਸ਼ਮਣ ਦਿੰਦਾ ਏ ਬਾਂਹ ਮਰੋੜ ਦੇਖੋ।
ਛੱਡ ਵੈਰੀ ਨੂੰ ਆਪਸ 'ਚ ਲੜੀ ਜਾਂਦੇ
ਦੂਰਅੰਦੇਸ਼ੀ ਤੇ ਅਕਲ ਦੀ ਥੋੜ ਦੇਖੋ।
ਕੀ ਹੋਵੇ ਗਾ ਝੋਟਿਆਂ ਭਿੜਦਿਆਂ ਦਾ
ਨਿਰਾ ਖੌਅ ਹੀ ਹੁੰਦਾ ਐ ਬੂਝਿਆਂ ਦਾ।
ਹੋਈ ਜਿੱਤ ਤਾਂ ਪਾ ਦਿਉ ਹਾਰ 'ਸਾਡੇ'
ਹੋਵੇ 'ਹਾਰ' ਤਾਂ ਦੋਸ਼ ਹੈ 'ਦੂਜਿਆਂ' ਦਾ!

## ਅਸੀਂ ਜਿੱਤਾਂਗੇ

ਅਸੀਂ ਲੜਾਂਗੇ ਜਰੂਰ ਜਾਰੀ ਜੰਗ ਰੱਖਾਂਗੇ,
ਸਾਡੇ ਹੌਂਸਲੇ ਨੇ ਪੱਕੇ
ਜਿਗਰੇ ਬੰਬ ਰੱਖਾਂਗੇ,

ਸਰਕਾਰੇ ਐਵੇਂ ਕਰ ਗੁਮਰਾਹ ਤੂੰ ਰੌਲਾ ਨਾਂ ਪਾ
ਅਖ਼ੇ ਇਹਨਾਂ ਨੂੰ ਨੀ ਪਤਾ ਇਹ ਕੀ ਚਾਹੁੰਦੇ ਆ,
ਤੈਨੂੰ ਚੰਗੀ ਤਰ੍ਹਾਂ ਪਤਾ ਅਸੀ ਕੀ ਚਾਹੁੰਦੇ ਆ
ਸਾਡੇ ਮੋੜ ਦੇ ਤੂੰ ਹੱਕ ਬਸ ਇਹੀ ਚਾਹੁੰਦੇ ਆ!

ਅਸੀਂ ਐਵੇਂ ਝੂਠ ਮੂਠ ਦਾ ਕੁਝ ਵੀ ਨਹੀਂ ਚਾਹੁੰਦੇ
ਅਸੀਂ ਅੱਜ ਤੱਕ ਨੀ ਭੁੱਲੇ ਲਾਸਾ ਪਿੰਡੇ ਉੱਤੇ ਛਪੀਆਂ,
ਜਿਸ ਤਰ੍ਹਾਂ ਸਾਡੇ ਡੌਲਿਆਂ ਵਿਚ ਖੱਲੀਆਂ ਹਨ
ਓਸੇ ਤਰ੍ਹਾਂ ਸਾਡੀ ਪਿੱਠ ਤੇ ਪਏ ਨਿਸ਼ਾਨ ਉਬਰੇ,
ਅਸੀਂ ਅੱਜ ਵੀ ਨੀ ਭੁੱਲੇ ਲਾਸ਼ਾ ਧਰਤੀ ਤੇ ਵਿੱਛੀਆਂ
ਤੇ ਸੜਕਾਂ ਰਤ ਨਾਲ ਭਿੱਜੀਆਂ!

ਤੈਨੂੰ ਚੰਗੀ ਤਰ੍ਹਾਂ ਪਤਾ ਅਸੀਂ ਕੀ ਚਾਹੁੰਦੇ ਆਂ
ਅਸੀਂ ਜ਼ਿੰਦਗੀ,ਬਰਾਬਰੀ ਤੇ ਇਜ਼ਤ ਚਾਹੁੰਦੇ ਹਾਂ,
ਤੇਰੇ ਕਰਜ਼ੇ ਦੇ ਕਾਗਜ਼ਾਂ ਚ ਆਜ਼ਾਦੀ
ਸਾਡਾ ਸਹਿਮਿਆਂ ਤੇ ਸੁੰਗੜਿਆ ਭਵਿੱਖ ਨਪਿਆ
ਜਿਸ ਤੋਂ ਅਸੀਂ ਖਲਾਸੀ ਚਾਹੁੰਦੇ ਆ!
ਅਸੀਂ ਹਰ ਹੀਲੇ ਅਪਣੀ ਆਜ਼ਾਦੀ ਚਾਹੁੰਦੇ ਆ
ਅਸੀਂ ਫਿਰ ਝੂਠੇ ਲਾਰਿਆ ਤੇ ਕਾਗਜਾਂ ਨੂੰ ਛੱਡ
ਏਸੇ ਤਰ੍ਹਾਂ ਸੱਚੀਂ ਮੁੱਚੀਂ ਦਾ ਖੁਆਬ ਚਾਹੁੰਦੇ ਹਾਂ ...
ਬਹੁਤ ਰੋਲ ਲਿਆ ਸਾਨੂੰ ਹੁਣ ਪਿੱਛੇ ਨਹੀਂ ਹਟਾਂਗੇ
ਬਹੁਤ ਕੁੱਛ ਸਹਿ ਲਿਆ ਹੁਣ ਨਹੀਂ ਜਰਾਂਗੇ!

ਅਸੀਂ ਕਰਦੇ ਨੀ ਨਮਕ ਹਰਾਮੀ ਕਦੀ
ਤੂੰ ਵੀ ਪਰਖ ਨਾ ਸਾਡੀ ਹਲਾਲੀ ਨੂੰ,
ਦਿੱਲੀ ਇਕ ਵਾਰੀ ਫਿਰ ਜਿੱਤਣ ਦੀ ਤਿਆਰੀ ਅਸਾਂ ਕਰ ਲੀ
ਤਾਂਹੀ ਤੈਨੂੰ ਕਰਦੇ ਅਗਾਂਹ ਅਸੀਂ ਦਿਲ੍ਹੀਏ,
ਦਿਲੋਂ ਪਿੱਛੇ ਨਹੀਂ ਹਟਣਾ ਬਸ ਜੰਗ ਜਿੱਤ ਅਸੀਂ
ਫਿਰ ਅਪਣੇ ਘਰਾਂ ਨੂੰ ਪਰਤਣਾ,
ਅਸੀਂ ਜਿਤਾਂਗੇ ਜਰੂਰ........



ਅਮਨ ਢਿੱਲੋਂ ਕਸੇਲ
ਬਾਬਾ ਬਕਾਲਾ ਸਾਹਿਬ
* * * * * * * *

# ਕਾਂਗਰਸ ਦਾ ਰਿਕਾਰਡ ਤੋੜਨਾ ਚਾਹੁੰਦੀ ਏ ਭਾਜਪਾ

**ਚੋਣ ਵਿਸ਼ਲੇਸ਼ਣ** ✪ ਭਾਜਪਾ ਲਈ ਸੰਭਵ ਨਹੀਂ ਹੈ 370 ਸੀਟਾਂ ਦਾ ਟੀਚਾ ✪ ਭਾਜਪਾ ਨੇ ਜਿੱਤ ਲਈ ਜੋੜ-ਤੋੜ ਦੀ ਸਿਆਸਤ ਕੀਤੀ ਤੇਜ਼



## ਭਾਜਪਾ 370 ਨਹੀਂ 272 ਸੀਟਾਂ ਹਾਸਲ ਕਰਨ ਲਈ ਲੜ ਰਹੀ ਏ

ਰਾਜਨੀਤਕ ਮਾਹਿਰਾਂ ਦਾ ਮੰਨਣਾ ਹੈ ਕਿ ਜੇਕਰ ਇੰਡੀਆ ਗਠਜੋੜ ਐਨਡੀਏ ਦੇ ਮੁਕਾਬਲੇ ਇਕ ਉਮੀਦਵਾਰ ਖੜ੍ਹਾ ਹੁੰਦਾ ਹੈ ਤਾਂ ਭਾਜਪਾ ਦੀਆਂ ਮੁਸ਼ਕਲਾਂ ਹੋਰ ਵਧ ਜਾਣਗੀਆਂ। ਇਸੇ ਕਾਰਣ ਉਸ ਨੇ ਮਹਾਰਾਸ਼ਟਰ, ਬਿਹਾਰ, ਯੂਪੀ, ਹਿਮਾਚਲ, ਅਸਾਮ ਆਦਿ ਵਿੱਚ ਵਿਰੋਧੀ ਖੇਮੇ ਦੀ ਭੰਨਤੋੜ ਕੀਤੀ ਹੈ। ਪਰ ਉਹ ਜਾਣਦੀ ਹੈ ਕਿ ਉਸ ਨੇ ਨੇਤਾਵਾਂ ਨੂੰ ਤੋੜਿਆ ਹੈ ਪਰ ਉਨ੍ਹਾਂ ਨਾਲ ਵੋਟ ਬੈਂਕ ਨਹੀਂ ਗਿਆ। ਦੂਜੇ ਪਾਸੇ ਭਾਜਪਾ ਦੀਆਂ ਸਾਰੀਆਂ ਕੋਸ਼ਿਸ਼ਾਂ ਦੇ ਬਾਵਜੂਦ ਇੰਡੀਆ ਗਠਜੋੜ ਸਖ਼ਤ ਚੁਣੌਤੀ ਦੇ ਰਿਹਾ ਹੈ। ਪੱਛਮੀ ਬੰਗਾਲ ਵਿੱਚ ਮਮਤਾ-ਕਾਂਗਰਸ ਅਤੇ ਬਿਹਾਰ ਵਿੱਚ ਆਰਜੇਡੀ-ਕਾਂਗਰਸ। ਯੂਪੀ ਵਿੱਚ ਸਪਾ ਅਤੇ ਕਾਂਗਰਸ ਅਤੇ ਪੰਜਾਬ, ਹਰਿਆਣਾ, ਦਿੱਲੀ ਅਤੇ ਗੁਜਰਾਤ ਵਿੱਚ ਆਪ ਅਤੇ ਕਾਂਗਰਸ। ਹੁਣ ਉੱਤਰੀ ਭਾਰਤ ਦੀ ਵੱਡੀ ਤਾਕਤ ਬਸਪਾ ਨੇ ਇਕੱਲਿਆਂ ਹੀ ਚੋਣਾਂ ਲੜਨ ਦਾ ਐਲਾਨ ਕੀਤਾ ਹੈ। ਦੱਸਿਆ ਜਾ ਰਿਹਾ ਹੈ ਕਿ ਉਨ੍ਹਾਂ 'ਤੇ ਭਾਜਪਾ ਦਾ ਕਾਫੀ ਦਬਾਅ ਹੈ ਕਿ ਉਹ ਇੰਡੀਆ ਗੱਠਜੋੜ ਨਾਲ ਸਮਝੌਤਾ ਨਾ ਕਰੇ। ਪਰ ਬਸਪਾ ਜਾਣਦੀ ਹੈ ਕਿ ਇਕੱਲੇ ਲੜ ਕੇ ਉਹ ਆਪਣੇ ਆਪ ਨੂੰ ਸਿਆਸੀ ਪੱਧਰ ਉਪਰ ਖਤਮ ਕਰ ਲਵੇਗੀ। ਉਸ ਦੀ ਮੁੱਖ ਤਾਕਤ ਯੂ.ਪੀ. ਪਿਛਲੀਆਂ ਵਿਧਾਨ ਸਭਾ ਚੋਣਾਂ ਉਹ ਇਕੱਲਿਆਂ ਹੀ ਲੜਕੇ ਦੇਖ ਚੁੱਕੀ ਹੈ। ਇਸ ਦਾ ਸਿਰਫ਼ ਇੱਕ ਉਮੀਦਵਾਰ ਹੀ ਜਿੱਤ ਸਕਿਆ। ਜਦੋਂ ਇਸ ਨੇ ਸਪਾ ਨਾਲ ਗਠਜੋੜ ਕਰਕੇ ਲੋਕ ਸਭਾ ਚੋਣਾਂ ਲੜੀਆਂ ਤਾਂ ਇਸ ਦੇ ਦਸ ਸੰਸਦ ਮੈਂਬਰ ਜਿੱਤੇ ਸਨ। 2014 ਵਿੱਚ ਜਦੋਂ ਉਸਨੇ ਇਕੱਲੇ ਚੋਣ ਲੜੀ ਸੀ, ਉਦੋਂ ਵੀ ਉਸਦਾ ਕੋਈ ਵੀ ਉਮੀਦਵਾਰ ਜਿੱਤ ਨਹੀਂ ਸਕਿਆ ਸੀ। ਹੁਣ ਚੋਣ ਜ਼ਾਬਤੇ ਦੀ ਉਡੀਕ ਹੈ। ਜੇ ਮਾਇਆਵਤੀ ਇੰਡੀਆ ਗਠਜੋੜ 'ਚ ਸ਼ਾਮਲ ਹੋਣ ਦਾ ਫੈਸਲਾ ਕਰਦੀ ਹੈ ਤਾਂ ਇਹ ਤੈਅ ਹੋ ਜਾਵੇਗਾ ਕਿ ਭਾਜਪਾ ਸੱਤਾ ਵਿਚ ਨਹੀਂ ਆ ਰਹੀ। ਅਖਿਲੇਸ਼ ਯਾਦਵ ਦਾ ਕਹਿਣਾ ਹੈ ਕਿ ਉਹ ਯੂਪੀ ਤੋਂ ਸੱਤਾ ਵਿੱਚ ਆਏ ਸਨ ਅਤੇ ਯੂਪੀ ਤੋਂ ਹੀ ਜਾਣਗੇ। ਸੋ ਸੱਚਾਈ ਇਹ ਹੈ ਕਿ ਭਾਜਪਾ 370 ਨਹੀਂ 272 ਹਾਸਲ ਕਰਨ ਲਈ ਲੜ ਰਹੀ ਹੈ।

ਆਉਣ ਵਾਲੀਆਂ ਆਮ ਚੋਣਾਂ ਲਈ ਭਾਜਪਾ ਨੇ ਆਪਣੇ ਲਈ 370 ਅਤੇ ਐਨਡੀਏ ਲਈ 400 ਦਾ ਨਾਅਰਾ ਦਿੱਤਾ ਹੈ। ਭਾਜਪਾ ਦੀ ਨਜ਼ਰ ਸਿਰਫ 370 ਸੀਟਾਂ 'ਤੇ ਹੀ ਨਹੀਂ ਹੈ, ਸਗੋਂ ਇਸ ਵਾਰ ਉਹ ਕਾਂਗਰਸ ਨੂੰ ਮਿਲੀਆਂ ਸਭ ਤੋਂ ਵਧ ਵੋਟਾਂ ਦਾ ਰਿਕਾਰਡ ਵੀ ਤੋੜਨਾ ਚਾਹੁੰਦੀ ਹੈ। ਉਸ ਦਾ ਟੀਚਾ 50 ਫੀਸਦੀ ਵੋਟਾਂ ਹਾਸਲ ਕਰਨ ਦਾ ਵੀ ਹੈ, ਕਿਉਂਕਿ ਸਾਲ 1984 ਵਿਚ ਇੰਦਰਾ ਗਾਂਧੀ ਦੇ ਕਤਲ ਮਗਰੋਂ ਹੋਈਆਂ ਲੋਕ ਸਭਾ ਚੋਣਾਂ ਵਿਚ ਕਾਂਗਰਸ ਨੂੰ 49.10 ਫ਼ੀਸਦੀ ਵੋਟਾਂ ਮਿਲੀਆਂ ਸਨ। ਭਾਜਪਾ ਦੇ ਸਮਰਥਕ ਇਸ ਨੂੰ ਸੰਭਵ ਸਮਝਦੇ ਹਨ। ਵਿਰੋਧ ਕਰਨ ਵਾਲਿਆਂ ਦਾ ਕਹਿਣਾ ਹੈ ਕਿ ਭਾਜਪਾ ਲਈ 272 ਨੂੰ ਛੂਹਣਾ ਮੁਸ਼ਕਲ ਹੈ। ਨਿਰਪੱਖ ਰਾਜਨੀਤਕ ਮਾਹਿਰਾਂ ਦਾ ਮੰਨਣਾ ਹੈ ਕਿ ਇਹ ਮਾਹੌਲ ਬਣਾਉਣ ਲਈ ਦਿੱਤਾ ਗਿਆ ਨਾਅਰਾ ਹੈ। ਆਮ ਭਾਵਨਾ ਇਹ ਹੈ ਕਿ ਭਾਜਪਾ ਤੀਜੀ ਵਾਰ ਸਰਕਾਰ ਬਣਾਉਣ ਦੀ ਸਥਿਤੀ ਵਿੱਚ ਹੈ। ਹਾਲਾਂਕਿ ਇਹ ਵੀ ਕਿਹਾ ਜਾ ਰਿਹਾ ਹੈ ਕਿ ਭਾਜਪਾ ਦੀਆਂ ਸਾਰੀਆਂ ਕੋਸ਼ਿਸ਼ਾਂ ਦੇ ਬਾਵਜੂਦ ਜਿਸ ਤਰ੍ਹਾਂ ਇੰਡੀਆ ਗਠਜੋੜ ਅੱਗੇ ਵਧ ਰਿਹਾ ਹੈ, ਉਸ ਨਾਲ ਭਾਜਪਾ ਲਈ ਮੁਸ਼ਕਲਾਂ ਵਧਣਗੀਆਂ।

ਅੰਕੜਿਆਂ ਦੀ ਇਸ ਸਿਆਸੀ ਖੇਡ ਵਿਚ ਜਿੱਤ ਲਈ ਭਾਜਪਾ ਨੇ ਜੋੜ-ਤੋੜ ਦੀ ਸਿਆਸਤ ਵੀ ਤੇਜ਼ ਕਰ ਦਿੱਤੀ ਹੈ। ਇੱਕ ਮਹੀਨਾ ਪਹਿਲਾਂ ਉਹ ਬਿਹਾਰ ਵਿੱਚ ਇੰਡੀਆ ਗਠਜੋੜ ਨਾਲੋਂ ਨਿਤੀਸ਼ ਕੁਮਾਰ ਦੀ ਪਾਰਟੀ ਜਨਤਾ ਦਲ (ਯੂ) ਨੂੰ ਤੋੜ ਕੇ ਆਪਣੇ ਨਾਲ ਮਿਲਾ ਲਿਆ ਸੀ। ਯੂ.ਪੀ. ਵਿੱਚ ਰਾਸ਼ਟਰੀ ਲੋਕ ਦਲ ਨੂੰ ਆਪਣੇ ਨਾਲ ਲੈ ਲਿਆ ਹੈ। ਇਸ ਤੋਂ ਪਹਿਲਾਂ ਮਹਾਰਾਸ਼ਟਰ ਵਿੱਚ ਸ਼ਿਵ ਸੈਨਾ ਤੇ ਐੱਨਸੀਪੀ ਨਾਲੋਂ ਤੋੜਕੇ ਆਪਣੇ ਨਾਲ ਮਿਲਾ ਚੁਕੀ ਹੈ।ਕਾਂਗਰਸ ਦੇ ਸਾਬਕਾ ਮੁੱਖ ਮੰਤਰੀ ਅਸ਼ੋਕ ਚੌਹਾਨ ਨੂੰ ਵੀ ਆਪਣੇ ਵਿਚ ਸ਼ਾਮਲ ਕਰਕੇ ਰਾਜ ਸਭਾ ਵਿੱਚ ਭੇਜ ਚੁਕੀ ਹੈ। ਅਸਾਮ ਵਿੱਚ ਇਸ ਨੇ ਦੋ ਪ੍ਰਮੁੱਖ ਕਾਂਗਰਸੀ ਨੇਤਾਵਾਂ ਨੂੰ ਆਪਣੇ ਨਾਲ ਰਲਾ ਚੁਕੀ ਹੈ। ਆਂਧਰਾ ਪ੍ਰਦੇਸ਼ ਵਿੱਚ, ਉਹ ਸੱਤਾਧਾਰੀ ਪਾਰਟੀ ਦੇ ਮੁਖੀ ਜਗਨ ਮੋਹਨ ਅਤੇ ਮੁੱਖ ਵਿਰੋਧੀ ਪਾਰਟੀ ਤੇਲਗੂ ਦੇਸ਼ਮ ਦੋਵਾਂ ਨਾਲ ਚੰਗੇ ਸਬੰਧ ਬਣਾਏ ਹੋਏ ਹਨ। ਤੇਲੰਗਾਨਾ ਅਤੇ ਉੜੀਸਾ ਵਿੱਚ ਵੀ ਉਥੋਂ ਦੀਆਂ ਮਜ਼ਬੂਤ ਪਾਰਟੀਆਂ ਭਾਰਤ ਰਾਸ਼ਟਰ ਸਮਿਤੀ ਅਤੇ ਬੀਜੂ ਜਨਤਾ ਦਲ ਨਾਲ ਅਣਐਲਾਨੇ ਸਮਝੌਤੇ ਕੀਤੇ ਗਏ ਹਨ ਤਾਂ ਜੋ ਲੋੜ ਪੈਣ 'ਤੇ ਇਹ ਸਾਰੇ ਭਾਜਪਾ ਦੇ ਨਾਲ ਖੜੇ ਹੋ ਸਕਣ।

ਭਾਜਪਾ ਨੇਤਾਵਾਂ ਦਾ ਕਹਿਣਾ ਹੈ ਕਿ ਆਂਧਰਾ ਪ੍ਰਦੇਸ਼ ਵਿਚ ਟੀ. ਡੀ. ਪੀ.-ਜਨ ਸੈਨਾ ਪਾਰਟੀ ਅਤੇ ਉੱਤਰ ਪ੍ਰਦੇਸ਼ ਵਿਚ ਰਾਸ਼ਟਰੀ ਲੋਕ ਦਲ ਨਾਲ ਗਠਜੋੜ ਲਗਭਗ ਤੈਅ ਹੋ ਚੁੱਕੇ ਹਨ, ਜਦਕਿ ਕਿਸਾਨਾਂ ਦੇ ਵਿਰੋਧ ਪ੍ਰਦਰਸ਼ਨ ਕਾਰਨ ਲੱਗੇ ਝਟਕੇ ਦੇ ਬਾਵਜੂਦ ਅਕਾਲੀ ਦਲ ਨਾਲ ਬੈਕ-ਚੈਨਲ ਗੱਲਬਾਤ ਅਜੇ ਵੀ ਜਾਰੀ ਹੈ।

### ਕੀ ਕਹਿੰਦੇ ਨੇ ਚੋਣ ਵਿਸ਼ਲੇਸ਼ਣਕਾਰ

ਭਾਜਪਾ ਤੋਂ ਇਲਾਵਾ ਕੋਈ ਨਹੀਂ ਮੰਨਦਾ ਕਿ ਭਾਜਪਾ 370 ਤੱਕ ਪਹੁੰਚ ਸਕਦੀ ਹੈ। ਨਾ ਮੰਨਣ ਵਾਲੇ ਚੋਣ ਵਿਸ਼ਲੇਸ਼ਣਕਾਰ ਇਸ ਲਈ ਦਲੀਲ ਦਿੰਦੇ ਹਨ ਕਿ ਜਿਨ੍ਹਾਂ ਰਾਜਾਂ ਵਿੱਚ ਭਾਜਪਾ ਦਾ ਆਧਾਰ ਹੈ, ਉਹ ਆਪਣੀ ਵੱਧ ਤੋਂ ਵੱਧ ਸੀਮਾ ਤੱਕ ਪਹੁੰਚ ਚੁਕੀ ਹੈ। ਉਸ ਨੇ ਉਨ੍ਹਾਂ ਰਾਜਾਂ ਵਿੱਚ ਲਗਭਗ ਜ਼ਿਆਦਾਤਰ ਸੀਟਾਂ ਜਿੱਤੀਆਂ ਹਨ। ਉਹ ਇਸ ਤੋਂ ਵੱਧ ਨਹੀਂ ਜਿੱਤ ਸਕਦੀ। ਜੇਕਰ ਇਹ ਕਰਨਾਟਕ, ਮੱਧ ਪ੍ਰਦੇਸ਼, ਅਸਾਮ, ਬਿਹਾਰ ਅਤੇ ਛੱਤੀਸਗੜ੍ਹ ਦੀਆਂ ਬਾਕੀ ਸੀਟਾਂ ਜਿੱਤ ਵੀ ਲੈਂਦੀ ਹੈ, ਤਾਂ ਵੀ ਇਸ ਦੀ ਗਿਣਤੀ ਦਸ ਤੋਂ ਸੀਟਾਂ ਤੋਂ ਜ਼ਿਆਦਾ ਨਹੀਂ ਵਧ ਸਕਦੀ। ਪਰ ਭਾਜਪਾ ਸੀਨੀਅਰ ਆਗੂ ਇਕਬਾਲ ਸਿੰਘ ਲਾਲਪੁਰਾ ਚੇਅਰਮੈਨ ਘੱਟ ਗਿਣਤੀ ਕਮਿਸ਼ਨ ਦੀ ਦਲੀਲ ਹੈ ਕਿ ਦੱਖਣੀ ਰਾਜਾਂ ਪੱਛਮੀ ਬੰਗਾਲ, ਯੂਪੀ, ਤਾਮਿਲਨਾਡੂ, ਆਂਧਰਾ ਪ੍ਰਦੇਸ਼ ਅਤੇ ਉੜੀਸਾ ਵਰਗੇ ਰਾਜਾਂ ਵਿੱਚ ਵੀ ਸਾਡੀਆਂ ਸੀਟਾਂ ਵਧਣਗੀਆਂ। ਭਾਜਪਾ ਆਗੂਆ ਦਾ ਕਹਿਣਾ ਹੈ ਕਿ ਯੂਪੀ ਵਿਚ ਅਸੀਂ 80 ਵਿੱਚੋਂ ਸਾਰੀਆਂ 70 ਸੀਟਾਂ ਜਿੱਤਾਂਗੇ। ਪੱਛਮੀ ਬੰਗਾਲ ਵਿੱਚ ਵੀ ਪਾਰਟੀ ਇਹ ਮੰਨ ਰਹੀ ਹੈ ਕਿ ਉਹ ਇਸ ਵਾਰ ਘੱਟੋ-ਘੱਟ ਤੀਹ ਸੀਟਾਂ ਜਿੱਤੇਗੀ।


ਭਾਜਪਾ ਨੇ 2019 ਵਿਚ ਰਾਜਸਥਾਨ, ਹਰਿਆਣਾ ਤੇ ਗੁਜਰਾਤ ਦੀਆਂ ਸਾਰੀਆਂ ਸੀਟਾਂ ਜਿੱਤੀਆਂ ਸਨ। ਮੱਧ ਪ੍ਰਦੇਸ਼ ਵਿਚ ਸਿਰਫ਼ ਇਕ ਸੀਟ ਤੇ ਛੱਤੀਸਗੜ੍ਹ ਵਿਚ ਦੋ ਸੀਟਾਂ 'ਤੇ ਉਹ ਹਾਰੀ ਸੀ। ਐੱਨ. ਡੀ .ਏ. ਗਠਜੋੜ ਨੇ ਬਿਹਾਰ 'ਚ ਇਕ ਨੂੰ ਛੱਡ ਕੇ ਸਾਰੀਆਂ ਸੀਟਾਂ ਜਿੱਤੀਆਂ ਸਨ। ਉੱਤਰ ਪ੍ਰਦੇਸ਼ ਜੋ ਸਭ ਤੋਂ ਵੱਧ ਲੋਕ ਸਭਾ ਸੀਟਾਂ ਵਾਲਾ ਸੂਬਾ ਹੈ, ਵਿਚ ਭਾਜਪਾ ਨੇ 80 ਵਿਚੋਂ 62 ਵਿਚ ਜਿੱਤ ਪ੍ਰਾਪਤ ਕੀਤੀ ਸੀ। ਰਾਮ ਮੰਦਰ ਰਾਹੀਂ ਪੈਦਾ ਹੋਈ ਸਦਭਾਵਨਾ ਕਾਰਨ ਭਾਜਪਾ ਨੂੰ ਵੱਧ ਸੀਟਾਂ ਜਿੱਤਣ ਅਤੇ ਜਿੱਤ ਨੂੰ ਬਰਕਰਾਰ ਰੱਖਣ ਦਾ ਭਰੋਸਾ ਹੈ। ਕਰਨਾਟਕ ਹੀ ਇਕ ਅਜਿਹਾ ਦੱਖਣੀ ਸੂਬਾ ਹੈ, ਜਿੱਥੇ ਭਾਜਪਾ ਇਕ ਪ੍ਰਮੁੱਖ ਪਾਰਟੀ ਹੈ। ਇੱਥੋਂ 2019 ਵਿਚ ਜਿੱਤੀ ਸੁਮਲਤਾ ਅੰਬਰੀਸ਼ (ਆਜ਼ਾਦ) ਨੇ ਲੋਕ ਸਭਾ ਵਿਚ ਮੋਦੀ ਸਰਕਾਰ ਨੂੰ ਆਪਣਾ ਸਮਰਥਨ ਦਿੱਤਾ ਸੀ। 2023 ਦੀਆਂ ਕਰਨਾਟਕ ਵਿਧਾਨ ਸਭਾ ਚੋਣਾਂ ਵਿਚ ਹਾਰ ਦੇ ਬਾਵਜੂਦ ਭਾਜਪਾ ਨੂੰ ਇਕ ਸਹਿਯੋਗੀ ਵਜੋਂ ਜੇ. ਡੀ.(ਐੱਸ) ਨਾਲ ਗਠਜੋੜ ਕਰਨ ਤੋਂ ਬਾਅਦ ਆਪਣਾ ਦਬਦਬਾ ਬਰਕਰਾਰ ਰੱਖਣ ਦੀ ਉਮੀਦ ਹੈ। ਭਾਜਪਾ ਨੇਤਾਵਾਂ ਦਾ ਕਹਿਣਾ ਹੈ ਕਿ ਪਾਰਟੀ ਓਡੀਸ਼ਾ ਅਤੇ ਤੇਲੰਗਾਨਾ ਵਿਚ ਵੀ ਆਪਣੀ ਗਿਣਤੀ ਵਧਾਏਗੀ, ਜਿੱਥੇ ਇਸ ਦੀ ਕੋਸ਼ਿਸ਼ਾਂ ਬਹੁਤੀਆਂ ਸਫਲ ਨਹੀਂ ਹੋਈਆਂ ਸਨ।

### ਭਾਜਪਾ ਲਈ ਮੁਸ਼ਕਲ ਹਾਲਾਤ

ਭਾਜਪਾ ਅਸਲ ਵਿੱਚ ਮੁਸ਼ਕਲ ਹਾਲਾਤਾਂ ਵਿੱਚੋਂ ਲੰਘ ਰਹੀ ਹੈ। ਮਨੀਪੁਰ ਵਿੱਚ ਵਾਪਰੀਆਂ ਘਟਨਾਵਾਂ ਕਾਰਨ ਪੂਰੇ ਉੱਤਰ ਪੂਰਬੀ ਭਾਰਤ ਵਿੱਚ ਉਸ ਖ਼ਿਲਾਫ਼ ਗੁੱਸਾ ਹੈ। ਉਥੋਂ ਉਸ ਨੂੰ ਪਿਛਲੀ ਵਾਰ ਦੇ ਮੁਕਾਬਲੇ ਘੱਟ ਸੀਟਾਂ ਮਿਲਣ ਦੀ ਸੰਭਾਵਨਾ ਹੈ। ਅਸਾਮ ਵਿੱਚ ਵੀ ਦੋ-ਤਿੰਨ ਸੀਟਾਂ ਦੇ ਨੁਕਸਾਨ ਦੀ ਸੰਭਾਵਨਾ ਦੱਸੀ ਜਾ ਰਹੀ ਹੈ। ਪਿਛਲੀ ਵਾਰ ਇਸ ਨੇ ਪੱਛਮੀ ਬੰਗਾਲ ਵਿੱਚ 18 ਸੀਟਾਂ ਜਿੱਤੀਆਂ ਸਨ। ਇਸ ਵਾਰ ਉੱਥੋਂ ਘੱਟੋ-ਘੱਟ ਦਸ ਸੀਟਾਂ ਘਟਣ ਦੀ ਉਮੀਦ ਹੈ। ਪਿਛਲੀ ਵਾਰ ਬਿਹਾਰ ਵਿੱਚ ਐਨਡੀਏ ਨੇ 40 ਵਿੱਚੋਂ 39 ਸੀਟਾਂ ਜਿੱਤੀਆਂ ਸਨ। ਜਦੋਂ ਨਿਤੀਸ਼ ਕੁਮਾਰ ਗਠਜੋੜ ਦੇ ਨਾਲ ਸਨ ਤਾਂ ਮੰਨਿਆ ਜਾ ਰਿਹਾ ਸੀ ਕਿ ਇਸ ਵਾਰ ਅੰਕੜੇ ਇੰਡੀਆ ਗਠਜੋੜ ਦੇ ਪੱਖ ਵਿੱਚ ਉਲਟ ਸਕਦੇ ਹਨ। ਨਿਤੀਸ਼ ਕੁਮਾਰ ਦੇ ਭਾਜਪਾ ਵਿਚ ਸ਼ਾਮਲ ਹੋਣ ਦੇ ਬਾਵਜੂਦ ਅਜੇ ਵੀ ਮੰਨਿਆ ਜਾ ਰਿਹਾ ਹੈ ਕਿ ਇਸ ਵਾਰ ਦੋਵਾਂ ਗਠਜੋੜਾਂ ਵਿਚਾਲੇ ਮੁਕਾਬਲਾ ਸਖਤ ਹੋਵੇਗਾ ਅਤੇ ਉਥੋਂ ਐਨਡੀਏ ਨੂੰ ਘੱਟੋ-ਘੱਟ 10 ਸੀਟਾਂ ਦਾ ਨੁਕਸਾਨ ਹੋ ਸਕਦਾ ਹੈ।

ਝਾਰਖੰਡ ਵਿੱਚ ਜਿਸ ਤਰ੍ਹਾਂ ਭਾਜਪਾ ਨੇ ਕਬਾਇਲੀ ਮੁੱਖ ਮੰਤਰੀ ਹੇਮੰਤ ਸੋਰੇਨ ਨੂੰ ਜੇਲ੍ਹ ਭੇਜਿਆ ਹੈ, ਸੂਬੇ ਵਿੱਚ ਇਸ ਦੇ ਖ਼ਿਲਾਫ਼ ਮਾਹੌਲ ਹੈ। ਇਸ ਵਾਰ ਉਥੇ 14 ਸੀਟਾਂ 'ਤੇ ਦਾਅ ਉਲਟ ਸਕਦਾ ਹੈ। ਸਿਆਸੀ ਮਾਹਿਰਾਂ ਦਾ ਮੰਨਣਾ ਹੈ ਕਿ ਭਾਜਪਾ ਆਸਾਮ, ਪੱਛਮੀ ਬੰਗਾਲ, ਬਿਹਾਰ, ਉੱਤਰ ਪ੍ਰਦੇਸ਼, ਤੇਲੰਗਾਨਾ, ਕਰਨਾਟਕ ਅਤੇ ਮਹਾਰਾਸ਼ਟਰ ਵਿੱਚ ਘੱਟੋ-ਘੱਟ ਪੰਜਾਹ ਸੀਟਾਂ ਹਾਰਦੀ ਨਜ਼ਰ ਆ ਰਹੀ ਹੈ। ਜੇਕਰ ਇਹ ਮੱਧ ਪ੍ਰਦੇਸ਼, ਰਾਜਸਥਾਨ, ਹਿਮਾਚਲ ਪ੍ਰਦੇਸ਼, ਉੱਤਰਾਖੰਡ, ਛੱਤੀਸਗੜ੍ਹ, ਦਿੱਲੀ, ਪੰਜਾਬ, ਹਰਿਆਣਾ, ਗੁਜਰਾਤ, ਜੰਮੂ-ਕਸ਼ਮੀਰ ਦੀਆਂ ਕੁਝ ਹੋਰ ਸੀਟਾਂ ਗੁਆ ਲੈਂਦੀ ਹੈ ਤਾਂ ਅੰਕੜਾ 230 ਅਤੇ 240 ਦੇ ਨੇੜੇ ਤੇੜੇ ਜਾਕੇ ਰੁਕੇਗਾ।ਇਸ ਤਰ੍ਹਾਂ ਇਹ 272 ਦੇ ਅੰਕੜੇ ਤੋਂ ਕਾਫੀ ਪਿੱਛੇ ਰਹਿ ਸਕਦੀ ਹੈ।

### ਭਾਜਪਾ ਬਾਰੇ ਰਿਬੇਰੋ ਦੀ ਰਾਇ



ਸਿਆਸੀ ਮਾਹਿਰ ਜੂਲੀਓ ਰਿਬੈਰੋ (ਸਾਬਕਾ ਡੀ.ਜੀ.ਪੀ. ਪੰਜਾਬ ਤੇ ਸਾਬਕਾ ਆਈ.ਪੀ.ਐੱਸ. ਅਧਿਕਾਰੀ) ਦਾ ਮੰਨਣਾ ਹੈ ਕਿ ਮੋਦੀ ਅਗਲੇ 5 ਸਾਲ ਲਈ ਪ੍ਰਧਾਨ ਮੰਤਰੀ ਬਣਨ ਜਾ ਰਹੇ ਹਨ। ਇਸ ਗੱਲ ਦੀ ਮੈਨੂੰ ਆਸ ਹੈ। ਮੈਨੂੰ ਇਸ ਗੱਲ 'ਤੇ ਗੰਭੀਰਤਾ ਨਾਲ ਸ਼ੱਕ ਹੈ ਕਿ ਉਨ੍ਹਾਂ ਦੀ ਭਵਿੱਖਬਾਣੀ ਕਿ ਉਨ੍ਹਾਂ ਦੀ ਪਾਰਟੀ ਭਾਜਪਾ, ਲੋਕ ਸਭਾ 'ਚ 370 ਸੀਟਾਂ ਜਿੱਤੇਗੀ ਅਤੇ ਐੱਨ. ਡੀ. ਏ. 'ਚ ਉਨ੍ਹਾਂ ਦੀਆਂ ਸਹਿਯੋਗੀ ਪਾਰਟੀਆਂ 30 ਹੋਰ ਸੀਟਾਂ ਜਿੱਤਣਗੀਆਂ ? ਦੱਖਣ, ਜਿਸ ਵਿਚ 5 ਸੂਬੇ ਤਾਮਿਲਨਾਡੂ, ਕੇਰਲ, ਆਂਧਰਾ ਪ੍ਰਦੇਸ਼, ਤੇਲੰਗਾਨਾ ਤੇ ਕਰਨਾਟਕ ਸ਼ਾਮਲ ਹਨ, ਭਾਜਪਾ ਕੋਲ ਨਹੀਂ ਆਉਣ ਵਾਲੇ। ਕੇਰਲ ਅਤੇ ਤਾਮਿਲਨਾਡੂ ਵਿਚ ਭਾਜਪਾ ਵੱਲੋਂ ਇਕ ਖਾਲੀ ਸਥਾਨ ਭਰਨ ਦੀ ਸੰਭਾਵਨਾ ਹੈ। ਕਰਨਾਟਕ ਭਾਜਪਾ ਦੀ ਝੋਲੀ 'ਚ ਸਭ ਤੋਂ ਵੱਡਾ ਯੋਗਦਾਨ ਪਾਏਗਾ ਇਸ ਤਰ੍ਹਾਂ ਦੱਖਣ ਦੀਆਂ ਕੁੱਲ 132 ਸੀਟਾਂ 'ਤੇ ਭਾਜਪਾ ਲਈ ਬਹੁਤਾ ਕੁਝ ਨਹੀਂ ਹੈ।

# ਗਲਾਸਗੋ ਵਿੱਚ ਅੰਤਰਰਾਸ਼ਟਰੀ ਮਹਿਲਾ ਦਿਵਸ ਮਨਾਇਆ ਗਿਆ








ਗਲਾਸਗੋ, (ਹਰਜੀਤ ਦੁਸਾਂਝ ਪੁਆਦੜਾ) - ਗਲਾਸਗੋ ਦੇ ਗਾਇਲਕ ਸਕੂਲ ਹਾਲ ਵਿੱਚ ਸਕਾਟਿਸ਼ ਨਸਲੀ ਘੱਟ ਗਿਣਤੀ ਸਪੋਰਟਸ ਐਸੋਸੀਏਸ਼ਨ (ਸੈਮਸਾ) ਦੇ ਸਹਿਯੋਗ ਨਾਲ 7ਵਾਂ ਅੰਤਰਰਾਸ਼ਟਰੀ ਮਹਿਲਾ ਦਿਵਸ ਮਨਾਇਆ ਗਿਆ। ਹਰਵਿੰਦਰ ਕੌਰ ਅਤੇ ਸਵਿਤਾ ਨੇ ਆਪਣੀ ਗਾਇਕੀ ਨਾਲ ਰੰਗ ਬੰਨਿਆ ਅਤੇ ਝਨਕਾਰ ਬੀਟ, ਸ਼ੂਟਿੰਗ ਸਟਾਰ, ਦੇਸੀ ਬ੍ਰੇਵਹਾਰਟ ਅਤੇ ਗਿੱਧੇ ਭੰਗੜੇ ਦੀਆਂ ਟੀਮਾਂ ਨੇ ਖਚਾਖਚ ਭਰੇ ਹਾਲ ਨੂੰ ਨੱਚਣ ਲਾ ਦਿੱਤਾ। ਸਮਾਗਮ ਵਿੱਚ 300 ਦੇ ਕਰੀਬ ਔਰਤਾਂ ਅਤੇ ਬੱਚਿਆਂ ਨੇ ਭਾਗ ਲਿਆ।

ਸਮਾਗਮ ਵਿੱਚ ਲਾਰਡ ਪ੍ਰੋਵੋਸਟ ਜੈਕਲੀਨ ਮੈਕਲਾਰੇਨ, ਬੈਲੀ ਐਨੇਟ ਕ੍ਰਿਸਟੀ, ਕੌਂਸਲਰ ਰੋਜ਼ਾ ਆਦਿ ਬੁਲਾਰਿਆ ਨੇ ਔਰਤਾਂ ਦੇ ਹੱਕ, ਅਧਿਕਾਰਾਂ, ਸਮੱਸਿਆਵਾਂ ਆਦਿ ਬਾਰੇ ਵਿਚਾਰ ਪੇਸ਼ ਕੀਤੇ। ਸੰਸਥਾ ਦੀਆਂ ਔਰਤ ਮੈਂਬਰਾਂ ਸ਼ੀਲਾ ਮੁਕਰਜੀ, ਮਰਿਦੁਲਾ ਚਕੋਰਵਰਥੀ, ਕਮਲਜੀਤ ਕੌਰ ਮਨਿਹਾਸ, ਦਲਜੀਤ ਕੌਰ ਦਿਲਬਰ ਅਤੇ ਰਜਨੀ ਅਲੋਕ ਦਰਸ਼ਕਾਂ ਅਤੇ ਕਲਾਕਾਰਾਂ ਦਾ ਧੰਨਵਾਦ ਕੀਤਾ। ਕਮਲਜੀਤ ਮਿਨਹਾਸ ਨੇ ਦੱਸਿਆ ਕਿ ਸੇਮਸਾ ਦਾ ਉਦੇਸ਼ ਔਰਤਾਂ ਦਾ ਜੀਵਨ ਪੱਧਰ ਉੱਚਾ ਚੁੱਕਣਾ ਅਤੇ ਬੱਚਿਆਂ ਨੂੰ ਸਾਰਥਕ ਮਹੌਲ ਪ੍ਰਦਾਨ ਕਰਨਾ ਹੈ। ਇਸ ਮੌਕੇ ਖਾਣ ਪੀਣ ਦੇ ਨਾਲ ਔਰਤਾਂ ਲਈ ਸੂਟ, ਹਾਰ-ਸ਼ਿੰਗਾਰ ਅਤੇ ਮਹਿੰਦੀ ਲਗਾਉਣ ਦੇ ਵੀ ਸਟਾਲ ਲਗਾਏ ਗਏ ਸਨ।

# ਗੁਰਦੁਆਰਾ ਸਿੰਘ ਸਭਾ ਨੋਵੇਲਾਰਾ ਸਾਬਕਾ ਮੁੱਖ ਸੇਵਾਦਾਰ ਭਾਈ ਹਰਪਾਲ ਸਿੰਘ ਪਾਲਾ ਨਮਿਤ ਭੋਗ ਅਤੇ ਅੰਤਿਮ ਅਰਦਾਸ ਵਿੱਚ ਸ਼ਾਮਿਲ ਹੋਈ ਇਟਲੀ ਭਰ ਤੋਂ ਸੰਗਤ ਅਤੇ ਵੱਖ-ਵੱਖਗੁਰਦੁਆਰਾ ਸਾਹਿਬਾਨਾਂ ਦੇ ਨੁਮਾਇੰਦੇ





***ਰੋਮ ਇਟਲੀ (ਗੁਰਸ਼ਰਨ ਸਿੰਘ ਸੋਨੀ) ਭਾਈ ਹਰਪਾਲ ਸਿੰਘ ਪਾਲਾ ਸਾਬਕਾ ਮੁੱਖ ਸੇਵਾਦ-ਾਰ ਗੁਰਦੁਆਰਾ ਸਿੰਘ ਸਭਾ ਨੋਵੇਲਾਰਾ ਜੋ ਕਿ ਪਿਛਲੇ ਦਿਨੀ ਸੁਆਸਾਂ ਦੀ ਪੂੰਜੀ ਪੂਰੀ ਕਰਦੇ ਹੋਏ ਗੁਰੂ ਚਰਨਾਂ ਵਿੱਚ ਜਾ ਬਿਰਾਜੇ ਸਨ। ਬੀਤੇ ਦਿਨੀ ਉਹਨਾਂ ਦੇ ਨਮਿੱਤ ਗੁਰਦੁਆਰਾ ਸਾਹਿਬ ਦੀ ਕਮੇਟੀ ਅਤੇ ਸੰਗਤ ਵੱਲੋਂ ਸਹਿਜ ਪਾਠ ਪ੍ਰਾਰੰਭ ਕਰਵਾਏ ਗਏ ਸਨ ਅਤੇ ਉਹਨਾਂ ਦੇ ਪਰਿਵਾਰਕ ਮੈਂਬਰਾਂ ਵੱਲੋਂ ਸ੍ਰੀ ਅਖੰਡ ਪਾਠ ਸਾਹਿਬ ਪ੍ਰਾਰੰਭ ਕਰਵਾਏ ਗਏ ਸਨ।ਜਿਨਾਂ ਦੇ ਭੋਗ ਤਿੰਨ ਮਾਰਚ 2024 ਦਿਨ ਐਤਵਾਰ ਨੂੰ ਪਾਏ ਗਏ।***

ਸ੍ਰੀ ਸਹਿਜ ਪਾਠ ਸਾਹਿਬ ਜੀ ਦੇ ਭੋਗ ਸਵੇਰ ਵੇਲੇ ਪਾਏ ਗਏ। ਉਪਰੰਤ ਹਫਤਾਵਾਰੀ ਦੀਵਾਨ ਸਜਾਏ ਗਏ ਜਿਨਾਂ ਵਿੱਚ ਗੁਰਦੁਆਰਾ ਸਾਹਿਬ ਦੇ ਬੱਚਿਆਂ ਵੱਲੋਂ ਕੀਰਤਨ ਦੀ ਹਾਜ਼ਰੀ ਭਰੀ ਗਈ। ਉਪਰੰਤ ਭਾਈ ਅਮਨਦੀਪ ਸਿੰਘ ਮੋਦੇਨਾ ਵਾਲਿਆਂ ਦੇ ਕੀਰਤਨੀ ਜਥੇ ਵੱਲੋਂ ਸ਼ਬਦ ਕੀਰਤਨ ਗਾਇਨ ਕਰਕੇ ਸੰਗਤਾਂ ਨੂੰ ਨਿਹਾਲ ਕੀਤਾ ਗਿਆ। ਉਪਰੰਤ ਭਾਈ ਸਾਹਿਬ ਨਮਿਤ ਸ੍ਰੀ ਅਖੰਡ ਪਾਠ ਸਾਹਿਬ ਜੀ ਦੇ ਭੋਗ ਪਾਏ ਗਏ ਅਤੇ ਗੁਰਦੁਆਰਾ ਸਾਹਿਬ ਦੇ ਮੁੱਖ ਗ੍ਰੰਥੀ ਗਿਆਨੀ ਤਲਵਿੰਦਰ ਸਿੰਘ ਵੱਲੋਂ ਕਥਾ ਵਿਚਾਰ ਰਾਹੀਂ ਸੰਗਤਾਂ ਨੂੰ ਨਿਹਾਲ ਕੀਤਾ ਗਿਆ।

ਜ਼ਿਕਰ ਯੋਗ ਹੈ ਕਿ ਜਿੱਥੇ ਭਾਈ ਸਾਹਿਬ ਨਮਿਤ ਇਸ ਸਮਾਗਮ ਵਿੱਚ ਇਟਲੀ ਦੇ ਵੱਖ ਵੱਖ ਗੁਰਦੁਆਰਾ ਸਾਹਿਬਾਨਾ ਦੇ ਨੁਮਾਇੰਦਿਆਂ ਨੇ ਹਾਜ਼ਰੀ ਭਰੀ ਉੱਥੇ ਹੀ ਵੱਖ-ਵੱਖ ਕਬੱਡੀ ਕਲੱਬਾਂ ਦੇ ਨੁਮਾਇੰਦਿਆਂ ਅਤੇ ਖਿਡਾਰੀਆਂ ਵੱਲੋਂ ਵੀ ਅੰਤਿਮ ਅਰਦਾਸ ਵਿੱਚ ਹਾਜ਼ਰੀ ਭਰੀ ਗਈ। ਇਸ ਮੌਕੇ ਸੰਗਤਾਂ ਦਾ ਭਾਰੀ ਇਕੱਠ ਹੋਇਆ ਜੋ ਭਾਈ ਸਾਹਿਬ ਦੇ ਸਮਾਜਿਕ ਜੀਵਨ ਦੀ ਖੁਸ਼ਹਾਲੀ ਨੂੰ ਦਰਸਾਉਂਦਾ ਹੈ। ਉਪਰੰਤ ਗੁਰਦੁਆਰਾ ਸਾਹਿਬ ਵੱਲੋਂ ਗਿਆਨੀ ਤਲਵਿੰਦਰ ਸਿੰਘ ਵੱਲੋਂ ਭਾਈ ਸਾਹਿਬ ਦੇ ਪੁੱਤਰ ਨੂੰ ਦਸਤਾਰ ਸਜਾਈ ਗਈ ਅਤੇ ਉਹਨਾਂ ਦੀ ਧਰਮ ਪਤਨੀ ਨੂੰ ਸ਼ਾਲ ਦੀ ਬਖਸ਼ਿਸ਼ ਕੀਤੀ ਗਈ


# ਕਬੱਡੀ ਕਮੈਂਟਰੀ ਦੇ ਖੇਤਰ ਦਾ ਬਾਬਾ ਬੋਹੜ ਪ੍ਰੋ ਮੱਖਣ ਸਿੰਘ ਹਕੀਮਪੁਰ- ਨੱਬੇ ਦੇ ਦਹਾਕੇ ਚ ਮਰੂਤੀ ਕਾਰ ਨਾਲ ਸਨਮਾਨਿਤ ਕਮੈਂਟਰ

ਹਕੀਮਪੁਰ ਨਕੋਦਰ ਮਹਿਤਪੁਰ (ਹਰਜਿੰਦਰ ਪਾਲ ਛਾਬੜਾ) -ਪਿਛਲੇ ਦਿਨੀਂ ਮੱਖਣ ਅਲੀ ਨੇ ਪ੍ਰੋ. ਮੱਖਣ ਸਿੰਘ ਹਕੀਮਪੁਰ ਦਾ ਮਾਣ ਸਨਮਾਨ ਪੋਸਟਰ ਭੇਜਿਆ ਦੇਖਕੇ ਬਹੁਤ ਖੁਸ਼ੀ ਹੋਈ, ਉਹ ਪੋਸਟਰ ਪਿੰਡ ਖਟਕੜ ਕਲਾਂ ਦਾ ਸੀ ! ਸਨਮਾਨ ਜਸਕਰਨ ਧਾਲੀਵਾਲ CHICAGO USA ਵੱਲੋ ਐਕਟਿਵਾ ਨਾਲ ਕੀਤਾ ਗਿਆ, ਇਹ ਸਨਮਾਨ ਹੋਣਾ ਜ਼ਰੂਰੀ ਸੀ ਕਿਉਂਕਿ ਚਾਰ ਦਹਾਕਿਆਂ ਤੋਂ ਕਬੱਡੀ ਦੀਆਂ ਗਰਾਉਂਡਾ ਚ ਕਮੈਂਟਰੀ ਕਰਦਿਆਂ ਅਸੀਂ ਵੇਖ ਰਹੇ ਆ, ਪ੍ਰੋ ਮੱਖਣ ਸਿੰਘ ਹਕੀਮਪੁਰ ਮਾਂ ਖੇਡ ਕਬੱਡੀ ਚ ਅੱਜ ਵੀ ਟੋਪਰ ਪਹਿਲਾਂ ਵੀ ਟੋਪਰ ਸੀ, ਕਬੱਡੀ ਜਗਤ ਦਾ ਵੱਡਾ ਇਤਿਹਾਸ ਗੂਗਲ ਵਾਂਗ ਸਰਚ ਕਰੀ ਤੋਂ ਕਬੱਡੀ ਜਗਤ ਦਾ ਲੇਖਾ ਜੋਖਾ ਦਰਸ਼ਕਾਂ ਅੱਗੇ ਫੱਟਾਂ ਫ਼ੱਟ ਰੱਖ ਦਿੰਦੇ ਹਨ, ਕਬੱਡੀ ਦੇ ਗੂਗਲ ਕਮੈਂਟਰ ਹਨ ਅੱਜ ਵੀ ਨੱਬੇ ਦਹਾਕੇ ਚ ਖੇਡੇ ਖਿਡਾਰੀਆ ਦਾ ਡਾਟਾ ਨਾਨੇ ਨਾਨੀ ਤੋਂ ਲੈਕੇ ਪੂਰੇ ਪਰਿਵਾਰ ਦਾ ਨਾਮ ਅੱਜ ਵੀ ਯਾਦ ਹੈ । ਇਕ ਖਾਸੀਅਤ ਪ੍ਰੋ ਸਾਹਿਬ ਦੀ ਦੇਖੀ ਆ, ਜਦੋਂ ਗਰਾਉਂਡ ਵਿਚ ਕਮੈਂਟਰੀ ਕਰਨ ਦੇ ਨਾਲ ਨਾਲ ਇਹਨਾਂ ਦੀ ਅੱਖ ਕਬੱਡੀ ਦੇਖ ਰਹੇ ਦਰਸ਼ਕਾ ਤੇ ਘੁੰਮਦੀ ਰਹਿੰਦੀ, ਕੱਕੜਵਾਲ ਦੇ ਖੇਡ ਮੇਲੇ ਬੋਲਿਆ ਗੋਰਾ ਬੋਦਲਾਂਵਾਲਾ ਦਰਸ਼ਕਾਂ ਖੜਾਂ, ਬੁਰਜ ਹਰੀ ਦੇ ਖੇਡ ਮੇਲੇ ਤੇ ਬੋਲ ਦਰਸ਼ਕਾਂ ਚ ਖੜ੍ਹੇ ਮੰਦਰ ਗ਼ਾਲਿਬ ਦੇ ਦਰਸ਼ਨ ਹੋ ਰਹੇ ਹਨ । ਇਸ ਤਰ੍ਹਾਂ ਹਰ ਖੇਡ ਮੇਲੇ ਤੇ ਹੁੰਦਾ। ਸਾਰਾ ਦਿਨ ਇਕਾਲੇ ਮੈਚਾਂ ਦੀ ਕਮੈਂਟਰੀ ਕਰਦੇ ਰਹਿੰਦੇ ਥੱਕਦੇ ਹੀ ਨਹੀਂ ਸੀ , ਹਰ ਖੇਡ ਮੇਲੇ 400/500 ਨਵੇਂ ਖਿਡਾਰੀਆਂ ਦਾ ਨਾਮ ਬੋਲਣਾ ਉਹਨਾਂ ਵਾਰੇ ਜਾਣਨਾ ਬਹੁਤ ਔਖਾਂ ਸੀ । ਅੱਜ ਸੀਮਤ ਟੀਮਾਂ ਨੇ ਸੀਮਤ ਖਿਡਾਰੀ ਹਨ, ਨਾਲ ਸੋਸਲ ਮੀਡੀਆ ਵੀ ਬਹੁਤ ਸਹਾਇਤਾ ਕਰਦਾ, ਪਰ ਉਦੋਂ ਇਹ ਕੁਝ ਨਹੀਂ ਸੀ, ਦਿਲ ਦੀਆਂ ਡਾਇਰੀ ਤੇ ਖਿਡਾਰੀ ਦੇ ਨਾਮ ਲਿਖਣੇਂ ਪੈਂਦਾ ਸੀ ।ਪ੍ਰੋ ਸਾਹਿਬ ਨੇ ਦਾਦੇ ਪੋਤੇ ਦੇ ਮੈਚਾਂ ਦੀ ਕਮੈਂਟਰੀ ਕਈ ਸਾਲ ਪਹਿਲੇ ਕਰ ਗਏ ਉਹ ਦਾਦੇ ਪੋਤੇ ਝਨੇਰ ਪਿੰਡ ਦੇ ਖਿਡਾਰੀ ਹਨ, ਪਹਿਲਾਂ ਕਾਦਰ ਖ਼ਾਂ ਦੇ ਮੈਚਾਂ ਦੀ ਫਿਰ ਉਹਨਾਂ ਦੇ ਪੁੱਤਰ ਦਿਲਵਰ ਖਾ, ਫਿਰ ਉਹਨਾਂ .. ਦੇ ਆਸ਼ੂ ਝਨੇਰ ਦੇ ਮੈਚਾਂ ਦੀ ਕਮੈਂਟਰੀ ਕਈ ਸਾਲਾਂ ਤੋਂ ਕਰਦੇ ਆ ਰਹੇ ਹਨ । ਕਬੱਡੀ ਜਗਤ ਦੇ ਪਹਿਲੇ ਬੋਲਾਰੇ ਨੇ ਜਿਨ੍ਹਾਂ ਨੂੰ ਪੂਰੇਵਾਲ ਬ੍ਰਰਜ ਵੱਲੋਂ 98/99 ਵਿਚ ਨਿਊ ਮਰੂਤੀ ਕਾਰ ਨਾਲ ਸਨਮਾਨਿਤ ਕਰਿਆ, ਉਹਨਾਂ ਟਾਈਮਾ ਚ ਪੰਜਾਬ ਦੀਆਂ ਸੜਕਾਂ ਤੇ ਮਰੂਤੀ ਕਾਰਾਂ ਦੇਖਣ ਨੂੰ ਘੱਟ ਮਿਲਦੀਆਂ ਸਨ। ਉਹਨਾਂ ਟਾਈਮਾ ਚ ਹਰ





ਇਕ ਨਵੇਂ ਪੁਰਾਣੇ ਖਿਡਾਰੀ ਹੁੰਦਾ ਪ੍ਰੋ ਸਾਹਿਬ ਸਾਡੇ ਮੈਚ ਦੀ ਕਮੈਂਟਰੀ ਕਰਨ ਹੌਸਲਾਂ ਖਿਡਾਰੀ ਦਾ ਖੇਡਣ ਪ੍ਰਤੀ ਬਹੁਤ ਵੱਧ ਜਾਂਦਾ ਸੀ । ਪਹਿਲਾਂ ਟੂਰਨਾਮੈਂਟ ਤੇ ਚੰਗੇ ਖਿਡਾਰੀ ਦਾ ਨਾਮ ਬੋਲਿਆ ਜਾਂਦਾ ਸੀ, ਉਦੋਂ ਕੋਈ ਬੁਲਾਰਾ ਕਮੇਟੀ ਜਾਂ ਪਿੰਡ ਦਾ ਵਸਨੀਕ ਜਾਂ ਕੋਈ ਮਾਸਟਰ ਹੁੰਦਾ ਸੀ, ਪ੍ਰੋ ਸਾਹਿਬ ਨੇ ਕਬੱਡੀ ਚ ਵੱਖ਼ਰਾ ਕੀਤਾ ਇਕਾਲੇ ਇਕਾਲੇ ਖਿਡਾਰੀ ਨਾਮ ਬੋਲਿਆ ਜਾਦਾ, ਉਦੋਂ ਮਾਲਵੇ ਚ ਟੂਰਨਾਮੈਂਟ ਤੇ 70/80 ਟੀਮਾਂ ਹੋ ਜਾਂਦੀਆਂ ਸੀ ! ਅੱਜ ਕੱਕੜਵਾਲ ਧੂਰੀ , ਕੱਲ ਮੋਗੇ ਦੇ ਮਹਿਣੇ ਪਿੰਡ, ਪਰਸੋਂ ਖੰਨੇ ਭਾਦਲਾ ਚੌਥੇ ਰੂੰਮੀ ਪਿੰਡ ਜਗਰਾਉਂ ਪੰਜਵੇਂ ਦਿਨ ਦਿੜ੍ਹਬਾ ਸੰਗਰੂਰ, ਉਦੋ 40/45 ਟੀਮ ਹਰ ਰੋਜ਼ ਆਪੋ ਆਪਣੇ ਇਲਾਕੇ ਚ ਨਵੀਆਂ ਮਿਲਦੀ ਆ, ਬਾਕੀ 20/25 ਟੀਮਾਂ ਪੱਕੀਆਂ ਖੇਡਦੀਆਂ ਨਵੀਆਂ ਟੀਮਾਂ ਦੇ ਖਿਡਾਰੀਆਂ ਦੇ ਨਾਮ ਚੇਤੇ ਰੱਖਣੇ ਬੜੇ ਔਖੇ ਸੀ, ਪਰ ਪ੍ਰੋ ਨੇ ਯਾਦ ਕੀਤੇ । ਸਾਡੇ ਇਲਾਕੇ ਚ ਪਹਿਲਾਂ 1998 ਚ ਪਿੰਡ ਜਲਾਦੀਵਾਲ ਪ੍ਰੋ ਮੱਖਣ ਸਿੰਘ ਕਰਨ ਆਏ ਸੀ, ਸਭ ਟੀਮਾਂ ਵਾਲੇ ਝੁਕਕੇ ਮਿਲਦੇ ਕਿਉਂਕਿ ਸਤਿਕਾਰ ਹੀ ਕਬੱਡੀ ਵਿੱਚ ਬਹੁਤ ਸੀ, ਉਹ ਸਤਿਕਾਰ ਅੱਜ ਵੀ ਕਬੱਡੀ ਚ ਬਰਕਰਾਰ ਹੈ। ਜਦੋਂ ਸਾਨੂੰ ਪਤਾ ਲੱਗਿਆ ਪ੍ਰੋ ਸਾਹਿਬ ਆਏ ਜਲਾਲਦੀਵਾਲ ਨੇ ਅੱਜ ਸਾਡੇ ਮੈਚਾਂ ਦੀ ਕਮੈਂਟਰੀ ਕਰਨਗੇ, ਸਾਡੇ ਪਿੰਡ ਕੁਰੜ ਦਾ ਮੈਚ ਜਲਾਲਦੀਵਾਲ ਪਿੰਡ ਨਾਲ ਆਇਆ, ਜਲਾਲਦੀਵਾਲ ਚ ਸਵ. ਜੀਤਾ ਖੇਡਦਾ ਸੀ, ਅਸੀਂ ਫ਼ੌਜੀ ਤੋਂ ਬਿਨਾਂ ਖੇਡ ਰਹੇ ਸੀ, ਉਸ ਦਿਨ ਤੋਂ ਸਾਡੇ ਨਾਮ ਪ੍ਰੋ ਅੱਜ ਤੱਕ ਸਾਡੀ ਟੀਮ ਦੇ ਨਾਮ ਯਾਦ ਹਨ ।ਅਨੇਕਾਂ ਕਮੈਟਰ ਪ੍ਰੋ ਸਾਹਿਬ ਨੂੰ ਆਪਣਾ ਗੁਰੂ ਮੰਨਦੇ ਨੇ, ਕਬੱਡੀ ਖਿਡਾਰੀਆਂ ਨੂੰ ਪੈਸੇ ਦਿਵਾਉਂਣ ਵਾਲਾ ਬਲਵਿੰਦਰ ਸਿੰਘ ਫਿੱਡਾ ਹੈ ਅਤੇ ਕਮੈਟਰਾ ਨੂੰ ਦਿਵਾਉਣ ਵਾਲੇ ਪ੍ਰੋ ਮੱਖਣ ਸਿੰਘ ਹਕੀਮਪੁਰ ਸਾਹਿਬ ਹੈ, ਆਪ ਇਹਨਾਂ ਨੇ ਜ਼ੀਰੋ ਤੋਂ ਸ਼ੁਰੂ ਕੀਤਾ ਸੀ ਅੱਜ ਕਈ ਕਈ ਲੱਖਾਂ ਦੀਆਂ ਗੱਡੀਆਂ ਨਾਲ ਖਿਡਾਰੀ ਅਤੇ ਕਮੈਂਟਰ ਸਨਮਾਨਿਤ ਹੋ ਰਹੇ ਹਨ !



# MATRIMONIAL



ਮੁੰਡਾ ਜਾਂ ਕੁੜੀ ਵਿਆਹੁਣ ਦਾ ਫ਼ਿਕਰ ਛੱਡੋ ਤੇ ਪੰਜਾਬ ਟਾਈਮਜ਼ ਨਾਲ ਸੰਪਰਕ ਕਰੋ : 01332 372851

ਪੰਜਾਬ ਟਾਈਮਜ਼ ਵਿਚ ਚਾਰ ਹਫ਼ਤੇ ਵਿਆਹ ਦਾ ਇਸ਼ਤਿਹਾਰ ਛਪਵਾਉਣ ਲਈ ਕੇਵਲ 60 ਪੌਂਡ

**Matrimonial advert is only £60 for 4 weeks**

***NOTE: All replies should be sent in a stamped envelope and marked with the ref. No. in the top left hand corner. Panjab Times, Bridle Gate Lane, Derby, DE24 0QW***

**Respectable jat sikh family seeks suitable match for their 40 yr beautiful daughter who has never been married. She's 5'5" and has LLB, LLM from Panjab university, Chandigarh. Presently doing a professional law course in London. Looking for a professionally qualified and settled boy from a good family. For further details please reply to ref. 880 (3020)**

**UK born Jatt Sikh boy aged 28 years old, height 5ft 8' working professional in IT. He is well versed in both cultures, sincere, caring with a good sense of humour. He does not drink and is a non smoker. He has short hair and is clean shaven. Ideal match should be UK born educated Jatt Sikh girl of similar age from the Midlands. Please reply with a recent photo and details to email: kiran_kaur32@outlook.com or Tel: 07896 927339. (3024)**

**Respectable Ramgarhia Sikh family seeking a suitable match for their British born son, degree holder in computer science, working. 39 years old, 6' tall, wears a turban and vegetarian. Girl should be vegetarian, born in the UK and degree holder. For more information contact 07505 127926. for further details or reply to ref. 879 (3020)**

**Respectable Jat Sikh Family seeks a suitable match for their beautiful 44 year old daughter. She has a Masters Degree and is employed by a large organisation in a professional role, in the midland area. She is 5'6", sincere, caring. Ideal match should be british born, clean shaven and working in a graduate role. Please call 07931 577645 or email tsj@mail.com for further details or reply to ref. 874 (3018)**

## CHANGE OF NAME

I AMARJIT KAUR WIFE OF SARWAN SINGH R/O VPO: BHIRA KHERI DISTRICT: LAKHIMPUR KHERI, PIN 262901, UTTAR PRADESH, INDIA, AND NOW LIVING AT 13 LANGLEY BROOM, SLOUGH, SL3 8NB, UK HEREBY GIVE NOTICE OF MY INTENTION TO CHANGE MY NAME TO AMARJIT KAUR KHAIRA. (U/I)

## CHANGE OF NAME

Please one tick box

- ☐ £30 Print in UK only
- ☐ £60 Print UK & India
- ☐ £80 Print UK & India (Express)

NOTE: Please allow 28 days for publication in India

I MR / MRS / MISS ____________________

SON / DAUGHTER / WIFE OF MR ____________________

WHOSE PERMANENT ADDRESS IN INDIA IS ____________________

____________________

AND IS NOW LIVING AT ____________________

____________________ HEREBY GIVE NOTICE OF MY INTENTION

TO CHANGE MY NAME TO ____________________

TEL ____________________

**Please send the completed form with payment to: Panjab Times, Bridle Gate Lane, Derby, DE24 0QW or email the wording to: panjabtimes@aol.com**

**TO PAY BY CREDIT CARD TEL: 01332-372851**

**Account Name: Panjab Times Trust Ltd**
**Account No: 20853011 Sort Code: 20-25-85**


# 'ਅਮਰ ਸਿੰਘ ਚਮਕੀਲਾ' 12 ਅਪਰੈਲ ਨੂੰ ਹੋਵੇਗੀ ਰਿਲੀਜ਼

ਮੁੰਬਈ-ਦਿਲਜੀਤ ਦੋਸਾਂਝ ਅਤੇ ਪਰਿਨੀਤੀ ਚੋਪੜਾ ਦੀ ਫਿਲਮ 'ਅਮਰ ਸਿੰਘ ਚਮਕੀਲਾ' 12 ਅਪਰੈਲ ਨੂੰ ਨੈੱਟਫਲਿਕਸ 'ਤੇ ਰਿਲੀਜ਼ ਹੋਵੇਗੀ। ਇਸ ਫਿਲਮ ਦਾ ਨਿਰਦੇਸ਼ਨ ਇਮਤਿਆਜ਼ ਅਲੀ ਨੇ ਕੀਤਾ ਹੈ। ਫਿਲਮ ਦੇ ਪ੍ਰੋਮੋ ਨੂੰ ਸਾਂਝਾ ਕਰਦਿਆਂ ਨੈੱਟਫਲਿਕਸ ਦੀ ਟੀਮ ਨੇ ਇੰਸਟਾਗ੍ਰਾਮ 'ਤੇ ਲਿਖਿਆ, 'ਮਾਹੌਲ ਬਨ ਜਾਤਾ ਥਾ ਜਬ ਵੋ ਛੇੜਤਾ ਥਾ ਸਾਜ਼, ਕੁਛ ਐਸਾ ਹੀ ਥਾ ਚਮਕੀਲਾ ਕਾ ਅੰਦਾਜ਼ ਇਮਤਿਆਜ਼ ਅਲੀ ਆਫਿਸ਼ੀਅਲ #ਅਮਰ ਸਿੰਘ ਚਮਕੀਲਾ 12 ਅਪਰੈਲ ਨੂੰ ਆ ਰਹੀ ਹੈ ਸਿਰਫ ਨੈੱਟਫਲਿਕਸ 'ਤੇ !' ਇਹ ਫਿਲਮ ਪੰਜਾਬੀ ਗਾਇਕ ਅਮਰ ਸਿੰਘ ਚਮਕੀਲਾ ਦੀ ਸੱਚੀ ਕਹਾਣੀ 'ਤੇ ਆਧਾਰਿਤ ਹੈ ਜਿਸ ਨੇ ਗਰੀਬੀ ਦੇ ਪਰਛਾਵੇਂ ਵਿੱਚੋਂ ਉਭਰ ਕੇ 80 ਦੇ ਦਹਾਕੇ ਵਿੱਚ ਆਪਣੇ ਸੰਗੀਤ ਦੇ ਬਲਬੂਤੇ ਪ੍ਰਸਿੱਧੀ ਹਾਸਲ ਕੀਤੀ ਸੀ। ਇਸ ਦੇ ਨਾਲ ਹੀ ਉਸ ਦੀ ਗਾਇਕੀ ਦੇ ਕਈ ਵਿਰੋਧੀ ਵੀ ਬਣ ਗਏ ਸਨ ਜਿਸ ਕਾਰਨ ਉਸ ਦੀ 27 ਸਾਲ ਦੀ ਉਮਰ ਵਿੱਚ ਹੱਤਿਆ ਕਰ ਦਿੱਤੀ ਗਈ। ਉਹ ਆਪਣੇ ਵੇਲੇ ਦੇ ਸਭ ਤੋਂ ਚਰਚਿਤ ਗਾਇਕਾਂ ਵਿਚੋਂ ਇਕ ਸੀ ਜਿਸ ਦੇ ਰਿਕਾਰਡ ਹਾਲੇ ਵੀ ਸ਼ੌਂਕ ਨਾਲ ਸੁਣੇ ਜਾਂਦੇ ਹਨ। ਖਾੜਕੂ ਧਿਰਾਂ ਵਲੋਂ ਚਮਕੀਲੇ ਉਪਰ ਦੋਸ਼ ਲਗਾਏ ਗਏ ਸਨ ਕਿ ਉਹ ਅਸ਼ਲੀਲ ਗਾਇਕੀ ਦਾ ਪ੍ਰਦਰਸ਼ਨ ਕਰਦਾ ਸੀ।




## ਮਾਮਲਾ ਸਿਖ ਪੁਲਿਸ ਅਧਿਕਾਰੀ ਉਪਰ ਨਸਲੀ ਟਿਪਣੀ ਕਰਨ ਦਾ

# ਅਕਾਲ ਤਖ਼ਤ ਸਕੱਤਰੇਤ ਨੇ ਕਿਹਾ ਕਿ ਸੁਵੇਂਦੂ ਅਧਿਕਾਰੀ ਨੂੰ ਵਿਧਾਨ ਸਭਾ ਤੋਂ ਬਰਖ਼ਾਸਤ ਕਰੋ

ਨਵੀਂ ਦਿੱਲੀ-ਭਾਜਪਾ ਨੇਤਾ ਸੁਵੇਂਦੂ ਅਧਿਕਾਰੀ ਵਲੋਂ ਅਧਿਕਾਰੀ ਜਸਪ੍ਰੀਤ ਸਿੰਘ 'ਤੇ ਕੀਤੀ ਨਸਲੀ ਟਿੱਪਣੀ ਦੀ ਸਿੱਖਾਂ ਦੀ ਸਰਬਉੱਚ ਸੰਸਥਾ ਸ੍ਰੀ ਅਕਾਲ ਤਖ਼ਤ ਸਾਹਿਬ ਨੇ ਤਿੱਖੀ ਨਿਖੇਧੀ ਕਰਦਿਆਂ ਉਸ ਦੀ (ਸੁਵੇਂਦੂ ਅਧਿਕਾਰੀ ਦੀ) ਵਿਧਾਇਕੀ ਬਰਖ਼ਾਸਤ ਕਰਨ ਦੀ ਮੰਗ ਕੀਤੀ ਹੈ। ਸ੍ਰੀ ਅਕਾਲ ਤਖ਼ਤ ਸਾਹਿਬ ਸਕੱਤਰੇਤ ਅੰਮਿਬਸਰ ਵਲੋਂ ਪੱਛਮੀ ਬੰਗਾਲ ਦੀ ਸੈਂਟਰਲ ਗੁਰਦੁਆਰਾ ਪ੍ਰਬੰਧਕ ਕਮੇਟੀ ਨੂੰ ਚਿੱਠੀ ਲਿਖ ਕੇ ਇਹ ਮੰਗ ਕੀਤੀ ਗਈ।



ਪੱਛਮੀ ਬੰਗਾਲ ਦੇ ਸੈਂਟਰਲ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਪ੍ਰਧਾਨ ਨੂੰ ਲਿਖੀ ਚਿੱਠੀ ਵਿਚ ਕਿਹਾ ਗਿਆ ਕਿ 20 ਫਰਵਰੀ 2024 ਨੂੰ ਪਿੰਡ ਸੰਦੇਸ਼ਖਾਲੀ ਵਿਖੇ ਭਾਜਪਾ ਨੇਤਾ ਸੁਵੇਂਦੂ ਅਧਿਕਾਰੀ ਅਤੇ ਉਸ ਦੇ ਕਾਰਕੁੰਨਾ ਵਲੋਂ ਸਿੱਖ ਆਈ.ਪੀ.ਐਸ. ਅਧਿਕਾਰੀ ਜਸਪ੍ਰੀਤ ਸਿੰਘ ਨੂੰ ਡਿਊਟੀ ਦੌਰਾਨ ਕੀਤੀ ਗਈ ਨਸਲੀ ਟਿੱਪਣੀ ਬਹੁਤ ਹੀ ਨਿੰਦਣਯੋਗ ਹੈ।

ਅਕਾਲ ਤਖ਼ਤ ਦੇ ਜਥੇਦਾਰ ਦੇ ਨਿੱਜੀ ਸਹਾਇਕ ਵਲੋਂ ਲਿਖੀ ਚਿੱਠੀ ਵਿਚ ਕਿਹਾ ਕਿ ਇਹ ਲੋਕ ਸੁਵੇਂਦੂ ਅਧਿਕਾਰੀ ਅਤੇ ਹੋਰ ਭਾਜਪਾ ਵਰਕਰਾਂ ਦੇਸ਼ ਨੂੰ ਆਜ਼ਾਦ ਕਰਵਾਉਣ ਲਈ ਸਿੱਖਾਂ ਵਲੋਂ ਕੀਤੀਆਂ ਕੁਰਬਾਨੀਆਂ ਅਤੇ ਦੇਸ਼ ਦੀ ਤਰੱਕੀ 'ਤੇ ਸੁਰੱਖਿਆ ਲਈ ਪਾਏ ਜਾ ਰਹੇ ਯੋਗਦਾਨ ਨੂੰ ਭੁਲਾ ਕੇ ਅਜਿਹੇ ਬੋਲ-ਬੋਲ ਰਹੇ ਹਨ।

# ਯੁਵਰਾਜ ਸਿੰਘ ਗੁਰਦਾਸਪੁਰ ਤੋਂ ਲੋਕ ਸਭਾ ਚੋਣ ਨਹੀਂ ਲੜੇਗਾ



ਚੰਡੀਗੜ੍ਹ-ਸਾਬਕਾ ਕ੍ਰਿਕਟਰ ਯੁਵਰਾਜ ਸਿੰਘ ਨੇ ਉਨ੍ਹਾਂ ਖ਼ਬਰਾਂ ਦਾ ਖੰਡਨ ਕੀਤਾ ਕਿ ਉਹ ਗੁਰਦਾਸਪੁਰ ਤੋਂ ਲੋਕ ਸਭਾ ਚੋਣ ਲੜ ਸਕਦੇ ਹਨ। ਉਨ੍ਹਾਂ ਕਿਹਾ ਕਿ ਅਜਿਹੀਆਂ ਖ਼ਬਰਾਂ ਕੇਵਲ ਅਫ਼ਵਾਹ ਹਨ। ਉਨ੍ਹਾਂ ਦਾ ਜਨੂੰਨ ਲੋਕਾਂ ਦਾ ਸਮਰਥਨ ਅਤੇ ਮਦਦ ਕਰਨ 'ਚ ਹੈ, ਜਿਸ ਨੂੰ ਉਹ ਆਪਣੀ ਸੰਸਥਾ ਰਾਹੀ ਜਾਰੀ ਰੱਖਣਗੇ।'

# ਗੌਤਮ ਗੰਭੀਰ ਲੋਕ ਸਭਾ ਚੋਣਾਂ ਨਹੀਂ ਲੜਨਗੇ, ਸਿਆਸਤ ਤੋਂ ਸੰਨਿਆਸ ਲੈਣਗੇ



ਨਵੀਂ ਦਿੱਲੀ-ਸਾਬਕਾ ਕ੍ਰਿਕਟਰ ਅਤੇ ਪੂਰਬੀ ਦਿੱਲੀ ਤੋਂ ਭਾਜਪਾ ਦੇ ਸੰਸਦ ਮੈਂਬਰ ਗੌਤਮ ਗੰਭੀਰ ਨੇ ਰਾਜਨੀਤੀ ਤੋਂ ਸੰਨਿਆਸ ਲੈਣ ਦਾ ਐਲਾਨ ਕਰ ਦਿੱਤਾ ਹੈ। ਉਹ ਇਸ ਵਾਰ ਲੋਕ ਸਭਾ ਚੋਣ ਵੀ ਨਹੀਂ ਲੜਨਗੇ। ਉਨ੍ਹਾਂ ਨੇ ਭਾਜਪਾ ਦੇ ਰਾਸ਼ਟਰੀ ਪ੍ਰਧਾਨ ਜੇਪੀ ਨੱਡਾ ਨੂੰ ਪੱਤਰ ਲਿਖਿਆ ਹੈ। ਗ੍ਰਹਿ ਮੰਤਰੀ ਅਮਿਤ ਸ਼ਾਹ ਅਤੇ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਦਾ ਵੀ ਧੰਨਵਾਦ ਕੀਤਾ।

# THE DEATH OF HIND RAJAB



The heartbreaking news of an angel Hind Rajabs a girl that reminds me so much of my daughter.Hind Rajab tragic death along with her five family members. Despite displaying white flags, their car was targeted deliberately by the Israeli tanks. Hind and her cousin Layan (14 year old) were the only survivors among their family members. The world listened in horror as layan spoke with the red cross, desperately seeking aid, only to be silenced by the sound of gunfire. At that moment, Hind became the line survivor, and we could hear her pleas to red cross and her mother for help, the only voice of hope amid the chaos.Following extensive coordination with international organisations, two red cross paramedics went on a mission to rescue Hind. However after 12 days of lost contact, the decomposed bodies of hind, her family members and the two paramedics were found. It is unimaginable to comprehend the experience of a child who witnessed the brutal killing of her family members, confined amidst their lifeless bodies with Israeli tanks looming nearby. Just as she dared to hope for rescue. The deliberate targeting of civilians and red cross paramedics is clear war crime. This is only one story among thousand of horrifying attrocities that the people in Gaza have been witnessing over the past 5 months words fail to convey the depth of horror, disappointment and sorrow I feel.



ਲੰਬੜਦਾਰ ਧਰਮਵੀਰ ਸਿੰਘ ਕਲੇਰ, ਕਵੈਂਟਰੀ

**From: LAMBARDAR DHARMVEER SINGH CLAIRE COVENTRY**






ਮਾਤਾ ਖੀਵੀ ਜੀ ਸੇਵਾ ਸੁਸਾਇਟੀ ਦੇ ਸਰਪ੍ਰਸਤ ਸਃ ਸਰਦੂਲ ਸਿੰਘ ਸੋਢੀ, ਬੀਬੀ ਕੁਲਵੰਤ ਕੌਰ ਹੇਜ਼ ਨਿਵਾਸੀ ਦੇ ਸਪੁੱਤਰ ਸਃ ਜਤਿੰਦਰਪਾਲ ਸਿੰਘ ਦੇ ਸ਼ੁਭ ਕੁੜਮਾਈ ਸ਼ਗਨ ਸਃ ਲਖਵਿੰਦਰ ਸਿੰਘ, ਬੀਬੀ ਲਖਵਿੰਦਰ ਕੌਰ ਦੀ ਸਪੁੱਤਰੀ ਬੀਬੀ ਕੋਮਲਪ੍ਰੀਤ ਕੌਰ ਨੂੰ ਲਗਾਉਣ ਸਮੇਂ ਮਾਤਾ ਖੀਵੀ ਜੀ ਸੇਵਾ ਸੁਸਾਇਟੀ ਯੂ ਕੇ ਵੱਲੋਂ ਹੋਣ ਵਾਲੀ ਸੁਭਾਗ ਜੋੜੀ ਨੂੰ ਸਿਰੋਪਾਓ ਦੀ ਬਖਸ਼ਿਸ਼ ਪੰਜਾਬ ਟਾਈਮਜ਼ ਦੇ ਧਾਰਮਿਕ ਪ੍ਰਤੀਨਿਧ ਰਣਧੀਰ ਸਿੰਘ ਸੰਭਲ ਅਤੇ ਸਃ ਸਰਦੂਲ ਸਿੰਘ ਸੋਢੀ ਨੇ ਕੀਤੀ । ਇਸ ਮੌਕੇ ਹੋਰਨਾਂ ਤੋਂ ਇਲਾਵਾ ਸਃ ਮਨਜੀਤ ਸਿੰਘ, ਸੁਸਾਇਟੀ ਦੇ ਸਕੱਤਰ, ਸਃ ਚਰਨਜੀਤ ਸਿੰਘ, ਬੀਬੀ ਕਮਲਜੀਤ ਕੌਰ ਖਾਲਸਾ, ਬੀਬੀ ਕਿਰਨਦੀਪ ਕੌਰ ਤੇ ਬੀਬੀ ਦਵਿੰਦਰ ਕੌਰ ਤੋਂ ਇਲਾਵਾ ਸ਼ਹਿਰੀ ਪਤਵੰਤੇ ਅਤੇ ਸਃ ਸਰਵਣ ਸਿੰਘ ਹਾਜ਼ਰ ਸਨ ।

## ਪੰਜਾਬ ਵਿੱਚ ਨਕਲੀ ਗੁਰੂ ਡੰਮ੍ਹ, ਪੰਥ ਵਿਰੋਧੀ ਅਖੌਤੀ ਬਾਬਿਆਂ ਅਤੇ ਤਾਂਤਰਿਕਾਂ ਵੱਲੋਂ ਝੂਠ ਬੋਲ ਕੇ ਲੋਕਾਂ ਨੂੰ ਗੁੰਮਰਾਹ ਕਰਨ ਵਾਲੇ ਅਸਥਾਨਾਂ 'ਤੇ ਨਾ ਜਾਣ ਲਈ

# ਪੰਜਾਬ ਵਾਸੀਆਂ ਨੂੰ ਪੁਰਜ਼ੋਰ ਅਪੀਲ

## ਸ਼੍ਰੋਮਣੀ ਕਮੇਟੀ ਤੇ ਸਾਰੇ ਜਥੇਦਾਰਾਂ ਨੂੰ ਬੇਨਤੀ – ਉਹ ਆਪਣੇ ਤੌਰ ਤੇ ਲੋਕਾਂ ਨੂੰ ਸੁਚੇਤ ਕਰਨ

ਸਿਆਸੀ ਪਾਰਟੀਆਂ ਦੇ ਆਗੂਆਂ ਨੂੰ ਵੀ ਅਪੀਲ ਕਰਦੇ ਹਾਂ ਕਿ ਉਹ ਅਖੌਤੀ ਬਾਬਿਆਂ, ਦੇ ਡੇਰਿਆਂ ਤੇ ਨਾ ਜਾਣ, ਜਿਹੜੇ ਲੋਕਾਂ ਨੂੰ ਗੁੰਮਰਾਹ ਕਰਦੇ ਹਨ, ਉਹਨਾਂ ਦੇ ਪੈਰਾਂ ਵਿੱਚ ਜਾ ਕੇ ਨਾ ਬੈਠਣ। ਵੋਟਾਂ ਲੈਣ ਜਾਣਾ ਹੈ ਤਾਂ ਉਹਨਾਂ ਦੇ ਪੈਰਾਂ ਵਿੱਚ ਨਾ ਬੈਠਣ, ਬਰਾਬਰ ਕੁਰਸੀ ਤੇ ਬੈਠਣ।

ਬਹੁਤ ਸਾਰੇ ਅਖੌਤੀ ਧਾਰਮਿਕ ਬਾਬੇ, ਕਤਲ ਅਤੇ ਬਲਾਤਕਾਰ ਆਦਿ ਦੇ ਮੁਕੱਦਮਿਆਂ ਅਧੀਨ ਜੇਲ੍ਹਾਂ ਵਿੱਚ ਬੰਦ ਹਨ। ਜਿਨ੍ਹਾਂ ਨੇ ਲੋਕਾਂ ਨੂੰ ਲੰਮਾ ਸਮਾਂ ਗੁੰਮਰਾਹ ਕਰਕੇ ਲੁੱਟਿਆ ਅਤੇ ਔਰਤਾਂ ਦਾ ਸਰੀਰਕ ਸ਼ੋਸ਼ਣ ਕੀਤਾ।

# ਇਹ ਅਖੌਤੀ ਬਾਬੇ ਲੋਕਾਂ ਨੂੰ ਝੂਠੇ ਲਾਰੇ ਲਾ ਕੇ ਕਿਵੇਂ ਠੱਗਦੇ ਹਨ

– ਇਹ ਚਾਤੁਰ ਲੋਕ ਆਮ ਲੋਕਾਂ ਨੂੰ ਸਵਰਗ ਭੇਜਣ, ਨੌਕਰੀ ਦਿਵਾਉਣ ਅਤੇ ਵਿਦੇਸ਼ ਵਿੱਚ ਭੇਜਣ ਦੇ ਝੂਠੇ ਲਾਰੇ ਲਾ ਕੇ ਗੁੰਮਰਾਹ ਕਰਦੇ ਹਨ।

– ਯੂ ਕੇ ਵਿੱਚ ਅਸੀਂ ਬਹੁਤ ਸਾਰੇ ਨਜੂਮੀਆਂ, ਤਾਂਤਰਿਕਾਂ ਨੂੰ ਉਹਨਾਂ ਦੇ ਗਲਤ ਕੰਮਾਂ ਲਈ ਜੇਹਲ ਕਰਵਾ ਚੁੱਕੇ ਹਾਂ। ਕੁੱਝ ਲੋਕਾ ਦੇ ਪੈਸੇ ਵੀ ਵਾਪਸ ਕਰਵਾਏ ਹਨ। ਪਰ ਪੰਜਾਬ ਵਿੱਚ ਇਹ ਬਾਬੇ ਲੋਕਾਂ ਨੂੰ ਗੁੰਮਰਾਹ ਕਰਕੇ ਉਹਨਾਂ ਦੀ ਦਸਾਂ ਨਹੁੰਆਂ ਦੀ ਸਖਤ ਮਿਹਨਤ ਦੀ ਕਮਾਈ ਦੀ ਲਗਾਤਾਰ ਲੁੱਟ ਕਰਦੇ ਆ ਰਹੇ ਹਨ। ਅਜਿਹੀਆਂ ਬਹੁਤ ਸਾਰੀਆਂ ਖ਼ਬਰਾਂ ਤੁਸੀਂ ਆਮ ਹੀ ਮੀਡੀਆ ਵਿੱਚ ਪੜ੍ਹਦੇ ਹੋ।

– ਆਓ ਆਪਾਂ ਆਪਣੇ ਸੰਪਰਕ ਵਿੱਚ ਆਉਣ ਵਾਲੇ ਲੋਕਾਂ ਨੂੰ ਇਹਨਾਂ ਢੋਂਗੀਆਂ, ਲੁਟੇਰਿਆਂ ਤੋਂ ਨਿਜ਼ਾਤ ਦਿਵਾਈਏ ।

– ਜੇ ਤੁਹਾਡੇ ਕੋਲ ਕਿਸੇ ਅਖੌਤੀ ਬਾਬੇ, ਤਾਂਤਰਿਕ ਦੀ ਜਾਣਕਾਰੀ ਹੈ ਤਾਂ ਸਾਨੂੰ ਘੱਲੋ, ਅਸੀਂ ਮੀਡੀਆ ਰਾਹੀਂ ਲੋਕਾਂ ਨੂੰ ਉਹਨਾਂ ਬਾਰੇ ਜਾਗਰਿਤ ਕਰਾਂਗੇ ਅਤੇ ਲੋੜ ਪਈ ਤਾਂ ਅਦਾਲਤ ਵਿੱਚ ਵੀ ਲਿਜਾਵਾਂਗੇ।

– ਇਸ ਦੇ ਇਲਾਵਾ ਅਸੀਂ ਹੋਰ ਵੀ ਦੇਖਿਆ ਹੈ ਕਿ ਸੋਸ਼ਲ ਮੀਡੀਆ, ਜਿਵੇਂ ਕੇ ਯੂ ਟਿਊਬ, ਫੇਸ ਬੁੱਕ, ਟਵਿੱਟਰ ਆਦਿ ਉਤੇ ਬਹੁਤ ਸਾਰੇ ਲੋਕਾਂ ਨੇ ਆਪਣੇ ਨਿੱਜੀ ਚੈਨਲ ਬਣਾਏ ਹੋਏ ਹਨ, ਉਹਨਾਂ ਉਤੇ ਵੀ ਹਜ਼ਾਰਾਂ ਅਜਿਹੇ ਤਾਂਤਰਿਕ ਤੇ ਨਜੂਮੀ ਬਾਬਿਆਂ ਦੇ ਇਸ਼ਤਿਹਾਰ ਖ਼ਬਰਾਂ ਦੇ ਨਾਲ ਨਾਲ ਚੱਲਦੇ ਹੁੰਦੇ ਹਨ । ਆਮ ਸਧਾਰਣ ਤੇ ਭੋਲੇ ਲੋਕ ਇਹਨਾਂ ਬਾਬਿਆਂ ਦੀਆਂ ਚਿਕਣੀਆਂ ਚੋਪੜੀਆਂ ਗੱਲਾਂ ਸੁਣ ਕੇ ਉਹਨਾਂ ਦੇ ਜਾਲ ਵਿੱਚ ਫਸ ਜਾਂਦੇ ਹਨ ।

– ਸਾਡੀ ਅਜਿਹੇ ਚੈਨਲ ਚਲਾਉਣ ਵਾਲਿਆਂ ਨੂੰ ਵੀ ਪੁਰਜ਼ੋਰ ਅਪੀਲ ਹੈ ਕਿ ਤਾਂਤਰਿਕ ਬਾਬਿਆਂ ਦੇ ਇਸ਼ਤਿਹਾਰ ਬਿਲਕੁੱਲ ਨਾ ਚਲਾਏ ਜਾਣ । ਇਹਨਾਂ ਦੇ ਇਸ਼ਤਿਹਾਰ ਲਾ ਕੇ ਤੁਸੀਂ ਪੈਸਾ ਤਾਂ ਕਮਾ ਸਕਦੇ ਹੋ, ਪਰ ਇਸ ਤਰ੍ਹਾਂ ਆਮ ਲੋਕ ਗੁੰਮਰਾਹ ਹੋ ਕੇ ਲੁੱਟੇ ਜਾ ਰਹੇ ਹਨ, ਜਿਸ ਦੀ ਜਿੰਮੇਵਾਰੀ ਅਜਿਹੇ ਚੈਨਲਾਂ ਵਾਲਿਆਂ ਤੇ ਵੀ ਆਉਂਦੀ ਹੈ।

ਨੋਟ: ਗੁਰਮਤਿ ਵਿੱਚ ਰਹਿ ਕੇ ਧਰਮ ਦਾ ਸਹੀ ਪ੍ਰਚਾਰ ਕਰਨ ਵਾਲੇ ਅਤੇ ਸਿੱਖੀ ਨਾਲ ਜੋੜਨ ਵਾਲੇ ਗੁਰਮੁਖ ਮਹਾਂਪੁਰਸ਼ਾਂ ਭਾਈ ਸੇਵਾ ਸਿੰਘ ਰਾਮਪੁਰ ਖੇੜਾ, ਭਾਈ ਸੇਵਾ ਸਿੰਘ ਖਡੂਰ ਸਾਹਿਬ, ਜਥੇਦਾਰ ਰਾਮ ਸਿੰਘ ਦਮਦਮੀ ਟਕਸਾਲ (ਜਥਾ ਸੰਗਰਾਵਾਂ) ਅਤੇ ਹੋਰ ਬਹੁਤ ਸਾਰੇ ਮਹਾਂਪੁਰਖਾਂ ਜਿਹੜੇ ਚੰਗਾ ਸਮਾਜ ਸਿਰਜਣ ਅਤੇ ਸਿੱਖੀ ਲਈ ਪ੍ਰਚਾਰ ਕਰਦੇ ਆ ਰਹੇ ਹਨ ਅਤੇ ਉਹਨਾਂ ਨੇ ਹਜ਼ਾਰਾਂ ਪ੍ਰਾਣੀਆਂ ਨੂੰ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਨਾਲ ਜੋੜਿਆ ਹੈ, ਉਹਨਾਂ ਦਾ ਅਸੀਂ ਬਹੁਤ ਸਤਿਕਾਰ ਕਰਦੇ ਹਾਂ ਤੇ ਤਹਿ ਦਿਲ ਤੋਂ ਧੰਨਵਾਦ ਹੈ।

**ਨੋਟ:– ਅਸੀਂ ਸਪੱਸ਼ਟ ਕਰਦੇ ਹਾਂ ਕਿ ਪੰਜਾਬ ਟਾਈਮਜ਼ ਡਰਬੀ (ਯੂ ਕੇ) ਲੋਕਾਂ ਨੂੰ ਗੁੰਮਰਾਹ ਕਰਨ ਵਾਲੇ ਅਖੌਤੀ ਤਾਂਤਰਿਕਾਂ, ਨਕਲੀ ਬਾਬਿਆਂ ਦੇ ਇਸ਼ਤਿਹਾਰ ਕਦੇ ਨਹੀਂ ਛਾਪਦਾ**

## ਆਓ ਤੁਸੀਂ ਵੀ ਇਸ ਮੁਹਿੰਮ ਦਾ ਹਿੱਸਾ ਬਣੋ ਤੇ ਸਹਿਯੋਗ ਦਿਓ

**ਇਸ ਇਸ਼ਤਿਹਾਰ ਦੀਆਂ ਕਾਪੀਆਂ ਕਰਵਾ ਕੇ ਤੁਸੀਂ ਹੋਰ ਲੋਕਾਂ ਤੱਕ ਪਹੁੰਚਾ ਸਕਦੇ ਹੋ**

ਜਾਰੀ ਕਰਤਾ: ਇੰਟਰਨੈਸ਼ਨਲ ਸਿੱਖ ਸੇਵਕ ਸੁਸਾਇਟੀ ਯੂ ਕੇ – ਪੰਜਾਬ ਟਾਈਮਜ਼, (ਯੂ ਕੇ) (Est. 1965)

Panjab Times, Bridle Gate Lane, Derby DE24 0QW, UK. Tel: 01332 372851 • WhatsApp: 07966 388388
www.panjabtimes.uk • Email: panjabtimes@aol.com • www.youtube.com/PunjabTimesUK • www.facebook.com/PunjabTimesUK

ਰਾਜਿੰਦਰ ਸਿੰਘ ਪੁਰੇਵਾਲ ਪੰਜਾਬ ਟਾਈਮਜ਼ ਯੂ ਕੇ, ਡਾ: ਦਲਜੀਤ ਸਿੰਘ ਵਿਰਕ, ਜਥੇਦਾਰ ਬਲਬੀਰ ਸਿੰਘ ਬ੍ਰਮਿੰਘਮ, / ਰਘਬੀਰ ਸਿੰਘ ਗੁਰਦੁਆਰਾ ਸਿੰਘ ਸਭਾ ਡਰਬੀ, ਪਰਮਿੰਦਰਪਾਲ ਸਿੰਘ ਖਾਲਸਾ ਇੰਟਰਨੈਸ਼ਲ ਸਿੱਖ ਸੇਵਕ ਸੁਸਾਇਟੀ, / ਮਨਜੀਤ ਸਿੰਘ ਗਤਕਾ ਮਾਸਟਰ ਅੰਮ੍ਰਿਤਸਰ ਜਥੇਦਾਰ ਮਹਿੰਦਰ ਸਿੰਘ ਖਹਿਰਾ ਕਵੈਂਟਰੀ ਪ੍ਰਿਥੀਪਾਲ ਸਿੰਘ ਸਾਊਥਾਲ, / ਮਲਕੀਤ ਸਿੰਘ ਨੌਟਿੰਘਮ, ਬਲਬੀਰ ਸਿੰਘ ਬੈਂਸ ਸਿੱਖ ਰਿਲੀਫ਼, ਅਵਤਾਰ ਸਿੰਘ ਸੰਘੇੜਾ ਪ੍ਰਧਾਨ ਕਾਰਸੇਵਾ ਕਮੇਟੀ ਪਾਕਿਸਤਾਨ ਗੁਰਧਾਮ,

**ਇਸ ਅਪੀਲ ਵਿੱਚ ਸ਼ਾਮਿਲ ਹੋਣ ਲਈ ਸਾਡੇ ਨਾਲ ਸੰਪਰਕ ਕਰੋ ਜੀ – ਫੋਨ: 07966 388388**

Punjab Times is Published by Punjab Times Trust, Bridle Gate Lane, Derby, DE24 0QW (U.K.) Tel: (01332) 372851. Editor M.S. Purewal. Registered as a newspaper with G.P.O.

# ਆਓ ! ਵਿਦੇਸ਼ੀ ਸੈਲਾਨੀਆਂ ਦੇ ਨਾਲ਼ ਸੋਹਾਰਦਪੂਰਨ ਵਿਵਹਾਰ ਕਰੀਏ

**ਮਾਸਟਰ ਸੰਜੀਵ ਧਰਮਾਣੀ**
9478561356



ਸਾਡਾ ਦੇਸ਼ ਭਾਰਤ ਜੋ ਕਿ ਅਨੇਕਤਾ ਵਿੱਚ ਏਕਤਾ ਦੇ ਲਈ ਪੂਰੇ ਵਿਸ਼ਵ ਦੇ ਵਿੱਚ ਜਾਣਿਆ ਜਾਂਦਾ ਹੈ। ਇਸ ਤੋਂ ਇਲਾਵਾ ਇਸ ਦਾ ਇਤਿਹਾਸ, ਇਥੋਂ ਦਾ ਮਿਥਿਹਾਸ, ਇਥੋਂ ਦੀ ਧਾਰਮਿਕ ਭਾਵਨਾ, ਅਧਿਆਤਮਕਤਾ, ਰੂਹਾਨੀਅਤ ਅਤੇ ਇੱਥੋਂ ਦੇ ਵੱਖ-ਵੱਖ ਤਰ੍ਹਾਂ ਦੇ ਮੌਸਮ, ਵੱਖ - ਵੱਖ ਕਿਸਮਾਂ ਦੀ ਧਰਤੀ ਆਦਿ ਸਮੁੱਚੇ ਵਿਸ਼ਵ ਵਿੱਚ ਆਪਣੇ ਆਪ ਵਿੱਚ ਇੱਕ ਵੱਖਰੀ ਹੋਂਦ ਨੂੰ ਦਰਸਾਉਂਦੀ ਹੈ। ਭਾਰਤ ਦੇਸ਼ ਵਿੱਚ ਆ ਕੇ ਸੈਰ - ਸਪਾਟਾ ਕਰਨ ਦੇ ਨਾ਼ਲ ਸਮੁੱਚੇ ਵਿਸ਼ਵ ਭਰ ਵਿੱਚ ਘੁੰਮਣ ਦਾ ਅਨੁਭਵ ਪ੍ਰਾਪਤ ਹੋ ਸਕਦਾ ਹੈ। ਸਾਡੇ ਦੇਸ਼ ਦੀ ਇਸੇ ਵਿਲੱਖਣਤਾ ਅਤੇ ਇੱਥੋਂ ਦੇ ਵੱਖਰੇਪਣ ਦੇ ਨਜ਼ਾਰਿਆਂ ਦਾ ਅਨੁਭਵ ਕਰਨ ਦੇ ਲਈ, ਇਥੋਂ ਦੀਆਂ ਗੱਲਾਂ, ਸੰਸਕ੍ਰਿਤੀ ਤੇ ਇਥੋਂ ਦੀ ਮਹਾਨਤਾ ਨੂੰ ਸਮਝਣ, ਦੇਖਣ ਤੇ ਅਨੁਭਵ ਕਰਨ ਦੇ ਲਈ ਸਮੁੱਚੇ ਵਿਸ਼ਵ ਦੇ ਸੈਲਾਨੀ ਬਹੁਤ ਆਸਥਾ, ਵਿਸ਼ਵਾਸ ਅਤੇ ਉਮੰਗ ਦੇ ਨਾ਼ਲ ਆਪਣਾ ਕੀਮਤੀ ਸਮਾਂ ਕੱਢ ਕੇ ਤੇ ਆਪਣਾ ਧਨ ਖਰਚ ਕਰਕੇ ਸਾਡੇ ਦੇਸ਼ ਵਿੱਚ ਸੈਰ - ਸਪਾਟਾ ਕਰਨ ਦੇ ਲਈ, ਇੱਥੇ ਘੁੰਮਣ - ਫਿਰਨ ਦੇ ਲਈ, ਇਸ ਨੂੰ ਦੇਖਣ ਦੇ ਲਈ, ਇਸ ਦੀ ਵਿਹੰਗਮਤਾ ਨੂੰ ਸਮਝਣ ਦੇ ਲਈ ਤੇ ਇਸਦੇ ਅਲੌਕਿਕ ਨਜ਼ਾਰਿਆਂ ਦਾ ਅਨੰਦ ਲੈਣ ਦੇ ਲਈ ਇੱਥੇ ਆਉਂਦੇ ਹਨ। ਇਹ



ਵਿਦੇਸ਼ੀ ਸੈਲਾਨੀ ਸਾਡੀ ਆਰਥਿਕਤਾ ਨੂੰ ਵੀ ਮਜ਼ਬੂਤ ਕਰਨ ਵਿੱਚ ਕਾਫ਼ੀ ਯੋਗਦਾਨ ਪਾਉਂਦੇ ਹਨ। ਸਾਨੂੰ ਭਾਰਤ ਦੇ ਸਾਰੇ ਨਾਗਰਿਕਾਂ ਨੂੰ ਇੱਕ ਚੰਗੇ ਨਾਗਰਿਕ ਹੋਣ ਦਾ ਸਬੂਤ ਦਿੰਦੇ ਹੋਏ ਇਹਨਾਂ ਇੱਥੇ ਆਉਣ ਵਾਲੇ ਆਸਵਾਨ ਵਿਦੇਸ਼ੀ ਸੈਲਾਨੀਆਂ ਨੂੰ ਬੋਲਬਾਣੀ, ਵਰਤੋਂ - ਵਿਹਾਰ ਰਾਹੀਂ ਉਨਾਂ ਪ੍ਰਤੀ ਨਜਰੀਏ ਨੂੰ ਸੁਚਾਰੂ, ਉਸਾਰੂ ਅਤੇ ਲਿਆਕਤ ਭਰਪੂਰ ਰੱਖਣਾ ਚਾਹੀਦਾ ਹੈ ਤਾਂ ਜੋ ਸਾਡੇ ਦੇਸ਼ ਦੀ ਮਹਾਨਤਾ, ਇੱਥੋਂ ਦੀ ਮਰਿਆਦਾ, ਇੱਥੋਂ ਦੀ ਵਿਚਿੱਤਰਤਾ ਅਤੇ ਇਥੋਂ ਦੇ ਲੋਕਾਂ ਦੇ ਚੰਗੇ ਵਿਹਾਰ ਦਾ ਸੰਦੇਸ਼ ਸਮੁੱਚੇ ਵਿਸ਼ਵ ਵਿੱਚ ਫੈਲ ਸਕੇ। ਜੇਕਰ ਅਸੀਂ ਸਦਾਚਾਰ ਦੇ ਨਾ਼ਲ ਇਹਨਾਂ ਵਿਦੇਸ਼ੀ ਸੈਲਾਨੀਆਂ ਨਾ਼ਲ ਅਪਣੱਤ ਭਾਵ ਰੱਖਦੇ ਹੋਏ ਗੱਲਬਾਤ ਤੇ ਵਰਤੋਂ ਵਿਹਾਰ ਕਰਦੇ ਹਾਂ ਤਾਂ ਇਸ ਵਿੱਚ ਸਾਡੀ ਅਤੇ ਸਾਡੇ ਦੇਸ਼ ਦੀ ਮਹਾਨਤਾ ਹੈ, ਸ਼ੋਭਾ ਹੈ, ਵਡਿਆਈ ਹੈ ਅਤੇ ਸਾਡਾ ਸਭ ਦਾ ਇਸ ਵਿੱਚ ਸਤਿਕਾਰ ਵੀ ਹੈ। ਇਸ ਦੇ ਨਾ਼ਲ ਸਮੁੱਚੇ ਵਿਸ਼ਵ ਵਿੱਚ ਸਾਡੇ ਅਤੇ ਸਾਡੇ ਦੇਸ਼ ਦੇ ਪ੍ਰਤੀ ਇੱਕ ਬਹੁਤ ਚੰਗਾ ਸਦਭਾਵਨਾ ਵਾਲਾ ਤੇ ਇੱਥੋਂ ਦੀ ਮਹਾਨਤਾ ਵਾ਼ਲਾ ਸੰਦੇਸ਼ ਵੀ ਜਾਂਦਾ ਹੈ। ਜੋ ਕਿ ਸਾਡੇ ਤੇ ਸਾਡੇ ਦੇਸ਼ ਦੇ ਲਈ ਬਹੁਤ ਵੱਡੀ ਗੱਲ ਹੈ ਅਤੇ ਦੇਸ਼ - ਭਗਤੀ ਵਾਲੀ ਭਾਵਨਾ ਵੀ ਹੈ। ਆਓ ! ਇਸ ਛੋਟੀ ਜਿਹੀ ਗੱਲ ਵੱਲ ਗੌਰ ਕਰੀਏ ਤੇ ਆਪਣੇ ਦੇਸ਼ ਦੇ ਨਾਗਰਿਕਾਂ ਦੇ ਨਾ਼ਲ - ਨਾ਼ਲ ਵਿਦੇਸ਼ੀ ਸੈਲਾਨੀਆਂ ਦਾ ਚੰਗੇ ਵਰਤੋਂ ਵਿਹਾਰ ਅਤੇ ਚੰਗੀ ਮਿਠਾਸ ਭਰੀ ਬੋਲਬਾਣੀ ਦੇ ਨਾ਼ਲ ਸਵਾਗਤ ਕਰੀਏ ਤੇ ਉਹਨਾਂ ਨਾ਼ਲ ਮਿਲੀਏ - ਵਰਤੀਏ।

* * * * * * *

## ਸਤਿਗੁਰੂ ਰਵਿਦਾਸ ਮਹਾਰਾਜ ਜੀ ਦੇ 647ਵੇਂ ਆਗਮਨ ਪੁਰਬ ਨੂੰ ਸਮਰਪਿਤ ਗੁਰਦੁਆਰਾ ਸਾਹਿਬ ਸਿੰਘ ਸਭਾ ਮਿਲੀਆਰਾ ਰੋਡ ਨੰਬਰ 47 ਪੁਨਤੀਨੀਆ ਵਿਖੇ ਕਰਵਾਇਆ ਗਿਆ ਵਿਸ਼ਾਲ ਗੁਰਮਿਤ ਸਮਾਗਮ



ਰੋਮ ਇਟਲੀ-(ਗੁਰਸ਼ਰਨ ਸਿੰਘ ਸੋਨੀ) 14ਵੀਂ ਸਦੀ ਵਿੱਚ ਹੱਕ ਤੇ ਸੱਚ ਦਾ ਹੋਕਾ ਨਿੱਡਰਤਾ ਨਾਲ ਦੇਕੇ ਸੁੱਤੀ ਮਾਨਵਤਾ ਨੂੰ ਜਗਾਉਣ ਵਾਲੇ ਮਹਾਨ ਇਨਕਲਾਬੀ ਯੋਧੇ, ਸ਼੍ਰੋਮਣੀ ਸੰਤ ਤੇ ਰਹਿਬਰਾ ਦੇ ਰਹਿਬਰ ਸਤਿਗੁਰੂ ਰਵਿਦਾਸ ਮਹਾਰਾਜ ਜੀ ਦੇ 647ਵੇਂ ਆਗਮਨ ਪੁਰਬ ਨੂੰ ਸਮਰਪਿਤ ਵਿਸ਼ਾਲ ਗੁਰਮਤਿ ਸਮਾਗਮ ਗੁਰਦੁਆਰਾ ਸਾਹਿਬ ਸਿੰਘ ਸਭਾ ਮਿਲੀਆਰਾ ਰੋਡ ਨੰਬਰ 47 ਪੁਨਤੀਨੀਆ (ਲਾਤੀਨਾ) ਵਿਖੇ ਗੁਰਦੁਆਰਾ ਸਾਹਿਬ ਦੀ ਪ੍ਰਬੰਧਕ ਕਮੇਟੀ ਵੱਲੋਂ ਸਮੂਹ ਸੰਗਤ ਦੇ ਸਹਿਯੋਗ ਨਾਲ ਕਰਵਾਇਆ ਗਿਆ। ਇਸ ਮਹਾਨ ਤੇ ਪਵਿੱਤਰ ਦਿਵਸ ਮੌਕੇ ਆਰੰਭੇ ਸ਼੍ਰੀ ਆਖੰਡ ਪਾਠ ਸਾਹਿਬ ਜੀ ਭੋਗ ਉਪੰਰਤ ਰਾਤ ਦੇ ਵਿਸ਼ਾਲ ਧਾਰਮਿਕ ਦੀਵਾਨ ਸਜਾਏ ਗਏ ਜਿਸ ਵੱਖ-ਵੱਖ ਪ੍ਰਚਾਰਕਾਂ ਤੇ ਕੀਰਤਨੀਆਂ ਨੇ ਸਤਿਗੁਰੂ ਰਵਿਦਾਸ ਮਹਾਰਾਜ ਜੀ ਦੀ ਮਹਿਮਾਂ ਸੰਗਤਾਂ ਨੂੰ ਸਰਵਣ ਕਰਵਾਈ॥ ਇਸ ਮੌਕੇ ਪੰਥ ਦੇ ਕੀਰਤਨੀਏ ਭਾਈ ਜਸਬੀਰ ਸਿੰਘ ਤੇ ਕਵੀਸ਼ਰ ਭਾਈ ਰਣਜੀਤ ਸਿੰਘ ਹੁਰਾਂ ਨੇ ਧਾਰਮਿਕ ਦੀਵਾਨਾਂ ਤੋਂ ਸਤਿਗੁਰੂ ਰਵਿਦਾਸ ਮਹਾਰਾਜ ਜੀ ਦੀ ਮਹਿਮਾ ਦਾ ਗੁਣਗਾਨ ਆਪਣੀ ਬੁਲੰਦ ਤੇ ਸੁਰੀਲੀ ਆਵਾਜ਼ ਵਿੱਚ ਕੀਤਾ ।ਗੁਰਦੁਆਰਾ ਸਾਹਿਬ ਪ੍ਰਬੰਧਕ ਕਮੇਟੀ ਦੇ ਪ੍ਰਧਾਨ ਭਾਈ ਦਲਜੀਤ ਸਿੰਘ ਸੋਢੀ ਨੇ ਪਹੁੰਚੀ ਸੰਗਤ ਦਾ ਧੰਨਵਾਦ ਕਰਦਿਆਂ ਕਿਹਾ ਕਿ ਆਓ ਸਾਰੇ ਅਸੀਂ ਰਲ ਮਿਲ ਸਭ ਗੁਰੂ ਸਹਿਬਾਨਾਂ ਦੇ ਗੁਰਪੁਰਬ ਇੱਕਠੇ ਹੋ ਮਨਾਈਏ ਤੇ ਬਾਣੀ ਪੜ੍ਹਕੇ ਉਸ ਨੂੰ ਅਮਲੀ ਜਾਮਾ ਪਹਿਨਾਈਏ ਕਿਉਂ ਕਿ ਅਸੀਂ ਇੱਕ ਹੀ ਪਿਤਾ ਅਕਾਲ ਪੁਰਖ ਦੇ ਬੱਚੇ ਹਾਂ।

ਇਸ ਵਿਸ਼ਾਲ ਗੁਰਮਤਿ ਸਮਾਗਮ ਵਿੱਚ ਇਲਾਕੇ ਭਰ ਤੋਂ ਸੰਗਤਾਂ ਨੇ ਵੱਡੀ ਗਿਣਤੀ ਵਿੱਚ ਹਾਜ਼ਰੀ ਭਰਦਿਆਂ ਗੁਰੂ ਦੀਆਂ ਖੁਸ਼ੀਆਂ ਪ੍ਰਾਪਤ ਕੀਤੀਆਂ।ਸਭ ਸੰਗਤਾਂ ਲਈ ਗੁਰੂ ਦੇ ਅਨੇਕਾਂ ਪ੍ਰਕਾਰ ਦੇ ਲੰਗਰ ਅਟੁੱਟ ਵਰਤੇ।ਪ੍ਰਬੰਧਕਾਂ ਵੱਲੋਂ ਸਮੂਹ ਸੇਵਾਦਾਰਾਂ ਦਾ ਗੁਰੂ ਦੀ ਬਖ਼ਸਿਸ ਸਿਰਪਾਓ ਨਾਲ ਵਿਸ਼ੇਸ ਸਨਮਾਨ ਕੀਤਾ।

## ਮਹਿਲਾ ਕਾਵਿ ਮੰਚ (ਰਜਿ:) ਇਕਾਈ ਇਟਲੀ ਵੱਲੋਂ ਪ੍ਰਧਾਨ ਕਰਮਜੀਤ ਕੌਰ ਰਾਣਾ ਦੀ ਅਗਵਾਈ ਹੇਠ ਨਾਰੀ ਦਿਵਸ ਨੂੰ ਸਮਰਪਿਤ ਕਵੀ ਦਰਬਾਰ ਬੜੀ ਸ਼ਾਨੋ ਸ਼ੌਕਤ ਨਾਲ ਸੰਪਨ



ਰੋਮ ਇਟਲੀ-(ਗੁਰਸ਼ਰਨ ਸਿੰਘ ਸੋਨੀ) ਮਹਿਲਾ ਕਾਵਿ ਮੰਚ (ਰਜਿ:)ਇਕਾਈ ਇਟਲੀ ਵੱਲੋਂ ਪ੍ਰਧਾਨ ਕਰਮਜੀਤ ਕੌਰ ਰਾਣਾ ਦੀ ਅਗਵਾਈ ਹੇਠ ਨਾਰੀ ਦਿਵਸ ਨੂੰ ਸਮਰਪਿਤ ਸੰਪਨ ਹੋਏ ਸਤਵੇਂ ਕਵੀ ਦਰਬਾਰ ਵਿੱਚ ਸੰਸਥਾਪਕ ਅਤੇ ਚੇਅਰਮੈਨ ਸ਼੍ਰੀਮਾਨ ਨਰੇਸ਼ ਨਾਜ਼, ਮੁੱਖ ਮਹਿਮਾਨ ਸ਼੍ਰੀਮਤੀ ਵੰਦਨਾ ਖੁਰਾਣਾ (ਵਿਦੇਸ਼ ਸਚਿਵ ਯੂਰੋਪ), ਵਿਸ਼ੇਸ਼ ਮਹਿਮਾਨ ਸ਼੍ਰੀਮਤੀ ਡਾ: ਈਰਾਦੀਪ ਕੌਰ (ਪ੍ਰਧਾਨ ਪੰਜਾਬ ਮਕਾਮ), ਹਾਜ਼ਰ ਸਨ। ਮੰਚ ਸੰਚਾਲਕ ਦੀ ਭੂਮਿਕਾ ਕਰਮਜੀਤ ਕੌਰ ਰਾਣਾ ਨੇ ਬਾਖੂਬੀ ਨਿਭਾਈ।ਕਵੀ ਦਰਬਾਰ ਦੀ ਸ਼ੁਰੂਆਤ ਸ਼੍ਰੀਮਤੀ ਇੰਦੂ ਨਾਂਦਲ ਪ੍ਰਧਾਨ ਮਕਾਮ (ਜਰਮਨੀ) ਵੱਲੋਂ ਬਹੁਤ ਖੂਬਸੂਰਤ ਦੋਹੇ ਸੁਣਾ ਕੇ ਕੀਤੀ ਗਈ।ਉਪਰੰਤ ਸ਼੍ਰੀਮਤੀ ਭਿੰਦਰਜੀਤ ਕੌਰ ਕਵਿਤਰੀ (ਇਟਲੀ) ਨੇ ਬਹੁਤ ਖੂਬਸੂਰਤ ਕਵਿਤਾ ਸੁਣਾ ਕੇ ਰੰਗ ਬੰਨਿਆ।ਫਿਰ ਸ਼੍ਰੀਮਤੀ ਸਤਵੀਰ ਸਾਂਝ ਕਵਿਤਰੀ (ਇਟਲੀ), ਸ਼੍ਰੀਮਤੀ ਜਸਵਿੰਦਰ ਕੌਰ ਮਿੰਟੂ ਕਵਿਤਰੀ (ਇਟਲੀ), ਸ਼੍ਰੀਮਤੀ ਆਰਤੀ ਬਖਸ਼ੀ ਆਰੂ ਪ੍ਰਧਾਨ ਵਨਕਾਮ (ਇਟਲੀ), ਸ਼੍ਰੀਮਤੀ ਚਿਤਰਾ ਗੁਪਤਾ ਵਿਦੇਸ਼ ਸਚਿਵ ਮਕਾਮ (ਸਿੰਗਾਪੁਰ), ਸ਼੍ਰੀਮਤੀ ਡਾ: ਈਰਾਦੀਪ ਕੌਰ ਪ੍ਰਧਾਨ (ਪੰਜਾਬ ਮਕਾਮ), ਸ਼੍ਰੀਮਤੀ ਵੰਦਨਾ ਖੁਰਾਣਾ ਵਿਦੇਸ਼ ਸਚਿਵ (ਯੂਰਪ), ਅਤੇ ਕਰਮਜੀਤ ਕੌਰ ਰਾਣਾ ਆਦਿ ਕਲਮਾਂ ਨੇ ਖੂਬਸੂਰਤ ਰਚਨਾਵਾਂ ਪੇਸ਼ ਕਰਕੇ ਸਮੇਂ ਨੂੰ ਬੰਨ ਦਿੱਤਾ। ਪ੍ਰੈਸ ਨੂੰ ਜਾਣਕਾਰੀ ਦਿੰਦਿਆਂ ਪ੍ਰਧਾਨ ਕਰਮਜੀਤ ਕੌਰ ਰਾਣਾ ਨੇ ਦਸਿਆ ਕਿ ਜਿਥੇ ਸ਼੍ਰੀਮਤੀ ਇੰਦੂ ਨਾਂਦਲ ਜੀ ਨੇ ਸਾਰੇ ਕਵੀ ਤੇ ਕਵਿਤਰੀਆਂ ਨੂੰ ਸਫਲ ਕਵੀ ਦਰਬਾਰ ਦੀ ਮੁਬਾਰਕਬਾਦ ਦਿੱਤੀ ਉਥੇ ਹੀ ਮੁੱਖ ਮਹਿਮਾਨ ਸ਼੍ਰੀਮਤੀ ਵੰਦਨਾ ਖੁਰਾਣਾ ਜੀ ਨੇ ਵੀ ਬੜੇ ਹੀ ਸੋਹਣੇ ਅਲਫਾਜਾਂ ਵਿੱਚ ਹੌਂਸਲਾ ਅਫ਼ਜਾਈ ਕਰਦਿਆਂ ਸਾਰਿਆਂ ਨੂੰ ਵਧਾਈ ਦਿੱਤੀ।ਵਿਸ਼ੇਸ਼ ਮਹਿਮਾਨ ਸ਼੍ਰੀਮਤੀ ਡਾ: ਈਰਾਦੀਪ ਕੌਰ ਜੀ ਨੇ ਸ਼ਾਮਿਲ ਹੋਏ ਦੇਸ਼ਾਂ ਵਿਦੇਸ਼ਾਂ ਤੋਂ ਬਾਕੀ ਸਾਰੇ ਮਹਿਮਾਨ ਨਾਲ ਬਹੁਤ ਦਿਲਕਸ਼ ਵਿਚਾਰ ਸਾਂਝੇ ਕੀਤੇ।ਆਪਣੀਆਂ ਯਾਦਗਾਰੀ ਛਾਪਾਂ ਛੱਡਦੇ ਸੰਪਨ ਹੋਏ ਕਵੀ ਦਰਬਾਰ ਦੇ ਅੰਤ ਵਿੱਚ ਕਰਮਜੀਤ ਕੌਰ ਰਾਣਾ ਨੇ ਹਾਜ਼ਰ ਸਭ ਸ਼ਖਸ਼ੀਅਤਾਂ ਦਾ ਦਿਲ ਦੀਆਂ ਗਹਿਰਾਈਆਂ ਤੋਂ ਧੰਨਵਾਦ ਕੀਤਾ।

**ਲੇਖਕਾਂ ਨੂੰ ਬੇਨਤੀ ਹੈ ਕਿ ਅਜਿਹੇ ਲੇਖ ਲਿਖੋ, ਤੇ ਸਾਹਿਤ ਰਚੋ, ਜਿਹਨਾਂ ਦੇ ਨਾਲ ਪੰਜਾਬ, ਪੰਜਾਬੀ ਤੇ ਪੰਜਾਬੀਆਂ ਦੀ ਸਰਬ-ਪੱਖੀ ਉਨਤੀ, ਤਰੱਕੀ ਹੋਵੇ ਅਤੇ ਲੋਕਾਂ ਦਾ ਬੌਧਿਕ ਵਿਕਾਸ ਹੋਵੇ । ਕੇਵਲ ਨਿੰਦਿਆ ਕਰਨ ਵਾਲੀ ਨੀਤੀ ਤੋਂ ਗੁਰੇਜ਼ ਕੀਤਾ ਜਾਵੇ । ਜੇ ਕਿਸੇ ਵਿਅਕਤੀ ਵਿਸ਼ੇਸ਼ ਦੇ ਗਲਤ ਜਾਂ ਸਮਾਜ ਵਿਰੋਧੀ ਕੰਮਾਂ ਦੀ ਵਿਆਖਿਆ ਕਰਨੀ ਬਹੁਤ ਜ਼ਰੂਰੀ ਹੋਵੇ ਤਾਂ ਉਹ ਤੱਥਾਂ ਅਤੇ ਸਬੂਤਾਂ 'ਤੇ ਅਧਾਰਿਤ ਹੋਵੇ ।**

# ਬਾ ਕਮਾਲ ਸੀ ਪੁਰੇਵਾਲ ਭਰਾਵਾਂ ਦੀਆਂ ਪੇਂਡੂ ਮਿੰਨੀ ਹਕੀਮਪੁਰ ਓਲੰਪਿਕ ਖੇਡਾਂ – ਇਰਾਨ ਦੇ ਮਿਰਜਾਂ ਨੇ ਜਿੱਤਿਆ ਸ਼ੇਰੇ ਹਿੰਦ ਕੁਸ਼ਤੀ ਖਿਤਾਬ

**ਹਕੀਮਪੁਰ ਨਕੋਦਰ ਮਹਿਤਪੁਰ (ਹਰਜਿੰਦਰ ਪਾਲ ਛਾਬੜਾ) ਪੱਤਰਕਾਰ**





ਲੰਬੇ ਅਰਸੇ ਬਾਅਦ ਪੂਰੇਵਾਲ ਭਰਾਵਾਂ ਦੀਆਂ ਪੇਂਡੂ ਮਿੰਨੀ ਓਲੰਪਿਕ ਹਕੀਮਪੁਰ ਖੇਡਾਂ ਵੇਖਣ ਦਾ ਮੁੱਖ ਮੌਕਾ ਮਿਲਿਆ । 2 ਮਾਰਚ ਨੂੰ ਮੌਸਮ ਬੜਾ ਬੇਈਮਾਨ ਸੀ ਪਰ ਵਫਾਦਾਰ ਵੀ ਸੀ ਕਿਉਂਕਿ ਕਿਵੇਂ ਨਾ ਕਿਵੇਂ ਠੰਡੇ ਮੌਸਮ ਅਤੇ ਬਰਸਾਤੀ ਮੌਸਮ ਦੇ ਜਰੀਏ ਖੇਡਾਂ ਸਫਲਤਾ ਪੂਰਵ ਨੇਪਰੇ ਚੜ ਗਈਆਂ ।ਗੁਰਜੀਤ ਸਿੰਘ ਪੁਰੇਵਾਲ ਸਾਹਿਬ ਦਾ ਖੇਡਾਂ ਤੇ ਆਉਣ ਲਈ ਸੱਦਾ ਸੀ ਮੈਂ ਆਪਣੇ ਪਰਮ ਮਿੱਤਰ ਹਰਦੀਪ ਸਿੰਘ ਸੈਣੀ ਅਤੇ ਮਨਜਿੰਦਰ ਸਿੰਘ ਇਆਲੀ ਦੇ ਨਾਲ ਹਕੀਮਪੁਰ ਪੁੱਜਿਆ ਮੌਸਮ ਬਹੁਤ ਹੀ ਠੰਡਕ ਵਾਲਾ ਅਤੇ ਬਰਸਾਤ ਸਿਰ ਤੇ ਖੜੀ ਸੀ । ਸਟੇਜ ਤੇ ਸੱਜੇ ਪਾਸੇ ਬਹੁਤ ਹੀ ਵਧੀਆ ਅੰਤਰਰਾਸ਼ਟਰੀ ਪੱਧਰ ਦੀਆਂ ਕੁਸ਼ਤੀਆਂ ਹੋ ਰਹੀਆਂ ਸਨ, ਸਾਹਮਣੇ ਨੌਰਥ ਇੰਡੀਆ ਕਬੱਡੀ ਫੈਡਰੇਸ਼ਨ ਦੀਆਂ ਟੀਮਾਂ ਦੇ ਕਬੱਡੀ ਦੇ ਫਸਵੇਂ ਮੁਕਾਬਲੇ ਹੋ ਰਹੇ ਸਨ ਅਤੇ ਗੁਰੂ ਦੀ ਲਾਡਲੀਆਂ ਫੌਜਾਂ ਟਰੈਕ ਦੇ ਵਿੱਚ ਆਪਣੇ ਘੋੜ ਸਵਾਰੀ ਦੇ ਜੋਹਰ ਵਿਖਾ ਰਹੇ ਸਨ ।

ਖੇਡਾਂ ਦਾ ਮਾਹੌਲ ਬਹੁਤ ਹੀ ਸੁਹਾਵਣਾ ਸੀ। ਮਾਸਟਰ ਜੋਗਾ ਸਿੰਘ ਨੇ ਸਾਡੀ ਵਧੀਆ ਆਓ ਭਗਤ ਕੀਤੀ ਅਤੇ ਸੰਤੋਖ ਮੰਡੇਰ ਨੇ ਪਹਿਲਾਂ ਦੀ ਤਰ੍ਹਾਂ ਸਾਡੀਆ ਕਈ ਫੋਟੋ ਖਿੱਚੀਆਂ ਪਰ ਆਮ ਤੌਰ ਤੇ ਮੰਡੇਰ ਸਾਹਿਬ ਦੀਆਂ ਫੋਟੋਆਂ ਮਿਲਦੀਆਂ ਘੱਟ ਹੀ ਹੁੰਦੀਆਂ ਹਨ । ਹੋ ਸਕਦਾ ਐਤਕੀ ਫੇਸ ਬੁੱਕ ਤੇ ਦੇਖਣ ਨੂੰ ਮਿਲ ਜਾਣ। ਸਟੇਜ ਤੋਂ ਪ੍ਰੋਫੈਸਰ ਮੱਖਣ ਸਿੰਘ ਹਕੀਮਪੁਰ ਆਪਣੇ ਵਧੀਆ ਅੰਦਾਜ਼ ਵਿੱਚ ਕਮੈਂਟਰੀ ਕਰ ਰਿਹਾ ਸੀ ਜਦ ਕਿ ਕਬੱਡੀ ਦੇ ਮੈਦਾਨ ਵਿੱਚ ਗੁਰਪ੍ਰੀਤ ਬੇਰਕਲਾਂ ਅਤੇ ਕੁਸ਼ਤੀਆਂ ਦੇ ਮੈਦਾਨ ਵਿੱਚ ਪੀਆਰ ਸੌਂਧੀ ਦੀ ਆਵਾਜ਼ ਟਣਕ ਦੀ ਸੀ । ਕੁਸ਼ਤੀਆਂ ਦੇ ਮੁਕਾਬਲਿਆਂ ਨੂੰ ਅਸੀਂ ਸਟੇਜ ਤੋਂ ਬੜਾ ਨੇੜੇ ਹੋ ਕੇ ਤੱਕਿਆ ਅਤੇ ਕੁਸ਼ਤੀਆਂ ਦੇਖਣ ਦਾ ਸਵਾਦ ਵੀ ਬੜਾ ਆਇਆ। ਸ਼ੇਰੇ ਹਿੰਦ ਖਿਤਾਬ ਲਈ ਇਕ ਲੱਖ ਰੁਪਏ ਦੀ ਇਨਾਮੀ ਰਾਸ਼ੀ ਵਾਲੇ ਮੁਕਾਬਲੇ ਵਿੱਚ ਇਰਾਨ ਦੇ ਮਿਰਜਾ ਨੇ ਭਾਰਤੀ ਨੇਵੀ ਦੇ ਦੀਪਕ ਪੂਣੀਆਂ ਨੂੰ ਚਿੱਤ ਕੀਤਾ ਜਦ ਕਿ ਕੁੜੀਆਂ ਦੇ ਵਿੱਚ ਇੱਕ ਵੱਡਾ ਉਲਟ ਫੇਰ ਕਰਦਿਆਂ ਮਹਾਂਭਾਰਤ ਕੇਸਰੀ ਖਿਤਾਬ ਲਈ ਹਰਿਆਣਾ ਦੀ ਕਾਜਲ ਨੇ ਦਿਵਿਆ ਕਕਰਾਨ ਨੂੰ ਹਰਾ ਕੇ 51000 ਹਜਾਰ ਦੀ ਇਨਾਮੀ ਰਾਸ਼ੀ ਵਾਲਾ ਖਿਤਾਬ ਜਿੱਤਿਆ ਇਸੇ ਤਰ੍ਹਾਂ ਭਾਰਤ ਕੁਮਾਰੀ ਖਿਤਾਬ ਲਈ ਹਰਿਆਣਾ ਦੀ ਪੁਸ਼ਪਾ ਨੇ ਪੰਜਾਬ ਦੀ ਸਪਨਾ ਨੂੰ ਹਰਾਇਆ । ਦੂਜੇ ਪਾਸੇ ਕਬੱਡੀ ਦਾ ਇੱਕ ਸੈਮੀਫਾਈਨਲ ਤਾ ਨੇਪੜੇ ਚੜ ਗਿਆ ਸੀ ਬਾਕੀ ਸਾਰਾ ਮੇਲਾ ਮੀਂਹ ਦੀ ਭੇਟ ਹੀ ਚੜ ਗਿਆ । ਕਬੱਡੀ ਦੇਖਣ ਦਾ ਸਵਾਦ ਕਬੱਡੀ ਪ੍ਰੇਮੀਆਂ ਦਾ ਕਿਰਕਰਾ ਹੀ ਹੋ ਗਿਆ । ਬਾਅਦ ਚ ਪਤਾ ਲੱਗਿਆ ਕਿ ਡੀਏਵੀ ਜਲੰਧਰ ਨੂੰ ਕਬੱਡੀ ਦੇ ਵਿੱਚ ਪਹਿਲਾ ਇਨਾਮ ਮਿਲਿਆ ਤੇ ਹਰਜੀਤ ਕਬੱਡੀ ਕਲੱਬ ਸਰੀ ਅਤੇ ਰੋਇਲ ਕਿੰਗ ਯੂਐਸਏ ਨੂੰ ਦੂਜੇ ਨੰਬਰ ਤੇ ਐਲਾਨਿਆ ਗਿਆ ।22, 23 ਸ਼ਖਸੀਅਤਾਂ ਦਾ ਸਨਮਾਨ ਵੀ ਹੋਣਾ ਸੀ ਜਿਨਾਂ ਵਿੱਚ ਮੈਂ ਵੀ ਸੀ ਪਰ ਮੇਰੇ ਮੌਕੇ ਤੋਂ ਗੋਲਡ ਮੈਡਲਿਸਟ ਐਥਲੀਟ ਤਜਿੰਦਰ ਪਾਲ ਸਿੰਘ ਤੂਰ , ਕਬੱਡੀ ਦੇ ਵੱਡੇ ਮਹਾਰਥੀ ਤਾਰਾ ਸਿੰਘ ਘਣਗਸ਼, ਖੇਡ ਲੇਖਕ ਸਰਬਾ ਦਿਉ਼ਲ ਦਾ ਸਨਮਾਨ ਹੋਇਆ ਸੀ। ਆਸ ਕਰਦੇ ਹਾਂ ਕਿ ਬਾਕੀ ਸ਼ਖਸੀਅਤਾਂ ਦਾ ਵੀ ਵਧੀਆ ਅਤੇ ਨਿਵੇਕਲਾ ਸਨਮਾਨ ਹੋਇਆ ਹੋਵੇਗਾ।ਬਾਕੀ ਕਬੱਡੀ ਦੇ ਨਤੀਜੇ ਇਸਤਰਾਂ ਸਨ ।

ਫਸਟ ਟੀਮ ☞#ਖੀਰਾਂਵਾਲ +ਸੂਸਾ 💰81,000

ਸੈਕਿੰਡ ਟੀਮ☞#ਲਿੱਤਰਾਂ 💰 61,000

ਬੈਸਟ ਰੇਡਰ☞#ਫਰਿਆਦ_ਭਗਵਾਨਪੁਰ 12 ਕਬੱਡੀਆਂ 12 ਅੰਕ

ਬੈਸਟ ਜਾਫੀ☞#ਜਾਮਾ_ਦੇਸਲਾ 09 ਟੱਚ 04 ਜੱਫ਼ੇ

ਬੈਸਟਾ ਨੂੰ ☞ 11000-11000 ਸੀ

#ਕੁਮੈਟਰੀ☞ਪ੍ਰੋ ਮੱਖਣ ਸਿੰਘ, ਮਨਜੀਤ ਸਿੰਘ ਕੰਗ #ਕਰਮਦੀਨ ਚੱਕ ਸਾਬੂ, ਬਲਜਿੰਦਰ ਘੁੰਮਣ, ਬੀਰਾ ਰੈਲਮਾਜਰਾ, ਰੱਸ਼ਾਕਸੀ ਵਿੱਚ ਬੁਰਜ ਦੋਨਾ ਪਹਿਲੇ ਸਥਾਨ ਤੇ, ਸ਼ੰਕਰ ਦੂਜੇ ਨੰਬਰ ਤੇ ਰਿਹਾ।ਬਾਕੀ ਖੇਡਾਂ ਦੀ ਕਾਮਯਾਬੀ ਦਾ ਮੁੱਖ ਧੁਰਾ ਗੁਰਜੀਤ ਸਿੰਘ ਪੁਰੇਵਾਲ ਭਾਜੀ ਸਨ । ਪ੍ਰਿੰਸੀਪਲ ਸਰਵਨ ਸਿੰਘ ਢੁੱਡੀਕੇ ਹੋਰਾਂ ਦੀ ਗੈਰ ਹਾਜ਼ਰੀ ਕਾਫੀ ਰੜਕ ਰਹੀ ਸੀ। ਇਸ ਤੋਂ ਇਲਾਵਾ ਮਾਸਟਰ ਜੋਗਾ ਸਿੰਘ, ਸੁਖਵਿੰਦਰ ਸਿੰਘ ਸ਼ੇਰ ਗਿੱਲ ਅਮਰੀਕਾ ਵਾਲੇ, ਕੁਲਦੀਪ ਸਿੰਘ ਸ਼ੇਰ ਗਿੱਲ, ਅਮਨ ਸਿੰਘ ਟਿਵਾਣਾ, ਬਲਕਾਰ ਸਿੰਘ ਜੋਹਲ ਰਵਿੰਦਰ ਸਿੰਘ ਚਾਹਲ , ਮੇਜਰ ਸਿੰਘ ਨੱਤ, ਸੁਰਜੀਤ ਸਿੰਘ ਨੰਤ, ਟੁੱਟ ਬਰਦਰਜ ਅਮਰੀਕਾ ਵਾਲੇ,ਕਲਤਾਰ ਸਿੰਘ ਪੁਰੇਵਾਲ ਅਵਤਾਰ ਸਿੰਘ ਪੁਰੇਵਾਲ ਅਤੇ ਹੋਰ ਦੋਸਤ ਮਿੱਤਰ ਵੱਡੇ ਸਹਿਯੋਗੀ ਜਿਨਾਂ ਦੀ ਸੂਚੀ ਕਾਫੀ ਲੰਬੀ ਆ, ਸਾਰਿਆਂ ਨੇ ਹੀ ਤਨ ਮਨ ਧਨ ਨਾਲ ਪੁਰੇਵਾਲ ਖੇਡਾਂ ਨੂੰ ਕਾਮਯਾਬ ਕਰਨ ਆਪਣਾ ਰੋਲ ਨਿਭਾਇਆ। ਪੂਰੇਵਾਲ ਪੇਂਡੂ ਮਿਨੀ ਓਲੰਪਿਕ ਹਕੀਮਪੁਰ ਖੇਡਾਂ ਤੇ ਬਹੁਤ ਹੀ ਪੈਸਾ ਖਰਚ ਹੋਇਆ ਅਤੇ ਬਹੁਤ ਹੀ ਨਾਮੀ ਪੱਧਰ ਤੇ ਖਿਡਾਰੀ ਆਏ ਪਰ ਜੋ ਵੱਡੀ ਘਾਟ ਇਹ ਸੀ ਕਿ ਕੌਮੀ ਅਤੇ ਅੰਤਰਰਾਸ਼ਟਰੀ ਮੀਡੀਏ ਕੋਈ ਵੀ ਪੱਤਰਕਾਰ ਕਵਰੇਜ ਕਰਨ ਨਹੀਂ ਆਇਆ। ਕਿਉਂਕਿ ਇਸ ਤਰ੍ਹਾਂ ਦੇ ਟੂਰਨਾਮੈਂਟ ਦੀ ਨੈਸ਼ਨਲ ਪੱਧਰ ਤੇ ਮੀਡੀਆ ਕਵਰੇਜ ਬਹੁਤ ਜਰੂਰੀ ਹੈ। ਸਟੇਡੀਅਮ ਵਿੱਚ ਰੰਗ ਰੋਗਨ ਦੀ ਵੀ ਘਾਟ ਦਿਸੀ । ਬਾਕੀ ਅਨਸਾਸਨ ਦੀਆਂ ਤਾਂ ਸਾਰੇ ਹੀ ਪੇਂਡੂ ਖੇਡ ਮੇਲਿਆਂ ਤੇ ਧੱਜੀਆਂ ਉੱਡੀਆਂ ਹੁੰਦੀਆਂ ਹਨ । ਸਾਡੇ ਰਾਜਸੀ ਆਗੂਆਂ ਨੂੰ ਪਤਾ ਨਹੀਂ ਕੀ ਸੱਪ ਸੁੰਘ ਜਾਂਦਾ ਕਿ ਉਹ ਇਦਾਂ ਦੇ ਮਹਾਨ ਖੇਡ ਮੇਲਿਆਂ ਤੇ ਵੀ ਨਹੀਂ ਪਹੁੰਚਦੇ ਹਨ । ਕੁੱਲ ਮਿਲਾ ਕੇ ਪੁਰੇਵਾਲ ਹਕੀਮਪੁਰ ਓਲੰਪਿਕ ਖੇਡਾਂ ਇੱਕ ਨਵਾਂ ਸੁਨੇਹਾ ਅਤੇ ਇੱਕ ਨਵੀਂ ਸੇਧ ਦਿੰਦੀਆਂ ਹੋਈਆਂ ਬਰਸਾਤੀ ਮੌਸਮ ਵਿੱਚ ਵੀ ਧੂਮ ਧੜੱਕੇ ਨਾਲ ਸਮਾਪਤ ਹੋਈਆਂ । ਗੁਰਜੀਤ ਸਿੰਘ ਪੁਰੇਵਾਲ ਅਤੇ ਪੁਰੇਵਾਲ ਪਰਿਵਾਰ ਇਹਨਾਂ ਖੇਡਾਂ ਦੀ ਸਫਲਤਾ ਬਦਲੇ ਵਧਾਈ ਦਾ ਹੱਕਦਾਰ ਹੈ । ਗੁੱਡ ਲੱਕ ਪਰਮਾਤਮਾ ਪੁਰੇਵਾਲ ਖੇਡਾਂ ਨੂੰ ਹਮੇਸ਼ਾ ਚੜਦੀ ਕਲਾ ਵਿੱਚ ਰੱਖੇ ਅਤੇ ਵੱਡੀਆਂ ਤਰੱਕੀਆਂ ਦੇਵੇ। ਮੇਰੀ ਤਾਂ ਇਹੋ ਦੁਆ ਹੈ। ਰੱਬ ਰਾਖਾ ! ਜਗਰੂਪ ਸਿੰਘ ਜਰਖੜ ਖੇਡ ਲੇਖਕ ।

* * * * * *

# ਚੀਨੀ ਇਲੈਕਟ੍ਰਿਕ ਕਾਰਾਂ ਅਮਰੀਕਾ ਦੀ ਸੁਰੱਖਿਆ ਲਈ ਵੱਡਾ ਖ਼ਤਰਾ ਬਣੀਆਂ

## ✪ ਅਮਰੀਕੀ ਸਰਕਾਰ ਚੀਨੀ ਵਾਹਨਾਂ ’ਤੇ ਲਗਾ ਸਕਦੀ 25 ਫੀਸਦੀ ਟੈਰਿਫ ✪ ਚੀਨ ਗੈਰ-ਕਾਨੂੰਨੀ ਅਤੇ ਹੋਰ ਤਰੀਕੇ ਅਪਣਾ ਕੇ ਆਟੋ ਬਾਜ਼ਾਰ ’ਤੇ ਦਬਦਬਾ ਬਣਾਉਣਾ ਚਾਹੁੰਦਾ-ਬਾਈਡੇਨ



ਨਿਊਯਾਰਕ-ਅਮਰੀਕੀ ਅਧਿਕਾਰੀਆਂ ਦਾ ਕਹਿਣਾ ਹੈ ਕਿ ਚੀਨੀ-ਨਿਰਮਿਤ ਆਟੋਮੋਟਿਵ ਸੌਫਟਵੇਅਰ ਇਹ ਪਤਾ ਲਗਾ ਸਕਦਾ ਹੈ ਕਿ ਅਮਰੀਕੀ ਕਿੱਥੇ ਜਾਂਦੇ ਹਨ। ਉਹ ਆਪਣੇ ਵਾਹਨਾਂ ਨੂੰ ਕਿੱਥੇ ਚਾਰਜ ਕਰਦੇ ਹਨ ਜਾਂ ਸੜਕ ’ਤੇ ਕਿਹੜਾ ਸੰਗੀਤ ਅਤੇ ਪੋਡਕਾਸਟ ਸੁਣਦੇ ਹਨ। ਉਨ੍ਹਾਂ ਕਿਹਾ ਕਿ ਚੀਨੀ ਅਧਿਕਾਰੀ ਚੀਨ ਵਿੱਚ ਵਾਹਨ ਵੇਚਣ ਵਾਲੀਆਂ ਅਮਰੀਕੀ ਆਟੋ ਕੰਪਨੀਆਂ ਨੂੰ ਆਪਣੇ ਵਾਹਨਾਂ ਵਿੱਚ ਚੀਨੀ ਸਾਫਟਵੇਅਰ ਲਗਾਉਣ ਲਈ ਮਜਬੂਰ ਕਰਦੇ ਹਨ। ਅਮਰੀਕੀ ਕੰਪਨੀਆਂ ਨੇ ਬਿਡੇਨ ਪ੍ਰਸ਼ਾਸਨ ਨੂੰ ਚੀਨ ਵਿਚ ਕਾਰੋਬਾਰ ਕਰਨ ਦੌਰਾਨ ਆਉਣ ਵਾਲੀਆਂ ਮੁਸ਼ਕਿਲਾਂ ਦੀ ਜਾਣਕਾਰੀ ਦਿੱਤੀ ਹੈ। ਇਸ ਵਿੱਚ ਚੀਨੀ ਸਾਫ਼ਟਵੇਅਰ ਲਗਾਉਣ ਦਾ ਮਾਮਲਾ ਵੀ ਸ਼ਾਮਲ ਹੈ। ਇਹ ਬਾਈਡੇਨ ਦੀ ਉਦਯੋਗਿਕ ਨੀਤੀ ਨਾਲ ਸਿੱਧਾ ਟਕਰਾਅ ਹੈ। ਚੀਨ ਵਿੱਚ ਕੁਝ ਛੋਟੀਆਂ ਕਾਰਾਂ ਦੀ ਕੀਮਤ 9 ਲੱਖ ਰੁਪਏ ਤੱਕ ਹੈ। ਇਹ ਅਮਰੀਕੀ ਇਲੈਕਟ੍ਰਿਕ ਕਾਰਾਂ ਨਾਲੋਂ ਬਹੁਤ ਘੱਟ ਹੈ।

ਬਾਈਡੇਨ ਨੇ ਕਿਹਾ ਕਿ ਚੀਨ ਗੈਰ-ਕਾਨੂੰਨੀ ਅਤੇ ਹੋਰ ਤਰੀਕੇ ਅਪਣਾ ਕੇ ਆਟੋ ਬਾਜ਼ਾਰ ’ਤੇ ਦਬਦਬਾ ਬਣਾਉਣਾ ਚਾਹੁੰਦਾ ਹੈ। ਚੀਨੀ ਕੰਪਨੀ ਦੀਆਂ ਨੀਤੀਆਂ ਕਾਰਨ ਸਾਡੇ ਬਾਜ਼ਾਰ ’ਚ ਇਸ ਦੇ ਵਾਹਨਾਂ ਦੀ ਭੀੜ ਹੋਵੇਗੀ। ਇਹ ਰਾਸ਼ਟਰੀ ਸੁਰੱਖਿਆ ਲਈ ਖ਼ਤਰਾ ਹੈ ਅਤੇ ਮੈਂ ਅਜਿਹਾ ਨਹੀਂ ਹੋਣ ਦਿਆਂਗਾ। ਫੈਸਲਾ ਲੈਣ ਤੋਂ ਪਹਿਲਾਂ ਸਰਕਾਰ ਨੇ ਆਟੋ ਕੰਪਨੀਆਂ, ਡੇਟ੍ਰੋਇਟ ਵਿੱਚ ਵਰਕਰ ਯੂਨੀਅਨਾਂ ਅਤੇ ਵੱਡੀ ਈਵੀ ਨਿਰਮਾਣ ਕੰਪਨੀ ਟੇਸਲਾ ਨਾਲ ਚਰਚਾ ਕੀਤੀ ਸੀ। ਹਾਲ ਹੀ ਵਿੱਚ ਟੇਸਲਾ ਨੂੰ ਪਿੱਛੇ ਛੱਡਦੇ ਹੋਏ ਚੀਨੀ ਕੰਪਨੀ ਬੀਵਾਈਡੀ ਇਲੈਕਟ੍ਰਿਕ ਕਾਰਾਂ ਵੇਚਣ ਵਾਲੀ ਦੁਨੀਆ ਦੀ ਸਭ ਤੋਂ ਵੱਡੀ ਕੰਪਨੀ ਬਣ ਗਈ ਹੈ। ਨਵੰਬਰ ’ਚ ਹੋਣ ਵਾਲੀਆਂ ਰਾਸ਼ਟਰਪਤੀ ਚੋਣਾਂ ’ਚ ਬਾਈਡੇਨ ਦੇ ਸੰਭਾਵੀ ਵਿਰੋਧੀ ਸਾਬਕਾ ਰਾਸ਼ਟਰਪਤੀ ਡੋਨਾਲਡ ਟਰੰਪ ਨੇ ਹਮੇਸ਼ਾ ਬਾਈਡੇਨ ਦੀ ਆਲੋਚਨਾ ਕਰਦੇ ਹੋਏ ਕਿਹਾ ਹੈ ਕਿ ਰਾਸ਼ਟਰਪਤੀ ਨੇ ਆਟੋ ਕੰਪਨੀਆਂ ਨੂੰ ਇਲੈਕਟ੍ਰਿਕ ਕਾਰਾਂ ਬਣਾਉਣ ਲਈ ਮਜ਼ਬੂਰ ਕੀਤਾ ਹੈ। ਹਾਲਾਂਕਿ ਬਾਈਡੇਨ ਅਤੇ ਟਰੰਪ ਆਪਣੇ ਆਪ ਨੂੰ ਚੀਨ ਦੇ ਖਿਲਾਫ ਸਖਤ ਰੁਖ ਅਪਣਾਉਂਦੇ ਹੋਏ ਦਰਸਾਉਂਦੇ ਹਨ। ਵੀਰਵਾਰ ਦੇ ਫੈਸਲੇ ਨਾਲ ਚੀਨੀ ਇਲੈਕਟ੍ਰਿਕ ਵਾਹਨਾਂ ’ਤੇ ਤੁਰੰਤ ਪਾਬੰਦੀ ਨਹੀਂ ਲਗੇਗੀ। ਹਾਲਾਂਕਿ, ਚੀਨੀ ਈਵੀਜ਼ ਉੱਤੇ ਭਾਰੀ ਟੈਕਸ ਲਗਾਇਆ ਜਾਂਦਾ ਹੈ ਅਤੇ ਉਹ ਅਜੇ ਤੱਕ ਯੂਐਸ ਮਾਰਕੀਟ ਵਿੱਚ ਪ੍ਰਵੇਸ਼ ਕਰਨ ਦੇ ਯੋਗ ਨਹੀਂ ਹਨ।

# ਸਿਰੀ ਰਾਮ ਅਰਸ਼ ਦਾ ਗ਼ਜ਼ਲ ਸੰਗ੍ਰਹਿ ਇਹਸਾਸ ਸਮਾਜਿਕ ਸਰੋਕਾਰਾਂ ਦਾ ਪ੍ਰਤੀਕ


ਉਜਾਗਰ ਸਿੰਘ



ਸਿਰੀ ਰਾਮ ਅਰਸ਼ ਪੰਜਾਬੀ ਦਾ ਸਿਰਮੌਰ ਪ੍ਰੌੜ੍ਹ ਗ਼ਜ਼ਲਕਾਰ ਹੈ। ਉਸ ਨੇ ਦੋ ਦਰਜਨ ਦੇ ਕਰੀਬ ਪੁਸਤਕਾਂ ਪੰਜਾਬੀ ਮਾਂ ਬੋਲੀ ਦੀ ਝੋਲੀ ਵਿੱਚ ਪਾਈਆਂ ਹਨ, ਜਿਨ੍ਹਾਂ ਵਿੱਚ 10 ਗ਼ਜ਼ਲ ਸੰਗ੍ਰਹਿ, 3 ਕਾਵਿ ਸੰਗ੍ਰਹਿ, 4 ਮਹਾਂ ਕਾਵਿ, 3 ਜੀਵਨੀਆਂ ਅਤੇ ਇੱਕ ਨਾਵਲ ਸ਼ਾਮਲ ਹੈ। ਮੁੱਢਲੇ ਤੌਰ 'ਤੇ ਸਿਰੀ ਰਾਮ ਅਰਸ਼ ਗ਼ਜ਼ਲਗੋ ਹੈ। ਉਸ ਦੀਆਂ ਸਾਰੀਆਂ ਪੁਸਤਕਾਂ ਸਾਹਿਤ ਦੇ ਵੱਖੋ-ਵੱਖਰੇ ਰੰਗ ਖਿਲੇਰਦੀਆਂ ਹੋਈਆਂ ਆਪਣੀ ਸਾਹਿਤਕ ਖ਼ੁਸ਼ਬੋ ਨਲ ਵਾਤਾਵਰਨ ਨੂੰ ਖ਼ੁਸ਼ਗਵਾਰ ਕਰ ਰਹੀਆਂ ਹਨ। ਚਰਚਾ ਅਧੀਨ ਇਹਸਾਸ ਗ਼ਜ਼ਲ ਸੰਗ੍ਰਹਿ ਵਿੱਚ 82 ਗ਼ਜ਼ਲਾਂ ਸਤਰੰਗੀਆਂ ਹਨ, ਲਗਪਗ ਸਾਰੀਆਂ ਹੀ ਗ਼ਜ਼ਲਾਂ ਸਮਾਜਿਕ ਸਰੋਕਾਰਾਂ ਦੀ ਵਕਾਲਤ ਕਰਦੀਆਂ ਹੋਈਆਂ ਲੋਕਾਈ ਨੂੰ ਆਪਣੇ ਹੱਕਾਂ ਲਈ ਲਾਮਬੰਦ ਹੋਣ ਲਈ ਪ੍ਰੇਰਦੀਆਂ ਹਨ। ਗ਼ਰੀਬ ਅਮੀਰ ਦਾ ਪਾੜਾ, ਬੇਇਨਸਾਫ਼ੀ, ਜ਼ੋਰ ਜ਼ਬਰਦਸਤੀ ਅਤੇ ਆਰਥਿਕ ਕਾਣੀ ਵੰਡ ਦੇ ਵਿਰੁੱਧ ਆਵਾਜ਼ ਲਾਮਬੰਦ ਕਰਦੀਆਂ ਹਨ। ਸਿਰੀ ਰਾਮ ਅਰਸ਼ ਨੇ ਆਪਣੀ ਜ਼ਿੰਦਗੀ ਵਿੱਚ ਸਮਾਜਿਕ ਤਾਣੇ ਬਾਣੇ ਵਿੱਚ ਦੱਬੇ ਕੁਚਲੇ ਲੋਕਾਂ ਨਾਲ ਹੋ ਰਹੀਆਂ ਜ਼ਿਆਦਤੀਆਂ ਨੂੰ ਅੱਖੀਂ ਵੇਖਿਆ ਹੀ ਨਹੀਂ ਸਗੋਂ ਹੰਢਾਇਆ ਹੈ। ਇਸ ਲਈ ਉਸ ਦੀਆਂ ਗ਼ਜ਼ਲਾਂ ਵਿੱਚ ਸਮਾਜ ਦੇ ਅਜਿਹੇ ਵਰਗਾਂ ਦੇ ਲੋਕਾਂ ਦੇ ਦੁੱਖ ਦਰਦਾਂ ਦੀ ਗਹਿਰੀ ਚੀਸ ਦੀ ਰੜਕ ਵਿਖਾਈ ਦਿੰਦੀ ਹੈ। ਸਰਦੇ ਪੁਜਦੇ ਅਮੀਰ ਲੋਕ ਗ਼ਰੀਬ ਵਰਗਾਂ ਦੇ ਲੋਕਾਂ ਦੀ ਮਿਹਨਤ ਦਾ ਮੁੱਲ ਨਹੀਂ ਦੇ ਰਹੇ, ਸਗੋਂ ਉਨ੍ਹਾਂ ਨਾਲ ਅਨਿਆਇ ਕਰ ਰਹੇ ਹਨ। ਅਰਸ਼ ਦੀਆਂ ਗ਼ਜ਼ਲਾਂ ਇਨਸਾਫ ਪਸੰਦ ਲੋਕਾਂ ਦੇ ਹੱਕ ਤੇ ਸੱਚ ਹਾਮੀ ਭਰਦੀਆਂ ਹੋਈਆਂ ਲੋਕਾਂ ਨੂੰ ਇਨਸਾਫ ਦੇਣ ਦੀ ਤਾਕੀਦ ਕਰਦੀਆਂ ਹਨ। ਸਫ਼ਲਤਾ ਪ੍ਰਾਪਤ ਕਰਨ ਲਈ ਇਨਸਾਨ ਨੂੰ ਕੁਰਬਾਨੀਆਂ ਕਰਨੀਆਂ ਪੈਂਦੀਆਂ ਹਨ। ਇਕ ਗ਼ਜ਼ਲ ਵਿੱਚ ਉਹ ਲਿਖਦੇ ਹਨ:

ਮੁਹੱਬਤ ਕਿਸ ਅਭਾਗੇ  
ਪਿੰਡ ਵਿੱਚ ਮੈਨੂੰ ਲੈ ਆਈ?  
ਘਰੋ-ਘਰ ਪਾਟੀਆਂ,  
ਸੰਤਾਪੀਆਂ ਫੁਲਕਾਰੀਆਂ ਮਿਲੀਆਂ।  
ਬਿਨਾ ਕਾਰਨ ਮੁਕੱਦਰ  
ਸ਼ਮਲਿਆਂ ਦੀ ਦਾਤ ਨਾ ਦੇਵੇ,  
ਸਿਰਾਂ ਨੂੰ ਵਾਰਨੇ ਤੋਂ  
ਬਾਅਦ ਹੀ ਸਰਦਾਰੀਆਂ ਮਿਲੀਆਂ।

ਸਿਰੀ ਰਾਮ ਅਰਸ਼ ਦੀਆਂ ਗ਼ਜ਼ਲਾਂ ਦੇ ਵਿਸ਼ੇ ਰਾਜਨੀਤਕ, ਸਮਾਜਿਕ, ਆਰਥਿਕ, ਸਭਿਆਚਾਰਕ, ਭਰੂਣ ਹੱਤਿਆ, ਨਸ਼ੇ, ਬੇਰੋਜ਼ਗਾਰੀ, ਕਰਜ਼ੇ ਅਤੇ ਅਤਵਾਦ ਵਰਗੇ ਸੰਵੇਦਨਸ਼ੀਲ ਹਨ। ਸਿਰੀ ਰਾਮ ਅਰਸ਼ ਦਾ ਸਾਹਿਤਕ ਦਿਲ ਸਮਾਜ ਵਿੱਚ ਵਾਪਰਨ ਵਾਲੀ ਹਰ ਘਟਨਾ ਤੋਂ ਪ੍ਰਭਾਵਤ ਹੋ ਜਾਂਦਾ ਹੈ। ਖਾਸ ਤੌਰ 'ਤੇ ਗ਼ਰੀਬ ਵਰਗਾਂ ਦੇ ਦੁੱਖ ਦਰਦ ਵੇਖਕੇ ਉਸ ਦਾ ਦਿਲ ਇਤਨਾ ਪਸੀਜ ਜਾਂਦਾ ਹੈ, ਫਿਰ ਉਹ ਆਪਣੀ ਕਲਮ ਨਾਲ ਉਨ੍ਹਾਂ ਦੀ ਆਵਾਜ਼ ਸਰਕਾਰ ਤੱਕ ਪਹੁੰਚਾਉਣ ਲਈ ਗ਼ਜ਼ਲਾਂ ਲਿਖਦਾ ਹੈ। ਅਰਸ਼ ਦੀਆਂ ਗ਼ਜ਼ਲਾਂ ਪਰੰਪਰਾਦਾਇਕ ਪਿਆਰ ਮੁਹੱਬਤ ਅਤੇ ਇਸਤਰੀ ਦੀਆਂ ਭਾਵਨਾਵਾਂ ਦੇ ਆਲੇ ਦੁਆਲੇ ਪਹਿਰਾ ਨਹੀਂ ਦਿੰਦੀਆਂ ਸਗੋਂ ਉਹ ਲੋਕਾਂ ਦਾ ਪ੍ਰਤੀਨਿਧ ਬਣਕੇ ਖੜ੍ਹ ਜਾਂਦੀਆਂ ਹਨ। ਇਹੋ ਉਸ ਦੀਆਂ ਗ਼ਜ਼ਲਾਂ ਦੀ ਵਿਲੱਖਣਤਾ ਹੈ। ਇਹ ਕਿਹਾ ਜਾ ਸਕਦਾ ਹੈ ਕਿ ਉਹ ਯਥਾਰਵਾਦੀ ਗ਼ਜ਼ਲਕਾਰ ਹੈ, ਜਿਸ ਨੇ ਪੰਜਾਬੀ ਲੋਕ ਧਾਰਾਈ ਵਿਚਾਰਧਾਰਾ ਨੂੰ ਗ਼ਜ਼ਲਾਂ ਵਿੱਚ ਲਿਆਂਦਾ ਹੈ। ਕਿਤੇ ਕਿਤੇ ਪਿਆਰ ਮੁਹੱਬਤ ਦੀ ਗੱਲ ਕਰਦਾ ਹੋਇਆ ਸਮਾਜਿਕ ਸਰੋਕਾਰਾਂ ਦੀ ਪਾਣ ਚਾੜ੍ਹ ਦਿੰਦਾ ਹੈ। ਗ਼ਰੀਬਾਂ ਦੀ ਵਕਾਲਤ ਕਰਦਾ ਹੋਇਆ ਇੱਕ ਗ਼ਜ਼ਲ ਵਿੱਚ ਰੱਬ ਅਤੇ ਸ਼ਾਸ਼ਕਾਂ ਨੂੰ ਵੀ ਨਿਹੋਰਾ ਕਰਦਾ ਹੋਇਆ ਲਿਖਦਾ ਹੈ:




ਠੰਢੇ ਪਏ ਨੇ ਚੁਲ੍ਹੇ,  
ਭੁੱਖੇ ਜੁਆਕ ਵਿਲਕਣ,  
ਤੂੰ ਕੌਲ ਰਿਜ਼ਕ ਦੇਣ ਦਾ  
ਕਿਉਂ ਭੁੱਲ ਭੁਲਾ ਗਿਆ?  
ਦੋਸ਼ੀ ਨੂੰ ਦੰਡ ਦੇਣ ਦਾ  
ਆਇਆ ਜਦੋਂ ਸਮਾਂ,  
ਤਦ ਡਰ ਨਿਆਂ ਦੀ  
ਜੀਭ 'ਤੇ ਪਹਿਰਾ ਲਗਾ ਲਿਆ।  
ਸਮਾਜਿਕ, ਆਰਥਿਕ ਸ਼ੋਸ਼ਣ ਦਾ  
ਪਲ ਪਲ ਵੱਧ ਰਿਹਾ ਗ਼ਲਬਾ,  
ਗ਼ੁਲਾਮਾ ਨੂੰ ਆਜ਼ਾਦੀ ਦਾ  
ਤੁਸੀਂ ਮੰਤਰ ਪੜ੍ਹਾ ਦੇਣਾ।

ਸਿਰੀ ਰਾਮ ਅਰਸ਼ ਨੂੰ ਲੋਕਾਈ ਦਾ ਗ਼ਜ਼ਲਗੋ ਕਿਹਾ ਜਾ ਸਕਦਾ ਹੈ। ਉਸ ਦੀ ਕੋਈ ਗ਼ਜ਼ਲ ਅਜਿਹੀ ਨਹੀਂ ਜਿਸ ਵਿੱਚ ਭੁੱਖ ਨੰਗ ਨਾਲ ਜੂਝ ਰਹੇ ਲੋਕਾਂ ਲਈ ਉਸ ਨੇ ਹਾਅਦਾ ਨਾਅਰਾ ਨਹੀਂ ਮਾਰਿਆ, ਸਗੋਂ ਕਈ ਗ਼ਜ਼ਲਾਂ ਵਿੱਚ ਰਾਜਨੀਤਕ ਲੋਕਾਂ ਵੱਲੋਂ ਕੀਤੀਆਂ ਜਾ ਰਹੀਆਂ ਅਣਮਨੁੱਖੀ ਹਰਕਤਾਂ ਨੂੰ ਉਹ ਆੜੇ ਹੱਥੀਂ ਲੈਂਦਾ ਹੋਇਆ ਲਿਖਦਾ ਹੈ:

ਜਿਨ੍ਹਾਂ ਨੂੰ ਨਾਅਰਿਆਂ ਦੇ ਨਾਲ  
ਰਹਿਬਰ ਥਾਪਿਆ ਸੀ,  
ਉਹੀ ਬੁੱਲ੍ਹਾਂ 'ਤੇ ਸਾਡੇ ਕਿਉਂ  
ਖ਼ਮੋਸ਼ੀ ਧਰ ਰਹੇ ਹਨ।  
ਇਸ ਸਮੇਂ ਵਿੱਚ ਮੈਂ ਖ਼ਲਕਤ ਦਾ  
ਉਸ ਨੂੰ ਆਗੂ ਕਿੰਝ ਕਹਾਂ,  
ਜਿਹੜਾ ਭੁੱਖੇ ਲੋਕਾਂ ਦੀ  
ਅੱਜ ਉੱਕਾ ਲੈਂਦਾ ਸਾਰ ਨਹੀਂ।  
ਸੋਚਾਂ 'ਚ ਮੇਲ੍ਹਦਾ ਜਿਦ੍ਹੇ  
ਅੰਧਕਾਰ ਹਰ ਸਮੇਂ,  
ਉੱਝ ਚੋਣ ਚਿੰਨ੍ਹ  
ਓਸ ਦਾ ਜਗਦੀ ਮਸ਼ਾਲ ਹੈ।

ਸ਼ਾਇਰ ਦੀ ਸਮਾਜਕ ਪ੍ਰਾਣੀਆਂ ਲਈ ਸੋਚ ਨੂੰ ਪ੍ਰਣਾਮ ਹੈ ਕਿ ਉਸ ਨੇ ਕੋਈ ਅਜਿਹਾ ਵਿਸ਼ਾ ਆਪਣੀਆਂ ਗ਼ਜ਼ਲਾਂ ਵਿੱਚ ਬਣਾਉਣ ਤੋਂ ਛੱਡਿਆ ਹੀ ਨਹੀਂ ਜਿਹੜਾ ਲੋਕਾਈ ਦੇ ਦਰਦ ਦੀ ਹੂਕ ਦਾ ਪਹਿਰੇਦਾਰ ਨਾ ਬਣਦਾ ਹੋਵੇ। ਪਰਵਾਸ ਦੀ ਜ਼ਿੰਦਗੀ ਬਾਰੇ ਮਾਪਿਆਂ ਦੀ ਹੂਕ ਅਤੇ ਬਜ਼ੁਰਗਾਂ ਦੀ ਤਾਮੀਰਦਾਰੀ ਵਿੱਚ ਬੱਚਿਆਂ ਦੀ ਅਣਵੇਖੀ ਨੂੰ ਵੀ ਉਸ ਨੇ ਵਿਸ਼ਾ ਬਣਾਉਂਦਿਆਂ ਲਿਖਿਆ ਹੈ:

ਜਿਹੜਾ ਲਾਚਾਰ ਮਾਂ ਦੇ  
ਮੂੰਹ 'ਚ ਦੋ ਘੁੱਟ ਜਲ ਨਾ ਪਾ ਸਕਿਆ,  
ਉਹੀ ਪਰਦੇਸ ਵਿੱਚ ਮਾਂ ਦਾ  
ਮੁਕੱਦਸ ਦਿਨ ਮਨਾਉਂਦਾ ਹੈ।  
ਬਜ਼ੁਰਗਾਂ ਦੀ ਦਸ਼ਾ ਦੇਖੀ,  
ਤਾਂ ਮੇਰੀ ਆਤਮਾ ਕੰਬੀ,  
ਕਿਵੇਂ ਮੈਨੂੰ ਵਿਸਾਰਨਗੇ,  
ਜਿਹੜੇ ਟੁਕੜੇ ਜਿਗਰ ਦੇ ਹਨ?

ਏਸੇ ਤਰ੍ਹਾਂ ਜਿਹੜੇ ਮਾਪਿਆਂ ਨੇ ਆਪਣੇ ਪੁੱਤਰਾਂ ਵਿੱਚ ਪਰਵਾਸ ਵਸਣ ਦੀ ਲਲ੍ਹਕ ਪੈਦਾ ਕੀਤੀ ਹੈ ਪ੍ਰੰਤੂ ਉਨ੍ਹਾਂ ਦੀਆਂ ਆਪਣੀਆਂ ਧੀਆਂ ਲਈ ਵਰ ਨਹੀਂ ਮਿਲ ਰਹੇ। ਸ਼ਾਇਰ ਲਿਖਦਾ ਹੈ:

ਉਨ੍ਹਾਂ ਨੂੰ ਧੀਆਂ ਲਈ  
ਸਾਕ ਨਾ ਮਿਲਣ ਜਿਹਨਾਂ,  
ਲਲ੍ਹਕ ਸਪੂਤਾਂ 'ਚ  
ਪਰਦੇਸ ਦੀ ਜਗਾਈ ਹੈ।

ਪੰਜਾਬੀ ਦਾ ਹਰ ਸਾਹਿਤਕਾਰ ਕਿਸਾਨ ਅੰਦੋਲਨ ਤੋਂ ਪ੍ਰਭਾਵਤ ਹੋਏ ਬਿਨਾ ਨਹੀਂ ਰਹਿ ਸਕਿਆ। ਏਸੇ ਤਰ੍ਹਾਂ ਸਿਰੀ ਰਾਮ ਅਰਸ਼ ਨੇ ਆਪਣੀਆਂ ਲਗਪਗ ਇਕ ਦਰਜਨ ਗ਼ਜ਼ਲਾਂ ਵਿੱਚ ਕਿਸਾਨਾ ਦੀ ਕਰਜ਼ੇ ਨਾਲ ਹੋਈ ਦੁਰਦਸ਼ਾ ਅਤੇ ਕਿਸਾਨ ਅੰਦੋਲਨ ਬਾਰੇ ਕੇਂਦਰੀ ਸਰਕਾਰ ਦੇ ਤਿੰਨ ਕਾਨੂੰਨਾ ਦੇ ਵਿਰੁੱਧ ਆਵਾਜ਼ ਬੁਲੰਦ ਕਰਦਿਆਂ ਲਿਖਿਆ ਹੈ:

ਸ਼ਾਸ਼ਕਾਂ ਨੇ ਜੋ ਘੜੇ  
ਕਾਨੂੰਨ ਉਹਨਾਂ ਦੇ ਖ਼ਿਲਾਫ਼,  
ਤੁਰ ਪਈ ਰੋਕਣ  
ਕਿਸਾਨੀ ਜੁਗ ਘਾਤਕ ਵਾਰ ਨੂੰ।  
ਸਾਡੇ ਖੇਤ ਜੋ ਖੋਹਣਾ ਲੋਚਣ,  
ਉਹ ਕਾਨੂੰਨ ਨੇ ਮੌਤ ਨਿਰੀ,  
ਮੌਤ ਨੂੰ ਰੱਦ ਕਰਾਉਣ ਦੀ ਖਾਤਰ,  
ਸਭ ਕੁਝ ਦਾਅ 'ਤੇ ਲਾਈ ਦਾ।  
ਖੁਦਕਸ਼ੀ ਕੀਤੀ ਤਾਂ  
ਉਸ ਦੇ ਖੇਤ ਬੋਲੀ ਚੜ੍ਹ ਗਏ,  
ਕਾਰਖ਼ਾਨੇ ਅੰਨ ਹੁਣ  
ਉਪਜਾਉਣਗੇ, ਸੌਦਾਗਰੋ।  
ਸ਼ਾਸ਼ਕ ਆਖੇ ਕਾਹਦੀ  
ਖੇਤੀ ਜਿਹੜੀ ਲੈਂਦੀ ਹੈ ਬਲੀਆਂ।  
ਹਲ ਨੂੰ ਖੇਤਾਂ ਵਿੱਚ ਦੱਬਣ ਦਾ  
ਉਹ ਕਾਨੂੰਨ ਬਣਾਉਂਦਾ।  
ਖ਼ੌਫ਼ ਦਾ ਮੌਸਮ ਫੈਲ ਗਿਆ ਹੈ  
ਪਿੰਡੋ-ਪਿੰਡ 'ਤੇ ਸ਼ਹਿਰੋ-ਸ਼ਹਿਰ,  
ਲੋਕਾਂ ਦੇ ਕਿਹੜੇ ਵੈਰੀ ਨੇ  
ਵਿਸ਼ੀਅਰ ਬਾਣ ਚਲਾਇਆ।  
ਉਦ੍ਹੀ ਤਾਂ ਉਮਰ ਸਾਰੀ ਬੀਤ ਜਾਂਦੀ  
ਰਿਣ ਚੁਕਾਉਣੇ ਵਿੱਚ,  
ਜਿਹਨੂੰ ਵਿਰਸੇ 'ਚ ਪੰਡਾਂ  
ਰਿਣ ਦੀਆਂ ਹਨ ਭਾਰੀ ਮਿਲੀਆਂ।

ਆਮ ਤੌਰ 'ਤੇ ਕਵਿਤਾ ਵਿੱਚ ਇਕ ਵਿਸ਼ਾ ਚੁਣ ਕੇ ਕਵਿਤਾ ਲਿਖੀ ਜਾਂਦੀ ਹੈ ਪ੍ਰੰਤੂ ਗ਼ਜ਼ਲ ਵਿੱਚ ਇਕ ਵਿਸ਼ਾ ਨਹੀਂ ਹੁੰਦਾ ਸਗੋਂ ਹਰ ਸ਼ਿਅਰ ਵਿੱਚ ਵੱਖਰਾ ਵਿਸ਼ਾ ਹੁੰਦਾ ਹੈ। ਸਿਰੀ ਰਾਮ ਅਰਸ਼ ਦੀਆਂ ਗ਼ਜ਼ਲਾਂ ਵਿੱਚ ਉਸੇ ਤਰ੍ਹਾਂ ਬਹੁਤ ਸਾਰੇ ਅਨੋਖੇ ਵਿਸ਼ੇ ਹੁੰਦੇ ਹਨ। ਗ਼ਜ਼ਲਗੋ ਸਮਾਜਿਕ ਸਰੋਕਾਰਾਂ ਬਾਰੇ ਇਤਨਾ ਚੇਤੰਨ ਹੈ ਕਿ ਉਸ ਨੇ ਬਹੁਤ ਸਾਰੀਆਂ ਗ਼ਜ਼ਲਾਂ ਵਿੱਚ ਆਪਣੇ ਵਿਸ਼ਿਆਂ ਦੀ ਮਹੱਤਤਾ ਦਰਸਾਉਣ ਲਈ ਇੱਕ ਵਿਸ਼ੇ ਨੂੰ ਬਹੁਤ ਸਾਰੇ ਸ਼ਿਅਰਾਂ ਵਿੱਚ ਵਰਤਿਆ ਹੈ। ਜਿਵੇਂ ਫ਼ਿਰਕਾ ਪ੍ਰਸਤੀ ਬਾਰੇ ਉਸ ਨੇ ਕਈ ਸ਼ਿਅਰਾਂ ਵਿੱਚ ਲਿਖਿਆ ਹੈ:

ਰਾਖ ਕਰ ਦੇਵੇਗਾ ਫਿਰਕੂ ਨਫਰਤਾਂ,  
ਬਲ ਪਿਆ ਜਦ ਪਿੰਡ ਵਿੱਚ ਤੰਦੂਰ ਹੈ।  
ਓਸ ਮੁਨਸਫ਼ 'ਤੋਂ ਨਿਆਂ ਹੋਣਾ ਨਹੀਂ,  
ਖੌਫ਼ ਦੇ ਹੱਥੋਂ ਜਿਹੜਾ ਮਜ਼ਬੂਰ ਹੈ।  
ਉਨ੍ਹਾਂ ਦਾ ਦੋਸ਼ ਕੀ ਹੈ,  
ਕਿਸ ਨੂੰ ਪੁੱਛਣ, ਕੌਣ ਦੱਸੇਗਾ?  
ਜਿਹੜੇ ਭੀੜਾਂ ਦੇ ਹੱਥੋਂ,  
ਬੇਗੁਨਹ ਥਾਂ ਥਾਂ 'ਤੇ ਮਰਦੇ ਹਨ।  
ਰਚ ਕੇ ਸਾਜ਼ਸ਼ ਕੱਲ੍ਹ  
ਜਿਦ੍ਹੀ ਬੇਹੁਰਮਤੀ ਕੀਤੀ ਤੁਸੀਂ,  
ਰੋਹ 'ਚ ਆਕੇ ਫੂਕ ਸੁੱਟਿਆ  
ਅੱਜ ਉਦ੍ਹੇ ਘਰ ਬਾਰ ਨੂੰ।  
ਜੋੜਦਾ ਲੋਕਾਂ ਨੂੰ ਮਜ਼ਹਬ,  
ਤੋੜਦਾ ਹਰਗਿਜ਼ ਨਹੀਂ,  
ਉਸ ਦੇ ਤੂੰ ਕੀਤੇ ਹੋਏ  
ਖ਼ਲਕਤ 'ਚ ਬਟਵਾਰੇ ਵੀ ਦੇਖ।

ਬੇਰੋਜ਼ਗਾਰੀ, ਮਹਿੰਗਾਈ, ਕਰਜ਼ੇ, ਜ਼ੁਲਮ, ਕੁਦਰਤ, ਇਸਤਰੀ ਨਾਲ ਦੁਰਵਿਵਹਾਰ, ਪ੍ਰਦੂਸ਼ਣ, ਭੁੱਖਮਰੀ ਅਤੇ ਸ਼ੋਸ਼ਣ ਵਰਗੀਆਂ ਅਲਾਮਤਾਂ ਸ਼ਾਇਰ ਸ਼ਾਇਰ ਨੂੰ ਕੁਰੇਦੀਆਂ ਹਨ ਤਾਂ ਉਹ ਗ਼ਜ਼ਲਾਂ ਵਿੱਚ ਉਨ੍ਹਾਂ ਦੀਆਂ ਬੁਰਾਈਆਂ ਬਾਰੇ ਕਮਾਲ ਦਾ ਲਿਖਕੇ ਪਾਠਕਾਂ ਨੂੰ ਸੁਧਾਰ ਕਰਨ ਲਈ ਲਾਮਬੰਦ ਹੋਣ ਲਈ ਪ੍ਰੇਰਦੇ ਹਨ। ਸ਼ਾਇਰ ਨੂੰ ਪੰਜਾਬੀਆਂ ਵੱਲੋਂ ਆਪਣੀ ਅਮੀਰ ਵਿਰਾਸਤ ਨੂੰ ਤਿਲਾਂਜਲੀ ਦੇਣੀ ਵੀ ਚੰਗੀ ਨਹੀਂ ਲੱਗੀ, ਇਸ ਕਰਕੇ ਪੁਰਾਣੀਆਂ ਪਰੰਪਰਾਵਾਂ ਅਤੇ ਰਸਮ ਰਿਵਾਜਾਂ ਅਤੇ ਤ੍ਰਿਜੰਣਾ ਦੀ ਅਣਹੋਂਦ ਬਾਰੇ ਵੀ ਗ਼ਜ਼ਲਾਂ ਵਿੱਚ ਲਿਖਦਾ ਹੈ:

ਹੁਣ ਤ੍ਰਿੰਞਣ 'ਚ  
ਨਾ ਮੁਟਿਆਰ ਵਟਾਵੇ ਚੁੰਨੀ,  
ਦਿਲ ਮਗਰ ਪੱਗ  
ਹਰ ਇਕ ਨਾਲ ਵਟਾਈ ਜਾਵੇ।

ਸ਼ਾਲਾ ! ਪਰਮਾਤਮਾ ਸਿਰੀ ਰਾਮ ਅਰਸ਼ ਦੀ ਲੰਬੀ ਉਮਰ ਕਰੇ ਤਾਂ ਜੋ ਉਹ ਸਮਾਜਿਕ ਸਰੋਕਾਰਾਂ ਦਾ ਪ੍ਰਤੀਕ ਰਹਿੰਦਾ ਹੋਇਆ ਹੋਰ ਵਧੀਆ ਗ਼ਜ਼ਲਾਂ ਲਿਖਕੇ ਗ਼ਰੀਬ ਵਰਗ ਦੀ ਵਕਾਲਤ ਕਰਦਾ ਰਹੇ।

96 ਪੰਨਿਆਂ, 250 ਰੁਪਏ ਕੀਮਤ ਵਾਲਾ ਇਹ ਗ਼ਜ਼ਲ ਸੰਗ੍ਰਹਿ ਐਵਿਸ ਪਬਲੀਕੇਸ਼ਨਜ਼ ਚੰਡੀਗੜ੍ਹ ਨੇ ਪ੍ਰਕਾਸ਼ਤ ਕੀਤਾ ਹੈ।

ਸਾਬਕਾ ਜ਼ਿਲ੍ਹਾ ਲੋਕ ਸੰਪਰਕ ਅਧਿਕਾਰੀ
ਮੋਬਾਈਲ-94178 13072
ujagarsingh48@yahoo.com

# ਗੁਜਰਾਤ ਦਾ ਸਮੁੰਦਰੀ ਤੱਟ ਨਸ਼ੀਲੇ ਪਦਾਰਥਾਂ ਦਾ ਵੱਡਾ ਅੱਡਾ

## ✪ 5 ਵਿਦੇਸ਼ੀ 3300 ਕਿਲੋ ਨਸ਼ੀਲੇ ਪਦਾਰਥ ਸਮੇਤ ਫੜੇ



ਗੁਜਰਾਤ-ਭਾਰਤੀ ਜਲ ਸੈਨਾ ਅਤੇ ਨਾਰਕੋਟਿਕਸ ਕੰਟਰੋਲ ਬਿਊਰੋ (ਐੱਨਸੀਬੀ) ਨੇ ਸਾਂਝੇ ਅਪਰੇਸ਼ਨ ਵਿੱਚ ਗੁਜਰਾਤ ਤੱਟ ਤੋਂ ਇਰਾਨੀ ਕਿਸ਼ਤੀ ਵਿੱਚੋਂ ਪੰਜ ਵਿਦੇਸ਼ੀਆਂ ਨੂੰ ਗ੍ਰਿਫ਼ਤਾਰ ਕਰਕੇ ਉਨ੍ਹਾਂ ਕੋਲੋਂ 3,300 ਕਿਲੋ ਨਸ਼ੀਲੇ ਪਦਾਰਥ ਬਰਾਮਦ ਕੀਤੇ ਹਨ। ਜਲ ਸੈਨਾ, ਗੁਜਰਾਤ ਐਂਟੀ ਟੈਰਰਿਸਟ ਸਕੁਐਡ ਅਤੇ ਐੱਨਸੀਬੀ ਦਾ ਇਹ ਸੰਯੁਕਤ ਅਪਰੇਸ਼ਨ ਅੰਤਰਰਾਸ਼ਟਰੀ ਸਮੁੰਦਰੀ ਸੀਮਾ ਰੇਖਾ (ਆਈਐੱਮਬੀਐੱਲ) ਦੇ ਨਾਲ ਲੱਗਦੇ ਅਰਬ ਸਾਗਰ ਵਿੱਚ ਚਲਾਇਆ ਗਿਆ ਸੀ। ਜ਼ਬਤ ਕੀਤੀ ਖੇਪ ਵਿੱਚ ਚਰਸ, ਮੈਥਾਮਫੇਟਾਮਾਈਨ ਅਤੇ ਮੋਰਫਿਨ ਸ਼ਾਮਲ ਹੈ, ਜੋ ਭਾਰਤ ਵਿੱਚ ਪਾਬੰਦੀਸ਼ੁਦਾ ਹਨ। ਜ਼ਬਤ ਕੀਤੇ ਨਸ਼ੀਲੇ ਪਦਾਰਥਾਂ ਵਿੱਚ 3,089 ਕਿਲੋਗ੍ਰਾਮ ਚਰਸ, 158 ਕਿਲੋਗ੍ਰਾਮ 'ਮੈਥਾਮਫੇਟਾਮਾਈਨ' ਅਤੇ 25 ਕਿਲੋਗ੍ਰਾਮ 'ਮੋਰਫਿਨ' ਸ਼ਾਮਲ ਹੈ

ਗੁਜਰਾਤ 'ਚ ਨਸ਼ੀਲੇ ਪਦਾਰਥਾਂ ਦੀ ਹੁਣ ਤੱਕ ਦੀ ਸਭ ਤੋਂ ਵੱਡੀ ਬਰਾਮਦਗੀ ਨੇ ਜਿੱਥੇ ਇਕ ਪਾਸੇ ਦੇਸ਼ 'ਚ ਵਿਦੇਸ਼ੀ ਸ਼ਹਿ 'ਤੇ ਹੋ ਰਹੀ ਤਸਕਰੀ ਦਾ ਭਾਂਡਾ ਭੰਨਿਆ ਹੈ, ਉੱਥੇ ਦੇਸ਼ ਦੇ ਵੱਖ-ਵੱਖ ਰਾਜਾਂ 'ਚ ਨਸ਼ਿਆਂ ਦੇ ਕਾਰੋਬਾਰ ਵੱਡੇ ਪੱਧਰ 'ਤੇ ਜਾਰੀ ਰਹਿਣ ਦਾ ਵੀ ਖ਼ੁਲਾਸਾ ਕੀਤਾ ਹੈ। ਭਾਰਤ ਵਿਚ ਇਹ ਪਹਿਲੀ ਵਾਰ ਹੈ ਕਿ ਏਨੀ ਵੱਡੀ ਮਾਤਰਾ ਵਿਚ ਨਸ਼ੀਲੇ ਪਦਾਰਥ ਫੜੇ ਗਏ ਹਨ। ਇਸ ਤੋਂ ਪਹਿਲਾਂ ਪਿਛਲੇ ਸਾਲ ਜਲ ਸੈਨਾ ਦੀ ਮਦਦ ਨਾਲ ਐਨ.ਸੀ.ਬੀ. ਨੇ 2500 ਕਿੱਲੋ ਦੀ ਖੇਪ ਬਰਾਮਦ ਕੀਤੀ ਸੀ। ਇਸ ਕਿਸ਼ਤੀ ਨੂੰ ਫੜਨ ਲਈ ਵੀ ਐਨ.ਸੀ.ਬੀ. ਅਤੇ ਜਲ ਸੈਨਾ ਦੀਆਂ ਕਿਸ਼ਤੀਆਂ ਅਤੇ ਹੈਲੀਕਾਪਟਰਾਂ ਦੀ ਮਦਦ ਲਈ ਗਈ ਸੀ। ਇਨ੍ਹਾਂ ਸਾਰੇ ਪਦਾਰਥਾਂ ਦੀ ਬਾਜ਼ਾਰੀ ਕੀਮਤ 1300 ਕਰੋੜ ਰੁਪਏ ਤੋਂ 2000 ਕਰੋੜ ਰੁਪਏ ਤੱਕ ਦੱਸੀ ਜਾ ਰਹੀ ਹੈ। ਇਸ ਦੌਰਾਨ ਕਿਸ਼ਤੀ 'ਤੇ ਸਵਾਰ ਜਿਨ੍ਹਾਂ ਪੰਜ ਲੋਕਾਂ ਨੂੰ ਹਿਰਾਸਤ 'ਚ ਲਿਆ ਗਿਆ ਹੈ, ਮੁਢਲੀ ਜਾਂਚ 'ਚ ਉਨ੍ਹਾਂ ਦੇ ਪਾਕਿਸਤਾਨੀ ਜਾਂ ਈਰਾਨੀ ਮੂਲ ਦੇ ਨਾਗਰਿਕ ਹੋਣ ਦੇ ਦਾਅਵੇ ਕੀਤੇ ਜਾ ਰਹੇ ਹਨ। ਫਿਲਹਾਲ ਉਨ੍ਹਾਂ ਦੀ ਨਾਗਰਿਕਤਾ ਨੂੰ ਲੈ ਕੇ ਵਿਆਪਕ ਤੌਰ 'ਤੇ ਜਾਂਚ-ਪੜਤਾਲ ਕੀਤੀ ਜਾ ਰਹੀ ਹੈ। ਬੇਸ਼ੱਕ ਕੇਂਦਰੀ ਗ੍ਰਹਿ ਮੰਤਰੀ ਅਮਿਤ ਸ਼ਾਹ ਨੇ ਇਸ ਬਰਾਮਦਗੀ ਨੂੰ ਦੇਸ਼ ਨੂੰ ਨਸ਼ਾ-ਮੁਕਤ ਕਰਨ ਸੰਬੰਧੀ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਦੀਆਂ ਕੋਸ਼ਿਸ਼ਾਂ ਅਤੇ ਉਨ੍ਹਾਂ ਦੇ ਸੰਕਲਪ ਦਾ ਇਕ ਹਿੱਸਾ ਦੱਸਿਆ ਹੈ, ਪਰ ਇਸ ਤੋਂ ਇਹ ਵੀ ਸਾਬਤ ਹੁੰਦਾ ਹੈ ਕਿ ਨਸ਼ੇ ਦੇ ਪ੍ਰਸਾਰ ਅਤੇ ਨਸ਼ੀਲੇ ਪਦਾਰਥਾਂ ਦੇ ਕਾਰੋਬਾਰ ਨਾਲ ਸੰਬੰਧਿਤ ਇਕ ਬਹੁਤ ਵਿਆਪਕ ਜਾਲ ਭਾਰਤ ਵਿਚ ਫੈਲਿਆ ਹੋਇਆ ਹੈ ਅਤੇ ਇਸ ਦਾ ਨੈੱਟਵਰਕ ਵਿਦੇਸ਼ੀ ਧਰਤੀ ਨਾਲ ਜੁੜਿਆ ਹੋਇਆ ਹੈ। ਇਸ ਤਰ੍ਹਾਂ ਵਪਾਰਕ ਕੰਮਾਂ ਦੀ ਆੜ ਵਿਚ ਭਾਰਤ ਦੀ ਸੁਰੱਖਿਆ ਨੂੰ ਵੀ ਖ਼ਤਰਾ ਪੈਦਾ ਹੋਣ ਦੀ ਵੱਡੀ ਸੰਭਾਵਨਾ ਹੈ।

ਬਿਨਾਂ ਸ਼ੱਕ ਦੇਸ਼ 'ਚ ਨਸ਼ੀਲੇ ਪਦਾਰਥਾਂ ਦੀ ਤਸਕਰੀ ਨਾਲ ਜੁੜਿਆ ਅਪਰਾਧਕ ਤੰਤਰ ਵਿਆਪਕ ਤੌਰ 'ਤੇ ਸਰਗਰਮ ਹੈ। ਇਸ ਤੰਤਰ ਦੀਆਂ ਤਾਰਾਂ ਦੇਸ਼ ਦੀਆਂ ਕੁਝ ਵਿਦੇਸ਼ੀ ਤਾਕਤਾਂ ਨਾਲ ਵੀ ਜੁੜੀਆਂ ਹੋਈਆਂ ਹਨ ਅਤੇ ਇਹ ਪੂਰਾ ਕਾਰੋਬਾਰ ਪਾਕਿਸਤਾਨ ਅਤੇ ਈਰਾਨ ਦੀਆਂ ਸਰਹੱਦਾਂ ਰਾਹੀਂ ਹੁੰਦਾ ਹੈ। ਗੁਜਰਾਤ ਅਤੇ ਮੁੰਬਈ ਦੇ ਤੱਟਾਂ 'ਤੇ ਸਮੁੰਦਰੀ ਮਾਰਗ ਰਾਹੀਂ ਪਹੁੰਚੀ ਇਹ ਖੇਪ ਵੱਖ-ਵੱਖ ਹਿੱਸਿਆਂ 'ਚ ਵੰਡ ਕੇ ਦੇਸ਼ ਦੇ ਕਈ ਸੂਬਿਆਂ ਤਕ ਪਹੁੰਚਾਈ ਗਈ ਸੀ। ਇਨ੍ਹਾਂ ਵਿਚੋਂ ਪੰਜਾਬ ਵੀ ਨਸ਼ਿਆਂ ਦਾ ਇਕ ਵੱਡਾ ਖ਼ਪਤਕਾਰੀ ਸੂਬਾ ਬਣ ਚੁੱਕਾ ਹੈ। ਪੰਜਾਬ ਦੇ ਅੰਮ੍ਰਿਤਸਰ, ਬਟਾਲਾ ਅਤੇ ਫ਼ਤਹਿਗੜ੍ਹ ਸਾਹਿਬ 'ਚ ਇਕ ਹੀ ਦਿਨ 'ਚ ਕਈ ਛਾਪੇਮਾਰੀਆਂ ਦੌਰਾਨ ਵੱਡੀ ਮਾਤਰਾ 'ਚ ਨਸ਼ੀਲੇ ਪਦਾਰਥਾਂ ਦੀ ਬਰਾਮਦਗੀ ਅਜਿਹਾ ਹੀ ਦਰਸਾਉਂਦੀ ਹੈ। ਬਿਨਾਂ ਸ਼ੱਕ ਨਸ਼ੀਲੇ ਪਦਾਰਥਾਂ ਦੀ ਇਹ ਤਸਕਰੀ ਦੇਸ਼ ਦੀਆਂ ਸਰਹੱਦਾਂ ਲਈ ਅਤੇ ਨੌਜਵਾਨ ਪੀੜ੍ਹੀ ਦੇ ਭਵਿੱਖ ਲਈ ਵੱਡਾ ਖ਼ਤਰਾ ਹੈ। ਇਸ ਤਰ੍ਹਾਂ ਦੇ ਨਸ਼ਿਆਂ ਦੀ ਸਪਲਾਈ ਨੂੰ ਰੋਕਣ ਲਈ ਜਿੱਥੇ ਭਾਰਤ ਸਰਕਾਰ ਨੂੰ ਪੂਰੀ ਤਰ੍ਹਾਂ ਸਰਗਰਮ ਹੋਣਾ ਪਏਗਾ, ਉੱਥੇ ਹੀ ਦੇਸ਼ ਦੇ ਤੱਟ ਰੱਖਿਅਕ ਬਲਾਂ ਅਤੇ ਜਲ ਸੈਨਾ ਨੂੰ ਵੀ ਆਪਣੀ ਚੌਕਸੀ ਵਧਾਉਣੀ ਪਏਗੀ।

## ਨਸ਼ਿਆਂ ਦੀ ਤਸਕਰੀ ਵਿੱਚ ਪੰਜਾਬ ਸਭ ਤੋਂ ਉੱਪਰ

ਨੈਸ਼ਨਲ ਕ੍ਰਾਈਮ ਰਿਕਾਰਡ ਬਿਊਰੋ (ਐੱਨਸੀਆਰਬੀ) ਦੀ ਤਾਜ਼ਾ ਰਿਪੋਰਟ ਦੇ ਅਨੁਸਾਰ, ਨਸ਼ਿਆਂ ਦੇ ਖ਼ਤਰੇ ਨੂੰ ਲੈ ਕੇ ਪਹਿਲਾਂ ਤੋਂ ਹੀ ਬਦਨਾਮ ਪੰਜਾਬ ਐੱਨਡੀਪੀਐੱਸ ਐਕਟ, 1985 ਦੇ ਤਹਿਤ ਐੱਫ਼ਆਈਆਰ ਦਰਜ ਕਰਨ ਦੇ ਮਾਮਲੇ ਵਿੱਚ ਕੇਰਲਾ ਅਤੇ ਮਹਾਰਾਸ਼ਟਰ ਤੋਂ ਪਿੱਛੇ ਹੈ। ਜਦੋਂ ਕਿ ਸਾਲ 2022 ਐੱਨਡੀਪੀਐੱਸ ਐਕਟ ਤਹਿਤ 26,619 ਮਾਮਲੇ ਦਰਜ ਕੀਤੇ ਗਏ ਸਨ। ਮਹਾਰਾਸ਼ਟਰ ਵਿੱਚ 13,830 ਐੱਫਆਈਆਰ ਸਨ। ਇਸ ਤੋਂ ਬਾਅਦ ਪੰਜਾਬ ਦਾ ਨੰਬਰ ਆਉਂਦਾ ਹੈ ਜਿੱਥੇ 12,442 ਮਾਮਲੇ ਦਰਜ ਹੋਏ। ਇਹ ਸੂਬੇ ਵਿੱਚ ਪ੍ਰਤੀ 1 ਲੱਖ ਵਿਅਕਤੀਆਂ ਪਿੱਛੇ 40.7 ਕੇਸ ਬਣਦੇ ਹਨ।

ਨਸ਼ਿਆਂ ਦੀ ਤਸਕਰੀ ਲਈ 7,433 ਮਾਮਲਿਆਂ ਦੇ ਨਾਲ ਪੰਜਾਬ ਦੇਸ਼ ਦੇ ਬਾਕੀ ਸੂਬਿਆਂ ਦੀ ਸੂਚੀ ਵਿੱਚ ਸਭ ਤੋਂ ਉੱਪਰ ਹੈ। ਸਾਲ 2021 ਵਿੱਚ ਨਸ਼ਾ ਤਸਕਰੀ ਦੇ 5,766 ਮਾਮਲੇ ਦਰਜ ਕੀਤੇ ਗਏ ਸਨ। ਇਸ ਤੋਂ ਬਾਅਦ ਉੱਤਰ ਪ੍ਰਦੇਸ਼ ਵਿਚ 4,920, ਤਾਮਿਲਨਾਡੂ ਵਿੱਚ 2,590, ਰਾਜਸਥਾਨ ਵਿੱਚ 2,428 ਅਤੇ ਮੱਧ ਪ੍ਰਦੇਸ਼ ਵਿਚ 2,169 ਮਾਮਲੇ ਹਨ।

## ਹਰਿਆਣਾ ਦਾ ਗੈਂਗਸਟਰ ਕਾਲਾ ਜਠੇੜੀ "ਲੇਡੀ ਡੌਨ" ਨਾਲ ਵਿਆਹ ਕਰਾਏਗਾ



ਨਵੀਂ ਦਿੱਲੀ-ਦਿੱਲੀ ਦੀ ਦਵਾਰਕਾ ਕੋਰਟ ਨੇ ਗੈਂਗਸਟਰ ਸੰਦੀਪ ਕਾਲਾ ਜਠੇੜੀ ਨੂੰ ਕਸਟਡੀ ਪੈਰੋਲ ਦਿੱਤੀ ਹੈ। ਜਠੇੜੀ 12 ਮਾਰਚ ਨੂੰ ਜੇਲ੍ਹ ਤੋਂ ਬਾਹਰ ਆ ਕੇ ਦਿੱਲੀ ਵਿਚ ਆਪਣੇ ਵਿਆਹ ਦੀਆਂ ਰਸਮਾਂ ਨਿਭਾਏਗਾ। ਇਸ ਤੋਂ ਬਾਅਦ 13 ਮਾਰਚ ਨੂੰ ਸੋਨੀਪਤ ਵਿਚ ਗ੍ਰਹਿ ਪ੍ਰਵੇਸ਼ ਲਈ ਉਸ ਨੂੰ 6 ਘੰਟੇ ਦੀ ਕਸਟਡੀ ਪੈਰੋਲ ਦਿੱਤੀ ਗਈ ਹੈ। ਕਾਲਾ ਜਠੇੜੀ ਲੇਡੀ ਡੌਨ ਅਨੁਰਾਧਾ ਉਰਫ਼ ਮੈਡਮ ਮਿੰਜ ਨਾਲ 7 ਫੇਰੇ ਲਵੇਗਾ। ਫਿਲਹਾਲ ਜਠੇੜੀ ਦਿੱਲੀ ਦੀ ਤਿਹਾੜ ਜੇਲ੍ਹ ਵਿਚ ਬੰਦ ਹੈ। ਉਸ 'ਤੇ 30 ਤੋਂ ਵੱਧ ਮਾਮਲੇ ਦਰਜ ਹਨ। ਦੱਸਣਯੋਗ ਹੈ ਕਿ ਕਾਲਾ ਜਠੇੜੀ ਨੂੰ 30 ਜੁਲਾਈ 2021 ਨੂੰ ਸਹਾਰਨਪੁਰ ਤੋਂ ਗ੍ਰਿਫ਼ਤਾਰ ਕੀਤਾ ਸੀ। ਕਾਲਾ ਜਠੇੜੀ ਨੂੰ ਲਾਰੈਂਸ ਬਿਸ਼ਨੋਈ ਦਾ ਖ਼ਾਸ ਹੈ। ਲਾਰੈਂਸ ਗੈਂਗ 'ਤੇ ਹੀ ਪੰਜਾਬ ਵਿਚ ਸਿੰਗਰ ਸਿੱਧੂ ਮੂਸੇਵਾਲਾ, ਰਾਜਸਥਾਨ 'ਚ ਰਾਜਪੂਤ ਕਰਣੀ ਸੈਨਾ ਦੇ ਪ੍ਰਧਾਨ ਸੁਖਦੇਵ ਸਿੰਘ ਗੋਗਾਮੇੜੀ, ਰਾਜੂ ਠੇਹਟ ਦੇ ਕਤਲ ਦਾ ਦੋਸ਼ ਹੈ।

## ਕੈਨੇਡਾ ਨਾ ਭੇਜਣ ਕਾਰਣ ਪੁੱਤ ਨੇ ਮਤਰੇਈ ਮਾਂ ਦਾ ਕੀਤਾ ਕਤਲ, ਦੋਸ਼ੀ ਗ੍ਰਿਫ਼ਤਾਰ

ਹੁਸ਼ਿਆਰਪੁਰ-ਹੁਸ਼ਿਆਰਪੁਰ ਦੇ ਪਿੰਡ ਹਰਸੀ ਵਿੱਚ ਬਲਜਿੰਦਰ ਕੌਰ ਦੇ ਕਤਲ ਦੇ ਇਲਜ਼ਾਮ ਵਿੱਚ ਪੁਲਿਸ ਨੇ ਉਸ ਦੇ ਸੌਤੇਲੇ ਪੁੱਤ ਗੁਰਪ੍ਰੀਤ ਸਿੰਘ ਨੂੰ ਗ੍ਰਿਫ਼ਤਾਰ ਕਰ ਲਿਆ ਹੈ। ਜਾਣਕਾਰੀ ਮੁਤਾਬਕ, ਇਸ ਕਤਲ ਦੇ ਪਿੱਛੇ ਘਰ ਨਾਂਅ ਨਾ ਕਰਵਾਉਣਾ ਤੇ ਕੈਨੇਡਾ ਨਾ ਭੇਜਣ ਦੀ ਰੰਜਿਸ਼ ਦੱਸੀ ਜਾ ਰਹੀ ਹੈ ਪੁਲਿਸ ਅਧਿਕਾਰੀ ਨੇ ਦੱਸਿਆ ਕਿ ਬਲਜਿੰਦਰ ਕੌਰ ਦੇ ਪਤੀ ਬਲਵਿੰਦਰ ਸਿੰਘ ਨੇ ਦੋ ਵਿਆਹ ਕਰਵਾਏ ਸੀ। ਪਹਿਲੀ ਪਤਨੀ ਸਤਿੰਦਰ ਕੌਰ ਨਾਲ ਹੋਇਆ ਸੀ ਜਿਸ ਤੋਂ ਤਿੰਨ ਬੱਚੇ ਹਨ। ਗੁਰਪ੍ਰੀਤ ਸਿੰਘ ਨੂੰ ਉਸਦੇ ਪਿਤਾ ਬਲਵਿੰਦਰ ਸਿੰਘ ਕਾਫੀ ਸਮਾਂ ਪਹਿਲਾਂ ਹੀ ਬੇਦਖ਼ਲ ਕਰ ਦਿੱਤਾ ਸੀ। ਬਲਵਿੰਦਰ ਸਿੰਘ ਦੀ ਦੂਜੀ ਪਤਨੀ ਬਲਜਿੰਦਰ ਕੌਰ ਦੇ ਤਿੰਨ ਬੱਚੇ ਹਨ ਤੇ ਉਹ ਤਿੰਨੋਂ ਕੈਨੇਡਾ ਵਿੱਚ ਰਹਿੰਦੇ ਸੀ। ਗੁਰਪ੍ਰੀਤ ਸਿੰਘ ਚਾਹੁੰਦਾ ਸੀ ਕਿ ਬਲਜਿੰਦਰ ਕੌਰ ਪਿੰਡ ਵਾਲਾ ਘਰ ਉਸ ਦੇ ਨਾਂਅ ਕਰ ਦੇਵੇ ਤੇ ਉਸ ਨੂੰ ਉਸ ਦੇ ਬੱਚਿਆਂ ਕੋਲ ਕੈਨੇਡਾ ਭੇਜੇ ਦੇਵੇ ਪਰ ਬਲਜਿੰਦਰ ਕੌਰ ਨੇ ਅਜਿਹਾ ਨਹੀਂ ਕੀਤਾ ਜਿਸ ਤੋਂ ਬਾਅਦ ਗੁੱਸੇ ਵਿੱਚ ਉਸ ਨੇ ਆਪਣੀ ਸੌਤੇਲੀ ਮਾਂ ਦਾ ਕਤਲ ਕਰ ਦਿੱਤਾ।

## ਫੁੱਫੜ ਨੇ ਨਬਾਲਗ ਭਤੀਜੀ ਨਾਲ ਕੀਤਾ ਬਲਾਤਕਾਰ

### ✪ ਗਰਭਵਤੀ ਹੋਣ 'ਤੇ ਹੋਇਆ ਖੁਲਾਸਾ

ਲੁਧਿਆਣਾ-ਕਲਯੁਗੀ ਫੁੱਫੜ ਨੇ ਆਪਣੇ ਨਬਾਲਗ ਭਤੀਜੀ ਨੂੰ ਹਵਸ ਦਾ ਸ਼ਿਕਾਰ ਬਣਾ ਲਿਆ। ਸ਼ਰਮਨਾਕ ਕਾਰੇ ਨੂੰ ਅੰਜਾਮ ਦੇਣ ਤੋਂ ਬਾਅਦ ਮੁਲਜ਼ਮ ਨੇ ਲੜਕੀ ਨੂੰ ਧਮਕੀ ਦਿੱਤੀ ਕਿ ਜੇਕਰ ਉਸਨੇ ਇਸ ਸਬੰਧੀ ਕਿਸੇ ਨੂੰ ਦੱਸਿਆ ਤਾਂ ਉਹ ਉਸ ਨੂੰ ਜਾਨੋਂ ਮਾਰ ਦੇਵੇਗਾ। ਬੁਰੀ ਤਰ੍ਹਾਂ ਸਹਿਮੀ ਲੜਕੀ ਨੇ ਕਿਸੇ ਨੂੰ ਕੁਝ ਨਾ ਦੱਸਿਆ। ਡੇਢ ਮਹੀਨੇ ਬਾਅਦ ਪੇਟ ਵਿੱਚ ਦਰਦ ਹੋਣ 'ਤੇ ਜਦ ਲੜਕੀ ਨੂੰ ਉਸਦੇ ਪਰਿਵਾਰਕ ਮੈਂਬਰ ਹਸਪਤਾਲ ਵਿੱਚ ਲੈ ਕੇ ਗਏ ਤਾਂ ਮੁਲਜ਼ਮ ਦੀ ਸ਼ਰਮਨਾਕ ਕਰਤੂਤ ਦਾ ਖੁਲਾਸਾ ਹੋ ਗਿਆ। ਥਾਣਾ ਲਾਡੋਵਾਲ ਦੀ ਪੁਲਿਸ ਨੇ ਇਸ ਮਾਮਲੇ ਵਿੱਚ ਜਸਵਿੰਦਰ ਦੇ ਖਿਲਾਫ ਮੁਕਦਮਾ ਦਰਜ ਕਰਕੇ ਉਸ ਦੀ ਤਲਾਸ਼ ਸ਼ੁਰੂ ਕਰ ਦਿੱਤੀ ਹੈ।

## ਯੋਗੀ ਆਦਿਤਿਆਨਾਥ ਨੂੰ ਬੰਬ ਨਾਲ ਉਡਾਉਣ ਦੀ ਮਿਲੀ ਧਮਕੀ

ਲਖਨਊ-ਉੱਤਰ ਪ੍ਰਦੇਸ਼ ਪੁਲਸ ਨੇ ਕਿਹਾ ਕਿ ਉੱਤਰ ਪ੍ਰਦੇਸ਼ ਦੇ ਮੁੱਖ ਮੰਤਰੀ ਯੋਗੀ ਆਦਿਤਿਆਨਾਥ ਨੂੰ ਬੰਬ ਨਾਲ ਉਡਾਉਣ ਦੀ ਧਮਕੀ ਮਿਲੀ ਹੈ। ਜਿਸ ਤੋਂ ਬਾਅਦ ਇਕ ਅਣਪਛਾਤੇ ਵਿਅਕਤੀ ਖ਼ਿਲਾਫ਼ ਮਾਮਲਾ ਦਰਜ ਕੀਤਾ ਗਿਆ ਹੈ।

# ਅਕਲੀਂ ਪੜ੍ਹ ਕੈ ਬੁਝੀਐ....

ਜਸਵਿੰਦਰ ਸਿੰਘ ਰੁਪਾਲ
ਕੈਲਗਰੀ ਨੰਬਰ
+14034651586



ਮਨੁੱਖਤਾ ਦਾ ਚਾਨਣਮੁਨਾਰਾ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਰੂਪ ਵਿੱਚ ਸਾਡੇ ਕੋਲ ਹੋਣਾ ਸਾਡੇ ਵੱਡੇ ਭਾਗਾਂ ਦੀ ਨਿਸ਼ਾਨੀ ਹੈ। ਇਹ ਸੰਸਾਰ ਭਰ ਦੇ ਲੋਕਾਂ ਨੂੰ ਏਕੇ ਵਿੱਚ ਪਰੋਣ ਦੀ ਸਮਰੱਥਾ ਰੱਖਦਾ ਹੈ। ਜੇ ਇਸ ਨੂੰ ਸਮਝ ਕੇ ਇਸ ਤੇ ਅਮਲ ਕੀਤਾ ਜਾਵੇ, ਤਾਂ ਯਕੀਨਨ ਵਿਸ਼ਵ ਵਿੱਚ ਪਿਆਰ, ਸ਼ਾਂਤੀ ਅਤੇ ਭਾਈਚਾਰਾ ਬਣਿਆ ਰਹਿ ਸਕਦਾ ਹੈ ਅਤੇ ਮੌਜੂਦਾ ਸਮੇਂ ਵਿੱਚ ਫੈਲੇ ਨਫਰਤਾਂ, ਮਜ਼ਹਬੀ ਝਗੜੇ, ਨਿਜਵਾਦੀ ਅਤੇ ਪਦਾਰਥਵਾਦੀ ਰੁਚੀਆਂ ਕਾਰਨ ਲਾਲਚ ਅਧੀਨ ਮਾਲਕੀ ਅਤੇ ਮੈਂ ਮੇਰੀ ਦੇ ਛੋਟੇ ਵੱਡੇ ਸਭ ਤਕਰਾਰ ਖਤਮ ਹੋ ਸਕਦੇ ਹਨ।ਪਰ ਇਸ ਸਾਹਮਣੇ ਵੱਡੀ ਚੁਣੌਤੀ ਸੰਸਾਰ ਨੂੰ ਗੁਰਬਾਣੀ ਦਾ ਗਿਆਨ ਅਤੇ ਠੀਕ ਵਿਆਖਿਆ ਪਹੁੰਚਾਉਣੀ ਹੈ। ਅਸੀਂ ਸੰਸਾਰ ਦੀ ਗੱਲ ਛੱਡ ਕੇ ਪਹਿਲਾਂ ਸਿਰਫ ਆਪਣੀ ਗੱਲ ਹੀ ਕਰ ਲਈਏ ਤਾਂ ਕੀ ਅਸੀਂ ਗੁਰੂ ਗ੍ਰੰਥ ਸਾਹਿਬ ਜੀ ਨੂੰ ਆਪਣਾ ਮਾਰਗ-ਦਰਸ਼ਕ ਮੰਨਦੇ ਹਾਂ? ਕੀ ਅਸੀਂ ਸਿਰਫ ਮੱਥੇ ਟੇਕਣ, ਪਾਠ ਕਰਾਉਣ, ਰੁਮਾਲੇ ਚੜ੍ਹਾਉਣ ਤੇ ਕੁਝ ਕਰਮ-ਕਾਂਡਾਂ ਤੱਕ ਹੀ ਸੀਮਿਤ ਹੋ ਕੇ ਤਾਂ ਨਹੀਂ ਰਹਿ ਗਏ? ਜਿਹੜੇ ਕੁਝ ਗੁਰਸਿੱਖ ਆਪ ਪਾਠ ਕਰਨਾ ਜਾਣਦੇ ਹਨ, ਵਾਹਿਗੁਰੂ ਜੀ ਦੀ ਕਿਰਪਾ ਸਦਕਾ ਗੁਰੂ ਗ੍ਰੰਥ ਸਾਹਿਬ ਜੀ ਦੀ ਸਿੱਖਿਆ ਅਨੁਸਾਰ ਜੀਵਨ ਜੀਊਣਾ ਵੀ ਚਾਹੁੰਦੇ ਹਨ, ਉਹਨਾਂ ਲਈ ਹੀ ਇਹ ਲੇਖ ਲਿਖਿਆ ਜਾ ਰਿਹਾ ਹੈ।

ਬਹੁਤ ਸਾਰੇ ਵੀਰ ਭੈਣਾਂ ਅੱਜ ਅਜਿਹੇ ਹਨ, ਜਿਹੜੇ ਗਾਹੇ ਬਗਾਹੇ ਗੁਰੂ ਗ੍ਰੰਥ ਸਾਹਿਬ ਜੀ ਦਾ ਪਾਠ ਕਰਦੇ ਹਨ।ਕੁਝ ਗੁਰਦੁਆਰੇ ਜਾ ਕੇ ਕਰਦੇ ਹਨ ਤਾਂ ਕਈਆਂ ਨੇ ਆਪਣੇ ਘਰ ਹੀ ਗੁਰੂ ਗ੍ਰੰਥ ਸਾਹਿਬ ਜੀ ਲਈ ਵੱਖਰਾ ਕਮਰਾ ਬਣਾ ਕੇ ਸਰੂਪ ਲਿਆ ਕੇ ਰੱਖਿਆ ਹੈ ਅਤੇ ਰੋਜ਼ਾਨਾ ਪ੍ਰਕਾਸ਼ ਕਰਦੇ ਹਨ ਅਤੇ ਪਾਠ ਕਰਦੇ ਹਨ। ਸਾਡੀ ਖੁਸ਼ਕਿਸਮਤੀ ਲਈ ਗੁਰੂ ਗ੍ਰੰਥ ਸਾਹਿਬ ਜੀ ਦੀਆਂ ਸੈਂਚੀਆਂ ਉਪਲੱਬਧ ਹਨ ਅਤੇ ਬਹੁਤੇ ਘਰਾਂ ਵਿੱਚ 2 ਜਾਂ 4 ਭਾਗਾਂ ਵਾਲੀਆਂ ਸੈਂਚੀਆਂ ਹਨ, ਜਿਹਨਾਂ ਤੋਂ ਇਹ ਵੀਰ ਭੈਣ ਲਗਾਤਾਰ ਸਹਿਜ ਪਾਠ ਕਰਦੇ ਰਹਿੰਦੇ ਹਨ। ਮੁਬਾਰਕ ਹੈ ਇਹਨਾਂ ਸਭ ਦੀ ਇਹ ਭਾਵਨਾ, ਪਰ ਕੀ ਉਹ ਪਾਠ ਦੇ ਅਰਥਾਂ ਤੇ ਵਿਚਾਰ ਕਰਦੇ ਹਨ? ਕੀ ਉਹ ਬਾਣੀ ਦਾ ਉਚਾਰਣ ਸ਼ੁੱਧ ਕਰਦੇ ਹਨ? ਇਹ ਸੋਚਣ ਦਾ ਵਿਸ਼ਾ ਹੈ।

ਗੱਲ ਨੂੰ ਸਮਝਣ ਲਈ ਅਸੀਂ ਇਕ ਉਦਾਹਰਣ ਲੈਂਦੇ ਹਾਂ ।ਗੁਰੂ ਗ੍ਰੰਥ ਸਾਹਿਬ ਜੀ ਵਿੱਚ ਆਈਆਂ ਇਹ ਤਿੰਨ ਪੰਕਤੀਆਂ ਨੂੰ ਦੇਖੋ-

-੧. ਮੇਰੋ ਸੁੰਦਰੁ ਕਹਹੁ ਮਿਲੈ ਕਿਤੁ ਗਲੀ॥ (ਦੇਵਗੰਧਾਰੀ, ਪੰਨਾ ੫੨੭)

੨. ਗਲੀ ਜਿਨਾ ਜਪਮਾਲੀਆ ਲੋਟੇ ਹਥਿ ਨਿਬਗ॥........(ਆਸਾ, ਪੰਨਾ ੪੭੬)

੩. ਗਲੀ ਜੋਗੁ ਨ ਹੋਈ॥ (ਸੂਹੀ ਮਹਲਾ ੧ ਘਰੁ ੭, ਪੰਨਾ ੭੩੦)

ਉਪਰੋਕਤ ਤਿੰਨੇ ਪੰਕਤੀਆਂ ਵਿੱਚ ਸ਼ਬਦ ਗਲੀ ਆਇਆ ਹੈ। ਤਿੰਨਾਂ ਦਾ ਸ਼ਬਦ-ਜੋੜ ਇੱਕੋ ਹੀ ਹੈ, ਪਰ ਵਿਚਾਰ ਕਰਨ ਤੇ ਪਤਾ ਲੱਗਦਾ ਏ ਕਿ ਤਿੰਨਾਂ ਦੇ ਅਰਥ ਵੱਖ ਵੱਖ ਹਨ ਅਤੇ ਅਰਥਾਂ ਅਨੁਸਾਰ ਤਿੰਨਾਂ ਦਾ ਉਚਾਰਣ ਵੀ ਵੱਖਰਾ ਹੋਏਗਾ ।

੧.ਇਸ ਤੁਕ ਵਿੱਚ ਗਲੀ ਦਾ ਅਰਥ ਹੈ - ਘਰ ਦੇ ਨੇੜੇ ਦਾ ਰਸਤਾ। ਉਚਾਰਣ -ਗਲੀ।

ਅਰਥ-ਮੈਨੂੰ ਦੱਸੋ, ਮੇਰਾ ਸੋਹਣਾ (ਪ੍ਰੀਤਮ) ਕਿਸ ਗਲੀ ਵਿੱਚ ਮਿਲੇਗਾ?

੨. ਇੱਥੇ ਗਲੀ ਦਾ ਅਰਥ ਹੈ- ਗਲੇ (ਗਰਦਨ) ਵਿੱਚ। ਉਚਾਰਣ ਬਿੰਦੀ ਲਗਾ ਕੇ --ਗਲੀਂ।

ਅਰਥ-ਜਿਨ੍ਹਾਂ ਦੇ ਗਲ੍ਹਾਂ ਵਿੱਚ ਮਾਲਾਵਾਂ ਹਨ ਅਤੇ ਹੱਥਾਂ ਵਿੱਚ ਲਿਸ਼ਕਾਏ ਹੋਏ ਲੋਟੇ ਹਨ।

੩. ਇਸ ਤੁਕ ਵਿੱਚ ਗਲੀ ਦਾ ਅਰਥ ਹੈ- ਗੱਲਾਂ। ਉਚਾਰਣ ਅੱਧਕ ਅਤੇ ਬਿੰਦੀ ਨਾਲ - ਗੱਲੀਂ ।


ਅਰਥ-ਨਿਰੀਆਂ ਗੱਲਾਂ ਕਰਨ ਨਾਲ ਪ੍ਰਭੂ-ਮਿਲਾਪ ਨਹੀਂ ਹੁੰਦਾ ।

ਹੁਣ ਉੱਪਰਲੀਆਂ ਪੰਕਤੀਆਂ ਨੂੰ ਪੜ੍ਹਨ ਸਮੇ ਜੇ ਅਰਥਾਂ ਨੂੰ ਧਿਆਨ ਵਿੱਚ ਨਾ ਲਿਆਂਦਾ ਜਾਵੇ, ਤਾਂ ਅਸੀਂ ਇਹ ਉਚਾਰਣ ਦਾ ਵਖਰੇਵਾਂ ਨਹੀਂ ਕਰਾਂਗੇ ਅਤੇ ਗੁਰਬਾਣੀ ਦੇ ਠੀਕ ਅਰਥ ਸਮਝ ਨਹੀਂ ਆ ਸਕਦੇ।

ਗੁਰੂ ਗ੍ਰੰਥ ਸਾਹਿਬ ਜੀ ਦਾ ਪਾਠ ਕਰ ਸਕਣਾ ਅਤੇ ਸ਼ੁੱਧ ਪਾਠ ਕਰ ਸਕਣਾ ਦੋ ਅਲੱਗ ਗੱਲਾਂ ਬਣ ਜਾਂਦੀਆਂ ਹਨ। ਮੁੱਖ ਕਾਰਨ ਇਹ ਹੈ ਕਿ ਬਾਣੀ ਦੇ ਲਿਖੇ ਜਾਣ ਤੋਂ ਅੱਜ ਦੇ ਸਮੇਂ ਤੱਕ ਭਾਸ਼ਾ ਵਿੱਚ ਬੇਅੰਤ ਤਬਦੀਲੀਆਂ ਲਿਖਣ ਅਤੇ ਬੋਲਣ ਪੱਖੋਂ ਆਈਆਂ ਹਨ।

ਭਾਸ਼ਾ ਹਮੇਸ਼ਾ ਵਿਕਾਸ ਕਰਦੀ ਆਈ ਹੈ ਅਤੇ ਸਮੇਂ ਦੇ ਬਦਲਣ ਨਾਲ ਇਸ ਵਿੱਚ ਤਬਦੀਲੀਆਂ ਆਉਣਾ ਸੁਭਾਵਿਕ ਵੀ ਹੈ। ਜਦੋਂ ਅਸੀਂ ਗੁਰਬਾਣੀ ਨੂੰ ਗੁਰੂ ਮੰਨਦੇ ਹਾਂ, ਤਾਂ ਜਰੂਰੀ ਹੈ ਕਿ ਅਸੀਂ ਹਰ ਸ਼ਬਦ ਨੂੰ, ਹਰ ਫੁਰਮਾਨ ਨੂੰ ਅਤੇ ਹਰ ਸਿੱਖਿਆ ਨੂੰ ਉਸ ਸਮੇਂ ਦੇ ਹਾਲਾਤਾਂ ਅਤੇ ਸੰਦਰਭ ਨੂੰ ਮੁੱਖ ਰੱਖ ਕੇ ਹੀ ਵਿਚਾਰ ਕਰੀਏ। ਤਦ ਹੀ ਅਸੀਂ ਠੀਕ ਅਰਥ ਸਮਝ ਸਕਦੇ ਹਾਂ। ਠੀਕ ਅਰਥ ਸਮਝ ਕੇ ਹੀ ਉਸ ਅਨੁਸਾਰ ਜੀਵਨ ਜਿਉਣ ਦੇ ਯਤਨ ਕੀਤੇ ਜਾਣੇ ਚਾਹੀਦੇ ਹਨ।ਹੇਠਾਂ ਅਸੀਂ "ਗੁਰਬਾਣੀ ਵਿਆਕਰਣ" ਨੂੰ ਸਿੱਖਣਾ ਕਿਉਂ ਜ਼ਰੂਰੀ ਹੈ ਅਤੇ "ਸ਼ੁੱਧ ਉਚਾਰਣ" ਬਾਰੇ ਜਾਨਣਾ ਕਿਉਂ ਜ਼ਰੂਰੀ ਹੈ, ਤੇ ਵਿਚਾਰ ਕਰਾਂਗੇ।

ਗੁਰਬਾਣੀ ਵਿਆਕਰਣ ਦੀ ਮਹੱਤਤਾ:- ਸਾਰੀ ਗੁਰਬਾਣੀ ਇੱਕ ਖਾਸ ਵਿਆਕਰਣ ਅਨੁਸਾਰ ਲਿਖੀ ਗਈ ਹੈ। ਇਹ ਗੱਲ ਬਹੁਤ ਹੈਰਾਨ ਕਰਨ ਵਾਲੀ ਵੀ ਹੈ ਕਿ ਵੱਖ ਵੱਖ ਸਮੇਂ ਅਤੇ ਵੱਖ ਵੱਖ ਥਾਵਾਂ ਤੇ ਲਿਖੀ ਗਈ ਬਾਣੀ ਕਿਵੇਂ ਇੱਕ ਖਾਸ ਪੈਟਰਨ ਦਾ ਪਾਲਣ ਕਰਦੀ ਹੈ। ਸਾਡੀ ਪੰਜਾਬੀ ਦੀ ਵਿਆਕਰਣ ਅਤੇ ਗੁਰਬਾਣੀ ਦੀ ਵਿਆਕਰਣ ਵਿੱਚ ਕਾਫੀ ਅੰਤਰ ਹੈ, ਜਿਸ ਦਾ ਇੱਕ ਵੱਡਾ ਕਾਰਨ ਇਹੀ ਹੈ ਕਿ ਸਮੇਂ ਨਾਲ ਭਾਸ਼ਾ ਨੇ ਵਿਕਾਸ ਕੀਤਾ ਹੈ ਅਤੇ ਹਰ ਨਵੀ ਪੀੜ੍ਹੀ ਨੇ ਆਪਣੇ ਸਮੇਂ ਦੀ ਭਾਸ਼ਾ ਦਾ



ਹੀ ਅਨੁਸਰਣ ਕਰਨਾ ਹੁੰਦਾ ਹੈ। ਬਹੁਤ ਡੂੰਘੇ ਵਿਸ਼ਲੇਸ਼ਣ ਵਿੱਚ ਨਾ ਵੀ ਪਈਏ, ਮੋਟੇ ਤੌਰ ਤੇ ਗੁਰਬਾਣੀ ਵਿਆਕਰਣ ਅਨੁਸਾਰ ਗੁਰਬਾਣੀ ਦੇ ਲਿਖੇ ਜਾਣ ਦੀਆਂ ਕੁਝ ਖਾਸ ਵਿਸ਼ੇਸ਼ਤਾਵਾਂ ਹਨ। ਉਹਨਾਂ ਦਾ ਜਿਕਰ ਕਰਨ ਤੋਂ ਪਹਿਲਾਂ ਗੁਰਬਾਣੀ ਦੇ ਪ੍ਰਮਾਣਿਤ ਟੀਕਾਕਾਰ ਅਤੇ ਗੁਰਬਾਣੀ ਵਿਆਕਰਣ ਦੀ ਖੋਜ ਕਰਨ ਵਾਲੇ ਪ੍ਰੋ. ਸਾਹਿਬ ਸਿੰਘ ਜੀ ਨੂੰ ਸ਼ਰਧਾ ਨਾਲ ਸਿਰ ਝੁਕਾ ਲਈਏ, ਜਿਹਨਾਂ ਨੇ ਕਈ ਸਾਲਾਂ ਦੀ ਮਿਹਨਤ ਤੋਂ ਬਾਅਦ ਗੁਰਬਾਣੀ ਵਿਆਕਰਣ ਲਿਖੀ ਅਤੇ ਉਹਨਾਂ ਨਿਯਮਾਂ ਅਨੁਸਾਰ ਗੁਰੂ ਗ੍ਰੰਥ ਸਾਹਿਬ ਜੀ ਦੇ ਅਰਥ ਕਰਕੇ "ਗੁਰੂ ਗ੍ਰੰਥ ਸਾਹਿਬ ਦਰਪਣ" ਸੰਸਾਰ ਦੀ ਝੋਲੀ ਪਾਇਆ। ਉਹਨਾਂ ਨੂੰ ਵਾਰ ਵਾਰ ਨਮਸਕਾਰ ਕਰਨ ਨੂੰ ਦਿਲ ਕਰਦਾ ਹੈ।

ਹੁਣ ਅਸੀਂ ਗੁਰਬਾਣੀ ਦੀਆਂ ਵਿਸ਼ੇਸ਼ਤਾਈਆਂ ਦੇਖੀਏ, ਜਿਹਨਾਂ ਦਾ ਗਿਆਨ ਸਾਨੂੰ ਗੁਰਬਾਣੀ ਵਿਆਕਰਣ ਹੀ ਕਰਵਾਉਂਦੀ ਹੈ--

* ਸਾਰੇ ਗੁਰੂ ਗ੍ਰੰਥ ਸਾਹਿਬ ਜੀ ਵਿੱਚ ਕਿਤੇ ਵੀ ਅੱਧਕ ਦੀ ਵਰਤੋਂ ਨਹੀਂ ਹੋਈ। ਇਸ ਦਾ ਕਾਰਨ ਇਹ ਹੈ ਕਿ ਗੁਰੂ ਕਾਲ ਤੱਕ ਅੱਧਕ ਦੀ ਖੋਜ ਹੀ ਨਹੀਂ ਸੀ ਹੋਈ। ਇਹ ਗੁਰੂ ਗੋਬਿੰਦ ਸਿੰਘ ਜੀ ਦੇ ਕਾਲ ਵਿੱਚ ਹੋਈ ਮੰਨੀ ਜਾਂਦੀ ਹੈ, ਜਿਸ ਕਾਰਨ ਦਸਮ ਗ੍ਰੰਥ ਅਤੇ ਬਾਅਦ ਦੀਆਂ ਲਿਖਤਾਂ ਵਿੱਚ ਅੱਧਕ ਦੀ ਵਰਤੋਂ ਮਿਲਦੀ ਹੈ।

* ਵਿਸ਼ਰਾਮ ਦੀ ਵਰਤੋਂ ਸਾਰੀ ਗੁਰਬਾਣੀ ਵਿੱਚ ਕਿਤੇ ਵੀ ਨਹੀਂ ਕੀਤੀ ਗਈ।ਕਿਸ ਥਾਂ ਤੇ ਵਿਸ਼ਰਾਮ ਦੇ ਕੇ ਪਾਠ ਕਰਨਾ ਹੈ, ਬਹੁਤ ਮਹੱਤਵਪੂਰਨ ਹੈ ਕਿਉਂਕਿ ਗਲਤ ਜਗ੍ਹਾ ਤੇ ਵਿਸਰਾਮ ਲਗਾ ਕੇ ਪੜ੍ਹਨ ਨਾਲ ਅਰਥਾਂ ਦੇ ਅਨਰਥ ਹੋ ਸਕਦੇ ਹਨ।

* ਗੁਰਬਾਣੀ ਵਿੱਚ ਬਹੁਤ ਥਾਵਾਂ ਤੇ ਔਂਕੜ ਅਤੇ ਸਿਹਾਰੀ ਵਾਧੂ ਲੱਗੀ ਹੋਈ ਜਾਪਦੀ ਹੈ। ਪਰ ਅਸਲ ਵਿੱਚ ਇਸ ਦੇ ਵੀ ਕਈ ਕਾਰਨ ਹਨ। ਇੱਕ ਕਾਰਨ ਆਮ ਤੌਰ ਤੇ ਇਹ ਦੱਸਿਆ ਜਾਂਦਾ ਹੈ ਕਿ ਪਹਿਲੇ ਸਮਿਆਂ ਵਿੱਚ ਗੁਰੂ ਗ੍ਰੰਥ ਸਾਹਿਬ ਦੀਆਂ ਬੀੜਾਂ ਵਿੱਚ ਪਦਛੇਦ ਨਹੀਂ ਸੀ। ਆਖਰੀ ਅੱਖਰ ਨੂੰ ਲੱਗੀ ਸਿਹਾਰੀ ਅਤੇ ਔਂਕੜ ਵੱਖ ਵੱਖ ਪਦਾਂ ਨੂੰ ਵੱਖਰੇ ਵੱਖਰੇ ਕਰਦੀ ਸੀ।ਪਰ ਅਸਲ ਵਿੱਚ ਗੁਰਬਾਣੀ ਦੇ ਵਿਆਕਰਣਿਕ ਪੱਖ ਤੋਂ ਔਂਕੜ ਅਤੇ ਸਿਹਾਰੀ ਲਗਾਏ ਜਾਣ ਦੇ ਕਾਫ਼ੀ ਕਾਰਨ ਹਨ।ਹਰ ਇੱਕ ਸ਼ਬਦ ਵਿੱਚ ਇਹ ਮਾਤਰਾਵਾਂ ਲੱਗਣ ਦਾ ਵੱਖਰਾ ਕਾਰਨ ਹੈ, ਜਿਸ ਨੂੰ ਵਿਆਕਰਣ ਦੇ ਨਿਯਮ ਸਿੱਖਣ ਸਮੇਂ ਹੀ ਜਾਣ ਸਕਦੇ ਹਾਂ।

* ਕਈ ਥਾਵਾਂ ਤੇ ਬਿੰਦੀ ਦੀ ਵਰਤੋਂ ਹੋਈ ਹੈ, ਕਈ ਥਾਵਾਂ ਤੇ ਨਹੀਂ ਵੀ ਹੋਈ। ਪਰ ਕਈ ਥਾਵਾਂ ਤੇ ਜਿੱਥੇ ਨਹੀਂ ਵੀ ਲੱਗੀ ਹੋਈ, ਉੱਥੇ ਅਸੀਂ ਬਿੰਦੀ ਲਗਾ ਕੇ ਹੀ ਉਚਾਰਣ ਕਰਨਾ ਹੈ, ਤਦ ਹੀ ਠੀਕ ਅਰਥ ਸੰਚਾਰ ਹੋ ਸਕਣਗੇ।

* ਕੁਝ ਸ਼ਬਦਾਂ ਵਿੱਚ ਇੱਕ ਹੀ ਅੱਖਰ ਨੂੰ ਔਂਕੜ ਵੀ ਲੱਗਿਆ ਹੋਇਆ ਹੈ ਅਤੇ ਉਸੇ ਨੂੰ ਹੋੜਾ ਵੀ ਲੱਗਿਆ ਹੋਇਆ ਹੈ। ਇਹ ਡੂੰਘੇ ਅਧਿਐਨ ਅਤੇ ਵਿਆਕਰਣ ਨਿਯਮ ਸਿੱਖਣ ਨਾਲ ਹੀ ਪਤਾ ਲੱਗੇਗਾ ਕਿ ਅਜਿਹਾ ਕਿਉਂ ਹੈ ਅਤੇ ਕਿਸ ਥਾਂ ਤੇ ਕਿਹੜੀ ਮਾਤਰਾ ਦਾ ਉਚਾਰਣ ਕਰਨਾ ਹੈ ਅਤੇ ਉਸਦੇ ਅਰਥ ਕੀ ਹਨ। ਉਦਾਹਰਣ ਲਈ ਕੁਝ ਸ਼ਬਦ ਦੇਖਦੇ ਹਾਂ--

ਚਾਰ -ਸੁੰਦਰ (ਇਸਤਰੀ ਲਿੰਗ)
ਚਾਰਿ-ਗਿਣਤੀ 4
ਚਾਰੁ- ਸੁੰਦਰ (ਪੁਲਿੰਗ)

* ਬਹੁਤ ਸਾਰੇ ਸ਼ਬਦ ਗੁਰਬਾਣੀ ਵਿੱਚ ਹੋਰ ਭਾਸ਼ਾਵਾਂ ਦੇ ਵੀ ਸ਼ਾਮਲ ਹਨ। ਉਹਨਾਂ ਦੇ ਤਤਸਮ ਅਤੇ ਤਤਭਵ ਦੋਵੇਂ ਰੂਪਾਂ ਦੀ ਵਰਤੋਂ ਗੁਰਬਾਣੀ ਵਿੱਚ ਹੋਈ ਹੈ। ਕੁਝ ਸ਼ਬਦ ਦੂਜੀਆਂ ਭਾਸ਼ਾਵਾਂ ਤੋਂ ਆਉਣ ਸਮੇਂ ਆਪਣੇ ਨਾਲ ਮਾਤਰਾਵਾਂ ਵੀ ਲੈ ਆਏ ਹਨ, ਜੋ ਉਸੇ ਤਰਾਂ ਕਾਇਮ ਹਨ। ਉਹਨਾਂ ਦੀ ਜਾਣਕਾਰੀ ਲਈ ਵੀ ਅਧਿਐਨ ਦੀ ਲੋੜ ਹੈ।

ਸ਼ੁੱਧ ਉਚਾਰਣ ਸਿੱਖਣ ਦੀ ਲੋੜ:- ਗੁਰਬਾਣੀ ਪੜ੍ਹਨ ਬਾਰੇ ਕੁਝ ਸ਼ਰਧਾਲੂ ਸਿੱਖਾਂ ਦਾ ਕਹਿਣਾ ਹੈ ਕਿ ਜਿਵੇਂ ਗੁਰਬਾਣੀ ਲਿਖੀ ਹੋਈ ਹੈ, ਹੂਬਹੂ ਉਸੇ ਤਰਾਂ ਉਚਾਰੀ ਜਾਵੇ। ਜਦਕਿ ਦੂਜੇ ਪਾਸੇ ਗੁਰਬਾਣੀ ਦੇ ਅਰਥ-ਬੋਧ ਨੂੰ ਜਾਨਣ ਵਾਲੇ ਵਿਦਵਾਨ ਕਹਿੰਦੇ ਹਨ ਕਿ ਗੁਰਬਾਣੀ ਦੇ ਉਚਾਰਣ ਸਮੇਂ ਵੀ ਉਸਦੇ ਅਰਥਾਂ ਨੂੰ ਧਿਆਨ ਵਿੱਚ ਰੱਖਦੇ ਹੋਏ ਹੀ ਉਚਾਰਣ ਕੀਤਾ ਜਾਵੇ। ਦੂਸਰੀ ਧਾਰਨਾ ਵਧੇਰੇ ਪ੍ਰਮਾਣਿਤ, ਵਿਗਿਆਨਕ ਅਤੇ ਠੀਕ ਹੈ। ਇਸ ਧਾਰਨਾ ਅਨੁਸਾਰ ਸਾਨੂੰ ਕਈ ਥਾਵਾਂ ਤੇ ਜਿੱਥੇ ਅੱਧਕ ਨਹੀਂ ਲੱਗਿਆ, ਲਗਾ ਕੇ ਉਚਾਰਣ ਕਰਨਾ ਚਾਹੀਦਾ ਹੈ। ਕੁਝ ਥਾਵਾਂ ਤੇ ਬਿੰਦੀ ਨਹੀਂ ਲੱਗੀ ਹੋਈ, ਪਰ ਸਾਨੂੰ ਉਸਦਾ ਉਚਾਰਣ ਬਿੰਦੀ ਸਹਿਤ ਕਰਨਾ ਚਾਹੀਦਾ ਹੈ। ਜਿਸ ਇੱਕ ਹੀ ਅੱਖਰ ਨੂੰ ਔਂਕੜ ਅਤੇ ਹੋੜਾ ਲੱਗਿਆ ਹੈ, ਉੱਥੇ ਦੋਹਾਂ ਦਾ ਤਾਂ ਉਚਾਰਣ ਹੋ ਨਹੀਂ ਸਕਣਾ। ਇਹ ਅਰਥ-ਬੋਧ ਅਤੇ ਵਿਆਕਰਣਿਕ ਨਿਯਮਾਂ ਦਾ ਗਿਆਨ ਹੀ ਦੱਸੇਗਾ ਕਿ ਕਿਸ ਥਾਂ ਤੇ ਕਿਹੜੀ ਮਾਤਰਾ ਉਚਾਰੀ ਜਾਣੀ ਹੈ।

ਉਦਾਹਰਣਾਂ :--

ਬਾਕੀ ਹਿਸਾ ਸਫ਼ਾ 58 ਤੇ ਪੜ੍ਹੋ

57 ਸਫ਼ੇ ਦੀ ਬਾਕੀ

1. ਸਮੇਂ ਅਤੇ ਸਥਾਨ ਦੀ ਸੀਮਾ ਨੂੰ ਧਿਆਨ ਵਿੱਚ ਰੱਖਦੇ ਹੋਏ ਅਸੀਂ ਚੰਦ ਉਦਾਹਰਣਾਂ ਹੀ ਲਵਾਂਗੇ, ਜਿਹਨਾਂ ਨਾਲ ਗੁਰਬਾਣੀ ਵਿਆਕਰਣ ਅਤੇ ਸ਼ੁੱਧ ਉਚਾਰਣ ਦੀ ਮਹੱਤਤਾ ਅਤੇ ਲੋੜ ਦਾ ਆਭਾਸ ਹੋ ਜਾਵੇ।

* ਆਹਰ ਸਭਿ ਕਰਦਾ ਫਿਰੈ ਆਹਰੁ ਇਕ ਨ ਹੋਇ ॥

ਨਾਨਕ ਜਿਤੁ ਆਹਰਿ ਜਗੁ ਉਧਰੈ ਵਿਰਲਾ ਬੂਝੈ ਕੋਇ ॥ ( ਮ:੫ ,ਪੰਨਾ ੯੬੫)

(ਇਨਸਾਨ ਸਾਰੇ ਉਪਰਾਲੇ ਕਰਦਾ ਫਿਰਦਾ ਹੈ, ਪਰ ਉਹ ਆਪਣੇ ਸੁਆਮੀ ਨੂੰ ਮਿਲਣ ਦਾ ਉਹ ਇੱਕ ਉਪਰਾਲਾ ਨਹੀਂ ਕਰਦਾ। ਨਾਨਕ ਕੋਈ ਟਾਵਾਂ ਟੱਲਾ ਪੁਰਸ਼ ਉਸ ਉਪਰਾਲੇ ਨੂੰ ਅਨੁਭਵ ਕਰਦਾ ਹੈ, ਜਿਸ ਦੁਆਰਾ ਜਗਤ ਦਾ ਪਾਰ ਉਤਾਰਾ ਹੁੰਦਾ ਹੈ।)

ਉਪਰੋਕਤ ਫੁਰਮਾਨ ਵਿੱਚ ਆਹਰ ਸ਼ਬਦ ਦੇ ਤਿੰਨ ਰੂਪ ਆਏ ਹਨ---ਆਹਰੁ, ਆਹਰ, ਆਹਰਿ ॥ ਹਰ ਇੱਕ ਸ਼ਬਦ ਦਾ ਅਰਥ ਅਲੱਗ ਅਲੱਗ ਹੈ।

ਆਹਰੁ= ਉਪਰਾਲਾ (ਇੱਕ ਵਚਨ)

ਆਹਰ = ਉਪਰਾਲੇ (ਬਹੁ ਵਚਨ)

ਆਹਰਿ= ਉਹ ਖਾਸ ਉਪਰਾਲਾ, ਜਿਸ ਨਾਲ ਪਾਰ ਉਤਾਰਾ ਹੁੰਦਾ ਹੈ।

2. ਗੁਰਬਾਣੀ ਫੁਰਮਾਨ ਹੈ --

ਭਿਸਤਿ ਨਜੀਕਿ ਰਾਖੁ ਰਹਮਾਨਾ।

(ਕਬੀਰ ਜੀ, ਪੰਨਾ ੧੧੬੧)

(ਮੈਨੂੰ ਆਪਣੇ ਨੇੜੇ ਰੱਖ, ਹੇ ਮਿਹਰਬਾਨ ਮਾਲਕ ! ਮੇਰੇ ਲਈ ਉਹ ਹੀ ਬਹਿਸ਼ਤ ਹੈ)

ਇਸ ਪੰਕਤੀ ਵਿੱਚ ਕਿਤੇ ਵੀ ਵਿਸ਼ਰਾਮ ਨਹੀਂ ਲੱਗਿਆ ਹੋਇਆ ।(ਸਾਰੀ ਗੁਰਬਾਣੀ ਵਿੱਚ ਕਿਤੇ ਵੀ ਵਿਸ਼ਰਾਮ ਨਹੀਂ ਹੈ)।ਜੇ ਉਪਰੋਕਤ ਪੰਕਤੀ ਨੂੰ ਨਜ਼ੀਕਿ ਤੋਂ ਬਾਅਦ ਵਿਸਰਾਮ ਲਗਾ ਕੇ ਪੜ੍ਹਿਆ ਜਾਵੇ, ਤਾਂ ਅਰਥ ਬਣਨਗੇ, ਹੇ ਮਾਲਕ ਮੈਨੂੰ ਬਹਿਸ਼ਤ (ਸਵਰਗ) ਦੇ ਨੇੜੇ ਰੱਖ ! ਇਹ ਅਰਥ ਪੂਰੇ ਗੁਰਮਤਿ ਸਿਧਾਂਤ ਦੇ ਵਿਰੁੱਧ ਜਾ ਰਹੇ ਹਨ। ਕਿਉਂਕਿ ਗੁਰਬਾਣੀ ਸਵਰਗ-ਨਰਕ ਨੂੰ ਰੱਦ ਕਰਦੀ ਹੈ।

ਸੁਰਗ ਬਾਸੁ ਨ ਬਾਛੀਐ

ਡਰੀਐ ਨ ਨਰਕਿ ਨਿਵਾਸ॥

ਹੋਨਾ ਹੈ ਸੋ ਹੋਈ ਹੈ

ਮਨਹਿ ਨ ਕੀਜੈ ਆਸ॥

(ਗਉੜੀ ਪੂਰਬੀ, ਪੰਨਾ ੩੩੭)

ਇਸ ਦੇ ਅਸਲ ਅਰਥ ਤਦ ਹੀ ਬਣਨਗੇ ਜੇ ਭਿਸਤਿ ਦੇ ਤੁਰੰਤ ਬਾਅਦ ਵਿਸ਼ਰਾਮ ਲਗਾ ਕੇ ਪੜ੍ਹੀਏ। ਠੀਕ ਅਰਥ ਹੋਣਗੇ, ਕਿ ਹੇ ਪ੍ਰਭੂ ! ਮੈਨੂੰ ਆਪਣੇ ਨਜ਼ਦੀਕ ਰੱਖ, ਇਹੀ ਮੇਰੇ ਲਈ ਬਹਿਸ਼ਤ ਹੈ।

ਇਸ ਤਰਾਂ ਇੱਕ ਵਿਸ਼ਰਾਮ ਗਲਤ ਜਗ੍ਹਾ ਲਗਾ ਕੇ ਪੜ੍ਹਨ ਨਾਲ ਅਰਥਾਂ ਦੇ ਅਨਰਥ ਹੋ ਜਾਣਗੇ॥

3. ਸਤੇ ਬਲਵੰਡ ਦੁਆਰਾ ਲਿਖੀ ਗਈ ਰਾਮਕਲੀ ਦੀ ਵਾਰ ਵਿਚ ਪੰਕਤੀ ਹੈ।

ਪੁਤ੍ਰੀ ਕਉਲੁ ਨ ਪਾਲਿਓ

ਕਰਿ ਪੀਰਹੁ ਕੰਨ ਮੁਰਟੀਐ ॥

ਦਿਲ ਖੋਟੈ ਆਕੀ ਫਿਰਨਿ

ਬੰਨਿ ਭਾਰੁ ਉਚਾਇਨਿ ਛਟੀਐ॥

(ਰਾਮਕਲੀ ਕੀ ਵਾਰ ਰਾਇ ਬਲਵੰਡਿ ਤਥਾ ਸਤੈ ਡੂਮਿ ਆਖੀ, ਪੰਨਾ ੯੬੫)

(ਗੁਰਾਂ ਦੇ ਪੁੱਤਰਾਂ ਨੇ ਗੁਰਾਂ ਦਾ ਬਚਨ ਨਾ ਮੰਨਿਆ ਅਤੇ ਟਿਕੇ ਹੋਏ ਗੁਰਾਂ ਦੀ ਪਰਵਾਹ ਨਾ ਕੀਤੀ। ਖੋਟੇ ਦਿਲ ਵਾਲੇ ਪੁੱਤਰ ਆਕੀ ਹੋ ਗਏ ਅਤੇ ਪਾਪਾਂ ਦੀ ਡੱਟ ਦਾ ਬੋਝ ਬਣਾ, ਇਸ ਨੂੰ ਆਪਣੇ ਸਿਰ ਤੇ ਚੁੱਕ ਤੁਰੇ।)

ਇਸ ਪੰਕਤੀ ਵਿਚ ਜੇ ਲਿਖੇ ਹੋਏ ਅਨੁਸਾਰ ਪੁਤ੍ਰੀ ਹੀ ਪੜ੍ਹਿਆ ਜਾਵੇ ਤਾਂ ਪੁੱਤਰੀ ਬਣੇਗਾ ਜਿਸ ਦੇ ਅਰਥ ਹਨ "ਧੀ"। ਪਰ ਆਪਾਂ ਸਾਰੇ ਇਤਿਹਾਸ ਤੋਂ ਵਾਕਫ਼ ਹਾਂ ਕਿ ਗੁਰੂ ਨਾਨਕ ਦੇਵ ਜੀ ਦੇ ਕੋਈ ਪੁੱਤਰੀ ਨਹੀਂ ਸੀ। ਇਸ ਲਈ ਅਰਥਾਂ ਦੇ ਅਨਰਥ ਹੋਣ ਤੋਂ ਬਚਣ ਲਈ ਸ਼ਬਦ ਪੁਤ੍ਰੀ ਨੂੰ ਆਪਣੇ ਕੋਲੋਂ ਬਿੰਦੀ ਲਗਾ ਕੇ ਪੁਤਰੀਂ ਉਚਾਰਣ ਕਰਨਾ ਪਵੇਗਾ। ਪੁਤਰੀਂ ਯਾਨੀ ਪੁੱਤਰਾਂ ਨੇ।

ਇਹ ਕੁਝ ਉਦਾਹਰਣਾਂ ਹਨ। ਇਸ ਤਰਾਂ ਦੇ ਸੈਂਕੜੇ ਫੁਰਮਾਨ ਗੁਰੂ ਗ੍ਰੰਥ ਸਾਹਿਬ ਜੀ ਵਿਚ ਹਨ, ਜਿੱਥੇ ਸਾਨੂੰ ਆਪਣੀ ਬੁੱਧੀ ਨੂੰ ਵਰਤ ਕੇ ਉਚਾਰਣ ਕਰਨਾ ਪਵੇਗਾ। ਗੁਰੂ ਗ੍ਰੰਥ ਸਾਹਿਬ ਜੀ ਦਾ ਇਹ ਸਤਿਕਾਰ ਹੀ ਹੈ, ਜੇ ਅਸੀਂ ਸ਼ਬਦ ਨੂੰ ਠੀਕ ਅਰਥ ਵਾਲੇ ਰੂਪ ਵਿੱਚ ਪੜ੍ਹ ਰਹੇ ਹੋਈਏ। ਇਸ ਵਿਚ ਕੋਈ ਬੁਰਾ ਨਹੀਂ ਅਤੇ ਨਾ ਹੀ ਇਸ ਨਾਲ ਕਿਸੇ ਵੀ ਤਰਾਂ ਗੁਰਬਾਣੀ ਦੀ ਬੇਅਦਬੀ ਹੋਏਗੀ। ਸਗੋਂ ਇਸ ਨਾਲ ਤਾਂ ਸਤਿਕਾਰ ਵਧੇਗਾ। ਸਾਨੂੰ ਗੁਰੂ ਸਾਹਿਬ ਜੀ ਨੇ ਹੁਕਮ ਵੀ ਕੀਤਾ ਹੈ---

ਅਕਲੀ ਸਾਹਿਬੁ ਸੇਵੀਐ

ਅਕਲੀ ਪਾਈਐ ਮਾਨੁ॥

ਅਕਲੀ ਪੜ੍ਹਿ ਕੈ ਬੁਝੀਐ

ਅਕਲੀ ਕੀਚੈ ਦਾਨੁ॥

(ਸਲੋਕ ਮਹਲਾ ੧, ਪੰਨਾ ੧੨੪੫)

ਗੁਰੂ ਪਾਤਸ਼ਾਹ ਬਖਸ਼ਿਸ਼ ਕਰਨ, ਅਸੀਂ ਅੰਨ੍ਹੀ ਸ਼ਰਧਾ ਤੋਂ ਦੂਰ ਹੋ ਕੇ ਗਿਆਨ ਦਾ ਦੀਵਾ ਜਗਾਈਏ।ਗਿਆਨ ਨਾਲ ਬਾਣੀ ਨੂੰ ਪੜ੍ਹੀਏ, ਸਮਝੀਏ ਅਤੇ ਹੋਰ ਸਿੱਖਾਂ ਵਿਚ ਪ੍ਰਚਾਰ ਕਰੀਏ।

ਗੁਰਬਾਣੀ ਵਿਆਕਰਣ ਦੇ ਨਿਯਮ ਸਿੱਖਣ ਲਈ ਅੱਜ ਕਾਫੀ ਕਿਤਾਬਾਂ ਵੀ ਮਿਲਦੀਆਂ ਹਨ। ਜਿਹਨਾਂ ਵਿੱਚ ਪ੍ਰੋ. ਸਾਹਿਬ ਸਿੰਘ ਜੀ, ਪ੍ਰਿੰ. ਤੇਜਾ ਸਿੰਘ ਜੀ, ਭਾਈ ਸਾਹਿਬ ਭਾਈ ਰਣਧੀਰ ਸਿੰਘ ਜੀ, ਸਿੱਖ ਮਿਸ਼ਨਰੀ ਕਾਲਜ ਆਦਿ ਦੀਆਂ ਪੁਸਤਕਾਂ ਉਪਲੱਬਧ ਹਨ।

ਇਹਨਾਂ ਪੁਸਤਕਾਂ ਦਾ ਅਧਿਐਨ ਵੀ ਸਾਨੂੰ ਵਧੀਆ ਗਿਆਨ ਦਿੰਦਾ ਹੈ। ਗੁਰਬਾਣੀ ਵਿਆਕਰਣ ਅਤੇ ਸ਼ੁੱਧ ਉਚਾਰਣ ਦਾ ਆਨ ਲਾਈਨ ਕੋਰਸ ਭਾਈ ਅਵਿਨਾਸ਼ ਸਿੰਘ ਜੀ, (+923337827879) ਪਾਕਿਸਤਾਨ ਤੋਂ ਕਰਵਾ ਰਹੇ ਹਨ। ਜੋ ਕਿ ਬਹੁਤ ਹੀ ਵਧੀਆ ਢੰਗ ਨਾਲ ਅਭਿਆਸ ਵੀ ਕਰਵਾਉਂਦੇ ਹਨ ਅਤੇ ਬਾਕਾਇਦਾ ਪ੍ਰੀਖਿਆ ਵੀ ਲੈਂਦੇ ਹਨ। ਸੱਚਮੁੱਚ ਗੰਭੀਰ ਸਿਖਿਆਰਥੀਆਂ ਲਈ ਇਹ ਕੋਰਸ ਕਾਫੀ ਲਾਭਦਾਇਕ ਹੈ।

(ਦਾਸ ਨੇ ਇਹ ਕੋਰਸ ਉਹਨਾਂ ਤੋਂ ਕੀਤਾ ਹੈ)। ਹੋਰ ਵੀ ਵਿਅਕਤੀ ਜਾਂ ਸੰਸਥਾਵਾਂ ਇਹ ਕੋਰਸ ਕਰਵਾਉਂਦੀਆਂ ਹੋ ਸਕਦੀਆਂ ਹਨ,ਜਿਹਨਾਂ ਬਾਰੇ ਮੈਨੂੰ ਬਹੁਤਾ ਗਿਆਨ ਨਹੀਂ ਹੈ। ਗੁਰਮਤਿ ਨਾਲ ਪਿਆਰ ਕਰਨ ਵਾਲੇ ਅਤੇ ਗੁਰਮਤਿ ਜੀਵਨ ਜਿਉਣ ਦੀ ਤਾਂਘ ਰੱਖਣ ਵਾਲੇ ਹਰ ਗੁਰਸਿੱਖ ਨੂੰ ਗੁਰਬਾਣੀ ਵਿਆਕਰਣ ਅਤੇ ਸ਼ੁੱਧ ਉਚਾਰਣ ਸਿੱਖਣ ਦੀ ਡਾਢੀ ਲੋੜ ਹੈ।

*********

# ਵੱਧ ਰਹੀ ਟ੍ਰੈਫਿਕ ਦੀ ਸਮੱਸਿਆ

ਗੁਰਿੰਦਰ ਕਲੇਰ



ਦਿਨੋ-ਦਿਨ ਵਾਹਨਾਂ ਦੀ ਗਿਣਤੀ ਵੱਧ ਰਹੀ ਹੈ। ਇਸ ਵਧੀ ਹੋਈ ਗਿਣਤੀ ਕਾਰਨ ਛੋਟੇ-ਵੱਡੇ ਸ਼ਹਿਰਾਂ ਵਿੱਚੋਂ ਲੰਘਣਾ ਬਹੁਤ ਹੀ ਮੁਸ਼ਕਲ ਹੋਈ ਜਾ ਰਿਹਾ ਹੈ। ਇਸ ਵੱਧ ਰਹੀ ਟ੍ਰੈਫਿਕ ਲਈ ਅਸੀ ਤੇ ਸਰਕਾਰ ਬਰਾਬਰ ਦੇ ਜਿੰਮੇਵਾਰ ਹਾਂ। ਅਸੀ ਨੇੜੇ ਤੋਂ ਨੇੜੇ ਜਾਣਾ ਹੋਵੇ ਤਾਂ ਵੀ ਵਾਹਨ ਦੀ ਵਰਤੋਂ ਕਰਦੇ ਹਾਂ। ਬਾਰਾਂ - ਤੇਰਾ ਸਾਲ ਦੇ ਬੱਚੇ ਆਮ ਹੀ ਮੋਟਰਸਾਈਕਲ, ਐਕਟਿਵਾ, ਸਕੂਟਰ ਆਦਿ ਚਲਾਉਂਦੇ ਦਿਸ ਪੈਂਦੇ ਹਨ। ਕਈ ਤਾਂ ਬਿਨਾਂ ਲਾਇਸੈਂਸ ਕਾਰ ਵੀ ਬਿਨਾ ਕਿਸੇ ਡਰ ਖੋਫ ਤੋਂ ਭਜਾਉਂਦੇ ਹਨ। ਕਈ ਮਾਪੇ ਆਪਣੇ ਨਾਬਾਲਗ ਬੱਚੇ ਨੂੰ ਵਾਹਨ ਚਲਾਉਦਾ ਦੇਖ ਕੇ ਖੁਸ਼ ਹੁੰਦੇ ਹਨ। ਜਦ ਕਿ ਇਹ ਬਹੁਤ ਵੱਡੀ ਗਲਤੀ ਹੈ।ਜਿਹੜੀ ਕਿ ਸਾਡੇ ਆਪਣੇ ਬੱਚੇ ਜਾ ਕਿਸੇ ਹੋਰ ਲਈ ਜਾਨਲੇਵਾ ਸਾਬਤ ਹੋ ਸਕਦੀ ਹੈ। ਜਿਆਦਾ

ਸੜਕ ਦੁਰਘਟਨਾਵਾ ਦੇ ਸਿਕਾਰ ਜਵਾਨ ਬੱਚੇ ਹੋ ਰਹੇ ਹਨ। ਪਿਛਲੇ ਸਾਲ ਸਾਡੇ ਦੇਸ਼ ਵਿੱਚ ਸੜਕ ਦੁਰਘਟਨਾਵਾ ਵਿੱਚ 168491 ਲੋਕਾਂ ਦੀ ਮੋਤ ਹੋਈ ਅਤੇ 443366 ਲੋਕ ਜਖ਼ਮੀ ਹੋ ਗਏ। ਜੇਕਰ ਦੁਨੀਆ ਪੱਧਰ ਦੀ ਗੱਲ ਕੀਤੀ ਜਾਵੇ ਤਾਂ ਹਰੇਕ ਮਿੰਟ ਵਿੱਚ ਔਸਤਨ ਸੜਕ ਦੁਰਘਟਨਾਵਾਂ ਨਾਲ ਦੋ ਮੋਤਾਂ ਹੋ ਰਹੀਆ ਹਨ। ਬਿਨਾਂ ਰਿਫਲੈਕਟਰ ਰੇਤੇ -ਬਜਰੀ , ਤੂੜੀ ਅਤੇ ਕਮਾਦ ਨਾਲ ਲੱਦੀਆਂ ਓਵਰਲੋਡ ਟਰੈਕਟਰ ਟਰਾਲੀਆ ਤੇ ਉਹਨਾ ਤੇ ਵੱਜ ਰਹੇ ਉਚੀ ਆਵਾਜ਼ ਵਿਚ ਗੀਤ, ਸੜਕ ਤੇ ਗਲਤ ਹੱਥ ਚੱਲਦੇ ਲੋਕ, ਗਲਤ ਸੜਕ ਪਾਰ ਕਰਨੀ, ਬੁਲਟ ਮੋਟਰਸਾਈਕਲ ਦੇ ਸਲੰਸਰ ਲਵਾਂ ਕੇ ਉੱਚੀ ਆਵਾਜ ਕਰਨੀ ਤੇ ਪਟਾਕੇ ਪਵਾਉਣੇ, ਹੈਲਮਟ ਨਾ ਪਾਉਣਾ, ਕਾਰ ਆਦਿ ਚਲਾਉਂਦੇ ਸਮੇਂ ਸੀਟ ਬੈਲਟ ਨਾ ਲਗਾਉਣੀ ਆਦਿ ਨੂੰ ਲੋਕ ਗਲਤੀ ਹੀ ਨਹੀ ਸਮਝਦੇ। ਸੜਕਾਂ ਤੇ ਵੱਡੇ ਤੇ ਡੂੰਘੇ ਟੋਏ , ਵਧੀ



ਹੋਈ ਵਾਹਨਾਂ ਦੀ ਸੰਖਿਆਂ ਅਨੁਸਾਰ ਸੜਕਾਂ ਦੀ ਘੱਟ ਚੋੜਾਈ , ਸੜਕਾਂ ਤੇ ਅਢੁਕਵੇਂ ਵਾਹਨ ਖੜੇ ਕਰਨਾ , ਫਲਾਂ ਸਬਜ਼ੀ ਦੀਆ ਰੇੜੀਆਂ, ਦੁਕਾਨਾਂ ਤੋਂ ਬਾਹਰ ਸੜਕ ਜਾਂ ਸੜਕ ਦੀ ਬਰਮ (ਕੰਢੇ) ਤੇ ਸਾਮਾਨ ਲਗਾਇਆ ਹੋਇਆ ਆਦਿ ਦੁਰਘਟਨਾਵਾਂ ਦੇ ਮੁੱਖ ਕਾਰਨ ਹਨ। ਬਹੁਤ ਵਾਰ ਇਹ ਵੀ ਦੇਖਣ ਨੂੰ ਮਿਲ ਜਾਦਾ ਹੈ ਕਿ ਗਲਤੀ ਕਰਨ ਵਾਲਾ ਵਿਅਕਤੀ ਦੂਸਰੇ ਨਾਲ ਨਜਾਇਜ਼ ਹੀ ਝਗੜੀ ਜਾਵੇਗਾ। ਆਪ ਗਲਤ ਹੋਣ ਦੇ ਬਾਵਜੂਦ ਕਸੂਰ ਦੂਸਰੇ ਦਾ ਕੱਢੀ ਜਾਵੇਗਾ। ਬਹੁਤ ਵਾਰ ਬੇਕਸੂਰ ਨੂੰ ਪੇਰਸਾਨੀ ਦਾ ਸਾਹਮਣਾ ਕਰਨਾ ਪੈਦਾ ਹੈ। ਜੇਕਰ ਸੜਕਾਂ ਤੇ ਵਾਹਨਾ ਦੀ ਗਿਣਤੀ ਤੇ ਝਾਤੀ ਮਾਰੀਏ ਤਾਂ ਟ੍ਰੈਫਿਕ ਪੁਲਿਸ ਦੀ ਗਿਣਤੀ ਆਟੇ ਵਿੱਚ ਲੂਣ ਬਰਾਬਰ ਹੈ। ਸੜਕਾਂ ਅਤੇ ਚੋਕਾ ਤੇ ਕੈਮਰਿਆਂ ਦਾ ਪ੍ਰਬੰਧ ਵੀ ਬਹੁਤਾਂ ਵਧੀਆ ਨਹੀ ਹੈ। ਸਰਕਾਰ ਨੂੰ ਇਸ ਟਰੈਫਿਕ ਦੀ ਸਮੱਸਿਆ ਨੂੰ ਗੰਭੀਰਤਾ ਨਾਲ ਲੈਣਾ ਚਾਹੀਦਾ ਹੈ। ਟ੍ਰੈਫਿਕ

ਪੁਲਿਸ ਨੂੰ ਸਖਤ ਹਦਾਇਤਾਂ ਦੇਣੀਆਂ ਚਾਹੀਦੀਆਂ ਹਨ ਕਿ ਜੇਕਰ ਕੋਈ ਟ੍ਰੈਫਿਕ ਨਿਯਮ ਭੰਗ ਕਰਦਾ ਹੈ ਤਾਂ ਉਸ ਨਾਲ ਨਰਮੀ ਨਾ ਵਰਤੀ ਜਾਵੇ। ਪੁਲਿਸ ਵੱਲੋਂ ਗਲਤੀ ਕਰਨ ਵਾਲੇ ਦੀ ਵੀਡੀਓਗ੍ਰਾਫੀ ਕੀਤੀ ਜਾਵੇ ਤਾ ਜੋ ਗਲਤੀ ਕਰਨ ਵਾਲਾ ਇਹ ਨਾ ਕਹਿ ਸਕੇ ਕਿ ਪੁਲਿਸ ਉਸ ਨਾਲ ਨਜਾਇਜ਼ ਕਰ ਰਹੀ ਹੈ ਜਾਂ ਰਿਸ਼ਵਤ ਮੰਗ ਰਹੀ ਹੈ। ਪੁਲਿਸ ਮੁਲਾਜ਼ਮਾ ਨੂੰ ਵੀ ਸਖਤ ਹਦਾਇਤ ਹੋਣੀ ਚਾਹੀਦੀ ਹੈ ਕਿ ਕਿਸੇ ਨੂੰ ਕੁੱਟਿਆ ਮਾਰਿਆ ਜਾ ਗਲਤ ਨਾ ਬੋਲਿਆ ਜਾਵੇ। ਕਾਨੂੰਨੀ ਕਾਰਵਾਈ ਜ਼ੁਰਮਾਨਾ ਆਦਿ ਹੀ ਕੀਤਾ ਜਾਵੇ। ਜਿਆਦਾਤਰ ਇਹ ਵੀ ਹੁੰਦਾ ਹੈ ਕਿ ਜੇਕਰ ਕਿਸੇ ਦਾ ਚਲਾਨ ਪੁਲਿਸ ਕਰਨ ਲਗਦੀ ਹੈ ਤਾਂ ਕਸੂਰਵਾਰ ਵਿਅਕਤੀ ਮੋਬਾਈਲ ਤੇ ਕਿਸੇ ਸਿਆਸੀ ਵਿਅਕਤੀ ਨਾਲ ਗੱਲ ਕਰਵਾਉਣ ਲੱਗ ਪੈਦਾ ਹੈ। ਲੀਡਰ ਸਾਬ ਉਸ ਨੂੰ ਜੁਰਮਾਨਾ ਪੈਣ ਤੋਂ ਬਚਾਅ ਲੈਂਦੇ ਹਨ। ਇਸ ਤਰਾਂ ਦੇ ਲੋਕਾਂ ਦੀ ਸਿਫਾਰਿਸ਼ ਨਹੀ ਕਰਨੀ ਚਾਹੀਦੀ ਜੋ ਕਾਨੂੰਨ ਦੀ ਪ੍ਰਵਾਹ ਨਾ ਕਰਦੇ ਹੋਏ ਸੜਕਾਂ ਤੇ ਮੌਤ ਵੰਡਦੇ ਫਿਰਦੇ ਹਨ। ਸਰਕਾਰ ਵੱਲੋ ਰੇਡੀਓ ਸਟੇਸ਼ਨਾਂ ਅਤੇ ਟੈਲੀਵਿਜ਼ਨ ਚੈਨਲਾਂ ਨੂੰ ਇਹ ਹਦਾਇਤ ਕਰਨੀ ਚਾਹੀਦੀ ਹੈ ਕਿ ਉਹ ਟ੍ਰੈਫਿਕ ਨਿਯਮਾਂ ਨਾਲ ਸਬੰਧਿਤ ਛੋਟੇ ਛੋਟੇ ਕਲਿਪ ਪੇਸ਼ ਕਰਿਆ ਕਰਨ। ਡਰਾਈਵਿੰਗ ਲਾਇਸੰਸ ਦਾ ਲਿਖਤੀ ਅਤੇ ਪੈਕਟੀਕਲ ਟੈਸਟ ਪੂਰੀ ਬਰੀਕੀ ਤੇ ਇਮਾਨਦਾਰੀ ਨਾਲ ਹੋਣਾ ਚਾਹੀਦਾ ਹੈ। ਕਈ ਲੋਕ ਏਜੰਟਾਂ ਰਾਹੀ ਬਿਨਾ ਟੈਸਟ ਦਿੱਤਿਆ ਵੱਧ ਪੈਸੇ ਦੇ ਕੇ ਡਰਾਈਵਿੰਗ ਲਾਇਸੰਸ ਬਣਾ ਲੈਂਦੇ ਹਨ। ਇਹ ਆਮ ਹੀ ਸੁਣਨ ਨੂੰ ਮਿਲ ਜਾਂਦਾ ਹੈ। ਲੋੜ ਹੈ ਟ੍ਰੈਫਿਕ ਨਿਯਮਾ ਨੂੰ ਸਖਤੀ ਨਾਲ ਲਾਗੂ ਕਰਨ ਦੀ । ਇਸ ਦੇ ਨਾਲ-ਨਾਲ ਜਿਹੜੇ ਸੜਕਾਂ ਤੇ ਵੱਡੇ ਵੱਡੇ ਟੋਏ ਪਏ ਹਨ ਸਰਕਾਰ ਨੂੰ ਪਹਿਲ ਦੇ ਆਧਾਰ ਤੇ ਉਹਨਾ ਦੀ ਮੁਰੰਮਤ ਕਰਨੀ ਚਾਹੀਦੀ ਹੈ। ਕਿਉਂਕਿ ਹਰ ਜਾਨ ਅਨਮੋਲ ਹੈ ਅਤੇ ਹਰੇਕ ਵਿਅਕਤੀ ਦਾ ਪਰਿਵਾਰ ਉਸ ਨੂੰ ਉਡੀਕ ਰਿਹਾ ਹੈ।

ਪਿੰਡ/ਡਾਕ-ਕਲੇਰ ਕਲਾਂ
(ਗੁਰਦਾਸਪੁਰ)
ਮੋਬਾਈਲ ਨੰਬਰ 9914538888

# ਇਟਲੀ ਦੇ ਹਰ ਸਾਲ ਖੁੱਲਦੇ ਪੇਪਰ, ਜਿਵੇਂ ਤਾਂਤਰਿਕ ਬਾਬਿਆਂ ਦਾ ਪ੍ਰਚਾਰ

## ✪ ਹੁੰਦੇ ਹਨ ਹਰ ਸਾਲ ਹਜ਼ਾਰਾਂ ਨੌਜਵਾਨ ਲੱਖਾਂ ਦੀ ਲੁੱਟ ਦਾ ਸ਼ਿਕਾਰ




ਰੋਮ ਇਟਲੀ (ਗੁਰਸ਼ਰਨ ਸਿੰਘ ਸੋਨੀ)- ਬੇਸ਼ਕ ਇਟਲੀ ਦਾ ਨੌਜਵਾਨ ਅੱਜ ਬਿਹਤਰ ਭੱਵਿਖ ਲਈ ਇਟਲੀ ਨੂੰ ਅਲਵਿਦਾ ਆਖ ਰਿਹਾ ਹੈ ਇਟਲੀ ਦੀ ਰਾਸ਼ਟਰੀ ਅੰਕੜਾ ਏਜੰਸੀ ਇਸਤਤ ਅਨੁਸਾਰ ਪਿਛਲੇ 2 ਦਹਾਕਿਆਂ ਦੌਰਾਨ ਦੇਸ਼ ਦੇ 30 ਲੱਖ ਨੌਜਵਾਨਾਂ ਨੇ ਬੇਰੁਜ਼ਗਾਰੀ ਕਾਰਨ ਇਟਲੀ ਤੋਂ ਕਿਨਾਰਾ ਕਰ ਲਿਆ ਹੈ ਪਰ ਇਸ ਦੇ ਬਾਵਜੂਦ ਪ੍ਰਵਾਸੀਆਂ ਦਾ ਇਟਲੀ ਵਿਚ ਧੜਾਧੜ ਗੈਰ ਕਾਨੂੰਨੀ ਢੰਗ ਨਾਲ ਆਉਣਾ ਇਟਲੀ ਸਰਕਾਰ ਨੂੰ ਸੋਚਣ ਲਈ ਮਜ਼ਬੂਰ ਕਰਦਾ ਹੈ ਕਿ ਆਖ਼ਿਰ ਕਿਉਂ ਪ੍ਰਵਾਸੀ ਇੰਨੀ ਵੱਡੀ ਤਦਾਦ ਵਿੱਚ ਇਟਲੀ ਆ ਰਹੇ ਹਨ।

ਇਟਲੀ ਸਰਕਾਰ ਨੇ ਪ੍ਰਵਾਸੀਆਂ ਦੀ ਇਹੀ ਨਬਜ਼ ਨੂੰ ਪਛਾਣਦਿਆਂ ਉਹਨਾਂ ਤੋਂ ਖਾਲੀ ਸਰਕਾਰੀ ਖਜ਼ਾਨੇ ਨੂੰ ਭਰਨ ਲਈ ਹਰ ਸਾਲ ਇਟਲੀ ਤੋਂ ਬਾਹਰੋਂ ਕਾਮਿਆਂ ਦੀ ਮੰਗ ਕਰਨਾ ਸਰਕਾਰ ਦੇ ਭਲੇ ਵਿੱਚ ਹੋਵੇ ਜਾਂ ਨਾ ਪਰ ਉਹਨਾਂ ਠੱਗ ਏਜੰਟਾਂ ਦੇ ਫਾਇਦਾ ਵਿੱਚ ਜਰੂਰ ਹੋ ਰਿਹਾ ਹੈ ਜਿਹੜੇ ਇਟਲੀ ਦੇ ਅਖੌਤੀ ਇਮੀਗ੍ਰੇਸ਼ਨ ਅ.ਫਸਰ ਬਣ ਲੋਕਾਂ ਤੋਂ ਲੱਖਾਂ ਰੁਪਏ ਡਕਾਰ ਰਹੇ ਹਨ। ਇਟਲੀ ਯੂਰਪ ਦਾ ਅਜਿਹਾ ਦੇਸ਼ ਹੈ ਜਿਸ ਦੇ ਨਾਮ ਉਪੱਰ ਸਭ ਤੋਂ ਵੱਧ ਭਾਰਤੀ ਨੌਜਵਾਨਾਂ ਦੀ ਲੁੱਟ ਅਖੌਤੀ ਟ੍ਰੈਵਲ ਏਜੰਟ ਇਟਲੀ ਦਾ ਕੰਮ ਵਾਲਾ ਵੀਜ਼ਾ ਲੁਆਉਣ ਦੇ ਨਾਮ ਤੇ ਕਰਦੇ ਹਨ ਅਜਿਹਾ ਵੀ ਕਹਿ ਸਕਦੇ ਹਾਂ ਕਿ ਜਿਸ ਤਰ੍ਹਾਂ ਅਵਾਮ ਵਿੱਚ ਉਹਨਾਂ ਬਾਬਿਆਂ ਦੇ ਇਸ਼ਤਿਹਾਰਾਂ ਦਾ ਗੁੱਗਾ ਅਲਾਪਿਆ ਜਾਂਦਾ ਹੈ ਜਿਹੜੇ ਕਿ ਵਸ਼ੀਕਰਨ, ਕਾਰੋਬਾਰ ਜਾਂ ਲੋਕਾਂ ਨੂੰ ਭੂਤ-ਪ੍ਰੇਤਾਂ ਤੋਂ ਬਚਾਉਣ ਦੇ ਵੱਡੇ-ਵੱਡੇ ਦਾਵੇ ਕਰਦੇ ਹਨ ਪਰ ਇਹਨਾਂ ਦਾਵਿਆਂ ਨਾਲ ਕਿੰਨੇ ਲੋਕਾਂ ਦਾ ਭਲਾ ਹੁੰਦਾ ਇਹ ਸਭ ਭਲੀਭਾਂਤ ਜਾਣਦੇ ਹਨ ਠੀਕ ਉਸ ਤਰ੍ਹਾਂ ਹੀ ਅੱਜ ਦੇ ਸੋ ਮੀਡੀਏ ਵਿੱਚ ਇਟਲੀ ਦੇ ਪੇਪਰ ਖੁਲੱਣ ਦਾ ਜ਼ਿਆਦਾਤਰ ਆਪੂ ਬਣੇ ਪੱਤਰਕਾਰ ਦਿਨ-ਰਾਤ ਪ੍ਰਚਾਰ ਕਰਦੇ ਹਨ ਤੇ ਨਾਲ ਹੀ ਆਪਣੀ ਏਜੰਟਗਿਰੀ ਦੀਆਂ ਸਰਾ.ਫਤੀ ਬਾਤਾਂ ਪਾਕੇ ਮੁਰਗੇ ਫਸਾਉਣ ਲਈ ਚੋਗਾ ਵੀ ਖਿਲਾਦੇ ਹਨ ਜਿਸ ਵਿੱਚ ਭਾਰਤ ਤੇ ਪਾਕਿਸਤਾਨੀ ਪੰਜਾਬ ਦੇ ਭੋਲੇਭਾਲੇ ਜਾਂ ਮਜ਼ਬੂਰ ਨੌਜਵਾਨ ਫਸ ਜਾਦੇ ਹਨ।ਇਹ ਪੰਜਾਬੀ ਨੌਜਵਾਨ ਹਰ ਸਾਲ ਉਸ ਸਮੇਂ ਲੱਖਾਂ ਰੁਪਏ ਦੀ ਲੁੱਟ ਚਿੱਟੇ ਦਿਨ ਆਪ ਹੀ ਅਖੌਤੀ ਏਜੰਟਾਂ ਕੋਲ ਜਾਂ-ਜਾਂ ਕਰਵਾਉਂਦੇ ਹਨ ਜਦੋਂ ਇਟਲੀ ਦੀ ਸਰਕਾਰ ਕੰਮ ਵਾਲੇ ਪੇਪਰਾਂ ਲਈ ਕੋਟਾਂ ਜਾਰੀ ਕਰਦੀ ਹੈ। ਇਟਲੀ ਦੇ ਪ੍ਰਧਾਨ ਮੰਤਰੀ ਦੇ ਤਖ਼ਤ ਉਪੱਰ ਬਿਰਾਜਮਾਨ ਕੋਈ ਵੀ ਹੋਵੇ ਪਰ ਸੰਨ 2006 ਤੋਂ ਇਟਲੀ ਸਰਕਾਰ ਦੇਸ਼ ਅੰਦਰ ਕਾਮਿਆਂ ਦੀ ਮੰਗ ਵਧਾਉਂਦੀ ਹੀ ਜਾ ਰਹੀ ਹੈ ਜਿਸ ਨਾਲ ਸਰਕਾਰ ਨੂੰ ਉਹਨਾਂ ਲਾਭ ਹੁੰਦਾ



ਨਹੀਂ ਜਾਪਦਾ ਜਿੰਨਾ ਲਾਭ ਅਖੌਤੀ ਏਜੰਟਾਂ ਨੂੰ ਹੁੰਦਾ ਹੈ ਤੇ ਸਭ ਤੋਂ ਵੱਧ ਉਹਨਾਂ ਨੌਜਵਾਨਾਂ ਨੂੰ ਨੁਕਸਾਨ ਝੱਲਣਾ ਪੈਂਦਾ ਹੈ ਜਿਹੜੇ ਵਿਚਾਰੇ ਲੱਖਾਂ ਰੁਪਏ ਕਰਜ਼ਾ ਚੁੱਕ ਇਟਲੀ ਵਰਕ ਪਰਮਿੰਟ ਉਪੱਰ ਆਉਂਦੇ ਹਨ ਪਰ ਇੱਥੇ ਆਕੇ ਵੀ ਕੱਚੇ ਦੇ ਕੱਚੇ ਰਹਿ ਜਾਦੇ ਹਨ ਕਿਉਂਕਿ ਉਹਨਾਂ ਦੇ ਏਜੰਟ ਨਿਵਾਸ ਆਗਿਆ ਲਈ ਉਹਨਾਂ ਦੇ ਪੇਪਰ ਇਮੀਗ੍ਰੇਸ਼ਨ ਦ.ਫਤਰ ਵਿੱਚ ਜਮਾਂ ਨਹੀਂ ਕਰਵਾਉਂਦੇ ਕੁਝ ਕੁ ਤਾਂ ਭਾਰਤ ਜਾਂ ਪਾਕਿਸਤਾਨ ਵਿੱਚ ਰਹਿ ਜਾਂਦੇ ਹਨ ਕਿਉਂਕਿ ਏਜੰਟ ਉਹਨਾਂ ਨੂੰ ਫਰਜ਼ੀ ਪੇਪਰਾਂ ਦਾ ਲੋਲੀਪੋਪ ਦੇ 9-2-11 ਹੋ ਜਾਂਦੇ ਹਨ। ਇਟਲੀ ਦਾ ਸਭ ਤੋਂ ਵੱਡਾ ਸੂਬਾ ਕੰਪਾਨੀਆਂ ਹੈ ਜਿੱਥੇ ਮਾ.ਫੀਆ ਰਾਜ ਹੈ ਇਹ ਮਾ.ਫੀਆ ਸਥਾਨਕ ਵਕੀਲਾਂ ਨਾਲ ਗੰਡਤੁਪ ਕਰਕੇ ਹੁਣ ਤੱਕ ਲੱਖਾਂ ਲੋਕਾਂ ਨੂੰ ਬਿਨ੍ਹਾਂ ਇਟਾਲੀਅਨ ਮਾਲਕਾਂ ਨੂੰ ਜਾਣਕਾਰੀ ਦਿੱਤੇ ਉਹਨਾਂ ਦੇ ਪੇਪਰਾਂ ਉਪੱਰ ਕਾਮਿਆਂ ਨੂੰ ਸਰਕਾਰੇ ਦਰਬਾਰਾਂ ਸੈਟਿੰਗ ਕਰ ਬਾਹਰੋ ਬਾਹਰ ਬੁਲਾ ਚੁੱਕਾ ਹੈ ਜਿਹਨਾਂ ਦਾ ਹੁਣ ਪਰਦਾਫਾਸ਼ ਹੋ ਚੁੱਕਾ ਹੈ ਤੇ ਇਟਲੀ ਅੰਬੈਂਸੀ ਦਿੱਲੀ ਨੇ ਅਜਿਹੇ ਨੂਲੇ ਔਸਤਿਆਂ ਉਪੱਰ ਵੀਜ਼ੇ ਦੇਣੇ ਬੰਦ ਕਰ ਦਿੱਤੇ ਹਨ।

ਇਸ ਵਾਰ ਜਦੋਂ ਇਟਲੀ ਦੇ ਪੇਪਰ ਖੁਲੱਣ ਦਾ ਐਲਾਨ ਹੋ ਚੁੱਕਾ ਹੈ ਤਾਂ ਉਹਨਾਂ ਅਖੌਤੀ ਏਜੰਟਾਂ ਨੇ ਆਪਣੇ ਮਨਸੂਬਿਆਂ ਨੂੰ ਨੇਪੜੇ ਚਾੜਨ ਲਈ ਸੋਸ਼ਲ ਮੀਡੀਏ ਰਾਹੀ ਜਾਲ ਵਿਛਾਉਣਾ ਸ਼ੁਰੂ ਕਰ ਦਿੱਤਾ ਹੈ ਤੇ ਬਹੁਤ ਸਾਰੇ ਕਬੂਤਰ ਸਾਡੇ ਜਾਗਰੂਕ ਕਰਨ ਦੇ ਬਾਵਜੂਦ ਇਹਨਾਂ ਠੱਗਾਂ ਦੇ ਜਾਲ ਵਿੱਚ ਫਸ ਜਾਣਗੇ ਕਿਉਂਕਿ ਲੁੱਟ ਹੋਣ ਵਾਲੇ ਨੌਜਵਾਨਾਂ ਨੂੰ ਲੱਗਦਾ ਹੈ ਕਿ ਇਟਲੀ ਦੇ ਕਾਨੂੰਨ ਤੇ ਪੇਪਰਾਂ ਸੰਬਧੀ ਮੁਕੰਮਲ ਜਾਣਕਾਰੀ ਉਹਨਾਂ ਸੋਸ਼ਲ ਮੀਡੀਏ ਰਾਹੀ ਲੈ ਲਈ ਹੈ ਤੇ ਆਪਣੀ ਨਾਲ ਹੋ ਰਹੀ ਲੁੱਟ ਦੀ ਉਹ ਕਿਸੇ ਰਿਸ਼ਤੇਦਾਰ ਜਾਂ ਸਾਕ ਸਬੰਧੀ ਨੂੰ ਭਿੰਨਕ ਵੀ ਨਹੀਂ ਲੱਗਣ ਦਿੰਦੇ।ਅਜਿਹੇ ਵਾਕਿਆਂ ਇਟਲੀ ਵਿੱਚ ਹਰ ਸਾਲ ਹੁੰਦੇ ਹਨ ਤੇ ਸ਼ਾਇਦ ਹੁੰਦੇ ਵੀ ਰਹਿਣਗੇ ਕਿਉਂਕਿ ਕਿ ਕਈ ਵਾਰ ਬੇਰੁਜ਼ਗਾਰੀ, ਲਾਚਾਰੀ, ਬੇਵੱਸੀ ਤੇ ਘਰਾਂ ਦੀ ਮਜ਼ਬੂਰੀ ਇਨਸਾਨ ਨੂੰ ਅੱਖੀ ਦੇਖ ਮੱਖੀ ਖਾਣ ਲਈ ਮਜ਼ਬੂਰ ਕਰ ਦਿੰਦੀ ਹੈ।

ਇਟਾਲੀਅਨ ਇੰਡੀਅਨ ਪ੍ਰੈੱਸ ਕਲੱਬ ਵੱਲੋਂ ਅਸੀਂ ਉਹਨਾਂ ਤਮਾਮ ਪੰਜਾਬੀ ਜਾਂ ਭਾਰਤੀ ਨੌਜਵਾਨਾਂ ਨੂੰ ਇਹ ਜਰੂਰ ਦੱਸਣਾ ਚਾਹੁੰਦੇ ਹਾਂ ਕਿ ਜੇਕਰ ਉਹ ਇਟਲੀ ਦੇ ਵਰਕ ਪਰਮਿੰਟ ਉਪੱਰ ਇਟਲੀ ਆਉਣ ਦੇ ਇਛੁੱਕ ਹੈ ਤਾਂ ਆਪਣੇ ਪੇਪਰਾਂ ਦੀ ਪੂਰੀ ਜਾਣਕਾਰੀ ਜਰੂਰ ਲੈਣ ਤੇ ਏਜੰਟ ਨਾਲ ਪੱਕੀ ਠੱਕੀ ਕਰਨ ਸਮੇਂ ਇਟਲੀ ਆਕੇ ਪੇਪਰ ਜਮ੍ਹਾਂ ਕਰਵਾਉਣ ਦੀ ਗੱਲ ਜਰੂਰ ਕਰਨ ਨਹੀਂ ਤਾਂ ਉਹਨਾਂ ਨੂੰ ਬਹੁਤ ਪਛਤਾਉਣਾ ਪੈ ਸਕਦਾ ਹੈ ਕਿਉਂ ਕਿ ਬਿਨ੍ਹਾਂ ਪੇਪਰ ਇਟਲੀ ਵਿੱਚ ਕੰਮ ਲੱਭਣਾ ਹਨੇਰੇ ਵਿੱਚ ਸੂਈ ਲੱਭਣ ਬਰਾਬਰ ਹੁੰਦਾ ਜਾ ਰਿਹਾ ਹੈ। ਇਹਨਾਂ ਪੇਪਰਾਂ ਦੀ ਆੜ ਵਿੱਚ ਉਹ ਠੱਗ ਦੋਨਾਂ ਹੱਥਾਂ ਨਾਲ ਲੋਕਾਂ ਦੀ ਲੁੱਟ ਰੱਜ ਕੇ ਕਰਨਗੇ ਜਿਹੜੇ ਪੇਪਰ ਅਪਲਾਈ ਕਰਨ ਲਈ 100-200 ਯੂਰੋ ਪਹਿਲਾਂ ਲੈਣਗੇ ਤੇ ਫਰਜ਼ੀ ਰਸੀਦਾਂ ਦੇ ਅਣਜਾਣ ਨੌਜਵਾਨਾਂ ਨੂੰ ਉੱਲੂ ਬਣਾ ਕੇ ਵੀ ਸਾ.ਫ ਬਚ ਜਾਣਗੇ ਕਿਉਂਕਿ ਇਹ ਠੱਗ ਪਹਿਲਾਂ ਹੀ ਦੱਸ ਦਿੰਦੇ ਹਨ ਕਿ ਜੇਕਰ ਪੇਪਰ ਨਾ ਨਿਕਲੇ ਤਾਂ ਅਡਵਾਂਸ ਨਹੀਂ ਮੁੜਨਾ।

ਜ਼ਿਕਰਯੋਗ ਹੈ ਕਿ ਇਟਲੀ ਪ੍ਰਵਾਸੀਆਂ ਦਾ ਹਰਮਨ ਪਿਆਰਾ ਦੇਸ਼ ਹੋਣ ਕਾਰਨ ਸੰਨ 1990 ਤੋਂ ਸੰਨ 2020 ਤੱਕ 16 ਲੱਖ 20 ਹਜ਼ਾਰ ਪ੍ਰਵਾਸੀਆਂ ਨੇ ਇਟਾਲੀਅਨ ਨਾਗਰਿਕਤਾ ਹਾਸਲ ਕੀਤੀ ਹੈ ਤੇ ਇਸ ਸਮੇਂ ਦੇਸ਼ ਵਿੱਚ ਸਭ ਤੋਂ ਵੱਧ ਚਾਈਨੀ ਪ੍ਰਵਾਸੀਆਂ ਦੀ ਗਿਣਤੀ ਹੈ। ਰਾਸ਼ਟਰੀ ਏਜੰਸੀ ਇਸਤਤ ਅਨੁਸਾਰ ਸੰਨ 2022 ਵਿੱਚ ਸਰਕਾਰ ਨੇ 37 ਲੱਖ ਪ੍ਰਵਾਸੀਆਂ ਨੂੰ ਇਟਲੀ ਦੀ ਨਿਵਾਸ ਆਗਿਆ ਦਿੱਤੀ ਜਿਸ ਵਿੱਚ 15 ਲੱਖ ਪ੍ਰਵਾਸੀਆਂ ਨੂੰ ਅਸਥਾਈ ਤੇ 22 ਲੱਖ ਨੂੰ ਸਥਾਈ ਨਿਵਾਸ ਆਗਿਆ ਮਿਲੀ ਹੈ।

* * * * * * * *

# ONLY THOSE BE ELECTED WHO HAVE SPECIFIC TARGETS IN MIND


***Dalip Singh Wasan, Advocate***

People of India are great when they could continue the election system and continue as Democrats. But still the candidates who had been winning could not attain the status of representatives of their people. In Houses winners are divided into supporters and the opposition and to whom they reprsent, it has become cleart. But this time people hae decided to elect only those who shall go as members with specific targets in mind. The problems of the peaple of each are are very much clear now. For exsample people from punjab, Haryana, Himachal Pradesh and Chandigarh know that Punjab had been bifurcated into these units under forced circumstances and that had been the reason the punjab State now is just a village and not a state. Had all these parts ha remained united, Punjab would have been the most developed state. And the candidates from these units shall be working on one and only one target in mind that origional Punjab which came into for ation after independence should be reinstated once again. Similarly others too must come with specific targets in mind.In spite of developments in the country, there are people who have no health, no education, no training, no employment and some are earning below their needs. Members of Parliament shall suggtest in the House that such and such measures be adopted to solve these problems. The present system is working arround one man Prime Minister and others do not speak or if they speak, none hears, is not democratic. Even the group who forwards this Prime Minister keep sleeping. The people shall try to bring forward steps in functioning of Parliament and therefore, even parties and groups contesting Parliament Elections must come forward with specific targets in their mind and must work for the people so that if next time, they are candidates, they must be in a position to tell their voters that in last time term they had such and such targtets in mind and had done this and that and now they are with these targets and shall try to fulfill the promises. People are here to select the Public Servants and not the leaders. Only those must sit in teh House who can work as per their conscience and ill and rarely under whips.

Email dalipsinghwassan@yahoo.co.in

# ਸੇਵਾ ਮੁਕਤੀ ਤੱਕ ਦ੍ਰਿੜ ਇਰਾਦੇ ਨਾਲ ਡਿਊਟੀ ਨਿਭਾਉਣ ਵਾਲਾ ਐਸ.ਐਚ.ਓ. ਸ੍ਰ. ਦਵਿੰਦਰ ਸਿੰਘ

ਮੇਜਰ ਸਿੰਘ ਨਾਭਾ
ਮੋ: 9463553962



ਨਾਮਵਰ ਕਵੀ ਸੁਰਜੀਤ ਪਾਤਰ ਦੀਆਂ ਸਤਰਾਂ 'ਮੈਂ ਰਾਹਵਾਂ 'ਤੇ ਨਹੀਂ ਤੁਰਦਾ , ਮੈਂ ਤੁਰਦਾ ਤਾਂ ਰਾਹ ਬਣਦੇ' ਨੂੰ ਸੱਚ ਕਰ ਦਿਖਾਇਆ, ਪੁਲਿਸ ਵਿਭਾਗ ਦੀ ਸਖਤ ਡਿਊਟੀ ਨਿਭਾਉਂਦਿਆਂ ਇੰਸਪੈਕਟਰ ਦਵਿੰਦਰ ਸਿੰਘ ਨੇ , ਜਿਨ੍ਹਾਂ ਦਾ ਜਨਮ ਜਿਲ੍ਹਾ ਪਟਿਆਲਾ ਦੇ ਪਿੰਡ ਦੰਦਰਾਲਾ ਢੀਂਡਸਾ ਵਿਖੇ ਧਾਰਮਿਕ ਬਿਰਤੀ ਵਾਲੇ ਮਿਹਨਤਕਸ਼ ਕਿਰਤੀ ਸਵ: ਸ਼੍ਰ: ਭਾਗ ਸਿੰਘ ਦੇ ਘਰ ਮਾਤਾ ਸ਼੍ਰੀਮਤੀ ਸਿੰਦਰ ਕੌਰ ਦੀ ਕੁੱਖੋਂ 1 ਮਾਰਚ 1966 ਨੂੰ ਹੋਇਆ। ਉਸ ਦੇ ਦਾਦਾ ਜੀ ਅਤੇ ਦਾਦੀ ਜੀ ਗੁਰੂ ਘਰ ਦੇ ਅਨਿਨ ਸੇਵਕ ਸਨ, ਜਿਨ੍ਹਾਂ ਦੇ ਧਾਰਮਿਕ ਸ਼ੰਸਕਾਰਾਂ ਦਾ ਪਰਿਵਾਰ ਉੱਪਰ ਪ੍ਰਭਾਵ ਦਾ ਪੈਣਾ ਲਾਜ਼ਮੀ ਸੀ ।

ਛੋਟੇ ਹੁੰਦਿਆ ਹੀ ਉਸ ਨੂੰ ਘਰ ਦੀ ਗੁਰਬਤ ਨੇ ਪਿਤਾ ਦੇ ਨਾਲ ਮੋਢੇ ਨਾਲ ਮੋਢਾ ਲਾ ਕੇ ਮਜਦੂਰੀ ਕਰਨ ਲਈ ਮਜਬੂਰ ਭਾਵੇਂ ਕਰ ਦਿੱਤਾ ਪਰ ਇਸ ਮੰਦਹਾਲੀ ਨੇ ਦਵਿੰਦਰ ਸਿੰਘ ਦੇ ਮਨ ਅੰਦਰ ਕੁਝ ਬਣਨ ਲਈ ਇੱਕ ਨਵੀਂ ਸੋਚ ਜਰੂਰ ਪੈਦਾ ਕਰ ਦਿੱਤੀ। ਦਵਿੰਦਰ ਸਿੰਘ ਨੇ ਆਪਣੇ ਪਿੰਡ ਦੰਦਰਾਲਾ ਢੀਂਡਸਾ ਦੇ ਸਕੂਲ ਤੋਂ 1982 ਵਿੱਚ ਮੈਟ੍ਰਿਕ ਪਾਸ ਕਰਨ ਉਪਰੰਤ ਉਸ ਨੇ ਹਾਇਰ ਸੈਕੰਡਰੀ ਵਿੱਚ ਸ੍ਰੀ ਭਗਵਾਨ ਮਹਾਂਵੀਰ ਸੀ: ਸੈਕ: ਸਕੂਲ ਰਾਏਕੋਟ (ਲੁਧਿਆਣਾ) ਵਿਖੇ 'ਸਪੋਰਟਸ ਵਿੰਗ ਵਾਲੀਵਾਲ' ਕੋਟੇ ਵਿਚ ਦਾਖਲਾ ਲੈ ਕੇ 1984 ਵਿੱਚ ਹਾਇਰ ਸੈਕੰਡਰੀ ਪਾਸ ਕੀਤੀ। ਉਸ ਦੀ ਖੇਡਾਂ ਪ੍ਰਤੀ ਬਚਪਨ ਤੋਂ ਹੀ ਰੁਚੀ ਸੀ। ਉਹ ਵਾਲੀਵਾਲ ਦਾ ਵਧੀਆ ਖਿਡਾਰੀ ਹੋਣ ਕਾਰਨ ਜਿਲ੍ਹਾ ਅਤੇ ਸਟੇਟ ਪੱਧਰ ਤੱਕ ਖੇਡਿਆ ।ਗੋਲਾ ਸੁੱਟਣ ਵਿਚ ਵੀ ਉਸ ਦਾ ਪ੍ਰਦਰਸ਼ਨ ਵਧੀਆ ਰਿਹਾ।



ਆਪਣੇ ਪੈਰਾਂ ਤੇ ਖੜ੍ਹਣ ਲਈ ਉਸ ਨੇ ਨੌਕਰੀ ਲਈ ਪੰਜਾਬ ਪੁਲਿਸ ਦੀ ਭਰਤੀ ਲਈ ਅਪਲਾਈ ਕੀਤਾ ਅਤੇ ਦਸੰਬਰ 1984 ਵਿੱਚ ਬਤੌਰ ਸਿਪਾਹੀ ਨਿਯੁਕਤੀ ਹੋ ਗਈ। ਉਸ ਨੇ 30 ਮਾਰਚ 1985 ਨੂੰ ਦਿਨ ਰਾਤ ਦੀ ਚੁਣੌਤੀ ਭਰੀ ਡਿਊਟੀ ਵਾਲੇ ਪੁਲਿਸ ਮਹਿਕਮੇ ਵਿੱਚ ਬਤੌਰ ਸਿਪਾਹੀ ਜੁਆਇਨ ਕਰ ਲਿਆ। ਫਿਲੌਰ ਟ੍ਰੇਨਿੰਗ ਸੈਂਟਰ ਤੋਂ ਡਰਿਲ ਇੰਸਟਰੱਕਟਰ ਦਾ ਕੋਰਸ 1987 ਵਿੱਚ ਪਾਸ ਕਰ ਲਿਆ। ਉਹ 1989 ਵਿੱਚ ਡੇਹਲੋਂ ਪੁਲਿਸ ਪੋਸਟ ਵਿਖੇ ਤਾਇਨਾਤ ਰਿਹਾ। ਉਹ 1990 'ਚ ਟ੍ਰੇਨਿੰਗ ਸੈਂਟਰ ਲੱਡਾ ਕੋਠੀ (ਸੰਗਰੂਰ) ਵਿਖੇ ਬਤੌਰ ਡਰਿੱਲ ਇੰਸਟਰੱਕਟਰ ਰਿਹਾ। ਉਸ ਦਾ ਵਿਆਹ ਪਿੰਡ ਕਿਸ਼ਨਗੜ੍ਹ (ਖੰਨਾ) ਵਿਖੇ ਸਵ: ਸ੍ਰ. ਗੱਜਣ ਸਿੰਘ ਦੀ ਬੇਟੀ ਸੁਖਵਿੰਦਰ ਕੌਰ ਨਾਲ ਮਈ 1990 ਵਿੱਚ ਹੋਇਆ। ਉਸ ਨੇ 1991 ਵਿੱਚ ਹੋਲਦਾਰੀ ਦਾ ਪੇਪਰ ਪਾਸ ਕਰ ਲਿਆ ਅਤੇ 01 ਫਰਵਰੀ 1992 ਨੂੰ ਤਰੱਕੀ ਹੋਣ ਉਪਰੰਤ ਹੋਲਦਾਰ ਬਣ ਗਿਆ। ਇਸ ਤੋਂ ਬਾਅਦ ਉਸ ਨੇ ਬਤੌਰ ਰੀਡਰ / ਸਹਾਇਕ ਮੁਨਸੀ ਵੱਖ-ਵੱਖ ਥਾਣਿਆਂ ਵਿੱਚ ਆਪਣੀ ਡਿਊਟੀ ਨੂੰ ਪੂਰੀ ਜ਼ਿੰਮੇਵਾਰੀ ਨਾਲ ਨਿਭਾ ਕੇ ਕੰਮ ਕੀਤਾ। ਉਸ ਨੇ ਲੁਧਿਆਣਾ ਸ਼ਹਿਰ ਵਿਖੇ ਤਕਰੀਬਨ 16 ਸਾਲ ਵੱਖ-ਵੱਖ ਥਾਣਿਆਂ ਸਦਰ, ਸਾਹਨੇਵਾਲ, ਫੋਕਲ ਪੁਆਇੰਟ, ਜੋਧੇਵਾਲ, ਸਲੇਮ ਟਾਬਰੀ, ਪੁਲਿਸ ਸਟੇਸ਼ਨ ਡਵੀਜ਼ਨ 2, 3, 5, ਸਰਾਭਾ ਨਗਰ ਵਿਖੇ ਬਤੌਰ ਮੁੱਖ ਮੁਨਸੀ ਸਫਲਤਾਪੂਰਵਕ ਡਿਊਟੀ ਨਿਭਾਈ ।ਉਸ ਨੇ ਬਤੌਰ ਸਹਾਇਕ ਥਾਣੇਦਾਰ ਬਣਕੇ ਇੰਚਾਰਜ ਚੌਂਕੀ ਬਸੰਤ ਐਵਨਿਊ , ਲਲਤੋਂ, ਮਰਾਡੋ , ਹੰਬੜਾ , ਸੇਰਪੁਰ ਚੌਂਕ ਵਿਖੇ 2009 ਤੋਂ 2019 ਤੱਕ ਡਿਊਟੀ ਨਿਭਾਈ। ਉਸ ਨੇ ਬਤੌਰ ਐਸ. ਐਚ. ਓ. ਸੁੰਦਰ ਨਗਰ ਡਿਵੀਜ਼ਨ, ਥਾਣਾ ਸਲੇਮ ਟਾਬਰੀ , ਡਾਬਾ , ਜਮਾਲਪੁਰ ਵਿਖੇ 2019 ਤੋਂ ਡਿਊਟੀ ਨਿਭਾਈ । ਉਸ ਨੇ ਬਤੌਰ ਸੀਨੀ ਕਲਰਕ (ਓ.ਐਸ.ਆਈ.) 2022 ਵਿੱਚ ਡਿਊਟੀ ਵੀ ਨਿਭਾਈ। ਉਸ ਨੇ 2022 ਤੋਂ 2024 ਤੱਕ ਬਤੌਰ ਐਸ.ਐਚ.ਓ. ਡਿਵੀਜ਼ਨ ਮੇਹਰਬਾਨ , ਸਿਮਲਾਪੁਰੀ ਵਿਖੇ ਡਿਊਟੀ ਦੌਰਾਨ ਵੱਡੇ-ਵੱਡੇ ਗੰਭੀਰ ਅਪਰਾਧੀ ਕੇਸਾਂ ਨੂੰ ਆਪਣੀ ਲਿਆਕਤ ਨਾਲ ਸੁਲਝਾਇਆ ਅਤੇ ਅਮਨ ਕਾਨੂੰਨ ਦੀ ਵਿਵਸਥਾ ਹਮੇਸ਼ਾ ਬਣਾਈ ਰੱਖੀ। ਹੁਣ ਉਹ ਡਿਵੀਜ਼ਨ ਸ਼ਿਮਲਾਪੁਰੀ ਵਿਖੇ ਬਤੌਰ ਐਸ.ਐਚ.ਓ. ਆਪਣੀ ਡਿਊਟੀ ਨਿਭਾ ਰਹੇ ਹਨ। ਉਨ੍ਹਾਂ ਦੀ ਤਕਰੀਬਨ ਸਾਰੀ ਸੇਵਾ ਲੁਧਿਆਣੇ ਜਿਲ੍ਹੇ ਅਤੇ ਲੁਧਿਆਣਾ ਸ਼ਹਿਰ ਦੀ ਹੈ ਜੋ ਕਿ ਅਪਰਾਧਾਂ ਪੱਖੋਂ ਮੰਨਿਆ ਪੰਜਾਬ ਦਾ ਵੱਧ ਆਬਾਦੀ ਵਾਲਾ ਹੋਣ ਕਾਰਨ ਪੁਲਿਸ ਲਈ ਡਿਊਟੀ ਦੇਣੀ ਬੜੀ ਚੁਣੌਤੀ ਵਾਲੀ ਗੱਲ ਹੈ ਜੋ ਕਿ ਸ੍ਰ. ਦਵਿੰਦਰ ਸਿੰਘ ਨੇ ਸਫਲਤਾਪੂਰਵਕ ਨਿਭਾਈ ।' ਹਾਸ਼ਿਮ ਫਤਿਹ ਨਸੀਬ ਉਨ੍ਹਾਂ ਨੂੰ , ਜਿੰਨ੍ਹਾ ਹਿੰਮਤ ਯਾਰ ਬਣਾਈ ' ਇਨ੍ਹਾਂ ਸਤਰਾਂ ਨੂੰ ਉਸ ਨੇ ਸੱਚ ਕਰ ਵਿਖਾਇਆ ।ਉਨ੍ਹਾਂ ਆਪਣੀ ਡਿਊਟੀ ਹਮੇਸ਼ਾ ਇਮਾਨਦਾਰੀ ਨਾਲ ਕੀਤੀ ।ਜਿਥੇ ਵੀ ਉਨ੍ਹਾਂ ਦੀ ਡਿਊਟੀ ਲੱਗੀ ਉਨ੍ਹਾਂ ਨੇ ਜਿੰਮੇਵਾਰੀ ਤੋਂ ਵੀ ਵੱਧ ਕੇ ਕੰਮ ਕੀਤਾ । ਇਥੋਂ ਹੀ ਉਹ 29 ਫਰਵਰੀ 2024 ਨੂੰ ਬੇਦਾਗ ਡਿਊਟੀ ਨਿਭਾ ਕੇ ਸੇਵਾ ਮੁਕਤ ਹੋ ਰਹੇ ਹਨ ।ਉਸ ਨੇ ਸਮਾਜ 'ਚੋਂ ਬੁਰਾਈਆਂ ਨੂੰ ਖਤਮ ਕਰਨ ਲਈ ਇਮਾਨਦਾਰੀ ਨਾਲ ਸਾਰੀ ਸੇਵਾ ਨਿਭਾਈ ।

ਉਸ ਦੇ ਵੱਡੇ ਭਰਾ ਗੁਰਦੇਵ ਸਿੰਘ ਜੇ.ਈ. ਰਿਟਾਇਰਡ (ਬਿਜਲੀ ਬੋਰਡ ) ਅਤੇ ਭਰਾ ਜਗਦੀਸ਼ ਸਿੰਘ ਪੱਪੂ ਜੋ ਕਿ 2007 ਵਿੱਚ ਸਵਰਗਵਾਸ ਹੋ ਗਿਆ ਸੀ , ਦੇ ਪਰਿਵਾਰ ਸੂਲਰ ( ਪਟਿਆਲਾ) ਵਿਖੇ ਰਹਿ ਰਹੇ ਹਨ । ਮਿਲਣਸਾਰ, ਹਲੀਮੀ, ਸਾਦਗੀ, ਈਮਾਨਦਾਰੀ ਅਤੇ ਦ੍ਰਿੜ ਇਰਾਦੇ ਵਾਲਾ ਸ੍ਰ. ਦਵਿੰਦਰ ਸਿੰਘ ਆਪਣੀ ਸੁਪਤਨੀ ਸ੍ਰੀਮਤੀ ਸੁਖਵਿੰਦਰ ਕੌਰ ਅਤੇ ਬੇਟਿਆਂ ਜਸਪ੍ਰੀਤ ਸਿੰਘ ਮਕੈਨੀਕਲ ਇੰਜਨੀਅਰ ਪ੍ਰਾਈਵੇਟ ਕੰਪਨੀ ਵਿੱਚ ਕੰਮ ਕਰਦਾ ਅਤੇ ਜੈਅਮਰਪਾਲ ਸਿੰਘ ਸਿਵਲ ਇੰਜਨੀਅਰ ਦੀ ਡਿਗਰੀ ਕਰ ਚੁੱਕਾ ਹੈ , ਨਾਲ ਕੈਨਾਲ ਇਨਕਲੇਵ ਲੁਧਿਆਣਾ ਵਿਖੇ ਰਹਿ ਰਿਹਾ ਹੈ, ਉਸ ਨੇ ਜ਼ਿੰਦਗੀ ਦੀਆਂ ਤੰਗੀਆਂ ਤਰੁਸੀਆਂ ਨੂੰ ਆਢੇ ਹੱਥੀਂ ਲੈਂਦੇ ਹੋਏ ਸਫਲਤਾ ਦੇ ਰਸਤੇ ਤੇ ਚਲਣ ਦਾ ਵਲ ਸਿਖਿਆ ਹੋਇਆ ਹੈ । ਜਿਹੜੇ ਇਨਸਾਨ ਕੁਝ ਬਣਨ ਲਈ ਮਿਹਨਤ ਦਾ ਪੱਲ੍ਹਾ ਨਹੀਂ ਛੱਡਦੇ ਅਤੇ ਕਿਰਤ ਕਰਨ ਵਿੱਚ ਸ਼ਰਮ ਮਹਿਸੂਸ ਨਹੀਂ ਕਰਦੇ ਉਨ੍ਹਾਂ ਦੇ ਸੁਪਨੇ ਜਰੂਰ ਇੱਕ ਦਿਨ ਸਾਕਾਰ ਹੁੰਦੇ ਹਨ ਸ੍ਰ. ਦਵਿੰਦਰ ਸਿੰਘ ਉਨ੍ਹਾਂ ਵਿੱਚੋਂ ਹੀ ਇੱਕ ਅਜਿਹੇ ਇਨਸਾਨ ਹਨ । ਪ੍ਰਮਾਤਮਾ ਉਨ੍ਹਾਂ ਨੂੰ ਹਮੇਸ਼ਾਂ ਸਮਾਜ ਦੀ ਹੋਰ ਵਧੇਰੇ ਸੇਵਾ ਕਰਨ ਲਈ ਚੜ੍ਹਦੀਕਲਾ ਅਤੇ ਤੰਦਰੁਸਤੀ ਬਖਸ਼ੇ।

***** **

# 20 ਸਾਲ ਚਲਿਆ ਹੀਰੋਇਨ ਅੰਜੁਮਨ ਸ਼ਾਹੀਨ ਦਾ ਕੈਰੀਅਰ

## ✪ ਕੀਤੀਆਂ 300 ਪਾਕਸਤਾਨੀ ਪੰਜਾਬੀ ਫ਼ਿਲਮਾਂ





ਬਹਾਵਲਪੁਰ ਪਾਕਿਸਤਾਨ ਵਿਖੇ ਜਨਮੀ ਅੰਜੁਮਨ ਸ਼ਾਹੀਨ ਪਾਕਸਤਾਨੀ ਪੰਜਾਬੀ ਫ਼ਿਲਮਾਂ ਦੀ ਸੁਪਰ ਸਟਾਰ ਨਾਇਕਾ ਰਹੀ ਹੈ ਤੇ ਲਗਾਤਾਰ 20 ਸਾਲ ਓਹ ਫਿਲਮ ਨਗਰੀ ਵਿੱਚ ਛਾਈ ਰਹੀ ਹੈ। ਅੰਜੁਮਨ ਦੀ ਸੁੰਦਰਤਾ ਤੇ ਨਾਚ ਗ਼ਜ਼ਬ ਸੀ ਤੇ ਮੈਡਮ ਨੂਰਜਹਾਂ ਦੇ ਗਾਣੇ ਓਸ ਦੇ ਫਿਲਮਾਏ ਜਾਂਦੇ ਸਨ ਹਰੇਕ ਹੀਰੋ ਨਾਲ ਕੰਮ ਕੀਤਾ ਪਰ ਓਸ ਦੀ ਜੋੜੀ ਸੁਲਤਾਨ ਰਾਹੀ ਨਾਲ ਸੁਪਰ ਰਹੀ। ਮੇਲਾ , "ਮੈਦਾਨ", "ਜੇਦਰ", "ਚੌਧਰਾਣੀ" ਦੇ ਨਾਲ , "ਦੋ ਰਸਤੇ", "ਵਾਅਦੇ ਕੀ ਜ਼ਨਜ਼ੀਰ" ਦੇ ਨਾਲ ਅੰਜੁਮਨ ਨੇ "ਚਾਚਾ ਭਤੀਜਾ", "ਸ਼ੇਰ ਖਾਂ" ਵੀ ਕੀਤੀਆਂ।

"ਰਾਣੀ ਖਾਂ" ਤੇ ਫਿਰ "ਪੀਂਘਾਂ" ਤੇ "ਜੱਟੀ ਦਾ ਵੈਰ" ਫ਼ਿਲਮਜ਼ ਨਾਲ ਓਸ ਨੇ ਮੁੜ ਵਾਪਸੀ ਕੀਤੀ। ਅੰਜੁਮ ਖੁਦ ਐਕਸ਼ਨ ਨਾਇਕਾ ਬਣ ਵੀ ਆਈ ਤੇ ਓਸ ਨੇ ਗੁਲਾਮ ਮੋਇੰਦੀਨ, ਇਕਬਾਲ ਹਸਨ ਤੇ ਮੁਸਤਫ਼ਾ ਕੁਰੈਸ਼ੀ ਨਾਲ ਵੀ ਫ਼ਿਲਮਾਂ ਕੀਤੀਆਂ। ਆਮਦਨ ਕਰ ਦੇ ਮਿਥਿਨ ਨਾਲ ਅੰਜੂ ਦਾ ਨਿਕਾਹ ਹੋਇਆ ਪਰ ਓਹਨਾਂ ਦਾ ਕਤਲ ਹੋ ਗਿਆ ਤੇ ਇਥੋਂ ਓਹ ਟੁੱਟ ਗਈ। ਅੰਜੁਮਨ ਅੱਜ ਵੀ ਲਾਹੌਰ ਹੈ ਤੇ ਓਸ ਨੂੰ ਯਾਦ ਏ ਕਿ ਕਿਵੇਂ ਇੱਕ ਨਿਰਮਾਤਾ ਨੇ ਓਸ ਦੀ ਬੇਇੱਜ਼ਤੀ ਕੀਤੀ ਸੀ।

-ਅੰਮ੍ਰਿਤ ਪਵਾਰ

ਵਿਸ਼ਵ ਦੇ ਮਹਾਨ ਖਿਡਾਰੀ

# ਦਾਰੇ ਦੁਲਚੀਪੁਰੀਏ ਦੀ ਦਰਦਨਾਕ ਦਾਸਤਾਨ

ਪ੍ਰਿੰ. ਸਰਵਣ ਸਿੰਘ



ਦਾਰਾ ਸਿੰਘ ਨਾਂ ਦੇ ਦੋਭਲਵਾਨ ਹੋਏ ਹਨ। ਦੋਹਾਂ 'ਚੋਂਨਕਲੀ ਕੋਈ ਨਹੀਂ, ਦੋਵੇਂ ਅਸਲੀ ਸਨ। ਵੱਡਾ ਦਾਰਾ 1918 'ਚ ਜੰਮਿਆ ਸੀ, ਛੋਟਾ 1928 ਵਿਚ। ਵੱਡਾ ਦੁਲਚੀਪੁਰ ਦਾ ਸੀ, ਛੋਟਾ ਧਰਮੂਚੱਕ ਦਾ। ਅੱਜਦਾਰੇ ਦੁਲਚੀਪੁਰੀਏ ਦੀ ਗੱਲਕਰਦੇ ਹਾਂ ਜਿਸ ਨੂੰ ਦਾਰਾ ਕਿੱਲਰ ਵੀ ਕਿਹਾ ਜਾਂਦਾ ਸੀ। ਦਾਰੇ ਧਰਮੂਚੱਕੀਏ ਦੀ ਗੱਲ ਕਦੇ ਫੇਰ ਕਰਾਂਗੇ ਜਿਸ ਨੇ ਟੀਵੀ ਸੀਰੀਅਲ ਰਾਮਾਇਣ ਵਿਚ ਹਨੂੰਮਾਨ ਦਾ ਰੋਲ ਕੀਤਾ ਸੀ। ਦੋਹੇਂ ਦਾਰੇ ਵਰਲਡ ਚੈਂਪੀਅਨ ਕਿੰਗਕਾਂਗ ਨੂੰ ਢਾਹ ਕੇ ਰੁਸਤਮੇ ਜ਼ਮਾਂ ਬਣੇ ਸਨ। ਉਦੋਂ ਦਾਰੇ ਦਾ ਭਾਰ 135 ਕਿਲੋ ਸੀ, ਕਿੰਗਕਾਂਗ ਦਾ 200 ਕਿਲੋ।

ਵੱਡਾ ਦਾਰਾ 1918 'ਚ ਖਡੂਰ ਸਾਹਿਬ ਦੇ ਨੇੜਲੇ ਪਿੰਡ ਦੁਲਚੀਪੁਰ 'ਚ ਕਿਸਾਨ ਪਿਆਰਾ ਸਿੰਘ ਦੇ ਘਰ ਮਾਤਾ ਨਿਹਾਲ ਕੌਰ ਦੀ ਕੁੱਖੋਂ ਪੈਦਾ ਹੋਇਆ ਸੀ। ਉਹ ਛੇ ਭੈਣ ਭਰਾ ਸਨ। ਦਾਰਾ ਦਸ ਸਾਲ ਦਾ ਸੀ ਕਿ ਪਿਆਰਾ ਸਿੰਘ ਪਲੇਗ ਨਾਲ ਪਰਲੋਕ ਸਿਧਾਰ ਗਿਆ। ਪਰਿਵਾਰ ਪਾਲਣ ਦੀ ਜ਼ਿੰਮੇਵਾਰੀ ਵੱਡੇ ਭਰਾ ਇੰਦਰ ਸਿੰਘ ਦੇ ਸਿਰ ਆਣ ਪਈ। ਇੰਦਰ ਭਲਵਾਨ ਬਣਨਾ ਚਾਹੁੰਦਾ ਸੀ ਪਰਉਸ ਦੀਆਂ ਰੀਝਾਂ ਮਨ ਵਿਚ ਹੀ ਦੱਬੀਆਂ ਰਹਿ ਗਈਆਂ। ਦੁਲਚੀਪੁਰ ਉਸ ਇਲਾਕੇ ਦਾ ਪਿੰਡ ਹੈ ਜਿਥੇ ਪਹਿਲਵਾਨੀ ਦੀ ਪਰੰਪਰਾ ਬੜੀ ਪੁਰਾਣੀ ਹੈ। ਲਾਗੇ ਖਡੂਰ ਸਾਹਿਬ ਹੈ ਜਿਥੇ ਗੁਰੂ ਅੰਗਦ ਦੇਵ ਜੀ ਮੱਲਾਂ ਦੇ ਘੋਲ ਕਰਵਾਇਆ ਕਰਦੇ ਸਨ। ਉਥੇ ਅੱਜ ਵੀ ਗੁਰਦਵਾਰਾ ਮੱਲ ਅਖਾੜਾ ਸਾਹਿਬ ਸੁਭਾਏਮਾਨ ਹੈ। ਖਡੂਰ ਸਾਹਿਬ ਦੇ ਮੇਲੇ ਵਿਚ ਕੁਸ਼ਤੀਆਂ ਹੁੰਦੀਆਂ ਸਨ ਜਿਥੋਂ ਗਭਰੂਆਂ ਨੂੰ ਘੁਲਣ ਦੀ ਚੇਟਕ ਲੱਗਦੀ ਸੀ। ਦਾਰਾ ਸਿੰਘ ਨੂੰ ਵੀ ਉਥੋਂ ਹੀ ਘੁਲਣ ਦੀ ਚੇਟਕ ਲੱਗੀ ਸੀ।

ਦਾਰਾ ਚੌਦਾਂ ਪੰਦਰਾਂ ਸਾਲ ਦੀ ਉਮਰੇਹੀ ਆਪਣੇ ਨਾਲੋਂ ਵਡੇਰੇ ਜੁਆਨਾਂ ਨੂੰ ਢਾਹੁਣ ਲੱਗ ਪਿਆ ਸੀ। ਇੰਦਰ ਨੇ ਦਾਰੇ ਦੀ ਖੁਰਾਕ ਦਾ ਪ੍ਰਬੰਧ ਕਰ ਕੇ ਉਸ ਨੂੰ ਹੋਰ ਤਕੜਾ ਪਹਿਲਵਾਨ ਬਣਾਉਣ ਦਾ ਚਾਰਾ ਕੀਤਾ। ਪਿੰਡ ਦੇ ਸਿਆਣੇ ਬੰਦਿਆਂ ਨੇ ਉਸ ਨੂੰ ਸਲਾਹ ਦਿੱਤੀ, ਇਸ ਨੂੰ ਕਿਸੇ ਚੰਗੇ ਪਹਿਲਵਾਨ ਦੇ ਅਖਾੜੇ ਵਿਚ ਛੱਡ ਜਿਥੇ ਇਹ ਵੱਡਾ ਪਹਿਲਵਾਨ ਬਣ ਸਕੇ। ਕਿਸੇ ਨੇ ਦੱਸ ਪਾ ਦਿੱਤੀ ਕਿ ਇਹਨੂੰ ਲਾਹੌਰ ਦੇ ਪਹਿਲਵਾਨ ਸੱਜਣ ਸਿੰਘ ਦਾ ਪੱਠਾ ਬਣਾਓ।

ਇੰਦਰ ਸਿੰਘ ਘਿਓ ਦਾ ਪੀਪਾ, ਸਵਾ ਰੁਪਿਆ ਤੇ ਪੱਗ ਲੈ ਕੇ ਦਾਰੇ ਨੂੰ ਲਾਹੌਰ ਲੈ ਗਿਆ। ਉਸਤਾਦ ਸੱਜਣ ਸਿੰਘ ਨੂੰ ਪੱਗ ਤੇ ਸਵਾ ਰੁਪਿਆ ਮੱਥਾ ਟੇਕ ਕੇ ਗੁਰੂ ਧਾਰਨ ਕਰ ਲਿਆ। ਉਥੇ ਤਿੰਨ ਸਾਲ ਦਾਰੇ ਨੇ ਕੁਸ਼ਤੀਆਂ ਦੇ ਦਾਅ ਪੇਚ ਸਿੱਖੇ ਤੇ ਰਵਾਂ ਕੀਤੇ। ਲਾਹੌਰ ਉਹ ਅਮਾਮ ਬਖ਼ਸ਼ ਵਰਗੇ ਪਹਿਲਵਾਨਾਂ ਨੂੰ ਮਿਲਿਆ ਜਿਥੇ ਉਹਦੀ ਕੁਸ਼ਤੀ ਦੀਆਂਵੀ ਧੁੰਮਾਂ ਪੈਣ ਲੱਗ ਪਈਆਂ।

ਖੇਤੀਬਾੜੀ 'ਚ ਪਰਿਵਾਰ ਦਾ ਗੁਜ਼ਾਰਾ ਔਖਾ ਹੋਣ ਕਰਕੇ ਦਾਰੇ ਦੇ ਵੱਡੇ ਭਰਾ ਦਲੀਪ ਸਿੰਘ ਨੂੰ ਸਿੰਘਾਪੁਰ ਜਾਣਾ ਪੈ ਗਿਆ। ਉਥੇ ਉਸ ਨੇ ਡੇਅਰੀ ਫਾਰਮ ਚਲਾਇਆ ਤੇ ਦਾਰੇ ਨੂੰ ਵੀ ਆਪਣੇ ਕੋਲ ਬੁਲਾ ਲਿਆ। ਉਦੋਂ ਉਹਦੀ ਉਮਰ ਅਠਾਰਾਂ ਕੁ ਸਾਲਾਂ ਦੀ ਸੀ। ਉਨ੍ਹੀਂ ਦਿਨੀਂ ਮਲਾਇਆ ਸਿੰਗਾਪੁਰ ਵਿਚ ਫਰੀ ਸਟਾਈਲ ਕੁਸ਼ਤੀਆਂ ਦੇ ਦੰਗਲ ਹੁੰਦੇ ਸਨ ਜਿਨ੍ਹਾਂ 'ਚ ਦਾਰਾ ਵੀ ਭਾਗ ਲੈਣ ਲੱਗਾ। ਦੁੱਧ ਘਿਉ ਘਰ ਦੀ ਡੇਅਰੀ ਦਾ ਖੁੱਲ੍ਹਾ-ਡੁੱਲ੍ਹਾ ਹੋਣ ਕਰਕੇ ਉਹਦਾ ਜੁੱਸਾ ਪੂਰਾ ਭਰ ਗਿਆ ਤੇ ਉਹਦਾ ਕੱਦ ਛੇ ਫੁੱਟ ਗਿਆਰਾਂ ਇੰਚ ਉੱਚਾ ਹੋ ਗਿਆ। ਉਥੇ ਉਹ ਫਰੀ ਸਟਾਈਲ ਕੁਸ਼ਤੀਆਂਲੜਨੀਆਂਵੀ ਸਿੱਖ ਗਿਆ ਤੇ ਮਲਾਇਆ ਸਿੰਗਾਪੁਰ ਦਾ ਚੈਂਪੀਅਨ ਬਣ ਗਿਆ।

1936 'ਚ ਮਲਾਇਆ ਪੁਲਿਸ ਵਿਚ ਭਰਤੀ ਹੋਣ ਲੱਗੀ ਤਾਂ ਨੌਕਰੀ ਲਈ ਲੋਕਾਂ ਨੂੰ 'ਕੱਠੇ ਹੋਏ ਵੇਖ ਕੇ ਉਹ ਵੀ ਲਾਈਨ 'ਚ ਜਾ ਲੱਗਾ। ਅੰਗਰੇਜ਼ ਅਫਸਰ ਉਹਦਾ ਕੱਦ ਮਿਣ ਕੇ ਹੈਰਾਨ ਰਹਿ ਗਿਆ। ਦਾਰਾਅਣਪੜ੍ਹ ਹੋਣ ਕਰਕੇ ਭਰਤੀ ਕਰਨ ਦੇ ਯੋਗਨਹੀਂ ਸੀ ਪਰ ਸੀ ਤਕੜਾ ਪਹਿਲਵਾਨ। ਅਫਸਰ ਨੇ ਸ਼ਰਤ ਰੱਖੀ ਪਈ ਪਹਿਲਾਂ ਭਰਤੀ ਕੀਤੇ ਛੇ ਪਹਿਲਵਾਨਾਂ ਨਾਲ ਉਸ ਨੂੰ ਘੁਲਣਾ ਪਵੇਗਾ। ਦਾਰੇ ਨੇ ਉਨ੍ਹਾਂ ਨੂੰ ਵੇਖੇ ਬਿਨਾਂ ਹੀ ਹਾਂ ਕਰ ਦਿੱਤੀ। ਜਦੋਂ ਕੁਸ਼ਤੀਆਂ ਹੋਈਆਂ ਤਾਂ ਉਸ ਨੇ ਸਾਰੇ ਪਹਿਲਵਾਨ ਚਿੱਤ ਕਰ ਦਿੱਤੇ। ਅਫਸਰ ਨੇ ਉਸ ਨੂੰ ਸਿਪਾਹੀ ਭਰਤੀ ਕਰਨ ਦੀ ਥਾਂ ਇਕ ਦਰਜਾ ਤਰੱਕੀ ਦੇ ਕੇ ਲਾਂਸ ਕਾਰਪੋਰਲ ਭਰਤੀ ਕਰ ਲਿਆ। ਫਿਰ ਉਹ ਤਰੱਕੀ ਕਰ ਕੇ ਸਬ ਇੰਸਪੈਕਟਰ ਬਣ ਗਿਆ ਪਰ ਪੁਲਿਸ ਵਿਚ ਵੀ ਉਸ ਦਾ ਮੁੱਖ ਕੰਮ ਕੁਸ਼ਤੀਆਂ ਲੜਨਾ ਹੀ ਰਿਹਾ। ਲੋਕ ਟਿਕਟਾਂ ਲੈ ਕੇ ਕੁਸ਼ਤੀਆਂ ਵੇਖਦੇ ਜਿਸ ਨਾਲ ਉਸ ਨੂੰ ਕਮਾਈ ਵੀ ਚੋਖੀ ਹੁੰਦੀ। ਉਥੇ ਉਹ ਵਿਆਹਿਆ ਵੀ ਗਿਆ।

1939 'ਚ ਦੂਜੀ ਵਿਸ਼ਵ ਜੰਗ ਲੱਗ ਗਈ। ਜਪਾਨੀ ਮਲਾਇਆ ਵੱਲ ਵਧਣ ਲੱਗੇ। ਮਲਾਇਆ ਦੀ ਪੁਲਿਸ ਨੂੰ ਵੀ ਅੰਗਰੇਜ਼ਾਂ ਨੇ ਜਪਾਨੀਆਂ ਵਿਰੁੱਧ ਲੜਨ ਦਾ ਹੁਕਮ ਦੇ ਦਿੱਤਾ। ਦਾਰਾ ਲੜਨਾ ਨਹੀਂ ਸੀ ਚਾਹੁੰਦਾ ਪਰ ਬੱਧੇ-ਰੁਧੇ ਨੂੰ ਮੋਰਚੇ 'ਚ ਜਾਣਾ ਪਿਆ। ਦੋ ਗੋਲੀਆਂ ਉਹਦੇ ਕੰਨ ਨੂੰ ਛੂੰਹਦੀਆਂ ਲੰਘੀਆਂ ਪਰ ਉਹ ਬਚ ਗਿਆ। 25 ਫਰਵਰੀ 1942 ਨੂੰ ਜਪਾਨੀਆਂ ਨੇ ਮਲਾਇਆ 'ਤੇ ਕਬਜ਼ਾ ਕਰ ਲਿਆ। ਉਹ ਜਪਾਨੀਆਂ ਦੇ ਕਾਬੂ ਆ ਗਿਆ। ਉਸ ਨੂੰ ਪਹਿਲਾਂ ਤਾਂ ਜਪਾਨੀ ਸਜ਼ਾ ਦੇਣ ਲੱਗੇਪਰ ਉਹਦਾ ਦਿਉ-ਕੱਦ ਜੁੱਸਾ ਵੇਖ ਕੇ ਤੇ ਤਕੜਾ ਪਹਿਲਵਾਨ ਜਾਣ ਕੇ ਬਰੀ ਕਰ ਦਿੱਤਾ ਅਤੇ ਆਪਣੀ ਫੌਜ ਵਿਚ ਨੌਕਰੀ ਦੇ ਦਿੱਤੀ। ਜਦੋਂ ਅੰਗਰੇਜ਼ ਮੁੜ ਮਲਾਇਆ 'ਤੇ ਕਾਬਜ਼ ਹੋਏ ਤਾਂ ਦਾਰਾ ਸਿੰਘ 'ਤੇ ਜਪਾਨੀਆਂ ਦੀ ਮਦਦ ਕਰਨ ਦਾ ਮੁਕੱਦਮਾ ਚਲਾਇਆ ਗਿਆ। ਦਾਰੇ ਨੇ ਜਪਾਨੀਆਂ ਦੀ ਕੋਈ ਮਦਦ ਨਹੀਂ ਸੀ ਕੀਤੀ ਜਿਸ ਕਰਕੇ ਉਹ ਮੁਕੱਦਮੇ 'ਚੋਂ ਬਰੀ ਹੋ ਗਿਆ।

ਜਦੋਂ ਕੁਸ਼ਤੀਆਂ ਵਿਚ ਦਾਰੇ ਦੀ ਗੁੱਡੀ ਸਿਖਰ 'ਤੇ ਸੀ ਤਾਂ ਸਿੰਗਾਪੁਰੋਂ ਪਿੰਡ ਪਰਤੇਉਹਦੇ ਭਰਾ ਦਲੀਪ ਸਿੰਘ ਦਾ ਕਤਲ ਹੋ ਗਿਆ ਤੇ ਇੰਦਰ ਸਿੰਘ ਦਾ ਹੱਥ ਵੱਢਿਆ ਗਿਆ। ਕਤਲ ਦਾ ਕਾਰਨ ਮਾਮੂਲੀ ਸੀ। ਲਾਗਲੇ ਪਿੰਡ ਘਸੀਟਪੁਰੇ ਕਿਸੇ ਕਿਸਾਨ ਦੇ ਖੇਤੋਂ ਤੋਰੀਏ ਦੀ ਭਰੀ ਚੋਰੀਓਂ ਵੱਢੀ ਗਈ ਸੀ। ਉਹ ਕਿਸਾਨ ਦੁਲਚੀਪੁਰੇ ਆਇਆ ਤਾਂ ਇੰਦਰ ਤੇ ਦਲੀਪ ਪਰ੍ਹੇ 'ਚ ਬੈਠੇ ਮਿਲ ਪਏ। ਉਨ੍ਹਾਂ ਨੂੰ ਲਾਂਭੇ ਲਿਜਾ ਕੇ ਗੱਲ ਕਰਨ ਦੀ ਥਾਂ ਕਿਸਾਨ ਉਨ੍ਹਾਂ ਨੂੰ ਪੁੱਛ ਬੈਠਾ, "ਤੁਹਾਂ ਮੇਰਾ ਤੋਰੀਆ ਤਾਂ ਨ੍ਹੀ ਵੱਢਿਆ?" ਪਰ੍ਹੇ 'ਚ ਚੋਰੀ ਦਾ ਇਲਜ਼ਾਮ ਸੁਣ ਕੇ ਇੰਦਰ ਤੇ ਦਲੀਪ ਨੂੰ ਅੱਗ ਲੱਗ ਗਈ ਤੇ ਉਨ੍ਹਾਂ ਆਖਿਆ, "ਮੂੰਹ ਸੰਭਾਲ ਕੇ ਬੋਲ ਓਏ। ਤੈਨੂੰ ਕੀਹਨੇ ਕਿਹਾ ਪਈ ਅਹੀਂ ਤੇਰਾ ਤੋਰੀਆ ਵੱਢਿਆ?"

ਕਿਸਾਨ ਦੇ ਮੂੰਹੋਂ ਨਿਕਲ ਗਿਆ, "ਧਾਡੇ ਸਰਦਾਰੇ ਨੇ ਦੱਸਿਐ।"

ਸਰਦਾਰੇ ਨੇ ਇਹ ਬਿਲਕੁਲ ਨਹੀਂ ਸੀ ਕਿਹਾ। ਜੇਕਰ ਪੁੱਛ ਪੜਤਾਲ ਕਰਦੇ ਤਾਂ ਗੁੱਸਾ ਘਸੀਟਪੁਰੇ ਦੇ ਕਿਸਾਨ 'ਤੇ ਨਿਕਲਦਾ। ਪਰ ਕਹਾਣੀ ਉਲਟ ਪਾਸੇ ਤੁਰ ਪਈ ਜਿਸ ਨਾਲ ਕਤਲਾਂ ਦਾ ਮੁੱਢ ਬੱਝ ਗਿਆ। ਇੰਦਰ ਤੇ ਦਲੀਪ ਨੇ ਸਰਦਾਰਾ ਬੀਹੀ ਵਿਚ ਜਾ ਘੇਰਿਆ ਤੇ ਬਿਨਾਂ ਪੁੱਛੇ ਸੋਟੀਆਂ ਮਾਰ ਦਿੱਤੀਆਂ। ਇਥੋਂ ਉਨ੍ਹਾਂ ਦਾ ਆਪਸ ਵਿਚ ਵੈਰ ਪੈ ਗਿਆ। ਇੰਦਰ ਹੋਰਾਂ ਦਾ ਬਾਪ ਪਿਆਰਾ ਸਿੰਘ ਤੇ ਸਰਦਾਰੇ ਹੋਰਾਂ ਦਾ ਬਾਪ ਸਾਉਣ ਸਿੰਘ ਚਾਚੇ ਤਾਏ ਦੇ ਪੁੱਤਰ ਸਨ। ਇਕੋ ਬਾਬੇ ਦੀ ਔਲਾਦ। ਗੁਆਂਢੀ ਪਿੰਡ ਦੇ ਤੋਰੀਏ ਦੀ ਭਰੀ ਨੇ ਉਨ੍ਹਾਂ ਵਿਚ ਕਲੇਸ਼ ਖੜ੍ਹਾ ਕਰ ਦਿੱਤਾ। ਇੰਦਰ ਹੋਰਾਂ ਨੂੰ ਦਾਰੇ ਦੀ ਤਾਕਤ ਦਾ ਗ਼ੁਮਾਨ ਸੀ ਜਿਸ ਦਾ ਦੁਨੀਆਂ 'ਚ ਨਾਂ ਸੀ। ਅੱਗੋਂ ਸ਼ਰੀਕ ਵੀ ਤਿੰਨ ਭਰਾ ਸਨ, ਸਰਦਾਰਾ, ਗੁਰਮੁਖ ਤੇ ਬਾਵਾ। ਇਕ ਉਨ੍ਹਾਂ ਦਾ ਚਾਚਾ ਸੀ ਨਰੈਣ ਸਿੰਘ। ਨਰੈਣ ਸਿੰਘ ਨੇ ਇਕ ਦਿਨ ਕਿਹਾ ਕਿ ਇਨ੍ਹਾਂ ਨਾਲ ਹੁਣ ਸਿਝਣਾ ਈ ਪਊ। ਅਖ਼ੀਰ ਉਨ੍ਹਾਂ ਨੇ ਮਨ 'ਚ ਧਾਰ ਲਿਆ ਕਿ ਇੰਦਰ ਹੋਰਾਂ ਦਾ ਕੰਡਾ ਕੱਢ ਹੀ ਦੇਣਾ ਚਾਹੀਦੈ। ਉਨ੍ਹਾਂ ਦਲੀਪ ਦਾ ਕਤਲ ਕਰ ਦਿੱਤਾ ਤੇ ਇੰਦਰ ਦਾ ਗੁੱਟ ਵੱਢਿਆ ਗਿਆ। ਤੋਰੀਆ ਘਸੀਟਪੁਰੇ ਦਾ, ਵੱਢਣ ਵਾਲਾ ਪਤਾ ਨਹੀਂ ਕੌਣ ਸੀ? ਪਰ ਉਹਦੇ 'ਚ ਘਸੀਟਿਆ ਗਿਆ ਦੁਲਚੀਪੁਰੇ ਦਾ ਸਕਾ ਸਧਰਾ ਪਰਿਵਾਰ। ਇਹਨੂੰ ਕਹਿੰਦੀ ਆ ਹੋਣੀ!

ਦਾਰੇ ਨੂੰ ਭਰਾ ਦੇਕਤਲ ਦਾ ਪਤਾ ਲੱਗਾ ਤਾਂ ਉਹਦੇ ਅੰਦਰ ਬਦਲੇ ਦੀ ਅੱਗ ਭੜਕ ਉਠੀ। ਉਹ ਪਤਨੀ ਤੇ ਪੁੱਤਰ ਨੂੰ ਪਿੱਛੇ ਛੱਡ ਕਤਲ ਦਾ ਬਦਲਾ ਲੈਣ ਪਿੰਡ ਪਰਤ ਆਇਆ। 19 ਅਕਤੂਬਰ 1950 ਦੁਸਹਿਰੇ ਦਾ ਦਿਨ ਸੀ। ਦਾਰੇ ਧਰਮੂਚੱਕੀਏ ਦਾ ਚਾਚਾ ਨਿਰੰਜਣ ਸਿੰਘ ਦਾਰੇ ਦੁਲਚੀਪੁਰੀਏ ਦਾ ਸਿੰਗਾਪੁਰ ਤੋਂ ਹੀ ਬੇਲੀ ਸੀ। ਅਨੋਖ ਸਿੰਘ ਉਹਦੇ ਨਾਲ ਸੀ। ਉਨ੍ਹਾਂ ਸ਼ਰਾਬ ਪੀਤੀ ਤੇ ਹਥਿਆਰ ਲੈ ਕੇ ਘਰੋਂ ਨਿਕਲੇ। ਖੇਤੋਂ ਸਰਦਾਰਾ ਮੱਝਾਂ ਲੈ ਕੇ ਆ ਰਿਹਾ ਸੀ। ਪੱਠਿਆਂ ਦੀ ਭਰੀ ਉਹਦੇ ਸਿਰ 'ਤੇ ਸੀ। ਮੱਝਾਂ ਉਸ ਨੇ ਛੱਪੜ 'ਚ ਵਾੜ ਦਿੱਤੀਆਂ ਤੇ ਆਪ ਭਰੀ ਸੁੱਟਣ ਘਰ ਚਲਾ ਗਿਆ। ਮੱਝਾਂ ਛੱਪੜ 'ਚ ਵਾੜਨ ਤੋਂ ਦਾਰੇ ਹੋਰਾਂ ਲੱਖਣ ਲਾਇਆ ਕਿ ਉਹ ਮੱਝਾਂ ਕੱਢਣ ਵੀ ਆਵੇਗਾ। ਇਹੋ ਢੁੱਕਵਾਂ ਮੌਕਾ ਹੋਵੇਗਾ ਉਸ ਨੂੰ ਬੰਨੇ ਲਾਉਣ ਦਾ।

ਦਾਰੇ ਕੋਲ ਕੁਹਾੜੀ ਸੀ, ਇੰਦਰ ਕੋਲ ਕਿਰਪਾਨ ਅਤੇ ਨਿਰੰਜਣ ਤੇ ਅਨੋਖ ਸਿੰਘ ਕੋਲ ਬਰਛੀਆਂ ਸਨ। ਸਰਦਾਰਾ ਮੱਝਾਂ ਕੱਢਣ ਲਈ ਛੱਪੜ ਵਿਚ ਵੜਿਆ ਤਾਂ ਚਾਰਾਂ ਜਣਿਆਂ ਨੇ ਚਾਰੇ ਬਾਹੀਆਂ ਮੱਲ ਲਈਆਂ। ਲੋਕ ਛੱਤਾਂ 'ਤੇ ਚੜ੍ਹੇ ਖੜ੍ਹੇ ਸਨ। ਸੱਤ ਫੁੱਟੇ ਕੱਦ ਦਾ ਦਾਰਾ ਛੱਪੜ 'ਚ ਵੜਿਆ ਤੇ ਉਹਨੇ ਸਰਦਾਰੇ ਨੂੰ ਧੌਣੋਂ ਜਾ ਫੜਿਆ। ਭਾਊ ਦਲੀਪ ਦੇ ਬਦਲੇ ਦੀ ਗੱਲ ਜਿਤਾ ਕੇ ਦਾਰੇ ਨੇ ਕੁਹਾੜੀ ਨਾਲ ਉਹਦੇ




ਸਿਰ 'ਤੇ ਵਾਰ ਕੀਤੇ। ਸਿਰ 'ਚੋਂ ਲਹੂ ਦੀਆਂ ਧਾਰਾਂ ਫੁੱਟ ਤੁਰੀਆਂ ਜਿਨ੍ਹਾਂ ਨਾਲ ਛੱਪੜ ਦਾ ਪਾਣੀ ਲਾਲ ਹੋ ਗਿਆ। ਆਖ਼ਰ ਸਰਦਾਰਾ ਤੜਫ ਕੇ ਸਾਹ ਛੱਡ ਗਿਆ। ਫਿਰ ਦਾਰੇ ਨੇ ਆਪਣੇ ਪੈਰਾਂ ਨਾਲ ਹੀ ਸਰਦਾਰੇ ਨੂੰ ਛੱਪੜ ਦੀ ਗਾਰ ਵਿਚ ਦੱਬ ਦਿੱਤਾ।

19 ਅਕਤੂਬਰ 1950 ਨੂੰ ਹੋਏ ਕਤਲ ਦੀ ਸਜ਼ਾ 26 ਮਾਰਚ 1951 ਨੂੰ ਸੁਣਾਈ ਗਈ। ਦਾਰੇ ਨੂੰ ਫਾਂਸੀ ਤੇ ਇੰਦਰ ਸਿੰਘ ਨੂੰ ਉਮਰ ਕੈਦ ਬੋਲੀ। ਨਿਰੰਜਣ ਸਿੰਘ ਤੇ ਅਨੋਖ ਸਿੰਘ ਸ਼ੱਕ ਦੀ ਬਿਨਾ 'ਤੇ ਬਰੀ ਕਰ ਦਿੱਤੇ। ਹਾਈ ਕੋਰਟ ਵਿਚ ਅਪੀਲ ਹੋਈਤਾਂ ਫੈਸਲਾ ਹੋਣ ਤਕ ਫਾਂਸੀ ਰੁਕੀ ਰਹੀ। ਅਪੀਲ ਮਗਰੋਂ ਵੀ ਫਾਂਸੀ ਦੀ ਸਜ਼ਾ ਬਰਕਰਾਰ ਰਹੀ। ਫਿਰ ਅਪੀਲ ਸੁਪਰੀਮ ਕੋਰਟ ਵਿਚ ਕੀਤੀ ਗਈ ਜਿਸ ਨਾਲ ਫਾਂਸੀ ਟੁੱਟ ਕੇ ਦਾਰੇ ਦੀ ਸਜ਼ਾ ਵੀਹ ਸਾਲ ਦੀ ਕੈਦ ਵਿਚ ਬਦਲ ਗਈ।

ਉਹ ਫਿਰੋਜ਼ਪੁਰ ਜੇਲ੍ਹ ਵਿਚ ਕੈਦ ਕੱਟਣ ਲੱਗਾ ਜਿਥੇਰਿਲੀਫ਼ ਫੰਡ 'ਕੱਠਾ ਕਰਨ ਲਈ ਉਸ ਨੂੰ ਨੁਮਾਇਸ਼ੀ ਕੁਸ਼ਤੀਆਂ ਵਿਖਾਉਣ ਲਿਜਾਇਆ ਜਾਣ ਲੱਗਾ। 1957 'ਚ ਮੈਂ ਖ਼ੁਦ ਫਾਜ਼ਿਲਕਾ ਵਿਖੇ ਉਸ ਦੀ ਕੁਸ਼ਤੀ ਵੇਖੀ। ਰਿੰਗ ਕੋਲ ਉਸ ਦੀਆਂ ਹੱਥਕੜੀ ਖੋਲ੍ਹੀ ਗਈ ਤੇ ਕੁਸ਼ਤੀ ਪਿਛੋਂ ਮੁੜ ਜੜ ਲਈ ਗਈ ਸੀ। ਚਿੱਟੇ ਕੁੜਤੇ ਚਾਦਰੇ ਨਾਲ ਉਹ ਖਲਕਤ ਤੋਂ ਗਿੱਠ ਉੱਚਾ ਦਿਸਦਾ ਸੀ।

ਸੋਨੀਪਤ ਨੇੜਲੇ ਪਿੰਡ ਭੱਟਗਾਓਂ 'ਚ ਹੋਏ ਦੰਗਲਨਾਲ ਉਹਦੀ ਤਕਦੀਰ ਹੀ ਬਦਲ ਗਈ। ਉਥੇ ਪ੍ਰਧਾਨ ਮੰਤਰੀ ਜਵਾਹਰ ਲਾਲ ਨਹਿਰੂ ਆਪਣੇ ਵਿਸ਼ੇਸ਼ ਮਹਿਮਾਨਾਂ ਨੂੰ ਦਾਰੇ ਦੀ ਕੁਸ਼ਤੀ ਵਿਖਾਉਣ ਲੈ ਕੇ ਗਏ। ਵਿਸ਼ੇਸ਼ ਮਹਿਮਾਨ ਸਨ ਸੋਵੀਅਤ ਰੂਸ ਦੇ ਮਾਰਸ਼ਲ ਬੁਲਗਾਨਿਨ ਤੇ ਨਿਕੀਤਾ ਖਰੋਸ਼ਚੇਵ। ਜਿਉਂ ਹੀ ਕੁਸ਼ਤੀ ਪਿੱਛੋਂ ਦਾਰੇ ਦੇ ਹੱਥਕੜੀ ਲਾਈ ਜਾਣ ਲੱਗੀ ਤਾਂ ਦਰਸ਼ਕਾਂ ਨੇ ਨਾਹਰੇ ਲਾ ਦਿੱਤੇ, "ਦਾਰੇ ਨੂੰ ਰਿਹਾਅ ਕਰੋ।"

ਰੂਸੀ ਮਹਿਮਾਨਾਂ ਨੇ ਦੁਭਾਸ਼ੀਏ ਨੂੰ ਪੁੱਛਿਆ ਕਿ ਲੋਕ ਕੀ ਕਹਿੰਦੇ ਹਨ? ਜਦੋਂ ਦੱਸਿਆ ਕਿ ਲੋਕ ਦਾਰੇ ਦੀ ਜੇਲ੍ਹ 'ਚੋਂ ਰਿਹਾਈ ਮੰਗਦੇ ਹਨ ਤਾਂ ਉਨ੍ਹਾਂ ਨੇ ਪੰਡਤ ਨਹਿਰੂ ਨਾਲ ਗੱਲ ਕੀਤੀ।

ਬਾਕੀ ਹਿਸਾ ਸਫ਼ਾ 62 ਤੇ ਪੜ੍ਹੋ

### 61 ਸਫ਼ੇ ਦੀ ਬਾਕੀ

ਪੰਡਤ ਜੀ ਨੇ ਪੰਜਾਬ ਦੇ ਮੁੱਖ ਮੰਤਰੀ ਭੀਮ ਸੈਨ ਸੱਚਰ ਨੂੰ ਕਹਿ ਕੇ ਮਹਿਮਾਨਾਂ ਲਈ ਦਾਰੇ ਦੀ ਕੁਸ਼ਤੀ ਦਾ ਪ੍ਰਬੰਧ ਕਰਵਾਇਆ ਸੀ। ਮਹਿਮਾਨਾਂ ਦੀ ਇੱਛਾ ਤੇ ਕੁਸ਼ਤੀਆਂ ਰਾਹੀਂ ਹਾਸਲ ਕੀਤੇ ਜਾ ਰਹੇ ਰਿਲੀ਼ਫ ਫੰਡ ਨੂੰ ਮੁੱਖ ਰੱਖਦਿਆਂ ਦਾਰੇ ਕਿੱਲਰ ਨੂੰ ਇਕ ਮਹੀਨੇ ਦੀ ਪੈਰੋਲ ’ਤੇ ਛੱਡ ਦਿੱਤਾ ਗਿਆ। ਫਿਰ ਉਹਤੋਂ ਰਹਿਮ ਦੀ ਅਪੀਲ ਕਰਵਾਈ ਗਈ ਜੋ ਰਾਸ਼ਟਰਪਤੀ ਡਾ. ਰਾਜਿੰਦਰ ਪ੍ਰਸ਼ਾਦ ਨੇ ਲੋੜੀਂਦੀ ਕਾਰਵਾਈ ਪਿੱਛੋਂ ਪਰਵਾਨ ਕਰ ਕੇ ਦਾਰਾ ਸਿੰਘ ਨੂੰ ਰਿਹਾਅ ਕਰਨ ਦਾ ਹੁਕਮ ਦੇ ਦਿੱਤਾ। ਰਿਹਾਅ ਹੋ ਕੇ ਦਾਰਾ ਸਿੰਘ ਨੇ ਰਿਲੀ਼ਫ ਫੰਡ ’ਚੋਂ ਆਪਣਾ ਦੋ ਲੱਖ ਰੁਪਏ ਦਾ ਕੁਸ਼ਤੀ ਕਮਿਸ਼ਨ ਲੋੜਵੰਦ ਗਰੀਬਾਂ ਨੂੰ ਵੰਡ ਦਿੱਤਾ ਜਿਨ੍ਹਾਂ ਦੀਆਂ ਦੁਆਵਾਂ ਨਾਲ ਉਹ ਰਿਹਾਅ ਹੋਇਆ ਸੀ।

ਜੇਲ੍ਹ ’ਚੋਂ ਰਿਹਾਅ ਹੋ ਕੇ ਦਾਰੇ ਨੇ ਫਿਰ ਕੁਝ ਸਮਾਂ ਕੁਸ਼ਤੀਆਂ ਲੜੀਆਂ ਅਤੇ ਫਿਲਮਾਂ ‘ਸੈਮਸਨ ਤੇ ‘ਖ਼ੂਨ ਕਾ ਬਦਲਾ ਖ਼ੂਨ’ ਵਿਚ ਫਿਲਮੀ ਰੋਲ ਨਿਭਾਇਆ ਜੋ ਨਾ ਉਸ ਨੂੰ ਪਸੰਦ ਆਇਆ ਤੇ ਨਾ ਦਰਸ਼ਕਾਂ ਨੂੰ। ਪਹਿਲੀ ਫਿਲਮ ਵਿਚ ਉਸ ਨੂੰ ਜਿੰਨ ਬਣ ਕੇ ਬੋਤਲ ’ਚ ਬੰਦ ਹੋਣਾ ਪਿਆ ਤੇ ਦੂਜੀ ਫਿਲਮ ਵਿਚ ਟਾਂਗੇ ਵਾਲਾ ਬਣਨਾ ਪਿਆ ਸੀ। ਉਹਦੇ ਸਾਥੀ ਭਲਵਾਨਾਂ ਨੂੰ ਇਹ ਰੋਲ ਚੰਗੇ ਨਹੀਂ ਲੱਗੇ ਜਿਸ ਕਰਕੇ ਉਨ੍ਹਾਂ ਨੇ ਕਿਹਾ, ‘‘ਏਡੇ ਵੱਡੇ ਭਲਵਾਨ ਨੂੰ ਇਹ ਕੁਝ ਕਰਨਾ ਨੀ ਸ਼ੋਭਦਾ। ਛੱਡ ਪਰ੍ਹਾਂ ਫਿਲਮਾਂ ਦਾ ਕੰਜਰਕਾਨਾ!” ਤੇ ਉਹ ਫਿਲਮਾਂ ਛੱਡ ਕੇ ਪਿੰਡ ਪਰਤਗਿਆ ਜਿਥੇਉਸ ਨੇ ਦੋ ਵਾਰ ਪਿੰਡ ਦੀ ਸਰਪੰਚੀਕੀਤੀ। ਚੰਗੇ ਕੰਮ ਵੀ ਕੀਤੇ, ਧੜੇਬੰਦੀ ’ਚ ਮਾੜੇ ਵੀ ਤੇ ਨਸ਼ੇ ਪੱਤੇ ਵੀ ਕੀਤੇ। ਸੱਤਰ ਸਾਲ ਦੀ ਉਮਰ ’ਚ ਉਸ ਨੂੰ ਅਧਰੰਗ ਦੇ ਦੋ ਦੌਰੇ ਪਏ। ਸੱਜੀ ਬਾਂਹ ਸੁੰਨ ਹੋ ਗਈ ਤੇ ਸੱਜੀ ਲੱਤ ਵੀ ਹਿਲਣੋ ਰਹਿ ਗਈ। ਉਸ ਨੂੰ ਤਰਨਤਾਰਨ ਲਿਜਾਇਆ ਗਿਆ। ਡਾਕਟਰ ਨੇ ਇਲਾਜ ਤਾਂ ਸ਼ੁਰੂ ਕਰ ਦਿੱਤਾ ਪਰ ਉਹਦੇ ਬਚਣ ਦੀ ਬਹੁਤੀ ਆਸ ਨਹੀਂ ਸੀ। ਉਹ ਬੇਹੋਸ਼ ਸੀ ਜਿਸ ਕਰਕੇ ਕਿਸੇ ਗੱਲ ਦਾ ਹੁੰਗ੍ਹਾਰਾ ਨਹੀਂ ਸੀ ਭਰ ਰਿਹਾ। ਸਿਰਫ ਸਾਹ ਚੱਲ ਰਹੇ ਸਨ। ਉਸ ਦੀ ਪਤਨੀ, ਪੁੱਤਰ ਤੇ ਪੋਤਰੇ ਸਿਰ੍ਹਾਣੇ ਬੈਠੇ ਸਨ।

25 ਜੁਲਾਈ 1988 ਨੂੰ ਅੰਮ੍ਰਿਤ ਵੇਲੇ ਉਸ ਨੇ ਆਖ਼ਰੀ ਸਾਹ ਲਿਆ। ਪਿੱਛੇਪਤਨੀ ਬਲਬੀਰ ਕੌਰ, ਪੁੱਤਰ ਹਰਬੰਸ ਸਿੰਘ ਤੇ ਦੋਵੇਂ ਪੋਤਰਿਆਂ ਨੂੰ ਧਾਹਾਂ ਮਾਰਦੇ ਛੱਡ ਗਿਆ। ਉਸ ਦਾ ਸਸਕਾਰ ਦੁਲਚੀਪੁਰ ਦੇ ਸਿਵਿਆਂ ’ਚ ਕੀਤਾ ਗਿਆ। ਸੱਤ ਫੁੱਟੇ ਦਾਰਾ ਸਿੰਘ ਦੀ ਯਾਦ ਵਿਚ ਉਹਦੇ ਖੇਤ ’ਚ ਸੱਤ ਫੁੱਟੀ ਸਮਾਧ ਬਣਾ ਦਿੱਤੀ ਗਈ। ਪਰਰੁਸਤਮੇ ਜ਼ਮਾਂ ਪਹਿਲਵਾਨ ਦਾ ਜਹਾਨ ਤੋਂ ਚਲੇ ਜਾਣਾਅਖ਼ਬਾਰਾਂ ਦੀ ਖ਼ਬਰਨਾ ਬਣ ਸਕਿਆ। 10 ਵਿਚ ਬਲਵੰਤ ਸਿੰਘ ਸੰਧੂ ਨੇ ਉਹਦੇ ਬਾਰੇ ਨਾਵਲ ‘ਗੁੰਮਨਾਮ ਚੈਂਪੀਅਨ ਲਿਖਿਆ ਜੋ ਪੰਜਾਬੀ ਖੇਡ ਸਾਹਿਤ ਦਾ ਪਹਿਲਾ ਨਾਵਲ ਹੈ।

*principalsarwansingh@gmail.com*

## ਸਕਾਟਲੈਂਡ : 30 ਸਾਲਾਂ ਦੀ ਮਿਹਨਤ ਨਾਲ ਤਿਆਰ ਕੀਤਾ ਵਿਲੱਖਣ ਨਕਸ਼ਾ

ਗਲਾਸਗੋ (ਮਨਦੀਪ ਖੁਰਮੀ ਹਿੰਮਤਪੁਰਾ)-ਸੱਚੇ ਮਨ ਤੇ ਲਗਨ ਨਾਲ ਆਪਣੇ ਕੰਮ ਵਿੱਚ ਰੁੱਝੇ ਰਹਿਣ ਵਾਲੇ ਲੋਕ ਹੀ ਇਤਿਹਾਸ ਰਚਦੇ ਹਨ। ਇੱਕ ਅਜਿਹਾ ਹੀ ਇਤਿਹਾਸ ਰਚਣ ਵਰਗੀ ਖਬਰ ਹੈ ਕਿ ਈਸਟ ਰੈਨਫਰਿਊਸ਼ਾਇਰ ਕੌਂਸਲ ਦੇ ਕਸਬੇ ਨਿਊਟਨ ਮੈਰਨਜ਼ ਵਿੱਚ ਵੱਸਦੇ ਇਕ ਸ਼ਖ਼ਸ ਨੇ 30 ਸਾਲਾਂ ਦੀ ਸਖ਼ਤ ਮਿਹਨਤ ਨਾਲ ਸਕਾਟਲੈਂਡ ਦਾ ਨਕਸ਼ਾ ਤਿਆਰ ਕੀਤਾ ਹੈ। 85 ਸਾਲਾ ਹੈਰੀ ਯੰਗ ਨੂੰ ਉਸ ਦੇ ਪਰਿਵਾਰਕ ਜੀਆਂ ਨੇ ਉਕਤ ਨਕਸ਼ਾ ਫਰੇਮ ਵਿੱਚ ਜੜ ਕੇ ਉਸ ਦੇ ਜਨਮਦਿਨ ’ਤੇ ਹੀ ਤੋਹਫੇ ਵਜੋਂ ਭੇਟ ਕੀਤਾ। ਇਸ ਨਕਸ਼ੇ ਦੀ ਖਾਸੀਅਤ ਇਹ ਹੈ ਕਿ ਸਕਾਟਲੈਂਡ ਦੇ ਵੱਖ ਵੱਖ ਇਲਾਕਿਆਂ ਨੂੰ ਉਸ ਦੇ ਇਲਾਕੇ ਦੀਆਂ ਪੱਥਰ ਦੀਆਂ ਵੱਟੀਆਂ ਨਾਲ ਸਜਾਇਆ ਗਿਆ ਹੈ। ਹੈਰੀ ਯੰਗ ਅਨੁਸਾਰ ਉਸ ਨੂੰ ਬਚਪਨ ਤੋਂ ਹੀ ਸਮੁੰਦਰ ਕੰਢੇ ਬੀਚ ’ਤੇ ਜਾ ਕੇ ਛੋਟੇ ਛੋਟੇ ਪੱਥਰ ਇਕੱਠੇ ਕਰਨ ਦਾ ਸ਼ੌਂਕ ਸੀ ਅਤੇ ਉਹ ਇੱਕ ਲੱਕੀ ਸਟੋਨ ਹਮੇਸ਼ਾ ਆਪਣੀ ਜੇਬ ਵਿੱਚ ਰੱਖਦਾ ਸੀ। ਕਲਾਈਡ ਰਿਵਰ ਪਿਊਰੀਫਿਕੇਸ਼ਨ ਬੋਰਡ ਵਿੱਚ ਕੰਮ ਕਰਦੇ ਉਸ ਦੇ ਇਕ ਦੋਸਤ ਵੱਲੋਂ ਉਸ ਨੂੰ ਕੁੱਝ ਅਦਭੁੱਤ ਪੱਥਰ ਤੋਹਫੇ ਵਜੋਂ ਦਿੱਤੇ ਗਏ ਸਨ। ਉਸ ਉਪਰੰਤ ਹੀ ਹੈਰੀ ਯੰਗ ਨੂੰ 1992 ਵਿੱਚ ਛੋਟੇ ਪੱਥਰਾਂ ਨਾਲ ਸਕਾਟਲੈਂਡ ਦਾ ਨਕਸ਼ਾ ਤਿਆਰ ਕਰਨ ਦਾ ਫੁਰਨਾ ਫੁਰਿਆ ਸੀ।



ਇਸ ਤੋਂ ਬਾਅਦ ਉਸ ਨੇ ਸਕਾਟਲੈਂਡ ਦੇ ਵੱਖ ਵੱਖ ਇਲਾਕਿਆਂ ਵਿੱਚ ਘੁੰਮਣਾ ਸ਼ੁਰੂ ਕੀਤਾ। ਜਿਥੇ ਵੀ ਜਾਂਦਾ, ਉਥੋਂ ਨਕਸ਼ੇ ਵਿੱਚ ਜੜਨ ਲਈ ਪੱਥਰ ਜ਼ਰੂਰ ਲਿਆਉਂਦਾ। 1992 ਵਿੱਚ ਸ਼ੁਰੂ ਕੀਤੇ ਨਕਸ਼ੇ ਉਪਰ ਆਖਰੀ ਪੱਥਰ 2020 ਵਿੱਚ ਲਾਇਆ ਗਿਆ ਸੀ।

ਹੈਰੀ ਦਾ ਕਹਿਣਾ ਹੈ ਕਿ ਉਸ ਦੇ ਇਸ ਵਿਲੱਖਣ ਸ਼ੌਂਕ ਨੇ ਉਸ ਨੂੰ ਸਕਾਟਲੈਂਡ ਦਾ ਕੋਨਾ ਕੋਨਾ ਘੁੰਮਣ ਦਾ ਮੌਕਾ ਦਿੱਤਾ ਹੈ। ਚਰਚਾ ਵਿੱਚ ਆਉਣ ’ਤੇ ਮੀਡੀਆ ਵੱਲੋਂ ਹੈਰੀ ਯੰਗ ਨੂੰ ‘ਰੌਕਸਟਾਰ’ ਦੇ ਤਖੱਲਸ ਨਾਲ ਨਿਵਾਜਿਆ ਜਾ ਰਿਹਾ ਹੈ।

## ‘‘ਖਿਡਾਰੀ’’ ਦੀ ਖਿਡਾਰਨ ਪ੍ਰਭ ਗਰੇਵਾਲ ਕਹੇ ਕਿ ਰੱਬ ਕਰੇ ਪੰਜਾਬੀ ਫਿਲਮਾਂ ਤੋਂ ਹੀ ਨਾ ਮਿਲੇ ਵਿਹਲ ਪੇਸ਼ਕਸ਼



‘‘ਖਿਡਾਰੀ,’’ ਦੀ ਖਿਡਾਰਨ ਅਰਥਾਤ ਨਾਇਕਾ ਪ੍ਰਭ ਗਰੇਵਾਲ ਦੀ ਤਕਦੀਰ ਚਮਕ ਰਹੀ ਹੈ ਤੇ ਇੱਕ ਵਾਰ ਫਿਰ ‘‘ਕਾਕੇ ਦਾ ਵਿਆਹ’’ ‘‘ਖਾਓ ਪੀਓ ਐਸ਼ ਕਰੋ’’ ਵਾਲੀ ਪ੍ਰਭ ਕੋਲ ਫ਼ਿਲਮਾਂ ਹਨ। ਪ੍ਰਭ ਨੇ, ‘‘ਚਿੜੀਆਂ ਦਾ ਚੰਬਾ’’ ਵਿੱਚ ਕਮਾਲ ਦਾ ਕੰਮ ਕਰ ਕਿ ਸਾਰਿਆਂ ਨੂੰ ਮੋਹ ਲਿਆ ਹੈ ਤੇ ਇੰਡਸਟਰੀ ਨੂੰ ਜਿਸ ਜਵਾਨ ਤੇ ਪੰਜਾਬੀ ਬਾਖੂਬੀ ਬੋਲਣ ਵਾਲੀ ਨਾਇਕਾ ਦੀ ਜਰੂਰਤ ਸੀ ਓਹ ਪ੍ਰਭ ਗਰੇਵਾਲ ਦੇ ਰੂਪ ਵਿੱਚ ਪੂਰੀ ਹੁੰਦੀ ਪ੍ਰਤੀਤ ਹੋ ਰਹੀ ਹੈ। ਪ੍ਰਭ ਦਾ ਰਹਿਣ ਸਹਿਣ ਲੁਧਿਆਣਾ ਦਾ ਹੈ ਤੇ ਇਸ ਦੇ ਫੋਟੋ ਦੇਖ ਐਡ ਫ਼ਿਲਮਾਂ ਤੇ ਮਾਡਲਿੰਗ ਵਾਲੇ ਓਸ ਨੂੰ ਲੈਣ ਵੀ ਲੱਗ ਪਏ ਤੇ ਫ਼ਿਲਮਾਂ ਵਿੱਚ ਆਓਣ ਦੀ ਸਲਾਹ ਵੀ ਦਿੱਤੀ। ਪ੍ਰਭ ‘‘ਖਿਡਾਰੀ’’ ਜਿਹੀਆਂ ਫ਼ਿਲਮਾਂ ਚਾਹੁੰਦੀ ਹੈ ਖ਼ੂਬ ਆਓਣ ਤਾਂ ਕਿ ਮਨੋਰੰਜਨ ਦੇ ਨਾਲ ਹੀ ਫ਼ਿਲਮਾਂ ਦਾ ਨੌਜਵਾਨੀ ਨੂੰ ਚੰਗਾ ਸੁਨੇਹਾ ਜਾਏ। ਹੁਣ ਨਵੀਂ ਖ਼ਬਰ ਇਹ ਹੈ ਕਿ ਯੂ ਬੀ ਐਸ ਪ੍ਰੋਡਕਸ਼ਨ ਤੇ ਗੋਬਿੰਦ ਫ਼ਿਲਮ ਵਾਲੇ ਪ੍ਰਭ ਗਰੇਵਾਲ ਨੂੰ ਨਾਇਕਾ ਲੈਣ ਲੱਗੇ ਹਨ ਜਿਸ ਵਿੱਚ ਮੋਹੰਮਦ ਸਦੀਕ ਤੇ ਗੁੱਗੂ ਗਿੱਲ ਕੰਮ ਕਰ ਰਹੇ ਹਨ। ਬਲਜਿੰਦਰ ਸਿੰਘ ਸਿੱਧੂ ਇਸ ਫ਼ਿਲਮ ਨੂੰ ਨਿਰਦੇਸ਼ਤ ਕਰ ਰਹੇ ਹਨ। ਪ੍ਰਭ ਨੇ ਕਿਹਾ ਕਿ ਕਹਾਣੀ ਤੇ ਕਿਰਦਾਰ ਤੇ ਫ਼ਿਲਮ ਦਾ ਨਿਰਮਾਣ ਪੱਖ ਠੋਸ ਹੋਣਾ ਚਾਹੀਦਾ ਹੈ ਨਿਰਦੇਸ਼ਕ ਵੱਲ ਦੇਖ ਕਿ ਫ਼ਿਲਮ ਕਰਨੀ ਤਾਂ ਨਖਰੇ ਹਨ ।ਪ੍ਰਭ ਦਾ ਵੀਚਾਰ ਹੈ ਕਿ ਹਰ ਨਿਰਦੇਸ਼ਕ ਆਪਣੇ ਕੈਰੀਅਰ ਵਾਸਤੇ ਮਿਹਨਤ ਕਰਦਾ ਹੈ ।ਚਲੋ ਪ੍ਰਭ ਗਰੇਵਾਲ ਲਈ ਸੱਚੀਂ ਇਹ 24 ਚੰਗਾ ਸਾਲ ਹੋਏ ਤੇ ਬਲਜਿੰਦਰ ਸਿੱਧੂ ਨਾਲ ਓਹ ਸਫਲ ਫ਼ਿਲਮ ਦੇਵੇ ਇਹੀ ਉਮੀਦ ਕੀਤੀ ਜਾ ਸਕਦੀ ਹੈ। ਪ੍ਰਭ ਗਰੇਵਾਲ ਨੇ ਕਿਹਾ ਕਿ ਗੁੱਗੂ ਗਿੱਲ ਨਾਲ ਕੰਮ ਕਰਨ ਦੀ ਬਚਪਨ ਦੀ ਚਾਹਤ ਸੀ ਤੇ ਪ੍ਰਭ ਨੇ ਇਹ ਵੀ ਕਿਹਾ ਕਿ ਓਸ ਨੂੰ ਪੰਜਾਬੀ ਫ਼ਿਲਮਾਂ ਤੋਂ ਹੀ ਵੇਹਲ ਨਾ ਮਿਲੇ ਇਹੀ ਓਸ ਲਈ ਬਾਲੀਵੁੱਡ ਹੈ।

-ਅੰਮ੍ਰਿਤ ਪਵਾਰ

## ਮਿੰਨੀ ਕਹਾਣੀ / ਅੱਕਿਆ ਬੰਦਾ

ਕਸ਼ਮੀਰ ਕੌਰ ਨੇ ਫਗਵਾੜੇ ਆਪਣੇ ਨਵੇਂ ਬਣਾਏ ਘਰ ਵਿੱਚ ਪਰਿਵਾਰ ਸਮੇਤ ਕੁੱਝ ਦਿਨ ਪਹਿਲਾਂ ਹੀ ਸ਼ਿਫਟ ਕੀਤਾ ਸੀ। ਮੁੰਡਾ, ਬਹੂ ਆਪਣੇ ਕੰਮਾਂ, ਕਾਰਾਂ ਤੇ ਚਲੇ ਜਾਂਦੇ ਸਨ। ਕਸ਼ਮੀਰ ਕੌਰ ਤੋਂ ਕੱਲੀ ਤੋਂ ਏਡੇ ਵੱਡੇ ਘਰ ਦੀ ਸਫਾਈ ਕਰਨੀ ਬੜੀ ਔਖੀ ਸੀ। ਇਸ ਲਈ ਉਸ ਨੂੰ ਘਰ ਦੀ ਸਫਾਈ ਕਰਨ ਲਈ ਇੱਕ ਕੰਮ ਵਾਲੀ ਦੀ ਲੋੜ ਸੀ। ਗੁਆਂਢੀਆਂ ਤੋਂ ਵੀ ਉਸ ਨੇ ਕਿਸੇ ਕੰਮ ਵਾਲੀ ਬਾਰੇ ਪਤਾ ਕੀਤਾ ਸੀ, ਉਨ੍ਹਾਂ ਨੇ ਵੀ ਕੋਈ ਲੜ ਪਤਾ ਨਹੀਂ ਸੀ ਫੜਾਇਆ। ਫਿਰ ਇੱਕ ਦਿਨ ਕਿਸੇ ਨੇ ਡੋਰ ਬੈੱਲ ਦਾ ਬਟਨ ਦਬਾਇਆ। ਬੈੱਲ ਵੱਜਣ ਤੇ ਉਸ ਨੇ ਬਾਹਰ ਨਿਕਲ ਕੇ ਗੇਟ ਖੋਲ੍ਹ ਦਿੱਤਾ। ਉਸ ਨੇ ਦੇਖਿਆ, ਬਾਹਰ ਇੱਕ ਤੀਹ ਕੁ ਸਾਲਾਂ ਦੀ ਔਰਤ ਖੜ੍ਹੀ ਸੀ।

‘‘ਹਾਂ, ਦੱਸੋ ਕੀ ਕੰਮ ਆ?” ਉਸ ਨੇ ਆਖਿਆ।

‘‘‘ਆਂਟੀ ਜੀ, ਮੈਂ ਘਰਾਂ ’ਚ ਸਫਾਈ ਕਰਨ ਦਾ ਕੰਮ ਕਰਦੀ ਆਂ। ਜੇ ਤੁਹਾਨੂੰ ਲੋੜ ਆ, ਤਾਂ ਦੱਸੋ।”ਉਸ ਔਰਤ ਨੇ ਆਖਿਆ।


‘‘ਹਾਂ, ਲੋੜ ਆ। ਮੈਂ ਤਾਂ ਆਪ ਕਈ ਦਿਨਾਂ ਤੋਂ ਕਿਸੇ ਕੰਮ ਵਾਲੀ ਨੂੰ ਲੱਭਦੀ ਫਿਰਦੀ ਆਂ। ਪਹਿਲਾਂ ਮੈਂ ਤੇਰੇ ਕੋਲੋਂ ਕੁੱਝ ਜਾਣਕਾਰੀ ਲੈਣੀ ਚਾਹੰਨੀ ਆਂ, ਜੇ ਗੁੱਸਾ ਨਾ ਕਰੇਂ।”

‘‘ਆਂਟੀ ਜੀ, ਪੁੱਛੋ ਕੋਈ ਗੱਲ ਨ੍ਹੀ।”

‘‘ਤੇਰਾ ਨਾਂ ਕੀ ਆ? ਕਿਹੜੇ ਮਹੱਲੇ ’ਚ ਰਹਿੰਨੀ ਆਂ ਤੇ ਤੇਰਾ ਪਤੀ ਕੀ ਕੰਮ ਕਰਦਾ ਆ?”

‘‘ਮੇਰਾ ਨਾਂ ਰੱਜੀ ਆ ਤੇ ਭੁੱਚਰਾਂ ਮਹੱਲੇ ’ਚ ਰਹਿੰਨੀ ਆਂ। ਆਪਣੇ ਪਤੀ ਬਾਰੇ ਕੀ ਦੱਸਾਂ। ਉਹ ਜਿੰਨਾ ਕਮਾਂਦਾ ਆ, ਉੱਨੇ ਦੀ ਸ਼ਰਾਬ ਪੀ ਲੈਂਦਾ ਆ। ਸ਼ਰਾਬ ਪੀ ਕੇ ਰੱਜ ਕੇ ਮੈਨੂੰ ਗਾਲ੍ਹਾਂ ਕੱਢਦਾ ਆ, ਨਾਲੇ ਕੁੱਟਮਾਰ ਕਰਦਾ ਆ। ਮੇਰੇ ਕੋਲੋਂ ਪੈਸੇ ਖੋਹ ਲੈਂਦਾ ਆ। ਹਰ ਮਹੀਨੇ ਤਿੰਨ ਹਜ਼ਾਰ ਦੇ ਡੋਡੇ ਮੇਰੇ ਕੋਲੋਂ ਪੈਸੇ ਲੈ ਕੇ ਪੀ ਜਾਂਦਾ ਆ। ਉਹ ਤਾਂ ਮੇਰੇ ਤੇ ਬੋਝ ਆ। ਜੇ ਮੈਂ ਕੰਮ ਨਾ ਕਰਾਂ, ਮੈਂ ਤੇ ਮੇਰੇ ਬੱਚੇ ਭੁੱਖੇ ਮਰ ਜਾਵਾਂਗੇ। ਪਤਾ ਨਹੀਂ ਮੇਰਾ ਉਦ੍ਹੇ ਕੋਲੋਂ ਕਦੋਂ ਖਹਿੜਾ ਛੁੱਟਣਾ? ਉਸ ਨੇ ਤਾਂ ਮੇਰੀ ਜ਼ਿੰਦਗੀ ਨਰਕ ਬਣਾਈ ਹੋਈ ਆ।” ਏਨਾ ਕੁੱਝ ਦੱਸਦਿਆਂ ਉਸ ਦੀਆਂ ਅੱਖਾਂ ਹੰਝੂਆਂ ਨਾਲ ਭਰ ਗਈਆਂ ਸਨ।

ਕਸ਼ਮੀਰ ਕੌਰ ਨੇ ਉਸ ਤੋਂ ਹੋਰ ਬਹੁਤਾ ਕੁੱਝ ਪੁੱਛਣਾ ਠੀਕ ਨਾ ਸਮਝਿਆ ਤੇ ਉਸ ਨੂੰ ਸਵੇਰ ਤੋਂ ਕੰਮ ਤੇ ਆਣ ਲਈ ਹਾਂ ਕਰ ਦਿੱਤੀ।



ਮਹਿੰਦਰ ਸਿੰਘ ਮਾਨ
ਕੈਨਾਲ ਰੋਡ
ਸਾਮ੍ਹਣੇ ਅੰਗਦ ਸਿੰਘ ਐੱਮ ਐੱਲ ਏ ਹਾਊਸ
ਨਵਾਂ ਸ਼ਹਿਰ -144514 ਫੋਨ 9915803554